
ਸਿੱਖ ਤਵਾਰੀਖ਼

(ਚੌਥਾ ਹਿੱਸਾ 1947 ਤੋਂ 1984)

ਕੁਰਬਾਨੀਆਂ ਤੇ ਗ਼ੱਦਾਰੀਆਂ ਦਾ ਦੌਰ



WWW.SIKHBOOKCLUB.COM

ਕੁਰਬਾਨੀਆਂ ਤੇ ਗ਼ਦਾਰੀਆਂ ਦਾ ਦੌਰ

ਸਿੱਖ ਤਵਾਰੀਖ਼ (1947 ਤੋਂ 1984)

ਡਾਕਟਰ ਹਰਜਿੰਦਰ ਸਿੰਘ ਦਿਲਗੀਰ

2008

KURBANIAN TE GHADARIAN DA DAUR

SIKH HISTORY, Vol. 4 (1947to 1984)

by

Dr Harjinder Singh Dilgeer

Ph.D., M.Phil., LL.B.,
M.A.(Philosophy, English, Punjabi)
Adi Granth Acharya, Dip.G.Phil.

National Professor of Sikh Studies

©Author

Email: hsdilgeer@yahoo.com

ISBN 2- 930 247-28- 2

First Edition: 6 May 2008

Published by:

S Surjeet Singh Chhadauri

Chairman

SIKH UNIVERSITY PRESS

Waremme, Belgium.

Email: thesikhuniversitypress@yahoo.com

Distributors:

SINGH BROTHERS

Bazar Mai Sewan, Amritsar

Email: singhbros@vsnl.com

Printed at:

PRINTWELL

146, Focal Point

Amritsar.

Price : Rs. 300 (Deluxe edition)

Rs. 200 (Paperback)

ਸਿੱਖ ਹੱਕਾਂ ਦੇ ਹਿਮਾਇਤੀਆਂ

ਕੇ.ਜੀ ਜੋਧ
ਸੇਠ ਰਾਮ ਨਾਥ
ਸੈਫ਼-ਉਦ-ਦੀਨ ਕਿਚਲੂ
ਅਚਾਰੀਆ ਕ੍ਰਿਪਲਾਨੀ
ਜੈ ਪ੍ਰਕਾਸ਼ ਨਾਰਾਇਣ
ਅਸ਼ੋਕ ਮਹਿਤਾ
ਜਸਟਿਸ ਤਾਰਕੁੰਡੇ

ਦੇ ਨਾਂ

ਤਤਕਰਾ

ਇਕ ਨਵੀਂ ਗ਼ੁਲਾਮੀ ਦੀ ਸ਼ੁਰੂਆਤ 1065
ਸਿੱਖ ਇਕ ਜਰਾਇਮ ਪੇਸ਼ਾ ਕੌਮ 1067
ਦਿੱਲੀ ਵਿਚ ਸਿੱਖ ਕਾਨਫ਼ਰੰਸ 'ਤੇ ਪਾਬੰਦੀ ਤੇ ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ 1070
ਭਾਰਤੀ ਵਿਧਾਨ 'ਤੇ ਦਸਤਖ਼ਤ ਕਰਨ ਤੋਂ ਨਾਂਹ 1072
ਸ਼੍ਰੋਮਣੀ ਕਮੇਟੀ 'ਤੇ ਫਿਰ ਅਕਾਲੀ ਦਲ ਦਾ ਕਬਜ਼ਾ 1078
ਅਕਾਲੀ ਦਲ ਦੀ ਸਰਕਾਰ ਤੋੜ ਦਿੱਤੀ 1079
ਪੱਛੜੀਆਂ ਜ਼ਾਤਾਂ ਦੇ ਸਿੱਖਾਂ ਦੇ ਹੱਕਾਂ ਵਾਸਤੇ ਮੋਰਚਾ 1080
ਪੰਜਾਬੀ ਸੂਬਾ ਕਨਵੈਨਸ਼ਨ 1081
ਨਹਿਰੂ ਨੂੰ ਲੈਕਚਰ ਨਾ ਕਰਨ ਦਿੱਤਾ 1081
ਸੂਬਾਈ ਹਦਬੰਦੀ ਕਮਿਸ਼ਨ ਦੀ ਸ਼ਰੇਆਮ ਸਿੱਖ ਦੁਸ਼ਮਣੀ 1083
ਹਿੰਦੂਆਂ ਦੀ ਗੁੰਡਾਗਰਦੀ ਤੇ ਸਿੱਖਾਂ 'ਤੇ ਹਮਲੇ 1085
(ਅ) ਪੰਜਾਬੀ ਸੂਬਾ ਮੋਰਚਾ 1087
ਦਰਬਾਰ ਸਾਹਿਬ 'ਤੇ ਪੁਲੀਸ ਧਾਵਾ 1096
ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ 1099
ਅੰਮ੍ਰਿਤਸਰ ਵਿਚ ਤਵਾਰੀਖ਼ੀ ਅਕਾਲੀ ਕਾਨਫ਼ਰੰਸ 1102
ਰੀਜਨਲ ਫ਼ਾਰਮੂਲਾ 1103
ਅਕਾਲੀ ਕਾਂਗਰਸ ਵਿਚ ਸ਼ਾਮਿਲ 1106
1957 ਦੀਆਂ ਅਸੈਂਬਲੀ ਤੇ ਪਾਰਲੀਮੈਂਟ ਚੋਣਾਂ 1109
ਪੰਜਾਬੀ ਤੇ ਹਿਮਦੀ ਸ਼ਅੈਜੀਟੇਸ਼ਨਾਂ 1110
ਸਰਕਾਰ ਨੇ ਮਾਸਟਰ ਤਾਰਾ ਸਿੰਘ ਤੋਂ ਸ਼੍ਰੋਮਣੀ ਕਮੇਟੀ ਖੋਹੀ 1117
ਨਹਿਰੂ ਤਾਰਾ ਸਿੰਘ ਪੈਕਟ 1119
ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਤੇ ਮਾਸਟਰ ਤਾਰਾ ਸਿੰਘ ਦੀ ਬੇਮਿਸਾਲ ਜਿੱਤ 1120
1960 ਦਾ ਪੰਜਾਬੀ ਸੂਬਾ ਮੋਰਚਾ 1121
ਪੰਜਾਬੀ ਸੂਬਾ ਕਨਵੈਨਸ਼ਨ 1122
ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ 1124
ਪੰਜਾਬੀ ਸੂਬਾ ਮੋਰਚਾ ਸ਼ੁਰੂ 1126
ਦਿੱਲੀ ਵਿਚ ਸਿੱਖਾਂ 'ਤੇ ਕਹਿਰ 1128
ਸਿੱਖ ਧਰਮ ਦੇ ਖ਼ਿਲਾਫ਼ ਆਰਡੀਨੈਂਸ ਜਾਰੀ 1134
ਸਿੱਖਾਂ 'ਤੇ ਸਖ਼ਤੀ ਦਾ ਇਕ ਹੋਰ ਦੌਰ 1136
ਕੈਰੋਂ ਵੱਲੋਂ ਜ਼ਕਰੀਆ ਸ਼ਾਹੀ ਜ਼ੁਲਮ 1137
ਪਾਰਲੀਮੈਂਟ ਦੇ ਬਾਹਰ ਪ੍ਰੋਟੈਸਟ 1140
15 ਅਗਸਤ 1960 ਦੇ ਦਿਨ ਪ੍ਰੋਟੈਸਟ 1142
ਲਾਲ ਕਿਲ੍ਹਾ ਉੱਤੇ ਪੰਜਾਬੀ ਸੂਬਾ ਜ਼ਿੰਦਾਬਾਦ ਵਾਲੇ ਕਾਲੇ ਗ਼ੁਬਾਰੇ 1142
ਕਾਕਾ ਇੰਦਰਜੀਤ ਸਿੰਘ ਦਾ ਕਤਲ 1145
ਬਠਿੰਡਾ ਜੇਲ੍ਹ ਵਿਚ ਸਿੱਖਾਂ ਉੱਤੇ ਗੋਲੀ 1151
ਪਟਿਆਲੇ ਵਿਚ ਪੁਲੀਸ ਨੇ ਸਿੱਖ ਮਾਰੇ 1150
ਫਤਹਿ ਸਿੰਘ ਵੱਲੋਂ ਮਰਨ ਵਰਤ ਦਾ ਐਲਾਨ ਤੇ ਨਹਿਰੂ ਨੂੰ ਚਿੱਠੀ 1151
ਫਤਹਿ ਸਿੰਘ ਦੀ ਨਹਿਰੂ ਨੂੰ ਦੂਜੀ ਚਿੱਠੀ 1156
ਫਤਹਿ ਸਿੰਘ ਦਾ ਵਰਤ ਸ਼ੁਰੂ 1159
ਮਾਸਟਰ ਤਾਰਾ ਸਿੰਘ ਦੀ ਰਿਹਾਈ 1160
ਫਤਹਿ ਸਿੰਘ ਦਾ ਵਰਤ ਛਡਣਾ 1161
ਮੋਰਚੇ ਦਾ ਡਰਾਪਸੀਨ 1161
ਫਤਹਿ ਸਿੰਘ ਨਹਿਰੂ ਮਾਲਾਕਾਤਾਂ ਤੇ ਨਹਿਰੂ ਨੇ ਫਤਹਿ ਸਿੰਘ ਨੂੰ ਭਰਮਾਇਆ 1163
ਨਹਿਰੂ: ਮਾਸਟਰ ਤਾਰਾ ਸਿੰਘ ਮੇਰਾ ਦੁਸ਼ਮਣ ਹੈ 1164
ਮਾਸਟਰ ਤਾਰਾ ਸਿੰਘ ਦਾ ਮਰਨ ਵਰਤ 1165
ਹਾਈ ਪਾਵਰਡ ਕਮਿਸ਼ਨ ਤੇ ਮਾਸਟਰ ਤਾਰਾ ਸਿੰਘ ਦਾ ਵਰਤ ਖ਼ਤਮ 1169
ਅਕਾਲੀ ਦਲ ਵਿਚ ਖ਼ਤਰਨਾਕ ਫੁੱਟ 1172
ਤਾਰਾ ਸਿੰਘ ਫਤਹਿ ਸਿੰਘ ਤੇ ਹੋਰਾਂ ਨੂੰ ਅਕਾਲ ਤਖ਼ਤ ਤੋਂ ਤਨਖ਼ਾਹ 1173
1962 ਦੀਆਂ ਚੋਣਾਂ 1174
ਫਤਹਿ ਸਿੰਘ ਦਾ ਨਵਾਂ ਅਕਾਲੀ ਦਲ ਬਣਨਾ 1175
ਮਾਸਟਰ ਤਾਰਾ ਸਿੰਘ ਤੋਂ ਸ਼੍ਰੋਮਣੀ ਕਮੇਟੀ ਖੁਸੀ 1176
ਪਾਉਂਟਾ ਸਾਹਿਬ ਵਿਚ ਨਿਹੰਗਾਂ ਦਾ ਕਤਲੇਆਮ 1180
ਨਹਿਰੂ ਦੀ ਮੌਤ ਤੇ ਕੈਰੋਂ ਦੀ ਚੀਫ਼ ਮਨਿਸਟਰੀ ਖੁਸੀ 1181
ਲੁਧਿਆਣਾ ਨਲਵਾ ਕਾਨਫ਼ਰੰਸ ਅਤੇ ਆਤਮ ਨਿਰਣੈ ਦਾ ਹੱਕ 1184
ਫਤਹਿ ਸਿੰਘ ਵੱਲੋਂ ਫੇਰ ਮਰਨ ਵਰਤ ਦਾ ਐਲਾਨ 1185
ਕਾਂਗਰਸ ਵੱਲੋਂ ਪੰਜਾਬੀ ਸੂਬਾ ਬਾਰੇ ਕਮੇਟੀ 1187
ਇੰਦਰਾ ਗਾਂਧੀ ਵੱਲੋਂ ਪੰਜਾਬੀ ਸੂਬਾ ਰੋਕਣ ਦੀ ਕੋਸ਼ਸ਼ 1188
ਕਾਂਗਰਸ ਨੇ ਪੰਜਾਬੀ ਸੂਬਾ ਮੰਨ ਲਿਆ 1189
ਫਿਰਕੂ ਹਿੰਦੂਆਂ ਨੇ ਆਖ਼ਰ ਪੰਜਾਬੀ ਪੜ੍ਹਨੀ ਮੰਨੀ 1190
ਪੰਜਾਬ ਨੂੰ ਲੰਗੜਾ ਕੀਤਾ 1191

ਚੰਡੀਗੜ੍ਹ ਵਾਪਿਸ ਲੈਣ ਵਾਸਤੇ ਜੱਦੋਜਹਿਦ 1194
(ਏ) ਤਾਕਤ ਦੀ ਭੁੱਖ ਅਤੇ ਕੌਮੀ ਮਸਲਿਆਂ ਵੱਲ ਪਿੱਠ 1197
1967 ਦੀਆਂ ਚੋਣਾਂ 1197
ਅਕਾਲੀ ਪੰਜਾਬ ਦੇ ਹਾਕਮ ਬਣੇ 1198
ਅਕਾਲ ਤਖਤ 'ਤੇ ਬਣੇ ਕੁੰਡ ਢਾਹੁਣ ਵਾਸਤੇ ਮੋਰਚਾ 1200
ਗੁਰਨਾਮ ਸਿੰਘ ਸਰਕਾਰ ਦਾ ਟੁੱਟਣਾ 1201
ਮਾਸਟਰ ਤਾਰਾ ਸਿੰਘ ਦੀ ਮੌਤ 1201
ਲਛਮਣ ਸਿੰਘ ਗਿੱਲ ਚੀਫ ਮਨਿਸਟਰ ਬਣਿਆ 1201
ਪੰਜਾਬੀ ਸਫਤਰੀ ਬੋਲੀ ਬਣਾਈ ਗਈ 1202
ਕਾਂਗਰਸ ਨੇ ਲਛਮਣ ਸਿੰਘ ਗਿੱਲ ਦਾ ਸਾਥ ਛੱਡਿਆ 1204
ਫਤਹਿ ਸਿੰਘ ਧੜੇ ਵੱਲੋਂ ਸੂਬਿਆਂ ਵਾਸਤੇ ਵਧੇਰੇ ਹੱਕਾਂ ਦੀ ਮੰਗ 1204
ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ 1207
ਸ਼ਤਾਬਦੀਆਂ ਮਨਾਉਣਾ 1209
ਫਤਹਿ ਸਿੰਘ ਦਾ ਆਖ਼ਰੀ ਵਰਤ 1209
ਪ੍ਰਕਾਸ਼ ਸਿੰਘ ਬਾਦਲ ਦਾ ਚੀਫ ਮਨਿਸਟਰ ਬਣਨਾ 1212
ਲੋਕ ਸਭਾ ਚੋਣਾਂ ਵਿਚ ਅਕਾਲੀਆਂ ਦੀ ਜ਼ਬਰਦਸਤ ਹਾਰ 1214
ਬਾਦਲ ਖ਼ਿਲਾਫ਼ ਕੁਰਪਸ਼ਨ ਦੇ ਦੋਸ਼ ਤੇ ਸਰਕਾਰ ਟੁੱਟਣਾ 1245
ਦਿੱਲੀ ਦੇ ਗੁਰਦੁਆਰਿਆਂ 'ਤੇ ਕਬਜ਼ੇ ਵਾਸਤੇ ਮੋਰਚਾ 1216
ਫਤਹਿ ਸਿੰਘ ਦਾ ਜ਼ਵਾਲ ਤੇ ਨਵੀਂ ਲੀਡਰਸ਼ਿਪ 1218
ਕਰਨਾਲ ਮੋਰਚਾ 1219
ਅਨੰਦਪੁਰ ਸਾਹਿਬ ਦਾ ਮਤਾ 1219
ਅੰਦਰੂਨੀ ਐਮਰਜੰਸੀ ਦੇ ਖ਼ਿਲਾਫ਼ ਮੋਰਚਾ 1220
ਬਾਦਲ ਫਿਰ ਚੀਫ਼ ਮਨਿਸਟਰ ਬਣਿਆ 1224
ਅੰਮ੍ਰਿਤਸਰ ਵਿਚ ਨਿਰੰਕਾਰੀਆਂ ਨੇ 13 ਸਿੱਖ ਮਾਰੇ 1226
ਦਿੱਲੀ ਵਿਚ ਸਿੱਖ ਮਾਰੇ ਤੇ ਗੁਰਦੁਆਰੇ ਸੀਲ ਕੀਤੇ 1229
ਭਾਈ ਅਮਰੀਕ ਸਿੰਘ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਬਣਿਆ 1230
ਦਲ ਖਾਲਸਾ ਦੀ ਕਾਇਮੀ 1230
ਗੁਰਦੁਆਰੇ ਸਾੜਨਾ/ਸੀਲ ਕਰਨਾ 1231
ਨਿਰੰਕਾਰੀ ਦਾ ਕਤਲ ਕੇਸ ਚੋਂ ਬਰੀ ਹੋਣਾ 1231
ਸਿੱਖਾਂ ਵੱਲੋਂ ਇਨਸਾਫ਼ ਖੋਹਣ ਦਾ ਫ਼ੈਸਲਾ 1232
ਬਬਰ ਖਾਲਸਾ ਦੀ ਕਾਇਮੀ 1233
ਸਿੱਖਾਂ ਨੇ ਇਹ ਰਾਹ ਕਿਉਂ ਅਪਣਾਇਆ 1234
ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 1235
ਨਿਰੰਕਾਰੀ ਦਾ ਕਤਲ 1236
ਪੰਜਾਬ ਐਂਡ ਸਿੰਧ ਬੈਂਕ 1237
ਅਕਾਲੀ ਆਗੂਆਂ ਵਿਚ ਤਾਕਤ ਦੀ ਜੰਗ 1237
ਟੌਹੜਾ ਤੁਲਵੰਡੀ ਦੇ ਬਾਦਲ 'ਤੇ ਇਲਜ਼ਾਮ 1238
ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ 1241
ਸਿੱਖ ਇਕ ਕੌਮ ਹਨ 1242
ਯੂ.ਐਨ.ਓ. ਵਿਚ ਸਿੱਖਾਂ ਦੀ ਐਸੋਸੀਏਟ ਮੈਂਬਰਸ਼ਿਪ 1242
ਸ਼੍ਰੋਮਣੀ ਕਮੇਟੀ, ਅਕਾਲੀ ਦਲ: ਸਿੱਖ ਇਕ ਕੌਮ ਹਨ 1243
ਅੰਮ੍ਰਿਤਸਰ ਪਵਿੱਤਰ ਸ਼ਹਿਰ 1243
ਪੰਜਾਬ ਵਿਚ ਸਿੱਖਾਂ ਦੀ ਗਿਣਤੀ ਘਟਣਾ 1245
ਸਿੱਖਾਂ 'ਤੇ ਜ਼ੁਲਮਾਂ ਦਾ ਦੌਰ 246
ਚਾਰ ਸਿੱਖ ਭੁੰਨ ਦਿੱਤੇ 1247
ਸਿੱਖਾਂ ਦਾ ਰੋਹ ਭੜਕਿਆ 1247
ਖਾਲਿਸਤਾਨੀ ਝੰਡੇ 1248
ਲਾਲਾ ਜਗਤ ਨਾਰਾਇਣ ਦਾ ਕਤਲ 1248
ਖਾਲਸਾ ਕਾਲਜ ਅੰਮ੍ਰਿਤਸਰ ਚ ਲਾਠੀਚਾਰਜ 1249
ਚੌਕ ਮਹਿਤਾ ਵਿਚ ਗੋਲੀ 1250
ਤਰਨਤਾਰਨ ਤੇ ਜਲੰਧਰ ਗੋਲੀ ਕਾਂਡ 1250
ਦਲ ਖਾਲਸਾ ਵੱਲੋਂ ਜਹਾਜ਼ ਅਗਵਾ 1251
ਭਿੰਡਰਾਂਵਾਲਿਆਂ ਦੀ ਰਿਹਾਈ 1252
ਦਹਿਸ਼ਤਗਰਦ ਹਿੰਦੂਆਂ ਦੇ ਹਮਲੇ 1253
ਨਿਰੰਕਾਰੀ ਨਿਰੰਜਨ ਸਿੰਘ 'ਤੇ ਹਮਲਾ 1253
ਤਿੰਨ ਮੋਟਰ ਸਾਈਕਲ ਵਾਲਿਆਂ ਦੀ ਦਹਿਸ਼ਤ 1254
ਬਬਰ ਖਾਲਸਾ ਦਾ ਰਾਜ਼ ਜ਼ਾਹਿਰ ਹੋਣਾ 1254
ਗਊਆਂ ਦੇ ਸਿਰ ਵੱਢਣ ਦਾ ਚਰਚਾ 1254
ਕਪੂਰਥਲਾ ਦੇ ਨਿਰੰਕਾਰੀ 'ਤੇ ਹਮਲਾ 1255
ਦਹੇੜੂ ਗੋਲੀ ਕਾਂਡ 1255
ਖਾੜਕੂਆਂ ਦੇ ਟੱਬਰਾਂ 'ਤੇ ਜ਼ੁਲਮ 1257
ਚੌਕ ਮਹਿਤਾ ਵਿਚ ਬੰਬ 1258
ਹਰਸਿਮਰਨ ਸਿੰਘ ਗ੍ਰਿਫ਼ਤਾਰ 1259
ਦਰਬਾਰਾ ਸਿੰਘ 'ਤੇ ਹਮਲਾ 1259
ਨਿਰੰਕਾਰੀਆਂ ਨਾਲ ਸਮਝੌਤੇ ਦੀ ਕੋਸ਼ਿਸ਼ 1259
ਦਾਓਕੇ ਵਿਚ ਜ਼ੁਲਮ - ਲੋਕ ਪਾਕਿਸਤਾਨ ਭੱਜ ਗਏ 1261
ਸਰਕਾਰ - ਅਕਾਲੀ ਗੱਲਬਾਤ 1262
ਪਾਣੀਆਂ ਬਾਰੇ ਬਾਦਲ ਦਾ ਰੋਲ 1263
ਮੰਦਰਾਂ ਦੇ ਬਾਹਰ ਗਊਆਂ ਦੇ ਸਿਰ 1263
ਸਿੱਖ ਸਿਪਾਹੀ ਦਾ ਕਤਲ 1264

ਦਲ ਖਾਲਸਾ ਗ਼ੈਰ ਕਾਨੂੰਨੀ 1264
ਕੁਲਵੰਤ ਸਿੰਘ ਨਾਗੋਕੇ ਦਾ ਨਕਲੀ ਪੁਲੀਸ ਮੁਕਾਬਲਾ 1265
ਸਿੱਖਾਂ ਉੱਤੇ ਜ਼ੁਲਮਾਂ ਦਾ ਦੌਰ 1266
ਮੋਖਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਾੜੇ 1267
ਪਟਿਆਲੇ ਵਿਚ ਸਿੱਖ ਦੁਕਾਨਾਂ ਸਾੜੀਆਂ 1267
ਅਕਾਲੀਆਂ ਵੱਲੋਂ ਜ਼ੈਲ ਸਿੰਘ ਦੀ ਹਿਮਾਇਤ 1267
ਪਟਿਆਲਾ ਮੰਦਰ ਦੇ ਨੇੜੇ ਗਾਂ ਦੀ ਪੂਛ 1268
ਭਿੰਡਰਾਂਵਾਲਿਆਂ ਨਾਲ ਵੱਡੀ ਟੱਕਰ ਦੀ ਸ਼ੁਰੂਆਤ 1268
ਅਮਰੀਕ ਸਿੰਘ ਤੇ ਠਾਰਾ ਸਿੰਘ ਦੀ ਗ੍ਰਿਫ਼ਤਾਰੀ 1268
ਅਕਾਲੀਆਂ ਨੇ ਭਿੰਡਰਾਂਵਾਲਿਆਂ ਦਾ ਮੋਰਚਾ ਅਪਣਾਇਆ 1269
ਦੋ ਭਾਰਤੀ ਜਹਾਜ਼ਾਂ ਦਾ ਅਗਵਾ 1270
ਸੰਤੋਖ ਸਿੰਘ ਰੰਧਾਵਾ ਦੇ ਸਿਰ ਵਿਚ ਸੁਆਹ 1271
ਦਰਬਾਰਾ ਸਿੰਘ ਤੇ ਬੰਬ – ਗੁਰਮੀਤ ਸਿੰਘ ਧੂਲਕੋਟ ਦੀ ਸ਼ਹੀਦੀ 1271
ਅਮਰਜੀਤ ਸਿੰਘ ਦਹੇੜੂ ਦਾ ਨਕਲੀ ਪੁਲੀਸ ਮੁਕਾਬਲਾ 1271
ਸਵਰਨ ਸਿੰਘ ਦੀ ਸਰਕਾਰ ਨਾਲ ਵਿਚੋਲਗੀ 1272
ਬੱਸ ਗੱਡੀ ਟੱਕਰ ਵਿਚ 34 ਸਿੱਖ ਮਰੇ 1273
ਇਕ ਹੋਰ ਨਿਰੰਕਾਰੀ 'ਤੇ ਹਮਲਾ 1273
ਅਕਾਲੀਆਂ ਦੀਆਂ ਰਿਹਾਈਆਂ 1274
ਅੰਮ੍ਰਿਤਸਰ ਬੀ.ਐਸ.ਐਫ਼. ਦੇ ਹਵਾਲੇ 1274
ਜਲੰਧਰ ਸਿੱਖ ਜਲੂਸ 'ਤੇ ਬੰਬ 1274
ਏਸ਼ੀਅਨ ਖੇਡਾਂ ਵਿਚ ਸਿੱਖਾਂ 'ਤੇ ਜ਼ੁਲਮ 1275
ਅਕਾਲੀ ਲੈਜਿਸਲੇਚਰਾਂ ਵੱਲੋਂ ਅਸਤੀਫ਼ਿਆਂ ਦਾ ਐਲਾਣ 1275
ਦਿੱਲੀ ਵਿਚ ਖਾਲਿਸਤਾਨ ਦੇ ਨਾਅਰੇ 1276
ਸਿੱਖੋ ਹਰਿਆਣਾ ਛੱਡ ਜਾਓ 1276
ਅਕਾਲੀਆਂ ਵੱਲੋਂ ਅਨੰਦਪੁਰ ਮਤੇ ਦਾ ਰੇਪ 1277
ਸਾਬਕਾ ਸਿੱਖ ਫ਼ੌਜੀਆਂ ਦੀ ਕਨਵੈਨਸ਼ਨ 1278
ਬੁੱਧੀਜੀਵੀਆਂ ਦੀ ਕਨਵੈਨਸ਼ਨ 1279
ਅਕਾਲੀ ਫਿਰ ਸਰਕਾਰ ਦੇ 'ਘਰ' ਵਿਚ 1279
ਅਕਾਲੀ ਲੈਜਿਸਲੇਚਰਾਂ ਨੇ 'ਅਸਤੀਫ਼ੇ' ਦਿੱਤੇ 1280
ਦਰਬਾਰ ਸਾਹਿਬ ਨੂੰ ਘੇਰਾ 1281
ਬੂਆ ਦਾਸ ਦਾ ਕਤਲ 1281
ਹਰਦੇਵ ਸਿੰਘ ਰੋਡੇ ਦਾ ਮਾਰਿਆ ਜਾਣਾ 1281
ਹਾਊਸ ਆਫ਼ ਲਾਰਡਜ਼: ਸਿੱਖ ਇਕ ਕੌਮ ਹਨ 1282
ਰਸਤਾ ਰੋਕੋ ਦੌਰਾਨ 24 ਸਿੱਖ ਕਤਲ 1282
ਸਿੱਖ ਫ਼ੌਜੀਆਂ 'ਤੇ ਜ਼ੁਲਮ 1282
ਮਰਜੀਵੜਿਆਂ ਦੀ ਭਰਤੀ 1283
ਅਵਤਾਰ ਸਿੰਘ ਅਟਵਾਲ ਦਾ ਕਤਲ 1284
ਨਿਹੰਗਾਂ ਦਾ ਕਤਲੇਆਮ 1285
ਸਿੱਖਾਂ ਵਿਚ ਫੁੱਟ 1285
ਖਾੜਕੂਆਂ ਨੇ ਪੁਲਸੀਏ ਮਾਰੇ 1286
ਮੁਤਵਾਜ਼ੀ ਸਰਕਾਰ ਦੀ ਧਮਕੀ 1286
ਛੇ ਹਿੰਦੂਆਂ ਦਾ ਕਤਲ ਤੇ ਗਵਰਨਰੀ ਰਾਜ 1286
ਬਬਰਾਂ ਤੇ ਭਿੰਡਰਾਂਵਾਲਿਆਂ ਵਿਚ ਟਕਰਾਅ 1287
ਭਿੰਡਰਾਂਵਾਲੇ ਅਕਾਲ ਤਖ਼ਤ 'ਤੇ 1287
ਸੁਖਦੇਵ ਸਿੰਘ ਬਬਰ ਨੇ 35 ਕਤਲ ਮੰਨੇ 1288
ਇੰਦਰਾ ਨੇ ਭਿਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਨੂੰ ਹਰੀ ਝੰਡੀ ਦਿੱਤੀ 1288
ਅੰਮ੍ਰਿਤਸਰ ਵਿਚ 11 ਸਿੱਖ ਕਤਲ 1288
ਹਰਿਆਣਾ ਵਿਚ 20 ਸਿੱਖ ਕਤਲ 1289
ਅਕਾਲੀਆਂ ਨੇ ਵਿਧਾਨ ਦੀ ਧਾਰਾ ਫਾੜੀ 1289
ਫ਼ੈਡਰੇਸ਼ਨ ਗ਼ੈਰ ਕਾਨੂੰਨੀ ਕਰਾਰ 1290
ਪੰਜਾਬ ਗੜਬੜ ਵਾਲਾ ਇਲਾਕਾ ਕਰਾਰ 1290
ਸੁਰਿੰਦਰ ਸਿੰਘ ਸੋਢੀ ਦਾ ਕਤਲ 1291
ਕਿਰਪਾਲ ਸਿੰਘ ਦਾ ਹਥਿਆਰਾਂ ਬਾਰੇ ਹੁਕਮਨਾਮਾ 1292
ਫ਼ੀਰੋਜ਼ਪੁਰ ਤੇ ਮੋਗੇ ਵਿਚ ਸਿੱਖ ਕਤਲ 1296
ਲਾਲਾ ਰਮੇਸ਼ ਦਾ ਕਤਲ 1297
ਅਕਾਲੀਆਂ ਵੱਲੋਂ ਨਾਮਿਲਵਰਤਣ ਦਾ ਐਲਾਣ 1297

ਆਗੂਆਂ ਦੀਆਂ ਗ਼ਦਾਰੀਆਂ ਤੇ ਵਰਕਰਾਂ ਦੀਆਂ ਕੁਰਬਾਨੀਆਂ ਦੀ ਤਵਾਰੀਖ਼

ਇਕ ਨਵੀਂ ਗ਼ੁਲਾਮੀ ਦਾ ਮਾਹੌਲ

1849 ਵਿਚ ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜ਼ੇ ਅਤੇ ਭਾਈ ਮਹਾਰਾਜ ਸਿੰਘ ਦੀ ਗ੍ਰਿਫ਼ਤਾਰੀ ਮਗਰੋਂ ਸਿੱਖ ਕੋਈ ਜੱਦੋਜਹਿਦ ਨਾ ਕਰ ਸਕੇ। ਨਿਰੰਕਾਰੀ ਤਾਂ ਸਿਰਫ਼ ਜ਼ਰਾ-ਮਾਸਾ ਬਿਪਰਨ-ਵਿਰੋਧੀ ਸਨ ਤੇ ਕੂਕੇ ਮਲੇਰਕੋਟਲਾ ਤੇ ਰਾਏਕੋਟ ਵਿਚ ਫ਼ਾਂਸੀਆਂ ਤੋਂ ਬਾਅਦ ਧੂੰਏਂ ਦੇ ਬੱਦਲ ਵਾਂਗ ਗ਼ਾਇਬ ਹੋ ਗਏ (ਉਂਞ ਵੀ ਉਹ ਸਿਆਸੀ ਨਹੀਂ ਸਨ ਤੇ ਸਿਰਫ਼ 'ਕੂਕਾਂ' ਮਾਰਨ ਜੋਗੇ ਤੇ ਜ਼ਰਾ-ਮਾਸਾ ਬੁਰਛਾਗਰਦੀ ਕਰਨ ਜੋਗੇ ਹੀ ਸਨ)। ਪਰ ਜਦ ਸਿੱਖਾਂ ਵਿਚ ਸਿਆਸੀ ਜਾਗੋ ਆਈ ਤਾਂ ਉਨ੍ਹਾਂ ਨੇ "ਸਿੱਖ ਰਾਜ ਮੁੜ ਆਉਣ" ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਰ ਇਸ ਦੌਰਾਨ ਮੁਸਲਮਾਨ ਵੀ ਆਪਣੀ ਸਿਆਸੀ ਹੋਂਦ ਦੀਆਂ ਗੱਲਾਂ ਕਰਨ ਲਗ ਪਏ ਸਨ। ਅੰਗਰੇਜ਼ ਤਾਂ ਸਿਰਫ਼ ਆਪਣੇ ਮੁਲਕ ਇੰਗਲੈਂਡ ਦੀ ਡੈਮੋਕਰੇਸੀ ਦੀ ਗੱਲ ਕਰਦਾ ਸੀ ਤੇ ਇਸ ਕਰ ਕੇ ਉਸ ਨੇ ਆਬਾਦੀ ਦੇ ਹਿਸਾਬ ਨਾਲ ਤਾਕਤ ਦੀ ਵੰਡ ਕਰਨੀ ਮੰਨੀ। ਇਸ ਦਾ ਖ਼ਮਿਆਜ਼ਾ ਸਿੱਖਾਂ ਨੇ ਭੁਗਤਿਆ। ਪਰ ਇਸ ਤੋਂ ਵੀ ਬਚਾਅ ਹੋ ਸਕਦਾ ਸੀ ਕਿਉਂਕਿ ਇਸਰਾਈਲ ਦੀ ਮਿਸਾਲ ਦੁਨੀਆਂ ਦੇ ਸਾਹਮਣੇ ਸੀ। ਮਾਸਟਰ ਤਾਰਾ ਸਿੰਘ ਨੇ ਇਕ ਵਾਰ ਇਸ ਬਾਰੇ ਬਿਆਨ ਵੀ ਦਿੱਤਾ ਸੀ। ਪਰ ਸਿੱਖ ਆਗੂ ਮੂਰਖਾਂ ਵਾਂਗ ਤੇ ਕਬਾਇਲੀਆਂ ਵਾਂਗ ਵਿਚਰਦੇ ਰਹੇ ਅਤੇ ਇਸ ਕਰ ਕੇ ਆਪਣਾ ਪੱਖ ਪੇਸ਼ ਨਾ ਕਰ ਸਕੇ ਤੇ ਨਾ ਹੀ ਉਹ ਕੋਈ ਜੱਦੋਜਹਿਦ ਹੀ ਕਰ ਸਕੇ। ਦੂਜੇ ਪਾਸੇ ਕੁਝ ਸਿੱਖ ਆਗੂਆਂ ਨੂੰ ਹਿੰਦੂ ਆਗੂਆਂ ਨੇ ਰੱਜ ਕੇ ਮੂਰਖ ਬਣਾਇਆ ਅਤੇ ਆਪਣੇ ਮੁਫ਼ਾਦ ਵਾਸਤੇ ਵਰਤਿਆ ਅਤੇ ਉਨ੍ਹਾਂ ਤੋਂ ਮੁਸਲਮਾਨਾਂ ਦੀ ਵਿਰੋਧਤਾ ਵੀ ਕਰਵਾਈ। ਨਤੀਜਾ ਸਿੱਖਾਂ ਨੂੰ ਸਿਆਸੀ ਖ਼ੁਦਮੁਖ਼ਤਿਆਰੀ ਨਾ ਮਿਲ ਸਕੀ ਤੇ ਉਹ ਬੱਸ "ਲੁੱਟੇ ਗਏ" ਸ਼ਖ਼ਸ ਵਾਂਗ ਡੌਰ-ਭੌਰੇ ਹੋਏ ਪਏ ਸਨ।

ਚੌਦਾਂ ਅਗਸਤ 1947 ਦੇ ਦਿਨ ਮੁਸਲਮਾਨਾਂ ਨੂੰ ਉਨ੍ਹਾਂ ਦਾ ਮੁਲਕ ਪਾਕਿਸਤਾਨ ਮਿਲ ਗਿਆ ਅਤੇ 15 ਅਗਸਤ ਦੇ ਦਿਨ ਹਿੰਦੂਆਂ ਨੂੰ ਭਾਰਤ। ਸਿੱਖ ਕੌਮ ਦੋ ਹਿੱਸਿਆਂ ਵਿਚ ਵੰਡੀ ਗਈ। ਲੱਖਾਂ ਸਿੱਖ ਦੋ ਪੰਜਾਬਾਂ ਵਿਚ ਵੰਡੇ ਗਏ। ਪੰਜਾਬ ਦੀ ਧਰਤੀ 'ਤੇ ਵਗਦੇ ਪੰਜ ਦਰਿਆਵਾਂ ਵਿਚ ਛੇਵਾਂ ਦਰਿਆ ਖ਼ੂਨ ਦਾ ਵਗ ਟੁਰਿਆ। ਖ਼ੂਨੀ ਦਰਿਆ ਦੇ ਦੋਹੀਂ ਪਾਸੀ ਨਫ਼ਰਤ ਦੇ ਗੀਤ ਗਾਏ ਗਏ ਤੇ ਜ਼ਹਿਰ ਦੇ ਬੀਜ ਬੀਜੇ ਗਏ। ਸੰਨ 1947 ਨੇ ਪੰਜਾਬ ਵਿਚ ਲੱਖਾਂ ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਦਾ ਖ਼ੂਨ ਡੁਲਦਾ ਵੇਖਿਆ। ਇਹੀ ਹਾਲ ਬੰਗਾਲ ਵਿਚ ਵੀ ਹੋਇਆ। ਗਾਂਧੀ ਅਤੇ ਜਿਨਾਹ ਨੇ ਸਿੱਖਾਂ ਅਤੇ ਬੰਗਾਲੀਆਂ ਦੇ ਖ਼ੂਬਸੂਰਤ ਬਾਗਾਂ ਨੂੰ ਉਜਾੜ ਦਿੱਤਾ। ਭਾਰਤ 'ਤੇ ਕਾਬਜ਼ ਲੋਕਾਂ ਨੇ ਇਲਜ਼ਾਮ ਲਾਇਆ ਕਿ ਬਲਦੇਵ ਸਿੰਘ ਨੇ ਇਕ ਡਿਫ਼ੈਂਸ ਮਨਿਸਟਰੀ ਅਤੇ ਆਪਣੀ ਹਿੰਦੁਸਤਾਨ ਵਿਚ ਪਈ ਹੋਈ ਜਾਇਦਾਦ ਖ਼ਾਤਿਰ ਆਪਣੀ ਕੌਮ ਨੂੰ ਵੇਚ ਹਿੰਦੂ ਆਗੂ ਚੁਪਚਾਪ ਇੰਞ ਵੇਖਦੇ ਰਹੇ ਜਿਵੇਂ ਕੋਈ ਮਾਮੂਲੀ ਜਿਹਾ ਫ਼ਸਾਦ ਹੋ ਗਿਆ ਹੋਵੇ। ਦਿੱਤਾ ਤੇ ਇਸ ਦਾ ਭਵਿੱਖ ਜਿਨਾਹ ਦੀ ਤਲਵਾਰ ਅਤੇ ਹਿੰਦੂ ਫ਼ਿਰਕਾਪ੍ਰਸਤਾਂ ਦੀ ਘਟੀਆ ਜ਼ਿਹਨੀਅਤ ਦੇ ਹਵਾਲੇ ਕਰ ਦਿੱਤਾ। ਪਰ ਇਕੱਲਾ ਬਲਦੇਵ ਸਿੰਘ ਹੀ

WWW.SIKHBOOKCLUB.COM

ਇਸ ਸਭ ਵਾਸਤੇ ਜ਼ਿੰਮੇਵਾਰ ਨਹੀਂ ਸੀ, ਹੋਰ ਵੀ ਕਈ ਗੁਨਾਹਗਾਰ ਸਨ ਜਿਸ ਦਾ ਜ਼ਿਕਰ ਪਿਛਲੇ ਚੈਪਟਰ ਵਿਚ ਕੀਤਾ ਜਾ ਚੁਕਾ ਹੈ)।

1947 ਵਿਚ ਵੰਡ ਤੋਂ ਮਗਰੋਂ ਪੂਰਬੀ ਪੰਜਾਬ ਦੀ ਅਬਾਦੀ 1,58,66,888 ਸੀ। ਜਿਸ ਵਿਚ ਸਿੱਖ 55,54,518 (35%) ਅਤੇ ਹਿੰਦੂ 98,80,779 (62%) ਸਨ। ਬਾਕੀ 3% ਮੁਸਲਮਾਨ, ਈਸਾਈ, ਬੋਧੀ ਤੇ ਜੈਨੀ ਸਨ। ਇਸ ਪੰਜਾਬ ਦੇ ਪੰਜਾਬੀ ਬੋਲਦੇ 12 ਜ਼ਿਲ੍ਹਿਆਂ ਵਿਚ ਸਿੱਖਾਂ ਦੀ ਆਬਾਦੀ 52% ਬਣਦੀ ਸੀ। ਇਸ ਵੇਲੇ ਇਨ੍ਹਾਂ ਸਿੱਖਾਂ ਵਿਚ ਤਕਰੀਬਨ ਤੀਜਾ ਹਿੱਸਾ ਗਿਣਤੀ ਮਹਾਜਰਾਂ (ਰਫ਼ਿਊਜੀਆਂ) ਦੀ ਸੀ। ਸਿੱਖ ਕੌਮ ਨੂੰ ਇਨ੍ਹਾਂ ਮਹਾਜਰਾਂ ਨੂੰ ਵਸਾਉਣ ਵਾਸਤੇ ਬੜੀ ਜੱਦੋਜਹਿਦ ਕਰਨੀ ਪਈ। ਪੰਜਾਬ ਵਿਚ ਹਿੰਦੂ ਅਕਸਰੀਅਤ ਕਾਬਜ਼ ਹੋਣ ਕਰ ਕੇ ਸਿੱਖਾਂ ਨੂੰ ਬੜਾ ਔਖਾ ਹੋਣਾ ਪਿਆ। ਇਸ ਵੇਲੇ ਦੀ ਪੰਜਾਬ ਅਸੈਂਬਲੀ ਵਿਚ 87 ਮੈਂਬਰ ਸਨ ਜਿਸ ਵਿਚੋਂ 23 ਅਕਾਲੀ, 50 ਕਾਂਗਰਸੀ ਤੇ 14 ਆਜ਼ਾਦ ਸਨ। ਕਾਂਗਰਸੀਆਂ ਵਿਚੋਂ ਦੱਸ ਸਿੱਖ ਸਨ। ਇਸ ਅਸੈਂਬਲੀ ਵਿਚ ਵੀ ਕਾਂਗਰਸ ਪਾਰਟੀ ਇਕ ਨਹੀਂ ਸੀ। ਇਸ ਦੇ ਦੋ ਧੜੇ, ਗੋਪੀ ਚੰਦ ਭਾਰਗੋ ਅਤੇ ਸੱਤ ਪਾਲ, ਇਕੋ ਜਿਹੀ ਤਾਕਤ ਵਿਚ ਸਨ। ਇਸ ਹਾਲਤ ਵਿਚ ਪਾਸਕੂ ਅਕਾਲੀਆਂ ਕੋਲ ਹੋ ਤਾਂ ਸਕਦਾ ਸੀ ਪਰ ਅਕਾਲੀ ਦਲ ਵਿਚ ਚੱਪੇ-ਚੱਪੇ ਤੇ ਮੌਕਾਪ੍ਰਸਤ ਬੈਠੇ ਸਨ ਤੇ ਉਨ੍ਹਾਂ ਅੰਦਰ, ਗ਼ੁਲਾਮੀ ਵਰਗੀ ਹਾਲਤ ਵਿਚ ਹੋਣ ਦੇ ਬਾਵਜੂਦ, ਕੌਮੀ ਸੋਚ ਨਹੀਂ ਸੀ। ਉਹ ਤਾਂ ਨਿਜ ਦੀ ਕੁਰਸੀ ਵਾਸਤੇ ਕੌਮ ਨਾਲ ਧ੍ਰੋਹ ਕਰਨ ਵਾਸਤੇ ਪੇਸ਼-ਪੇਸ਼ ਸਨ।

ਮਹਾਸ਼ਾ ਪਰੈੱਸ ਅਤੇ 'ਗਾਂਧੀ ਦੇ ਹਿੰਦੂ' ਜਿਨ੍ਹਾਂ ਨੇ ਪਾਕਿਸਤਾਨ ਬਣਵਾਉਣ ਵਿਚ ਹੱਦੋਂ ਵਧ ਜ਼ੋਰ ਲਗਾਇਆ ਸੀ, ਜਲੰਧਰ ਵਿਚ ਡੇਰੇ ਲਾ ਕੇ ਬੈਠੇ ਸਨ। ਮਹਾਸ਼ਾ ਪਰੈੱਸ ਜਲੰਧਰ ਤੋਂ ਨਿਕਲਦੀਆਂ ਸਾਰੀਆਂ ਅਖ਼ਬਾਰਾਂ ਦੀ ਮਾਲਕ ਸੀ। ਮਹਾਸ਼ਿਆਂ ਨੇ ਹਿੰਦੂਸਤਾਨ ਵਿਚ ਹੁਣ ਅਖੌਤੀ-ਸੈਕੂਲਰਿਜ਼ਮ ਦੇ ਹੱਕ ਵਿਚ ਤੇ ਫ਼ਿਰਕਾਪ੍ਰਸਤੀ ਦੇ ਵਿਰੋਧ ਦਾ ਫ਼ਰੇਬੀ ਨਾਅਰਾ ਲਾ ਕੇ ਸਿੱਖਾਂ ਨੂੰ ਦਬਾਉਣ ਦੀ ਸਾਜਿਸ਼ ਰਚੀ ਅਤੇ ਹਿੰਦੂਆਂ ਨੂੰ ਸਿੱਖਾਂ ਦੇ ਖ਼ਿਲਾਫ਼ ਭੜਕਾਉਣ ਦੀ ਹਰਕਤ ਸ਼ੁਰੂ ਕਰ ਦਿਤੀ। ਇਹੀ ਹਾਲ ਟ੍ਰਿਬਿਊਨ ਵਿਚ ਬੈਠੇ ਮਹਾਸ਼ਿਆਂ ਦਾ ਸੀ (ਵੇਖੋ: *ਟ੍ਰਿਬਿਊਨ* ਦੇ ਐਡੀਟੋਰੀਅਲ, 10 ਤੇ 26 ਅਕਤੂਬਰ 1948)। ਸਿੱਖ, ਜੋ ਅਜੇ ਅਪਣੇ ਘਰ ਵੀ ਸੰਭਾਲ ਨਹੀਂ ਸਕੇ ਸਨ, ਇਸ ਨਵੀਂ ਮੁਸੀਬਤ ਵਿਚ ਫਸ ਗਏ। ਉਹ ਮਹਾਸ਼ੇ ਅਤੇ ਕਾਂਗਰਸ, ਜਿਸ ਨੇ ਪਾਕਿਸਤਾਨ ਦੇ ਵਿਰੋਧ ਦੀ ਬੰਦੂਕ ਸਿੱਖਾਂ ਦੇ ਮੋਢੇ 'ਤੇ ਰੱਖੀ ਹੋਈ ਸੀ, ਅਤੇ ਸਿੱਖਾਂ ਨੂੰ ਪਾਕਿਸਤਾਨ ਦੇ ਖ਼ਤਰੇ ਦੇ ਭੜਾਵੇ ਵਿਚ ਆਪਣਾ ਘਰ ਵੀ ਬਚਾਉਣ ਨਾ ਦਿਤਾ, ਹੁਣ ਉਨ੍ਹਾਂ ਨੂੰ ਅੱਖਾਂ ਦਿਖਾ ਰਹੇ ਸਨ। ਇਸ ਹਾਲਤ ਵਿਚ ਸਭ ਤੋਂ ਦੁਖੀ ਮਾਸਟਰ ਤਾਰਾ ਸਿੰਘ ਸੀ ਪਰ ਉਲਟਾ ਨਹਿਰੂ ਤੇ ਹੋਰ ਫ਼ਿਰਕੂ ਹਿੰਦੂ ਉਸ ਨੂੰ ਚਿੜਾਉਂਦੇ ਰਹਿੰਦੇ ਸਨ। (ਦੁਰਗਾ ਦਾਸ *ਕਰਜ਼ਨ ਟੂ ਨਹਿਰੂ ਐਂਡ ਆਫ਼ਟਰ*)। ਦੁਰਗਾ ਦਾਸ ਨੇ ਇਸੇ ਕਿਤਾਬ ਵਿਚ ਲਿਖਿਆ ਹੈ ਕਿ ਜਦ ਪਾਕਿਸਤਾਨ ਵਿਚੋਂ ਉਜੜ ਕੇ ਆ ਰਹੇ ਸਿੱਖਾਂ ਨੂੰ ਵਸਾਉਣ ਬਾਰੇ ਮਾਸਟਰ ਤਾਰਾ ਸਿੰਘ ਨਹਿਰੂ ਨੂੰ ਮਿਲਿਆ ਤਾਂ ਇਸੇ ਦੁਰਗਾ ਦਾਸ ਨੇ ਨਹਿਰੂ ਨੂੰ (ਤਨਜ਼ ਵਿਚ) ਕਿਹਾ ਕਿ ਮਾਸਟਰ ਜੀ ਨੂੰ ਪੁੱਛ ਲਓ ਕਿ ਜੇ ਉਹ ਵਖਰੀ ਸਿੱਖ ਸਟੇਟ ਚਾਹੁੰਦੇ ਹਨ ਤਾਂ ਪਾਕਿਸਤਾਨ ਤੋਂ ਆ ਰਹੇ ਰਫ਼ਿਊਜੀ ਸਿੱਖਾਂ ਨੂੰ ਉਸੇ ਹਿਸਾਬ ਨਾਲ ਵਸਾਇਆ ਜਾਵੇ।

WWW.SIKHBOOKCLUB.COM

ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ

ਉਸ ਵਕਤ ਦੇ ਪੰਜਾਬ ਦੇ ਗਵਰਨਰ ਚੰਦੂ ਲਾਲ ਤਿਰਵੇਦੀ ਨੇ 10 ਅਕਤੂਬਰ 1947 ਨੂੰ ਇਕ ਸਰਕੁਲਰ ਜਾਰੀ ਕੀਤਾ ਕਿ ''ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ ਤੇ ਸੂਬੇ ਦੇ ਇਨਸਾਫ਼-ਪਸੰਦ ਹਿੰਦੂਆਂ ਵਾਸਤੇ ਖ਼ਤਰਾ ਹਨ। ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਦੇ ਖ਼ਿਲਾਫ਼ ਖਾਸ ਕਦਮ ਚੁਕਣੇ ਚਾਹੀਦੇ ਹਨ।

"Sikhs as a community are a lawless people and are a menace to the law-abiding Hindus in the province, Deputy Commissioners should take special measures against them."

ਸ਼ਰਮਨਾਕ ਗੱਲ ਇਹ ਸੀ ਕਿ ਇਸ ਸਰਕੂਲਰ ਦੇ ਜਾਰੀ ਕਰਨ ਵੇਲੇ ਪੰਜਾਬ ਦਾ ਹੋਮ ਮਨਿਸਟਰ ਸਵਰਨ ਸਿੰਘ ਸੀ ਤੇ ਅਜਿਹੇ ਸਰਕੂਲਰ ਹੋਮ ਮਨਿਸਟਰੀ ਹੀ ਤਿਆਰ ਕਰ ਕੇ ਗਵਰਨਰ ਵਲੋਂ ਜਾਰੀ ਕਰਵਾਉਂਦੀ ਹੁੰਦੀ ਹੈ।

ਸਿੱਖ ਆਗੂ ਇਸ ਸਮੇਂ ਸੋਚ ਵੀ ਨਾ ਸਕੇ ਕਿ ਭਾਰਤ ਵਿਚ ਡੈਮੋਕਰੇਸੀ ਦੇ ਨਾਅਰੇ ਹੇਠਾਂ ਘਟ-ਗਿਣਤੀਆਂ ਨੂੰ ਦੁਬੇਲ ਬਣਾਉਣ ਜਾਂ ਅਖੌਤੀ-ਸੈਕੂਲਰਿਜ਼ਮ ਦੇ ਨਾਂ ਹੇਠ ਘਟ ਗਿਣਤੀ ਧਰਮ ਨੂੰ ਖ਼ਤਮ ਕਰਨ ਦੀ ਸਾਜਿਸ਼ ਹੋਵੇਗੀ। ਬਹੁਗਿਣਤੀ ਦੀ ਬੋਲੀ, ਧਰਮ ਅਤੇ ਕੌਮੀਅਤ ਦੇ ਅਸਰ ਹੇਠਾਂ ਸਿੱਖ ਕੌਮ ਨੂੰ ਇਕ ਤਰੀਕੇ ਨਾਲ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ।

ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਸਿੱਖਾਂ ਦੀ ਇਕੋ-ਇਕ, ਵਾਹਿਦ ਨੁਮਾਇੰਦਾ ਜਥੇਬੰਦੀ ਸੀ। ਗਿਆਨੀ ਕਰਤਾਰ ਸਿੰਘ ਅਕਾਲੀ ਦਲ ਦਾ ਪ੍ਰਧਾਨ ਸੀ। ਸਵਰਨ ਸਿੰਘ, ਉੱਜਲ ਸਿੰਘ, ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਫੇਰੂਮਾਨ ਵਗ਼ੈਰਾ ਹੋਰ ਮੌਕਾ-ਪ੍ਰਸਤਾਂ ਵਾਗੂ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਜਾ ਕੇ ਅਹੁਦਿਆਂ ਦੀ ਇੰਤਜ਼ਾਰ ਕਰ ਰਹੇ ਸਨ ਜਾਂ ਹਾਸਿਲ ਕਰ ਚੁਕੇ ਸਨ।

ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ 17 ਮਾਰਚ 1948 ਨੂੰ ਆਪਣੇ ਪੰਜਾਬ ਅਸੈਂਬਲੀ ਅਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਕਾਂਗਰਸ ਵਿਚ ਸ਼ਾਮਿਲ ਹੋ ਜਾਣ ਲਈ ਮਤਾ ਪਾਸ ਕਰਵਾਇਆ। ਇਸ ਮੌਕੇ 'ਤੇ ਮਾਸਟਰ ਤਾਰਾ ਸਿੰਘ ਅਤੇ ਕੁਝ ਹੋਰ ਆਗੂ ਇਸ ਵਾਸਤੇ ਰਾਜ਼ੀ ਨਹੀਂ ਸਨ ਪਰ ਉਨ੍ਹਾਂ ਨੇ ਫ਼ੁਟ ਤੋਂ ਡਰਦਿਆਂ ਕੋਈ ਕਾਰਵਾਈ ਨਹੀਂ ਕੀਤੀ। ਇਸ ਮੀਟਿੰਗ ਵਿਚ ਬਲਦੇਵ ਸਿੰਘ, ਈਸ਼ਰ ਸਿੰਘ ਮਝੈਲ, ਊਧਮ ਸਿੰਘ ਨਾਗੋਕੇ, ਬਾਵਾ ਬਚਿੱਤਰ ਸਿੰਘ ਹਾਜ਼ਰ ਸਨ। ਹਾਲਾਂਕਿ ਇਨ੍ਹਾਂ ਦਿਨਾਂ ਵਿਚ ਗਿਆਨੀ ਕਰਤਾਰ ਸਿੰਘ ਨੇ ਇਕ ਪ੍ਰੈਸ ਕਾਨਫ਼ਰੰਸ ਵਿਚ ਇਹ ਵੀ ਕਿਹਾ ਕਿ ਅਕਾਲੀ ਦਲ ਵਖਰੀ ਹੋਂਦ ਦੀ ਰਖਿਆ ਦਾ ਯਕੀਨ ਦਿਵਾਏ।

ਅਕਾਲੀ ਦਲ ਨੇ ਆਪਣੇ ਐਮ.ਐਲ.ਏਜ਼. ਨੂੰ ਕਾਂਗਰਸ ਵਿਚ ਭੇਜ ਤਾਂ ਦਿੱਤਾ ਪਰ ਫ਼ਿਰਕੂ ਹਿੰਦੂਆਂ ਦੀ ਸੋਚ ਅਜੇ ਉਵੇਂ ਦੀ ਉਵੇਂ ਹੀ ਸੀ। ਇਸ ਦਾ ਪਤਾ ਗੁਰਬਚਨ ਸਿੰਘ ਬਾਜਵਾ ਅਤੇ ਜਗਜੀਤ ਸਿੰਘ ਮਾਨ (ਐਮ.ਐਲ.ਏਜ਼) ਦੀਆਂ ਅਸੈਂਬਲੀ ਤਕਰੀਰਾਂ ਅਤੇ ਊਧਮ ਸਿੰਘ ਨਾਗੋਕੇ ਦੇ ਬਿਆਨਾਂ ਤੋਂ ਲਗਦਾ ਹੈ। ਊਧਮ ਸਿੰਘ ਨਾਗੋਕੇ ਨੇ ਇਕ ਬਿਆਨ 'ਚ ਕਾਂਗਰਸ ਸਰਕਾਰ 'ਤੇ ਇਲਜ਼ਾਮ ਲਾਉਂਦੇ ਹੋਏ ਕਿਹਾ ਸੀ ਕਿ ''ਪੰਜਾਬ

WWW.SIKHBOOKCLUB.COM

ਵਿਚ 72 ਤੋਂ 96% ਤਕ ਗ਼ਜ਼ਟਡ ਆਫ਼ੀਸਰ ਹਿੰਦੂ ਹਨ ਅਤੇ ਉਹ ਸਿੱਖਾਂ ਨਾਲ ਆਮ ਕਰ ਕੇ, ਅਤੇ ਸਿੱਖ ਮੁਲਾਜ਼ਮਾਂ ਨਾਲ ਖ਼ਾਸ ਕਰ ਕੇ, ਬੇਹੱਦ ਵਿਤਕਰਾ ਕਰਦੇ ਹਨ।'' ਇਸ ਹਾਲਤ ਨੂੰ ਪੈਦਾ ਕਰਨ ਵਿਚ ਵਧੇਰੇ ਹਥ ਮਹਾਸ਼ਾ ਪਰੈਸ ਦਾ ਸੀ ਜਿਸ ਨੇ ਤਾਂ ਇਕ ਵਾਰ ਏਥੋਂ ਤਕ ਵੀ ਲਿਖਿਆ ਕਿ **'ਸਿੱਖ ਧਰਮ ਦੀ ਨੀਂਹ ਗੁਰੂ ਗੋਬਿੰਦ ਸਿੰਘ ਨੇ ਮੁਸਲਮਾਨਾਂ ਨਾਲ ਲੜਨ ਵਾਸਤੇ ਰੱਖੀ ਸੀ ਅਤੇ ਹੁਣ ਮੁਸਲਮਾਨ ਜਾ ਚੁਕੇ ਹਨ ਅਤੇ ਸਿੱਖਾਂ ਦੀ, ਇਸ ਕਰ ਕੇ, ਕੋਈ ਲੋੜ ਨਹੀਂ ਹੈ।'**

ਇਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਵਿਚ ਇਕ ਆਲ ਪਾਰਟੀ ਸਿੱਖ ਕਾਨਫ਼ਰੰਸ ਪ੍ਰਿੰਸੀਪਲ ਤੇਜਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੰਗ ਕੀਤੀ ਗਈ ਕਿ ਸਿੱਖਾਂ ਨਾਲ ਸਿਵਲ ਮਹਿਕਮਿਆਂ ਤੇ ਮਿਲਟਰੀ ਵਿਚ ਸਿੱਖਾਂ ਨਾਲ ਨੌਕਰੀਆਂ, ਤਰੱਕੀਆਂ ਵਿਚ ਹੋ ਰਹੇ ਵਿਤਕਰਿਆਂ ਦੀ ਪੜਤਾਲ ਵਾਸਤੇ ਇਕ ਨਿਰਪੱਖ ਕਮਿਸ਼ਨ ਬਣਾਇਆ ਜਾਵੇ। (ਅਜੀਤ ਸਿੰਘ ਸਰਹੱਦੀ, *ਪੰਜਾਬੀ ਸੂਬਾ*, ਸਫ਼ਾ 228)।

ਇਹੋ ਜਿਹੇ ਹਾਲਾਤ ਵਿਚ ਸਾਰੇ ਅਕਾਲੀ ਐਮ.ਐਲ.ਏਜ਼. ਨੇ, ਗਿਆਨੀ ਕਰਤਾਰ ਸਿੰਘ ਦੀ ਸਰਪਰਸਤੀ ਹੇਠਾਂ, ਕਾਂਗਰਸ ਦੇ ਫ਼ਾਰਮ ਭਰ ਦਿਤੇ ਸਨ। ਹੁਣ ਅਕਾਲੀ ਐਮ.ਐਲ.ਏਜ਼. ਪੰਥ ਦੀ ਗੱਲ ਕਰਨ ਜੋਗੇ ਵੀ ਨਹੀਂ ਸਨ ਰਹੇ ਕਿਉਂਕਿ ਉਨ੍ਹਾਂ ਨੂੰ ਕਾਂਗਰਸ ਦੇ ਜ਼ਾਬਤੇ ਹੇਠ ਰਹਿਣਾ ਪੈਣਾ ਸੀ ਜਾਂ ਪਾਰਟੀ ਛੱਡਣੀ ਪੈਣੀ ਸੀ।

ਇਕ ਜੂਨ 1948 ਨੂੰ ਗੋਪੀ ਚੰਦ ਭਾਰਗੋ ਸਰਕਾਰ ਨੇ ਪੰਜਾਬੀ ਅਤੇ ਹਿੰਦੀ ਨੂੰ ਸਿੱਖਿਆ ਦਾ ਮਾਧਿਅਮ ਬਣਾ ਦਿੱਤਾ। ਮਹਾਸ਼ਾ ਪਰੈੱਸ ਨੇ ਤਾਂ ਇਸ ਦੀ ਵੀ ਬੜੀ ਵਿਰੋਧਤਾ ਕੀਤੀ। ਗੁਰਮੁਖੀ ਦਾ ਨਾਂ ਸੁਣ ਕੇ ਉਹ ਮੱਚ ਪੈਂਦੇ ਸਨ।

ਇਸੇ ਸਮੇਂ 24 ਫ਼ਰਵਰੀ 1948 ਨੂੰ ਘਟ ਗਿਣਤੀਆਂ ਦੀ ਕਮੇਟੀ ਅਤੇ ਬੁਨਿਆਦੀ ਹੱਕਾਂ ਦੀ ਕਮੇਟੀ ਨੇ ਇਕ ਸਬ-ਕਮੇਟੀ ਬਣਾਈ। ਇਸ ਵਿਚ ਨਹਿਰੂ, ਪਟੇਲ, ਅੰਬੇਦਕਰ, ਡਾ. ਰਜਿੰਦਰ ਪ੍ਰਸਾਦ ਅਤੇ ਕੇ.ਐਮ. ਮੁਨਸ਼ੀ ਸਨ। ਇਸ ਕਮੇਟੀ ਨੇ 23 ਨਵੰਬਰ 1948 ਦੇ ਦਿਨ ਸਿੱਖਾਂ ਨੂੰ ਕੋਈ ਖ਼ਾਸ ਹਕੂਕ (Special minority Rights) ਨਾ ਦੇਣ ਦੀ ਹਿਮਾਇਤ ਕੀਤੀ।

ਇਹ ਬੜੇ ਔਖੇ ਦਿਨ ਸਨ। ਬਹੁਤੇ ਸਿੱਖ ਆਗੂ ਵਜ਼ੀਰੀਆਂ, ਅਹੁਦਿਆਂ ਤੇ ਤਾਕਤ ਦੇ ਲਾਲਚ ਵਿਚ ਅਕਾਲੀ ਦਲ ਅਤੇ ਪੰਥਕ ਨਿਸ਼ਾਨੇ ਨੂੰ ਛੱਡ ਕੇ ਕਾਂਗਰਸ ਦੀ ਝੋਲੀ ਵਿਚ ਪੈ ਚੁਕੇ ਸਨ। ਸਿਰਫ਼ ਭਾਗ ਸਿੰਘ ਗੁਰਦਾਸਪੁਰੀ, ਸਰੂਪ ਸਿੰਘ, ਅਮਰ ਸਿੰਘ ਅੰਬਾਲਵੀ, ਪ੍ਰੀਤਮ ਸਿੰਘ ਗੋਜਰਾਂ ਹੀ ਮਾਸਟਰ ਤਾਰਾ ਸਿੰਘ ਦੇ ਨਾਲ ਰਹੇ।'' (ਹਰਚਰਨ ਸਿੰਘ ਬਾਜਵਾ, *ਫ਼ਿਫ਼ਟੀ ਈਅਰਜ਼ ਆਫ਼ ਪੰਜਾਬ ਪਾਲੇਟਿਕਸ*, ਸਫ਼ਾ 83)।

ਉੱਧਰ ਅਕਾਲੀ ਦਲ ਆਪ ਵੀ ਇਸ ਮੌਕੇ 'ਤੇ ਬੜਾ ਅਜੀਬ ਰੋਲ ਅਦਾ ਕਰ ਰਿਹਾ ਸੀ। 24 ਅਪਰੈਲ 1948 ਨੂੰ ਮਾਸਟਰ ਤਾਰਾ ਸਿੰਘ ਨੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨਗੀ ਲੈਕਚਰ ਵਿਚ ਸਿੱਖਾਂ ਨੂੰ **''ਹਿੰਦੂ ਧਰਮ ਦੇ ਰਖਿਅਕ''** ਕਿਹਾ। ਅਕਾਲੀ ਦਲ ਨੇ 25 ਅਕਤੂਬਰ 1948 ਨੂੰ ਆਈਨ ਦੇ ਖਰੜੇ ਉਪਰ ਬਹਿਸ ਕਰਦਿਆਂ ਵੱਖਰੀ ਚੋਣ ਪ੍ਰਣਾਲੀ ਦਾ ਵਿਰੋਧ ਕੀਤਾ। ਪਰ ਨਾਲ ਹੀ 10 ਸਾਲ ਵਾਸਤੇ ਵੱਖਰੀ ਚੋਣ ਪ੍ਰਣਾਲੀ ਦੀ ਹਿਮਾਇਤ ਵੀ ਕੀਤੀ। ਇਸ ਦੌਰ ਵਿਚ ਘਟ ਗਿਣਤੀਆਂ ਦੇ ਹੱਕਾਂ ਵਾਸਤੇ ਕਾਫ਼ੀ ਚਰਚੇ ਹੁੰਦੇ ਰਹੇ। ਹਾਂ ਇੱਕੋ ਹੀ ਗੱਲ ਇਨ੍ਹਾਂ ਦਿਨਾਂ

WWW.SIKHBOOKCLUB.COM Page 13

ਵਿਚ ਅਹਿਮ ਹੋਈ ਕਿ **ਪੰਜਾਬ ਅਸੈਂਬਲੀ ਦੇ 33 ਵਿਚੋਂ 32 ਸਿੱਖ ਮੈਂਬਰਾਂ ਨੇ (ਪ੍ਰਤਾਪ ਸਿੰਘ ਕੈਰੋਂ ਨੂੰ ਛੱਡ ਕੇ) 15 ਨਵੰਬਰ 1948 ਨੂੰ ਇਕ ਖ਼ਤ 'ਤੇ ਦਸਤਖ਼ਤ ਕੀਤੇ ਅਤੇ ਸਿੱਖਾਂ ਦੀਆਂ 13 ਮੰਗਾਂ ਦਾ ਇਕ ਚਾਰਟਰ ਆਈਨੀ ਅਸੈਂਬਲੀ (Constitution Assembly) ਨੂੰ ਪੇਸ਼ ਕੀਤਾ:**

1. ਸੂਬੇ ਦੀ ਵਜ਼ਾਰਤ ਵਿਚ ਸਿੱਖਾਂ ਦਾ 50% ਹਿੱਸਾ ਹੋਵੇ।
2. ਸੈਂਟਰ ਵਿਚ ਸਿੱਖਾਂ ਦਾ 5% ਹਿੱਸਾ ਹੋਵੇ।
3. 1941 ਦੀ ਅਬਾਦੀ ਦੇ ਆਧਾਰ ਤੇ ਨੁਮਾਇੰਦਗੀ ਮਿਲੇ।
4. ਸੈਂਟਰ ਵਿਚ ਇਕ ਪੂਰਾ ਤੇ ਇਕ ਅੱਧਾ ਸਿੱਖ ਵਜ਼ੀਰ ਹੋਵੇ।
5. ਪੰਜਾਬ ਦੇ ਗਵਰਨਰ ਤੇ ਮੁੱਖ ਮੰਤਰੀ ਵਿਚੋਂ ਇਕ ਸਿੱਖ ਜ਼ਰੂਰ ਹੋਵੇ।
6. ਗੁੜਗਾਓਂ ਤੇ ਲੋਹਾਰੂ ਪੰਜਾਬ 'ਚੋਂ ਕੱਢੇ ਜਾਣ।
7. ਸੂਬੇ ਦੀਆਂ ਨੌਕਰੀਆਂ ਵਿਚ ਸਿੱਖਾਂ ਦਾ 40% ਹਿੱਸਾ ਹੋਵੇ।

ਅਤੇ ਜੇ ਕਰ ਇਹ ਮੰਗਾਂ ਨਾ ਮੰਨੀਆਂ ਜਾਣ ਤਾਂ ਸਿੱਖਾਂ ਨੂੰ ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਲੁਧਿਆਣਾ, ਫ਼ਿਰੋਜ਼ਪੁਰ ਅਤੇ ਅੰਬਾਲਾ ਜ਼ਿਲ੍ਹਿਆਂ ਦਾ ਨਵਾਂ ਸੂਬਾ ਦਿੱਤਾ ਜਾਵੇ। ਇਸ ਤਰ੍ਹਾਂ ਸਿੱਖਾਂ ਨੂੰ ਇਕ ਇਹ ਸੂਬਾ ਅਤੇ ਦੂਜਾ ਪੈਪਸੂ, ਜਿਸ ਵਿਚ 53% ਸਿੱਖ ਸਨ, ਮਿਲ ਸਕਦੇ ਸਨ।

ਘਟ ਗਿਣਤੀ ਕਮੇਟੀ ਨੇ ਇਨ੍ਹਾਂ ਮੰਗਾਂ 'ਤੇ ਵਿਚਾਰ ਕੀਤੀ ਪਰ ਕਿਸੇ ਨਤੀਜੇ ਤੇ ਨਾ ਪਹੁੰਚ ਸਕੀ। ਪਰ ਇਸ ਕਮੇਟੀ ਨੇ ਇਕ ਹੋਰ ਦਸ ਮੈਂਬਰੀ ਕਮੇਟੀ ਬਣਾ ਦਿਤੀ ਜੋ ਇਸ ਦਾ ਹੱਲ ਲੱਭ ਸਕੇ। ਇਸ ਕਮੇਟੀ ਵਿਚ ਭੀਮ ਸੈਨ ਸੱਚਰ, ਚੌਧਰੀ ਲਹਿਰੀ ਸਿੰਹ, ਬੀ. ਐਲ. ਚਾਨਣ, ਸੂਰਜ ਮੱਲ, ਛੰਨੋ ਦੇਵੀ ਅਤੇ ਪੰਜ ਸਿੱਖ (ਸਵਰਨ ਸਿੰਘ, ਗਿ: ਕਰਤਾਰ ਸਿੰਘ, ਉੱਜਲ ਸਿੰਘ, ਈਸ਼ਰ ਸਿੰਘ ਮਝੈਲ ਤੇ ਬਾਬੂ ਬਚਨ ਸਿੰਘ) ਸਨ।

ਇਸ ਸਬ-ਕਮੇਟੀ ਦਾ ਵੀ ਕੋਈ ਫ਼ਾਇਦਾ ਨਹੀਂ ਸੀ ਕਿਉਂਕਿ ਇਕ ਪਾਸੇ ਮਹਾਸ਼ਾ ਪਰੈੱਸ, ਸਣੇ 'ਟ੍ਰਿਬਿਊਨ' (ਦੇਖੋ: ਟ੍ਰਿਬਿਊਨ ਦੇ 10 ਤੇ 26 ਅਕਤੂਬਰ 1948 ਦੇ ਐਡੀਟੋਰੀਅਲ) ਅਤੇ ਦੂਜੇ ਪਾਸੇ ਹਿੰਦੂ ਮੈਂਬਰਾਂ ਦਾ ਧਰਮ ਨਿਰਪੇਖਤਾ ਦੇ ਨਕਾਬ ਵਿਚ ਲੁਕਿਆ ਫ਼ਿਰਕਾਪ੍ਰਤੀ ਦਾ ਢੌਂਗ, ਸਿੱਖ ਧਰਮ ਨੂੰ ਖ਼ਤਮ ਕਰਨ ਲਈ ਤਿਆਰੀ ਕਰ ਰਿਹਾ ਸੀ। ਮਾਸਟਰ ਤਾਰਾ ਸਿੰਘ ਨੇ 15 ਨਵੰਬਰ 1948 ਨੂੰ ਇਕ ਪਰੈੱਸ ਕਾਨਫ਼ਰੰਸ 'ਚ ਕਿਹਾ ਕਿ **''ਪੰਜਾਬ ਦਾ ਹਿੰਦੂ ਸਿੱਖ ਕੌਮ ਨੂੰ ਧਾਰਮਿਕ ਪੱਖੋਂ ਹੜੱਪ ਕਰ ਜਾਣਾ ਚਾਹੁੰਦਾ ਹੈ।''** ਹਿੰਦੂ ਪਰੈੱਸ ਦਾ ਹਮਲਾ ਬਹੁਤ ਖ਼ਤਰਨਾਕ ਸ਼ਕਲ ਅਖ਼ਤਿਆਰ ਕਰ ਰਿਹਾ ਸੀ। ਸਿਰਫ਼ ਪਰੈੱਸ ਹੀ ਨਹੀਂ ਬਾਕੀ ਪਾਸਿਆਂ ਤੋਂ ਵੀ ਸਿੱਖੀ 'ਤੇ ਹਮਲੇ ਹੋ ਰਹੇ ਸਨ। ਇਨ੍ਹਾਂ ਵਿਚ ਹੀ ਜਲੰਧਰ ਦੀ ਮਿਉਂਸਪਲ ਕਮੇਟੀ ਨੇ (ਫ਼ਰਵਰੀ 1949 ਦੇ 88 ਨੰਬਰ ਮਤਾ ਰਾਹੀਂ) ਐਲਾਨ ਕੀਤਾ ਕਿ ਉਹ ਅਪਣੇ ਸਕੂਲਾਂ ਵਿਚ ਪੰਜਾਬੀ ਦੀ ਥਾਂ ਹਿੰਦੀ ਵਿਚ ਹੀ ਪੜ੍ਹਾਈ ਕਰਵਾਉਣਗੇ, ਹਾਲਾਂ ਕਿ ਇਥੇ 98% ਲੋਕ ਪੰਜਾਬੀ ਬੋਲਣ ਵਾਲੇ ਸਨ।

WWW.SIKHBOOKCLUB.COM

ਦਿੱਲੀ ਵਿਚ ਸਿੱਖਾਂ ਦੀ ਕਾਨਫ਼ਰੰਸ ਅਤੇ ਮਾ: ਤਾਰਾ ਸਿੰਘ ਦੀ ਗ੍ਰਿਫ਼ਤਾਰੀ

ਸਿੱਖੀ ਅਤੇ ਪੰਜਾਬੀ ਉੱਤੇ ਇਹੋ ਜਿਹੇ ਹਮਲੇ ਹਰ ਪਾਸੇ ਤੋਂ ਜ਼ਾਹਰਾ ਅਤੇ ਅਸਿੱਧੇ ਤਰੀਕੇ ਨਾਲ ਹੋ ਰਹੇ ਸਨ। ਹੋਰ ਤਾਂ ਹੋਰ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਦਾ 10 ਅਕਤੂਬਰ 1947 ਦਾ ਸਰਕੂਲਰ 'ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ' ਸਿੱਖਾਂ ਲਈ ਸਭ ਤੋਂ ਵੱਡਾ ਚੈਲੰਜ ਸੀ। ਇਸ ਨੂੰ ਸਾਹਵੇਂ ਰਖਦਿਆਂ ਮਾਸਟਰ ਤਾਰਾ ਸਿੰਘ ਨੇ ਕੌਮ ਦੇ ਮਸਲਿਆਂ 'ਤੇ ਵਿਚਾਰਾਂ ਕਰਨ ਵਾਸਤੇ 20 ਫ਼ਰਵਰੀ 1948 ਨੂੰ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਫ਼ੈਸਲਾ ਕੀਤਾ।

ਇਸ ਕਨਵੈਨਸ਼ਨ 'ਤੇ ਪਟੇਲ ਬਹੁਤ ਔਖਾ ਹੋਇਆ। ਉਹ ਆਪਣੇ ਆਪ ਨੂੰ ਮੁਲਕ ਦਾ ਬਾਦਸ਼ਾਹ ਸਮਝਣ ਲਗ ਪਿਆ ਸੀ। ਉਸ ਨੇ ਇਹ ਕਾਨਫ਼ਰੰਸ ਨਾ ਕਰਨ ਦੇਣ ਦਾ ਐਲਾਨ ਕੀਤਾ। ਉਸ ਨੇ 9 ਫ਼ਰਵਰੀ ਨੂੰ ਨਹਿਰੂ ਨੂੰ ਇਕ ਖ਼ਤ ਵਿਚ ਲਿਖਿਆ: ਅਸੀਂ ਦਿੱਲੀ ਦੀ ਅਕਾਲੀ ਕਾਨਫ਼ਰੰਸ ਕਿਸੇ ਵੀ ਤਰੀਕੇ ਜਾਂ ਸ਼ਕਲ ਵਿਚ ਨਹੀਂ ਹੋਣ ਦਿਆਂਗੇ। (*ਲੈਟਰਜ਼ ਆਫ਼ ਪਟੇਲ ਟੂ ਨਹਿਰੂ*, ਸਫ਼ਾ 122)। ਇਸ 'ਤੇ ਨਹਿਰੂ ਨੇ ਬਲਦੇਵ ਸਿੰਘ ਨੂੰ ਮਾਸਟਰ ਤਾਰਾ ਸਿੰਘ ਨੂੰ ਰੋਕਣ ਵਾਸਤੇ ਕਿਹਾ। ਨਹਿਰੂ ਦੇ ਕਹਿਣ 'ਤੇ ਦਿੱਲੀ ਤੋਂ ਬਲਦੇਵ ਸਿੰਘ ਨੇ ਇਸ ਕਾਨਫ਼ਰੰਸ ਨੂੰ ਮੁਲਤਵੀ ਕਰਨ ਵਾਸਤੇ ਸੁਨੇਹਾ ਭੇਜਿਆ।

ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਇਕ ਮੀਟਿੰਗ 10 ਫ਼ਰਵਰੀ 1949 ਨੂੰ ਸੱਦੀ ਗਈ ਤੇ ਬਲਦੇਵ ਸਿੰਘ ਦੇ ਸੁਨੇਹੇ 'ਤੇ ਵਿਚਾਰ ਕੀਤੀ ਗਈ। ਪਰ ਵਰਕਿੰਗ ਕਮੇਟੀ ਨੇ ਫ਼ੈਸਲਾ ਕੀਤਾ ਕਿ ਕਾਨਫ਼ਰੰਸ ਜ਼ਰੂਰ ਕੀਤੀ ਜਾਵੇ। ਉਸ ਸਮੇਂ ਆਈਨ ਬਣ ਰਿਹਾ ਸੀ ਅਤੇ ਅਪਣੀਆਂ ਮੰਗਾਂ ਵਾਸਤੇ ਦਿਖਾਵਾ ਕਰਨਾ ਬੜਾ ਜ਼ਰੂਰੀ ਸੀ। ਇਸ ਤੋਂ ਵਧੇਰੇ ਜਮਹੂਰੀ ਤਰੀਕਾ ਹੋਰ ਕੋਈ ਨਹੀਂ ਸੀ ਹੋ ਸਕਦਾ। ਪਰ ਇਸ ਮੀਟਿੰਗ ਨੇ ਖੁਲ੍ਹੇ ਮੈਦਾਨ ਵਿਚ ਸਿਆਸੀ ਕਾਨਫ਼ਰੰਸ ਦੀ ਥਾਂ ਗੁਰਦੁਆਰਾ ਰਕਾਬ ਗੰਜ ਵਿਚ ਸ਼ਹੀਦੀ ਦੀਵਾਨ ਕਰਨ ਦਾ ਫ਼ੈਸਲਾ ਕਰ ਦਿੱਤਾ। ਅਕਾਲੀਆਂ ਵੱਲੋਂ ਇਹ ਇਕ ਬਹੁਤ ਚੰਗੀ ਪੇਸ਼ਕਸ਼ ਸੀ। ਪਰ ਪਟੇਲ ਅਪਣੀ ਗ਼ਲਤ ਅੜੀ 'ਤੇ ਕਾਇਮ ਸੀ। ਉਸ ਨੇ ਧਾਰਮਿਕ ਦੀਵਾਨ 'ਤੇ ਵੀ ਪਾਬੰਦੀ ਲਾ ਦਿਤੀ।

ਪਟੇਲ ਦੇ ਹੁਕਮਾਂ ਹੇਠ 19 ਫ਼ਰਵਰੀ ਨੂੰ ਮਾਸਟਰ ਤਾਰਾ ਸਿੰਘ ਨੂੰ ਦਿੱਲੀ ਆਉਂਦਿਆਂ ਨਰੇਲੇ ਸਟੇਸ਼ਨ ਤੇ 1818 ਦੇ ਬੰਗਾਲ ਰੈਗੂਲੇਸ਼ਨਜ਼ ਐਕਟ ਨੰਬਰ ਤਿੰਨ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ *(ਇਸੇ ਐਕਟ ਹੇਠ 1907 ਵਿਚ ਅਜੀਤ ਸਿੰਘ ਤੇ ਲਾਲਾ ਲਾਜਪਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ)*। ਇਸ ਦੇ ਬਾਵਜੂਦ ਪਰੋਗਰਮ ਮੁਤਾਬਿਕ 20 ਫ਼ਰਵਰੀ ਨੂੰ ਦੀਵਾਨ ਹੋਇਆ ਅਤੇ ਲੈਕਚਰ ਦੇਣ ਵਾਲੇ ਆਗੂ ਗ਼ਿਫ਼ਤਾਰ ਕਰ ਕੇ ਛੇ-ਛੇ ਮਹੀਨੇ ਲਈ ਕੈਦ ਕਰ ਦਿੱਤੇ ਗਏ।

ਇਸ ਮੌਕੇ 'ਤੇ ਸਭ ਤੋਂ ਘਟੀਆ ਰੋਲ ਬਲਦੇਵ ਸਿੰਘ ਦਾ ਸੀ। ਉਸ ਨੇ 21 ਫ਼ਰਵਰੀ ਨੂੰ ਕਾਂਗਰਸ ਦੀ ਖ਼ੂਬ ਹਿਮਾਇਤ ਕੀਤੀ ਤੇ ਵਜ਼ੀਰੀ ਕਾਇਮ ਰੱਖਣ ਦੀ ਕੀਮਤ ਅਦਾ ਕੀਤੀ। ਇਥੋਂ ਤਕ ਕਿ ਉਸ ਨੇ ਮਾਸਟਰ ਤਾਰਾ ਸਿੰਘ ਨੂੰ ਫ਼ਿਰਕਾਪ੍ਰਸਤੀ ਦੀਆਂ ਹਰਕਤਾਂ ਕਰਨ ਵਾਲਾ ਵੀ ਦੱਸਿਆ। 23 ਫ਼ਰਵਰੀ 1949 ਨੂੰ ਇਕੋ ਜਿਹਾ

WWW.SIKHBOOKCLUB.COM

ਇਕ ਹੋਰ ਬਿਆਨ ਬਲਦੇਵ ਸਿੰਘ ਨੇ ਆਪਣੇ 'ਮਾਲਕਾਂ' ਨੂੰ ਖ਼ੁਸ਼ ਕਰਨ ਵਾਸਤੇ ਦਿਤਾ। (*ਟ੍ਰਿਬਿਊਨ*, 25 ਫ਼ਰਵਰੀ 1949)।

ਅਕਾਲੀ ਦਲ ਨੇ ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਵਿਰੁਧ ਪਰੋਟੈਸਟ ਦਿਨ ਮਨਾਉਣ ਲਈ 2 ਮਾਰਚ 1949 ਦਾ ਦਿਨ ਚੁਣਿਆ। ਥਾਂ ਥਾਂ ਰੋਸ ਦੀਵਾਨ ਹੋਏ ਅਤੇ ਸਿੱਖਾਂ ਨੇ ਅਰਦਾਸਾਂ ਕੀਤੀਆਂ। 4 ਅਪਰੈਲ 1949 ਨੂੰ ਅੰਮ੍ਰਿਤਸਰ ਵਿਚ ਸਿੱਖ ਸਿਆਸੀ ਕਾਰਕੁੰਨਾਂ, ਉਸਤਾਦਾਂ, ਵਪਾਰੀਆਂ, ਡਾਕਟਰਾਂ, ਵਕੀਲਾਂ ਦੀ ਇਕ ਮੀਟਿੰਗ ਸੱਦੀ ਗਈ ਜਿਸ ਵਿਚ ਮਾਸਟਰ ਤਾਰਾ ਸਿੰਘ ਤੇ ਹੋਰ ਅਕਾਲੀ ਆਗੂਆਂ ਦੀ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ ਗਿਆ। ਇਸ ਕਨਵੈਨਸ਼ਨ ਵਿਚ ਪਹਿਲੀ ਵਾਰ ਪੰਜਾਬੀ ਸੂਬੇ ਦੀ ਕਾਇਮੀ ਦਾ ਮਤਾ ਪਾਸ ਕੀਤਾ ਗਿਆ। ਉਧਰ ਭਾਰਗੋ ਨੂੰ ਹਟਾ ਕੇ 13 ਅਪਰੈਲ 1949 ਦੇ ਦਿਨ ਸੱਚਰ ਨੂੰ ਪੰਜਾਬ ਦਾ ਚੀਫ਼ ਮਨਿਸਟਰ ਬਣਾ ਦਿਤਾ ਗਿਆ।

ਇਸ ਗ੍ਰਿਫ਼ਤਾਰੀ 'ਤੇ ਪਾਕਿਤਾਨੀ ਅਖ਼ਬਾਰਾਂ ਨੇ ਲਿਖਿਆ ਕਿ ਜੇ ਅਸੀਂ ਪਾਕਿਸਤਾਨ ਨਾ ਲੈਂਦੇ ਤਾਂ ਸਾਡਾ ਵੀ ਇਹੀ ਹਸ਼ਰ ਹੋਣਾ ਸੀ (*ਪਾਕਿਸਤਾਨ ਟਾਈਮਜ਼* ਤੇ *ਸਿਵਲ ਐਂਡ ਮਿਲਟਰੀ ਗ਼ਜ਼ਟ*, 21 ਫ਼ਰਵਰੀ, 1949)।

ਸਿੱਖਾਂ ਦੇ ਜ਼ਖ਼ਮੀ ਜਜ਼ਬਾਤ 'ਤੇ ਇਕ ਹੋਰ ਸੱਟ ਉਦੋਂ ਮਾਰੀ ਗਈ ਜਦੋਂ 9 ਜੂਨ 1949 ਦੇ ਦਿਨ ਪੰਜਾਬ ਯੂਨੀਵਰਸਿਟੀ, ਸੋਲਨ (ਹੁਣ ਚੰਡੀਗੜ੍ਹ) ਦੀ ਸੈਨਟ ਨੇ ਪੰਜਾਬੀ 'ਚ ਪੜ੍ਹਾਈ ਕਰਵਾਉਣ ਦਾ ਮਤਾ ਨਾਮਨਜ਼ੂਰ ਕਰ ਦਿੱਤਾ। ਨਤੀਜੇ ਦੇ ਤੌਰ 'ਤੇ ਸਾਰੇ ਸਿੱਖ ਮੈਂਬਰ ਵਾਕ ਆਊਟ ਕਰ ਗਏ।

ਸੱਚਰ ਫ਼ਾਰਮੂਲਾ

14 ਅਗਸਤ 1948 ਦੇ ਦਿਨ ਭਾਰਤ ਸਰਕਾਰ ਨੇ ਫ਼ੈਸਲਾ ਕੀਤਾ ਸੀ ਕਿ ਬੱਚਿਆਂ ਨੂੰ ਮੁੱਢਲੀ ਸਿਖਿਆ ਉਨ੍ਹਾਂ ਦੀ ਮਾਂ ਬੋਲੀ ਵਿਚ ਹੀ ਦਿੱਤੀ ਜਾਏਗੀ। ਇੰਞ ਹੀ ਅਕਤੂਬਰ 1949 ਵਿਚ ਪੰਜਾਬ ਸਰਕਾਰ ਨੇ ਜ਼ਬਾਨ ਬਾਰੇ ਸੱਚਰ ਫ਼ਾਰਮੂਲਾ ਲਾਗੂ ਕਰ ਦਿੱਤਾ ਅਤੇ ਪੰਜਾਬੀ ਜ਼ੋਨ ਵਿਚ ਪੰਜਾਬੀ ਲਾਜ਼ਮੀ ਕਰ ਦਿੱਤੀ। ਅੰਮ੍ਰਿਤਸਰ, ਜਲੰਧਰ, ਗੁਰਦਾਸਪੁਰ, ਫ਼ੀਰੋਜ਼ਪੁਰ, ਲੁਧਿਆਣਾ ਤੇ ਹੁਸ਼ਿਆਰਪੁਰ ਤੋਂ ਬਿਨਾਂ ਹਿਸਾਰ ਦਾ ਕੁਝ ਹਿੱਸਾ ਅਤੇ ਰੋਪੜ ਤੇ ਖਰੜ (ਜ਼ਿਲਾ ਅੰਬਾਲਾ) ਪੰਜਾਬੀ ਰਿਜਨ ਵਿਚ ਰੱਖੇ ਗਏ। **ਇਸ ਫ਼ਾਰਮੂਲੇ ਦਾ ਸਭ ਤੋਂ ਵੱਡਾ ਕਮਜ਼ੋਰ ਪੱਖ ਇਹ ਸੀ ਕਿ ਜੇ ਬੱਚੇ ਦੇ ਮਾਂ-ਬਾਪ ਚਾਹੁਣ ਤਾਂ ਬੱਚੇ ਨੂੰ ਕਿਸੇ ਹੋਰ ਜ਼ਬਾਨ ਵਿਚ ਸਿਖਿਆ ਦੇ ਸਕਦੇ ਸਨ।**

ਜੇਲ੍ਹ ਤੋਂ ਆ ਕੇ ਮਾਸਟਰ ਤਾਰਾ ਸਿੰਘ ਨੇ 10 ਅਕਤੂਬਰ 1949 ਨੂੰ ਐਲਾਨ ਕੀਤਾ ਕਿ **''ਸਿੱਖਾਂ ਦਾ ਕਲਚਰ ਹਿੰਦੂਆਂ ਤੋਂ ਵੱਖਰਾ ਹੈ ਅਤੇ ਜਿਵੇਂ ਕਿ ਹਿੰਦੂਆਂ ਨੂੰ ਗੁਰਮੁਖੀ ਸਿੱਖਾਂ ਦੀ ਬੋਲੀ ਜਾਪਦੀ ਹੈ ਇਸੇ ਤਰ੍ਹਾਂ ਸਿੱਖਾਂ ਦੀਆਂ ਰਿਵਾਇਤਾਂ, ਹੀਰੇ, ਸਮਾਜਕ ਢਾਂਚਾ ਵੀ ਵਖਰਾ ਹੈ। ਸਿੱਖਾਂ ਦਾ ਕਲਚਰ ਗੁਰਮੁਖੀ ਕਲਚਰ ਹੈ।''** ਮਾਸਟਰ ਤਾਰਾ ਸਿੰਘ ਦੀ ਰਿਹਾਈ ਮਗਰੋਂ 18 ਅਕਤੂਬਰ 1949 ਨੂੰ ਭਾਰਗੋ ਨੂੰ ਫਿਰ ਚੀਫ਼ ਮਨਿਸਟਰ ਬਣਾ ਦਿਤਾ ਗਿਆ।

ਹਿੰਦੂਆਂ ਦੇ ਸਿੱਖਾਂ ਨਾਲ ਸਲੂਕ ਤੋਂ ਸਿੱਖਾਂ ਨੂੰ ਆਪਣੇ ਧੁੰਦਲੇ ਭਵਿੱਖ ਦਾ ਸ਼ਕ

WWW.SIKHBOOKCLUB.COM Page 16

ਹੋਣ ਲਗ ਪਿਆ। **1949 ਵਿਚ ਮੈਟਰਿਕ ਦੇ 12028 ਹਿੰਦੂ ਤੇ 3940 ਸਿੱਖ ਵਿਦਿਆਰਥੀ ਸਨ। ਸਾਰੇ ਹਿੰਦੂ ਵਿਦਿਆਰਥੀ ਹਿੰਦੀ ਦੇ ਤੇ ਸਿੱਖ ਪੰਜਾਬੀ ਦੇ ਸਨ। ਹੋਰ ਤਾਂ ਹੋਰ ਪੰਜਾਬੀ ਦੇ ਪੇਪਰ ਵੇਖਣ ਵਾਲੇ ਸਾਰੇ ਸਿੱਖ ਸਨ ਅਤੇ ਹਿੰਦੀ ਦੇ ਹਿੰਦੂ। ਇਹ ਸੀ ਪੰਜਾਬ ਦੀ ਕੌਮੀ ਵੰਡ, ਧਾਰਮਿਕ ਵੰਡ ਤੇ ਬੋਲੀ ਦੀ ਵੰਡ।** ਇਸ ਵੰਡ ਨੇ ਦੋ ਕੌਮਾਂ, ਦੋ ਧਰਮਾਂ ਤੇ ਦੋ ਬੋਲੀਆਂ ਵਿਚ ਇਕ ਅਜਿਹੀ ਤਰੇੜ ਪੈਦਾ ਕਰ ਦਿੱਤੀ ਜਿਸ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਜਨਮ ਦਿੱਤਾ ਅਤੇ ਬਾਅਦ ਵਿਚ ਸਿੱਖ ਸਟੇਟ, ਸਿੱਖ ਹੋਮਲੈਂਡ ਅਤੇ ਖਾਲਿਸਤਾਨ ਦੀ ਲਹਿਰ ਨੂੰ।

ਭਾਰਤ ਦੇ ਵਿਧਾਨ 'ਤੇ ਦਸਤਖ਼ਤ ਕਰਨੋਂ ਨਾਂਹ

26 ਨਵੰਬਰ 1949 ਦੇ ਦਿਨ ਹਿੰਦੂਸਤਾਨ ਦਾ ਨਵਾਂ ਆਈਨ ਪਾਸ ਕੀਤਾ ਗਿਆ। ਜਿਸ ਵਿਚ ਸਿੱਖਾਂ ਵਾਸਤੇ ਕੋਈ ਵੱਖਰੀ ਨੁਮਾਇੰਦਗੀ, ਹੱਕ ਜਾਂ ਹਿਫ਼ਾਜ਼ਤ ਨਹੀਂ ਸੀ। ਇਸ ਕਰ ਕੇ **ਇਸ ਦੇ ਪਾਸ ਹੋਣ ਵੇਲੇ ਅਕਾਲੀ ਮੈਂਬਰਾਂ (ਹੁਕਮ ਸਿੰਘ ਤੇ ਭੂਪਿੰਦਰ ਸਿੰਘ ਮਾਨ) ਨੇ ਇਸ ਦੀ ਮੁਖ਼ਾਲਫ਼ਤ ਕੀਤੀ ਅਤੇ ਇਸ 'ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿਤੀ। ਪਰ ਕਾਂਗਰਸੀ ਮੈਂਬਰਾਂ ਗੁਰਮੁਖ ਸਿੰਘ ਮੁਸਾਫ਼ਿਰ, ਬਲਦੇਵ ਸਿੰਘ ਤੋਂ ਇਲਾਵਾ ਰਿਆਸਤਾਂ ਦੇ ਸਿੱਖ ਨੁਮਾਇੰਦਿਆਂ ਸ:ਬ: ਰਣਜੀਤ ਸਿੰਘ, ਸੁਚੇਤ ਸਿੰਘ ਔਜਲਾ ਨੇ ਦਸਤਖ਼ਤ ਕਰ ਦਿੱਤੇ ਸਨ।** (*ਅਨੰਦ ਬਜ਼ਾਰ ਪੱਤ੍ਰਕਾ*, 27 ਨਵੰਬਰ, 1949)। ਪਰ ਇਹ ਇਨਕਾਰ ਬੇ-ਫ਼ਾਇਦਾ ਸੀ ਕਿਉਂ ਕਿ ਆਈਨ ਬਣਨ ਤੋਂ ਪਹਿਲਾਂ ਇਸ ਦੀ ਮੁਖ਼ਾਲਫ਼ਤ ਹੁੰਦੀ ਤੇ ਐਜੀਟੇਸ਼ਨ ਹੁੰਦੀ ਤਾਂ ਤੇ ਕੋਈ ਗੱਲ ਵੀ ਸੀ ਪਰ ਖ਼ਾਲੀ 'ਦਸਤਖ਼ਤ ਨਾ ਕਰਨ' ਦੀ ਗੱਲ ਦੀ ਕੋਈ ਕੀਮਤ ਨਹੀਂ ਸੀ। ਵੱਡੀ ਗਲ ਤਾਂ ਇਹ ਕਿ ਅਕਾਲੀ ਦਲ ਦੀ ਜਥੇਬੰਦੀ ਨੇ ਮਗਰੋਂ ਇਸੇ ਆਈਨ ਹੇਠਾਂ ਚੋਣਾਂ ਲੜੀਆਂ ਤੇ ਮੁੜ ਕੇ ਇਸ ਆਈਨ ਦੀ ਮੁਖ਼ਾਲਫ਼ਤ, ਇਸ ਵਿਚ ਤਰਮੀਮ ਕਰਵਾਉਣ ਜਾਂ ਇਸ ਨੂੰ ਰੱਦ ਕਰਵਾਉਣ ਬਾਰੇ ਕੁਝ ਵੀ ਨਾ ਕੀਤਾ।

1950 ਦਾ ਸਾਲ ਪੰਜਾਬ ਵਿਚ ਨਵਾਂ ਮਾਹੌਲ ਲੈ ਕੇ ਪੈਦਾ ਹੋਇਆ। ਅਕਾਲੀਆਂ ਨੇ ਹਿੰਦੂ ਪਰੈਸ ਦੀਆਂ ਹਰਕਤਾਂ ਦੇ ਜਵਾਬ ਵਿਚ ਕਹਿਣਾ ਸ਼ੁਰੂ ਕੀਤਾ ਕਿ ਸਿੱਖ ਹਿੰਦੂਆਂ ਤੋਂ ਵੱਖਰੇ ਹਨ। ਸਿੱਖ ਕਲਚਰ, ਸਿੱਖ ਰਿਵਾਇਤਾਂ, ਸਿੱਖ ਤਿਉਹਾਰ, ਸਿੱਖ ਗੁਰੂ ਤੇ ਹੀਰੋ ਹਿੰਦੂਆਂ ਤੋਂ ਵੱਖਰੇ ਹਨ। ਪੰਜਾਬ ਦੇ ਹਿੰਦੂ ਪਰੈਸ (ਮਹਾਸ਼ਾ ਪਰੈਸ) ਨੇ ਆਰਥਰ ਮੂਰ (*ਬਾੱਟ ਹਫ਼ਤਾਵਾਰ*, 29-10-1949) ਦੇ ਲਫ਼ਜ਼ਾਂ ਵਿਚ **"ਪੰਜਾਬ ਵਿਚ 'ਉਹੀ ਹਰਕਤਾਂ ਸ਼ੁਰੂ ਕਰ ਦਿੱਤੀਆਂ ਜੋ ਪਾਕਿਸਤਾਨ ਦਾ ਸੁਫ਼ਨਾ ਆਉਣ ਤੋਂ ਵੀ ਪਹਿਲਾਂ ਕਰਦੇ ਸਨ।"** ਆਰੀਆ ਸਮਾਜ ਇਕ ਵਾਰ ਫੇਰ ਪੰਜਾਬ ਦਾ ਬੇੜਾ ਗ਼ਰਕ ਕਰਨ ਤੇ ਤੁਲਿਆ ਹੋਇਆ ਸੀ। ਹਿੰਦੂ, ਹਿੰਦੀ, ਹਿੰਦੂਸਤਾਨ ਦਾ ਖ਼ਤਰਨਾਕ ਨਾਅਰਾ ਸਿਰਫ਼ ਆਰੀਆ ਸਮਾਜ ਹੀ ਨਹੀਂ ਸਗੋਂ ਬਹੁਤੇ ਕਾਂਗਰਸੀ ਹਿੰਦੂਆਂ ਦੇ ਜ਼ਿਹਨ ਵਿਚ ਵੀ ਸਮਾਇਆ ਹੋਇਆ ਸੀ ਆਰਥਰ ਮੂਰ ਕਹਿੰਦਾ ਹੈ ਕਿ **''ਮਾਸਟਰ ਤਾਰਾ ਸਿੰਘ ਵੱਖ ਸਿੱਖ ਸੂਬਾ ਨਹੀਂ ਮੰਗਦਾ; ਇਹ ਸਿਰਫ਼ ਬਿਰਲਾ (ਮਹਾਸ਼ਾ) ਪਰੈੱਸ ਹੀ ਸਿੱਖਾਂ ਨੂੰ ਦੇਣਾ ਚਾਹੁੰਦਾ ਹੈ।"**

WWW.SIKHBOOKCLUB.COM



ਰਣਜੀਤ ਸਿੰਘ



ਸੁਚੇਤ ਸਿੰਘ ਕਪੂਰਥਲਾ



ਬਲਦੇਵ ਸਿੰਘ



ਗੁਰਮੁਖ ਸਿੰਘ ਮੁਸਾਫ਼ਿਰ

ਭਾਰਤੀ ਵਿਧਾਨ ਤੇ ਦਸਤਖ਼ਤ ਨਾ ਕਰਨ ਵਾਲੇ



ਭੁਪਿੰਦਰ ਸਿੰਘ ਮਾਨ



ਹੁਕਮ ਸਿੰਘ

1 ਜਨਵਰੀ 1950 ਨੂੰ ਬੰਬਈ ਵਿਚ ਹੁਕਮ ਸਿੰਘ (ਪ੍ਰਧਾਨ ਅਕਾਲੀ ਦਲ) ਨੇ ਇਕ ਪਰੈੱਸ ਕਾਨਫ਼ਰੰਸ ਵਿਚ ਕਿਹਾ ਕਿ ਪੰਜਾਬ ਦੀ ਬੋਲੀ ਤੇ ਕਲਚਰ ਦੇ ਆਧਾਰ 'ਤੇ ਵੰਡ ਬੜੀ ਜ਼ਰੂਰੀ ਹੈ। ਇਹ ਇਕ ਜਮਹੂਰੀ ਮੰਗ ਹੈ ਅਤੇ ਇਸ ਨੂੰ ਫ਼ਿਰਕੂ ਕਹਿਣ ਵਾਲੇ ਖ਼ੁਦ ਫ਼ਿਰਕੂ ਹਨ। ਇਹ ਮੰਗ ਉਹੀ ਹੈ ਜਿਸ ਦੀ ਹਿਮਾਇਤ 1947 ਤੋਂ ਪਹਿਲਾਂ ਗਾਂਧੀ ਅਤੇ ਬਾਕੀ ਕਾਂਗਰਸੀ ਆਗੂ ਕਰਦੇ ਰਹੇ ਹਨ।

26 ਫ਼ਰਵਰੀ 1950 ਨੂੰ ਲੁਧਿਆਣੇ ਵਿਚ ਅਕਾਲੀ ਦਲ ਦੀ ਕਾਨਫ਼ਰੰਸ ਵਿਚ ਹੁਕਮ ਸਿੰਘ ਨੇ ਆਪਣੀ ਤਕਰੀਰ ਵਿਚ ਪੰਜਾਬੀ ਸੂਬੇ ਦੀ ਮੰਗ ਫਿਰ ਦੁਹਰਾਈ।

ਇਨ੍ਹੀਂ ਦਿਨੀਂ ਗਿਆਨੀ ਕਰਤਾਰ ਸਿੰਘ ਕਾਂਗਰਸ ਵਿਚ ਜਾਣ ਵਾਸਤੇ ਭੰਨਤੋੜ ਕਰ ਰਿਹਾ ਸੀ। ਉਸ ਵਜ਼ੀਰੀ ਦਾ ਚਾਹਵਾਨ ਸੀ। ਅਖ਼ੀਰ 5 ਮਈ 1950 ਨੂੰ ਉਸ ਨੂੰ ਵਜ਼ੀਰੀ ਮਿਲ ਗਈ। ਹੁਣ ਉਸ ਨੇ ਵਜ਼ੀਰੀ ਦਾ ਮੁੱਲ ਤਾਰਨ ਵਾਸਤੇ ਸਿੱਖ ਆਗੂਆਂ ਦੀ ਹਰ ਗੱਲ ਦੀ ਮੁਖ਼ਾਲਫ਼ਤ ਕਰਨੀ ਸ਼ੁਰੂ ਕਰ ਦਿੱਤੀ। 18 ਜੁਲਾਈ 1950 ਨੂੰ ਜਲੰਧਰ ਵਿਚ, ਹਰੀਜਨਾਂ ਦੀ ਇਕ ਕਾਨਫ਼ਰੰਸ ਵਿਚ, ਪੰਜਾਬ ਸਰਕਾਰ ਦੇ ਮਾਲ ਵਜ਼ੀਰ ਗਿਆਨੀ ਕਰਤਾਰ ਸਿੰਘ (ਸਾਬਕਾ ਪ੍ਰਧਾਨ ਅਕਾਲੀ ਦਲ) ਨੇ ਕਿਹਾ ਕਿ ''ਅਕਾਲੀ ਦਲ ਦੀ ਮੰਗ ਸਿੱਖ ਸਟੇਟ ਦੀ ਮੰਗ ਹੈ ਪੰਜਾਬੀ ਸੂਬੇ ਦੀ ਨਹੀਂ। ਸਿੱਖ ਇਸ ਵਕਤ ਸਿਰਫ਼ ਦੋ ਤਹਿਸੀਲਾਂ ਤਰਨ ਤਾਰਨ ਤੇ ਮੋਗਾ ਵਿਚ ਹੀ ਬਹੁਸੰਮਤੀ ਵਿਚ ਹਨ ਇਸ ਕਰ ਕੇ ਮੰਗ ਗ਼ਲਤ ਹੈ।'' ਇਕ ਦਿਲਚਸਪ ਗੱਲ ਇਹ ਹੈ ਕਿ ਇਸ ਗਿਆਨੀ ਕਰਤਾਰ ਸਿੰਘ ਨੂੰ ਨਹਿਰੂ ਤੇ ਪਟੇਲ ਨਫ਼ਰਤ ਕਰਦੇ ਸਨ। ਪਟੇਲ ਤਾਂ ਇਸ ਨੂੰ ਵਜ਼ੀਰ ਵੀ ਨਹੀਂ ਸੀ ਬਣਨ ਦੇਣਾ ਚਾਹੁੰਦਾ। ਗਿਆਨੀ ਕਰਤਾਰ ਸਿੰਘ ਨੂੰ ਵਜ਼ੀਰੀ ਅਕਾਲੀਆਂ ਦੀ ਹਰ ਗੱਲ ਦੀ ਮੁਖ਼ਾਲਫ਼ਤ ਕਰਨ ਦੀ ਸ਼ਰਤ 'ਤੇ ਹੀ ਮਿਲੀ ਸੀ। ਈਸ਼ਰ ਸਿੰਘ ਮਝੈਲ, ਡਿਵੈਲਪਮੈਂਟ ਮਨਿਸਟਰ ਪੰਜਾਬ, ਨੇ ਵੀ ਅਜਿਹੇ ਬਿਆਨ ਦਿੱਤੇ।

ਕਾਂਗਰਸ ਸਰਕਾਰ ਵਲੋਂ ਸਿੱਖਾਂ ਨਾਲ ਜ਼ਿਆਦਤੀਆਂ ਨੂੰ ਸਾਹਵੇਂ ਰੱਖ ਕੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 20 ਜੁਲਾਈ 1950 ਨੂੰ 3 ਦੇ ਮੁਕਾਬਲੇ 10 ਵੋਟਾਂ ਨਾਲ (ਦੁਸਾਂਝ ਤੇ ਗੋਜਰਾਂ ਨਿਰਪੱਖ ਰਹੇ) ਅਕਾਲੀ ਐਮ.ਐਲ.ਏਜ. ਅਤੇ ਐਮ.ਪੀਜ਼. ਤੋਂ ਮੰਗ ਕੀਤੀ ਕਿ ਉਹ ਕਾਂਗਰਸ ਪਾਰਟੀ ਤੋਂ ਬਾਹਰ ਆ ਜਾਣ। ਇਹ ਫ਼ੈਸਲਾ ਬਲਦੇਵ ਸਿੰਘ (ਸੈਂਟਰ ਦੇ ਡਿਫ਼ੈਂਸ ਮਨਿਟਰ) ਅਤੇ ਗਿਆਨੀ ਕਰਤਾਰ ਸਿੰਘ ਤੇ ਈਸ਼ਰ ਸਿੰਘ ਮਝੈਲ (ਪੰਜਾਬ ਦੇ ਵਜ਼ੀਰਾਂ) ਨੂੰ ਭੇਜਿਆ ਗਿਆ। ਪੰਥਕ ਲੈਜਿਸਲੇਚਰ ਇਸ 'ਤੇ ਵਿਚਾਰ ਕਰਨ ਲਈ 23 ਜੁਲਾਈ 1950 ਨੂੰ ਅੰਬਾਲੇ ਵਿਚ ਇਕੱਠੇ ਹੋਏ ਅਤੇ ਇਕ ਪੰਜ ਮੈਂਬਰੀ ਕਮੇਟੀ ਬਣਾਈ ਜਿਹੜੀ ਇਸ ਬਾਰੇ ਅਕਾਲੀ ਹਾਈ ਕਮਾਂਡ ਨੂੰ ਮਿਲ ਕੇ ਫ਼ੈਸਲਾ ਕਰੇਗੀ। ਇਸ ਮੀਟਿੰਗ ਵਿਚ ਬਲਦੇਵ ਸਿੰਘ, ਈਸਰ ਸਿੰਘ ਮਝੈਲ, ਗਿ: ਕਰਤਾਰ ਸਿੰਘ, ਉੱਜਲ ਸਿੰਘ, ਸਵਰਨ ਸਿੰਘ, ਗੁਰਬਚਨ ਸਿੰਘ ਬਾਜਵਾ, ਸ਼ਿਵ ਸਿੰਘ, ਮਾਨ ਸਿੰਘ ਹੰਬੋ, ਸਰਦੂਲ ਸਿੰਘ, ਤਾਰਾ ਸਿੰਘ, ਸਰਮੁਖ ਸਿੰਘ, ਜਸਵੰਤ ਸਿੰਘ ਦੁੱਗਲ, ਵਰਿਆਮ ਸਿੰਘ, ਨਰਿੰਦਰ ਸਿੰਘ, ਦਲੀਪ ਸਿੰਘ ਕੰਗ ਤੇ ਗੁਰਬਚਨ ਸਿੰਘ ਫ਼ੀਰੋਜ਼ਪੁਰੀ ਸ਼ਾਮਿਲ ਹੋਏ।

WWW.SIKHBOOKCLUB.COM

ਮੀਟਿੰਗ ਤੋਂ ਬਾਅਦ ਇਨ੍ਹਾਂ ਸਾਰਿਆਂ ਨੇ ਅਕਾਲੀ ਦਲ ਦੇ ਹੁਕਮ ਨੂੰ ਠੁਕਰਾ ਕੇ ਕਾਂਗਰਸ ਵਿਚ ਹੀ ਰਹਿਣ ਦਾ ਫ਼ੈਸਲਾ ਕੀਤਾ। ਸਿਰਫ਼ ਇਕੱਲੇ ਸਿਰਦਾਰ ਜਸਵੰਤ ਸਿੰਘ ਦੁੱਗਲ ਨੇ ਹੀ ਕਾਂਗਰਸ ਪਾਰਟੀ ਛੱਡੀ। ਇਸ ਤਰ੍ਹਾਂ ਗੱਦੀਆਂ ਤੇ ਤਾਕਤ ਦੇ ਲਾਲਚ ਖ਼ਾਤਿਰ ਗਿ: ਕਰਤਾਰ ਸਿੰਘ, ਈਸ਼ਰ ਸਿੰਘ ਮਝੈਲ, ਉੱਜਲ ਸਿੰਘ, ਸਵਰਨ ਸਿੰਘ ਤੇ ਕਈ ਹੋਰਾਂ ਨੇ ਕਾਂਗਰਸ ਛੱਡਣ ਤੋਂ ਨਾਂਹ ਕਰ ਦਿੱਤੀ। ਮੋਰਚਿਆਂ ਵਿਚ ਜੇਲ੍ਹ ਜਾਣ ਤੋਂ ਡਰਨ ਅਤੇ ਅਕਾਲੀ ਦਲ ਦੇ ਸ਼ਾਇਦ ਕਦੇ ਵੀ ਹਕੂਮਤ ਵਿਚ ਨਾ ਆ ਸਕਣ ਦੀ ਸੋਚ ਅਤੇ ਕਾਂਗਰਸ ਵਿਚ ਰਹਿਣ ਦੇ ਫ਼ਾਇਦੇ ਤੇ ਲਾਲਚ ਵੇਖ ਕੇ ਮੌਕਾ-ਪ੍ਰਸਤੀ ਦੀ ਸਿਆਸਤ ਕਾਰਨ ਇਹ ਸਾਰੇ ਕਾਂਗਰਸ ਵਿਚ ਹੀ ਰਹੇ। ਪਰ, ਅਜਿਹੇ ਮਾਹੌਲ ਵਿਚ ਸਿੱਖ ਸੰਗਤਾਂ ਨੇ ਅਕਾਲੀ ਦਲ ਨੂੰ ਪੂਰੀ ਹਿਮਾਇਤ ਤੇ ਤਾਕਤ ਦਿੱਤੀ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਰਹੇ।

ਮਾਸਟਰ ਤਾਰਾ ਸਿੰਘ ਨੂੰ ਦੂਜੀ ਵਾਰ 7 ਸਤੰਬਰ 1950 ਦੇ ਦਿਨ ਦਫ਼ਾ 124 ਏ ਹੇਠ ਗ੍ਰਿਫ਼ਤਾਰ ਕੀਤਾ ਗਿਆ। ਉਸ ਦਾ ਕੇਸ ਐਨ.ਸੀ.ਚੈਟਰਜੀ ਨੇ ਲੜਿਆ ਅਤੇ ਦਾਰਾ 124 ਏ, ਜਿਸ ਹੇਠ ਮਾਸਟਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਸੰਵਿਧਾਨ ਦੇ ਉਲਟ ਤੇ ਗ਼ੈਰ-ਕਾਨੂੰਨੀ ਕਰਾਰ ਦਿਵਾਇਆ ਤੇ ਮਾਸਟਰ ਤਾਰਾ ਸਿੰਘ ਨੂੰ 20 ਨਵੰਬਰ ਨੂੰ ਰਿਹਾ ਕਰਵਾ ਲਿਆ।

ਪ੍ਰਤਾਪ ਸਿੰਘ ਕੈਰੋਂ ਜੋ ਉਸ ਵਕਤ ਕਾਂਗਰਸ ਵਿਚ ਛਾਅ ਚੁਕਾ ਸੀ, ਨੇ ਉਨ੍ਹਾਂ ਦਿਨਾਂ ਵਿਚ ਇਕ ''ਆਲ ਇੰਡੀਆ ਕਾਂਗਰਸ ਸਿੱਖ ਕਨਵੈਨਸ਼ਨ'' ਬੁਲਾ ਲਈ। ਅੰਮ੍ਰਿਤਸਰ ਵਿਚ 15 ਦਸੰਬਰ 1950 ਦੇ ਦਿਨ ਹੋਏ ਇਸ ਇਕੱਠ ਵਿਚ ਸਰਦੂਲ ਸਿੰਘ ਕਵੀਸ਼ਰ ਨੂੰ ਇਸ ਦਾ ਪ੍ਰਧਾਨ ਚੁਣਿਆ ਗਿਆ (ਇਹੀ ਸਰਦੂਲ ਸਿੰਘ ਕਵੀਸ਼ਰ 1920-25 ਵਿਚ ਕਿਹਾ ਕਰਦਾ ਸੀ ਕਿ ਸਿੱਖਾਂ ਨੂੰ ਗਾਂਧੀ 'ਤੇ ਇਤਬਾਰ ਨਹੀਂ ਕਰਨਾ ਚਾਹੀਦਾ)। ਇਸ ਇਕੱਠ ਵਿਚ ਇਸ ਧੜੇ ਦੇ ਸੁਰਜੀਤ ਸਿੰਘ ਮਜੀਠਾ, ਜ਼ੈਲ ਸਿੰਘ, ਨਾਗੋਕੇ, ਸਰਮੁਖ ਸਿੰਘ ਚਮਕ, ਗੁਰਦਿਆਲ ਸਿੰਘ ਢਿਲੋਂ ਅਤੇ ਸੋਹਣ ਸਿੰਘ ਜਲਾਲਉਸਮਾਂ ਨੇ ਕਾਂਗਰਸ ਤੋਂ ਲਏ ਜਾ ਰਹੇ ਫ਼ਾਇਦਿਆਂ ਦਾ ਪੂਰਾ ਬਦਲਾ ਚੁਕਾਇਆ। ਇਸ ਕਾਨਫ਼ਰੰਸ ਵਿਚ ਅਕਾਲੀ ਦਲ ਅਤੇ ਪੰਜਾਬੀ ਸੂਬੇ ਦੀ ਮੰਗ ਦਾ ਰੱਜ ਕੇ ਵਿਰੋਧ ਕੀਤਾ ਗਿਆ।

ਅਕਾਲੀ ਦਲ ਨੇ ਇਸ ਦੇ ਜਵਾਬ ਵਿਚ 16 ਦਸੰਬਰ 1950 ਨੂੰ ਅੰਮ੍ਰਿਤਸਰ ਵਿਚ ਇਕ ਪੰਥਕ ਕਨਵੈਨਸ਼ਨ ਸੱਦ ਲਈ। ਇਸ ਵਿਚ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਨਾਲ ਵਿਤਕਰੇ ਦਾ ਜ਼ਿਕਰ ਕਰਦਿਆਂ ਪੰਜਾਬੀ ਸੂਬਾ ਦੀ ਮੰਗ ਨੂੰ ਪੇਸ਼ ਕੀਤਾ। ਹੁਕਮ ਸਿੰਘ ਨੇ ਵੀ ਪੰਜਾਬੀ ਸੂਬੇ ਦੀ ਭਰਪੂਰ ਹਿਮਾਇਤ ਕਰਦਿਆਂ ਇਸ ਮੰਗ ਦਾ ਤਫ਼ਸੀਲ ਨਾਲ ਬਿਆਨ ਕੀਤਾ।

ਇਨ੍ਹਾਂ ਦਿਨਾਂ ਵਿਚ ਮਰਦਮ ਸ਼ੁਮਾਰੀ (1951) ਦਾ ਕੰਮ ਜ਼ੋਰਾਂ ਨਾਲ ਸ਼ੁਰੂ ਸੀ। ਪੰਜਾਬ ਦਾ ਦਹਿਸ਼ਤਗਰਦੀ ਦੀ ਸੋਚ ਵਾਲਾ ਮਹਾਸ਼ਾ ਪਰੈੱਸ ਅਪਣੀ ਜ਼ਹਿਰੀਲੀ ਕਲਮ ਨਾਲ ਪੰਜਾਬੀ ਹਿੰਦੂ ਦੀ ਬੋਲੀ ਬਦਲਣ ਲਈ ਸਾਰਾ ਟਿਲ ਲਾ ਰਿਹਾ ਸੀ ਅਤੇ

WWW.SIKHBOOKCLUB.COM Page 20

ਫ਼ਿਰਕਾਪ੍ਰਸਤੀ ਦੀ ਸੋਚ ਨਾਲ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਿਹਾ ਸੀ। ਹਿੰਦੂ ਸਿੱਖਾਂ ਵਿਚ ਪਈ ਵੰਡ ਦੀ ਲਕੀਰ ਨੂੰ ਕਾਲੇ ਰੰਗ ਨਾਲ ਭਰਨ ਲਈ ਮਹਾਸ਼ਾ ਪਰੈੱਸ ਨੇ ਪੂਰੀ ਕੋਸ਼ਿਸ਼ ਕੀਤੀ ਅਤੇ ਕਾਮਯਾਬੀ ਵੀ ਹਾਸਿਲ ਕੀਤੀ। ਇਸ ਵੇਲੇ ਤਕ ਅਕਾਲੀ ਦਲ ਦਾ ਅਪਣਾ ਕੋਈ ਅਖ਼ਬਾਰ ਨਹੀਂ ਸੀ। ਇਸ ਵਾਸਤੇ ਹਿੰਦੂਆਂ ਤੇ ਹਰੀਜਨਾਂ ਨੂੰ ਮਹਾਸ਼ਾ ਪਰੈੱਸ ਨੇ ਅਪਣੀ ਫ਼ਿਰਕਾਪ੍ਰਸਤੀ ਦੀ ਛੂਤ ਦਾ ਨਿਸ਼ਾਨਾ ਸੌਖਿਆਂ ਹੀ ਬਣਾ ਲਿਆ। ਨਤੀਜੇ ਵਜੋਂ ਹਰ ਸਿੱਖ ਨੇ ਪੰਜਾਬੀ ਅਤੇ ਹਰ ਹਿੰਦੂ ਨੇ ਹਿੰਦੀ ਨੂੰ ਅਪਣੀ ਬੋਲੀ ਲਿਖਾਇਆ। ਟਾਈਮਜ਼ ਆਫ਼ ਇੰਡੀਆ ਦੇ 15 ਅਗਸਤ 1951 ਦੇ ਪਰਚੇ ਵਿਚ ਉਨ੍ਹਾਂ ਦੇ ਨਾਮਾਨਿਗਾਰ ਨੇ ਵੀ ਇਹ ਲਿਖਿਆ ਕਿ "ਪੰਜਾਬ ਦੇ ਸਿੱਖ ਕਾਂਗਰਸ ਦੇ ਵਿਰੁਧ ਹਨ ਕਿਉਂ ਕਿ ਸਿੱਖਾਂ ਦੀ ਹਰ ਗੱਲ ਦਾ ਵਿਰੋਧ ਕੀਤਾ ਜਾਂਦਾ ਹੈ। ਇਸ ਵਿਚ ਪੰਜਾਬੀ ਬੋਲੀ ਵਿਰੋਧੀ ਵਤੀਰੇ ਦਾ ਸਭ ਤੋਂ ਵਧ ਹਿੱਸਾ ਹੈ। ਕਿਸੇ ਵੀ ਕਾਂਗਰਸੀ (ਹਿੰਦੂ) ਨੇ ਕਦੇ ਇਹ ਨਹੀਂ ਸੋਚਿਆ ਕਿ ਸਿੱਖਾਂ ਦਾ ਕੀ ਕਰਨਾ ਹੈ। ਕਾਂਗਰਸੀ ਤਾਂ ਸਿੱਖਾਂ ਨੂੰ ਹਰ ਹਥਿਆਰ ਨਾਲ ਭੰਡਦੇ ਹਨ। ਇਸੇ ਕਰ ਕੇ ਸਿੱਖ ਪੰਜਾਬੀ ਸੂਬਾ ਮੰਗਦੇ ਹਨ। ਇਹੀ ਸਿੱਖਾਂ ਦੇ ਮਸਲੇ ਦਾ ਇਕ ਹੱਲ ਹੈ।"

ਅਪਰੈਲ 1951 ਵਿਚ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ''ਪੰਜਾਬੀ ਸੂਬਾ ਨਾ ਬਣਾਉਣ ਦਾ ਕਾਰਨ ਸਿੱਖਾਂ ਤੇ ਬੇਵਿਸਾਹੀ ਹੈ। ਕੁਝ ਜਨਸੰਘੀ ਆਗੂਆਂ ਨੇ ਕੁਝ ਦਿਨ ਪਹਿਲਾ ਜਲੰਧਰ ਵਿਚ ਬਿਆਨ ਦੇਂਦਿਆਂ ਕਿਹਾ ਸੀ ਕਿ **''ਸਿੱਖਾਂ ਹੱਥ ਤਾਕਤ ਸੌਂਪਣਾ ਸਾਡੇ ਲਈ ਖ਼ਤਰਨਾਕ ਹੈ ਕਿਉਂ ਕਿ ਸਿੱਖ ਭਾਰਤ ਦੀ ਸਰਹਦ 'ਤੇ ਬੈਠੇ ਹਨ। ਨਹਿਰੂ ਨੂੰ ਬੋਲੀ ਦੀ ਬਿਨਾਅ ਤੇ ਸੂਬੇ ਉੱਤੇ ਕੋਈ ਇਤਰਾਜ਼ ਨਹੀਂ ਜੇ ਕਰ ਸਿੱਖਾਂ ਨੂੰ ਇਸ ਨਾਲ ਫ਼ਾਇਦਾ ਨਾ ਹੋਵੇ ਤਾਂ।''** ਇਸ 'ਤੇ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਇਹ ਹਿੰਦੂ ਉਨ੍ਹਾਂ ਮੁਗ਼ਲਾਂ ਵਾਂਗ ਹਨ ਜਿਨ੍ਹਾਂ ਨਾਲ ਰਲ ਕੇ ਇਨ੍ਹਾਂ (ਹਿੰਦੂਆਂ) ਨੇ ਕਈ ਵਾਰ ਸਿੱਖਾਂ ਉਪਰ ਹਮਲੇ ਕੀਤੇ ਸਨ।

1951 ਵਿਚ ਕੁਝ ਸਿੱਖ ਵਕੀਲਾਂ ਤੇ ਉੱਲਮਾ (ਵਿਦਵਾਨਾਂ) ਨੇ ਇਕ ਖੁਲ੍ਹੀ ਚਿਠੀ ਨਹਿਰੂ ਦੇ ਨਾਂ ਲਿਖੀ ਜਿਸ ਵਿਚ ਉਨ੍ਹਾਂ ਕਿਹਾ ਕਿ ''ਸਿੱਖਾਂ ਦੀ ਹੋਂਦ ਨੂੰ ਵਰਤਮਾਨ ਮਾਹੌਲ ਵਿਚ ਖਤਰਾ ਹੈ। ਸਾਨੂੰ ਬਹੁ-ਗਿਣਤੀ ਦੀ ਫ਼ਿਰਕਾਪ੍ਰਸਤੀ ਤੋਂ ਬਚਾਓ'' ਇਸ ਉਪਰ ਅਜਮੇਰ ਸਿੰਘ (ਪਿਛੋਂ ਕੈਰੋਂ ਵੇਲੇ ਵਜ਼ੀਰ), ਦਸੌਂਧਾ ਸਿੰਘ, ਗੋਪਾਲ ਸਿੰਘ ਖਾਲਸਾ, ਜਸਵੰਤ ਸਿੰਘ ਨੇਕੀ, ਭਾਨ ਸਿੰਘ (ਸਿੱਖ ਸਟੂਡੈਂਟਜ਼ ਫ਼ੈਡਰਸ਼ਨ) ਵਗ਼ੈਰਾ ਦੇ ਦਸਤਖ਼ਤ ਸਨ। **ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਸਿੱਖ ਵਿਦਵਾਨਾਂ ਵਲੋਂ ਇਕ ਫ਼ਿਰਕੂ ਆਗੂ ਤੋਂ ਫ਼ਿਰਕਾਪ੍ਰਸਤੀ ਦੇ ਖ਼ਿਲਾਫ਼ ਮਦਦ ਮੰਗੀ ਜਾ ਰਹੀ ਸੀ।**

ਨਹਿਰੂ ਨੇ ਸਿੱਖਾਂ ਦੀ ਮਦਦ ਤਾਂ ਕੀਹ ਕਰਨੀ ਸੀ, ਉਲਟਾ ਉਸ ਨੇ ਮਾਸਟਰ ਤਾਰਾ ਸਿੰਘ ਨੂੰ ਡੇਗਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਉਸ ਨੇ ਤਾਂ ਬਾਬਾ ਖੜਕ ਸਿੰਘ (ਜੋ ਹਮੇਸ਼ਾ ਕਾਂਗਰਸ ਦਾ ਵੱਡਾ ਮੁਖਾਲਿਫ਼ ਹੋਇਆ ਕਰਦਾ ਸੀ ਤੇ ਜਿਸ ਨੂੰ 1930 ਵਿਚ ਹਟਾ ਕੇ ਮਾਸਟਰ ਤਾਰਾ ਸਿੰਘ ਨੂੰ ਲਿਆਉਣ ਵਿਚ ਕਾਂਗਰਸ ਦਾ ਵੱਡਾ ਰੋਲ ਸੀ) ਨੂੰ ਮੁੜ ਉਭਾਰਨ ਦੀ ਕੋਸ਼ਿਸ਼ ਵੀ ਕੀਤੀ। ਖੜਕ ਸਿੰਘ ਦਾ ਜਨਮ

WWW.SIKHBOOKCLUB.COM

ਦਿਨ 20 ਜੂਨ 1951 ਦੇ ਦਿਨ ਮਨਾਉਣ ਦੇ ਮੌਕੇ 'ਤੇ ਨਹਿਰੂ ਉਚੇਚੇ ਤੌਰ 'ਤੇ ਉੱਥੇ ਪੁੱਜਾ ਤੇ ਖੜਕ ਸਿੰਘ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ।

ਅਕਾਲੀ ਦਲ ਨੇ ਇਸ ਸਾਜ਼ਿਸ਼ ਨੂੰ ਤਾੜਦਿਆਂ 1 ਅਤੇ 2 ਸਤੰਬਰ 1951 ਦੇ ਦਿਨ ਪਟਿਆਲੇ ਵਿਚ 'ਗੁਰਮਤ ਮਹਾਂ ਸਮਾਗਮ' ਦੇ ਨਾਂ ਹੇਠ ਇਕ ਵੱਡੀ ਕਾਨਫ਼ਰੰਸ ਕੀਤੀ। ਇਸ ਵਿਚ ਤਿੰਨ ਲੱਖ ਸਿੱਖ ਸ਼ਾਮਿਲ ਹੋਏ। ਇਸ ਸਮਾਗਮ ਅਤੇ ਜਲੂਸ ਵਿਚ ਸਿੱਖ ਸਟੂਡੈਂਟਜ਼ ਫ਼ੈਡਰੇਸ਼ਨ, ਅਕਾਲੀ ਦਲ ਅਤੇ ਅਕਾਲੀ ਜਥੇ ਵੱਡੀ ਗਿਣਤੀ ਵਿਚ ਮਾਰਚ ਕਰਦੇ ਸਿੱਖ-ਏਕਤਾ ਅਤੇ ਅਕਾਲੀ ਦਲ ਦੀ ਹਿਮਾਇਤ ਦਾ ਇਜ਼ਹਾਰ ਕਰ ਰਹੇ ਸਨ। ਅਸਲ ਵਿਚ ਇਹ ਗੁਰਮਤ ਮਹਾਂ ਸਮਾਗਮ ਦੇ ਨਾਂ ਹੇਠਾਂ ਪੰਜਾਬੀ ਸੂਬੇ ਦੀ ਹਿਮਾਇਤ ਦਾ ਸਮਾਗਮ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਇਸ ਦੀਆਂ ਪਾਲਸੀਆਂ ਦੇ ਹੱਕ ਵਿਚ ਦਿਖਾਵਾ ਸੀ।

ਇਨ੍ਹੀਂ ਦਿਨੀਂ ਪਾਰਲੀਮੈਂਟ ਵਿਚ 'ਹਿੰਦੂ ਕੋਡ ਬਿੱਲ' ਤੇ ਵਿਚਾਰਾਂ ਹੋ ਰਹੀਆਂ ਸਨ। ਇਸ ਬਿਲ ਦੀ ਧਾਰਾ 2 ਵਿਚ ਕਿਹਾ ਗਿਆ ਸੀ ਕਿ ਹਰ ਹਿੰਦੂ, ਸਿੱਖ, ਬੋਧੀ, ਜੈਨੀ ਹਿੰਦੂ ਹੈ, ਯਾਨਿ ਜੋ ਸ਼ਖ਼ਸ ਮੁਸਲਮਾਨ, ਪਾਰਸੀ, ਇਸਾਈ ਜਾਂ ਯਹੂਦੀ ਨਹੀਂ ਉਹ 'ਹਿੰਦੂ' ਹੈ। ਇਸ ਧਾਰਾ ਦੇ ਵਿਰੋਧ ਵਿਚ ਸਾਰੇ ਸਿੱਖ ਮੈਂਬਰ ਖੜੇ ਗਏ। ਸਾਰੀ ਪਾਰਲੀਮੈਂਟ ਵਿਚ ਬੰਗਾਲ ਦੇ ਨਜ਼ੀਰ ਉਦ-ਦੀਨ ਅਹਿਮਦ ਤੋਂ ਬਿਨਾਂ ਕਿਸੇ ਹੋਰ ਨੇ ਵੀ ਸਿੱਖਾਂ ਦੀ ਹਿਮਾਇਤ ਨਾ ਕੀਤੀ। ਸਿੱਖਾਂ ਨੂੰ ਹਿੰਦੂਆਂ ਵਿਚ ਲੀਨ ਕਰਨ ਜਾਂ ਗਿਣਨ ਵਲ ਇਹ ਐਲਾਨੀਆ ਕਦਮ ਸੀ। ਪਰ ਇਸ ਮੌਕੇ ਨੂੰ ਅਕਾਲੀ ਸੰਭਾਲ ਨਾ ਸਕੇ। ਇਹ ਨੁਕਤਾ ਜੱਦੋਜਹਿਦ ਦਾ ਸੁਹਣਾ ਮੌਕਾ ਸੀ ਜੋ ਅਕਾਲੀਆਂ ਨੇ ਛੋਟੀ-ਮੋਟੀ ਬਿਆਨਬਾਜ਼ੀ ਵਿਚ ਹੀ ਗੁਆ ਦਿਤਾ ਤੇ ਮਗਰੋਂ 1984 ਵਿਚ ਇਸੇ ਧਾਰਾ ਦੀਆਂ ਕਾਪੀਆਂ ਸਾੜੀਆਂ (ਪਰ ਬਾਦਲ ਅਕਾਲੀ ਦਲ 1996 ਵਿਚ ਇਸ ਤੋਂ ਫਿਰ ਪਿੱਛੇ ਹਟ ਗਿਆ)।

1952 ਵਿਚ ਭਾਰਤ ਭਰ ਵਿਚ ਆਮ ਚੋਣਾਂ ਹੋਈਆਂ। ਚੋਣਾਂ ਦੇ ਪ੍ਰਚਾਰ ਸਬੰਧੀ ਨਹਿਰੂ 4 ਫ਼ਰਵਰੀ 1952 ਦੇ ਦਿਨ ਜਦੋਂ ਪਟਿਆਲੇ ਬੋਲ ਰਿਹਾ ਸੀ ਤਾਂ ਉਸ ਦੇ ਜਲਸੇ ਵਿਚ ਕੁਝ ਨਾਅਰੇ ''ਲੈ ਕੇ ਰਹਾਂਗੇ, ਪੰਜਾਬੀ ਸੂਬਾ'' ਦੇ ਲਗਾਏ ਗਏ। ਜਿਸ ਤੋਂ ਖਿਝ ਕੇ ਜਵਾਹਰ ਲਾਲ ਨੇ ਕਿਹਾ, ''ਮੈਂ ਭਾਰਤ ਦੀ ਦੋਬਾਰਾ ਵੰਡ ਦੀ ਇਜਾਜ਼ਤ ਨਹੀਂ ਦਿਆਂਗਾ। ਹੋਰ ਮੁਸੀਬਤ ਦੀ ਇਜਾਜ਼ਤ ਨਹੀਂ ਮਿਲ ਸਕਦੀ। ਜੇ ਦੇਸ਼ ਦੇ ਕਿਸੇ ਹਿੱਸੇ ਵਿਚ ਵੀ ਮੁਸੀਬਤ ਖੜੀ ਹੋਈ ਤਾਂ ਇਹ ਪੂਰੀ ਤਾਕਤ ਨਾਲ ਦਬਾ ਦਿਆਂਗਾ।''

ਆਮ ਚੋਣਾਂ ਵਿਚ ਅਕਾਲੀ ਦਲ ਨੂੰ ਪੰਜਾਬ ਵਿਚ ਕਾਫ਼ੀ ਹਾਰ ਹੋਈ। ਕਿਸੇ ਹਿੰਦੂ ਨੇ ਵੀ ਅਕਾਲੀ ਉਮੀਦਵਾਰਾਂ ਨੂੰ ਵੋਟ ਨਾ ਪਾਇਆ। ਪਰ ਪੈਪਸੂ ਵਿਚ ਕਾਂਗਰਸ ਦੇ ਸਭ ਤੋਂ ਵੱਡੇ ਥੰਮ ਜੈਲ ਸਿੰਘ ਨੂੰ ਅਕਾਲੀ ਉਮੀਦਵਾਰ ਕੰਵਰ ਮਨਜੀਤ ਇੰਦਰ ਸਿੰਘ ਨੇ ਫਰੀਦਕੋਟ ਸੀਟ 'ਤੇ 7000 ਵੋਟਾਂ ਨਾਲ ਕਰਾਰੀ ਹਾਰ ਦਿੱਤੀ।

ਭਾਵੇਂ ਅਕਾਲੀ ਦਲ ਨੂੰ ਚੋਣਾਂ ਵਿਚ ਹਾਰ ਹੋਈ, ਫਿਰ ਵੀ ਪੈਪਸੂ ਵਿਚ ਅਕਾਲੀ

WWW.SIKHBOOKCLUB.COM

ਦਲ ਦੀ ਕਮਾਨ ਹੇਠਾਂ 'ਸਾਂਝਾ ਮੋਰਚਾ' ਸਰਕਾਰ ਬਣ ਗਈ। ਗਿਆਨ ਸਿੰਘ ਰਾੜੇਵਾਲਾ ਮੁਖ ਮੰਤਰੀ ਬਣਿਆ। ਗਿਆਨ ਸਿੰਘ ਨੇ ਪੈਪਸੂ ਦੀ ਹਕੂਮਤ 20 ਅਪਰੈਲ 1952 ਨੂੰ ਸੰਭਾਲੀ। ਇਸ ਹਕੂਮਤ ਨੂੰ ਕਾਂਗਰਸ ਚੱਲਣ ਨਹੀਂ ਦੇਣਾ ਚਾਹੁੰਦੀ ਸੀ। ਜਦੋਂ ਰਾੜੇਵਾਲਾ ਨੇ ਪਛੜੀਆਂ ਜ਼ਾਤਾਂ ਵਿਚੋਂ ਇਕ ਵਜ਼ੀਰ ਬਣਾਉਣਾ ਚਾਹਿਆ ਤਾਂ ਇਸ ਦੀ ਇਜਾਜ਼ਤ ਨਾ ਦਿੱਤੀ ਗਈ। ਇਹ ਗੱਲ ਡਾਕਟਰ ਅੰਬੇਦਕਰ ਤਕ ਪਹੁੰਚੀ ਤਾਂ ਉਸ ਨੇ ਇਕ ਬਿਆਨ ਵਿਚ ਕਿਹਾ ਕਿ ''ਕੇਂਦਰੀ ਦੀ ਹਿੰਦੂ ਕਾਂਗਰਸ ਪਾਰਟੀ ਦਲਿਤ, ਵਾਂਝੇ ਰਖੇ ਗਏ ਅਤੇ ਦੁਖੀ ਘਟ ਗਿਣਤੀਆਂ ਨੂੰ ਫ਼ਿਰਕੂ ਕਹਿ ਕਿ ਅਪਣੀ ਫ਼ਿਰਕਾਪ੍ਰਸਤੀ ਨੂੰ ਲੁਕਾਉਣਾ ਚਾਹੁੰਦੀ ਹੈ। ਏਸ ਜ਼ੁਲਮ ਦੀ ਮਿਆਦ ਦੇ ਦਿਨ ਥੋੜ੍ਹੇ ਹਨ। ਕਿਸੇ ਦਿਨ ਇਹ ਸਭ ਮਿਲ ਕੇ ਹਿੰਦੂ ਅਸਰ ਵਾਲੀ ਕਾਂਗਰਸ ਦਾ ਖ਼ਾਤਮਾ ਕਰ ਦੇਣਗੇ।'

ਸ਼੍ਰੋਮਣੀ ਕਮੇਟੀ 'ਤੇ ਫਿਰ ਅਕਾਲੀ ਦਲ ਦਾ ਕਬਜ਼ਾ

ਮਈ 1952 ਵਿਚ ਪੰਜਾਬ ਵਿਚ ਭੀਮ ਸੈਨ ਸੱਚਰ ਦੀ ਫ਼ਿਰਕੂ ਹਿੰਦੂ ਅਸਰ ਵਾਲੀ ਕੈਬਨਿਟ ਬਣੀ। ਸਿੱਖਾਂ ਵਿਚ ਇਸ ਦੇ ਖ਼ਿਲਾਫ਼ ਬੜਾ ਰੋਸ ਫੈਲਿਆ। ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਂਗਰਸ ਦੇ ਚਾਪਲੂਸ ਸਿੱਖਾਂ ਦੇ ਹੱਥਾਂ ਵਿਚ ਸੀ। ਇਸ ਦਾ ਪ੍ਰਧਾਨ ਊਧਮ ਸਿੰਘ ਨਾਗੋਕੇ ਸੀ। ਪੰਜ ਅਕਤੂਬਰ 1952 ਨੂੰ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਹੋਈ ਜਿਸ ਵਿਚ ਅਕਾਲੀ ਦਲ ਦੇ ਉਮੀਦਵਾਰ ਪ੍ਰੀਤਮ ਸਿੰਘ ਖੁੜੰਜ 78 ਵੋਟਾਂ ਲੈ ਕੇ ਨਾਗੋਕੇ ਗਰੁਪ ਦੇ ਮਾਸਟਰ ਨਾਹਰ ਸਿੰਘ ਨੂੰ 7 ਵੋਟਾਂ ਤੇ ਹਰਾ ਕੇ ਕਾਮਯਾਬ ਹੋਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਕਾਲੀ ਦਲ ਦੇ ਕਬਜ਼ੇ ਵਿਚ ਆਉਣ ਮਗਰੋਂ ਅਕਾਲੀ ਦਲ ਦੀ ਸਟੇਜ ਦਾ ਮਸਲਾ ਹੱਲ ਹੋ ਗਿਆ। ਹੁਣ ਪੰਜਾਬੀ ਸੂਬੇ ਦੀ ਮੰਗ ਵਧੇਰੇ ਜ਼ੋਰ ਨਾਲ ਸ਼ੁਰੂ ਹੋ ਗਈ। ਨਵੰਬਰ 1952 ਵਿਚ ਅਕਾਲੀ ਦਲ ਦੇ ਪ੍ਰਧਾਨ ਨੇ ਸਿੱਖ ਸਟੂਡੈਂਟਜ਼ ਫ਼ੈਡਰੇਸ਼ਨ ਦੀ ਕਨਵੈਨਸ਼ਨ ਵਿਚ ਬੋਲਦਿਆਂ ਪੰਜਾਬੀ ਸੂਬੇ ਦੀ ਮੰਗ ਦੁਹਰਾਈ। ਮਾਸਟਰ ਜੀ ਨੇ 30 ਦਸੰਬਰ 1952 ਦੇ ਦਿਨ ਪਟਨਾ ਸਾਹਿਬ ਵਿਖੇ ਹਿੰਦੂ ਫ਼ਿਰਕਾਪ੍ਰਸਤਾਂ 'ਤੇ ਪੰਜਾਬੀ ਸੂਬੇ ਦੀ ਹੱਕੀ ਮੰਗ ਦੀ ਨਾਜਾਇਜ਼ ਮੁਖ਼ਾਲਫ਼ਤ ਦਾ ਇਲਜ਼ਾਮ ਲਾਇਆ। ਇੰਞ ਹੌਲੀ-ਹੌਲੀ ਹਰ ਪਾਸੇ ਪੰਜਾਬੀ ਸੂਬੇ ਦੀ ਹਿਮਾਇਤ ਦਾ ਮਾਹੌਲ ਸ਼ੁਰੂ ਹੋ ਗਿਆ।

ਠੀਕ ਇਸੇ ਮੌਕੇ 'ਤੇ (19 ਦਸੰਬਰ 1952 ਨੂੰ) ਆਂਧਰੇ ਦਾ ਆਗੂ ਪੋਟੀ ਸਰੀ ਰੁਮੂਲੂ, ਬੋਲੀ ਦੇ ਅਧਾਰ 'ਤੇ ਆਂਧਰਾ ਪਰਦੇਸ਼ ਦੀ ਕਾਇਮੀ ਵਾਸਤੇ ਮਰਨ ਵਰਤ ਰੱਖ ਕੇ ਜਾਨ 'ਤੇ ਖੇਡ ਗਿਆ। ਇਸ ਨਾਲ ਆਂਧਰਾ ਸੂਬਾ ਤਾਂ ਬਣਨਾ ਹੀ ਸੀ ਪਰ ਨਾਲ ਹੀ ਪੰਜਾਬੀ ਸੂਬੇ ਦਾ ਬਿਗਲ ਵੀ ਵੱਜ ਗਿਆ। ਇਸ ਦਾ ਪਹਿਲਾ ਪੜਾਅ ਸੀ ਪੈਪਸੂ ਅਕਾਲੀ ਦਲ ਦੇ ਪ੍ਰਧਾਨ ਸੰਪੂਰਨ ਸਿੰਘ ਰਾਮਾ ਦਾ ਮਰਨ ਵਰਤ ਰੱਖਣ ਦਾ ਐਲਾਨ। ਸੰਪੂਰਨ ਸਿੰਘ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ ਪਰ ਕੁਝ ਦਿਨ ਮਗਰੋਂ ਸਿਹਤ ਖ਼ਰਾਬ ਹੋਣ ਦੀ ਬਿਨਾਅ ਤੇ ਛੁਡਵਾ ਦਿੱਤਾ ਗਿਆ।

ਫ਼ਰਵਰੀ 1953 ਵਿਚ ਅਕਾਲੀ ਦਲ ਵਲੋਂ ਅੰਮ੍ਰਿਤਸਰ ਵਿਚ ਆਲ ਪਾਰਟੀ

WWW.SIKHBOOKCLUB.COM

ਸਿੱਖ ਕਨਵੈਸ਼ਨ ਕੀਤੀ ਗਈ। ਇਸ ਦੀ ਪ੍ਰਧਾਨਗੀ ਸਿੱਖ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਨੇ ਕੀਤੀ। ਕਾਨਫ਼ਰੰਸ ਨੇ ਸਿੱਖਾਂ ਨਾਲ ਸਿਵਲ ਤੇ ਮਿਲਟਰੀ ਦੋਹਾਂ ਵਿਚ ਵਿਤਕਰੇ ਦਾ ਦੋਸ਼ ਲਾਇਆ ਅਤੇ ਸਿੱਖਾਂ ਨਾਲ ਵਧੀਕੀਆਂ ਵਾਸਤੇ ਕਮਿਸ਼ਨ ਕਾਇਮ ਕਰਨ ਦੀ ਮੰਗ ਕੀਤੀ।

ਅਕਾਲੀ ਦਲ ਦੀ ਸਰਕਾਰ ਤੋੜ ਦਿੱਤੀ

ਪੈਪਸੂ ਵਿਚ ਗਿਆਨ ਸਿੰਘ ਰਾੜੇਵਾਲੇ ਦੇ ਖ਼ਿਲਾਫ਼ ਚੋਣ ਪਟੀਸ਼ਨ ਹੋਈ-ਹੋਈ ਸੀ। ਚਾਰ ਮਾਰਚ 1953 ਨੂੰ ਅਦਾਲਤ ਨੇ ਪੈਪਸੂ ਦੇ ਅਕਾਲੀ ਮੁਖ ਮੰਤਰੀ ਗਿਆਲ ਸਿੰਘ ਰਾੜੇਵਾਲਾ ਦੀ ਚੋਣ ਰੱਦ ਕਰ ਦਿੱਤੀ। ਇਸ ਵੇਲੇ ਵੀ 51 'ਚੋਂ 27 ਮੈਂਬਰ ਯੂਨਾਇਟਡ ਫ਼ਰੰਟ ਦੇ ਸਨ ਪਰ ਫਿਰ ਵੀ ਅਗਲੇ ਹੀ ਦਿਨ 5 ਮਾਰਚ ਨੂੰ ਪੈਪਸੂ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਇਸ ਤੋਂ ਕੁਝ ਦਿਨ ਪਹਿਲਾਂ 24 ਫ਼ਰਵਰੀ 1953 ਦੇ ਦਿਨ ਮਾਸਟਰ ਤਾਰਾ ਸਿੰਘ ਇਕ ਜਲਸੇ ਉਪਰ ਲੱਗੀ ਪਾਬੰਦੀ ਤੋੜਣ 'ਤੇ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ (15 ਅਗਸਤ 1947 ਮਗਰੋਂ ਤੀਜੀ ਵਾਰੀ ਗ੍ਰਿਫ਼ਤਾਰੀ)। ਫਿਰ ਵੀ ਪੈਪਸੂ ਦੇ ਸਿੱਖਾਂ ਨੇ ਇੰਦਰ ਸਿੰਘ ਲਹਿਰੀ ਅਤੇ ਭੂਪਿੰਦਰ ਸਿੰਘ ਮਾਨ ਦੀ ਅਗਵਾਈ ਹੇਠਾਂ 10,000 ਲੋਕਾਂ ਦਾ ਇਕ ਵੱਡਾ ਜਲੂਸ ਕੱਢਿਆ ਅਤੇ ਪੈਪਸੂ ਦੀ ਸਰਕਾਰ ਤੋੜਨ ਦੇ ਖ਼ਿਲਾਫ਼ ਕੌਂਸਲਰ ਵੀ.ਕੇ. ਪਿੱਲੇ ਦੀ ਕੋਠੀ ਦੇ ਬਾਹਰ ਸਿਆਪਾ ਕੀਤਾ ਅਤੇ ਸੈਕਟਰੀਏਟ ਦੇ ਬਾਹਰ ''ਜਮਹੂਰੀਅਤ'' ਦਾ ਮੁਰਦਾ ਸਾੜਿਆ। ਸਾਂਝੇ ਮੋਰਚੇ ਕੋਲ ਅਕਸਰੀਅਤ ਹੋਣ ਦੇ ਬਾਵਜੂਦ ਸਰਕਾਰ ਤੋੜ ਕੇ ਜਮਹੂਰੀਅਤ ਦਾ ਗਲਾ ਘੁੱਟੇ ਜਾਣ ਦੀ ਭਾਰਤ ਵਿਚ ਇਹ ਪਹਿਲੀ ਘਟਨਾ ਸੀ ਜਿਸ ਦਾ ਸ਼ਿਕਾਰ ਅਕਾਲੀ ਦਲ ਦੀ ਅਗਵਾਈ ਹੇਠਾਂ ਚਲਦੀ ਪੈਪਸੂ ਦੀ ਸਾਂਝੇ ਮੋਰਚੇ ਦੀ ਸਰਕਾਰ ਬਣੀ। ਇਸ ਦਾ ਅਸਰ ਅੱਗੋਂ ਕਈ ਹੋਰ ਗ਼ੈਰ-ਕਾਂਗਰਸੀ ਸਰਕਾਰਾਂ 'ਤੇ ਵੀ ਪਿਆ।

ਇਨ੍ਹਾਂ ਹੀ ਦਿਨਾਂ ਵਿਚ ਘਟ ਗਿਣਤੀ ਕੌਮਾਂ ਦੇ ਨੁਮਾਇੰਦੇ ਅਖਵਾਉਣ ਵਾਲੇ, ਕਸ਼ਮੀਰ ਦੇ ਮੁੱਖ ਮੱਤਰੀ ਸ਼ੇਖ ਅਬਦੁੱਲਾ ਨੇ ਜੰਮੂ ਦੇ ਇਲਾਕੇ ਰਣਬੀਰ ਸਿੰਘਪੁਰਾ ਵਿਚ ਸਤ ਜੂਨ 1953 ਨੂੰ ਹੋਣ ਵਾਲੀ ਅਕਾਲੀ ਕਾਨਫ਼ਰੰਸ 'ਤੇ ਪਾਬੰਦੀ ਲਾਈ ਸੀ।

ਹਿੰਦੂ ਫ਼ਿਰਕਾਪ੍ਰਸਤਾਂ ਤੇ ਕਾਂਗਰਸ ਦੀਆਂ ਇਹੋ ਜਿਹੀਆਂ ਘਿਨੌਣੀਆਂ ਹਰਕਤਾਂ ਦੇ ਬਾਵਜੂਦ ਅਖੌਤੀ ''ਨੈਸ਼ਨਲਿਸ਼ਟ ਸਿੱਖਾਂ'' ਦੀ ਇਕ ਕਾਨਫ਼ਰੰਸ ਮਜੀਠਾ ਹਾਊਸ ਅੰਮ੍ਰਿਤਸਰ ਵਿਚ ਹੋਈ। ਇਕ ਹਜ਼ਾਰ ਲੋਕਾਂ ਦੀ ਹਾਜ਼ਰੀ ਵਾਲੀ ਇਸ ਕਨਵੈਨਸ਼ਨ ਵਿਚ ਊਧਮ ਸਿੰਘ ਨਾਗੋਕੇ, ਦਰਸ਼ਨ ਸਿੰਘ ਫੇਰੂਮਾਨ, ਪ੍ਰਤਾਪ ਸਿੰਘ ਕੈਰੋਂ, ਉੱਜਲ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਗੁਰਦਿਆਲ ਸਿੰਘ ਢਿੱਲੋਂ, ਸੁਰਜੀਤ ਸਿੰਘ ਮਜੀਠਾ ਵਗ਼ੈਰਾ ਨੇ ਲੈਕਚਰ ਕੀਤੇ। ਲੋਕਾਂ ਨੇ ਇਸ ਦਾ ਨਾਮ **''ਨਹਿਰੂ ਦੇ ਸਿੱਖਾਂ ਦੀ ਕਾਨਫ਼ਰੰਸ''** ਰੱਖਿਆ।

WWW.SIKHBOOKCLUB.COM

24 ਜੂਨ 1953 ਨੂੰ ਐਨ.ਸੀ.ਸੀ. ਦੀਆਂ ਸਿੱਖ ਵਿਦਿਆਰਥਣਾਂ ਵਾਸਤੇ ਟੋਪੀ ਲਾਜ਼ਮੀ ਕਰ ਕੇ ਸਿੱਖਾਂ ਦੇ ਦਿਲਾਂ 'ਤੇ ਇਕ ਹੋਰ ਨਸ਼ਤਰ ਚੋਭਿਆ ਗਿਆ।

ਪੱਛੜੀਆਂ ਜ਼ਾਤਾਂ ਦੇ ਸਿੱਖਾਂ ਦੇ ਹੱਕਾਂ ਵਾਸਤੇ ਮੋਰਚਾ

1949 ਵਿਚ ਜਦੋਂ ਆਈਨ 'ਤੇ ਬਹਿਸ ਹੋ ਰਹੀ ਸੀ ਤਾਂ 25 ਮਈ 1949 ਦੇ ਦਿਨ ਪਛੜੀਆਂ ਜ਼ਾਤਾਂ ਨੂੰ ਰਾਖਵਾਂਕਰਨ ਤੇ ਹੋਰ ਸਹੂਲਤ ਦੇਣ ਸਬੰਧੀ ਸਿਫ਼ਾਰਸ਼ਾਂ ਕਰਨ ਵੇਲੇ ਪਟੇਲ ਨੇ ਕਿਹਾ ਸੀ ਕਿ ਸਿਰਫ਼ ਹਿੰਦੂਆਂ ਵਿਚ ਹੀ ਪਛੜੀਆਂ ਜ਼ਾਤਾਂ ਹੁੰਦੀਆਂ ਹਨ ਤੇ ਕਿਸੇ ਹੋਰ ਧਰਮ ਵਿਚ ਨਹੀਂ ਇਸ ਕਰ ਕੇ ਇਹ ਸਹੂਲਤ ਸਿਰਫ਼ ਹਿੰਦੂ 'ਹਰੀਜਨਾਂ' ਨੂੰ ਹੀ ਮਿਲੇਗੀ। (*ਕੰਸਟੀਚਿਊਐਨਲ ਅਸੈਂਬਲੀ ਡਿਬੇਟਜ਼*, ਜਿਲਦ 18, ਸਫ਼ੇ 353-54)। ਸਿੱਖਾਂ ਨੇ ਇਸ ਦੇ ਖ਼ਿਲਾਫ਼ ਪ੍ਰੋਟੈਸਟ ਕੀਤਾ ਪਰ ਇਕ ਵੀ ਹਿੰਦੂ ਮੈਂਬਰ ਨੇ ਉਨ੍ਹਾਂ ਦਾ ਸਾਥ ਨਾ ਦਿੱਤਾ। ਕੁਝ ਸਿੱਖ ਆਗੂ ਗਿਆਨੀ ਕਰਤਾਰ ਸਿੰਘ ਦੀ ਅਗਵਾਈ ਹੇਠ ਰਾਜਿੰਦਰ ਪ੍ਰਸਾਦ ਅਤੇ ਨਹਿਰੂ ਨੂੰ ਮਿਲੇ ਪਰ ਇਨ੍ਹਾਂ ਦੋਹਾਂ ਨੇ ਸਿੱਖਾਂ ਦੀ ਮਦਦ ਕਰਨੋਂ ਨਾਂਹ ਕਰ ਦਿੱਤੀ। ਅਖ਼ੀਰ ਬਹੁਤ ਰੌਲਾ ਪੈਣ 'ਤੇ ਪਟੇਲ ਸਿੱਖਾਂ ਵਿਚੋਂ ਰਾਮਦਾਸੀਆਂ, ਕਬੀਰਪੰਥੀਆਂ (ਜੁਲਾਹਿਆਂ), ਮਜ਼ਹਬੀਆਂ ਤੇ ਸਿਕਲੀਗਰਾਂ ਨੂੰ ਪਛੜੀਆਂ ਜ਼ਾਤਾਂ ਵਿਚ ਰੱਖਣ ਵਾਸਤੇ ਮੰਨ ਗਿਆ। ਇਸ ਦਾ ਮਤਲਬ ਸਾਫ਼ ਸੀ ਕਿ ਅਖੌਤੀ ਪਛੜੀਆਂ ਜ਼ਾਤਾਂ ਵਾਲੇ ਸਿੱਖਾਂ ਵਿਚੋਂ ਕਮਜ਼ੋਰ ਸਿੱਖ ਰਾਖਵਾਂਕਰਨ ਦਾ ਫ਼ਾਇਦਾ ਲੈਣ ਵਾਸਤੇ ਹਿੰਦੂ ਬਣ ਜਾਣਗੇ।

ਪਰ 1953 ਵਿਚ ਜਦ ਇਸ ਕਾਨੂੰਨ ਹੇਠ ਸਿੱਖਾਂ ਨਾਲ ਵਿਤਕਰਾ ਸ਼ੁਰੂ ਹੋਇਆ ਤਾਂ ਮੌਕੇ ਦੀ ਨਜ਼ਾਰਤ ਨੂੰ ਵੇਖ ਕੇ ਅਕਾਲੀ ਦਲ ਨੇ 30 ਸਤੰਬਰ 1953 ਨੂੰ ਅੰਨਦਪੁਰ ਸਾਹਿਬ ਵਿਚ ਅਕਾਲੀ ਦਲ ਦੀ ਕਨਵੈਨਸ਼ਨ ਬੁਲਾਈ ਜਿਸ ਵਿਚ 50,000 ਸਿੱਖਾਂ ਨੇ ਹਿੱਸਾ ਲਿਆ। ਇਸ ਵਿਚ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਮੈਂ ਪਛੜੀਆਂ ਜ਼ਾਤਾਂ ਦੇ ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਨੂੰ ਦੂਰ ਕਰਵਾਉਣ ਵਾਸਤੇ ਜੱਥਾ ਲੈ ਕੇ ਦਿੱਲੀ ਜਾਵਾਂਗਾ। ਉਧਰ ਸਿੱਖ ਪਛੜੀਆਂ ਜ਼ਾਤਾਂ ਨੂੰ ਹਿੰਦੂਆਂ ਵਾਂਗ ਹੱਕ ਦਿਵਾਉਣ ਲਈ 70 ਪਾਰਲੀਮੈਂਟ ਮੈਂਬਰਾਂ ਨੇ ਬਿਆਨ ਦਿੱਤਾ। ਸਰਕਾਰ ਫਿਰ ਵੀ ਨਾ ਮੰਨੀ ਤਾਂ ਮਾਸਟਰ ਜੀ ਨੇ ਐਲਾਨ ਕੀਤਾ ਤੇ ਕਿਹਾ ਕਿ, **''ਮੈਂ ਔਰੰਗਜ਼ੇਬ ਨਹਿਰੂ ਅਗੇ ਕੁਰਬਾਨੀ ਦਿਆਂਗਾ।''** ਜੱਥਾ ਪਿੰਡਾਂ 'ਚੋਂ ਹੁੰਦਾ ਹੋਇਆ ਨਵੰਬਰ 1953 ਵਿਚ ਦਿੱਲੀ ਪਹੁੰਚਣਾ ਸੀ। ਰਾਹ ਵਿਚ 20 ਅਕਤੂਬਰ ਨੂੰ ਮਾਸਟਰ ਬਿਮਾਰ ਹੋ ਗਿਆ ਪਰ ਜਥਾ ਫਿਰ ਵੀ ਚਲਦਾ ਰਿਹਾ। ਇਸ ਮੌਕੇ 'ਤੇ ਅਚਾਰੀਆ ਕ੍ਰਿਪਲਾਨੀ ਨੇ ਵੀ ਸਿੱਖਾਂ ਦੀਆਂ ਮੰਗਾਂ ਦੀ ਹਿਮਾਇਤ ਕੀਤੀ। ਇਸ ਮੌਕੇ 'ਤੇ ਕਾਂਗਰਸ ਵਿਚ ਬੈਠਾ ਇਕ ਵੀ ਸਿੱਖ ਨਾ ਬੋਲਿਆ। ਏਡੇ ਖ਼ੁਦਗਰਜ਼ ਤੇ ਬੇਈਮਾਨ ਸਨ ਇਹ ਲੋਕ।

ਖ਼ੈਰ, ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਹੋਮ ਮਨਿਸਟਰ ਕਾਟਜੂ ਨੇ ਐਲਾਨ ਕੀਤਾ ਕਿ ਹਿੰਦੂ ਪਛੜੀਆਂ ਜ਼ਾਤਾਂ ਨੂੰ ਮਿਲਣ ਵਾਲੇ ਹੱਕ ਸਿੱਖ ਪਛੜੀਆਂ ਜ਼ਾਤਾਂ ਨੂੰ ਵੀ ਮਿਲਣਗੇ। ਇਸ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 18 ਨਵੰਬਰ 1953 ਨੂੰ ਮੋਰਚਾ ਵਾਪਸ ਲੈ ਲਿਆ।

WWW.SIKHBOOKCLUB.COM

ਪੰਜਾਬੀ ਸੂਬਾ ਕਨਵੈਨਸ਼ਨ

24-25 ਅਕਤੂਬਰ 1953 ਨੂੰ ਅਕਾਲੀ ਦਲ ਵੱਲੋਂ ਪੰਜਾਬੀ ਸੂਬਾ ਕਨਵੈਨਸ਼ਨ ਕੀਤੀ ਗਈ। ਇਸ ਦੀ ਪ੍ਰਧਾਨਗੀ ਜਨਰਲ ਮੋਹਨ ਸਿੰਘ ਨੇ ਕੀਤੀ ਅਤੇ ਮੁਖ ਮਹਿਮਾਨ ਡਾਕਟਰ ਲੰਕਾ ਸੁੰਦਰਮ ਸਨ। ਕਨਵੈਨਸ਼ਨ ਨੇ ਰਾਜ ਪ੍ਰਮੁਖ (ਪੈਪਸੂ) ਦੀ ਆਸਾਮੀ ਖ਼ਤਮ ਕਰਨ ਅਤੇ ਪੰਜਾਬ ਤੇ ਪੈਪਸੂ ਨੂੰ ਇਕ ਕਰਨ ਦਾ ਮਤਾ ਪਾਸ ਕੀਤਾ।

ਨਹਿਰੂ ਨੂੰ ਗੁਰਦੁਆਰੇ ਵਿਚ ਲੈਕਚਰ ਨਾ ਕਰਨ ਦਿੱਤਾ

ਇਨ੍ਹਾਂ ਦਿਨਾਂ ਵਿਚ ਪੈਪਸੂ ਦੀਆਂ ਨਵੀਆਂ ਚੋਣਾਂ ਦਾ ਐਲਾਨ ਹੋ ਗਿਆ। ਇਸ ਸਬੰਧ ਵਿਚ ਜਵਾਹਰ ਲਾਲ ਨਹਿਰੂ ਨੇ ਪੈਪਸੂ ਦਾ ਦੌਰਾ ਕੀਤਾ। 27 ਦਸੰਬਰ 1953 ਦੇ ਦਿਨ ਫ਼ਤਹਿਗੜ੍ਹ ਸਾਹਿਬ ਗੁਰਦਵਾਰੇ ਵਿਚ ਇਕ ਧਾਰਮਿਕ ਸਮਾਗਮ ਹੋ ਰਿਹਾ ਸੀ ਤਾਂ ਨਹਿਰੂ ਨੂੰ ਉੱਥੇ ਬੁਲਾਇਆ ਗਿਆ। ਜਦੋਂ ਨਹਿਰੂ ਉਠ ਕੇ ਬੋਲਣ ਲਗਾ ਤਾਂ ਸਿੱਖਾਂ ਨੇ ਉਸ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ। ਸੁਪਰਇਨਟੈਂਡੈਂਟ ਪੁਲਸ ਮਾਸਟਰ ਤਾਰਾ ਸਿੰਘ ਨੂੰ, ਜੋ ਨੇੜੇ ਹੀ ਸੀ, ਲੈਣ ਗਿਆ ਤਾਂ ਜੋ ਉਹ ਲੋਕਾਂ ਨੂੰ ਸਮਝਾਵੇ ਕਿ ਨਹਿਰੂ ਨੂੰ ਤਕਰੀਰ ਕਰਨ ਦੇਣ। ਪਰ, ਮਾਸਟਰ ਤਾਰਾ ਸਿੰਘ ਨੇ ਇਕ ਧਾਰਮਿਕ ਦੀਵਾਨ ਵਿਚ ਇਕ ਸਿਆਸੀ ਆਗੂ ਨੂੰ ਤਕਰੀਰ ਕਰਨ ਦੀ ਇਜਾਜ਼ਤ ਦੇਣ ਦੀ ਹਿਮਾਇਤ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੇ ਕਿਹਾ ਕਿ ਕਾਂਗਰਸ ਸਿੱਖ ਦੁਸ਼ਮਣ ਜਮਾਤ ਹੈ ਅਤੇ ਇਹ ਧਾਰਮਿਕ ਸਟੇਜ ਹੈ ਜਿਥੋਂ ਸਿਆਸੀ ਆਗੂ ਨਹੀਂ ਬੋਲ ਸਕਦੇ। ਦੋ ਲੱਖ ਲੋਕਾਂ ਦੀ ਹਾਜ਼ਰੀ ਦੇ ਦੀਵਾਨ ਵਿਚ ਮਹਾਰਾਜਾ ਪਟਿਆਲਾ ਤੇ ਕਈ ਹੋਰ ਕਾਂਗਰਸੀ ਆਗੂ ਵੀ ਬੈਠੇ ਸਨ। ਅਖ਼ੀਰ ਨਹਿਰੂ ਜੀਪ ਵਿਚ ਬੈਠ ਕੇ ਚਲਾ ਗਿਆ। ਭਾਰਤ ਦੇ ਪ੍ਰਧਾਨ ਮੰਤਰੀ ਦੀ ਇਹ ਬਹੁਤ ਵੱਡੀ ਬੇਇਜ਼ਤੀ ਸੀ। ਸਿੱਖ ਨੌਜਵਾਨਾਂ ਨੇ ਇਹ ਕਾਰਵਾਈ ਇਸ ਕਰ ਕੇ ਕੀਤੀ ਸੀ ਕਿਉਂਕਿ ਨਹਿਰੂ ਇੱਥੇ ਆਉਣ ਤੋਂ ਪਹਿਲਾਂ ਕਹਿ ਆਇਆ ਸੀ ਕਿ ਫ਼ਤਹਿਗੜ੍ਹ ਸਿੱਖਾਂ ਦਾ ਕਿਲਾ ਹੈ ਤੇ ਮੈਂ ਇਸ ਨੂੰ ਜਿੱਤਣ ਜਾ ਰਿਹਾ ਹਾਂ (ਹਰਚਰਨ ਸਿੰਘ ਬਾਜਵਾ, *ਫ਼ਿਫ਼ਟੀ ਈਅਰਜ਼ ਆਫ਼ ਸਿੱਖ ਪਾਲੇਟਿਕਸ*, ਸਫ਼ਾ 84)।

ਅਕਾਲੀਆਂ ਨੇ ਆਪਸ ਵਿਚ ਲੜ ਕੇ ਪੈਪਸੂ ਦੀ ਹਕੂਮਤ ਗੁਆਈ

1953 ਵਿਚ ਪੈਪਸੂ ਵਿਚ ਹੋਈਆਂ ਚੋਣਾਂ ਵਿਚ ਕਾਂਗਰਸ ਦੇ ਮੁਕਾਬਲੇ ਵਿਚ ਅਕਾਲੀ ਦਲ ਅਤੇ ਸੰਪੂਰਨ ਸਿੰਘ ਰਾਮਾ ਦੇ ਅਕਾਲੀ ਦਲ ਦੇ ਉਮੀਦਵਾਰ ਤਿਕੋਣੀ ਲੜਾਈ ਲੜੇ ਜਿਸ ਨਾਲ ਕਾਂਗਰਸ 60 ਵਿਚੋਂ 37 ਸੀਟਾਂ ਜਿੱਤ ਗਈ ਤੇ ਸਰਕਾਰ ਬਣਾ ਲਈ। ਜੇ ਰਾਮਾ ਦੇ ਧੜੇ ਅਤੇ ਅਕਾਲੀ ਦਲ ਦੀਆਂ ਵੋਟਾਂ ਇਕੱਠੀਆਂ ਹੁੰਦੀਆਂ ਤਾਂ ਪੈਪਸੂ ਵਿਚ ਹਰ ਹਾਲਤ ਵਿਚ ਅਕਾਲੀ ਦਲ ਦੀ ਸਰਕਾਰ ਬਣਨੀ ਸੀ।

ਪੈਪਸੂ ਵਿਚ ਕਾਂਗਰਸ ਦੀ ਸਰਕਾਰ ਬਣਨ ਮਗਰੋਂ ਸਿੱਖਾਂ 'ਤੇ ਜ਼ੁਲਮ ਦਾ ਦੌਰ ਸ਼ੁਰੂ ਹੋ ਗਿਆ। ਰਾਓ, ਜੋ ਕਿ ਪੈਪਸੂ ਦਾ ਕੌਂਸਲਰ ਸੀ, ਨੇ ਕਈ ਸਿੱਖਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਅਤੇ ਕਈਆਂ ਦੇ ਅਹੁਦੇ ਘਟਾ ਦਿੱਤੇ। ਸਿੱਖਾਂ ਉੱਤੇ ਹੁਣ, ਪੰਜਾਬ ਤੇ ਪੈਪਸੂ, ਦੋਹਾਂ ਵਿਚ ਜ਼ੁਲਮ ਦਾ ਚੱਕਰ ਸ਼ੁਰੂ ਹੋ ਗਿਆ।

WWW.SIKHBOOKCLUB.COM Page 26

ਇਨ੍ਹਾਂ ਦਿਨਾਂ ਵਿਚ ਹੀ ਭਾਰਤ ਸਰਕਾਰ ਨੇ, 22 ਦਸੰਬਰ 1953 ਨੂੰ, ਸੂਬਿਆਂ ਦਾ ਹੱਦਬੰਦੀ ਕਮਿਸ਼ਨ ਬਣਾ ਦਿੱਤਾ। ਇਸ ਕਮਿਸ਼ਨ ਦੇ ਤਿੰਨ 'ਚੋਂ ਦੋ ਮੈਂਬਰ ਹਿੰਦੂ ਸਨ ਅਤੇ ਉਹ ਵੀ ਕੱਟੜ। ਇਨ੍ਹਾਂ ਵਿਚੋਂ ਦੋ (ਹਿਰਦੇ ਨਾਥ ਕੁੰਜਰੂ ਅਤੇ ਪਾਨੀਕਰ) ਤਾਂ ਬੋਲੀ ਦੇ ਅਧਾਰ 'ਤੇ ਸੂਬਿਆਂ ਦੇ ਸ਼ਰੇਆਮ ਮੁਖ਼ਾਲਿਫ਼ ਮੰਨੇ ਜਾਂਦੇ ਸਨ। ਗੁਰਮੁਖ ਸਿੰਘ ਮੁਸਾਫ਼ਿਰ ਮੁਤਾਬਿਕ **ਕੁੰਜਰੂ ਕੱਟੜ ਫ਼ਿਰਕਾਪ੍ਰਸਤ ਸੀ ਤੇ ਪਾਨੀਕਰ ਬੇਜ਼ਮੀਰਾ ਮੌਕਾ-ਤਾੜੂ ਸੀ** (*ਕੌਮੀ ਏਕਤਾ*, ਨਵੰਬਰ 1974, ਸਫ਼ਾ 36)। ਫ਼ਿਰਕਾਪ੍ਰਸਤੀ ਦੇ ਰੰਗ ਵਿਚ ਰੰਗੇ ਹੋਏ ਹਿੰਦੂਆਂ ਨੂੰ ਦੇਸ਼ ਦੇ ਸੂਬਿਆਂ ਦੀ ਹੱਦਬੰਦੀ ਦਾ ਕੰਮ ਸੌਂਪਿਆ ਗਿਆ। 24 ਫ਼ਰਵਰੀ 1954 ਨੂੰ ਇਸ ਕਮਿਸ਼ਨ ਨੇ ਜਨਤਾ ਤੋਂ ਸੁਝਾਅ, ਦਲੀਲਾਂ, ਵਿਚਾਰ ਅਤੇ ਪਟੀਸ਼ਨਾਂ ਮੰਗੀਆਂ। ਆਰੀਆ ਸਮਾਜ, ਜਨਸੰਘ, ਕਾਂਗਰਸ, ਪੰਜਾਬ ਸਰਕਾਰ ਨੇ ਪੰਜਾਬੀ ਸੂਬੇ ਦੇ ਵਿਰੁਧ ਅਤੇ ਮਹਾਂ ਪੰਜਾਬ ਦੇ ਹੱਕ ਵਿਚ ਮੈਮੋਰੰਡਮ ਦਿੱਤਾ। ਸ਼੍ਰੋਮਣੀ ਅਕਾਲੀ ਦਲ ਨੇ ਵੀ ਇਕ ਮੈਮੋਰੰਡਮ ਤਿਆਰ ਕੀਤਾ ਜਿਸ ਵਿਚ ਪੰਜਾਬੀ ਸੂਬੇ ਦਾ ਕੇਸ ਬਹੁਤ ਸੁਹਣੇ ਢੰਗ ਨਾਲ ਪੇਸ਼ ਕੀਤਾ ਗਿਆ। ਅਕਾਲੀ ਦਲ ਨੇ ਪੰਜਾਬੀ ਸੂਬੇ ਵਾਸਤੇ ਗੁਰਦਾਸਪੁਰ, ਅੰਮ੍ਰਿਤਸਰ, ਫ਼ੀਰੋਜ਼ਪੁਰ, ਜਲੰਧਰ, ਲੁਧਿਆਣਾ, ਹੁਸ਼ਿਆਰਪੁਰ, ਅੰਬਾਲਾ (ਰੋਪੜ ਤੇ ਖਰੜ ਤਹਿਸੀਲਾਂ), ਹਿਸਾਰ (ਕਰਨਾਲ, ਕੈਥਲ ਅਤੇ ਥਾਨੇਸਰ ਤਹਿਸੀਲਾਂ) ਤੋਂ ਬਿਨਾਂ ਪੈਪਸੂ 'ਚੋਂ ਪਟਿਆਲਾ, ਬਰਨਾਲਾ, ਬਠਿੰਡਾ, ਫ਼ਤਹਿਗੜ੍ਹ, ਕਪੂਰਥਲਾ ਤੇ ਸੰਗਰੂਰ (ਨਰਵਾਣਾ ਤੇ ਜੀਂਦ ਤਹਿਸੀਲਾਂ ਛੱਡ ਕੇ) ਜ਼ਿਲੇ ਅਤੇ ਰਾਜਸਥਾਨ 'ਚੋਂ ਗੰਗਾਨਗਰ ਨੂੰ ਮਿਲਾ ਕੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਕੀਤੀ।

ਅਕਾਲੀ ਦਲ ਦੀ ਮੰਗ ਦਾ ਪੰਜਾਬੀ ਸੂਬਾ ਹੇਠ ਲਿਖੀ ਟੇਬਲ ਵਾਲਾ ਸੀ:

ੳ-ਪੈਪਸੂ

ਜ਼ਿਲ੍ਹਾ	ਰਕਬਾ (ਮੀਲਾਂ ਵਿਚ)	ਆਬਾਦੀ
1 ਪਟਿਆਲਾ	*1590*	*524269*
2 ਬਰਨਾਲਾ	*1304*	*536728*
3 ਬਠਿੰਡਾ	*2313*	*666809*
4 ਫ਼ਤਹਿਗੜ੍ਹ ਸਾਹਿਬ	*826*	*237397*
5 ਕਪੂਰਥਲਾ	*631*	*295071*
6 ਸੰਗਰੂਰ (ਜੀਂਦ ਤੇ ਨਰਵਾਣਾ ਤਹਿਸੀਲਾਂ ਛੱਡ ਕੇ)	*889*	*303305*
ਕੁਲ ਪੈਪਸੂ	*7553*	*2563579*

ਅ-ਪੰਜਾਬ

1 ਗੁਰਦਾਸਪੁਰ	*1366*	*851294*
2 ਅੰਮ੍ਰਿਤਸਰ	*1942*	*1367040*
3 ਫ਼ੀਰੋਜ਼ਪੁਰ	*4107*	*1326520*
4 ਲੁਧਿਆਣਾ	*1279*	*808105*
5 ਜਲੰਧਰ	*1331*	*1055600*
6 ਹੋਸ਼ਿਆਰਪੁਰ	*2227*	*1091996*
7 ਅੰਬਾਲਾ	*2019*	*943734*

WWW.SIKHBOOKCLUB.COM

8	*ਕਰਨਾਲ (ਪਾਨੀਪਤ ਛਡ ਕੇ)*	*2636*	*852741*
9	*ਹਿਸਾਰ*	*2773*	*410992*
	(ਸਰਸਾ, ਫਤਿਹਾਬਾਦ ਤਹਿਸੀਲਾਂ ਤੇ ਟੋਹਾਨਾ ਸਬ-ਤਹਿਸੀਲ)		
ਕੁਲ ਪੰਜਾਬ		*19680*	*8708012*
ਏ-ਰਾਜਸਥਾਨ			
	ਗੰਗਾਨਗਰ	*8285*	*630130*
	ਉ, ਅ ਤੇ ਏ (ਪੈਪਸੂ, ਪੰਜਾਬ ਤੇ ਰਾਜਸਥਾਨ)		
	ਪੈਪਸੂ	*7553*	*2563579*
	ਪੰਜਾਬ	*19680*	*8708012*
	ਰਾਜਸਥਾਨ	*8225*	*630130*
	ਅਕਾਲੀ ਦਲ ਦਾ ਸੂਬਾ	*35458*	*1,19,01,721*

ਉਪਰਲੀ ਟੇਬਲ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅਕਾਲੀ ਦਲ ਦਾ ਪੰਜਾਬੀ ਸੂਬਾ 35458 ਮੁਰੱਬਾ ਮੀਲ ਰਕਬੇ ਅਤੇ ਇਕ ਕਰੋੜ, 19 ਲੱਖ, ਇਕ ਹਜ਼ਾਰ ਤੇ 721 ਦੀ ਅਬਾਦੀ ਵਾਲਾ ਸੂਬਾ ਸੀ ਜਿਸ ਵਿਚ ਸਿੱਖ 30 ਫ਼ੀ ਸਦੀ ਤੋਂ ਵਧ ਕੇ ਸਿਰਫ਼ 40 ਫ਼ੀ ਸਦੀ ਹੋ ਜਾਂਦੇ ਸਨ। ਇਸ ਮੰਗ ਨੂੰ ਖਾਲਿਸਤਾਨ, ਸਿੱਖ ਸਟੇਟ ਜਾਂ ਸਿੱਖ ਹੋਮਲੈਂਡ ਦੀ ਮੰਗ ਆਖਣਾ ਗ਼ਲਤ ਤੇ ਬੇਇਨਸਾਫ਼ੀ ਭਰਿਆ ਸੀ।

ਸੂਬਾਈ ਜਦਬੰਦੀ ਕਮਿਸ਼ਨ ਦੀ ਸ਼ਰੇਆਮ ਸਿੱਖ ਦੁਸ਼ਮਣੀ

ਫ਼ਿਰਕੂ ਹਿਰਦੇ ਨਾਥ ਕੁੰਜਰੂ ਦੀ ਸਿੱਖ ਨਫ਼ਰਤ ਬਾਰੇ **ਇਕ ਕੱਟੜ ਕਾਂਗਰਸੀ** ਗੁਰਮੁਖ ਸਿੰਘ ਮੁਸਾਫ਼ਿਰ (*ਕੌਮੀ ਏਕਤਾ*, ਨਵੰਬਰ 1974, ਸਫ਼ਾ 36) ਲਿਖਦਾ ਹੈ ਕਿ "**ਜਦ ਮੈਂ ਪਟਿਆਲਾ ਵਿਚ ਇਸ ਹਦਬੰਦੀ ਕਮਿਸ਼ਨ ਕੋਲ ਪੇਸ਼ ਹੋਇਆ ਤਾਂ ਕੁੰਜਰੂ ਨੇ ਮੇਰੇ ਬੈਠਣ ਤੋਂ ਪਹਿਲਾਂ ਹੀ ਸਵਾਲ ਕੀਤਾ ਕਿ ਤੁਸੀਂ ਗੰਗਾਨਗਰ ਤੇ ਕਾਂਗੜਾ ਪੰਜਾਬੀ ਸੂਬੇ ਵਾਸਤੇ ਕਿਵੇਂ ਮੰਗਦੇ ਹੋ? ਮੈਂ ਕਿਹਾ ਕਿ ਜਿਹੜੇ ਪੰਜਾਬੀ ਬੋਲਦੇ ਇਲਾਕੇ ਨਹੀਂ ਉਹ ਤੁਸੀਂ ਕੱਢ ਦਿਓ। ਇਸ ਤੇ ਕੁੰਜਰੂ ਨੇ ਇਕ ਦਮ ਕਿਹਾ ਕਿ ਫਿਰ ਤਾਂ ਇੱਥੇ ਸਿੱਖ ਬਹੁਸੰਮਤੀ ਵਿਚ ਹੋ ਜਾਣਗੇ। ਮੈਂ ਉਸ ਨੂੰ ਕਿਹਾ ਕਿ ਜੇ ਕਮਿਸ਼ਨ ਨੂੰ ਇਹ ਹਦਾਇਤ ਹੈ ਕਿ ਸਿੱਖ ਕਿਸੇ ਵੀ ਤਰ੍ਹਾਂ ਬਹੁ ਸੰਮਤੀ ਵਿਚ ਨਹੀਂ ਹੋਣੇ ਚਾਹੀਦੇ ਤਾਂ ਉਸ ਦਾ ਪਾਲਣ ਕਰੋ।**"

ਇਨ੍ਹਾਂ ਮੈਮੋਰੰਡਮਾਂ, ਮੀਟਿੰਗਾਂ, ਕਮੇਟੀਆਂ ਅਤੇ ਹੋਰ ਸਮਾਗਮਾਂ ਦੇ ਨਾਲ ਹੀ ਦਸੰਬਰ 1954 ਵਿਚ ਗੁਰਦੁਆਰਾ ਚੋਣਾਂ ਆ ਗਈਆਂ। ਨਹਿਰੂ ਤੇ ਕਾਂਗਰਸ ਨੇ ਪਹਿਲੀਆਂ ਚੋਣਾਂ ਵਾਂਗ ਇਸ ਵਾਰ ਵੀ ਪੂਰਾ ਦਖ਼ਲ ਦਿੱਤਾ। ਹਿੰਦ ਸਮਾਚਾਰ ਅਤੇ ਹੋਰ ਸਿੱਖ ਵਿਰੋਧੀ ਅਖ਼ਬਾਰਾਂ ਇਸ ਗੱਲ ਦੀ ਗਵਾਹੀ ਦੇਂਦੀਆਂ ਹਨ। ਕਾਂਗਰਸੀ ਦਖ਼ਲ ਇਥੋਂ ਤਕ ਜਾ ਪਹੁੰਚਿਆ ਕਿ ਕਾਂਗਰਸੀਆਂ ਨੇ ਅਕਾਲੀ ਦਲ ਦੇ ਮੁਕਾਬਲੇ ਤੇ ਇਕ **ਖਾਲਸਾ ਦਲ** ਬਣਾ ਲਿਆ। ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਨਾਂ 'ਤੇ ਚੋਣਾਂ ਲੜੀਆਂ। ਖਾਲਸਾ ਦਲ ਨੇ 132 ਸੀਟਾਂ ਲੜੀਆਂ ਤੇ ਸਿਰਫ਼ 3 ਸੀਟਾਂ ਜਿੱਤੀਆਂ। ਦੂਜੇ ਪਾਸੇ ਅਕਾਲੀ ਦਲ ਨੇ 112 ਸੀਟਾਂ ਲੜੀਆਂ ਤੇ ਸਾਰੀਆਂ ਹੀ ਜਿੱਤੀਆਂ। ਮਾਸਟਰ ਤਾਰਾ ਸਿੰਘ ਨੇ ਆਪ ਦੋ ਸੀਟਾਂ ਤੋਂ ਜਿੱਤ ਹਾਸਿਲ ਕੀਤੀ। ਕਾਂਗਰਸ

WWW.SIKHBOOKCLUB.COM Page 28

ਸਰਕਾਰ ਦੀ ਧੱਕੇਸ਼ਾਹੀ ਤੇ ਬੇਇਨਸਾਫ਼ੀ ਦੋਵੇਂ ਤਕ ਜਾ ਪੁੱਜੀ ਕਿ ਸਰਕਾਰ ਨੇ ਸਰਦੂਲ ਸਿੰਘ ਐਡਵੋਕੇਟ (ਸ਼੍ਰੋਮਣੀ ਕਮੇਟੀ ਦੇ ਕਰਜ਼ਾਈ) ਅਤੇ ਊਧਮ ਸਿੰਘ (ਜਲੰਧਰੋਂ ਗੁਰਦੁਆਰਾ ਚੋਣ 'ਚ ਜ਼ਮਾਨਤ ਜ਼ਬਤ ਕਰਵਾਉਣ ਵਾਲੇ) ਨੂੰ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਮੈਂਬਰ ਨਾਮਜ਼ਦ ਕਰ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਆਲੀਸ਼ਾਨ ਕਾਮਯਾਬੀ ਨਾਲ ਦਹਿਸ਼ਤਗਰਦ ਅਤੇ ਫ਼ਿਰਕੂ ਹਿੰਦੂ, ਕਾਂਗਰਸੀ ਅਤੇ ਪੰਡਤ ਨਹਿਰੂ ਦੇ ਮੁਰੀਦ, ਸਾਰੇ ਹੀ ਵਿਸ ਘੋਲ ਰਹੇ ਸਨ ਅਤੇ ਉਹ ਮਾਸਟਰ ਤਾਰਾ ਸਿੰਘ, ਸ਼੍ਰੋਮਣੀ ਅਕਾਲੀ ਦਲ ਤੇ ਪੰਥ ਦੇ ਖ਼ਿਲਾਫ਼ ਸਾਜ਼ਿਸ਼ਾਂ ਰਚ ਰਹੇ ਸਨ। ਅਕਾਲੀ ਦਲ ਕਿਉਂਕਿ ਸਿੱਖਾਂ ਦੇ ਵਜੂਦ ਨੂੰ ਬਚਾਉਣ ਵਾਸਤੇ ਜਦੋਜਹਿਦ ਦੇ ਪਹਿਲੇ ਪੜਾਅ ਵਜੋਂ ਪੰਜਾਬੀ ਸੂਬੇ ਦੀ ਮੰਗ ਕਰ ਰਿਹਾ ਸੀ ਇਸ ਕਰ ਕੇ ਫ਼ਿਰਕੂ ਹਿੰਦੂ ਅਤੇ ਕਾਂਗਰਸੀ ਸ਼੍ਰੋਮਣੀ ਅਕਾਲੀ ਦਲ ਦੇ ਖ਼ਿਲਾਫ਼ ਇਕ ਕਿਸਮ ਦਾ ਮੋਰਚਾ ਲਾਈ ਬੈਠੇ ਸਨ। ਇਸੇ ਮੋਰਚੇ ਦੇ ਇਕ ਹਿੱਸੇ ਵਜੋਂ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਤਕਰੀਬਨ ਇਕ ਮਹੀਨਾ ਤਕ ਨਾ ਹੋਣ ਦਿੱਤਾ ਗਿਆ। ਹਾਲਾਂ ਕਿ ਨਵੀਂ ਚੁਣੀ ਹੋਈ ਸ਼੍ਰੋਮਣੀ ਕਮੇਟੀ ਦਾ ਇਜਲਾਸ 4 ਜਨਵਰੀ ਨੂੰ ਬੁਲਾਇਆ ਗਿਆ ਸੀ। ਇਸ ਪਹਿਲੀ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰਾਂ ਦੀ ਚੋਣ ਕੀਤੀ ਜਾਣੀ ਸੀ। 4 ਜਨਵਰੀ ਨੂੰ ਜਦੋਂ ਅਜੇ ਮੀਟਿੰਗ ਚਲ ਰਹੀ ਸੀ ਤੇ ਨਾਮਜ਼ਦਗੀਆਂ ਅਜੇ ਹੋਣੀਆਂ ਸਨ ਤਾਂ ਪੰਜਾਬ ਦੇ ਹੋਮ ਸੈਕਟਰੀ ਨੇ ਮੀਟਿੰਗ ਨੂੰ ਅੱਧ-ਵਿਚਕਾਰ ਹੀ ਰੋਕ ਦਿੱਤਾ ਤੇ ਮੀਟਿੰਗ 6 ਜਨਵਰੀ 'ਤੇ ਮੁਲਤਵੀ ਕਰ ਦਿੱਤੀ। ਅਗਲੇ ਦਿਨ ਹੀ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਮੀਟਿੰਗ 27 ਜਨਵਰੀ ਨੂੰ ਹੋਵੇਗੀ। ਦਰਅਸਲ ਸਰਕਾਰ ਦਾ ਇਰਾਦਾ ਇਹ ਸੀ ਕਿ ਇਸ ਦੌਰਾਨ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਨਾਗੋਕੇ ਧੜਾ, ਜੋ ਚੋਣਾਂ ਵਿਚ ਇਕ ਵੀ ਸੀਟ ਨਹੀਂ ਜਿੱਤ ਸਕਿਆ ਸੀ, ਦੇ ਬੰਦਿਆਂ ਨੂੰ ਲੋਕਲ ਗੁਰਦੁਆਰਾ ਕਮੇਟੀਆਂ ਵਾਸਤੇ ਨਾਮਜ਼ਦ ਕੀਤਾ ਜਾ ਸਕੇ।

ਅਕਾਲੀ ਆਗੂਆਂ ਨੇ ਇਸ ਦੇ ਖ਼ਿਲਾਫ਼ ਪ੍ਰੋਟੈਸਟ ਕੀਤਾ ਪਰ ਇਸ ਦੇ ਬਾਵਜੂਦ ਸਰਕਾਰ ਨੇ ਧੱਕੇਸ਼ਾਹੀ ਜਾਰੀ ਰੱਖੀ। 7 ਜਨਵਰੀ ਨੂੰ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਬੂਟਾ ਸਿੰਘ ਨੂੰ ਤਾਰ ਰਾਹੀਂ ਬਰਖ਼ਾਸਤ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਥਾਂ 'ਤੇ ਸਰਦੂਲ ਸਿੰਘ ਨੂੰ ਜੱਜ ਮੁਕੱਰਰ ਕਰ ਦਿੱਤਾ। ਸਰਦੂਲ ਸਿੰਘ ਸ਼੍ਰੋਮਣੀ ਕਮੇਟੀ ਦਾ ਕਰਜ਼ਾਈ ਸੀ ਅਤੇ ਉਸ ਦੇ ਖ਼ਿਲਾਫ਼ ਅਦਾਲਤ ਵੱਲੋਂ ਡਿਕਰੀ ਵੀ ਮਿਲੀ ਹੋਈ ਸੀ। ਮਾਸਟਰ ਤਾਰਾ ਸਿੰਘ ਨੇ ਇਸ ਦੇ ਖ਼ਿਲਾਫ਼ ਜ਼ਬਰਦਸਤ ਬਿਆਨ ਦਿੱਤਾ। ਘਬਰਾ ਕੇ ਚੀਫ਼ ਮਨਿਸਟਰ ਸੱਚਰ ਨੇ ਮਾਸਟਰ ਜੀ ਨੂੰ ਗੱਲਬਾਤ ਲਈ 21 ਜਨਵਰੀ ਨੂੰ ਚੰਡੀਗੜ੍ਹ ਬੁਲਾ ਲਿਆ। ਇਸ ਦੌਰਾਨ 10-11 ਜਨਵਰੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਹਾਰੇ ਹੋਏ ਖਾਲਸਾ ਦਲ (ਕਾਂਗਰਸੀਆਂ) ਨੇ ਲੋਕਲ ਗੁਰਦੁਆਰਾ ਕਮੇਟੀਆਂ ਵਾਸਤੇ ਨਾਮਜ਼ਦਗੀਆਂ ਕਰ ਦਿੱਤੀਆਂ ਅਤੇ

WWW.SIKHBOOKCLUB.COM

ਆਪਣੇ ਬੰਦੇ ਭਰਤੀ ਕਰ ਲਏ। ਸਰਕਾਰ ਨੇ ਮਾਸਟਰ ਤਾਰਾ ਸਿੰਘ ਅਤੇ ਮੁੱਖ ਮੰਤਰੀ ਸੱਚਰ ਵਿਚਕਾਰ ਹੋਣ ਵਾਲੀ ਮੀਟਿੰਗ ਤੋਂ ਇਕ ਦਿਨ ਪਹਿਲਾਂ ਸਾਰੀਆਂ ਨਾਮਜ਼ਦਗੀਆਂ ਗ਼ਜ਼ਟ ਕਰ ਦਿੱਤੀਆਂ। ਇਸ ਮਗਰੋਂ ਸੱਚਰ ਨਾਲ ਮੁਲਾਕਾਤ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਸੀ।

ਪੰਜਾਬ ਸਰਕਾਰ ਵਲੋਂ ਲੋਕਲ ਗੁਰਦੁਆਰਾ ਕਮੇਟੀਆਂ ਵਿਚ ਨਾਜਾਇਜ਼ ਨਾਮਜ਼ਦਗੀਆਂ ਕਰਵਾਉਣ ਅਤੇ ਧੱਕੇਸ਼ਾਹੀ ਦੀਆਂ ਹੋਰ ਕਾਰਵਾਈਆਂ ਤੋਂ ਮਗਰੋਂ ਮਾਸਟਰ ਤਾਰਾ ਸਿੰਘ ਨੇ ਮਹਿਸੂਸ ਕਰ ਲਿਆ ਸੀ ਭਾਰਤ ਸਰਕਾਰ ਅਤੇ ਕਾਂਗਰਸੀ ਆਗੂ ਸਿੱਖਾਂ ਦੇ ਖ਼ਿਲਾਫ਼ ਹਰ ਕਾਰਵਾਈ ਵਿਚ ਸਿੱਖ ਦੁਸ਼ਮਣਾਂ ਦਾ ਸਾਥ ਦੇਣਗੇ। ਦੂਜਾ, ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਾ ਚੋਣਾਂ ਪੰਜਾਬੀ ਸੂਬੇ ਦੇ ਨਾਂ 'ਤੇ ਲੜੀਆਂ ਸਨ ਤੇ ਅਕਾਲੀ ਦਲ ਦੇ ਖੜ੍ਹੇ ਕੀਤੇ 112 ਦੇ 112 ਉਮੀਦਵਾਰ ਹੀ ਸ਼ਾਨ ਨਾਲ ਜਿੱਤੇ ਸਨ।

ਹਿੰਦੂਆਂ ਦੀ ਗੁੰਡਾਗਰਦੀ, ਸਿੱਖਾਂ 'ਤੇ ਹਮਲੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਅਕਾਲੀ ਦਲ ਦੀ ਬੇਮਿਸਾਲ ਜਿੱਤ ਅਤੇ ਦਲ ਵੱਲੋਂ ਪੰਜਾਬੀ ਸੁਬੇ ਦੀ ਮੰਗ ਕੀਤੇ ਜਾਣ 'ਤੇ ਮਹਾਸ਼ਾ ਪ੍ਰੈੱਸ ਨੇ ਸਿੱਖਾਂ ਦੇ ਖ਼ਿਲਾਫ਼ ਘਟੀਆ ਦਰਜੇ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਜਿਸ ਨਾਲ ਆਮ ਹਿੰਦੂਆਂ ਦੇ ਮਨਾਂ ਵਿਚ ਸਿੱਖਾਂ ਵਾਸਤੇ ਜ਼ਹਿਰ ਭਰ ਗਈ। ਸਿੱਖ ਵਿਰੋਧੀ ਹਿੰਦੂ ਫ਼ਿਰਕਾਪ੍ਰਸਤੀ ਦਾ ਮਾਹੌਲ ਇਸ ਹੱਦ ਤਕ ਜਾ ਪੁੱਜਾ ਕਿ ਲੁਧਿਆਣੇ ਵਿਚ 31 ਦਸੰਬਰ 1954 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਨਮ ਦਿਨ 'ਤੇ ਨਿਕਲੇ ਜਲੂਸ ਵਿਚ ਹਿੰਦੂ ਦਹਿਸ਼ਤਗਰਦਾਂ ਨੇ ਗੁੰਡਾਗਰਦੀ ਦਾ ਸ਼ਰੇਆਮ ਵਿਖਾਵਾ ਕੀਤਾ। ਜਲੂਸ ਜਦੋਂ ਘਾਹ ਮੰਡੀ ਪੁੱਜਾ ਤਾਂ ਜਲੂਸ ਵਿਚ ਸ਼ਾਮਿਲ ਕੁਝ ਲੋਕਾਂ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਗਾਏ। ਉਧਰ ਕਾਲੀ ਚਰਨ (ਜੋ ਲੁਧਿਆਣੇ ਦਾ ਸਭ ਤੋਂ ਵੱਧ ਬਦਨਾਮ ਫ਼ਿਰਕਾਪ੍ਰਸਤ ਹਿੰਦੂ ਸੀ) ਨੇ ''ਮਾਸਟਰ ਤਾਰਾ ਸਿੰਘ ਮੁਰਦਾਬਾਦ'' ਅਤੇ ''ਪੰਜਾਬੀ ਸੂਬਾ ਨਹੀਂ ਬਣੇਗਾ'' ਦੇ ਨਾਅਰੇ ਲਵਾਏ। ਇਸ ਦੇ ਨਾਲ ਹੀ ਘਾਹ ਮੰਡੀ ਤੇ ਚੌੜਾ ਬਜ਼ਾਰ 'ਚੋਂ ਜਲੂਸ ਉੱਤੇ ਇੱਟਾਂ ਵਰ੍ਹਾਈਆਂ ਗਈਆਂ। ਇਸ ਮਗਰੋਂ ਦਫ਼ਾ 144 ਲੱਗਣ ਮਗਰੋਂ ਹਿੰਦੂ ਮਹਾਂ ਸਭਾਈਆਂ ਅਤੇ ਜਨਸੰਘੀਆਂ ਦਾ ਜਲੂਸ ਨਿਕਲਿਆ।

ਅਕਾਲੀ ਦਲ ਅਤੇ ਹੋਰ ਸਿੱਖਾਂ ਨੇ ਇਸ ਗੁੰਡਾਗਰਦੀ ਵਾਸਤੇ ਇਕ ਕਮਿਸ਼ਨ ਬਨਾਉਣ ਦੀ ਮੰਗ ਕੀਤੀ। ਇਸ 'ਤੇ ਵੋਹਰਾ ਸਰਕਾਰ ਨੇ ਕਮਿਸ਼ਨ ਦਾ ਐਲਾਨ ਕਰ ਦਿੱਤਾ ਗਿਆ। ਇਸ ਕਮਿਸ਼ਨ ਅੱਗੇ ਕਾਲੀ ਚਰਨ ਨੇ ਆਪ ਮੰਨਿਆ ਕਿ ਉਸ ਨੇ ਹਥਿਆਰਬੰਦ ਬੰਦੇ ਇਕੱਠੇ ਕੀਤੇ ਸਨ ਤਾਂ ਜੋ ਨਹਿਰੂ-ਵਿਰੋਧੀ ਨਾਅਰਿਆਂ ਦਾ, ਪੁਲਸ ਦੀ ਮਦਦ ਨਾ ਮਿਲਣ 'ਤੇ, ਮੁਕਾਬਲਾ ਹੋ ਸਕੇ। ਪੁਲਸ ਦੇ ਬਿਆਨ ਅਨੁਸਾਰ ਨਹਿਰੂ ਵਿਰੁਧ ਕੋਈ ਨਾਅਰਾ ਨਹੀਂ ਸੀ ਲਗਿਆ। ਕਮਿਸ਼ਨ ਸਾਹਮਣੇ ਸਬੂਤ ਪੇਸ਼ ਹੋਏ ਕਿ ਕਾਲੀ ਚਰਨ ਨੇ ਢੰਡੋਰਾ ਪਿਟਵਾ ਕੇ ਬੰਦੇ ਇਕੱਠੇ ਕੀਤੇ ਤੇ ਇੱਟਾਂ ਰੋੜਿਆਂ

WWW.SIKHBOOKCLUB.COM

ਦਾ ਇੰਤਜ਼ਾਮ ਕੀਤਾ। ਕਮਿਸ਼ਨ ਦੀ ਰਿਪੋਰਟ ਦੇ ਬਾਵਜੂਦ ਸਰਕਾਰ ਨੇ ਕੋਈ ਐਕਸ਼ਨ ਨਾ ਲਿਆ।

ਇਹੋ ਜਿਹੀਆਂ ਘਟਨਾਵਾਂ ਸਿਰਫ਼ ਲੁਧਿਆਣੇ ਵਿਚ ਹੀ ਨਹੀਂ ਸਗੋਂ ਬਾਅਦ ਵਿਚ ਅੰਮ੍ਰਿਤਸਰ, ਜਲੰਧਰ ਅਤੇ ਹੋਰ ਥਾਂਵਾਂ 'ਤੇ ਵੀ ਹੋਈਆਂ। ਹਿੰਦੂ ਫ਼ਿਰਕਾਪ੍ਰਸਤੀ ਦੇ ਅਸਰ ਕਾਰਨ ਪੁਲਸ ਦਾ ਸਿੱਖਾਂ ਦੀ ਮਦਦ ਨਾ ਕਰਨਾ ਅਤੇ ਕਾਂਗਰਸ ਪਾਰਟੀ ਤੇ ਸਰਕਾਰ ਦੀ ਸ਼ਹਿ ਦਹਿਸ਼ਤਗਰਦ ਹਿੰਦੂਆਂ ਨੂੰ ਹੋਰ ਉਕਸਾ ਰਹੀਆਂ ਸਨ। ਸਿੱਖਾਂ ਦਾ ਇਸ ਮਾਹੌਲ ਵਿਚ ਦਮ ਘੁਟ ਰਿਹਾ ਸੀ ਅਤੇ 'ਆਜ਼ਾਦ ਸਿੱਖ ਮੁਲਕ' ਲਈ ਜੋਸ਼ ਵਧਦਾ ਜਾ ਰਿਹਾ ਸੀ।

ਇਨ੍ਹਾਂ ਦਿਨਾਂ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਦੀਆਂ ਜਥੇਬੰਦਕ ਚੋਣਾਂ ਵੀ ਹੋ ਰਹੀਆਂ ਸਨ। 28 ਜਨਵਰੀ 1955 ਨੂੰ ਅਕਾਲੀ ਦਲ ਦੀ ਪ੍ਰਧਾਨਗੀ ਚੋਣ ਹੋਈ ਜਿਸ ਵਿਚ 300 ਡੈਲੀਗੇਟ ਸ਼ਾਮਿਲ ਹੋਏ ਅਤੇ ਮਾਸਟਰ ਤਾਰਾ ਸਿੰਘ ਨੂੰ ਪ੍ਰਧਾਨ ਚੁਣ ਲਿਆ। ਇਸ ਤੋਂ ਬਿਨਾਂ ਡੈਲੀਗੇਟਾਂ ਦੇ ਜਨਰਲ ਇਜਲਾਸ ਨੇ ਪੰਜਾਬੀ ਸੂਬੇ ਦੀ ਮੰਗ ਦਾ ਮਤਾ ਵੀ ਇਕ ਰਾਏ ਨਾਲ ਪਾਸ ਕਰ ਦਿੱਤਾ।

ਇਹ ਸੀ 1947 ਤੋਂ ਜਨਵਰੀ 1955 ਤਕ ਦਾ ਪੰਜਾਬ ਦਾ ਮਾਹੌਲ ਜਿਸ ਨੂੰ ਹਿੰਦੂ ਫ਼ਿਰਕਾਪ੍ਰਸਤੀ, ਆਰੀਆ ਸਮਾਜੀ ਪ੍ਰੈਸ, ਫ਼ਿਰਕੂ ਹਿੰਦੂ ਕਾਂਗਰਸ, ਕਾਂਗਰਸੀ ਸਰਕਾਰ ਅਤੇ ਸਿੱਖ ਵਿਰੋਧੀ ਅੰਸਰ ਨੇ ਫ਼ਿਰਕਾਪ੍ਰਸਤੀ ਨਾਲ ਰੰਗ ਦਿੱਤਾ ਸੀ। ਅਕਾਲੀ ਦਲ ਚੰਦੂ ਲਾਲ ਤ੍ਰਿਵੇਦੀ ਦੇ 10 ਅਕਤੂਬਰ 1947 ਵਾਲੇ ਸਰਕੂਲਰ ਤੋਂ ਲੈ ਕੇ ਇਨ੍ਹਾਂ ਸਾਰੇ ਸਤ ਸਾਲਾਂ ਵਿਚ ਸਿੱਖੀ ਦਾ ਵਜੂਦ ਬਚਾਉਣ ਦੀ ਜਦੋਜਹਿਦ ਕਰਦਾ ਰਿਹਾ। ਉਂਵ ਤਾਂ 1920 ਤੋਂ 1954 ਤਕ 34 ਸਾਲ ਦਾ ਅਕਾਲੀ ਦਲ ਦਾ ਇਤਿਹਾਸ ਸਿੱਖ ਕੌਮ ਵਾਸਤੇ ਜਦੋਜਹਿਦ ਨਾਲ ਭਰਿਆ ਸੀ। ਇਸ ਸਮੇਂ ਵਿਚ 1947 ਤੋਂ ਪਹਿਲਾਂ ਅਕਾਲੀ ਦਲ ਤੋਂ ਪ੍ਰਤਾਪ ਸਿੰਘ ਕੈਰੋਂ, ਗੁਰਮੁਖ ਸਿੰਘ ਮੁਸਾਫ਼ਰ, ਊਧਮ ਸਿੰਘ ਨਾਗੋਕੇ, ਦਰਸ਼ਨ ਸਿੰਘ ਫੇਰੂਮਾਨ, ਬਾਬਾ ਖੜਕ ਸਿੰਘ, ਜ਼ੈਲ ਸਿੰਘ ਵਗ਼ੈਰਾ ਜਾਂ ਅਲਗ ਹੋ ਗਏ ਜਾਂ ਕਾਂਗਰਸ ਦੀ ਝੋਲੀ ਵਿਚ ਜਾ ਪਏ। ਫਿਰ 1947 ਤੋਂ 1954 ਵਿਚਕਾਰ ਈਸ਼ਰ ਸਿੰਘ ਮਝੈਲ, ਸਵਰਨ ਸਿੰਘ, ਗਿਆਨੀ ਕਰਤਾਰ ਸਿੰਘ, ਬਲਦੇਵ ਸਿੰਘ, ਸਰਦੂਲ ਸਿੰਘ, ਗੁਰਬਚਨ ਸਿੰਘ ਬਾਜਵਾ ਅਤੇ ਕਈ ਹੋਰ ਵਜ਼ੀਰੀਆਂ, ਚੇਅਰਮੈਨੀਆਂ ਤੇ ਹੋਰ ਲਾਲਚਾਂ ਹੇਠ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਦੀ ਝੋਲੀ ਜਾ ਪਏ ਅਤੇ **ਉਨ੍ਹਾਂ ਹੀ ਮੰਗਾਂ ਦੀ ਮੁਖ਼ਾਲਫ਼ਤ ਸ਼ੁਰੂ ਕੀਤੀ ਜਿਨ੍ਹਾਂ ਨੂੰ ਉਹ ਆਪਣੀ ਜਾਨ ਦੇ ਕੇ ਮਨਵਾਉਣਾ ਚਾਹੁੰਦੇ ਸਨ**। ਚੰਦ ਸਿੱਕਿਆਂ ਜਾਂ ਸਰਕਾਰੀ ਤਾਕਤ ਖ਼ਾਤਿਰ ਇਹ ਸਾਰੇ ਕਾਂਗਰਸ ਦੀ ਝੋਲੀ ਵਿਚ ਪੈ ਕੇ ਉਸ ਦੇ 'ਨਮਕ' ਦਾ ਹੱਕ ਅਦਾ ਕਰਦੇ ਰਹੇ। ਇਹ ਲੋਕ ਸਿੱਖਾਂ ਉੱਤੇ ਜ਼ੁਲਮ ਹੁੰਦਾ ਵੇਖ ਕੇ ਕਬੂਤਰ ਵਾਂਗ ਅੱਖਾਂ ਬੰਦ ਕਰ ਲੈਂਦੇ ਸਨ। ਸਿਰਫ਼ ਅਕਾਲੀ ਦਲ ਹੀ ਸੀ ਜਿਸ ਨੇ ਸਿੱਖੀ ਸਰੂਪ ਨੂੰ ਬਚਾਉਣ ਲਈ ਜੀਅ ਜਾਨ ਦੀ ਜਦੋਜਹਿਦ ਕੀਤੀ।

WWW.SIKHBOOKCLUB.COM

(ਚ) 'ਪੰਜਾਬੀ ਸੂਬਾ ਜ਼ਿੰਦਾਬਾਦ' ਮੋਰਚਾ

ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਾ ਚੋਣਾਂ ਪੰਜਾਬੀ ਸੂਬੇ ਦੇ ਨਾਂ 'ਤੇ ਲੜੀਆਂ ਸਨ ਤੇ ਅਕਾਲੀ ਦਲ ਦੇ ਖੜ੍ਹੇ 112 ਦੇ 112 ਉਮੀਦਵਾਰ ਹੀ ਸ਼ਾਨ ਨਾਲ ਜਿੱਤੇ ਸਨ। ਇਨ੍ਹੀਂ ਦਿਨੀਂ ਹੀ ਪੰਜਾਬ ਦੇ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ ਬਿਆਨ ਦੇ ਮਾਰਿਆ ਕਿ ਮਾਸਟਰ ਤਾਰਾ ਸਿੰਘ ਪੰਜਾਬੀ ਸੂਬਾ ਨਹੀਂ ਬਲਕਿ ''ਸਿੱਖ ਸਟੇਟ'' ਚਾਹੁੰਦਾ ਹੈ। ਇਸ 'ਤੇ ਮਾਸਟਰ ਜੀ ਨੇ ਐਲਾਨ ਕੀਤਾ ਕਿ ਸਿੱਖ ਸਿਰਫ਼ ਬੋਲੀ ਦੀ ਬਿਨਾਅ 'ਤੇ ਸੂਬਾ ਮੰਗਦੇ ਹਨ। ਇਸ ਦੇ ਨਾਲ ਹੀ ਮਾਸਟਰ ਤਾਰਾ ਸਿੰਘ ਨੇ ਗ਼ੈਰ-ਸਿੱਖ ਆਗੂਆਂ ਤੇ ਹੋਰ ਗ਼ੈਰ-ਕਾਂਗਰਸੀ ਪਾਰਟੀਆਂ ਦੀ ਮਦਦ ਲੈਣ ਵਾਸਤੇ ਵੀ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ।

ਇਸ ਦੌਰਾਨ ਹੀ 5 ਮਾਰਚ 1955 ਦੇ ਦਿਨ ਪਟਿਆਲੇ ਵਿਚ ਇਕ ਹਿੰਦੂ ਕਾਨਫ਼ਰੰਸ ਹੋਈ। ਇਸ ਵਿਚ ਸੇਠ ਰਾਮ ਨਾਥ, ਠਾਕਰ ਨਵਲ ਕਿਸ਼ੋਰ, ਚੌਧਰੀ ਕਰਤਾਰ ਸਿੰਹ ਵੀ ਸ਼ਾਮਿਲ ਹੋਏ। ਇਸ ਕਾਨਫ਼ਰੰਸ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕੀਤਾ। ਅਪ੍ਰੈਲ ਵਿਚ ਅੰਬਾਲੇ ਵਿਚ ''ਆਲ ਇੰਡੀਆ ਲਿੰਗੁਇਸਟਿਕ ਕਾਨਫ਼ਰੰਸ'' ਹੋਈ। ਇਸ ਦੀ ਪ੍ਰਧਾਨਗੀ ਡਾਕਟਰ ਲੰਕਾ ਸੁੰਦਰਮ ਨੇ ਕੀਤੀ। ਇਸ ਕਾਨਫ਼ਰੰਸ ਨੇ ਵੀ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। ਇਸ ਦੇ ਮੁਕਾਬਲੇ ਵਿਚ ਫ਼ਿਰਕੂ ਹਿੰਦੂਆਂ ਨੇ ਇਕ ਕਾਨਫ਼ਰੰਸ 27 ਮਾਰਚ ਨੂੰ ਅੰਮ੍ਰਿਤਸਰ ਵਿਚ ਕਰਨ ਦਾ ਐਲਾਨ ਕੀਤਾ। ਇਸ ਤੋਂ ਇਕ ਹਫ਼ਤਾ ਪਹਿਲਾਂ ਪੰਜਾਬ ਹਾਈ ਕੋਰਟ ਦੀ ਨਵੀਂ ਇਮਾਰਤ ਦੀ ਚੱਠ (ਉਦਘਾਟਨ) ਵੇਲੇ ਪੰਡਤ ਜਵਾਹਰ ਲਾਲ ਨਹਿਰੂ ਨੇ ਤਕਰੀਰ ਕਰਦਿਆਂ ਕਿਹਾ ਕਿ ''ਪੰਜਾਬੀ ਹਿੰਦੂ ਪੰਜਾਬ ਵਿਚ ਫ਼ਿਰਕੂ ਮਾਹੌਲ ਪੈਦਾ ਕਰਨ ਦਾ ਜ਼ਿੰਮੇਦਾਰ ਹੈ ਤੇ ਪੰਜਾਬ ਇਸ ਬੀਮਾਰੀ ਦਾ ਸੈਂਟਰ ਬਣ ਕੇ ਰਹਿ ਗਿਆ ਹੈ।'' ਪੰਡਤ ਨਹਿਰੂ ਦੇ ਇਸ ਇਕਬਾਲੀਆ ਬਿਆਨ ਦੇ ਬਾਵਜੂਦ ਪੰਜਾਬ ਦੇ ਮਹਾਸ਼ਿਆਂ ਨੇ ਫ਼ਿਰਕਾਪ੍ਰਸਤੀ ਤੇ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਜਾਰੀ ਰੱਖੀਆਂ। 27 ਮਾਰਚ ਦੇ ਦਿਨ ਅੰਮ੍ਰਿਤਸਰ ਵਿਚ ਹੋਈ 'ਮਹਾਂ ਪੰਜਾਬ ਕਾਨਫ਼ਰੰਸ' ਵਿਚ ਇਨ੍ਹਾਂ ਨੇ ਸਿੱਖਾਂ ਦੇ ਖ਼ਿਲਾਫ਼ ਬੜੇ ਭੜਕਾਊ ਲਫ਼ਜ਼ ਵਰਤੇ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਮਾਸਟਰ ਤਾਰਾ ਸਿੰਘ ਨੂੰ ਰੱਜ ਕੇ ਗਾਲ੍ਹਾਂ ਕੱਢੀਆਂ।

ਇਸ ਕਾਨਫ਼ਰੰਸ ਤੋਂ ਬਾਅਦ ਦਹਿਸ਼ਤਗਰਦ ਤੇ ਫ਼ਿਰਕਾਪ੍ਰਸਤ ਹਿੰਦੂਆਂ ਨੇ ਫਿਰ ਪੰਜਾਬੀ ਸੂਬਾ, ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖਾਂ ਦੇ ਖ਼ਿਲਾਫ਼ ਲਗਾਤਾਰ ਬਿਆਨ ਦੇਣੇ ਸ਼ੁਰੂ ਕਰ ਦਿੱਤੇ। ਹਿੰਦੂ ਜਿਥੇ ਵੀ ਇਕੱਠੇ ਹੁੰਦੇ, ਸਿੱਖਾਂ ਨੂੰ ਚਿੜਾਉਣ ਅਤੇ ਉਨ੍ਹਾਂ ਦੇ ਖ਼ਿਲਾਫ਼ ਮਾੜੇ ਲਤੀਫ਼ੇ ਬਣਾਉਣ ਦੀਆਂ ਅਤੇ ਉਨ੍ਹਾਂ 'ਤੇ ਪੱਥਰ ਮਾਰਨ ਤਕ ਵਰਗੀਆਂ ਹਰਕਤਾਂ ਪੰਜਾਬ ਵਿਚ ਆਮ ਕਰਨ ਲੱਗ ਪਏ ਸਨ। ਪੰਜਾਬੀ ਸੂਬਾ ਹਿੰਦੂਆਂ ਨੂੰ 'ਹਊਆ' ਨਜ਼ਰ ਆਉਂਦਾ ਸੀ। ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਆਮ ਹਿੰਦੂ ਪੰਜਾਬੀ ਸੂਬਾ ਮੁਰਦਾਬਾਦ ਦੇ ਨਾਅਰੇ ਲਾਉਂਦੇ ਨਜ਼ਰ ਆ ਸਕਦੇ

WWW.SIKHBOOKCLUB.COM

ਸਨ। 31 ਦਸੰਬਰ 1954 ਦੇ ਦਿਨ ਲੁਧਿਆਣੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪੁਰਬ 'ਤੇ ਸਿੱਖਾਂ ਦੇ ਜਲੂਸ 'ਤੇ ਇੱਟਾਂ ਪੱਥਰ ਮਾਰਨ ਦੀ ਹਰਕਤ ਦੇ ਖ਼ਿਲਾਫ਼ ਹੋਏ ਪ੍ਰੋਟੈਸਟ ਤੋਂ ਬਾਅਦ ਜਾਪਦਾ ਸੀ ਕਿ ਹਿੰਦੂ ਹੁਣ ਮੁੜ ਕੇ ਅਜਿਹਾ ਨਹੀਂ ਕਰਨਗੇ। ਪਰ, ਅਪ੍ਰੈਲ ਵਿਚ ਵੈਸਾਖੀ ਦੇ ਸਬੰਧ ਵਿਚ ਨਿਕਲਣ ਵਾਲੇ ਜਲੂਸ ਤੋਂ ਪਹਿਲਾਂ ਦਹਿਸ਼ਤਪਸੰਦ ਹਿੰਦੂ ਆਗੂਆਂ ਨੇ ਫੇਰ ਐਲਾਨ ਕਰ ਦਿੱਤਾ ਕਿ ਉਹ ਕਿਸੇ ਜਲੂਸ ਵਿਚ ਪੰਜਾਬੀ ਸੂਬੇ ਦਾ ਨਾਅਰਾ ਨਹੀਂ ਲੱਗਣ ਦੇਣਗੇ ਤੇ ਜੇ ਕੋਈ ਨਾਅਰਾ ਲਾਏਗਾ ਤਾਂ ਉਹ ਪਥਰਾਓ ਕਰਨਗੇ। ਇਹੋ ਜਿਹੇ ਦਹਿਸ਼ਤਗਰਦੀ ਵਾਲੇ, ਭੜਕਾਊ, ਐਲਾਨੀਆ ਕਾਨੂੰਨ ਤੋੜਨ ਵਾਲੇ ਬਿਆਨਾਂ ਦੇ ਬਾਵਜੂਦ ਸਰਕਾਰ ਨੇ ਇਨ੍ਹਾਂ ਲੋਕਾਂ 'ਤੇ ਕੋਈ ਐਕਸ਼ਨ ਨਾ ਲਿਆ। 14 ਅਪ੍ਰੈਲ 1955 ਦੇ ਦਿਨ ਅੰਮ੍ਰਿਤਸਰ ਵਿਚ 'ਸੀਸ ਭੇਟ ਮਹੱਲਾ' ਦੇ ਸਬੰਧ ਵਿਚ ਇਕ ਜਲੂਸ ਕੱਢਿਆ ਜਾਣਾ ਸੀ। ਇਸ ਤੋਂ ਇਕ ਹਫ਼ਤਾ ਪਹਿਲਾਂ ਪੰਜਾਬ ਸਰਕਾਰ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ, ਅੰਮ੍ਰਿਤਸਰ ਜ਼ਿਲ੍ਹੇ ਵਿਚ, 6 ਅਪ੍ਰੈਲ ਤੋਂ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ 'ਤੇ ਪਾਬੰਦੀ ਲਾ ਦਿੱਤੀ ਤੇ ਇਸ ਦੇ ਨਾਲ ਹੀ ਪੰਜਾਬ ਵਿਚ ਬਿਨਾ ਸਰਕਾਰੀ ਇਜਾਜ਼ਤ ਜਲਸੇ-ਜਲੂਸਾਂ 'ਤੇ ਵੀ ਪਾਬੰਦੀ ਲਾ ਦਿੱਤੀ। ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਕਿ ਸਿੱਖ ਧਾਰਮਿਕ ਜਲੂਸ ਕੱਢਣ ਦੀ ਇਜਾਜ਼ਤ ਨਹੀਂ ਲੈਣਗੇ ਅਤੇ ਹਰ ਹਾਲਤ ਵਿਚ ਜਲੂਸ ਕੱਢਣਗੇ। ਇਸ 'ਤੇ ਸਰਕਾਰ ਨੇ ਸ਼ਰਮਿੰਦੇ ਹੋ ਕੇ ਐਲਾਨ ਕੀਤਾ ਕਿ ਧਾਰਮਿਕ ਜਲੂਸਾਂ 'ਤੇ ਕੋਈ ਪਾਬੰਦੀ ਨਹੀਂ ਲਾਈ ਗਈ ਅਤੇ ਸਿਰਫ਼ ਨਾਅਰਿਆਂ 'ਤੇ ਹੀ ਪਾਬੰਦੀ ਲਾਈ ਗਈ ਹੈ।

ਐਲਾਨ ਮੁਤਾਬਿਕ ਸਿੱਖਾਂ ਨੇ 14 ਅਪ੍ਰੈਲ ਨੂੰ ਜਲੂਸ ਕੱਢਿਆ। ਇਹ ਜਲੂਸ ਘੰਟਾ ਘਰ ਤੋਂ ਚੱਲਿਆ। ਹਿੰਦੂਆਂ ਨੇ ਰਸਤੇ ਵਿਚ ਬਿਨਾਂ ਵਜਹ ਸਿੱਖਾਂ 'ਤੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਪੁਲਿਸ ਵਾਲੇ ਹਿੰਦੂ ਦਹਿਸ਼ਤਗਰਦਾਂ ਨੂੰ ਚੁਪ-ਚਾਪ ਵੇਖਦੇ ਰਹੇ। ਜਦ ਉਸ ਦੇ ਖ਼ਿਲਾਫ਼ ਪ੍ਰੋਟੈਸਟ ਹੋਇਆ ਤਾਂ ਅਗਲੇ ਦਿਨ ਸਰਕਾਰ ਨੇ ਕੁੱਝ ਇਕ ਜਨਸੰਘੀ ਗ੍ਰਿਫ਼ਤਾਰ ਕਰ ਲਏ। ਇਸ ਦੇ ਨਾਲ ਹੀ ਕਈ ਸਿੱਖ ਨੌਜਵਾਨਾਂ ਨੂੰ ਵੀ ਦਫ਼ਾ 188 ਹੇਠ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਵਿਚ ਮਨਜੀਤ ਸਿੰਘ (ਐਡੀਟਰ ਸੰਤ ਸਿਪਾਹੀ), ਮਿਊਂਸਪਲ ਕਮਿਸ਼ਨਰ ਬੇਦੀ ਰਛਪਾਲ ਸਿੰਘ, ਹਰਬੰਸ ਸਿੰਘ ਗੜਗੱਜ, ਇੰਦਰ ਸਿੰਘ ਕੰਬੋਜ, ਪੂਰਨ ਸਿੰਘ ਜੋਸ਼, ਸੰਤੋਖ ਸਿੰਘ ਥੜ੍ਹਾ ਸਾਹਿਬ, ਕਰਤਾਰ ਸਿੰਘ ਅੰਮ੍ਰਿਤ, ਕਾਕਾ ਪ੍ਰੀਤਮ ਸਿੰਘ ਸੇਵਕ, ਤੇਜਾ ਸਿੰਘ, ਹਰਬੰਸ ਸਿੰਘ ਭਾਟੀਆ, ਪ੍ਰਿਤਪਾਲ ਸਿੰਘ, ਅਵਤਾਰ ਸਿੰਘ ਜੋਗੀ ਵੀ ਸ਼ਾਮਿਲ ਸਨ। ਇਨ੍ਹਾਂ ਸਿੱਖਾਂ ਨੇ ਜ਼ਮਾਨਤਾਂ 'ਤੇ ਰਿਹਾ ਹੋਣ ਤੋਂ ਨਾਂਹ ਕਰ ਦਿੱਤੀ। ਅਗਲੇ ਦਿਨ ਗੁਰੂ ਦਾ ਬਾਗ਼ 'ਚ ਸਜੇ ਦੀਵਾਨ ਵਿਚ ਮਾਸਟਰ ਤਾਰਾ ਸਿੰਘ ਨੇ ਆਖਿਆ ਕਿ ਸਿੱਖ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ 'ਤੇ ਪਾਬੰਦੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਨੇ ਐਲਾਨ ਕੀਤਾ ਕਿ ਜੇ 23 ਅਪ੍ਰੈਲ ਤਕ ਇਹ ਪਾਬੰਦੀ ਨਾ ਹਟਾਈ ਗਈ ਤਾਂ ਇਸ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ ਜਾਵੇਗਾ। ਸਰਕਾਰ ਨੇ ਇਸ ਐਲਾਨ ਦੀ ਪ੍ਰਵਾਹ ਨਾ ਕੀਤੀ। 24 ਅਪ੍ਰੈਲ ਦੇ ਦਿਲ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 10 ਮਈ 1955 ਤੋਂ ਮੋਰਚਾ

WWW.SIKHBOOKCLUB.COM

ਲਾਉਣ ਦਾ ਐਲਾਨ ਕਰ ਦਿੱਤਾ। ਪਹਿਲੀ ਮਈ ਨੂੰ ਲੁਧਿਆਣੇ ਵਿਚ ਸਾਰੀਆਂ ਪਾਰਟੀਆਂ ਦੀ ਇਕ ਸਾਂਝੀ ਮੀਟਿੰਗ ਹੋਈ, ਜਿਸ ਵਿਚ ਇਹ ਫੈਸਲਾ ਲਿਆ ਗਿਆ ਕਿ ਸਿੱਖ ਤੇ ਹਿੰਦੂ ਇਕ ਦੂਜੇ ਦੇ ਖ਼ਿਲਾਫ ਨਾਅਰੇ ਨਹੀਂ ਲਾਉਣਗੇ। ਉਸ ਤੋਂ ਦੋ ਦਿਨ ਬਾਅਦ ਭੀਮ ਸੈਨ ਸੱਚਰ ਨੇ ਨਾਅਰਿਆਂ ਤੋਂ ਪਾਬੰਦੀ ਵਾਪਸ ਲੈਣ ਦਾ ਫ਼ੈਸਲਾ ਕਰ ਲਿਆ ਪਰ ਕੁਝ ਹਿੰਦੂ ਆਗੂਆਂ ਨੇ ਸੱਚਰ ਨੂੰ ਭੜਕਾ ਕੇ ਅਕਾਲੀਆਂ ਦੇ ਖ਼ਿਲਾਫ਼ ਫੇਰ ਬਿਆਨ ਦਿਵਾ ਦਿੱਤਾ। ਉਸ ਨੇ ਕਿਹਾ ਕਿ ਸਰਕਾਰ ਅਕਾਲੀਆਂ ਅੱਗੇ ਨਹੀਂ ਝੁਕੇਗੀ ਜੇ ਕਰ ਅਕਾਲੀ ਮੋਰਚਾ ਲਾਉਣਗੇ ਤਾਂ ਉਨ੍ਹਾਂ ਨੂੰ ਕੁਚਲ ਕੇ ਰੱਖ ਦਿੱਤਾ ਜਾਵੇਗਾ। ਹੁਣ ਯਕੀਨੀ ਹੋ ਗਿਆ ਸੀ ਕਿ 10 ਮਈ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਮੋਰਚਾ ਜ਼ਰੂਰ ਸ਼ੁਰੂ ਹੋ ਜਾਵੇਗਾ।

9 ਮਈ ਨੂੰ ਲੁਧਿਆਣੇ ਵਿਚ ਆਲ ਪਾਰਟੀਜ਼ ਕਾਨਫ਼ਰੰਸ ਲਾਲਾ ਕੇਦਾਰ ਨਾਥ ਸਹਿਗਲ ਦੀ ਪ੍ਰਧਾਨਗੀ ਹੇਠ ਹੋਈ। ਇਸ ਨੇ ਅਕਾਲੀ ਦਲ ਦੀ ਹਿਮਾਇਤ ਦਾ ਐਲਾਨ ਕਰ ਦਿੱਤਾ। ਹੋਰ ਪਾਰਟੀਆਂ ਵੱਲੋਂ ਵੀ ਅਕਾਲੀ ਦਲ ਨੂੰ ਚੰਗਾ ਹੁੰਗਾਰਾ ਮਿਲਿਆ।

10 ਮਈ ਦੇ ਦਿਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਿੱਤੇ ਨੋਟਿਸ ਦੀ ਮਿਆਦ ਖ਼ਤਮ ਹੋ ਗਈ ਸੀ ਅਤੇ ਉਸ ਦਿਨ ਪਹਿਲਾ ਜਥਾ ਭੇਜਿਆ ਜਾਣਾ ਸੀ। ਸ਼ਾਮ ਨੂੰ 7 ਵਜੇ ਮੰਜੀ ਸਾਹਿਬ ਵਿਚ ਇਕ ਭਾਰੀ ਦੀਵਾਨ ਸਜਾਇਆ ਗਿਆ। ਇਸ ਦੀਵਾਨ ਵਿਚ ਹਜ਼ਾਰਾਂ-ਲੱਖਾਂ ਸਿੱਖ ਹਾਜ਼ਰ ਸਨ। ਮਾਸਟਰ ਤਾਰਾ ਸਿੰਘ ਨੇ ਮੰਜੀ ਸਾਹਿਬ ਦੀ ਸਟੇਜ ਤੋਂ ਐਲਾਨ ਕੀਤਾ :

''ਸਿੱਖੋ ਅਸੀਂ ਆਜ਼ਾਦੀ ਮੰਗਦੇ ਹਾਂ ਅਤੇ ਇਹ ਅਸਾਨੂੰ ਡੂੰਘੀ ਗ਼ੁਲਾਮੀ ਹੇਠਾਂ ਫ਼ਸਾਉਣ ਨੂੰ ਫਿਰਦੇ ਹਨ। ਅਸੀਂ ਅਜੋਕੀ ਹਾਲਤ ਤੋਂ ਸੰਤੁਸ਼ਟ ਨਹੀਂ ਹਾਂ ਤੇ ਪੰਜਾਬੀ ਸੂਬਾ ਮੰਗਦੇ ਹਾਂ ਪਰ ਇਹ ਸਾਨੂੰ ਪੰਜਾਬੀ ਸੂਬੇ ਦੀ ਮੰਗ ਦਾ ਪ੍ਰਚਾਰ ਕਰਨ ਤੋਂ ਵੀ ਰੋਕਦੇ ਹਨ। ਇਸ ਨਾਅਰੇ 'ਤੇ ਪਾਬੰਦੀ ਲਾ ਦਿੱਤੀ ਗਈ। ਖਾਲਸਾ ਜੀ! ਇਹ ਸਮਝ ਲਓ ਕਿ ਇਹ ਸਭ ਕੁਝ ਸਾਡੀ ਅਣਖ ਮਾਰਨ ਲਈ ਹੀ ਹੋ ਰਿਹਾ ਹੈ। ਇਹੀ ਕੁਝ ਤਾਂ ਸਾਡੇ ਕੋਲ ਹੈ, ਜੇ ਇਹੋ ਚਲੀ ਗਈ ਤਾਂ ਸਮਝ ਲਓ, ਸਭ ਕੁਝ ਗਿਆ। ਇਸ ਲਈ ਅਣਖ ਕਾਇਮ ਰੱਖਣ ਲਈ ਸਭ ਕੁਝ ਦਾਅ 'ਤੇ ਲਾ ਦਿਓ। ਇਹ ਸਮਾਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪੂਰਨਿਆਂ 'ਤੇ ਚਲ ਕੇ ਸ਼ਾਂਤਮਈ ਰਹਿੰਦੀਆਂ ਹੋਇਆਂ ਸੀਸ ਭੇਟ ਕਰਨ ਦਾ ਹੈ। ਮੁਕਾਬਲਾ ਹੰਕਾਰੀ ਹਾਕਮਾਂ ਨਾਲ ਹੈ, ਪਰ ਸਾਨੂੰ ਭਰੋਸਾ ਉਸ ਗੁਰੂ ਉੱਤੇ ਹੈ ਜਿਸ ਨੇ ਕਿਹਾ ਸੀ:

ਗਰੀਬਾ ਉਪਰਿ ਜਿ ਖਿੰਜੈ ਦਾੜੀ।।
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ।।'' (ਸਫ਼ਾ 199)

ਮਾਸਟਰ ਤਾਰਾ ਸਿੰਘ ਦਾ ਇਹ ਸੁਨੇਹਾ ਸਾਰੀ ਸਿੱਖ ਕੌਮ ਨੂੰ ਟੁੰਬ ਗਿਆ ਅਤੇ ਕੌਮ ਦਾ ਇਕ-ਇਕ ਬੱਚਾ, ਬੁੱਢਾ ਤੇ ਜਵਾਨ, ਕੁਰਬਾਨੀ ਦੇਣ ਲਈ ਤਿਆਰ ਹੋ ਗਿਆ। ਮਾਸਟਰ ਨੇ ਐਲਾਨ ਕੀਤਾ ਕਿ ਅਸੀਂ ਦਫ਼ਾ 144 ਨਹੀਂ ਤੋੜਨੀ। ਅਸੀਂ ਸਿਰਫ਼ 'ਪੰਜਾਬੀ ਸੂਬਾ ਜ਼ਿੰਦਾਬਾਦ' ਨਾਅਰੇ 'ਤੇ ਲੱਗੀ ਹੋਈ ਨਾਜਾਇਜ਼ ਪਾਬੰਦੀ ਤੋੜਨੀ ਹੈ। ਇਸ ਲਈ ਅਸੀਂ 4-4 ਦੇ ਜਥਿਆਂ ਵਿਚ ਜਾ ਕੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਮਾਰ ਕੇ ਗ੍ਰਿਫਤਾਰੀ ਦੇਵਾਂਗੇ।

WWW.SIKHBOOKCLUB.COM

ਇਸ ਮਗਰੋਂ ਮਾਸਟਰ ਤਾਰਾ ਸਿੰਘ ਆਪਣੇ ਤਿੰਨ ਹੋਰ ਸਾਥੀਆਂ ਸਮੇਤ ਗ੍ਰਿਫ਼ਤਾਰੀ ਦੇਣ ਲਈ ਮੰਜੀ ਸਾਹਿਬ ਦੇ ਦੀਵਾਨ ਵਿਚੋਂ ਬਾਹਰ ਨਿਕਲਿਆ। ਪੁਲੀਸ ਦੀ ਭਾਰੀ ਫ਼ੋਰਸ ਬ੍ਰਹਮ ਬੂਟਾ ਅਖਾੜਾ ਸਾਹਮਣੇ ਉਸ ਨੂੰ ''ਜੀ ਆਇਆਂ'' ਆਖਣ ਵਾਸਤੇ ਮੌਜੂਦ ਸੀ। ਜਦ ਮਾਸਟਰ ਤਾਰਾ ਸਿੰਘ ਗ੍ਰਿਫ਼ਤਾਰੀ ਦੇਣ ਵਾਸਤੇ ਜਾ ਰਹੇ ਸਨ ਤਾਂ ਲੋਕ ਉਹਨਾਂ ਉੱਤੇ ਪੈਸਿਆਂ, ਨੋਟਾਂ ਅਤੇ ਫੁੱਲਾਂ ਦਾ ਮੀਂਹ ਵਰ੍ਹਾ ਰਹੇ ਸਨ। ਨਾਕੇ 'ਤੇ ਪੁੱਜਦਿਆਂ ਹੀ ਪੁਲੀਸ ਨੇ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਕੇ ਆਪਣੀ ਜੀਪ ਵਿਚ ਬਿਠਾ ਲਿਆ। ਇਸ ਪਿੱਛੋਂ ਦੋ ਹੋਰ ਜਥਿਆਂ ਨੇ ਏਸੇ ਤਰ੍ਹਾਂ ਮਿੱਥੇ ਹੋਏ ਨਾਅਰੇ ਲਾ ਕੇ ਗ੍ਰਿਫ਼ਤਾਰੀ ਦਿੱਤੀ। ਇਸ ਤਰ੍ਹਾਂ ਮੋਰਚੇ ਦੇ ਪਹਿਲੇ ਦਿਨ ਮਾਸਟਰ ਜੀ ਦੀ ਜਥੇਦਾਰੀ ਹੇਠ ਲਿਖੇ ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ:

ਮੱਖਣ ਸਿੰਘ ਵੇਰਕਾ, ਕਾਲਾ ਸਿੰਘ ਸੁਲਤਾਨਵਿੰਡ, ਨਰੈਣ ਸਿੰਘ ਹਮਜ਼ਾ, ਤਾਰਾ ਸਿੰਘ ਸ਼ਹੀਦ, ਸ਼ੇਰ ਸਿੰਘ ਜੇਜਾ, ਦਲਜੀਤ ਸਿੰਘ (ਇੰਚਾਰਜ ਬੀਰ ਖਾਲਸਾ ਦਲ), ਅਵਤਾਰ ਸਿੰਘ ਛਤੀਰੀਆਂ ਵਾਲੇ, ਬਾਬਾ ਕਰਤਾਰ ਸਿੰਘ (ਕੋਟ ਬਾਬਾ ਦੀਪ ਸਿੰਘ), ਸੰਤੋਖ ਸਿੰਘ, ਬਲਬੀਰ ਸਿੰਘ।

ਮਾਸਟਰ ਜੀ ਦੇ ਜਥੇ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਸਰਕਾਰ ਨੇ ਮੋਰਚੇ ਨੂੰ ਕੁਚਲ ਦਣ ਵਾਸਤੇ ਅਕਾਲੀ ਵਰਕਰਾਂ ਦੀਆਂ ਧੜਾਧੜ ਗ੍ਰਿਫ਼ਤਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

11 ਮਈ ਨੂੰ ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਗਿਆਨੀ ਹਰਚਰਨ ਸਿੰਘ ਹੁੜਿਆਰਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 11-12 ਮਈ ਦੀ ਰਾਤ ਨੂੰ ਪੁਲੀਸ ਨੇ ਜਥੇਦਾਰ ਲੱਖਾ ਸਿੰਘ ਬਜਾਜ, ਜਥੇਦਾਰ ਇੰਦਰ ਸਿੰਘ, 13 ਮਈ ਨੂੰ ਅਕਾਲੀ ਦਲ ਦੇ ਜਨਰਲ ਸਕੱਤਰ ਜੋਗਿੰਦਰ ਸਿੰਘ ਰੇਖੀ, ਗਿਆਨੀ ਕੇਹਰ ਸਿੰਘ ਵੈਰਾਗੀ, ਜਗੀਰ ਸਿੰਘ ਰੋਡੇ, ਕਿਰਪਾਲ ਸਿੰਘ ਰੋਡੇ ਅਤੇ ਹੋਰ ਅਕਾਲੀ ਗ੍ਰਿਫ਼ਤਾਰ ਕਰ ਲਏ।

13-14 ਮਈ ਦੀ ਰਾਤ ਨੂੰ ਪੁਲਿਸ ਨੇ ਜਲੰਧਰ ਤੋਂ ਅਜੀਤ ਸਿੰਘ ਸਰਹੱਦੀ, ਗਿਆਨੀ ਭਜਨ ਸਿੰਘ, ਜਥੇਦਾਰ ਕਿਸ਼ਨ ਸਿੰਘ, ਜਥੇਦਾਰ ਕਲਿਆਣ ਸਿੰਘ ਨਿਧੜਕ, ਗੁਰਬਚਨ ਸਿੰਘ ਖੇੜਾ, ਭਾਈ ਤਾਰਾ ਸਿੰਘ ਗ੍ਰੰਥੀ, ਬਾਬਾ ਜੀਵਨ ਸਿੰਘ ਦੁੱਗਲ ਨੂੰ ਸਕਿਉਰਟੀ ਐਕਟ ਹੇਠ ਗ੍ਰਿਫ਼ਤਾਰ ਕਰ ਲਿਆ। ਇਸ ਦੇ ਨਾਲ ਹੀ ਗਿਆਨੀ ਲਾਭ ਸਿੰਘ ਫੱਖਰ, ਮਾਸਟਰ ਦਲੀਪ ਸਿੰਘ ਬੱਬਰ, ਨਰਿੰਜਨ ਸਿੰਘ ਪੱਟੀ, ਉਮਰਾਓ ਸਿੰਘ ਐਡਵੋਕੇਟ (ਮਗਰੋਂ ਵਜ਼ੀਰ) ਅਤੇ ਹੋਰ ਬਹੁਤ ਸਾਰੇ ਅਕਾਲੀ ਵਾਲੰਟੀਅਰ ਵੀ ਗ੍ਰਿਫ਼ਤਾਰ ਕਰ ਲਏ ਗਏ। 15 ਮਈ ਨੂੰ ਪੁਲਿਸ ਨੇ ਅਕਾਲੀ ਦਲ ਦੇ ਜਨਰਲ ਸਕੱਤਰ ਗਿਆਨੀ ਕਰਤਾਰ ਸਿੰਘ ਨੂੰ ਨਵੀਂ ਦਿੱਲੀ ਵਿਚ ਗ੍ਰਿਫ਼ਤਾਰ ਕਰ ਲਿਆ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਹਰਨਾਮ ਸਿੰਘ ਤੇ ਗਿਆਨੀ ਪੂਰਨ ਸਿੰਘ, ਡਾਕਟਰ ਰਘਬੀਰ ਸਿੰਘ ਪ੍ਰਧਾਨ ਅਕਾਲੀ ਜਥਾ ਅੰਮ੍ਰਿਤਸਰ, ਗਿਆਨੀ ਫ਼ੌਜਾ ਸਿੰਘ (ਮੁੱਖ ਸੇਵਾਦਾਰ ਕੇਸਗੜ੍ਹ ਸਾਹਿਬ) ਵੀ ਗ੍ਰਿਫ਼ਤਾਰ ਕਰ ਲਏ ਗਏ।

ਮਾਸਟਰ ਤਾਰਾ ਸਿੰਘ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਪ੍ਰਿੰਸੀਪਲ ਇਕਬਾਲ ਸਿੰਘ

WWW.SIKHBOOKCLUB.COM

ਨੂੰ ਮੋਰਚੇ ਦੀ ਵਾਗਡੋਰ ਸੌਂਪ ਦਿਤੀ ਸੀ। ਉਸ ਨੇ ਹਰ ਰੋਜ਼ ਜਥੇ ਭੇਜਣੇ ਸ਼ੁਰੂ ਕਰ ਦਿੱਤੇ। 11 ਮਈ ਦੇ ਦਿਲ ਸਰਦਾਰ ਹਰਬੰਸ ਸਿੰਘ ਮਜੀਠਾ ਮੈਂਬਰ ਸ਼੍ਰੋਮਣੀ ਕਮੇਟੀ ਦੀ ਕਮਾਨ ਹੇਠ 16 ਸਿੱਖਾਂ ਦੇ 4 ਜਥਿਆਂ ਨੇ ਗ੍ਰਿਫ਼ਤਾਰੀ ਦਿੱਤੀ। ਉਨ੍ਹਾਂ ਵਿਚ ਸ਼ਹਿਰ ਦੇ ਪੰਜ ਨੌਜਵਾਨ ਵੀ ਸ਼ਾਮਿਲ ਸਨ। 12 ਮਈ ਦੇ ਦਿੰਨ ਪ੍ਰੇਮ ਸਿੰਘ ਲਾਲਪੁਰਾ ਜਥਾ ਲੈ ਕੇ ਗ੍ਰਿਫ਼ਤਾਰ ਹੋਇਆ। 13 ਮਈ ਦੇ ਦਿਨ ਜੀਵਨ ਸਿਘ ਉਮਰਾਨੰਗਲ ਅਤੇ 14 ਮਈ ਨੂੰ ਦਲੀਪ ਸਿੰਘ ਮਾਛੀਕੇ ਮੈਂਬਰ ਸ਼੍ਰੋਮਣੀ ਕਮੇਟੀ ਜਥਾ ਲੈ ਕੇ ਜੇਲ੍ਹ ਗਏ। ਇਸ ਦਿਨ ਮੰਜੀ ਸਾਹਿਬ ਦੀਵਾਨ ਹਾਲ ਵਿਚ 50-60 ਹਜ਼ਾਰ ਸਿੱਖ ਹਾਜ਼ਿਰ ਸਨ। ਜਦੋਂ ਜਥੇਦਾਰ ਦਲੀਪ ਸਿੰਘ ਮਾਛੀਕੇ ਦਾ ਜਥਾ ਗ੍ਰਿਫ਼ਤਾਰੀ ਦੇਣ ਨਿਕਲਿਆ ਤਾਂ ਸੰਗਤਾਂ ਦੀ ਭੀੜ ਵਿਚੋਂ ਚਾਰ ਨੌਜਵਾਨ ਆਪਣੇ ਆਪ ਨਿਕਲੇ ਅਤੇ ਨਾਅਰੇ ਮਾਰਦੇ ਹੋਏ ਗ੍ਰਿਫ਼ਤਾਰ ਹੋ ਗਏ। 15 ਮਈ ਨੂੰ ਤਾਰਾ ਸਿੰਘ ਐਗਜ਼ੈਕਟਿਵ ਮੈਂਬਰ ਸ਼੍ਰੋਮਣੀ ਕਮੇਟੀ ਜਥਾ ਲੈ ਕੇ ਗਏ। ਇਸੇ ਦਿਨ ਮੋਗੇ ਤੋਂ ਆਉਂਦਾ ਇਕ ਜਥਾ ਰਸਤੇ ਵਿਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ। 16 ਮਈ ਨੂੰ ਅੰਮ੍ਰਿਤਸਰ ਦੇ ਜਥੇਦਾਰ ਨਰੈਣ ਸਿੰਘ, 17 ਮਈ ਨੂੰ ਜਥੇਦਾਰ ਤਾਰਾ ਸਿੰਘ ਮੋਗਾ, 18 ਮਈ ਨੂੰ ਜਥੇਦਾਰ ਕੁੰਦਨ ਸਿੰਘ ਜਥਾ ਲੈ ਕੇ ਜੇਲ੍ਹ ਗਏ, 19 ਮਈ ਨੂੰ ਰਣਜੀਤ ਸਿੰਘ ਨਾਜ਼ (ਲੁਧਿਆਣਾ) ਜਥਾ ਲੈ ਕੇ ਜੇਲ੍ਹ ਗਏ। ਮੋਰਚੇ ਦੇ 11 ਵੇਂ ਦਿਨ, 20 ਮਈ ਨੂੰ ਪ੍ਰੇਮ ਸਿੰਘ ਜੈਤੋ ਸਰਜਾ ਨੇ 24 ਸਿੱਖਾਂ ਦਾ ਜਥਾ ਲੈ ਕੇ ਗ੍ਰਿਫ਼ਤਾਰੀ ਦਿੱਤੀ। 21 ਮਈ ਨੂੰ ਹਰਜੀਤ ਸਿੰਘ ਰੰਧਾਵਾ, 22 ਮਈ ਦੇ ਦਿਨ ਗਿਆਨੀ ਗੁਰਦਿਆਲ ਸਿੰਘ ਹੁਸ਼ਿਆਰਪੁਰ ਤੇ ਢਾਡੀਆਂ ਦੇ ਇਕ ਜਥੇ ਨੇ ਗ੍ਰਿਫ਼ਤਾਰੀਆਂ ਦਿੱਤੀਆਂ। 23 ਮਈ ਨੂੰ ਜਥੇਦਾਰ ਹੀਰਾ ਸਿੰਘ, 24 ਮਈ ਨੂੰ ਸੰਤੋਖ ਸਿੰਘ (ਰੋਪੜ) ਦੇ ਜਥਿਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ।

25 ਮਈ ਨੂੰ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਪੁਰਬ ਸੀ। ਇਸ ਦਿਨ ਜਥੇਦਾਰ ਸੰਪੂਰਨ ਸਿੰਘ ਰਾਮਾ ਢਾਈ ਸੌ ਸਿੱਖਾਂ ਦਾ ਵੱਡਾ ਜਥਾ ਲੈ ਕੇ ਜੇਲ੍ਹ ਚਲੇ ਗਏ। ਇਸ ਦਿਨ ਮੰਜੀ ਸਾਹਿਬ ਅਤੇ ਇਸ ਦੇ ਆਲੇ ਦੁਆਲੇ ਇਕ ਲੱਖ ਤੋਂ ਲੈ ਕੇ ਡੇਢ ਲੱਖ ਦੇ ਵਿਚਕਾਰ ਸੰਗਤਾਂ ਹਾਜ਼ਰ ਸਨ। ਇਸੇ ਦਿਨ ਹੀ ਬੀਬੀਆਂ ਦਾ ਇਕ ਜਥਾ ਵੀ ਪਹਿਲੀ ਵਾਰ ਜੇਲ੍ਹ ਗਿਆ। ਇਸ ਜਥੇ ਦੀ ਅਗਵਾਈ ਮਸ਼ਹੂਰ ਰੇਡੀਓ ਸਿੰਗਰ ਬੀਬੀ ਜੋਗਿੰਦਰ ਕੌਰ ਨੇ ਕੀਤੀ। 26 ਮਈ ਨੂੰ ਜਥੇਦਾਰ ਜਬਰ ਸਿੰਘ ਬੀਲ੍ਹਾ, ਜਿਹੜੇ ਬਾਬਾ ਬੁੱਢਾ ਜੀ ਦੇ ਪਰਿਵਾਰ ਵਿੱਚੋਂ ਸਨ, ਨੇ 35 ਸਿੱਖਾਂ ਦੇ ਜਥੇ ਨਾਲ ਗ੍ਰਿਫ਼ਤਾਰੀ ਦਿੱਤੀ। 27 ਮਈ ਨੂੰ ਜਥੇਦਾਰ ਪ੍ਰੀਤਮ ਸਿੰਘ ਸਾਹੋਕੇ ਐਮ.ਐਲ.ਏ. 40 ਸਿੱਖਾਂ ਦੇ ਜਥੇ ਨਾਲ ਗ੍ਰਿਫ਼ਤਾਰ ਹੋਏ। ਇਸ ਦਿਨ 8 ਹੋਰ ਸਿੰਘਾਂ ਨੇ ਆਪਣੇ ਆਪ ਹੀ ਨਾਅਰੇ ਲਾ ਕੇ ਗ੍ਰਿਫਤਾਰੀ ਦੇ ਦਿੱਤੀ। 28 ਮਈ ਨੂੰ ਪਟਿਆਲੇ ਦੇ ਜਥੇਦਾਰ ਅਕਾਲੀ ਮੱਖਣ ਸਿੰਘ ਅਤੇ ਹਿਸਾਰ ਦੇ ਜਥੇਦਾਰ ਸਾਧੂ ਸਿੰਘ 20-20 ਸਿੱਖਾਂ ਦੇ ਜਥੇ ਲੈ ਕੇ ਗ੍ਰਿਫ਼ਤਾਰ ਹੋਏ। 29 ਮਈ ਨੂੰ ਬੇਅੰਤ ਸਿੰਘ ਐਮ.ਐਲ.ਏ. ਨੇ 55 ਸਿੱਖਾਂ ਨਾਲ ਗ੍ਰਿਫ਼ਤਾਰੀ ਦਿੱਤੀ। ਇਸੇ ਦਿਨ ਪੁਲਿਸ ਨੇ ਜਲੰਧਰ ਵਿਚ ਗੁਰਬਖ਼ਸ਼ ਸਿੰਘ ਬੰਨੂਆਣਾ, ਗੁਰਚਰਨ ਸਿੰਘ, ਰਘਬੀਰ ਸਿੰਘ ਅਤੇ ਕਈ ਹੋਰ ਵਰਕਰ ਗ੍ਰਿਫ਼ਤਾਰ ਕਰ ਲਏ।

WWW.SIKHBOOKCLUB.COM

ਇਸੇ ਦਿਨ ਸ਼ਾਮ ਵੇਲੇ ਗੁਰਦੁਆਰਾ ਸਿੰਘ ਸਭਾ ਜਲੰਧਰ ਦੇ ਬਾਹਰ ਬੀਬੀ ਜੋਗਿੰਦਰ ਕੌਰ ਅਤੇ ਰਾਜਿੰਦਰ ਸਿੰਘ ਰਾਣਾ ਨੇ ਵੀ ਨਾਅਰੇ ਲਾ ਕੇ ਗ੍ਰਿਫ਼ਤਾਰੀਆਂ ਦਿੱਤੀਆਂ।

30 ਮਈ ਦੇ ਦਿਨ ਮਹਿੰਦਰ ਸਿੰਘ ਢਿਲਵਾਂ ਅਤੇ ਹਜ਼ੂਰਾ ਸਿੰਘ ਲੁਧਿਆਣਾ ਦੀ ਅਗਵਾਈ ਹੇਠ 40 ਸਿੱਖ ਗ੍ਰਿਫ਼ਤਾਰ ਹੋਏ। 30 ਮਈ ਦੇ ਦਿਨ ਮਹੰਤ ਮੂਲ ਸਿੰਘ ਵੀ 10 ਸਿੱਖਾਂ ਦਾ ਜਥਾ ਲੈ ਕੇ ਜੇਲ੍ਹ ਗਏ। ਇਸੇ ਦਿਨ ਬੀ.ਬੀ.ਸੀ. ਲੰਡਨ ਦੇ ਨੁਮਾਇੰਦੇ ਨੇ ਆਪਣੇ ਅੱਖੀਂ ਮੋਰਚੇ ਵਿਚ ਲੋਕਾਂ ਦੇ ਜੋਸ਼ ਦਾ ਨਜ਼ਾਰਾ ਵੇਖਿਆ। 31 ਮਈ ਨੂੰ ਜਥੇਦਾਰ ਹਰਬੰਸ ਸਿੰਘ ਫ਼ਰੰਟੀਅਰ (ਦਿੱਲੀ) ਦੀ ਅਗਵਾਈ ਹੇਠ 42 ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ। ਇੰਞ ਮਈ ਮਹੀਨਾ ਖ਼ਤਮ ਹੋਣ ਤਕ, 21 ਦਿਨਾਂ ਦੇ ਮੋਰਚੇ ਵਿਚ, 4 ਹਜ਼ਾਰ ਦੇ ਕਰੀਬ ਸਿੱਖ ਗ੍ਰਿਫ਼ਤਾਰੀ ਦੇ ਚੁਕੇ ਸਨ।

ਪਹਿਲੀ ਜੂਨ ਨੂੰ ਜੰਮੂ ਕਸ਼ਮੀਰ ਦੇ ਆਗੂ ਸੰਤ ਸਿੰਘ ਤੇਗ 48 ਵਾਲੰਟੀਅਰਾਂ ਦਾ ਜਥਾ ਲੈ ਕੇ ਜੇਲ੍ਹ ਗਏ। ਉਨ੍ਹਾਂ ਨਾਲ ਜੰਮੂ ਦਾ ਇਕ ਹਿੰਦੂ ਨੌਜਵਾਨ ਉਜਾਗਰ ਮੱਲ ਵੀ ਸੀ ਜਿਸ ਨੇ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਆਪਣੇ ਸਿਰ ਤੋਂ ਟੋਪੀ ਲਾਹ ਕੇ ਸੁੱਟ ਦਿੱਤੀ ਅਤੇ ਕਿਹਾ ਕਿ ਮੈਂ ਜ਼ਿੰਦਗੀ ਭਰ ਇਸ ਬੇਈਮਾਨ ਟੋਪੀ ਨੂੰ ਆਪਣੇ ਸਿਰ 'ਤੇ ਨਹੀਂ ਰੱਖਾਂਗਾ। 2 ਜੂਨ ਨੂੰ ਹਰਬੰਸ ਸਿੰਘ ਈਸਾਪੁਰੀ ਮੈਂਬਰ ਸ਼੍ਰੋਮਣੀ ਕਮੇਟੀ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ। 3 ਜੂਨ ਨੂੰ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਪੀਤਮ ਸਿੰਘ ਖੁੜੰਜ ਨੇ 54 ਸਿੱਖਾਂ ਦੇ ਜਥੇ ਨਾਲ ਗ੍ਰਿਫ਼ਤਾਰੀ ਦਿੱਤੀ। ਇਸ ਜਥੇ ਵਿਚ ਭਾਗ ਸਿੰਘ ਐਮ.ਐਲ.ਏ. ਵੀ ਸ਼ਾਮਿਲ ਸਨ। ਇਸੇ ਦਿਨ ਲੁਧਿਆਣੇ ਵਿਚ ਜਥੇਦਾਰ ਸੁਰਜਨ ਸਿੰਘ ਠੇਕੇਦਾਰ ਅਤੇ ਕਈ ਹੋਰ ਸਿੱਖ ਵੀ ਗ੍ਰਿਫ਼ਤਾਰ ਕਰ ਲਏ ਗਏ। 4 ਜੂਨ ਨੂੰ ਜਥੇਦਾਰ ਅਮਰ ਸਿੰਘ ਅਲੀਗੜ੍ਹ ਦੀ ਅਗਵਾਈ ਹੇਠ 40 ਸਿੰਘਾਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ। ਇਸੇ ਦਿਨ 4 ਜੂਨ ਨੂੰ ਪੁਲਿਸ ਨੇ ਲੁਧਿਆਣੇ ਵਿਚ ਅਜਮੇਰ ਸਿੰਘ ਐਮ.ਐਲ.ਏ., ਵਜ਼ੀਰ ਸਿੰਘ ਐਮ.ਐਲ.ਏ. ਅਤੇ ਰਾਮਦਿਆਲ ਸਿੰਘ ਐਮ.ਐਲ.ਸੀ. ਨੂੰ ਵੀ ਗ੍ਰਿਫਤਾਰ ਕਰ ਲਿਆ। ਰੋਪੜ ਵਿਚ ਸੰਤ ਸਿੰਘ ਗੁਜਰਖਾਨੀ ਤੇ ਸਰਮੁਖ ਸਿੰਘ ਵੀ ਗ੍ਰਿਫ਼ਤਾਰ ਕਰ ਲਏ ਗਏ। ਇਸ ਦਿਨ ਜਲੰਧਰ ਵਿਚ ਵੀ ਕਈ ਸਿੱਖਾਂ ਦੇ ਜਥਿਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਇੱਥੇ ਡਾਕਟਰ ਕਰਤਾਰ ਸਿੰਘ ਬੱਬਰ 11 ਸਿੱਖਾਂ ਦਾ ਜਥਾ ਲੈ ਕੇ ਜੇਲ੍ਹ ਗਏ। ਮਲੋਟ ਵਿਚ ਗੁਰਦਾਸ ਸਿੰਘ ਬਾਦਲ 25 ਸਿੱਖਾਂ ਦਾ ਜਥਾ ਲੈ ਕੇ ਗ੍ਰਿਫ਼ਤਾਰ ਹੋਏ। ਮੁਕਤਸਰ ਤੇ ਹੋਰ ਬਹੁਤ ਸਾਰੇ ਥਾਵਾਂ 'ਤੇ ਵੀ ਬਹੁਤ ਸਾਰੇ ਸਿੱਖ ਆਗੂਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। 5 ਜੂਨ ਨੂੰ ਜਥੇਦਾਰ ਪ੍ਰੀਤਮ ਸਿੰਘ, ਪ੍ਰਧਾਨ ਗੁਰਦੁਆਰਾ ਥੰਮ੍ਹ ਸਾਹਿਬ ਕਰਤਾਰਪੁਰ ਤੇ ਬਾਵਾ ਸਿੰਘ ਕਨੇਡੀਅਨ 64 ਸਿੱਖਾਂ ਦਾ ਜਥਾ ਲੈ ਕੇ ਗ੍ਰਿਫ਼ਤਾਰ ਹੋਏ। 6 ਜੂਨ ਦਾ ਦਿਨ ਮੀਰੀ ਪੀਰੀ ਦੇ ਦਿਨ ਵਜੋਂ ਮਨਾਇਆ ਗਿਆ। ਇਸ ਦਿਨ ਮੱਖਣ ਸਿੰਘ ਹਰੋਕੇ ਨੇ 132 ਸਿੱਖਾਂ ਦੇ ਜਥੇ ਨਾਲ ਗ੍ਰਿਫ਼ਤਾਰੀ ਦਿੱਤੀ। ਇਸੇ ਦਿਨ ਬੀਬੀ ਕਿਰਪਾਲ ਕੌਰ ਦੀ ਜਥੇਦਾਰੀ ਹੇਠ 16 ਬੀਬੀਆਂ ਵੀ ਜੇਲ੍ਹ ਗਈਆਂ। 7 ਜੂਨ ਨੂੰ ਗੁਰਬਖ਼ਸ਼ ਸਿੰਘ ਅਤੇ ਸ਼ਿਵ ਸਿੰਘ ਦੀ ਅਗਵਾਈ ਹੇਠ 40 ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ।

WWW.SIKHBOOKCLUB.COM

7 ਜੂਨ ਨੂੰ ਕੇਦਾਰ ਨਾਥ ਸਹਿਗਲ ਤੇ ਸ੍ਰੀਰਾਮ ਸ਼ਰਮਾ (ਜਨਤਾ ਕਾਂਗਰਸ), ਸੋਹਨ ਸਿੰਘ ਜੋਸ਼ ਤੇ ਹਰਕਿਸ਼ਨ ਸੁਰਜੀਤ (ਕਮਿਊਨਿਸਟ) ਅਤੇ ਰਣਧੀਰ ਸਿੰਘ (ਪਰਜਾ ਸੋਸ਼ਲਿਸਟ) ਨੇ ਪੰਜਾਬੀ ਸੂਬਾ ਜ਼ਿੰਦਾਬਾਦ ਨਾਅਰੇ 'ਤੇ ਪਾਬੰਦੀ ਦੀ ਵਿਰੋਧਤਾ ਕੀਤੀ।

8 ਜੂਨ ਨੂੰ ਜਥੇਦਾਰ ਗੁਰਬਖ਼ਸ਼ ਸਿੰਘ ਕਟਾਣੀ 40 ਸਿੱਖਾਂ ਦਾ ਜਥਾ ਲੈ ਕੇ ਜੇਲ੍ਹ ਗਏ। 9 ਜੂਨ ਨੂੰ ਜਥੇਦਾਰ ਮੁਖਤਿਆਰ ਸਿੰਘ ਹਿਸਾਰ, ਜਥੇਦਾਰ ਧਰਮ ਸਿੰਘ ਕਰਨਾਲ, ਜਥੇਦਾਰ ਕਿਰਪਾਲ ਸਿੰਘ ਤਿਆਗੀ ਦੀ ਅਗਵਾਈ ਹੇਠ 40 ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ।

10 ਜੂਨ ਨੂੰ ਮੋਰਚੇ ਦਾ ਦੂਜਾ ਮਹੀਨਾ ਸ਼ੁਰੂ ਹੋ ਗਿਆ ਸੀ। ਇਸ ਦਿਨ ਮੋਰਚੇ ਦੇ ਡਿਕਟੇਟਰ ਪ੍ਰਿੰਸੀਪਲ ਇਕਬਾਲ ਸਿੰਘ ਦੋ ਸੌ ਸਿੱਖਾਂ ਦਾ ਜਥਾ ਲੈ ਕੇ ਜੇਲ੍ਹ ਗਏ। ਉਨ੍ਹਾਂ ਦੀ ਥਾਂ ਭੂਪਿੰਦਰ ਸਿੰਘ ਮਾਨ ਮੋਰਚੇ ਦੇ ਨਵੇਂ ਡਿਕਟੇਟਰ ਬਣੇ। 11 ਜੂਨ ਨੂੰ ਜਥੇਦਾਰ ਬੂਟਾ ਸਿੰਘ ਨੱਕਈ ਅਤੇ ਗਿਆਨੀ ਸ਼ੇਰ ਸਿੰਘ ਦੀ ਅਗਵਾਈ ਹੇਠ 40 ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। 12 ਜੂਨ ਦੇ ਦਿਨ ਜਥੇਦਾਰ ਪ੍ਰੀਤਮ ਸਿੰਘ ਗੋਜਰਾਂ 72 ਸਿੱਖਾਂ ਦਾ ਜਥਾ ਲੈ ਕੇ ਜੇਲ੍ਹ ਗਏ। 13 ਜੂਨ ਨੂੰ ਅਮਰ ਸਿੰਘ ਦੁਸਾਂਝ ਦੀ ਜਥੇਦਾਰੀ ਹੇਠ 72 ਸਿੱਖ ਗ੍ਰਿਫ਼ਤਾਰ ਹੋਏ। ਇਸੇ ਦਿਨ ਪ੍ਰਸਿੱਧ ਵਿਦਵਾਨ ਪ੍ਰਿੰਸੀਪਲ ਗੰਗਾ ਸਿੰਘ ਨੇ ਵੀ ਗ੍ਰਿਫ਼ਤਾਰੀ ਦਿੱਤੀ। ਅੰਬਾਲੇ ਵਿਚ ਭਾਈ ਰਾਮ ਲਾਲ ਆਪਣੇ ਸਾਥੀਆਂ ਸਣੇ ਅਤੇ ਅੰਮ੍ਰਿਤਸਰ ਵਿਚ ਡਾ: ਹਰਨਾਮ ਸਿੰਘ (ਐਡੀਟਰ ਪੰਜਾਬ ਗਜ਼ਟ) ਵੀ ਗ੍ਰਿਫ਼ਤਾਰ ਹੋ ਗਏ। 14 ਜੂਨ ਨੂੰ ਹੁਸ਼ਿਆਰਪੁਰ ਦੇ ਜਾਟ ਲੀਡਰ ਜਥੇਦਾਰ ਕਰਤਾਰ ਸਿੰਹ ਐਮ.ਐਲ.ਸੀ. 50 ਸਾਥੀਆਂ ਨਾਲ ਗ੍ਰਿਫ਼ਤਾਰ ਹੋਏ। ਉਨ੍ਹਾਂ ਦੇ ਨਾਲ ਹੁਸ਼ਿਆਰਪੁਰ ਦੇ ਮਸ਼ਹੂਰ ਰਈਸ ਟਿੱਕਾ ਅਮਰਜੀਤ ਸਿੰਘ ਨੇ ਵੀ ਗ੍ਰਿਫ਼ਤਾਰੀ ਦਿੱਤੀ। ਇਸ ਜਥੇ ਵਿਚ ਪਟਿਆਲੇ ਦੇ 15 ਸਿੱਖ ਵੀ ਸ਼ਾਮਿਲ ਸਨ। ਇਸ ਦਿਨ ਪੁਲਿਸ ਨੇ ਅੰਮ੍ਰਿਤਸਰ ਦੇ ਬਹੁਤ ਸਾਰੇ ਸਿੱਖ ਦੁਕਾਨਦਾਰ ਅਤੇ ਕਾਰਖ਼ਾਨੇਦਾਰ ਵੀ ਗ੍ਰਿਫ਼ਤਾਰ ਕੀਤੇ। ਇਨ੍ਹਾਂ ਵਿਚ ਭਾਰਤ ਮਕੈਨੀਕਲ ਵਰਕਸ ਦੇ ਭੂਪਿੰਦਰ ਸਿੰਘ ਵੀ ਸ਼ਾਮਿਲ ਸਨ।

ਇਨੀਂ ਦਿਨੀਂ ਕਾਂਗਰਸੀ ਆਗੂ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਅਕਾਲੀਆਂ ਦੇ ਖ਼ਿਲਾਫ਼ ਜਵਾਬੀ ਮੋਰਚਾ ਲਾਉਣ ਦਾ ਐਲਾਨ ਕੀਤਾ। ਉਸ ਨੇ 26 ਜੂਨ ਨੂੰ ਕਾਂਗਰਸੀਆਂ ਦਾ ਇਕ ਜਥਾ ਦਰਬਾਰ ਸਾਹਿਬ ਲੈ ਕੇ ਜਾਣ ਦੀ ਧਮਕੀ ਦਿੱਤੀ। ਸਿੱਖਾਂ ਵਿਚ ਇਸ ਹਰਕਤ ਦੀ ਬੜੀ ਮੁਖ਼ਾਲਫ਼ਤ ਹੋਈ। ਫੇਰੂਮਾਨ ਦੀ ਧਮਕੀ ਦਾ ਜਵਾਬ ਦਿੰਦਿਆਂ ਜਥੇਦਾਰ ਭਾਗ ਸਿੰਘ ਨੇ ਆਖਿਆ ''ਦਰਸ਼ਨ ਸਿੰਘ ਫੇਰੂਮਾਨ ਪਹਾੜੀ ਰਾਜਿਆਂ ਦਾ ਹਾਥੀ ਬਣ ਕੇ ਆ ਰਿਹਾ ਹੈ ਅਤੇ ਮੈਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਭੇਜਿਆ ਬਚਿਤਰ ਸਿੰਘ ਬਣ ਕੇ ਉਸ ਦਾ ਮੁਕਾਬਲਾ ਕਰਾਂਗਾ।'' ਸਾਰੇ ਪਾਸਿਆਂ ਤੋਂ ਸਿੱਖ ਆਗੂਆਂ ਨੇ ਫੇਰੂਮਾਨ ਅਤੇ ਪ੍ਰਤਾਪ ਸਿੰਘ ਕੈਰੋਂ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ ਜਦ ਪਤਾ ਲੱਗਾ ਕਿ ਜੇ ਉਹ ਜਥਾ ਲੈ ਕੇ ਦਰਬਾਰ ਸਾਹਿਬ

WWW.SIKHBOOKCLUB.COM

ਗਿਆ ਤਾਂ ਸਿੱਖ ਉਸ ਦੀ ਬੋਟੀ-ਬੋਟੀ ਕਰ ਦੇਣਗੇ ਤਾਂ ਉਸ ਨੇ ਬਹਾਨਾ ਲਾ ਕੇ ਆਪਣਾ ਜਥਾ ਲਿਜਾਣ ਦਾ ਇਰਾਦਾ ਰੱਦ ਕਰ ਦਿੱਤਾ।

15 ਜੂਨ ਨੂੰ ਜਥੇਦਾਰ ਭਾਗ ਸਿੰਘ ਮਰੜ੍ਹ (ਜ਼ਿਲ੍ਹਾ ਗੁਰਦਾਸਪੁਰ), ਜਥੇਦਾਰ ਧਰਮ ਸਿੰਘ (ਫਤਹਿਗੜ੍ਹ ਸਾਹਿਬ) 40 ਸਿੱਖਾਂ ਨਾਲ ਜੇਲ੍ਹ ਗਏ। 15 ਜੂਨ ਤਕ ਗ੍ਰਿਫ਼ਤਾਰ ਹੋਣ ਵਾਲੇ ਸਿੱਖਾਂ ਦੀ ਗਿਣਤੀ 5447 ਤਕ ਪਹੁੰਚ ਚੁੱਕੀ ਸੀ ਪਰ ਗ੍ਰਿਫ਼ਤਾਰੀਆਂ ਦੇਣ ਵਾਸਤੇ ਰੋਜ਼ ਦਰਜਨਾਂ ਸਿੱਖ ਅੰਮ੍ਰਿਤਸਰ ਪਹੁੰਚ ਰਹੇ ਸਨ। 16 ਜੂਨ ਨੂੰ ਜ: ਨਿਰੰਜਨ ਸਿੰਘ ਮਹਿਰਾਜ 45 ਸਿੰਘ ਨਾਲ ਲੈ ਕੇ ਜੇਲ੍ਹ ਗਏ। 17 ਜੂਨ ਨੂੰ ਜਥੇਦਾਰ ਪਰਲੋਕ ਸਿੰਘ ਘੁਮਾਣ ਜਥਾ ਲੈ ਕੇ ਜੇਲ੍ਹ ਗਏ। ਇਸੇ ਦਿਨ ਜਥੇਦਾਰ ਮਨਮੋਹਣ ਸਿੰਘ ਦਿੱਲੀ ਦੀ ਅਗਵਾਈ ਹੇਠ ਵੀ 40 ਸਿੱਖ ਗ੍ਰਿਫ਼ਤਾਰ ਹੋਏ। ਇਸ ਦਿਨ ਬਾਹਰੋਂ ਆਉਣਾ ਵਾਲਾ ਇਕ ਜਥਾ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਵੀ ਗ੍ਰਿਫ਼ਤਾਰ ਕਰ ਲਿਆ ਗਿਆ। 18 ਜੂਨ ਨੂੰ ਜਥੇਦਾਰ ਕਰਨੈਲ ਸਿੰਘ ਤੇ ਗੁਰਸੇਵਕ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ 44 ਸਿੱਖਾਂ ਦਾ ਜਥਾ ਲੈ ਕੇ ਗ੍ਰਿਫ਼ਤਾਰ ਹੋਏ।

19 ਜੂਨ ਨੂੰ 24 ਘੰਟੇ ਦਾ 'ਅਖੰਡ ਮੋਰਚਾ' ਸ਼ੁਰੂ ਹੋ ਗਿਆ। 19 ਜੂਨ ਸ਼ਾਮ ਨੂੰ 6 ਵਜੇ ਤੋਂ 20 ਜੂਨ ਰਾਤ ਨੌਂ ਵਜੇ ਤਕ ਸਿੱਖਾਂ ਦੇ ਜਥੇ ਲਗਾਤਾਰ ਗ੍ਰਿਫਤਾਰੀਆਂ ਦੇਂਦੇ ਰਹੇ। ਇਸੇ ਦਿਨ ਇਕੱਲੇ ਅੰਮ੍ਰਿਤਸਰ ਵਿਚ 244 ਸਿੱਖ ਗ੍ਰਿਫ਼ਤਾਰ ਹੋਏ। ਇਨ੍ਹਾਂ ਵਿਚ ਬਰਨਾਲਾ ਦੇ 22 ਵਰਕਰ ਬਾਬਾ ਹੀਰਾ ਸਿੰਘ ਭੱਠਲ ਦੀ ਅਗਵਾਈ ਹੇਠ ਜੇਲ੍ਹ ਗਏ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਸਿੰਘਣੀ ਬੀਬੀ ਹਰਨਾਮ ਕੌਰ ਤੇ ਦੋ ਧੀਆਂ ਵੀ ਸਨ। ਇਸੇ ਦਿਨ ਸੰਗਰੂਰ ਦੇ ਜਥੇਦਾਰ ਸੱਜਣ ਸਿੰਘ ਫੱਗੂਵਾਲੀਆ 20 ਸਿੱਖਾਂ ਨਾਲ, ਅੰਮ੍ਰਿਤਸਰ ਦੇ ਧਰਮ ਸਿੰਘ ਰਾਮਗੜ੍ਹੀਆ (ਪਰਿਵਾਰ ਸਣੇ) 23 ਸਿੱਖਾਂ ਨਾਲ, ਹਲਦਵਾਨੀ (ਯੂ.ਪੀ.) ਦੇ ਗਿਆਨੀ ਨਿਰਮਲ ਸਿੰਘ 24 ਸਿੱਖਾਂ ਨਾਲ, ਗੰਗਾ ਨਗਰ ਦੇ ਗੁਲਾਬ ਸਿੰਘ 15 ਸਿੱਖਾਂ ਨਾਲ, ਲੁਧਿਆਣਾ ਦੇ ਹਰਭਜਨ ਸਿੰਘ 15 ਸਿੱਖਾਂ ਨਾਲ ਜੇਲ੍ਹ ਗਏ। ਇਸ ਦਿਨ ਇਕ ਦਰਜਨ ਤੋਂ ਵੱਧ ਬੀਬੀਆਂ ਤੇ ਅੱਧੀ ਦਰਜਨ ਬੱਚੇ ਵੀ ਜੇਲ੍ਹ ਗਏ।

ਇਸੇ ਦਿਨ ਜਲੰਧਰ ਵਿਚ ਗੁਰਚਰਨ ਸਿੰਘ ਗਰੀਬ ਕੁਝ ਸਾਥੀਆਂ ਸਣੇ ਦੋਬਾਰਾ ਗ੍ਰਿਫ਼ਤਾਰ ਹੋ ਗਏ। ਲੁਧਿਆਣੇ ਵਿਚ 200 ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਤਰਨਤਾਰਨ ਵਿਚ ਕੁੰਦਨ ਸਿੰਘ ਫ਼ਾਜ਼ਿਲਕਾ ਦੀ ਅਗਵਾਈ ਹੇਠ 72 ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਇਨ੍ਹਾਂ ਵਿਚ ਤਰਨਤਾਰਨ ਦੇ ਸ਼੍ਰੋਮਣੀ ਕਮੇਟੀ ਮੈਂਬਰ ਮਹਿੰਦਰ ਸਿੰਘ, ਗੁਰਦੁਆਰੇ ਦੇ ਮੈਨੇਜਰ ਨਿਹਾਲ ਸਿੰਘ ਨੌਸ਼ਹਿਰਾ ਅਤੇ ਹੋਰ ਕਈ ਸ਼ਾਮਿਲ ਸਨ। ਇਸ ਦਿਨ ਮੁਕਤਸਰ, ਅੰਬਾਲਾ, ਰੋਪੜ, ਮੋਗਾ, ਮਲੋਟ, ਫ਼ਾਜ਼ਿਲਕਾ, ਅਜਨਾਲਾ, ਬਾਬਾ ਬਕਾਲਾ ਤੇ ਕਈ ਹੋਰ ਜਗ੍ਹਾ 'ਤੇ ਵੀ ਜਥਿਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। 19-20 ਜੂਨ ਦੇ ਦਿਨ ਤਕਰੀਬਨ ਇਕ ਹਜ਼ਾਰ ਤੋਂ ਬਾਰ੍ਹਾਂ ਸੌ ਦੇ ਵਿਚਕਾਰ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ।

21 ਜੂਨ ਨੂੰ ਭੂਪਿੰਦਰ ਸਿੰਘ ਮਾਨ ਪਟਿਆਲੇ ਵਿਚ ਗ੍ਰਿਫ਼ਤਾਰ ਹੋ ਗਏ। ਇਸੇ

WWW.SIKHBOOKCLUB.COM

ਦਿਨ ਮਾਸਟਰ ਮੋਤਾ ਸਿੰਘ ਵੀ ਆਪਣੇ ਘਰੋਂ ਗ੍ਰਿਫ਼ਤਾਰ ਕਰ ਲਏ ਗਏ। ਇਸੇ ਦਿਨ ਅੰਮ੍ਰਿਤਸਰ ਵਿਚ ਜਥੇਦਾਰ ਭਗਵਾਨ ਸਿੰਘ ਮਾੜੀ ਮੇਘਾ 44 ਸਿੱਖਾਂ ਦਾ ਜਥਾ ਨਾਲ ਲੈ ਕੇ ਗ੍ਰਿਫ਼ਤਾਰ ਹੋਏ। 22 ਜੂਨ ਨੂੰ ਸਵਰਨ ਸਿੰਘ ਪੰਨੂਆਂ 44 ਸਿੱਖਾਂ ਨਾਲ ਤੇ 23 ਜੂਨ ਨੂੰ ਆਦਮ ਸਿੰਘ ਤੇ ਗਿਆਨੀ ਅਤਰ ਸਿੰਘ 46 ਸਿੱਖਾਂ ਦੇ ਜਥੇ ਨਾਲ ਗ੍ਰਿਫ਼ਤਾਰ ਹੋਏ। 24 ਜੂਨ ਨੂੰ ਮਾਸਟਰ ਤਾਰਾ ਸਿੰਘ ਜੀ ਦਾ 71ਵਾਂ ਜਨਮ ਦਿਨ ਸੀ। ਇਸ ਦਿਨ 271 (ਮਾਸਟਰ ਤਾਰਾ ਸਿੰਘ ਦੀ ਉਮਰ ਦੇ 71 ਸਾਲ ਦੀ ਗਿਣਤੀ ਜਮ੍ਹਾਂ 200) ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਇਸ ਦਿਨ 71 ਗੋਲੇ ਛੱਡ ਕੇ ਮਾਸਟਰ ਤਾਰਾ ਸਿੰਘ ਦਾ ਜਨਮ ਦਿਨ ਮਨਾਇਆ ਗਿਆ। 24 ਜੂਨ ਦੇ ਜਥਿਆਂ ਦੀ ਅਗਵਾਈ ਪ੍ਰੀਤਮ ਸਿੰਘ, ਦਰਸ਼ਨ ਸਿੰਘ, ਕਿਰਪਾਲ ਸਿੰਘ (ਜੰਮੂ), ਸੋਹਣ ਸਿੰਘ (ਹੁਸ਼ਿਆਰਪੁਰ), ਰਾਗੀ ਇੰਦਰ ਸਿੰਘ (ਸੀਤਾਪੁਰ), ਗਿ: ਸੁਜਾਨ ਸਿੰਘ (ਡੇਹਰਾਦੂਨ), ਜ: ਕਾਕੂ ਸਿੰਘ (ਬਠਿੰਡਾ), ਬਿਸ਼ਨ ਸਿੰਘ (ਬੁਢਲਾਡਾ), ਇੰਦਰ ਸਿੰਘ (ਫ਼ਰੀਦਕੋਟ), ਟਹਿਲ ਸਿੰਘ, ਬਾਬਾ ਸਤਿੰਦਰ ਸਿੰਘ ਰਾਮੂੰਵਾਲਾ, ਹਰਕਰਮ ਸਿੰਘ (ਰਾਣੀ ਵਾਲਾ), ਚੂਹੜ ਸਿੰਘ (ਅੰਬਾਲਾ) ਤੇ ਮਹਿੰਦਰ ਸਿੰਘ (ਹਿਸਾਰ) ਕਰ ਰਹੇ ਸਨ। ਇਸੇ ਦਿਨ ਕਰਨਾਲ ਵਿਚ ਜ: ਕਰਤਾਰ ਸਿੰਘ ਝੱਬਰ ਵੀ ਗ੍ਰਿਫ਼ਤਾਰ ਹੋ ਗਏ। ਜਲੰਧਰ ਵਿਚ ਗੁਰਬਚਨ ਸਿੰਘ ਕਰਿਆਨੇ ਵਾਲੇ, ਸੁੰਦਰ ਸਿੰਘ ਬੂਟਾ ਮੰਡੀ ਤੇ ਗੁਰਬਚਨ ਸਿੰਘ ਫ਼ਾਊਂਟੈਨ ਪੈੱਨ ਵਾਲੇ ਵੀ ਗ੍ਰਿਫ਼ਤਾਰ ਕਰ ਲਏ ਗਏ।

ਮੋਰਚੇ ਦੇ ਚੌਥੇ ਡਿਕਟੇਟਰ ਮੀਹਾਂ ਸਿੰਘ ਗਿੱਲ ਐਮ.ਐਲ.ਏ. 24 ਜੂਨ ਨੂੰ ਅੰਮ੍ਰਿਤਸਰ ਪਹੁੰਚ ਗਏ। ਇਸ ਦੌਰਾਨ ਪੈਪਸੂ ਵਿੱਚੋਂ ਹਜ਼ਾਰਾਂ ਸਿੱਖਾਂ ਦੇ ਜਥੇ ਅੰਮ੍ਰਿਤਸਰ ਪਹੁੰਚਣੇ ਸ਼ੁਰੂ ਹੋ ਗਏ। ਮੀਹਾਂ ਸਿੰਘ 25 ਜੂਨ ਨੂੰ 62 ਸਿੱਖਾਂ ਦਾ ਜਥਾ ਲੈ ਕੇ ਜੇਲ੍ਹ ਚਲੇ ਗਏ। ਉਨ੍ਹਾਂ ਦੇ ਜਥੇ ਵਿਚ 17 ਬੀਬੀਆਂ ਵੀ ਸ਼ਾਮਿਲ ਸਨ। ਜਾਣ ਤੋਂ ਪਹਿਲਾਂ ਉਹ ਗੁਰਰਾਜ ਸਿੰਘ ਐਮ.ਪੀ. ਨੂੰ ਪੰਜਵਾਂ ਡਿਕਟੇਟਰ ਬਣਾ ਗਏ ਸਨ। 26 ਜੂਨ ਨੂੰ ਸਰੂਪ ਸਿੰਘ ਐਮ.ਐਲ.ਏ., ਭਾਨ ਸਿੰਘ ਜਲੂਵਾਲ, ਬੇਦੀ ਰਛਪਾਲ ਸਿੰਘ, ਗੁਰਮੀਤ ਸਿੰਘ ਮੁਕਤਸਰ (ਜਨਰਲ ਸਕੱਤਰ ਸ਼੍ਰੋਮਣੀ ਕਮੇਟੀ) ਅਤੇ ਰਾਜਾ ਨਰਿੰਦਰ ਸਿੰਘ ਨਾਭਾ ਦੀ ਅਗਵਾਈ ਹੇਠ 153 ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਇਨ੍ਹਾਂ ਵਿਚ 12 ਬੀਬੀਆਂ ਅਤੇ 4 ਬੱਚੇ ਵੀ ਸ਼ਾਮਿਲ ਸਨ। (ਇਨ੍ਹਾਂ ਬੱਚਿਆਂ ਦੀ ਉਮਰ 6 ਮਹੀਨੇ ਤੋਂ 3 ਸਾਲ ਤਕ ਸੀ)। ਇਸੇ ਦਿਨ ਪੁਲਿਸ ਨੇ ਦਰਬਾਰ ਸਾਹਿਬ ਦੀਆਂ 9 ਬੰਦੂਕਾਂ ਜ਼ਬਤ ਕਰਨ ਦਾ ਐਲਾਨ ਕਰ ਦਿੱਤਾ। ਅਗਲੇ ਦਿਨ ਇਨ੍ਹਾਂ 9 ਬੰਦੂਕਾਂ ਤੋਂ ਇਲਾਵਾ ਅਕਾਲ ਤਖ਼ਤ ਸਾਹਿਬ ਦੀਆਂ 10 ਅਤੇ ਸ਼੍ਰੋਮਣੀ ਕਮੇਟੀ ਦੀਆਂ 5 ਬੰਦੂਕਾਂ ਵੀ ਜ਼ਬਤ ਕਰ ਲਈਆਂ। ਉਸ ਵੇਲੇ ਤਾਂ ਅਕਾਲੀਆਂ ਨੂੰ ਬੰਦੂਕਾਂ ਜ਼ਬਤ ਕੀਤੇ ਜਾਣ ਕੇ ਕਾਰਨ ਦੀ ਸਮਝ ਨਾ ਲੱਗੀ *ਪਰ ਮਗਰੋਂ ਪਤਾ ਲੱਗਾ ਕਿ ਸਾਰੀ ਕਾਰਵਾਈ 4 ਜੁਲਾਈ ਨੂੰ ਦਰਬਾਰ ਸਾਹਿਬ 'ਤੇ ਪੁਲਿਸ ਦੇ ਹਮਲੇ ਦੀ ਪਲਾਨਿੰਗ ਦੇ ਸਬੰਧ ਵਿਚ ਕੀਤੀ ਗਈ ਸੀ।*

27 ਜੂਨ ਨੂੰ ਅਜੀਤ ਸਿੰਘ ਮਾਨ ਮੈਂਬਰ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ 40 ਸਿੱਖ ਅਤੇ 28 ਨੂੰ ਕਰਨੈਲ ਸਿੰਘ ਦੀ ਅਗਵਾਈ ਹੇਠ 50 ਸਿੱਖ ਜੇਲ੍ਹ ਗਏ। ਇਨ੍ਹਾਂ ਵਿੱਚੋਂ 10 ਸਿੱਖਾਂ ਨੇ ਬਾਜ਼ਾਰਾਂ ਵਿਚ ਜਾ ਕੇ ਨਾਅਰੇ ਮਾਰਦਿਆਂ ਗ੍ਰਿਫ਼ਤਾਰੀ ਦਿੱਤੀ ਸੀ। 29

WWW.SIKHBOOKCLUB.COM

ਜੂਨ ਨੂੰ ਗੁਰਰਾਜ ਸਿੰਘ ਐਮ.ਪੀ. 317 ਵਲੰਟੀਅਰ ਲੈ ਕੇ ਗ੍ਰਿਫ਼ਤਾਰ ਹੋਏ। ਇਨ੍ਹਾਂ ਵਿਚ 19 ਵੱਖ-ਵੱਖ ਥਾਵਾਂ ਦੇ ਜਥੇ ਸ਼ਾਮਿਲ ਸਨ। 30 ਜੂਨ ਨੂੰ ਘੱਲੂਘਾਰਾ ਦਿਨ ਮਨਾਇਆ ਗਿਆ। ਇਸ ਦਿਨ ਸੈਂਕੜੇ ਸਿੱਖ ਗ੍ਰਿਫ਼ਤਾਰੀ ਦੇਣ ਲਈ ਪਹੁੰਚੇ ਹੋਏ ਸਨ ਪਰ ਹਾਈ ਕਮਾਂਡ ਨੇ ਸਿਰਫ਼ 52 ਸਿੱਖਾਂ ਨੂੰ ਗ੍ਰਿਫ਼ਤਾਰੀ ਦੇਣ ਦੀ ਇਜਾਜ਼ਤ ਦਿੱਤੀ। ਇਸ ਵੇਲੇ ਤਕ ਪੰਜਾਬ ਦੀਆਂ ਜੇਲ੍ਹਾਂ ਪੂਰੀ ਤਰ੍ਹਾਂ ਭਰੀਆਂ ਹੋਈਆਂ ਸਨ। ਜੇਲ੍ਹਾਂ ਵਿਚ ਨਾ ਤਾਂ ਜਗ੍ਹਾ ਸੀ ਅਤੇ ਨਾ ਹੀ ਕੈਦੀਆਂ ਵਾਸਤੇ ਰੋਟੀ ਦਾ ਇੰਤਜ਼ਾਮ। ਹਵਾਲਾਤੀਆਂ ਵਾਸਤੇ ਰੋਟੀ ਅਕਸਰ ਦਰਬਾਰ ਸਾਹਿਬ ਤੋਂ ਜਾਇਆ ਕਰਦੀ ਸੀ। ਇਨ੍ਹਾਂ ਕਾਰਨਾਂ ਕਰ ਕੇ ਅਕਾਲੀ ਦਲ ਨੇ ਸਿਰਫ਼ 52 ਸਿੱਖਾਂ ਦਾ ਜਥਾ ਭੇਜਿਆ। ਜਥੇ ਦੀ ਅਗਵਾਈ ਬਲਵੰਤ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਕਰ ਰਹੇ ਸਨ। ਮੀਤ ਜਥੇਦਾਰ ਪ੍ਰਤਾਪ ਸਿੰਘ ਸਨ। ਇਸ ਦਿਨ ਗਿਆਨੀ ਭਗਤ ਸਿੰਘ ਦਾ ਢਾਡੀ ਜਥਾ ਵੀ ਗ੍ਰਿਫ਼ਤਾਰ ਹੋਇਆ। 30 ਜੂਨ ਤਕ 8164 ਸਿੱਖ ਗਿਫ਼ਤਾਰ ਹੋ ਚੁੱਕੇ ਸਨ।

ਹੁਣ ਸ਼੍ਰੋਮਣੀ ਅਕਾਲੀ ਦਲ ਨੇ ਫ਼ੈਸਲਾ ਕੀਤਾ ਕਿ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਦੀ ਇਜਾਜ਼ਤ ਸਿਰਫ਼ ਉਸ ਨੂੰ ਦਿੱਤੀ ਜਾਵੇਗੀ ਜਿਸ ਨੇ ਅੰਮ੍ਰਿਤ ਛਕਿਆ ਹੋਵੇ। ਇਸ ਕਰ ਕੇ ਜੇਲ੍ਹ ਜਾਣ ਦੇ ਖ਼ਾਹਿਸ਼ਮੰਦ ਅੰਮ੍ਰਿਤ ਛਕਣ ਲੱਗ ਪਏ। ਪਹਿਲੀ ਜੁਲਾਈ ਦੇ ਦਿਨ ਹਰੀ ਸਿੰਘ ਗੜ੍ਹਤੀ, ਗਿਆਨੀ ਹਰਨਾਮ ਸਿੰਘ, ਸੱਜਣ ਸਿੰਘ ਤੇ ਗਿਆਨੀ ਅਜੀਤ ਸਿੰਘ ਸੁਨਾਮ ਦੀ ਅਗਵਾਈ ਹੇਠ 53 ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ। ਇਸ ਦਿਨ ਮੀਂਹ ਪੈਣ ਦੇ ਬਾਵਜੂਦ 50 ਹਜ਼ਾਰ ਤੋਂ ਵੱਧ ਸੰਗਤਾਂ ਜਥੇ ਨੂੰ ਵਿਦਾਇਗੀ ਦੇਣ ਲਈ ਪਹੁੰਚੀਆਂ ਹੋਈਆਂ ਸਨ। 2 ਜੁਲਾਈ ਨੂੰ ਅਰਜਨ ਸਿੰਘ ਦੋਰਾਹਾ 94 ਸਿੱਖਾਂ ਨੂੰ ਨਾਲ ਲੈ ਕੇ ਜੇਲ੍ਹ ਗਏ। ਇਨ੍ਹਾਂ ਵਿਚੋਂ 58 ਫ਼ਤਹਿਗੜ੍ਹ ਸਾਹਿਬ ਦੇ ਤੇ 28 ਜਲੰਧਰ ਜ਼ਿਲ੍ਹੇ ਦੇ ਸਨ। ਜਲੰਧਰ ਦੇ ਸਿੱਖਾਂ ਦੀ ਅਗਵਾਈ ਵੈਦ ਅਮਰ ਸਿੰਘ ਨੇ ਕੀਤੀ। ਮੋਰਚੇ ਦੀ ਅਗਵਾਈ ਹੁਣ ਨਰਿੰਦਰ ਸਿੰਘ ਕੁਲੇਰ ਨੇ ਸੰਭਾਲ ਲਈ। ਉਹ ਮੋਰਚੇ ਦੇ ਛੇਵੇਂ ਡਿਕਟੇਟਰ ਸਨ। 3 ਜੁਲਾਈ ਨੂੰ ਨਰਿੰਦਰ ਸਿੰਘ 157 ਸਿੱਖਾਂ ਦਾ ਜਥਾ ਲੈ ਕੇ ਗ੍ਰਿਫ਼ਤਾਰ ਹੋਏ। ਇਸ ਜਥੇ ਵਿਚ 85 ਸਿੱਖ ਗੁਰਦਾਸਪੁਰ ਜ਼ਿਲ੍ਹੇ ਦੇ, 39 ਅੰਬਾਲਾ ਜ਼ਿਲ੍ਹੇ ਦੇ, 20 ਫ਼ੀਰੋਜ਼ਪੁਰ ਜ਼ਿਲ੍ਹੇ ਦੇ, 10 ਜਲੰਧਰ ਜ਼ਿਲ੍ਹੇ ਦੇ ਅਤੇ 4 ਅੰਮ੍ਰਿਤਸਰ ਜ਼ਿਲ੍ਹੇ ਦੇ ਸਨ। ਅੰਬਾਲੇ ਦੇ ਜਥੇਦਾਰ ਰਾਮ ਸਿੰਘ ਤੇ ਬਚਨ ਸਿੰਘ, ਫ਼ੀਰੋਜ਼ਪੁਰ ਦੇ ਸੱਜਣ ਸਿੰਘ ਰਾਗੀ ਅਤੇ ਜਲੰਧਰ ਦੇ ਗਿਆਨੀ ਦਰਸ਼ਨ ਸਿੰਘ ਸਨ।

ਦਰਬਾਰ ਸਾਹਿਬ 'ਤੇ ਪੁਲੀਸ ਧਾਵਾ

ਸ਼੍ਰੋਮਣੀ ਅਕਾਲੀ ਦਲ ਦੇ ਇਸ ਮੋਰਚੇ ਨੂੰ ਸਾਰੀ ਸਿੱਖ ਕੌਮ ਵਿਚ ਏਕਾ ਕਰਵਾ ਦਿੱਤਾ ਸੀ। ਸੈਂਕੜੇ ਸਿੱਖ ਰੋਜ਼ ਅੰਮ੍ਰਿਤਸਰ ਪਹੁੰਚ ਰਹੇ ਸਨ। ਜੇਲ੍ਹਾਂ ਭਰ ਚੁੱਕੀਆਂ ਸਨ। ਇਸ ਹਾਲਤ ਵਿਚ ਸਰਕਾਰ ਘਬਰਾਈ ਹੋਈ ਸੀ। ਸੱਚਰ ਸਰਕਾਰ ਨੂੰ ਮੁਸ਼ਕਿਲ ਵਿਚ ਫਸਿਆ ਵੇਖ ਕੇ ਜਲੰਧਰ ਡਵੀਜ਼ਨ ਦੇ ਡੀ.ਆਈ.ਜੀ. ਮਹਾਸ਼ਾ ਅਸ਼ਵਨੀ ਕੁਮਾਰ ਨੇ ਸਰਕਾਰ ਨੂੰ ਆਖਿਆ ਕਿ ਤੁਸੀਂ ਮੈਨੂੰ ਪੰਜ ਦਿਨ ਐਕਸ਼ਨ ਕਰਨ ਦੀ ਪੂਰੀ ਛੁੱਟੀ ਦਿਓ ਤਾਂ ਮੈਂ ਇਸ ਮੋਰਚੇ ਨੂੰ ਕੁਚਲ ਦੇਵਾਂਗਾ। ਅਸ਼ਵਨੀ ਕੁਮਾਰ ਨੂੰ ਇਜਾਜ਼ਤ ਮਿਲ ਗਈ ਤਾਂ ਉਸ ਨੇ 4 ਤੋਂ 9 ਜੁਲਾਈ ਤਕ ਦੇ ਪੰਜ ਦਿਨ

WWW.SIKHBOOKCLUB.COM

ਚੁਣੇ। ਇਸ ਐਕਸ਼ਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਪੁਲਿਸ ਨੇ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੀਆਂ 24 ਬੰਦੂਕਾਂ ਦੇ ਲਾਇਸੰਸ 27 ਜੂਨ ਨੂੰ ਹੀ ਜ਼ਬਤ ਕਰ ਲਏ ਹੋਏ ਸਨ। ਸਾਰੇ ਅਕਾਲੀ ਵਰਕਰਾਂ ਦੀਆਂ ਬੰਦੂਕਾਂ ਤੇ ਪਿਸਤੌਲ ਵੀ ਪੁਲਿਸ ਨੇ ਜ਼ਬਤ ਕਰ ਲਏ ਸਨ। ਹੋਰ ਤਾਂ ਹੋਰ, ਪੁਲਿਸ ਮਾਸਟਰ ਤਾਰਾ ਸਿੰਘ ਜੀ ਦੀ ਬੰਦੂਕ ਅਤੇ ਪਿਸਤੌਲ ਵੀ ਉਹਨਾਂ ਦੇ ਮਕਾਨ ਤੋਂ ਚੁੱਕ ਕੇ ਲੈ ਗਈ ਸੀ। ਪੁਲਿਸ ਨੂੰ ਡਰ ਸੀ ਕਿ ਦਰਬਾਰ ਸਾਹਿਬ 'ਤੇ ਪੁਲਿਸ ਵੱਲੋਂ ਹਮਲਾ ਕਰਨ ਦੀ ਸੂਰਤ ਵਿਚ ਕਿਤੇ ਸਿੱਖ ਮੁਕਾਬਲਾ ਹੀ ਨਾ ਸ਼ੁਰੂ ਕਰ ਦੇਣ।

3 ਤੇ 4 ਜੁਲਾਈ ਦੀ ਅੱਧੀ ਰਾਤ ਨੂੰ ਪੁਲਿਸ ਨੇ ਦਰਬਾਰ ਸਾਹਿਬ ਦੇ ਦੁਆਲੇ ਘੇਰਾ ਪਾ ਕੇ ਨਾਕਾਬੰਦੀ ਕਰ ਲਈ। ਇਸ ਦੇ ਨਾਲ ਹੀ ਪੁਲਿਸ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜ: ਅੱਛਰ ਸਿੰਘ, ਦਰਬਾਰ ਸਾਹਿਬ ਦਾ ਮੈਨੇਜਰ ਗੁਰਦਿਆਲ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਤੇ ਐਕਟਿੰਗ ਸਕੱਤਰ ਵੀ ਗ੍ਰਿਫ਼ਤਾਰ ਕਰ ਲਏ। 4 ਜੁਲਾਈ ਦੇ ਦਿਨ ਸਵੇਰੇ ਤਿੰਨ ਵਜੇ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਪੁਲਿਸ ਅਸ਼ਵਨੀ ਕੁਮਾਰ ਤੇ ਨੌਰੰਗ ਸਿੰਘ ਐਸ.ਐਸ.ਪੀ. ਦੀ ਅਗਵਾਈ ਵਿਚ ਦਰਬਾਰ ਸਾਹਿਬ ਦੇ ਚਾਰੇ ਪਾਸੇ ਫੈਲ ਗਈ। ਥੋੜ੍ਹੇ ਚਿਰ ਮਗਰੋਂ ਹੀ ਪੁਲਿਸ ਅੱਗੇ ਵਧੀ ਅਤੇ ਅਕਾਲੀ ਦਲ ਦੇ ਦਫ਼ਤਰ 'ਤੇ ਹਮਲਾ ਕਰ ਦਿੱਤਾ। ਦਰਜਨਾਂ ਟਰੱਕ ਪੁਲਿਸ ਪਹਿਲੋਂ ਹੀ ਲੈ ਕੇ ਆਈ ਹੋਈ ਸੀ। ਸਰਾਂ ਵਿਚ ਠਹਿਰੇ ਹੋਏ ਸਾਰੇ 5-6 ਸੌ ਸਿੱਖ ਗ੍ਰਿਫ਼ਤਾਰ ਕਰ ਕੇ ਟਰੱਕਾਂ ਵਿਚ ਬਿਠਾ ਲਏ ਗਏ। ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚੋਂ ਹਰਨਾਮ ਸਿੰਘ ਗੁਜਰਖਾਨੀ, ਮਾਸਟਰ ਤਾਰਾ ਸਿੰਘ ਦੇ ਕੁੜਮ ਬਖ਼ਸ਼ੀਸ਼ ਸਿੰਘ ਭੁਮੱਦੀ ਅਤੇ ਹੋਰ ਬਹੁਤ ਸਾਰੇ ਵਰਕਰ ਵੀ ਗ੍ਰਿਫ਼ਤਾਰ ਕਰ ਲਏ ਗਏ। ਪੁਲਿਸ ਨੇ ਦਫ਼ਤਰ ਦੀਆਂ ਸਾਰੀਆਂ ਅਲਮਾਰੀਆਂ ਹੀ ਨਹੀਂ ਬਲਕਿ ਸੇਫ਼ ਦਾ ਤਾਲਾ ਵੀ ਤੋੜ ਕੇ ਸਾਰਾ ਸਾਮਾਨ ਕੱਢ ਲਿਆ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਬਾਵਾ ਹਰਕ੍ਰਿਸ਼ਨ ਸਿੰਘ ਅਤੇ ਹੁਕਮ ਸਿੰਘ ਵੀ ਉੱਥੇ ਸਨ ਪਰ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਨਾ ਕੀਤਾ। ਇਸ ਤੋਂ ਪਿੱਛੋਂ ਪੁਲਿਸ ਨੇ ਮੰਜੀ ਸਾਹਿਬ ਦੀਵਾਨ ਅਸਥਾਨ 'ਤੇ ਵੀ ਕਬਜ਼ਾ ਕਰ ਲਿਆ। ਉਸ ਵੇਲੇ ਤਕ ਬਹੁਤ ਸਾਰੇ ਸਿੱਖ ਦਰਬਾਰ ਸਾਹਿਬ ਪਹੁੰਚ ਚੁੱਕੇ ਸਨ। ਸਿੱਖਾਂ ਦੀ ਏਨੀ ਵੱਡੀ ਗਿਣਤੀ ਵੇਖ ਕੇ ਪੁਲਿਸ ਬੌਖ਼ਲਾ ਗਈ। ਪੁਲਿਸ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਵੀ ਜਾਣਾ ਚਾਹੁੰਦੀ ਸੀ ਪਰ ਸਿੱਖਾਂ ਦੇ ਜੋਸ਼ ਨੂੰ ਵੇਖ ਕੇ ਪੁਲਿਸ ਚੀਫ਼ ਨੇ ਇਰਾਦਾ ਬਦਲ ਲਿਆ। ਏਨੇ ਵਿਚ ਭਾਰਤੀ ਫ਼ੌਜ ਦੀ ਇਕ ਟੁਕੜੀ ਵੀ ਉੱਥੇ ਪਹੁੰਚ ਗਈ। ਫ਼ੌਜ ਨੇ ਗੁਰੂ ਰਾਮ ਦਾਸ ਸਰਾਂ ਦੇ ਬਾਹਰ ਦੀ ਸੜਕ ਉੱਤੇ ਫ਼ਲੈਗ ਮਾਰਚ ਕਰਨਾ ਸ਼ੁਰੂ ਕਰ ਦਿੱਤਾ। ਫ਼ੌਜ ਨੂੰ ਵੇਖ ਕੇ ਸੰਗਤਾਂ ਵਿਚ ਜੋਸ਼ ਅਤੇ ਗੁੱਸਾ ਵਧ ਗਿਆ। ਸਾਰੇ ਪਾਸੇ ਜੈਕਾਰੇ ਲੱਗਣੇ ਸ਼ੁਰੂ ਹੋ ਗਏ। ਅਜਿਹਾ ਜਾਪਦਾ ਸੀ ਕਿ ਲੋਕ ਬੇਕਾਬੂ ਹੋ ਜਾਣਗੇ।. ਪੁਲਿਸ ਨੇ ਇਹ ਹਾਲਤ ਵੇਖ ਕੇ ਫ਼ੌਜ ਨੂੰ ਵਾਪਸ ਭੇਜ ਦਿੱਤਾ।

ਫ਼ੌਜ ਦੇ ਜਾਣ ਤੋਂ ਬਾਅਦ ਪੁਲਿਸ ਨੇ ਮੰਜੀ ਸਾਹਿਬ ਦੇ ਹਾਲ ਵਿਚ ਗੈਸ ਅਤੇ ਡਾਂਗਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ। ਪੁਲਿਸ ਨੇ ਅੰਨ੍ਹੇਵਾਹ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਲੋਕ ਮੰਜੀ ਸਾਹਿਬ ਤੋਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਲ

WWW.SIKHBOOKCLUB.COM

ਚਲੇ ਗਏ। ਕੁਝ ਚਿਰ ਮਗਰੋਂ ਪੁਲਿਸ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਟੀਅਰ ਗੈਸ ਦੇ ਗੋਲੇ ਸੁੱਟਣੇ ਸ਼ੁਰੂ ਕਰ ਦਿੱਤੇ। ਪੁਲਿਸ ਲੰਗਰ ਅਤੇ ਪ੍ਰਕਰਮਾ ਤੋਂ ਇਲਾਵਾ ਨਾਲ ਦੇ ਮਕਾਨਾਂ ਦੀਆਂ ਛੱਤਾਂ 'ਤੇ ਵੀ ਚੜ੍ਹ ਗਈ। ਪੁਲਿਸ ਨੇ ਲੰਗਰ, ਪ੍ਰਕਾਸ਼ ਅਸਥਾਨ ਤੇ ਭਾਈ ਚੇਤ ਸਿੰਘ ਦੇ ਮਕਾਨ ਤੋਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਟੀਅਰ ਗੈਸ ਦੇ ਗੋਲੇ ਸੁੱਟੇ ਅਤੇ ਗੋਲੀਆਂ ਚਲਾਈਆਂ। ਪੁਲਿਸ ਨੇ ਇੱਟਾਂ-ਪੱਥਰ ਵੀ ਮਾਰੇ। ਪੁਲਿਸ ਦੀ ਅਥਰੂ-ਗੈਸ ਦਰਬਾਰ ਸਾਹਿਬ ਦੇ ਅੰਦਰ ਤਕ ਵੀ ਪਹੁੰਚ ਗਈ। ਪੁਲਿਸ ਦੀਆਂ ਗੋਲੀਆਂ ਦੇ ਨਿਸ਼ਾਨ ਅਕਾਲ ਤਖ਼ਤ ਸਾਹਿਬ 'ਤੇ ਲਗੇ ਹੋਏ ਸਾਫ਼ ਨਜ਼ਰ ਆਉਂਦੇ ਸਨ।

ਪੁਲਿਸ ਚਾਹੁੰਦੀ ਸੀ ਕਿ ਘੱਟੋ-ਘੱਟ 4 ਜੁਲਾਈ ਨੂੰ ਤਾਂ ਜਥਾ ਗ੍ਰਿਫ਼ਤਾਰੀ ਨਾ ਦੇ ਸਕੇ ਤਾਂ ਜੋ ਉਹ ਇਹ ਆਖ ਸਕਣ ਕਿ ਮੋਰਚਾ ਫੇਲ੍ਹ ਹੋ ਗਿਆ ਹੈ। ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਤੋਂ ਬਾਅਦ ਪੁਲਿਸ ਨੂੰ ਯਕੀਨ ਹੋ ਗਿਆ ਸੀ ਕਿ ਘੱਟੋ-ਘੱਟ ਇਸ ਦਿਨ ਤਾਂ ਜਥਾ ਜੇਲ੍ਹ ਨਹੀਂ ਜਾ ਸਕੇਗਾ। ਪਰ, ਸਿੱਖਾਂ ਨੇ ਮੰਜੀ ਸਾਹਿਬ ਦੀ ਬਜਾਏ ਅਕਾਲ ਤਖ਼ਤ ਸਾਹਿਬ 'ਤੇ ਦੀਵਾਨ ਸਜਾਇਆ। ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਤਾਰਾ ਸਿੰਘ ਠੇਠਰ ਅਤੇ ਜਥੇਦਾਰ ਬੂਟਾ ਸਿੰਘ ਨੇ ਤਕਰੀਰਾਂ ਕੀਤੀਆਂ। ਉੱਥੇ 63 ਨੌਜਵਾਨ ਗ੍ਰਿਫ਼ਤਾਰੀ ਦੇਣ ਲਈ ਅਰਦਾਸ ਕਰ ਕੇ ਟੁਰੇ ਅਤੇ ਉਨਾਂ ਨੇ ਪੁਲਿਸ ਦੀਆਂ ਡਾਂਗਾਂ ਖਾਂਦਿਆਂ ਹੋਇਆਂ ਗ੍ਰਿਫ਼ਤਾਰੀਆਂ ਦਿੱਤੀਆਂ। ਪੁਲਿਸ ਦੀਆਂ ਲਾਠੀਆਂ ਨਾਲ ਅਗਸਤ-ਸਤੰਬਰ 1922 ਵਿਚ ਗੁਰੂ ਦਾ ਬਾਗ਼ ਵਿਚ ਬੀਟੀ ਦੀਆਂ ਡਾਂਗਾਂ ਦੀ ਯਾਦ ਤਾਜ਼ਾ ਹੋ ਗਈ।

ਪੁਲਿਸ ਨੇ ਸਿਰਫ਼ ਦਰਬਾਰ ਸਾਹਿਬ ਕੰਪਲੈਕਸ 'ਤੇ ਹੀ ਨਹੀਂ ਬਲਕਿ ਬਾਬਾ ਅਟੱਲ ਅਤੇ ਕੌਲਸਰ 'ਤੇ ਵੀ ਧਾਵਾ ਬੋਲਿਆ। ਪੁਲਿਸ ਨੇ ਬਾਬਾ ਅਟੱਲ ਦੀ ਸਭ ਤੋਂ ਉਪਰਲੀ ਛੱਤ 'ਤੇ ਮੋਰਚੇ ਗੱਡ ਲਏ ਤੇ ਕੌਲਸਰ ਸਰੋਵਰ ਦੀਆਂ ਪਰਿਕਰਮਾ ਵਿਚ ਪਰੇਡ ਕੀਤੀ। ਪੁਲਿਸ ਨੇ ਸਭ ਤੋਂ ਘਟੀਆ ਹਰਕਤ ਇਹ ਕੀਤੀ ਕਿ ਦਰਬਾਰ ਸਾਹਿਬ ਵਿਚ ਕੜਾਹ ਪ੍ਰਸ਼ਾਦ ਅਤੇ ਰੋਟੀਆਂ ਲੈ ਜਾਣ ਦੀ ਵੀ ਮਨਾਹੀ ਕਰ ਦਿੱਤੀ। ਪੁਲਿਸ ਨੇ ਕਈ ਬੀਬੀਆਂ ਤੋਂ ਰੋਟੀਆਂ ਖੋਹੀਆਂ, ਉਨ੍ਹਾਂ ਦੀ ਬੇਇਜ਼ਤੀ ਕੀਤੀ ਤੇ ਕਈ ਬੀਬੀਆਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ। ਪਰ ਇਸ ਦੇ ਬਾਵਜੂਦ ਅਕਾਲ ਤਖ਼ਤ ਸਾਹਿਬ 'ਤੇ ਸੰਗਤਾਂ ਵੱਲੋਂ ਲਿਆਂਦੇ ਗਏ ਲੰਗਰ ਦਾ ਢੇਰ ਲੱਗ ਗਿਆ ਅਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕਰਨੀ ਪਈ ਕਿ ਉਹ ਹੋਰ ਪ੍ਰਸ਼ਾਦੇ ਨਾ ਲਿਆਉਣ। ਪੁਲਿਸ ਦੀ ਇਹ ਹਰਕਤ 3-4 ਦਿਨ ਜਾਰੀ ਰਹੀ। ਜਦ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਸਿੱਖਾਂ ਦਾ ਮੋਰਚਾ ਫੇਲ੍ਹ ਕਰਨ ਲਈ ਕਾਮਯਾਬ ਨਾ ਹੋਈ ਤਾਂ ਉਨ੍ਹਾਂ ਨੇ ਸਿੱਖਾਂ ਤੇ ਹਿੰਦੂਆਂ ਵਿਚ ਫ਼ਸਾਦ ਕਰਵਾਉਣ ਦੀ ਕੋਸ਼ਿਸ਼ ਕੀਤੀ। ਪੁਲਿਸ ਚਾਹੁੰਦੀ ਸੀ ਕਿ ਸਿੱਖਾਂ ਦੇ ਜਥੇ ਤੇ ਗ੍ਰਿਫ਼ਤਾਰੀਆਂ ਦੇਣ ਵਾਸਤੇ ਹਿੰਦੂ ਆਬਾਦੀ ਵਾਲੇ ਇਲਾਕਿਆਂ ਵਿੱਚੋਂ ਲੰਘ ਕੇ ਜਾਣ ਤੇ ਇਨ੍ਹਾਂ ਜਥਿਆਂ 'ਤੇ ਹਿੰਦੂ ਹਮਲਾ ਕਰਨ। ਇਸ ਕਰ ਕੇ ਪੁਲਿਸ ਨੇ ਜਥਿਆਂ ਨੂੰ ਹਦਾਇਤ ਜਾਰੀ ਕੀਤੀ ਕਿ ਉਹ ਚੌਕ ਫੁਹਾਰੇ ਵੱਲੋਂ ਜਾਣ। ਹਿੰਦੂ

WWW.SIKHBOOKCLUB.COM Page 43

ਅਖ਼ਬਾਰਾਂ ਨੇ ਇਸ ਬਾਰੇ ਪਹਿਲਾਂ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਸ 'ਤੇ ਅਕਾਲੀ ਦਲ ਨੇ ਐਲਾਨ ਕੀਤਾ ਕਿ ਗ੍ਰਿਫ਼ਤਾਰੀ ਦੇਣ ਵਾਲਾ ਜਥਾ ਚੌਂਕ ਫੁਹਾਰੇ ਵੱਲੋਂ ਨਹੀਂ ਬਲਕਿ ਸਿਟੀ ਬਜ਼ਾਰ ਵਿੱਚੋਂ ਹੁੰਦਾ ਹੋਇਆ ਗੁਰੂ ਰਾਮਦਾਸ ਸਰਾਂ ਦੇ ਨਾਕੇ 'ਤੇ ਜਾ ਕੇ ਹੀ ਗ੍ਰਿਫ਼ਤਾਰੀ ਦੇਵੇਗਾ।

5 ਜੁਲਾਈ ਨੂੰ ਅੰਮ੍ਰਿਤਸਰ ਦੇ ਪੂਰਨ ਸਿੰਘ ਦੀ ਜਥੇਦਾਰੀ ਹੇਠਾਂ 52 ਸਿੱਖਾਂ ਨੇ ਘੰਟਾਘਰ ਦੇ ਚੌਕ ਵਿਚ ਗ੍ਰਿਫ਼ਤਾਰੀ ਦਿੱਤੀ। 6 ਜੁਲਾਈ ਨੂੰ ਡਾ: ਨਿਰੰਜਨ ਸਿੰਘ ਅਤੇ ਡਾ: ਭਾਗ ਸਿੰਘ ਦੀ ਅਗਵਾਈ ਹੇਠ 44 ਸਿੱਖਾਂ ਦਾ ਜਥਾ ਗ੍ਰਿਫ਼ਤਾਰੀ ਦੇਣ ਨਿਕਲਿਆ। ਜਦੋਂ ਪੁਲਿਸ ਹਿੰਦੂ-ਸਿੱਖ ਫ਼ਸਾਦ ਕਰਾਉਣ ਵਿਚ ਕਾਮਯਾਬ ਨਾ ਹੋਈ ਤਾਂ ਉਸ ਨੇ ਜਥਿਆਂ ਨੂੰ ਗ੍ਰਿਫ਼ਤਾਰ ਕਰਨਾ ਬੰਦ ਕਰ ਦਿੱਤਾ। 7 ਜੁਲਾਈ ਨੂੰ ਹਜ਼ਾਰਾ ਸਿੰਘ ਹੁਸ਼ਿਆਰਪੁਰ ਦੀ ਜਥੇਦਾਰੀ ਹੇਠ 56 ਸਿੰਘ ਗੁਰੂ ਰਾਮਦਾਸ ਸਰਾਂ ਵਾਲੇ ਨਾਕੇ 'ਤੇ ਪੁੱਜੇ। ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ। ਇਸ ਮਗਰੋਂ ਜਥਾ ਚੌਕ ਬਾਬਾ ਸਾਹਿਬ, ਚੌਕ ਅਖਾੜਾ, ਚੌਕ ਮਾਨ ਸਿੰਘ ਅਤੇ ਚੌਕ ਰਾਮਦਾਸ ਵਿੱਚੋਂ ਤਕਰੀਬਨ ਡੇਢ ਕਿਲੋਮੀਟਰ ਦਾ ਚੱਕਰ ਕੱਢ ਕੇ ਨਾਅਰੇ ਲਾਉਂਦਾ ਹੋਇਆ ਮੰਜੀ ਸਾਹਿਬ ਵਾਪਸ ਪਹੁੰਚ ਗਿਆ। ਪੁਲਿਸ ਉੱਥੇ ਵੀ ਭਾਰੀ ਗਿਣਤੀ ਵਿਚ ਬੈਠੀ ਸੀ ਪਰ ਉਨ੍ਹਾਂ ਨੇ ਜਥੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ। ਅਗਲੇ 3 ਦਿਨ, 10 ਜੁਲਾਈ ਤਕ, ਗ੍ਰਿਫ਼ਤਾਰੀ ਲਈ ਪੇਸ਼ ਹੋਣ ਵਾਲੇ ਜਥਿਆਂ ਨਾਲ ਵੀ ਇਹੀ ਸਲੂਕ ਹੁੰਦਾ ਰਿਹਾ ਪਰ ਇਸ ਦੌਰਾਨ 7 ਜੁਲਾਈ ਦੇ ਦਿਨ ਹੁਕਮ ਸਿੰਘ ਅਤੇ ਬਾਵਾ ਹਰਕਿਸ਼ਨ ਸਿੰਘ ਜ਼ਰੂਰ ਗ੍ਰਿਫ਼ਤਾਰ ਕਰ ਲਏ ਗਏ ਸਨ।

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ

ਦਰਬਾਰ ਸਾਹਿਬ 'ਤੇ ਪੁਲਿਸ ਵੱਲੋਂ ਹਮਲਾ ਕਰਨ ਦੇ ਖ਼ਿਲਾਫ਼ ਅੰਮ੍ਰਿਤਸਰ ਦੇ ਦੁਕਾਨਦਾਰਾਂ ਨੇ ਮੁਕੰਮਲ ਹੜਤਾਲ ਕਰ ਦਿੱਤੀ। ਅਗਲੇ ਦਿਨ ਸਾਰੇ ਪੰਜਾਬ ਦੇ ਸਿੱਖ ਦੁਕਾਨਦਾਰਾਂ ਨੇ ਹੜਤਾਲ ਕੀਤੀ। ਬਾਬਾ ਖੜਕ ਸਿੰਘ, ਈਸ਼ਰ ਸਿੰਘ ਮਝੈਲ, ਸੰਤ ਸਿੰਘ ਸਾਬਕਾ ਰਾਜਦੂਤ ਤੇ ਬਹੁਤ ਸਾਰੇ ਕਾਂਗਰਸੀਆਂ ਨੇ ਵੀ ਇਸ ਹਮਲੇ ਦੀ ਜ਼ਬਰਦਸਤ ਨਿੰਦਾ ਕੀਤੀ। ਦੂਜੇ ਪਾਸੇ ਪ੍ਰਤਾਪ ਸਿੰਘ ਕੈਰੋਂ, ਗੁਰਬਚਨ ਸਿੰਘ ਬਾਜਵਾ ਤੇ ਦਰਸ਼ਨ ਸਿੰਘ ਫੇਰੂਮਾਨ ਨੇ ਇਸ ਹਮਲੇ ਦੀ ਹਮਾਇਤ ਕੀਤੀ। ਚੀਫ਼ ਖਾਲਸਾ ਦੀਵਾਨ ਨੇ ਵੀ ਦਰਬਾਰ ਸਾਹਿਬ 'ਤੇ ਹਮਲੇ ਦੀ ਕਾਰਵਾਈ ਦੇ ਖ਼ਿਲਾਫ਼ ਮਤਾ ਪਾਸ ਕੀਤਾ। *ਉੱਜਲ ਸਿੰਘ ਨੇ ਇਸ ਮਤੇ ਦੇ ਖ਼ਿਲਾਫ਼ ਵੋਟ ਦਿੱਤਾ ਅਤੇ ਪ੍ਰੋਟੈਸਟ ਵਲੋਂ ਚੀਫ਼ ਖਾਲਸਾ ਦੀਵਾਨ ਤੋਂ ਅਸਤੀਫ਼ਾ ਦੇ ਦਿੱਤਾ।* ਇਸ ਦਿਨ ਸਰਕਾਰ ਨੇ ਅਕਾਲੀ ਅਖ਼ਬਾਰਾਂ ('ਪ੍ਰਭਾਤ' ਤੇ 'ਅਕਾਲੀ') ਦੀ ਪ੍ਰੈਸ ਵੀ ਸੀਲ ਕਰ ਦਿੱਤੀ ਅਤੇ 'ਅਕਾਲੀ ਪਤ੍ਰਿਕਾ' ਤੇ 'ਅਜੀਤ' ਦੇ ਛਪਣ 'ਤੇ ਵੀ ਪਾਬੰਦੀਆਂ ਆਇਦ ਕਰ ਦਿੱਤੀਆਂ। ਪੁਲਿਸ ਦਰਬਾਰ ਸਾਹਿਬ ਕੰਪਲੈਕਸ ਵਿਚ 4 ਦਿਨ ਕਾਬਜ਼ ਰਹੀ। ਅਖ਼ੀਰ ਪੁਲਿਸ ਨੂੰ ਨਿਕਲਣਾ ਪਿਆ।

ਇਸ ਵੇਲੇ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 138 ਵਿਚੋਂ 113

WWW.SIKHBOOKCLUB.COM

ਮੈਂਬਰ ਜੇਲ੍ਹ ਵਿਚ ਸਨ। 8 ਜੁਲਾਈ ਨੂੰ ਚੰਦ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ 53 ਸਿੱਖਾਂ ਦਾ ਜਥਾ ਲੈ ਕੇ ਗਏ। 9 ਜੁਲਾਈ ਨੂੰ ਬੀਬੀ ਗੁਰਦਿਆਲ ਕੌਰ ਦੀ ਜਥੇਦਾਰੀ ਹੇਠ 139 ਬੀਬੀਆਂ ਦੇ ਜਥੇ ਨੇ ਮਾਰਚ ਕੀਤਾ। ਇਸ ਵੱਡੇ ਜਥੇ ਵਿਚ ਗੰਗਾ ਨਗਰ ਤੋਂ ਬੀਬੀ ਜਵਾਲਾ ਕੌਰ, ਕਾਨਪੁਰ ਤੋਂ ਬੀਬੀ ਹੁਕਮ ਕੌਰ, ਫ਼ਿਰੋਜ਼ਪੁਰ ਤੋਂ ਬੀਬੀ ਪ੍ਰਤਾਪ ਕੌਰ, ਸੰਗਰੂਰ ਤੋਂ ਬੀਬੀ ਸ਼ਾਮ ਕੌਰ ਅਤੇ ਅੰਮ੍ਰਿਤਸਰ ਤੋਂ ਬੀਬੀ ਇੰਦਰ ਕੌਰ ਤੇ ਬੀਬੀ ਹਰਨਾਮ ਕੌਰ ਆਪਣੇ-ਆਪਣੇ ਜਥਿਆਂ ਸਮੇਤ ਸ਼ਾਮਿਲ ਹੋਈਆਂ। ਇਕ ਬੀਬੀ ਸੁਰਜੀਤ ਕੌਰ ਆਪਣੇ 4 ਬੱਚਿਆਂ ਸਮੇਤ ਜਥੇ ਵਿਚ ਸ਼ਾਮਿਲ ਹੋਈ। 10 ਜੁਲਾਈ ਦੇ ਦਿਨ ਗਿਆਨ ਸਿੰਘ ਰਾੜੇਵਾਲਾ ਦੀ ਪਤਨੀ ਬੀਬੀ ਮਨਮੋਹਨ ਕੌਰ 150 ਦਾ ਜਥਾ ਲੈ ਕੇ ਪੁੱਜੀ। ਇਸ ਦਿਨ ਜੰਮੂ ਦੇ ਮਾਸਟਰ ਤਾਰਾ ਸਿੰਘ ਸ਼ਾਂਤ ਦੀ ਅਗਵਾਈ ਹੇਠ 261 ਸਿੱਖਾਂ ਦਾ ਜਥਾ ਗ੍ਰਿਫ਼ਤਾਰੀ ਲਈ ਤੁਰਿਆ। 11 ਜੁਲਾਈ ਨੂੰ ਜ: ਪ੍ਰੀਤਮ ਸਿੰਘ ਮੋਫ਼ਰ ਐਮ.ਐਲ.ਏ. 600 ਸਿੱਖਾਂ ਦਾ ਜਥਾ ਲੈ ਕੇ ਨਿਕਲੇ। ਇਸ ਦਿਨ ਪੁਲਿਸ ਨੇ ਜਥੇ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ।

ਸਰਕਾਰ ਨੇ ਪਾਬੰਦੀ ਵਾਪਿਸ ਲਈ

12 ਜੁਲਾਈ ਦੇ ਦਿਨ ਗੁਰਬਚਨ ਸਿੰਘ ਫ਼ਤਹਿਗੜ੍ਹ ਦੀ ਕਮਾਨ ਹੇਠ 250 ਸਿੱਖਾਂ ਦਾ ਜਥਾ ਜੇਲ੍ਹ ਜਾਣ ਲਈ ਤਿਆਰ ਹੋ ਕੇ ਮੰਜੀ ਸਾਹਿਬ ਪਹੁੰਚ ਗਿਆ ਅਜੇ ਜਥਾ ਤੁਰਿਆ ਨਹੀਂ ਸੀ ਕਿ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਆਏ ਅਤੇ ਸਰਕਾਰ ਵੱਲੋਂ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ 'ਤੇ ਲੱਗੀ ਪਾਬੰਦੀ ਦੇ ਵਾਪਿਸ ਲੈਣ ਦੀ ਖ਼ਬਰ ਦਿੱਤੀ। ਉਨ੍ਹਾਂ ਨੇ ਅਕਾਲੀ ਆਗੂਆਂ ਨੂੰ ਜਥਾ ਰੋਕਣ ਲਈ ਆਖਿਆ ਤਾਂ ਅਕਾਲੀ ਆਗੂਆਂ ਨੇ ਐਲਾਨ ਕੀਤਾ ਕਿਉਂਕਿ ਜਥੇ ਨੇ ਅਰਦਾਸ ਕਰ ਲਈ ਹੈ ਇਸ ਲਈ ਇਹ ਜਥਾ ਜ਼ਰੂਰ ਟੁਰੇਗਾ। ਇਹ ਜਥਾ ਨਾਅਰੇ ਲਾਉਂਦਾ ਬਜ਼ਾਰਾਂ ਵਿਚੋਂ ਚੱਕਰ ਕੱਟ ਕੇ ਵਾਪਿਸ ਮੰਜੀ ਸਾਹਿਬ ਆ ਗਿਆ।

ਇੰਞ 12 ਜੁਲਾਈ ਦੇ ਦਿਨ ਪੰਜਾਬੀ ਦੇ ਨਾਅਰੇ 'ਤੇ ਲੱਗੀ ਪਾਬੰਦੀ ਦੇ ਖ਼ਿਲਾਫ਼ 64 ਰੋਜ਼ਾ ਮੋਰਚਾ ਜਿੱਤਿਆ ਗਿਆ। ਪਹਿਲਾਂ ਤਾਂ ਸੱਚਰ ਨੇ ਮੋਰਚੇ ਵਿਚ ਗ੍ਰਿਫ਼ਤਾਰ ਸਿੱਖਾਂ ਨੂੰ ਰਿਹਾ ਕਰਨ ਤੋਂ ਨਾਂਹ ਕਰ ਦਿੱਤੀ ਪਰ ਨਵੇਂ ਮੋਰਚੇ ਤੋਂ ਡਰ ਕੇ ਸਾਰੇ ਕੈਦੀ ਰਿਹਾ ਕਰ ਦਿੱਤੇ। ਸਭ ਤੋਂ ਅਖ਼ੀਰ 'ਤੇ ਮਾਸਟਰ ਤਾਰਾ ਸਿੰਘ ਨੂੰ 8 ਸਤੰਬਰ ਨੂੰ ਰਿਹਾ ਕੀਤਾ ਗਿਆ।

10 ਅਕਤੂਬਰ 1955 ਦੇ ਦਿਨ ਪੰਜਾਬ ਦੇ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ ਮੰਜੀ ਸਾਹਿਬ ਪੇਸ਼ ਹੋ ਕੇ 4 ਜੁਲਾਈ ਨੂੰ ਦਰਬਾਰ ਸਾਹਿਬ 'ਤੇ ਪੁਲਿਸ ਦੇ ਹਮਲੇ ਦੀ ਮੁਆਫ਼ੀ ਮੰਗੀ (ਉਵ ਉਸ ਦੀ ਇਸ ਕਾਰਵਾਈ ਕਾਰਨ ਫ਼ਿਰਕੂ ਹਿੰਦੂ ਕਾਂਗਰਸੀ ਉਸ ਦੇ ਖ਼ਿਲਾਫ਼ ਹੋ ਗਏ ਤੇ ਉਸ ਦੀ ਚੀਫ਼ ਮਨਿਸਟਰੀ ਖੁਸ ਗਈ)।

ਅਕਾਲੀ-ਕਾਂਗਰਸ 'ਸਮਝੌਤਾ' (1956-57)

'ਪੰਜਾਬੀ ਸੂਬਾ ਜ਼ਿੰਦਾਬਾਦ' ਕਹਿਣ 'ਤੇ ਲੱਗੀ ਪਾਬੰਦੀ 12 ਜੁਲਾਈ 1955 ਨੂੰ

WWW.SIKHBOOKCLUB.COM

ਵਾਪਸ ਲਈ ਗਈ ਪਰ ਸਿਰਫ਼ 'ਜ਼ਿੰਦਾਬਾਦ' ਕਹਿਣ ਦੀ ਇਜਾਜ਼ਤ ਮਿਲਣਾ ਕਾਫ਼ੀ ਨਹੀਂ ਸੀ। ਗੱਲ ਤਾਂ ਸਿੱਖੀ ਨੂੰ ਬਣਾਉਣ ਵਾਸਤੇ ''**ਦੇਸ਼ ਅਤੇ ਕਾਲ**'' ਨੂੰ ਹਾਸਿਲ ਕਰਨਾ ਸੀ ਅਤੇ ਅਕਾਲੀ ਦਲ ਇਸ ਵਾਸਤੇ ਘੋਲ ਕਰ ਰਿਹਾ ਸੀ।

ਸੂਬਿਆਂ ਬਾਰੇ ਬਣੇ ਹਦਬੰਦੀ ਕਮਿਸ਼ਨ ਨੇ ਅਕਤੂਬਰ 1955 ਵਿਚ ਆਪਣੀ ਰਿਪੋਰਟ ਪੇਸ਼ ਕੀਤੀ। ਹਦਬੰਦੀ ਕਮਿਸ਼ਨ ਨੇ ਪੰਜਾਬੀ ਸੂਬੇ ਦੀ ਮੰਗ ਪੂਰੀ ਤਰ੍ਹਾਂ ਠੁਕਰਾ ਦਿੱਤੀ ਅਤੇ ਇਸ ਦੇ ਬਦਲੇ 'ਮਹਾਂ ਪੰਜਾਬ' ਦੀ ਹਿਮਾਇਤ ਕੀਤੀ। ਅਜੇ ਪੰਜਾਬੀ ਸੂਬੇ ਦੀ ਕਾਇਮੀ ਬਾਰੇ ਸੋਚਿਆ ਹੀ ਜਾ ਰਿਹਾ ਸੀ ਕਿ ਇਸ ਵਿਚੋਂ ਹਿੰਦੀ ਇਲਾਕੇ ਕੱਢਣ ਦੀ ਬਜਾਏ ਹੋਰ ਹਿੰਦੀ ਇਲਾਕੇ ਵਧਾਉਣ ਦੀਆਂ ਚਾਲਾਂ ਸ਼ੁਰੂ ਹੋ ਗਈਆਂ। ਪੰਜਾਬ, ਪੈਪਸੂ ਅਤੇ ਹਿਮਾਂਚਲ ਪ੍ਰਦੇਸ਼ ਨੂੰ ਇਕ ਕਰਨ ਦੀ ਸਿਫ਼ਾਰਸ਼ ਦਾ ਮਤਲਬ ਸੀ ਕਿ ਸਿੱਖ ਕਿਸੇ ਵੀ ਇਲਾਕੇ ਵਿਚ ਕਦੇ ਵੀ ਬਹੁ-ਗਿਣਤੀ ਵਿਚ ਨਾ ਰਹਿ ਸਕਣ। (*ਟ੍ਰਿਬਿਊਨ*, 10-11 ਅਕਤੂਬਰ 1955)।

ਹਦਬੰਦੀ ਕਮਿਸ਼ਨ ਦੀ ਰਿਪੋਰਟ ਨਾਲ ਸਿੱਖਾਂ ਵਿਚ ਤੂਫ਼ਾਨ ਉਠ ਖੜਾ ਹੋਇਆ। ਮਾਸਟਰ ਤਾਰਾ ਸਿੰਘ ਨੇ ਸਿੱਖਾਂ ਨੂੰ ਇਕ 'ਅਪੀਲ' ਦੇ ਰੂਪ ਵਿਚ ਆਪਣੇ ਜਜ਼ਬਾਤ ਦਾ ਇਜ਼ਹਾਰ ਕੀਤਾ। ਇਸ ਦਿਲ ਟੁੰਬਵੀਂ ਅਪੀਲ ਨੇ ਸਿੱਖਾਂ ਵਿਚ ਜੋਸ਼ ਭਰ ਦਿੱਤਾ। ਮਾਸਟਰ ਜੀ ਨੇ 16 ਅਕਤੂਬਰ 1955 ਨੂੰ ਅੰਮ੍ਰਿਤਸਰ ਵਿਖੇ ਸਾਰੀਆਂ ਸਿੱਖ ਜਥੇਬੰਦੀਆਂ ਦੀ ਇਕ ਕਾਨਫ਼ਰੰਸ ਸੱਦ ਲਈ। ਇਸ ਵਿਚ 1300 ਨੁਮਾਇੰਦੇ ਸ਼ਾਮਿਲ ਹੋਏ। ਕਾਨਫ਼ਰੰਸ ਨੇ ਮਾਸਟਰ ਤਾਰਾ ਸਿੰਘ ਨੂੰ ਸਾਰੇ ਹੱਕ ਦੇ ਕੇ ਕਿਹਾ ਕਿ ਉਹ ਪੰਜਾਬੀ ਸੂਬੇ ਦੀ ਕਾਇਮੀ ਵਾਸਤੇ ਜੱਦੋਜਹਿਦ ਕਰੇ।

5 ਅਕਤੂਬਰ 1955 ਨੂੰ ਭੀਮ ਸੈਨ ਸੱਚਰ ਮੁੱਖ ਮੰਤਰੀ ਨੇ ਵੀ ਇਕ ਬਿਆਨ ਵਿਚ ਕਿਹਾ ਕਿ ਸਿੱਖਾਂ ਨੂੰ ਔਖਾ ਕਰਨ ਦੀ ਜ਼ਿੰਮਦਾਰੀ ਦਾ ਮੁੱਖ ਕਾਰਨ 'ਸੱਚਰ ਫ਼ਾਰਮੂਲੇ' ਨੂੰ ਪੂਰੀ ਤਰ੍ਹਾਂ ਲਾਗੂ ਨਾ ਕਰਨਾ ਹੈ। ਪੰਜਾਬ ਦਾ ਫ਼ਿਰਕਾ ਪ੍ਰਸਤ ਹਿੰਦੂ ਇਸ ਦਾ ਜ਼ਿੰਮੇਦਾਰ ਹੈ। ਸੱਚਰ ਨੇ ਇਹ ਵੀ ਕਿਹਾ ਕਿ 'ਜੋ ਹਿੰਦੂ ਸੱਚਰ ਫ਼ਾਰਮੂਲੇ ਨੂੰ ਮਨਜ਼ੂਰ ਨਹੀਂ ਕਰਦੇ ਉਹ ਕਾਂਗਰਸ ਨੂੰ ਛੱਡ ਕੇ ਜਨਸੰਘ ਜਾਂ ਰਾਸ਼ਟਰ ਸੋਇਮ ਸੇਵਕ ਸਿੰਘ ਵਿਚ ਸ਼ਾਮਿਲ ਹੋ ਜਾਣ।'

24 ਅਕਤੂਬਰ 1955 ਨੂੰ ਮਾਸਟਰ ਤਾਰਾ ਸਿੰਘ, ਗਿਆਨ ਸਿੰਘ ਰਾੜੇਵਾਲਾ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਤੇ (ਚੀਫ਼ ਖ਼ਾਲਸਾ ਦੀਵਾਨ ਵੱਲੋਂ) ਭਾਈ ਜੋਧ ਸਿੰਘ ਦਾ ਡੈਪੂਟੇਸ਼ਨ ਨਹਿਰੂ ਨੂੰ ਮਿਲਿਆ ਅਤੇ ਸਿੱਖਾਂ ਦੀਆਂ ਸ਼ਿਕਾਇਤਾਂ ਬਾਰੇ ਦੋ ਘੰਟੇ ਤਕ ਗਲਬਾਤ ਚਲੀ। ਨਹਿਰੂ ਨਾਲ ਮੌਲਾਨਾ ਆਜ਼ਾਦ ਤੇ ਪੰਡਤ ਪੰਤ ਵੀ ਹਾਜ਼ਿਰ ਸਨ। ਪਰ ਇਸ ਵਿਚੋਂ ਕੋਈ ਵੀ ਨਤੀਜਾ ਨਾ ਨਿਕਲਿਆ *ਕੌਮੀ ਏਕਤਾ*, ਨਵੰਬਰ 1974 ਵਿਚ ਹੁਕਮ ਸਿੰਘ ਦਾ ਲੇਖ)।

ਦੂਜੇ ਪਾਸੇ ਕਾਂਗਰਸੀ ਸਿੱਖਾਂ ਦੇ ਤਿੰਨ ਵਜ਼ੀਰ (ਪੰਜਾਬ ਤੇ ਪੈਪਸੂ ਦੇ), ਇਕ ਪਛੜੀਆਂ ਜ਼ਾਤਾਂ 'ਚੋਂ, ਇਕ ਨਾਮਧਾਰੀਆਂ ਦਾ, ਦੋ ਖ਼ਾਲਸਾ ਦਲ ਦੇ, ਕੁਲ ਸਤ ਨੁੰਮਾਇੰਦੇ ਪੰਜਾਬ ਦੇ ਮੁੱਖ ਮੰਤਰੀ ਨੂੰ ਮਿਲੇ ਅਤੇ ਸੱਚਰ ਫ਼ਾਰਮੂਲਾ ਪੂਰੀ ਤਰ੍ਹਾਂ ਲਾਗੂ

WWW.SIKHBOOKCLUB.COM

ਨਾ ਕੀਤੇ ਜਾਣ ਦੀ ਸ਼ਿਕਾਇਤ ਕੀਤੀ। ਇਹ ਵੀ ਮੰਗ ਕੀਤੀ ਗਈ ਕਿ ਜਿਸ ਤਰ੍ਹਾਂ ਸਾਰੇ ਪੈਪਸੂ ਵਿਚ ਚੌਥੀ ਤਕ ਲਾਜ਼ਮੀ ਪੰਜਾਬੀ ਪੜ੍ਹਨੀ ਪੈਂਦੀ ਹੈ ਉਸੇ ਤਰ੍ਹਾਂ ਪੰਜਾਬ ਵਿਚ ਵੀ ਪੰਜਾਬੀ ਰਿਜਨ ਵਿਚ ਪੰਜਾਬੀ ਲਾਜ਼ਮੀ ਕੀਤੀ ਜਾਵੇ।

ਇਨ੍ਹਾਂ ਡੈਪੂਟੇਸ਼ਨਾਂ ਤੇ ਮੀਟਿੰਗਾਂ ਦਾ ਕੋਈ ਨਤੀਜਾ ਨਾ ਨਿਕਲਣਾ ਸੀ ਤੇ ਨਾ ਨਿਕਲਿਆ। ਸਿੱਖਾਂ ਨੂੰ ਮੀਟਿੰਗਾਂ, ਮੈਮੋਰੰਡਮਜ਼ ਜਾਂ ਪੜਤਾਲਾਂ 'ਚੋਂ ਕੁੱਝ ਵੀ ਨਹੀਂ ਲਭਦਾ। ਜਸਟਿਸ ਫ਼ਾਜ਼ਲਾ ਦੀ ਰਿਪੋਰਟ (ਨਮਕ ਮੰਡੀ ਅੰਮ੍ਰਿਤਸਰ ਦੀ ਘਟਨਾ ਬਾਰੇ) ਅਤੇ ਵੋਹਰਾ ਕਮਿਸ਼ਨ ਰਿਪੋਰਟ (ਕਾਲੀ ਚਰਨ ਦੀ ਲੁਧਿਆਣੇ ਦੀ ਘਟਨਾ ਬਾਰੇ) ਦਾ ਹਸ਼ਰ ਸਿੱਖ ਵੇਖ ਚੁਕੇ ਸਨ। ਸੂਬਾਈ ਹਦਬੰਦੀ ਕਮਿਸ਼ਨ ਦਾ ਰੋਲ ਵੀ ਸਿੱਖਾਂ ਲਈ ਅੱਖਾਂ ਖੋਲ੍ਹਣ ਵਾਲਾ ਸੀ।

ਇਸ ਹਾਲਤ ਵਿਚ ਸਿੱਖਾਂ ਵਿਚ ਰੋਹ ਵਧਦਾ ਗਿਆ ਅਤੇ ਉਧਰ ਭੀਮ ਸੈਨ ਸੱਚਰ ਨੇ 14 ਜਨਵਰੀ 1956 ਦੇ ਦਿਨ ਅਸਤੀਫ਼ਾ ਦੇ ਦਿੱਤਾ। 21 ਜਨਵਰੀ 1956 ਨੂੰ ਪ੍ਰਤਾਪ ਸਿੰਘ ਕੈਰੋਂ ਪੰਜਾਬ ਦਾ ਮੁੱਖ ਮੰਤਰੀ ਬਣ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਬੰਬਈ ਨੂੰ ਗੁਜਰਾਤ ਤੇ ਮਹਾਂਰਾਸ਼ਟਰ ਵਿਚ ਵੰਡਣ ਦੀ ਮੰਗ ਸ਼ੁਰੂ ਹੋ ਗਈ ਅਤੇ ਲੋਕਾਂ ਨੇ ਮੋਰਚੇ ਦਾ ਬਿਗਲ ਵਜਾ ਦਿੱਤਾ। ਇਕੱਲੇ ਬੰਬਈ ਵਿਚ 18 ਜਨਵਰੀ 1956 ਦੇ ਦਿਨ 114 ਵਾਰੀ ਗੋਲੀ ਚਲੀ ਜਿਸ ਵਿਚ ਦਰਜਨਾਂ ਲੋਕ ਮਾਰੇ ਗਏ ਅਤੇ 500 ਜ਼ਖ਼ਮੀ ਹੋ ਗਏ। ਇਧਰ ਪੰਜਾਬ ਵਿਚ ਵੀ ਪੰਜਾਬੀ ਸੂਬੇ ਦੀ ਮੰਗ ਦਾ ਜ਼ੋਰ ਰਿਹਾ ਸੀ। ਅਕਾਲੀ ਦਲ ਨੇ 28 ਜਨਵਰੀ ਨੂੰ ਇਕ ਮਤੇ ਰਾਹੀਂ ਮਹਾਂਰਾਸ਼ਟਰ ਦੀ ਮੰਗ ਦੀ ਵੀ ਹਿਮਾਇਤ ਕਰ ਦਿੱਤੀ।

ਪ੍ਰਤਾਪ ਸਿੰਘ ਕੈਰੋਂ ਦੇ ਮੁੱਖ ਮੰਤਰੀ ਬਨਣ ਤੋਂ ਅਗਲੇ ਹੀ ਦਿਨ 22 ਜਨਵਰੀ 1956 ਦੇ ਦਿਨ ਜਨ ਸੰਘੀਆਂ (ਫ਼ਿਰਕੂ ਹਿੰਦੂ ਪਾਰਟੀ, ਹੁਣ ਭਾਜਪਾ) ਦੇ ਵਰਕਰਾਂ ਨੇ ਲੁਧਿਆਣੇ ਵਿਖੇ ਕਲਗੀਧਰ ਗੁਰਦੁਆਰੇ ਸਾਹਮਣੇ ਮਹਾਂ ਪੰਜਾਬ ਦੇ ਹੱਕ ਵਿਚ ਤੇ ਪੰਜਾਬੀ ਸੂਬੇ ਦੇ ਵਿਰੁਧ ਨਾਅਰੇ ਲਾਏ ਅਤੇ ਫ਼ਸਾਦ ਖੜਾ ਕਰ ਦਿੱਤਾ। ਜਿਸ ਵਿਚ 40 ਆਦਮੀ ਜ਼ਖ਼ਮੀ ਹੋ ਗਏ।

ਅੰਮ੍ਰਿਤਸਰ ਦੀ ਤਵਾਰੀਖ਼ੀ ਅਕਾਲੀ ਕਾਨਫ਼ਰੰਸ

ਫ਼ਰਵਰੀ 1956 ਵਿਚ ਕਾਂਗਰਸ ਨੇ ਆਪਣਾ ਸਾਲਾਨਾ ਇਜਲਾਸ ਅੰਮ੍ਰਿਤਸਰ ਵਿਚ ਰੱਖਿਆ। ਅਕਾਲੀ ਦਲ ਨੇ ਵੀ ਆਪਣੀ ਦਸਵੀਂ ਸਾਲਾਨਾ ਕਾਨਫ਼ਰੰਸ ਇਨ੍ਹਾਂ ਦਿਨਾਂ ਵਿਚ ਹੀ ਅੰਮ੍ਰਿਤਸਰ ਵਿਚ ਬੁਲਾ ਲਈ। ਉਧਰ ਜਨਸੰਘ ਨੇ ਵੀ ਮਹਾਂ ਪੰਜਾਬ ਦੇ ਹੱਕ ਵਿਚ ਕਾਨਫ਼ਰੰਸ ਵੀ ਉਨ੍ਹਾਂ ਹੀ ਤਾਰੀਖ਼ਾਂ ਤੇ ਹੀ ਰੱਖ ਲਈ।

11 ਫ਼ਰਵਰੀ 1956 ਦੇ ਦਿਨ ਅਕਾਲੀ ਕਾਨਫ਼ਰੰਸ ਦਾ ਜਲੂਸ ਨਿਕਲਿਆ। ਅਕਾਲੀ ਦਲ ਨੇ 3 ਲੱਖ ਲੋਕਾਂ ਦੀ ਸ਼ਮੂਲੀਅਤ ਦੀ ਉਮੀਦ ਕੀਤੀ ਸੀ ਪਰ ਇਸ ਜਲੂਸ ਵਿਚ ਪੰਜ ਲੱਖ ਤੋਂ ਵਧ ਸਿੱਖ ਸ਼ਾਮਿਲ ਹੋਏ (ਅਤੇ ਅਗਲੇ ਦਿਨ ਦੀ ਕਨਵੈਨਸ਼ਨ ਵਿਚ ਅਠ ਤੋਂ ਦੱਸ ਲੱਖ ਤਕ ਸਿੱਖ ਸ਼ਾਮਿਲ ਹੋਏ)। ਇਸ 6 ਮੀਲ ਲੰਬੇ ਜਲੂਸ ਦੀ ਖ਼ਾਸ ਗੱਲ ਇਹ ਸੀ ਕਿ ਜਦੋਂ ਇਸ ਜਲੂਸ ਦਾ ਪਹਿਲਾ ਸਿਰਾ ਆਪਣੀ

WWW.SIKHBOOKCLUB.COM

ਮੰਜ਼ਿਲ 'ਤੇ ਪਹੁੰਚ ਚੁੱਕਾ ਸੀ ਤਾਂ ਵੀ ਜਲੂਸ ਦਾ ਆਖ਼ਰੀ ਸਿਰਾ ਅਜੇ ਚੱਲਣ ਵਾਲਾ ਥਾਂ 'ਤੇ ਹੀ ਸੀ ਯਾਨਿ ਛੇ ਮੀਲ ਤਕ ਸਿੱਖ ਹੀ ਸਿੱਖ ਫੈਲੇ ਹੋਏ ਸਨ। ਦੂਜੇ ਪਾਸੇ ਮਹਾਂ ਪੰਜਾਬ ਦੇ ਮਹਾਸ਼ਿਆਂ ਦੇ ਜਲੂਸ ਵਿਚ ਸਿਰਫ਼ 70,000 ਹਿੰਦੂ ਸ਼ਾਮਿਲ ਹੋਏ। ਇਸ ਵਿਚ ਕਾਂਗਰਸੀ ਐਮ.ਐਲ.ਏ. ਖੇਮ ਸਿੰਘ ਤੁੰਗ ਅਤੇ ਜੀਵਨ ਸਿੰਘ ਮਜ਼ਹਬੀ ਦੱਲ ਦੇ 2000 ਮਜ਼ਹਬੀ ਸਿੱਖ ਵੀ ਸ਼ਾਮਿਲ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਜਲਸੇ ਵਿਚ ਦੱਸ ਲੱਖ ਸਿੰਘਾਂ ਦੇ ਮੁਕਾਬਲੇ ਵਿਚ ਜਨਸੰਘੀਆਂ ਦੇ ਅਤੇ ਕਾਂਗਰਸੀ ਇਕੱਠ ਬੜੇ ਫਿੱਕੇ-ਫਿੱਕੇ ਜਾਪਦੇ ਸਨ। ਇਸ ਕਾਨਫ਼ਰੰਸ ਨੇ ਇਹ ਸਾਬਿਤ ਕਰ ਦਿੱਤਾ ਸੀ ਕਿ: (1) ਸਿੱਖ ਭਾਰਤ ਵਿਚ ਦੁਖੀ ਹਨ (2) ਸਿੱਖ ਪੰਜਾਬੀ ਸੂਬੇ ਲਈ ਇਕ ਹਨ (3) ਸਿੱਖਾਂ ਦੇ ਨੁੰਮਾਇੰਦੇ ਅਕਾਲੀ ਹੀ ਹਨ ਅਤੇ (4) ਮਾਸਟਰ ਤਾਰਾ ਸਿੰਘ ਹੀ ਅਕਾਲੀ ਦਲ ਦਾ ਇਕੋ-ਇੱਕ ਆਗੂ ਹੈ। ਇਸ ਕਾਨਫ਼ਰੰਸ ਨੇ ਪੰਜਾਬੀ ਸੂਬੇ ਦੀ ਕਾਇਮੀ ਦੀ ਮੰਗ ਕੀਤੀ। ਇਕ ਹੋਰ ਮਤੇ ਰਾਹੀਂ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰੇ ਦੀ ਨਿੰਦਾ ਕੀਤੀ ਗਈ।

ਰਿਜਨਲ ਫਾਰਮੂਲਾ

ਜਵਾਹਰ ਲਾਲ ਤੇ ਹੋਰ ਕਾਂਗਰਸੀ ਇਸ ਸਿੱਖ-ਅਕਾਲੀ ਤਾਕਤ ਨੂੰ ਵੇਖ ਕੇ ਘਬਰਾ ਗਏ। ਹੈ ਵੀ ਠੀਕ ਸੀ। ਕੁਲ 60 ਲੱਖ ਸਿੱਖਾਂ ਵਿਚੋਂ ਜੇ ਬੱਚੇ, ਬਜ਼ੁਰਗ ਤੇ ਔਰਤਾਂ ਕੱਢ ਦਿੱਤੀਆਂ ਜਾਣ ਤਾਂ ਬਾਕੀ 20 ਲੱਖ ਸਿੱਖ ਹੀ ਬਚਦੇ ਸਨ। ਇਸ ਵਿਚੋਂ ਦੱਸ ਲੱਖ ਸਿੱਖ ਅਕਾਲੀ ਦਲ ਦੀ ਕਾਨਫ਼ਰੰਸ ਵਿਚ ਹਾਜ਼ਰ ਸਨ। ਇਸ ਹਾਲਤ ਵਿਚ ਕਾਂਗਰਸ ਨੇ ਸਿੱਖਾਂ ਨੂੰ ਚੁਪ ਕਰਾਉਣ ਵਾਸਤੇ ਬਲਦੇਵ ਸਿੰਘ ਰਾਹੀਂ ਪੰਜਾਬ ਨੂੰ 'ਤਿੰਨ ਜ਼ੋਨ' ਵਿਚ ਵੰਡਣ ਦਾ ਫ਼ਾਰਮੂਲਾ ਪੇਸ਼ ਕੀਤਾ ਪਰ ਅਕਾਲੀ ਦਲ ਨੇ ਇਸ ਨੂੰ ਨਾ-ਮਨਜ਼ੂਰ ਕਰ ਦਿੱਤਾ। ਇਸ ਮਗਰੋਂ ਵੀ ਅਕਾਲੀ ਦਲ ਅਤੇ ਕਾਂਗਰਸ ਵਿਚ ਗੱਲਬਾਤ ਹੁੰਦੀ ਰਹੀ। 22 ਫ਼ਰਵਰੀ ਤੋਂ 24 ਫ਼ਰਵਰੀ 1956 ਤਕ ਫੇਰ ਲਗਾਤਾਰ ਗਲਬਾਤ ਦਾ ਦੌਰ ਚਲਦਾ ਰਿਹਾ ਪਰ ਕੋਈ ਨਤੀਜਾ ਨਾ ਨਿਕਲਿਆ।

ਮਾਰਚ 1956 ਵਿਚ ਸਰਕਾਰ ਨੇ **'ਰਿਜਨਲ ਫਾਰਮੂਲਾ'** ਪੇਸ਼ ਕੀਤਾ। ਇਸ ਮੁਤਾਬਿਕ ਪੰਜਾਬ ਅਤੇ ਪੈਪਸੂ ਨੂੰ ਇਕ ਕਰਨ ਅਤੇ ਇਸ ਦੇ ਦੋ ਜ਼ੋਨ ਬਨਾਉਣ ਦਾ ਫ਼ੈਸਲਾ ਹੋਇਆ। ਹਿਮਾਂਚਲ ਵੱਖਰਾ ਹੋਣਾ ਸੀ ਅਤੇ ਪੰਜਾਬ ਵਿਚ ਪੰਜਾਬੀ ਜ਼ੋਨ ਅਤੇ ਹਿੰਦੀ ਜ਼ੋਨ ਦੋ ਹਿੱਸੇ ਹੋਣੇ ਸਨ।

ਇਸ ਵਿਚ ਵੱਖ-ਵੱਖ ਦੋ ਰਿਜਨਲ ਕੌਂਸਲਾਂ ਹੋਣੀਆਂ ਸਨ। ਇਨ੍ਹਾਂ ਕੌਂਸਲਾਂ ਨੂੰ ਲਾਅ ਐਂਡ ਆਰਡਰ, ਟੈਕਸ, ਤੇ ਫ਼ਿਨਾਂਸ ਤੋਂ ਬਿਨਾਂ ਬਾਕੀ ਸਾਰੇ ਹੱਕ ਹੋਣੇ ਸਨ ਅਤੇ ਇਨ੍ਹਾਂ ਦੇ ਫ਼ੈਸਲੇ ਵਜ਼ਾਰਤ 'ਤੇ ਲਾਗੂ ਹੋਣੇ ਸਨ। ਆਪਸੀ ਝਗੜਾ ਹੋਣ ਦੀ ਸੂਰਤ ਵਿਚ ਗਵਰਨਰ ਦਾ ਫ਼ੈਸਲਾ ਆਖ਼ਰੀ ਹੋਣਾ ਸੀ। ਪੰਜਾਬੀ ਰਿਜਨ ਦੀ ਬੋਲੀ ਪੰਜਾਬੀ (ਗੁਰਮੁਖੀ ਲਿੱਪੀ ਵਿਚ) ਮੰਨੀ ਗਈ। ਪੈਪਸੂ ਵਿਚ ਪੰਜਾਬੀ ਜ਼ੋਨ 'ਤੇ ਪੰਜਾਬੀ ਫ਼ਾਰਮੂਲਾ ਅਤੇ ਹਿੰਦੀ ਜ਼ੋਨ 'ਤੇ ਸੱਚਰ ਫ਼ਾਰਮੂਲਾ ਲਾਗੂ ਹੋਣਾ ਮੰਨਿਆ ਗਿਆ।

WWW.SIKHBOOKCLUB.COM

ਇਸ ਫ਼ਾਰਮੂਲੇ ਵਿਚ ਕਈ ਗੱਲਾਂ ਸਨ ਜਿਹੜੀਆਂ ਸ਼ੱਕ ਵਾਲੀਆਂ ਸਨ। ਮਾਸਟਰ ਤਾਰਾ ਸਿੰਘ ਇਸ ਨੂੰ ਮੰਨਣ ਲਈ ਤਿਆਰ ਨਹੀਂ ਸਨ। ਕਰਤਾਰ ਸਿੰਘ ਦੀਵਾਨਾ ਤੇ ਭੂਪਿੰਦਰ ਸਿੰਘ ਮਾਨ ਨੇ ਵੀ ਇਸ ਦੀ ਹਿਮਾਇਤ ਨਾ ਕੀਤੀ। ਹੁਕਮ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਇਸ ਫ਼ਾਰਮੂਲੇ ਨੂੰ ਸਭ ਤੋਂ ਪਹਿਲਾਂ **'ਮੰਨਣ ਵਾਲੇ'** ਸਨ। ਅਜੀਤ ਸਿੰਘ ਸਰਹੱਦੀ ਮੁਤਾਬਿਕ: **''ਇਹ ਫ਼ਾਰਮੂਲਾ ਸ਼ਾਇਦ ਹੁਕਮ ਸਿੰਘ ਦੇ ਦਿਮਾਗ ਦੀ ਕਾਢ ਸੀ। ਹੁਕਮ ਸਿੰਘ ਨੇ ਇਹ ਤਾਂ ਮੰਨਿਆ ਹੈ ਕਿ ਉਨ੍ਹਾਂ ਨੇ ਰਿਸਾਲੇ 'ਫ਼ਰੀ ਥਿੰਕਰ' ਦਾ ਲੇਖ ਪੰਡਤ ਪੰਤ ਨੂੰ ਭੇਜਿਆ ਸੀ। ਸਰੂਪ ਸਿੰਘ (ਬਾਅਦ 'ਚ ਅਕਾਲੀ ਐਮ.ਐਲ.ਏ.) ਨੇ ਤਾਂ ਇਹ ਵੀ ਕਿਹਾ ਇਹ ਲੇਖ ਹੁਕਮ ਸਿੰਘ ਨੇ ਆਪ ਲਿਖ ਕੇ ਆਪਣੇ ਨਾਮ ਤੋਂ ਬਿਨਾਂ ਛਪਵਾਇਆ ਸੀ। ਸਰੂਪ ਸਿੰਘ ਅਨੁਸਾਰ ਗਿਆਨ ਸਿੰਘ ਨੇ ਪੰਡਤ ਪੰਤ ਨੂੰ ਹੁਕਮ ਸਿੰਘ ਦਾ ਰਿਜਨਲ ਸਕੀਮ ਬਾਰੇ ਧੰਨਵਾਦ ਕਰਦਿਆਂ ਸੁਣਿਆ ਸੀ।''**

ਇਸ **ਫ਼ਾਰਮੂਲੇ** 'ਤੇ ਵਿਚਾਰ ਕਰਨ ਵਾਸਤੇ 8 ਮਾਰਚ ਨੂੰ ਹੁਕਮ ਸਿੰਘ ਦੀ ਕੋਠੀ 'ਤੇ ਸੀਨੀਅਰ ਅਕਾਲੀਆਂ ਦੀ ਮੀਟਿੰਗ ਹੋਈ। ਇਸ ਮਗਰੋਂ 11 ਮਾਰਚ 1956 ਨੂੰ ਅਕਾਲੀ ਦਲ ਦਾ ਜਨਰਲ ਇਜਲਾਸ ਅੰਮ੍ਰਿਤਸਰ ਵਿਚ ਹੋਇਆ। ਇਸ ਵਿਚ 465 ਮੈਂਬਰ ਹਾਜ਼ਰ ਸਨ। ਇਸ ਵਿਚ ਗਿਆਨ ਸਿੰਘ ਰਾੜੇਵਾਲਾ ਨੇ ਰਿਜਨਲ ਫ਼ਾਰਮੂਲੇ ਦੀ ਪਲਾਨ ਪੇਸ਼ ਕੀਤੀ ਤੇ ਗਿਆਨੀ ਕਰਤਾਰ ਸਿੰਘ ਨੇ ਤਾਈਦ ਕੀਤੀ। ਇਸ ਤੋਂ ਬਿਨਾਂ ਸਤਬੀਰ ਸਿੰਘ, ਪ੍ਰੀਤਮ ਸਿੰਘ ਗੋਜਰਾਂ, ਅਜੀਤ ਸਿੰਘ ਸਰਹੱਦੀ, ਮਾਸਟਰ ਤਾਰਾ ਸਿੰਘ ਵੀ ਬੋਲੇ। ਗਿਆਨੀ ਕਰਤਾਰ ਸਿੰਘ ਨੇ ਆਪਣੇ ਬੰਦੇ ਤਿਆਰ ਕੀਤੇ ਹੋਏ ਸਨ ਜਿਹੜੇ ਫ਼ਾਰਮੂਲੇ ਖਿਲਾਫ਼ ਬੋਲਣ ਵਾਲੇ ਨੂੰ ਬਿਠਾਉਣ। ਮੀਟਿੰਗ ਵਿਚ ਗਿਆਨੀ ਕਰਤਾਰ ਸਿੰਘ, ਰਾੜੇਵਾਲਾ ਦੀ ਬਹੁਤ ਮੁਖ਼ਾਲਫ਼ਤ ਹੋਈ। ਜਾਪਦਾ ਸੀ ਕਿ ਨੌਜਵਾਨ ਇਸ ਫ਼ਾਰਮੂਲੇ ਨੂੰ ਮੰਨਣ ਲਈ ਤਿਆਰ ਨਹੀਂ ਸਨ। ਸਰੂਪ ਸਿੰਘ ਇਸ ਮੀਟਿੰਗ ਵਿਚ ਸ਼ਾਮਿਲ ਹੀ ਨਹੀਂ ਹੋਏ। ਸਤਬੀਰ ਸਿੰਘ ਉੱਤੇ ਹੂਟਿੰਗ ਹੋਈ। ਅਮਰ ਸਿੰਘ ਅੰਬਾਲਵੀ ਨੇ ਆਪਣਾ ਵਖਰਾ ਨੋਟ ਲਿਖਵਾਇਆ। ਪਰ, ਅਖ਼ੀਰ ਇਸ ਨੂੰ ਮਨਜ਼ੂਰੀ ਦੇਣਾ ਮੰਨ ਲਿਆ ਗਿਆ।

ਮਾਸਟਰ ਜੀ ਨੇ 26 ਮਾਰਚ 1956 ਨੂੰ ਇਕ ਬਿਆਨ ਰਾਹੀਂ ਕਿਹਾ ਕਿ, ''ਮੈਂ ਰਿਜਨਲ ਫ਼ਾਰਮੂਲਾ ਇਸ ਕਰ ਕੇ ਨਹੀਂ ਮੰਨਿਆ ਕਿ ਇਹ ਪੰਜਾਬੀ ਸੂਬੇ ਦੀ ਮੰਗ ਪੂਰੀ ਕਰਦਾ ਹੈ ਸਗੋਂ ਇਸ ਕਰ ਕੇ ਕਿ ਹਿੰਦੂ ਫ਼ਿਰਕਾਪ੍ਰਸਤੀ ਦੇ ਹਮਲਿਆਂ ਤੋਂ ਬਚਣ ਦੀ ਕੁਝ ਆਸ ਹੁੰਦੀ ਹੈ। ਅਜੋਕੀ ਹਾਲਤ ਵਿਚ ਮੈਂ ਇਸ ਨੂੰ ਮਨਜ਼ੂਰ ਕਰਦਾ ਹਾਂ।''

ਰਿਜਨਲ ਫ਼ਾਰਮੂਲੇ ਦੀ ਸਕੀਮ ਨੂੰ ਪੰਜਾਬ ਅਸੈਂਬਲੀ ਵਿਚ ਪੇਸ਼ ਕੀਤਾ ਗਿਆ। ਭੀਮ ਸੈਨ ਸੱਚਰ, ਡੀ.ਡੀ. ਪੁਰੀ, ਪ੍ਰਿੰ. ਰਲਾ ਰਾਮ, ਦੀਵਾਨ ਜਗਦੀਸ਼ ਚੰਦਰ, ਸੀਤਾ ਦੇਵੀ, ਕਾਮਰੇਡ ਰਾਮ ਕਿਸ਼ਨ ਆਦਿ ਸਾਰਿਆਂ 'ਪੰਜਾਬੀ ਹਿੰਦੂਆਂ' ਅਤੇ ਪ੍ਰਤਾਪ ਸਿੰਘ ਕੈਰੋਂ ਨੇ ਇਸ ਫ਼ਾਰਮੂਲੇ ਦੀ ਮੁਖ਼ਾਲਫ਼ਤ ਅਤੇ ਮਹਾਂ ਪੰਜਾਬ ਦੀ ਹਿਮਾਇਤ ਕੀਤੀ। ਸਿਰਫ਼ ਹਰਿਆਣੇ ਦੇ ਚੌਧਰੀ ਸਿਰੀ ਚੰਦ ਤੇ ਰਿਜ਼ਕ ਰਾਮ ਨੇ ਇਸ

WWW.SIKHBOOKCLUB.COM




ਪ੍ਰਿੰਸੀਪਲ ਤੇਜਾ ਸਿੰਘ



ਬਾਵਾ ਹਰਿਕਿਸ਼ਨ ਸਿੰਘ



ਪ੍ਰਿੰਸੀਪਲ ਸਾਹਿਬ ਸਿੰਘ




ਪ੍ਰਿੰਸੀਪਲ ਗੰਗਾ ਸਿੰਘ



ਸ. ਬਖ਼ਸ਼ੀਸ਼ ਸਿੰਘ ਭੁਮੱਦੀ



ਸ. ਮੋਹਨ ਸਿੰਘ ਵੈਦ



ਪ੍ਰਿੰਸੀਪਲ ਜੋਧ ਸਿੰਘ



ਪ੍ਰਿੰਸੀਪਲ ਨਿਰੰਜਨ ਸਿੰਘ



ਸ. ਤਾਰਾ ਸਿੰਘ ਵਕੀਲ ਮੋਗਾ



ਸ. ਨਿਰੰਜਨ ਸਿੰਘ



ਸ. ਭੁਪਿੰਦਰ ਸਿੰਘ ਮਾਨ



ਸ. ਗੁਰਬਖਸ਼ ਸਿੰਘ ਐਡਵੋਕੇਟ ਗੁਰਦਾਸਪੁਰ



ਜਥੇ: ਅੱਛਰ ਸਿੰਘ



ਪ੍ਰਿੰਸੀਪਲ ਇਕਬਾਲ ਸਿੰਘ



ਸ. ਹਰਗੁਰਅਨਾਦ ਸਿੰਘ



ਸ. ਅਜਾਇਬ ਸਿੰਘ ਸੰਧੂ



ਠੇਕੇਦਾਰ ਸੁਰਜਨ ਸਿੰਘ



ਸ. ਬਸੰਤ ਸਿੰਘ ਖਾਲਸਾ



ਸ. ਸੰਤ ਸਿੰਘ ਤੇਗ



ਸ. ਕਿਰਪਾਲ ਸਿੰਘ ਚਕਸ਼ੇਰਾ



ਸ. ਧੰਨਾ ਸਿੰਘ ਗੁਲਸ਼ਨ



ਸ. ਸੁੱਚਾ ਸਿੰਘ ਰੋਡੇ



ਸ. ਮਹਿੰਦਰ ਸਿੰਘ ਸਿਧਵਾਂ



ਜਸਟਿਸ ਗੁਰਨਾਮ ਸਿੰਘ




ਈਸ਼ਰ ਸਿੰਘ ਮਝੈਲ




ਜਥੇ: ਊਧਮ ਸਿੰਘ ਨਾਗੋਕੇ



ਜਥੇ: ਮੋਹਨ ਸਿੰਘ ਨਾਗੋਕੇ




ਸੁਰਮੁਖ ਸਿੰਘ ਚਮਕ



ਸਜਣ ਸਿੰਘ ਮਰਰਿੰਦਪੁਰੀ



ਭਗਵਾਨ ਸਿੰਘ ਲੌਂਗੋਵਾਲੀਆ



ਸੋਹਨ ਸਿੰਘ ਜਲਾਲਉਸਮਾਂ



ਜਥੇ: ਦਰਸ਼ਨ ਸਿੰਘ ਫੇਰੂਮਾਨ




ਜਗੀਰ ਸਿੰਘ ਫੱਗੂਵਾਲੀਆ



ਕਰਤਾਰ ਸਿੰਘ ਦੀਵਾਨਾ



ਗਿ: ਧਨਵੰਤ ਸਿੰਘ



ਨਰੈਣ ਸਿੰਘ ਸ਼ਾਹਬਾਜ਼ਪੁਰੀ



ਬਸੰਤ ਸਿੰਘ ਮੋਗਾ



ਨਾਹਰ ਸਿੰਘ



ਸੰਪੂਰਨ ਸਿੰਘ ਰਾਮਾ



ਗਿ: ਕਰਤਾਰ ਸਿੰਘ



ਹੁਕਮ ਸਿੰਘ



ਗਿਆਨ ਸਿੰਘ ਰਾੜੇਵਾਲਾ




ਪ੍ਰਤਾਪ ਸਿੰਘ ਕੈਰੋਂ



ਬਲਦੇਵ ਸਿੰਘ



ਹਰਚਰਨ ਸਿੰਘ ਹੁੜਿਆਰਾ



ਸ. ਆਤਮਾ ਸਿੰਘ



ਸ. ਕਰਤਾਰ ਸਿੰਘ ਟੱਕਰ



ਸ. ਪ੍ਰੀਤਮ ਸਿੰਘ ਖੁਜੰਜ



ਫ਼ਤਿਹ ਸਿੰਘ ਗੰਗਾਨਗਰ



ਸ. ਕਪੂਰ ਸਿੰਘ



ਡਾ. ਰਜਿੰਦਰ ਕੌਰ



ਡਾ. ਜਗਜੀਤ ਸਿੰਘ ਚੌਹਾਨ



ਬੀਬੀ ਨਿਰਲੇਪ ਕੌਰ



ਗਿ: ਭੂਪਿੰਦਰ ਸਿੰਘ



ਬਲਵੰਤ ਸਿੰਘ ਸੁਲਤਾਨਪੁਰੀ



ਲਛਮਣ ਸਿੰਘ ਗਿੱਲ



ਕੇਹਰ ਸਿੰਘ ਵੈਰਾਗੀ



ਜਥੇ: ਸਵਰਨ ਸਿੰਘ ਬਹਿਰਾਮ



ਜਥੇ: ਉਜਾਗਰ ਸਿੰਘ ਸੇਖਵਾਂ



ਜਥੇ: ਸੰਤੋਖ ਸਿੰਘ ਦਿੱਲੀ



ਜਥੇ: ਹਰਚੰਦ ਸਿੰਘ ਲੌਂਗੋਵਾਲ



ਜਥੇ: ਮੋਹਨ ਸਿੰਘ ਤੁੜ



ਜਥੇ: ਜਗਦੇਵ ਸਿੰਘ ਤਲਵੰਡੀ



ਜਥੇ: ਪ੍ਰਕਾਸ਼ ਸਿੰਘ ਬਾਦਲ



ਜਥੇ: ਗੁਰਚਰਨ ਸਿੰਘ ਟੌਹੜਾ



ਜਥੇ: ਸਿਮਰਨਜੀਤ ਸਿੰਘ ਮਾਨ



ਸ. ਸੁਖਦੇਵ ਸਿੰਘ ਢੀਂਡਸਾ



ਸ. ਸੁਖਜਿੰਦਰ ਸਿੰਘ



ਸ. ਮਨਜੀਤ ਸਿੰਘ ਕਲਕੱਤਾ



ਸ. ਹਜ਼ਾਰਾ ਸਿੰਘ ਗਿੱਲ



ਪ੍ਰੇਮ ਸਿੰਘ ਲਾਲਪੁਰਾ



ਜਥੇ: ਕੁਲਦੀਪ ਸਿੰਘ ਵਡਾਲਾ



ਜਥੇ: ਹਜ਼ਾਰਾ ਸਿੰਘ



ਜਥੇ: ਉਜਾਗਰ ਸਿੰਘ



ਸ. ਗੁਰਚਰਨ ਸਿੰਘ ਗਰੀਬ



ਸ. ਜੋਗਿੰਦਰ ਸਿੰਘ ਰੇਖੀ



ਸ. ਹਰਬੰਸ ਸਿੰਘ ਗੁਜਰਾਲ



ਚੌ: ਕਰਤਾਰ ਸਿੰਹੁ



ਸ. ਸੰਤ ਸਿੰਘ ਗੁਜਰਖਾਨੀ



ਕਰਨਲ ਜ਼ੋਰਾਵਰ ਸਿੰਘ



ਗਿ: ਲਛਮਣ ਸਿੰਘ ਗੰਧਰਬ



ਸ. ਸਰਦਾਰਾ ਸਿੰਘ ਕੋਹਲੀ



ਸ. ਰਣਜੀਤ ਸਿੰਘ ਨਾਜ਼



ਅਕਾਲੀ ਸੁੰਦਰ ਸਿੰਘ



ਸ. ਅਜੀਤ ਸਿੰਘ ਬਾਲਾ




ਸ. ਜਸਵਿੰਦਰ ਸਿੰਘ ਬਰਾੜ



ਸ. ਰਵੀਇੰਦਰ ਸਿੰਘ



ਸ. ਰਣਧੀਰ ਸਿੰਘ ਚੀਮਾ



ਸ. ਬਲਵਿੰਦਰ ਸਿੰਘ ਭੁੰਦੜ



ਸ. ਪ੍ਰੀਤਮ ਸਿੰਘ ਮਦਾਨ



ਜਥੇ: ਜਸਬੀਰ ਸਿੰਘ ਰੋਡੇ



ਸ. ਪਰਮਜੀਤ ਸਿੰਘ ਸਰਨਾ

ਦੀ ਹਿਮਾਇਤ ਕੀਤੀ। ਪਰ ਅਖ਼ੀਰ ਰਿਜਨਲ ਫ਼ਾਰਮੂਲਾ ਲਾਗੂ ਹੋ ਗਿਆ ਤੇ ਰਿਜਨਲ ਕੌਂਸਲਾਂ ਬਣ ਗਈਆਂ। ਪੰਜਾਬ ਤੇ ਪੈਪਸੂ ਵੀ ਇਕ ਹੋ ਗਏ।

ਰਿਜਨਲ ਫ਼ਾਰਮੂਲੇ ਨੂੰ ਅਕਾਲੀ ਦਲ ਨੇ ਮਨਜ਼ੂਰ ਕਰ ਕੇ ਇਕ ਵਾਰ ਤਾਂ ਪੰਜਾਬੀ ਸੂਬੇ ਦੇ ਸਵਾਲ ਨੂੰ ਅੱਗੇ ਪਾ ਦਿੱਤਾ। ਉਹ ਵੀ ਉਸ ਵਕਤ ਜਦੋਂ ਸਿੱਖ ਸੰਗਤਾਂ ਜੰਗ ਵਾਸਤੇ ਤਿਆਰ ਸਨ। ਪਰ ਅਕਾਲੀ ਲੀਡਰਸ਼ਿਪ ਦੀ ਮਜਬੂਰੀ ਸੀ ਕਿ ਜੇ ਇਹ ਨਾ ਮੰਨਿਆ ਜਾਂਦਾ ਤਾਂ ਬਹੁਤ ਸਾਰੇ ਅਕਾਲੀ ਆਗੂ, (ਹੁਕਮ ਸਿੰਘ, ਗਿਆਨੀ ਕਰਤਾਰ ਸਿੰਘ, ਰਾੜੇਵਾਲਾ ਤੇ ਉਨ੍ਹਾਂ ਦੇ ਸਾਥੀ) ਕਾਂਗਰਸ ਵਿਚ ਜਾਣ ਲਈ ਕਾਹਲੇ ਸਨ।

ਜਦੋਂ ਅਕਾਲੀ ਦਲ ਨੇ ਰਿਜਨਲ ਫ਼ਾਰਮੂਲਾ ਮਨਜ਼ੂਰ ਕੀਤਾ ਤੇ ਕਾਂਗਰਸ ਨੇ ਇਸ ਉਪਰ ਪੱਕੀ ਹਾਂ ਦੀ ਮੋਹਰ ਲਾ ਦਿੱਤੀ ਤਾਂ ਪੰਜਾਬ ਵਿਚ 'ਮਹਾਂ ਪੰਜਾਬ' ਦੇ ਨਾਂ 'ਤੇ ਮੋਰਚਾ ਸ਼ੁਰੂ ਹੋ ਗਿਆ। ਅਪ੍ਰੈਲ ਤੋਂ ਜੂਨ 1956 ਤਕ ਅੰਮ੍ਰਿਤਸਰ, ਪਠਾਨਕੋਟ, ਬਟਾਲਾ, ਲੁਧਿਆਣਾ, ਜਲੰਧਰ ਅਤੇ ਹੋਰ ਕਈ ਸ਼ਹਿਰਾਂ ਵਿਚ ਜਨਸੰਘੀਆਂ ਤੇ ਮਹਾਂ ਪੰਜਾਬੀਆਂ ਨੇ ਜਲੂਸ ਕੱਢੇ, ਸਿੱਖਾਂ ਉੱਤੇ ਹਮਲੇ ਕੀਤੇ, ਪੰਜਾਬੀ ਸੂਬੇ ਵਿਰੁੱਧ ਗੰਦ ਉਛਾਲਿਆ ਅਤੇ ਪੁਲਿਸ ਨਾਲ ਲੜੇ। ਜੂਨ ਵਿਚ ਇਹ ਲਹਿਰ ਘਟਦੀ-ਘਟਦੀ ਆਪਣੇ-ਆਪ ਖ਼ਤਮ ਹੋ ਗਈ।

ਇਨ੍ਹਾਂ ਦਿਨਾਂ ਵਿਚ ਰਿਜਨਲ ਫ਼ਾਰਮੂਲੇ ਦਾ ਸਮਝੌਤਾ ਹੋਣ ਮਗਰੋਂ ਹੁਕਮ ਸਿੰਘ ਦੀਆਂ 'ਸੇਵਾਵਾਂ' ਦਾ ਈਨਾਮ ਦੇਣ ਵਾਸਤੇ ਲੋਕ ਸਭਾ ਦੇ 20 ਮਾਰਚ 1956 ਦੇ ਇਜਲਾਸ ਵਿਚ ਪੰਡਿਤ ਨਹਿਰੂ ਨੇ ਹੁਕਮ ਸਿੰਘ ਦਾ ਨਾਂ ਡਿਪਟੀ ਸਪੀਕਰ ਲਈ ਪੇਸ਼ ਕੀਤਾ ਅਤੇ ਕਿਹਾ ਕਿ "ਭਾਰਤ ਦੀ ਤਵਾਰੀਖ਼ ਵਿਚ ਪਹਿਲੀ ਵਾਰੀ (ਅਤੇ ਆਖ਼ਰੀ ਵਾਰ ਵੀ) ਇਹ ਅਹੁਦਾ ਕਿਸੇ ਅਪੋਜ਼ੀਸ਼ਨ ਦੇ ਆਗੂ ਨੂੰ ਦਿੱਤਾ ਜਾ ਰਿਹਾ ਹੈ।" ਦਰਅਸਲ ਹੁਕਮ ਸਿੰਘ ਨੂੰ ਰੀਜਨਲ ਫ਼ਾਰਮੂਲਾ ਸਕੀਮ ਘੜਨ ਕਰ ਕੇ ਇਹ ਈਨਾਮ ਦਿੱਤਾ ਗਿਆ ਸੀ। ਉਂਞ ਸਿਰਫ਼ ਚਾਰ ਸਾਲ ਪਹਿਲਾਂ ਹੁਕਮ ਸਿੰਘ ਇਸੇ ਨਹਿਰੂ ਨੂੰ ਆਪਣੇ ਪਰਚੇ ਵਿਚ "ਹਿੰਦੂ ਸ਼ਾਵਨਵਾਦ ਦਾ ਗੁਰੂ-ਘੰਟਾਲ, ਜ਼ਾਲਮ, ਗੋਇਬਲਜ਼ ਵਰਗਾ ਝੂਠਾ, ਧੋਖੇਬਾਜ਼, ਦਗ਼ਾ ਦੇਣ ਵਾਲਾ ਤੇ ਦੋਗਲਾ ਕਹਿ ਚੁਕਾ ਸੀ (ਸਪੋਕਸਮੈਨ ਵੀਕਲੀ, 16 ਜਨਵਰੀ 1952)।

ਅੰਮ੍ਰਿਤਸਰ ਵਿਚ ਜਨਸੰਘੀ ਨੇਤਾ ਬਲਰਾਮ ਜੀ ਦਾਸ ਟੰਡਨ ਨੇ ਪੰਜਾਬ ਦੀ ਜ਼ੋਨਲ ਸਕੀਮ ਵਿਰੁਧ 27 ਮਾਰਚ 1956 ਤੋਂ 3 ਅਪ੍ਰੈਲ 1956 ਤਕ ਵਰਤ ਰੱਖਿਆ। ਇਸ ਤੋਂ ਇਕ ਮਹੀਨਾ ਬਾਅਦ ਦਿੱਲੀ ਵਿਚ ਹੋਈ ਆਲ ਇੰਡੀਆ ਪੰਜਾਬੀ ਕਾਨਫ਼ਰੰਸ ਵਿਚ ਜਵਾਹਰ ਲਾਲ ਨਹਿਰੂ ਨੇ ਪੰਜਾਬੀ ਅਤੇ ਰਿਜਨਲ ਫ਼ਾਰਮੂਲੇ ਦੀ ਸਕੀਮ ਦੀ ਭਰਪੂਰ ਹਿਮਾਇਤ ਕੀਤੀ।

ਅਕਾਲੀ ਵਰਕਰਾਂ ਦਾ ਇਕ ਕੈਂਪ, ਜੋ 27 ਤੋਂ 29 ਅਪ੍ਰੈਲ ਤਕ ਬਾਬਾ ਬਕਾਲਾ ਵਿਚ ਲੱਗਿਆ, ਵਿਚ ਅਕਾਲੀ ਦਲ ਨੇ ਆਲ ਇੰਡੀਆ ਰੇਡੀਓ 'ਤੇ ਸਿਰਫ਼ ਹਿੰਦੀ ਪ੍ਰੋਗਰਾਮਾਂ ਨੂੰ ਪੇਸ਼ ਕਰਨ ਦੇ ਖ਼ਿਲਾਫ਼ ਰੋਸ ਕੀਤਾ ਅਤੇ ਪੰਜਾਬੀ ਲਾਗੂ ਕਰਨ ਦੀ ਮੰਗ ਕੀਤੀ। ਦੂਜੇ ਮਤੇ ਰਾਹੀਂ ਦਿੱਲੀ ਵਿਚ ਪੰਜਾਬੀ ਨੂੰ ਥਾਂ ਦੇਣ ਦੀ ਮੰਗ ਕੀਤੀ। ਹੁਕਮ

WWW.SIKHBOOKCLUB.COM

ਸਿੰਘ ਨੇ ਮਹਾਂ ਪੰਜਾਬ ਬਾਰੇ ਆਪਣੀ ਅਖ਼ਬਾਰ 'ਸਪੋਕਸਮੈਨ' ਵਿਚ 21 ਮਈ 1956 ਦੇ ਦਿਨ ਲਿਖਿਆ ਕਿ, 'ਪੰਜਾਬ ਸਰਕਾਰ ਨੇ ਮਹਾਂ ਪੰਜਾਬ ਦਾ ਬੀਜ ਆਪ ਬੀਜਿਆ ਸੀ ਅਤੇ ਹੁਣ ਪਛਤਾਂਦੀ ਹੈ। ਸੋ ਇਸ ਦਾ ਹੱਲ ਸਿਰਫ਼ ਪੰਜਾਬੀ ਸੂਬਾ ਹੀ ਹੈ।' ਪੰਡਿਤ ਪੰਤ ਨੇ 22 ਮਈ ਨੂੰ ਹਿਮਾਂਚਲ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਦੀ ਗੱਲ ਕਹੀ। ਇੱਧਰ ਮਹਾਸ਼ੇ ਮਹਾਂ ਪੰਜਾਬ ਦੇ ਮੋਰਚੇ ਦੀਆਂ ਮੁੜ ਧਮਕੀਆਂ ਦੇ ਰਹੇ ਸਨ। ਅਕਾਲੀ ਦਲ ਨੇ ਮਹਾਂ ਪੰਜਾਬ ਦੇ ਨਾਅਰੇ ਲਾਉਣ ਵਾਲਿਆਂ ਨੂੰ ਵਾਰਨਿੰਗ ਦਿੱਤੀ ਕਿ 'ਜੇ ਪੰਜਾਬ ਵਿਚ ਮਹਾਂ ਪੰਜਾਬ ਦੇ ਨਾਂ ਤੇ ਲਹਿਰ ਚਲਾਈ ਤਾਂ ਅਕਾਲੀ ਇਸ ਦੇ ਖ਼ਿਲਾਫ਼ ਮੋਰਚਾ ਲਾਉਣਗੇ।' ਇਸੇ ਤਰ੍ਹਾਂ ਜੰਮੂ ਵਿਚ 28 ਮਈ ਨੂੰ ਇਕ ਅਕਾਲੀ ਆਗੂ ਨੇ ਕਿਹਾ ਕਿ ''ਜੇ ਸਰਕਾਰ ਨੇ ਰਿਜਨਲ ਫ਼ਾਰਮੂਲੇ ਵਿਚ ਕੋਈ ਤਬਦੀਲੀ ਕੀਤੀ ਤਾਂ ਸਿੱਖ ਨਵਾਂ ਰਾਹ ਅਪਣਾਉਣ ਲਈ ਆਜ਼ਾਦ ਹੋਣਗੇ।''

ਅਕਾਲੀ ਇਕ ਵਾਰ ਫੇਰ ਕਾਂਗਰਸ ਵਿਚ ਸ਼ਾਮਿਲ ਹੋਏ

1947 ਵਿਚ ਸਵਰਨ ਸਿੰਘ, ਈਸ਼ਰ ਸਿੰਘ ਮਝੈਲ, ਊਧਮ ਸਿੰਘ ਨਾਗੋਕੇ, ਸੋਹਣ ਸਿੰਘ ਜਲਾਲ ਉਸਮਾਂ ਤੇ ਕਈ ਹੋਰ ਸੀਨੀਅਰ ਅਕਾਲੀ ਆਗੂ ਕਾਂਗਰਸ 'ਚ ਚਲੇ ਗਏ। ਫਿਰ 1948 ਵਿਚ ਇਕੱਲੇ ਸ: ਜਸਵੰਤ ਸਿੰਘ ਦੁੱਗਲ ਨੂੰ ਛੱਡ ਕੇ ਬਾਕੀ ਸਾਰੇ ਦੇ ਸਾਰੇ 22 ਅਕਾਲੀ ਲੈਜਿਸਲੇਚਰ ਕਾਂਗਰਸ ਦੀ ਝੋਲੀ 'ਚ ਜਾ ਪਏ ਸਨ। ਇਹ ਸਾਰੇ ਐਸੇ ਗਏ ਕਿ ਫਿਰ ਵਾਪਿਸ ਨਾ ਆਏ। ਗਿਆਨੀ ਕਰਤਾਰ ਸਿੰਘ ਨੂੰ 1952 ਵਿਚ ਕਾਂਗਰਸ ਵਲੋਂ ਸੀਟ ਨਾ ਮਿਲੀ ਤਾਂ ਉਹ ਫੇਰ ਅਕਾਲੀ ਦਲ ਵਿਚ ਆ ਗਿਆ ਅਤੇ ਉਸ ਨੂੰ ਦਲ ਵੱਲੋਂ ਐਮ.ਐਲ.ਸੀ. ਬਣਾ ਦਿੱਤਾ ਗਿਆ।

ਰਿਜਨਲ ਫ਼ਾਰਮੂਲਾ ਮਾਰਚ 1956 ਵਿਚ ਕਾਂਗਰਸ ਨੇ ਮੰਨ ਲਿਆ ਸੀ ਤੇ ਹੁਕਮ ਸਿੰਘ ਨੂੰ ਇਸ ਦਾ ਇਨਾਮ ਵੀ ਡਿਪਟੀ ਸਪੀਕਰ ਵਜੋਂ ਮਿਲ ਗਿਆ ਸੀ। ਰੀਜਨਲ ਫ਼ਾਰਮੂਲੇ ਤੋਂ ਬਾਅਦ ਬਹੁਤ ਸਾਰੇ ਅਕਾਲੀ ਆਗੂ ਤਾਕਤ, ਅਹੁਦਿਆਂ ਅਤੇ ਹੋਰ ਲਾਲਚਾਂ ਕਾਰਨ ਕਾਂਗਰਸ ਵਿਚ ਜਾਣ ਵਾਸਤੇ ਤਰਲੋ-ਮੱਛੀ ਹੋ ਰਹੇ ਸਨ। ਇਸ ਧੜੇ ਨੇ ਅਕਾਲੀ ਦਲ ਅਤੇ ਕਾਂਗਰਸ ਵਿਚ ਏਕਤਾ ਦੀ ਗਲਬਾਤ ਵੀ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ ਸਿਰਫ਼ ਅਕਾਲੀ ਲੈਜਿਸਲੇਚਰਾਂ ਦੇ ਕਾਂਗਰਸ ਨਾਲ ਸਮਝੌਤੇ ਦੀ ਗੱਲ ਟੁਰੀ ਪਰ ਫਿਰ ਕਾਂਗਰਸ ਨੇ ਅਕਾਲੀ ਦਲ ਨੂੰ ਬਿਲਕੁਲ ਖ਼ਤਮ ਕਰਨ ਦੀ ਪਲਾਨ ਬਣਾਈ। ਇਨ੍ਹਾਂ ਦਿਨਾਂ ਵਿਚ ਹੁਕਮ ਸਿੰਘ ਨੇ ਡਿਪਟੀ ਸਪੀਕਰੀ ਹਾਸਿਲ ਕਰਨ ਮਗਰੋਂ ਅਕਾਲੀ ਦਲ ਨਾਲੋਂ ਕਾਂਗਰਸ ਨਾਲ ਵਧੇਰੇ ਰਿਸ਼ਤੇ ਬਣਾਉਣੇ ਸ਼ੁਰੂ ਕੀਤੇ। ਗਿਆਨੀ ਕਰਤਾਰ ਸਿੰਘ ਨੂੰ ਇਸ ਸਬੰਧ ਵਿਚ ਉਸ ਨੇ ਨਾਲ ਗੰਢ ਕੇ ਵਜ਼ੀਰੀ ਦਿਵਾਉਣ ਦਾ ਵਾਇਦਾ ਕੀਤਾ। ਇਹ ਸਾਰਾ ਕੁਝ ਗਿਆਨ ਸਿੰਘ ਰਾੜੇਵਾਲੇ ਨੇ ਵੇਖਿਆ ਤਾਂ ਉਸ ਦੇ ਮੂੰਹ ਵਿਚੋਂ ਰਾਲਾਂ ਵਗਣੀਆਂ ਸ਼ੁਰੂ ਹੋ ਗਈਆਂ ਅਤੇ 8 ਜੂਨ 1956 ਨੂੰ ਉਸ ਨੇ ਇਕ ਬਿਆਨ ਵਿਚ ਐਲਾਨ ਕੀਤਾ ਕਿ ਅਕਾਲੀ ਦਲ ਕੁਝ ਵੀ ਫ਼ੈਸਲਾ ਕਰੇ ਮੈਂ ਤਾਂ ਕਾਂਗਰਸ ਪਾਰਟੀ ਵਿਚ ਜਾ ਹੀ ਰਿਹਾ ਹਾਂ। ਰਾੜੇਵਾਲਾ ਨੇ ਇਹ ਵੀ ਕਿਹਾ ਕਿ ਸਾਰੇ ਅਕਾਲੀਆਂ ਨੂੰ ਹੁਣ ਕਾਂਗਰਸ ਵਿਚ ਸ਼ਾਮਿਲ ਹੋ ਜਾਣਾ ਚਾਹੀਦਾ

WWW.SIKHBOOKCLUB.COM

ਹੈ। 14 ਜੂਨ 1956 ਨੂੰ ਗਿਆਨ ਸਿੰਘ ਨੇ ਇਕ ਹੋਰ ਬਿਆਨ ਵਿਚ ਕਿਹਾ ਕਿ ''ਸਿੱਖਾਂ ਨੂੰ ਹੁਣ ਫਜ਼ੂਲ ਜੰਗ ਬੰਦ ਕਰ ਦੇਣੀ ਚਾਹੀਦੀ ਹੈ। ਮਾਸਟਰ ਤਾਰਾ ਸਿੰਘ ਸਿੱਖਾਂ ਦੇ ਆਜ਼ਾਦੀ ਤੇ ਜਮਹੂਰੀ ਢੰਗ ਨਾਲ ਸੋਚਣ ਦੇ ਰਾਹ ਵਿਚ ਰੁਕਾਵਟ ਹੈ।'' ਇਹ ਕਰ ਕੇ ਗਿਆਨ ਸਿੰਘ ਰਾੜੇਵਾਲਾ ਨੇ ਬਾਕੀ ਮੌਕਾਪ੍ਰਸਤ ਅਕਾਲੀਆਂ ਨੂੰ ਕਾਂਗਰਸ ਵਿਚ ਸ਼ਾਮਿਲ ਹੋਣ ਵਾਸਤੇ ਸ਼ਹਿ ਦਿੱਤੀ।

ਰਾੜੇਵਾਲੇ ਦੇ ਇਸ ਬਿਆਨ 'ਤੇ ਹੁਕਮ ਸਿੰਘ ਨੇ ਮਹਿਸੂਸ ਕੀਤਾ ਕਿ ਉਹ (ਰਾੜੇਵਾਲਾ) ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਬੋਲ ਕੇ ਕਾਂਗਰਸ 'ਚੋਂ ਵਧੇਰੇ ਫ਼ਾਇਦਾ ਖਟ ਜਾਵੇਗਾ। ਇਸ ਕਰ ਕੇ 16 ਜੂਨ 1956 ਨੂੰ ਹੁਕਮ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਰਾੜੇਵਾਲਾ ਦੀ ਭੰਨ-ਤੋੜ ਦੀ ਇਸ ਕਾਰਵਾਈ ਨੂੰ ਰੋਕ ਪਾਉਣੀ ਚਾਹੀਦੀ ਹੈ। ਹੁਕਮ ਸਿੰਘ ਨੇ ਇਹ ਵੀ ਕਿਹਾ ਕਿ ਰਾੜੇਵਾਲਾ ਦੀ ਇਹ ਹਰਕਤ ਅਕਾਲੀ ਦਲ ਨਾਲ ਗ਼ਦਾਰੀ ਹੈ ਅਤੇ ਉਹ ਗੱਦੀ ਦੀ ਭੁੱਖ ਕਰ ਕੇ ਕਾਂਗਰਸ ਵਿਚ ਜਾ ਰਿਹਾ ਹੈ।

17 ਜੂਨ 1956 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਰਾੜੇਵਾਲੇ ਦੀਆਂ ਹਰਕਤਾਂ ਦੀ ਨਿੰਦਾ ਕੀਤੀ ਗਈ। ਮੀਟਿੰਗ ਨੇ ਇਹ ਵੀ ਫ਼ੈਸਲਾ ਕੀਤਾ ਕਿ ਅਕਾਲੀ ਦਲ ਸਿਆਸਤ ਨਹੀਂ ਛੱਡੇਗਾ। ਇਸ ਮੀਟਿੰਗ ਵਿਚ ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ, ਹਰਚਰਨ ਸਿੰਘ ਹੁੜਿਆਰਾ, ਗੋਪਾਲ ਸਿੰਘ ਖਾਲਸਾ, ਅਜਮੇਰ ਸਿੰਘ, ਆਤਮਾ ਸਿੰਘ, ਤੇ ਡਾ: ਤਰਲੋਕ ਸਿੰਘ ਆਦਿਕ ਸ਼ਾਮਿਲ ਸਨ। ਅਕਾਲੀ ਦਲ ਨੇ ਅਜਮੇਰ ਸਿੰਘ, ਆਤਮਾ ਸਿੰਘ ਅਤੇ ਅਜੀਤ ਸਿੰਘ ਸਰਹੱਦੀ ਵਗ਼ੈਰਾ ਦੀ 5 ਮੈਂਬਰੀ ਕਮੇਟੀ ਰਾੜੇਵਾਲਾ ਨਾਲ ਗਲਬਾਤ ਕਰਨ ਲਈ ਬਣਾਈ ਪਰ ਕੋਈ ਫ਼ੈਸਲਾ ਨਾ ਹੋ ਸਕਿਆ। ਗੋਬਿੰਦਗੜ੍ਹ ਵਿਚ 24 ਜੂਨ 1956 ਨੂੰ ਇਕ ਸਾਂਝੇ ਪਲੇਟ ਫ਼ਾਰਮ ਤੋਂ ਰਾੜੇਵਾਲੇ ਅਤੇ ਮਾਸਟਰ ਜੀ ਨੇ ਆਪਣਾ ਸਟੈਂਡ ਪੇਸ਼ ਕੀਤਾ ਪਰ ਕੋਈ ਨਤੀਜਾ ਨਾ ਨਿਕਲਿਆ। ਗਿਆਨ ਸਿੰਘ ਰਾੜੇਵਾਲਾ ਨੇ 22 ਜੁਲਾਈ 1956 ਨੂੰ ਇਸ ਸਬੰਧ ਵਿਚ ਇਕ ਕਨਵੈਨਸ਼ਨ ਬੁਲਾ ਲਈ। ਅਕਾਲੀ ਦਲ ਨੇ ਰਾੜੇਵਾਲੇ, ਭੂਪਿੰਦਰ ਸਿੰਘ ਮਾਨ, ਕਰਤਾਰ ਸਿੰਘ ਦੀਵਾਨਾ, ਤੇਜਾ ਸਿੰਘ ਵਕੀਲ ਅਤੇ ਸੇਵਾ ਸਿੰਘ ਕ੍ਰਿਪਾਨ ਬਹਾਦਰ ਨੂੰ ਦਲ 'ਚੋਂ ਕੱਢ ਦਿੱਤਾ ਤੇ ਇਹ ਐਲਾਨ ਵੀ ਜਾਰੀ ਕੀਤਾ ਕਿ ਰਾੜੇਵਾਲੇ ਦੀ ਕਨਵੈਨਸ਼ਨ 'ਚ ਜਾਣ ਵਾਲੇ ਸਾਰੇ ਕੱਢ ਦਿੱਤੇ ਜਾਣਗੇ।

ਆਪਣੀ 'ਕਨਵੈਨਸ਼ਨ' ਦੇ ਨਾਲ ਹੀ ਰਾੜੇਵਾਲਾ ਕਾਂਗਰਸ ਵਿਚ ਸ਼ਾਮਿਲ ਹੋ ਗਿਆ। ਅਗਲੀਆਂ ਆਮ ਚੋਣਾਂ ਨੇੜੇ ਆ ਰਹੀਆਂ ਸਨ। ਗਿਆਨੀ ਕਰਤਾਰ ਸਿੰਘ ਅਤੇ ਹੁਕਮ ਸਿੰਘ, ਜੋ 16 ਤੇ 17 ਜੂਨ ਨੂੰ ਅਤੇ ਹੋਰ ਕਈ ਬਿਆਨਾਂ ਵਿਚ ਰਾੜੇਵਾਲੇ ਨੂੰ ਮੌਕਾ ਪ੍ਰਸਤ, ਗੱਦੀ ਦਾ ਭੁੱਖਾ ਤੇ ਹੋਰ ਕਈ ਕੁਝ ਕਹਿ ਕੇ ਮੁਖ਼ਾਤਿਬ ਕਰ ਰਹੇ ਸਨ, ਉਹ ਸਾਰੇ ਆਪ ਕਾਂਗਰਸ ਵਿਚ ਜਾਣ ਲਈ ਕਾਹਲੇ ਪੈਣ ਲਗ ਪਏ। ਇਸ ਹਾਲਤ ਵਿਚ 28 ਅਗਸਤ 1956 ਨੂੰ ਨਹਿਰੂ ਅਤੇ ਮਾਸਟਰ ਤਾਰਾ ਸਿੰਘ ਵਿਚਕਾਰ

WWW.SIKHBOOKCLUB.COM

ਮੁਲਾਕਾਤ ਹੋਈ ਅਤੇ ਇਸ ਮੀਟਿੰਗ ਵਿਚ ਅਕਾਲੀ ਦਲ ਤੇ ਕਾਂਗਰਸ ਦੀ ਦੋਹਰੀ ਮੈਂਬਰਸ਼ਿਪ ਬਾਰੇ ਜ਼ਿਕਰ ਹੋਇਆ। (ਚੇਤੇ ਰਹੇ ਕਿ 30 ਜੂਨ 1956 ਤਕ ਅਕਾਲੀ ਦਲ ਦੀ ਭਰਤੀ 3 ਲੱਖ 10 ਹਜ਼ਾਰ ਤਕ ਪੁੱਜ ਚੁਕੀ ਸੀ।) ਅਕਾਲੀ-ਕਾਂਗਰਸ ਸਮਝੌਤੇ ਵਾਸਤੇ ਬਲਦੇਵ ਸਿੰਘ ਵਿਚੋਲੇ ਵਜੋਂ ਕੰਮ ਕਰ ਰਿਹਾ ਸੀ। ਪਰ ਗਿਆਨੀ ਕਰਤਾਰ ਸਿੰਘ ਅਤੇ ਹੁਕਮ ਸਿੰਘ ਕੋਸ਼ਿਸ਼ਾਂ ਕਰ ਰਹੇ ਸਨ ਕਿ ਅਕਾਲੀ ਦਲ ਨੂੰ **ਸਿਆਸੀ ਪੱਖ ਤੋਂ ਵੀ** ਕਾਂਗਰਸ ਵਿਚ ਸ਼ਾਮਿਲ ਕਰ ਦਿੱਤਾ ਜਾਵੇ। ਅਗਸਤ ਤੇ ਸਤੰਬਰ 1956 ਵਿਚ ਗਿਆਨੀ ਕਰਤਾਰ ਸਿੰਘ ਤੇ ਹੁਕਮ ਸਿੰਘ ਮੌਲਾਣਾ ਆਜ਼ਾਦ ਨੂੰ 20 ਵਾਰੀ ਮਿਲੇ। ਅਖ਼ੀਰ 2 ਅਕਤੂਬਰ 1956 ਦੇ ਦਿਨ ਸ਼੍ਰੋਮਣੀ ਅਕਾਲੀ ਦਲ ਦੇ 150 ਜਥੇਦਾਰ ਤੇ ਸਕੱਤਰ ਇਕਠੇ ਹੋਏ। ਪੰਜ ਘੰਟੇ ਦੀ ਮੀਟਿੰਗ ਮਗਰੋਂ ਅਕਾਲੀ ਦਲ ਨੂੰ ਕਾਂਗਰਸ ਵਿਚ ਸ਼ਾਮਿਲ ਕਰਨ ਦਾ ਫ਼ੈਸਲਾ ਹੋ ਗਿਆ। ਇਸ ਸਬੰਧ ਵਿਚ ਅਜੀਤ ਸਿੰਘ ਸਰਹੱਦੀ ਐਡਵੋਕੇਟ (ਜਲੰਧਰ) ਨੇ ਮਤਾ ਪੇਸ਼ ਕੀਤਾ ਅਤੇ ਹਰਚਰਨ ਸਿੰਘ ਹੁਡਿਆਰਾ ਨੇ ਤਾਈਦ ਕੀਤੀ। ਅਜੀਤ ਸਿੰਘ ਸਰਹੱਦੀ ਮੁਤਾਬਿਕ ਇਹ ਰੈਜ਼ੂਲੇਸ਼ਨ ਹੁਕਮ ਸਿੰਘ ਨੇ ਤਿਆਰ ਕੀਤਾ ਸੀ। ਅਗਲੇ ਦਿਨ ਹੀ ਇਕ ਬਿਆਨ ਵਿਚ ਮਾ: ਤਾਰਾ ਸਿੰਘ ਨੇ ਕਿਹਾ ਕਿ ''ਪੰਡਤ ਨਹਿਰੂ ਦਾ ਮਾਣ ਮੇਰਾ ਮਾਣ ਹੈ'' ਤੇ ਨਹਿਰੂ ਨੇ ਇਕ ਬਿਆਨ 'ਚ ਕਿਹਾ ਕਿ ''ਮਾਸਟਰ ਤਾਰਾ ਸਿੰਘ ਦਾ ਮਾਣ ਮੇਰਾ ਮਾਣ ਹੈ।'' ਹੁਕਮ ਸਿੰਘ ਨੇ ਕਿਹਾ ਕਿ ''ਜੇ ਸਿੱਖਾਂ ਤੇ ਯਕੀਨ ਰੱਖਿਆ ਤਾਂ ਸਿੱਖ ਕਦੇ ਧੋਖਾ ਨਹੀਂ ਦੇਣਗੇ।''

ਅਖ਼ੀਰ ਕਾਂਗਰਸ 'ਚ ਸ਼ਾਮਿਲ ਹੋ ਕੇ ਵਜ਼ੀਰ ਬਣਨ ਦੇ ਚਾਹਵਾਨਾਂ ਦੀ ਖ਼ਾਹਿਸ਼ ਪੂਰੀ ਹੋਈ। ਇਨ੍ਹਾਂ ਲੋਕਾਂ ਦੀ ਅਕਾਲੀ ਦਲ ਨੂੰ ਸਿਆਸੀ ਤੌਰ ਤੇ ਖ਼ਤਮ ਕਰ ਕੇ ਧਰਮ, ਕਲਚਰ ਅਤੇ ਬੋਲੀ ਦੀ ਰੱਖਿਆ ਵਾਸਤੇ ਕੰਮ ਕਰਨ ਜੋਗਾ ਰੱਖਣ ਦੀ ਸਕੀਮ ਵੀ ਵਕਤੀ ਤੌਰ 'ਤੇ ਪੂਰੀ ਹੋ ਗਈ ਜਾਪਦੀ ਸੀ। ਪਰ ਮਾਸਟਰ ਤਾਰਾ ਸਿੰਘ ਨੇ 27 ਅਕਤੂਬਰ 1956 ਦੇ ਦਿਨ ਅਕਾਲੀ ਦਲ ਦੇ ਆਈਨ ਵਿਚ ਗਿਆਨੀ ਕਰਤਾਰ ਸਿੰਘ ਤੇ ਪ੍ਰੀਤਮ ਸਿੰਘ ਗੋਜਰਾਂ ਵਲੋਂ ਤਬਦੀਲੀ ਕਰਵਾਉਣ ਦੀ ਸਕੀਮ ਦੀ ਮੁਖ਼ਾਲਫ਼ਤ ਕੀਤੀ।

ਪਰ ਮਾਸਟਰ ਤਾਰਾ ਸਿੰਘ ਦੀ ਕੌਣ ਸੁਣਦਾ ਸੀ? 24 ਨਵੰਬਰ 1956 ਨੂੰ ਅਕਾਲੀ ਦਲ ਦਾ ਜਨਰਲ ਇਜਲਾਸ ਬੁਲਾਇਆ ਗਿਆ। ਇਸ ਮੌਕੇ ਤੇ 350 'ਚੋਂ 322 ਡੈਲੀਗੇਟ ਸ਼ਾਮਿਲ ਸਨ। ਇਸ ਵਿਚ ਵੱਡੀ ਅਕਸਰੀਅਤ ਨਾਲ ਅਕਾਲੀ ਦਲ ਨੂੰ ਕਾਂਗਰਸ ਵਿਚ ਸ਼ਾਮਿਲ ਕਰਨ ਦਾ ਮਤਾ ਪਾਸ ਕੀਤਾ ਗਿਆ। ਸਿਰਫ਼ ਪੰਜ ਡੈਲੀਗੇਟਾਂ ਨੇ ਇਸ ਮਤੇ ਦਾ ਵਿਰੋਧ ਕੀਤਾ। ਇਹ ਸਨ: ਅਮਰ ਸਿੰਘ ਅੰਬਾਲਵੀ, ਮਾਸਟਰ ਸੁਜਾਨ ਸਿੰਘ ਸਰਹਾਲੀ, ਗੁਰਬਖ਼ਸ਼ ਸਿੰਘ ਬਟਾਲਾ ਅਤੇ ਬੇਦੀ ਰਛਪਾਲ ਸਿੰਘ ਤੇ ਕਰਨੈਲ ਸਿੰਘ ਡੋਡ। ਇਸ ਇਜਲਾਸ ਨੇ ਅਕਾਲੀ ਦਲ ਨੂੰ ਸਿਰਫ਼ ਧਾਰਮਿਕ, ਮਾਲੀ, ਸਮਾਜਕ ਅਤੇ ਕਲਚਰਲ ਕੰਮਾਂ ਤਕ ਹੀ ਬੰਨ੍ਹ ਦਿੱਤਾ। ਇਹ ਮਤਾ ਪਹਿਲੋਂ ਵਰਕਿੰਗ ਕਮੇਟੀ ਨੇ 30 ਸਤੰਬਰ ਨੂੰ ਪਾਸ ਕੀਤਾ ਤੇ ਫਿਰ ਜਨਰਲ ਇਜਲਾਸ ਨੇ ਵੀ 24 ਨਵੰਬਰ 1956 ਨੂੰ ਇਸ ਨੂੰ ਪਾਸ ਕਰ ਦਿੱਤਾ।

WWW.SIKHBOOKCLUB.COM

1957 ਦੀਆਂ ਚੋਣਾਂ

ਇਕ ਨਵੰਬਰ 1956 ਨੂੰ ਪੰਜਾਬ ਅਤੇ ਪੈਪਸੂ ਇੱਕ ਹੋ ਗਏ ਸਨ। ਸਾਂਝੇ ਪੰਜਾਬ ਵਿਚ ਨਵੀਆਂ ਚੋਣਾਂ 1957 ਦੇ ਸ਼ੁਰੂ ਵਿਚ ਹੋਣੀਆਂ ਸਨ। ਅਕਾਲੀ ਦਲ ਦੇ ਕਾਂਗਰਸ ਵਿਚ ਸ਼ਾਮਿਲ ਹੋਣ ਨਾਲ ਸੀਟਾਂ ਦੀ ਵੰਡ ਵੀ ਨਵੇਂ ਸਿਰੇ ਤੋਂ ਹੋਣੀ ਸੀ। ਇਸ ਵਾਸਤੇ 3 ਅਕਾਲੀਆਂ (ਗਿਆਨੀ ਕਰਤਾਰ ਸਿੰਘ, ਅਜੀਤ ਸਿੰਘ ਸਰਹੱਦੀ ਅਤੇ ਹੁਕਮ ਸਿੰਘ) ਨੂੰ ਸੂਬਾਈ ਚੋਣ ਬੋਰਡ ਵਿਚ ਸ਼ਾਮਿਲ ਕਰ ਲਿਆ ਗਿਆ। ਇਸ ਵਕਤ ਕਾਂਗਰਸ ਵਿਚ ਕੈਰੋਂ ਗਰੁਪ, ਗਾਂਧੀ-ਜਨਤਾ ਗਰੁਪ (ਸ੍ਰੀ ਰਾਮ ਸ਼ਰਮਾ, ਅਬਦੁਲ ਗ਼ਨੀ ਡਾਰ ਤੇ ਕਿਦਾਰ ਨਾਥ ਸਹਿਗਲ ਗਰੁਪ), ਰਾੜੇਵਾਲਾ ਗਰੁਪ, ਜ਼ਿਮੀਂਦਾਰਾ ਲੀਗ (ਚੌਧਰੀ ਸ੍ਰੀ ਚੰਦ ਗਰੁਪ) ਅਤੇ ਅਕਾਲੀ ਦਲ ਤੋਂ ਬਿਨਾਂ ਜਨਰਲ ਮੋਹਨ ਸਿੰਘ ਦਾ ਵੀ ਇਕ ਛੋਟਾ ਜਿਹਾ ਗਰੁਪ ਸੀ। ਚੋਣ ਬੋਰਡ ਦੀਆਂ ਮੀਟਿੰਗਾਂ 20 ਤੋਂ 23 ਦਸਬੰਰ 1956 ਤਕ ਹੁੰਦੀਆਂ ਰਹੀਆਂ ਅਤੇ ਅਖ਼ੀਰ 28 ਦਸੰਬਰ ਨੂੰ ਉਮੀਦਵਾਰਾਂ ਦੀ ਆਖ਼ਰੀ ਲਿਸਟ ਤਿਆਰ ਹੋ ਗਈ। ਅਕਾਲੀ ਦਲ ਨੇ ਮੰਗ ਕੀਤੀ ਕਿ ਸਾਨੂੰ ਸ਼੍ਰੋਮਣੀ ਕਮੇਟੀ ਵਿਚ 75 ਫ਼ੀ ਸਦੀ ਵੋਟਾਂ ਲਈਆਂ ਹਨ ਇਸ ਲਈ ਸਾਨੂੰ ਸਿੱਖ ਹਲਕਿਆਂ ਵਿਚੋਂ ਤਿੰਨ ਚੌਥਾਈ ਸੀਟਾਂ ਮਿਲਣ। ਅਕਾਲੀ ਘਟ ਤੋਂ ਘਟ 40 ਸੀਟਾਂ ਦੀ ਆਸ ਰਖਦੇ ਸਨ ਸਿਰਫ਼ ਪਰ 17-18 ਸੀਟਾਂ ਮਿਲਣ 'ਤੇ ਟਕਸਾਲੀ ਅਕਾਲੀ ਨਿਰਾਸ ਹੋ ਗਏ। ਉਂਵ ਵੀ ਚੋਣ ਬੋਰਡ ਨੇ ਕਿਸੇ ਅਕਾਲੀ ਮੈਂਬਰ ਦੀ ਸਲਾਹ ਲੈਣ ਤਕ ਦੀ ਵੀ ਖੇਚਲ ਨਹੀਂ ਸੀ ਕੀਤੀ। ਪ੍ਰੋਟੈਸਟ ਕਰਨ ਮਗਰੋਂ ਵੀ ਅਕਾਲੀ ਦਲ ਨੂੰ 22 ਸੀਟਾਂ ਅਤੇ ਪਾਰਲੀਮੈਂਟ ਦੀਆਂ 3 ਸੀਟਾਂ ਹੀ ਮਿਲ ਸਕੀਆਂ। ਇਸ 'ਤੇ ਮਾਸਟਰ ਤਾਰਾ ਸਿੰਘ ਨੇ ਆਪਣੇ ਵਲੋਂ 23 ਉਮੀਦਵਾਰ ਅਜ਼ਾਦ ਖੜੇ ਕਰ ਦਿੱਤੇ।

ਇਸ ਨਾਲ ਅਕਾਲੀ ਦਲ ਵਿਚ ਦੋ ਧੜੇ ਬਣ ਗਏ। ਮਾਸਟਰ ਤਾਰਾ ਸਿੰਘ ਨੇ 23 ਜਨਵਰੀ 1957 ਨੂੰ ਇਕ ਬਿਆਨ ਵਿਚ ਕਿਹਾ ਕਿ ''ਮੇਰੇ ਵਲੋਂ ਕਾਂਗਰਸ ਨਾਲ ਪੂਰੀ ਦਰਾੜ ਪੈ ਚੁੱਕੀ ਹੈ। ਕਾਂਗਰਸ ਨਾਲ ਫ਼ੈਸਲਾ ਸੀ ਕਿ ਐਲਾਨ ਕਰਨ ਤੋਂ ਪਹਿਲਾਂ ਮੈਨੂੰ ਲਿਸਟ ਦਿਖਾ ਕੇ ਮਨਜ਼ੂਰੀ ਲਈ ਜਾਵੇਗੀ। ਪਰ ਅਜਿਹਾ ਨਹੀਂ ਕੀਤਾ ਗਿਆ।'' (*ਟ੍ਰਿਬਿਊਨ*, 24 ਜਨਵਰੀ 1957)।

ਮਾਰਚ 1957 ਵਿਚ ਚੋਣਾਂ ਹੋਈਆਂ। ਮਾਸਟਰ ਤਾਰਾ ਸਿੰਘ ਦੇ ਖੜੇ ਕੀਤੇ ਸਾਰੇ ਉਮੀਦਵਾਰ ਹਾਰ ਗਏ। ਕਾਂਗਰਸ ਨੇ 118 ਸੀਟਾਂ ਜਿੱਤੀਆਂ ਜਿਸ ਵਿਚ 19 ਅਕਾਲੀ ਵੀ ਸ਼ਾਮਿਲ ਸਨ। ਬਾਕੀ ਵਿਚੋਂ ਇਕ ਪੀ.ਐਸ.ਪੀ., 6 ਸੀ.ਪੀ.ਆਈ., 9 ਜਨਸੰਘ ਤੇ 18 ਆਜ਼ਾਦ ਜਿੱਤਣ ਵਿਚ ਕਾਮਯਾਬ ਹੋਏ। ਮਾਸਟਰ ਤਾਰਾ ਸਿੰਘ ਦੇ 1957 ਦੀਆਂ ਚੋਣਾਂ ਵਿਚ ਖੜੇ ਕੀਤੇ 23 ਦੇ 23 ਉਮੀਦਵਾਰ ਭਾਵੇਂ ਹਾਰ ਗਏ ਪਰ ਉਨ੍ਹਾਂ ਨੇ ਪੰਜਾਬੀ ਰਿਜਨ ਦੀਆਂ ਵੋਟਾਂ ਦਾ 23.3% (ਅਤੇ ਕਾਂਗਰਸ ਨੇ ਕੁਲ 47%) ਵੋਟਾਂ ਹਾਸਿਲ ਕੀਤੀਆਂ ਸਨ। ਇਹ ਅੰਕੜੇ ਮਾਸਟਰ ਤਾਰਾ ਸਿੰਘ ਦੀ ਤਾਕਤ ਦਾ ਇਜ਼ਹਾਰ ਕਰਦੇ ਸਨ। ਚੋਣ ਮਗਰੋਂ ਪ੍ਰਤਾਪ ਸਿੰਘ ਕੈਰੋਂ ਫੇਰ ਪੰਜਾਬ ਦਾ ਮੁੱਖ ਮੰਤਰੀ ਬਣ ਗਿਆ।

WWW.SIKHBOOKCLUB.COM

24 ਮਾਰਚ 1957 ਨੂੰ ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਅਕਾਲੀ ਦਲ ਨੇ ਕਦੇ ਸਿਆਸਤ ਨਹੀਂ ਛੱਡੀ। ਮਾਸਟਰ ਜੀ ਨੇ ਇਸ ਮੌਕੇ 'ਤੇ ਇਕ ਪੈਂਫ਼ਲਟ ਛਾਪ ਕੇ ਅੰਮ੍ਰਿਤਸਰ ਵਿਚ ਵੰਡਿਆ। 30 ਮਾਰਚ ਨੂੰ ਹੁਕਮ ਸਿੰਘ ਨੇ ਮਾਸਟਰ ਜੀ ਦੇ ਖ਼ਿਲਾਫ਼ ਇਕ ਬਿਆਨ ਦਿੱਤਾ ਤੇ ਕਿਹਾ ਕਿ ''ਅਕਾਲੀ ਦਲ ਨੂੰ ਸਿਆਸਤ ਤੋਂ ਦੂਰ ਰਹਿਣਾ ਚਾਹੀਦਾ ਹੈ। ਇਹੀ ਸਿੱਖਾਂ ਦੇ ਫ਼ਾਇਦੇ ਵਿਚ ਹੈ। ਅਸੀਂ ਪੰਜਾਬੀ ਸੂਬਾ ਗੱਲਬਾਤ ਨਾਲ ਹਾਸਿਲ ਕਰਾਂਗੇ। ਮਾਸਟਰ ਜੀ ਨੂੰ ਸਮਝਣਾ ਚਾਹੀਦਾ।'' ਹੁਕਮ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਇਹੋ ਜਿਹੇ ਬਿਆਨ ਦੇ ਕੇ ਕਾਂਗਰਸ ਨੂੰ ਖੁਸ਼ ਕਰਨ ਦੀ 'ਮਿਹਨਤ' ਕੀਤੀ। ਕਾਂਗਰਸ ਦੇ ਜਨਰਲ ਸਕੱਤਰ ਸ੍ਰੀਮਾਨ ਨਾਰਾਇਣ ਨੇ 2 ਅਪ੍ਰੈਲ 1957 ਨੂੰ ਇਕ ਬਿਆਨ ਵਿਚ ਹੁਕਮ ਸਿੰਘ ਤੇ ਗਿਆਨੀ ਕਰਤਾਰ ਸਿੰਘ ਦੇ ਬਿਆਨਾਂ ਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀ ਪੁਜ਼ੀਸ਼ਨ ਸਾਫ਼ ਕਰ ਦਿੱਤੀ ਹੈ।

ਇਨ੍ਹਾਂ ਦਿਨਾਂ ਵਿਚ ਬੰਬਈ ਦੀ *'ਲਾਈਟ'* ਮੈਗਜ਼ੀਨ ਨੇ ਅਪ੍ਰੈਲ 1957 ਦੇ ਪਰਚੇ ਵਿਚ ਇਕ ਕਾਰਟੂਨ ਛਾਪਿਆ ਜਿਸ ਵਿਚ ਕਾਂਗਰਸ ਪ੍ਰਧਾਨ ਧੇਬਰ ਦੇ ਹੱਥ ਵਿਚ ਕੈਂਚੀ ਅਤੇ ਮਾਸਟਰ ਤਾਰਾ ਸਿੰਘ ਦੀ ਦਾੜ੍ਹੀ ਮੁੰਨੀ ਹੋਈ ਦਿਖਾਈ ਸੀ। ਹੇਠਾਂ ਲਿਖਿਆ ਸੀ ਕਿ **ਮਾਸਟਰ ਤਾਰਾ ਸਿੰਘ ਨੇ ਕਾਂਗਰਸ ਨੂੰ ਫ਼ਾਇਦਾ ਪੁਚਾਉਣ ਦੀ ਕੋਸ਼ਿਸ਼ ਕੀਤੀ ਪਰ ਕਾਂਗਰਸ ਨੇ ਉਸ (ਮਾਸਟਰ) ਨੂੰ ਪੂਰੀ ਤਰ੍ਹਾਂ ਸਾਫ਼ ਕਰ ਕੇ ਰੱਖ ਦਿੱਤਾ।** ਸ਼੍ਰੋਮਣੀ ਅਕਾਲੀ ਦਲ ਦੀ ਸਾਲਾਨਾ ਚੋਣ ਵਿਚ ਮਾਸਟਰ ਤਾਰਾ ਸਿੰਘ 20 ਮਈ 1957 ਨੂੰ ਫੇਰ ਪ੍ਰਧਾਨ ਚੁਣੇ ਗਏ।

ਪੰਜਾਬੀ ਤੇ ਹਿੰਦੀ ਐਜੀਟੇਸ਼ਨ

3 ਅਪ੍ਰੈਲ 1957 ਨੂੰ ਪੰਜਾਬ ਦੀ ਨਵੀਂ ਵਜ਼ਾਰਤ ਬਣੀ। ਹਿੰਦੀ ਰਖਸ਼ਾ ਸੰਮਤੀ ਨੇ 30 ਅਪ੍ਰੈਲ ਤੋਂ ਰਿਜਨਲ ਫ਼ਾਰਮੂਲੇ ਵਿਰੁਧ ਐਜੀਟੇਸ਼ਨ ਸ਼ੁਰੂ ਕਰ ਦਿੱਤੀ। ਇਸ ਸਬੰਧ ਵਿਚ (ਸਵਾਮੀ) ਆਤਮਾ ਨੰਦ ਨੇ ਸੈਕਟਰੀਏਟ ਦੇ ਬਾਹਰ ਧਰਨਾ ਸ਼ੁਰੂ ਕਰ ਦਿੱਤਾ। **(ਪੰਜਾਬ ਸਰਕਾਰ ਨੇ ਧਰਨਾ ਚੁੱਕਣ ਲਈ ਕਈ ਵਾਰ 'ਹੱਥ ਜੋੜ ਕੇ' ਅਰਜ਼ ਕੀਤੀ ਪਰ ਉਹ ਨਾ ਮੰਨੇ। (ਇਸ ਗੱਲ ਦਾ ਮੁਕਾਬਲਾ 4 ਜੁਲਾਈ 1955 ਨੂੰ ਪੁਲਿਸ ਦੇ ਅਕਾਲੀ ਐਜੀਟੇਸ਼ਨ ਦੌਰਾਨ ਦਰਬਾਰ ਸਾਹਿਬ ਵਿਚ ਦਾਖ਼ਲ ਹੋ ਕੇ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਨ, ਲਾਠੀ ਚਾਰਜ, ਤੇ ਟੀਅਰ ਗੈਸ ਦੇ ਗੋਲੇ ਸੁੱਟਣ ਨਾਲ ਕੀਤਾ ਜਾ ਸਕਦਾ ਹੈ।** ਦਰਅਸਲ ਇਹ ਸਰਕਾਰ ਦੀ ਮਰਜ਼ੀ ਨਾਲ ਚਲਣ ਵਾਲਾ ਮੋਰਚਾ ਸੀ। ਇਸ ਧਰਨੇ 'ਤੇ ਬੈਠੇ ਆਗੂ ਕਈ ਵਾਰ ਸੈਕਟਰੀਏਟ ਜਾ ਕੇ ਕੈਰੋਂ ਤੇ ਹੋਰ ਕਾਂਗਰਸੀਆਂ ਨੂੰ ਮਿਲ ਕੇ ਵਿਚਾਰਾਂ ਕਰਦੇ ਰਹਿੰਦੇ ਸਨ)।

ਫ਼ਿਰਕੂ ਹਿੰਦੂਆਂ ਦੇ ਇਸ ਮੋਰਚੇ ਵਿਰੁਧ ਜਵਾਬੀ ਮੋਰਚਾ ਲਾਉਣ ਲਈ 'ਪੰਜਾਬੀ ਰੱਖਿਆ ਸੰਮਤੀ' ਬਣ ਗਈ ਜਿਸ ਦਾ ਡਿਕਟੇਟਰ ਜਥੇਦਾਰ ਪ੍ਰੀਤਮ ਸਿੰਘ ਗੋਜਰਾਂ ਬਣ ਗਿਆ। 16 ਜੂਨ 1957 ਨੂੰ ਪੰਜਾਬੀ ਰੱਖਿਆ ਸੰਮਤੀ ਦੀ ਕਨਵੈਨਸ਼ਨ ਜਲੰਧਰ ਵਿਚ ਹੋਈ ਜਿਸ ਵਿਚ ਪੈਪਸੂ ਫ਼ਾਰਮੂਲੇ ਨੂੰ ਪੰਜਾਬ ਵਿਚ ਲਾਗੂ ਕਰਨ ਤੇ

WWW.SIKHBOOKCLUB.COM

ਪੰਜਾਬੀ ਯੂਨੀਵਰਸਿਟੀ ਬਨਾਉਣ ਦੀ ਮੰਗ ਕੀਤੀ। ਕਨਵੈਨਸ਼ਨ ਨੇ 28 ਜੂਨ 1957 ਨੂੰ 'ਪੰਜਾਬੀ ਰੱਖਿਆ ਦਿਨ' ਮਨਾਇਆ। ਗਿਆਨੀ ਕਰਤਾਰ ਸਿੰਘ ਨੇ ਇਕ ਬਿਆਨ ਵਿਚ ਵਾਰਨਿੰਗ ਦਿੱਤੀ ਕਿ ਜੇ ਰਿਜਨਲ ਫ਼ਾਰਮੂਲਾ ਫੇਲ੍ਹ ਹੋਇਆ ਤਾਂ ਪੰਜਾਬੀ ਸੂਬੇ ਦਾ ਮੋਰਚਾ ਫੇਰ ਸ਼ੁਰੂ ਹੋਵੇਗਾ। ਲਾਲ ਚੰਦ ਸਭਰਵਾਲ ਨੇ ਧਮਕੀ ਦਿੱਤੀ ਕਿ **"ਜੇ ਪੰਜਾਬੀ ਲਾਗੂ ਕਰਨ ਵਿਚ ਜ਼ਬਰਦਸਤੀ ਕੀਤੀ ਤਾਂ ਸ਼ਹਿਰਾਂ ਦੇ ਗਲੀ ਬਜ਼ਾਰਾਂ ਵਿਚ ਲੜਾਈ ਹੋਵੇਗੀ।"** ਸਾਰੇ ਆਰੀਆ ਸਮਾਜੀ ਨੇਤਾ ਪੰਜਾਬੀ ਦੇ ਖ਼ਿਲਾਫ਼ ਬਿਆਨ ਦੇ ਰਹੇ ਸਨ। ਹੁਕਮ ਸਿੰਘ ਨੇ ਇਕ ਬਿਆਨ ਵਿਚ ਮਹਾਸ਼ਾ ਮੋਰਚੇ ਨੂੰ 'ਪੰਜਾਬੀ ਨੂੰ ਖ਼ਤਮ ਕਰਨ ਦਾ ਮੋਰਚਾ' ਦੱਸਿਆ। ਦੂਜੇ ਪਾਸੇ ਮਹਾਸ਼ੇ ਸਵਾਮੀ ਆਤਮਾ ਨੰਦ ਨੇ ਕਿਹਾ ਕਿ, **''ਰਿਜਨਲ ਫ਼ਾਰਮੂਲੇ ਦਾ ਮਤਲਬ ਹੈ ਪੰਜਾਬ ਨੂੰ 'ਸਿੱਖਸਤਾਨ' ਬਣਾਉਣਾ। ਪੰਜਾਬੀ ਸੂਬੇ ਦਾ ਮਤਲਬ ਹੈ ਖਾਲਿਸਤਾਨ''।** ਇਹ ਸੀ ਪੰਜਾਬ ਅਤੇ ਬਾਕੀ ਭਾਰਤ ਦੇ ਫ਼ਿਰਕੂ ਹਿੰਦੂ ਦੀ ਸੋਚ ਅਤੇ ਉਨ੍ਹਾਂ ਅੰਦਰ ਸਿੱਖ ਦੁਸ਼ਮਣੀ ਦਾ ਜਜ਼ਬਾ।

ਜੂਨ ਦੇ ਅਖ਼ੀਰ ਵਿਚ ਹਿੰਦੀ ਐਜੀਟੇਸ਼ਨ ਦੇ ਆਗੂਆਂ ਵਿਚ ਫੁਟ ਪੈ ਗਈ। ਆਨੰਦ ਸਵਾਮੀ ਨੇ ਐਜੀਟੇਸ਼ਨ ਬੰਦ ਕਰਨ ਲਈ ਅਪੀਲ ਕੀਤੀ ਇਸ ਤੇ ਉਸ ਨੂੰ ਕਮੇਟੀ 'ਚੋਂ ਕੱਢ ਦਿੱਤਾ ਗਿਆ। ਇਸ ਤਰ੍ਹਾਂ ਕੁਝ ਹੋਰ ਆਗੂ ਵੀ ਐਜੀਟੇਸ਼ਨ ਮੁਲਤਵੀ ਕਰਨ ਜਾਂ ਖ਼ਤਮ ਕਰਨ ਲਈ ਜ਼ੋਰ ਦੇ ਰਹੇ ਸਨ।

ਇਸ ਮਾਹੌਲ ਦਾ ਇਕ ਹੋਰ ਦਿਲਚਸਪ ਪਹਿਲੂ ਇਹ ਸੀ ਕਿ ਇਹ ਐਜੀਟੇਸ਼ਨ ਹਿੰਦੂਆਂ ਦੀ ਸੀ ਅਤੇ ਕਾਂਗਰਸ ਪ੍ਰਧਾਨ ਧੇਬਰ ਸਿੱਖਾਂ ਨੂੰ ਖਾਲਿਸਤਾਨ ਦੀ ਮੰਗ ਨਾ ਕਰਨ ਲਈ ਕਹਿ ਰਿਹਾ ਸੀ। 2 ਅਗਸਤ ਨੂੰ ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਵਿਚ ਹੈਰਾਨੀ ਪ੍ਰਗਟ ਕੀਤੀ ਕਿ ਧੇਬਰ ਸਿੱਖਾਂ ਨੂੰ ਦੇਸ਼ ਤੋਂ ਅਲੱਗ ਹੋਣ ਦੀਆਂ ਗੱਲਾਂ ਨਾ ਸੋਚਣ ਲਈ ਕਹਿ ਰਿਹਾ ਹੈ। ਇਹੋ ਜਿਹੀ ਬਿਆਨਬਾਜ਼ੀ ਤਾਂ ਹੋ ਰਹੀ ਸੀ ਪਰ ਹਿੰਦੀ ਐਜੀਟੇਸ਼ਨ ਨੂੰ ਨੱਥ ਪਾਉਣ ਵਾਸਤੇ ਜਾਂ ਰਿਜਨਲ ਫ਼ਾਰਮੂਲਾ ਨੂੰ ਲਾਗੂ ਕਰਨ ਵਾਸਤੇ ਕੁਝ ਨਹੀਂ ਕੀਤਾ ਗਿਆ ਸੀ। ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚਾ ਵੇਲੇ ਸਿੱਖਾਂ ਨਾਲ ਜੋ ਸਲੂਕ ਕੀਤਾ ਜਾਂਦਾ ਸੀ ਜੇ ਉਹ ਸਲੂਕ ਹਿੰਦੂਆਂ ਨਾਲ ਕੀਤਾ ਜਾਂਦਾ ਤਾਂ ਇਹ ਐਜੀਟੇਸ਼ਨ ਇਕ ਦਿਨ ਵਿਚ ਮਰ ਜਾਂਦੀ।

ਇਹ 'ਹਿੰਦੀ' ਐਜੀਟੇਸ਼ਨ ਦਰਅਸਲ 'ਐਂਟੀ-ਸਿੱਖ' ਐਜੀਟੇਸ਼ਨ ਸੀ। ਹਿੰਦੂਆਂ ਦਾ ਨਿਸ਼ਾਨਾ ਸਿਰਫ਼ ਸਿੱਖ ਸਨ। 17 ਜੁਲਾਈ 1957 ਦੇ ਦਿਨ ਮਹਾਸ਼ਿਆਂ ਨੇ ਇਹ ਸਾਬਿਤ ਵੀ ਕਰ ਦਿੱਤਾ। ਇਸ ਦਿਨ ਮਹਾਸ਼ਿਆਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਵਿਚ ਸਿਗਰਟਾਂ ਸੁੱਟੀਆਂ। ਇਸ ਦੇ ਖ਼ਿਲਾਫ਼ 18 ਜੁਲਾਈ ਨੂੰ ਪਟਿਆਲੇ ਵਿਚ ਪੂਰੀ ਹੜਤਾਲ ਹੋਈ ਅਤੇ 5000 ਸਿੱਖਾਂ ਨੇ ਇਕ ਪ੍ਰੋਟੈਸਟ ਜਲੂਸ ਕੱਢਿਆ। ਇਸ ਦੇ ਨਾਲ ਹੀ ਸਿੱਖਾਂ ਨੇ ਖਿਝ ਕੇ ਬਿਆਨ ਦੇਣੇ ਸ਼ੁਰੂ ਕੀਤੇ ਕਿ **ਜੇ ਪੰਜਾਬੀ ਨਹੀਂ ਪੜ੍ਹੀ ਜਾਵੇਗੀ ਤਾਂ ਹਿੰਦੀ ਵੀ ਲਿੰਕ ਬੋਲੀ ਨਹੀਂ ਮੰਨੀ ਜਾਵੇਗੀ।** ਅਕਾਲੀ ਦਲ ਨੇ 23 ਜੁਲਾਈ 1957 ਨੂੰ ਮੀਟਿੰਗ ਬੁਲਾਈ ਅਤੇ ਹਿੰਦੀ

WWW.SIKHBOOKCLUB.COM

ਮੋਰਚੇ ਦੀ ਮੁਖ਼ਾਲਫ਼ਤ ਕੀਤੀ ਤੇ ਪੰਥ ਨੂੰ ਪੁਰਅਮਨ ਰਹਿਣ ਦੀ ਅਪੀਲ ਕੀਤੀ। ਅਕਾਲੀ ਦਲ ਨੇ ਪੰਜਾਬ ਦੀ ਕੈਰੋਂ ਸਰਕਾਰ 'ਤੇ ਜਾਣ ਬੁਝ ਕੇ ਮੋਰਚੇ ਨੂੰ ਸ਼ਹਿ ਦੇਣ ਤੇ ਹਾਲਤ ਨੂੰ ਨਾ ਸੰਭਾਲਣ ਦਾ ਦੋਸ਼ ਲਾਇਆ।

ਕਿਉਂਕਿ ਹਿੰਦੀ ਰਖ਼ਸ਼ਾ ਸੰਮਤੀ ਦੇ ਮੋਰਚੇ ਨੂੰ ਨਹਿਰੂ, ਪੰਜਾਬ ਦੇ ਹਿੰਦੂ ਕਾਂਗਰਸੀਆਂ ਅਤੇ ਕੈਰੋਂ ਦੀ ਪੂਰੀ ਹਿਮਾਇਤ ਹਾਸਿਲ ਸੀ। ਇਸੇ ਕਰ ਕੇ ਕੈਰੋਂ ਸਰਕਾਰ ਇਸ ਦੇ ਖ਼ਿਲਾਫ਼ ਕੁਝ ਵੀ ਨਹੀਂ ਕਰ ਰਹੀ ਸੀ। ਮਹਾਸ਼ਿਆਂ ਨੇ ਇਹ ਮੋਰਚਾ ਅਸਲ ਵਿਚ ਪੰਜਾਬੀ ਜਾਂ ਗੁਰਮੁਖੀ ਨਹੀਂ ਬਲਕਿ ਸਿੱਖੀ ਦੇ ਖ਼ਿਲਾਫ਼ ਸ਼ੁਰੂ ਕੀਤਾ ਸੀ। ਉਨ੍ਹਾਂ ਦੀ ਸਿੱਖਾਂ ਨਾਲ ਨਫ਼ਰਤ ਇਸ ਹੱਦ ਤਕ ਸੀ ਕਿ ਉਹ ਸ਼ਰੇਆਮ ਸਿੱਖਾਂ ਦੇ ਖ਼ਿਲਾਫ਼ ਘਟੀਆ ਬੋਲੀ ਵਰਤਿਆ ਕਰਦੇ ਸਨ। ਉਹ ਤਾਂ ਗੁਰੂ ਸਾਹਿਬ ਦੇ ਖ਼ਿਲਾਫ਼ ਵੀ ਬੇਹਦ ਘਟੀਆ ਬੋਲੀ ਬੋਲਣ ਤੋਂ ਵੀ ਨਹੀਂ ਸ਼ਰਮਾਉਂਦੇ ਸਨ। ਇਕ ਵਾਰ ਤਾਂ ਅੰਮ੍ਰਿਤਸਰ ਦੇ ਬੰਸੀ ਲਾਲ ਨੇ ਸਰੋਵਰ ਵਿਚ ਸਿਗਰਟਾਂ ਵਿਚ ਸੁੱਟੇ ਜਾਣ ਬਾਰੇ ਬੋਲਦਿਆਂ ਏਥੋਂ ਤਕ ਆਖਿਆ ਕਿ **'ਦਰਬਾਰ ਸਾਹਿਬ ਪਵਿੱਤਰ ਕਿਵੇਂ ਹੋ ਸਕਦਾ ਹੈ ਜਿਸ ਦੀ ਨੀਂਹ ਗਊ ਖਾਣ ਵਾਲੇ ਮੁਸਲਮਾਨ ਨੇ ਰੱਖੀ ਹੋਵੇ। ਸਿੱਖਾਂ ਨਾਲ ਸਬੰਧ ਤਾਂ ਹੀ ਕਾਇਮ ਰਹਿ ਸਕਦੇ ਹਨ ਜੇ ਕਰ ਉਹ ਦਾੜ੍ਹੀ ਕੇਸ ਸ਼ੇਵ ਕਰਵਾ ਲੈਣ।'** 7 ਜੁਲਾਈ ਨੂੰ ਮੋਹਨ ਲਾਲ ਅੰਬਾਲੇ ਨੇ ਬਿਆਨ ਦਿੱਤਾ, ''ਸਿੱਖ ਗੁਰਦੁਆਰਿਆਂ ਤੋਂ ਬਾਹਰ ਆ ਕੇ ਜਲਸਾ ਕਰਨ।'' ਤੇ ਸੰਤੋਸ਼ ਆਨੰਦ, **'ਨਾਈ ਸੋਚਦੇ ਹਨ ਕਿ ਜੇ ਹਿੰਦੂ ਗੁਰਮੁਖੀ ਪੜ੍ਹਨਗੇ ਤਾਂ ਉਨ੍ਹਾਂ ਦੇ ਪੇਸ਼ੇ ਦਾ ਕੀ ਹੋਵੇਗਾ।'** ਦੁਰਗਾ ਦਾਸ ਨੇ ਕਿਹਾ, **'ਜੇ ਸਿੱਖ ਦਖ਼ਲ ਦੇਣਗੇ ਤਾਂ ਅਸੀਂ ਗੁਰਦੁਆਰਿਆਂ ਤੇ ਕਬਜ਼ਾ ਕਰ ਲਵਾਂਗੇ ਤੇ ਸਿੱਖਾਂ ਨੂੰ ਅੰਦਰ ਨਹੀਂ ਵੜਨ ਦਿਆਂਗੇ। ਕਿਤੇ ਵੀ ਕੋਈ ਹਿੰਦੂ ਬੱਚਾ ਗੁਰਮੁਖੀ ਨਹੀਂ ਪੜ੍ਹੇਗਾ।'** ਸ਼ਾਮ ਲਾਲ ਤਿਵਾੜੀ ਦੇ ਬੋਲ ਸਨ: **'ਸਿੱਖ ਬਾਰਾਂ ਵਜੇ ਤਕ ਹੋਸ਼ ਵਿਚ ਨਹੀਂ ਆਉਂਦੇ ਅਤੇ ਮਾਸਟਰ ਤਾਰਾ ਸਿੰਘ ਤੇ ਹੁਕਮ ਸਿੰਘ ਸਪੀਕਰ ਦੇ ਹਰ ਵੇਲੇ 12 ਵੱਜੇ ਰਹਿੰਦੇ ਹਨ।'** ਅਚਾਰੀਆ ਭਿਕਸ਼ੂ ਨੇ ਕਿਹਾ: **'ਗੁਰੂ ਗੋਬਿੰਦ ਸਿੰਘ ਇਕ ਹਿੰਦੂ ਸੰਨਿਆਸੀ ਦੇ ਪੈਰੀਂ ਪਿਆ ਕਿ ਪੰਜਾਬ ਜਾ ਕੇ ਮੁਸਲਮਾਨਾਂ ਨਾਲ ਲੜੇ।'** ਜਾਮ ਨਗਰ ਦੇ ਇਕ ਜਲੂਸ ਵਿਚ **'ਉੜਾ ਐੜਾ ਨਹੀਂ ਪੜ੍ਹਾਂਗੇ, ਜੂੜਾ ਜੂੜੀ ਕੱਟ ਧਰਾਂਗੇ'** ਦੇ ਨਾਅਰੇ ਸ਼ਰੇਆਮ ਲਾਏ ਗਏ।

ਇਹੋ ਜਿਹੇ ਘਟੀਆ ਤੇ ਜ਼ਲੀਲ ਬੋਲ ਮਹਾਸ਼ੇ ਬੋਲ ਰਹੇ ਸਨ ਪਰ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਅੱਖਾਂ ਮੀਟ ਕੇ ਬੈਠੀਆਂ ਸਨ। ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ, ਪ੍ਰਤਾਪ ਸਿੰਘ ਕੈਰੋਂ, ਮੁਸਾਫ਼ਰ, ਰਾੜੇਵਾਲਾ, ਮਹਾਰਾਜਾ ਪਟਿਆਲਾ, ਉੱਜਲ ਸਿੰਘ, ਸਵਰਨ ਸਿੰਘ, ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਨਰੈਣ ਸਿੰਘ ਸ਼ਾਹਬਾਜ਼ਪੁਰੀ, ਖੜਕ ਸਿੰਘ ਅਤੇ ਹੋਰ ਕਾਂਗਰਸੀ ਗੱਦੀਆਂ ਅਤੇ ਗਰਜ਼ਾਂ ਨਾਲ ਚੰਬੜੇ ਬੈਠੇ ਸਨ ਤੇ ਹਾਅ ਦਾ ਨਾਅਰਾ ਤਕ ਨਹੀਂ ਮਾਰ ਸਕਦੇ ਸਨ।

ਇਹ ਵੀ ਇਤਫ਼ਾਕ ਦੀ ਗੱਲ ਹੈ ਕਿ ਹਿੰਦੂਆਂ ਵਲੋਂ ਸਿੱਖਾਂ ਉੱਤੇ ਇਹੋ-ਜਿਹੇ ਹਮਲਿਆਂ ਦੇ ਬਾਵਜੂਦ ਉਦੋਂ ਕੋਈ ਦੁਰਲੀ ਜੱਥਾ ਜਾਂ ਖਾੜਕੂ ਹਿੰਦੂ ਦਹਿਸ਼ਤਗਰਦਾਂ ਤੇ ਫ਼ਿਰਕਾਪ੍ਰਸਤਾਂ ਦੇ ਖ਼ਿਲਾਫ਼ 'ਸ੍ਰੀ ਸਾਹਿਬ' (ਜਾਂ ਏ.ਕੇ.

WWW.SIKHBOOKCLUB.COM

ਸੰਤਾਲੀ) ਲੈ ਕੇ ਨਹੀਂ ਉੱਠਿਆ ਵਰਨਾ ਪੰਜਾਬ ਦਾ ਨਕਸ਼ਾ ਉਦੋਂ ਹੀ ਬਦਲ ਗਿਆ ਹੁੰਦਾ।

ਅਕਾਲੀ ਦਲ ਨੇ 11 ਅਗਸਤ 1957 ਨੂੰ ਦਰਬਾਰ ਸਾਹਿਬ ਦੀ ਬੇਅਦਬੀ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਲਈ 12 ਦਿਨ ਲਗਾਤਾਰ ਰੋਸ ਮਨਾਉਣ ਦੀ ਅਪੀਲ ਕੀਤੀ। ਇਸੇ ਤਰ੍ਹਾਂ ਹਿੰਦੂਆਂ ਵਲੋਂ ਬੋਲੀ ਦਾ ਮਸਲਾ ਫੇਰ ਸ਼ੁਰੂ ਕਰਨ 'ਤੇ 22 ਅਗਸਤ ਨੂੰ ਹੜਤਾਲ ਕੀਤੀ ਗਈ। ਇਨ੍ਹਾਂ ਦਿਨਾਂ ਵਿਚ ਗੋਪੀ ਚੰਦ ਭਾਰਗੋ ਨੇ ਕਈ ਵਾਰ ਬੋਲੀ ਬਾਰੇ ਮਸ਼ਵਰੇ ਸ਼ੁਰੂ ਕੀਤੇ ਅਤੇ ਮਾਸਟਰ ਤਾਰਾ ਸਿੰਘ ਨੂੰ ਮਿਲਣਾ ਚਾਹਿਆ ਪਰ ਮਾਸਟਰ ਜੀ ਨੇ ਬੋਲੀ ਦੇ ਬਾਰੇ ਵਿਚ ਉਸ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਗੋਲਮੇਜ਼ ਕਾਨਫ਼ਰੰਸ ਦੀਆਂ ਗੱਲਾਂ ਵੀ ਆਪਣੀ ਮੌਤੇ ਆਪ ਮਰ ਗਈਆਂ।

ਅਕਾਲੀ ਦਲ ਨੇ ਰਿਜਨਲ ਫ਼ਾਰਮੂਲੇ ਵਿਚ ਕੋਈ ਵੀ ਤਬਦੀਲੀ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਗੋਲਮੇਜ਼ ਕਾਨਫ਼ਰੰਸ ਦੀਆਂ ਗੱਲਾਂ ਵੀ ਚਲਾਈਆਂ ਪਰ ਛੇਤੀ ਹੀ ਮੁਕ ਗਈਆਂ। ਨਹਿਰੂ ਨੇ ਵੀ ਇਸ ਬਾਰੇ ਕੋਈ ਮੁਆਮਲਾ ਛੇੜਨ ਤੋਂ ਇਨਕਾਰ ਕਰ ਦਿੱਤਾ। **ਰਾਜ ਗੋਪਾਲ ਅਚਾਰੀਆ ਨੇ ਇਸ ਹਾਲਤ ਨੂੰ ਵੇਖ ਕੇ ਆਖਿਆ ਕਿ ਹੁਣ ਹਿੰਦੀ ਨੂੰ ਲਿੰਕ ਜ਼ਬਾਨ ਮੰਨਣ ਬਾਰੇ ਮੁੜ ਵਿਚਾਰ ਕਰਨੀ ਚਾਹੀਦੀ ਹੈ।** ਮਦਰਾਸ ਦੇ 34 ਹੋਰ ਲੀਡਰਾਂ ਨੇ ਵੀ ਇਸ ਬਾਰੇ ਬਿਆਨ ਦਿੱਤਾ। ਮਾਸਟਰ ਤਾਰਾ ਸਿੰਘ ਨੇ ਕਿਹਾ ਕਿ 'ਜੇ ਰਿਜਨਲ ਫ਼ਾਰਮੂਲਾ ਤੋੜਿਆ ਗਿਆ ਤਾਂ ਸਿੱਖ ਪੰਜਾਬੀ ਸੂਬਾ ਮੰਗਣਗੇ।'

16-17 ਨਵੰਬਰ 1957 ਨੂੰ ਅਕਾਲੀ ਦਲ 11ਵੀਂ ਕਾਨਫ਼ਰੰਸ ਬਠਿੰਡਾ ਵਿਚ ਹੋਈ। 'ਸੇਵਾ ਸਿੰਘ ਠੀਕਰੀ ਵਾਲਾ ਨਗਰ' ਦੇ ਵੱਡੇ ਪੰਡਾਲ ਵਿਚ ਇਕ ਲੱਖ ਤੋਂ ਵਧ ਸਿੱਖ ਇਕੱਠੇ ਹੋਏ। ਪਹਿਲੇ ਦਿਨ ਜਲੂਸ ਦੀ ਅਗਵਾਈ ਮਾਸਟਰ ਤਾਰਾ ਸਿੰਘ, ਸੰਪੂਰਨ ਸਿੰਘ ਰਾਮਾ ਤੇ ਫ਼ਤਹਿ ਸਿੰਘ ਗੰਗਾਨਗਰ ਕਰ ਰਹੇ ਸਨ। ਇਸ ਸਮਾਗਮ ਵਿਚ ਪੁਰਾਣੇ ਆਗੂਆਂ (ਜੋ ਲਾਲਚਾਂ ਕਰ ਕੇ ਕਾਂਗਰਸ ਦੀ ਝੋਲੀ ਵਿਚ ਪੈ ਚੁਕੇ ਸਨ) ਦੀ ਥਾਂ ਨਵੇਂ ਆਗੂ ਸਾਹਮਣੇ ਆਏ। ਇਸ ਕਾਨਫ਼ਰੰਸ ਨੇ ਰਿਜਨਲ ਫ਼ਾਰਮੂਲੇ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਮੰਗ ਕੀਤੀ।

ਇਨ੍ਹਾਂ ਦਿਨਾਂ ਵਿਚ ਹਿੰਦੀ ਐਜੀਟੇਸ਼ਨ ਵੀ ਆਖ਼ਰੀ ਸਾਹਾਂ 'ਤੇ ਆ ਪਹੁੰਚੀ ਸੀ। ਅਖ਼ੀਰ 23 ਦਸੰਬਰ 1957 ਨੂੰ ਇਹ ਐਜੀਟਸ਼ਨ ਵਾਪਸ ਲੈ ਲਈ ਗਈ। ਹਿੰਦੀ ਐਜੀਟੇਸ਼ਨ ਅਸਲ ਵਿਚ ਸਿੱਖਾਂ ਨੂੰ ਹਿੰਦੂਆਂ ਦੇ ਅਗਲੇ ਆਉਣ ਵਾਲੇ ਹਮਲੇ ਦਾ ਇਸ਼ਾਰਾ ਸੀ; ਪੰਜਾਬੀ ਸੂਬਾ ਦੇ ਵਿਰੋਧ, ਧਰਮ ਨਿਰਪੱਖਤਾ ਤੇ ਨੈਸ਼ਨਲਿਜ਼ਮ ਦੇ ਨਾਅਰਿਆਂ ਵਗ਼ੈਰਾ ਦੇ ਬੁਰਕੇ ਹੇਠਾਂ ਪਲ ਰਿਹਾ ਸੀ। ਹਿੰਦੀ ਐਜੀਟੇਸ਼ਨ ਸਿਰਫ਼ ਪੰਜਾਬੀ ਜਾਂ ਪੰਜਾਬੀ ਸੂਬਾ ਜਾਂ ਗੁਰਮੁਖੀ ਹੀ ਨਹੀਂ ਸਗੋਂ ਗ਼ੈਰ-ਹਿੰਦੂਆਂ ਦੇ ਖ਼ਿਲਾਫ਼ ਨਫ਼ਰਤ ਦਾ ਐਲਾਨ ਨਾਮਾ ਸੀ।

ਸਿੱਖਾਂ ਦੇ ਖ਼ਿਲਾਫ਼ ਉਨ੍ਹਾਂ ਦਿਨਾਂ ਵਿਚ ਹੇਠ ਲਿਖੀਆਂ ਘਟਨਾਵਾਂ ਵੀ ਹੋਈਆਂ:

1. 17 ਜੁਲਾਈ ਨੂੰ ਦਰਬਾਰ ਸਾਹਿਬ 'ਚ ਸਿਗਰਟਾਂ ਸੁਟੀਆਂ ਗਈਆਂ।
2. 31-7-57 ਨੂੰ ਬਲਦੇਵ ਰਾਜ ਨਾਂ ਦੇ ਇਕ ਹਿੰਦੂ ਨੇ ਇਕ ਅਜੀਤ

WWW.SIKHBOOKCLUB.COM

ਸਿੰਘ ਦੇ ਵਾਲੇ ਕੱਟੇ (ਬਲਦੇਵ ਰਾਜ ਨੂੰ ਸਿਰਫ਼ ਇਕ ਸਾਲ ਦੀ ਨੇਕ ਚਲਣੀ ਦੀ ਜ਼ਮਾਨਤ ਲੈ ਕੇ ਛੱਡ ਦਿੱਤਾ ਗਿਆ)।

3. 1-8-1957 ਨੂੰ ਅੰਮ੍ਰਿਤਸਰ ਵਿਚ ਲਛਮਨਸਰ ਚੌਂਕ ਤੋਂ ਚਾਟੀ ਵਿੰਡ ਤਕ ਸੁਖਮਨੀ ਸਾਹਿਬ ਦਾ ਗੁਟਕਾ ਟੁਕੜੇ-ਟੁਕੜੇ ਕਰ ਕੇ ਖਲੇਰਿਆ ਗਿਆ।

4. ਇਸੇ ਦਿਨ ਗੁਰਚਬਚਨ ਸਿੰਘ ਕੁਲਦੀਪ ਸਿੰਘ ਕਲਾਥ ਸਟੋਰ ਪਟਿਆਲਾ ਨੂੰ ਡਾਕ ਰਾਹੀਂ ਸਿਗਰਟਾਂ ਭੇਜਿਆਂ ਗਈਆਂ।

5. 3 ਅਗਸਤ ਨੂੰ ਠਾਕੁਰ ਦਾਸ ਨੂੰ ਚੌਂਕ ਬਾਬਾ ਸਾਹਿਬ ਅੰਮ੍ਰਿਤਸਰ ਵਿਚ ਪੰਜਾਬੀ ਦੀ ਪਲੇਟ ਮਿਟਾਂਦਾ ਫੜਿਆ ਗਿਆ। ਉਸ ਨੇ ਮੰਨਿਆ ਕਿ ਜਨਸੰਘੀ ਨੇਤਾ ਪ੍ਰੇਮ ਨਾਥ ਨੇ ਉਸ ਨੂੰ ਅਜਿਹਾ ਕਰਨ ਵਾਸਤੇ ਕਿਹਾ ਸੀ।

6. 5 ਅਗਸਤ ਨੂੰ ਅਰਜਨ ਸਿੰਘ (ਬਾਲਮੀਕੀ ਗੇਟ, ਜਲੰਧਰ) ਦੇ ਵਾਲ ਕੱਟੇ ਗਏ।

7. 16 ਅਗਸਤ ਨੂੰ ਗੁਰਦੁਆਰਾ ਸੇਵਕ ਜਥਾ ਪਟਿਆਲਾ ਵਿਚ ਸਿਗਰਟਾਂ ਸੁਟੀਆਂ ਗਈਆਂ।

8. 25 ਅਗਸਤ ਨੂੰ ਧਰਮ ਪਾਲ ਮਿਉਂਸਪਲ ਕਮਿਸ਼ਨਰ ਅੰਮ੍ਰਿਤਸਰ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੰਦੀਆਂ ਗਾਹਲਾਂ ਕੱਢੀਆਂ।

9. 13 ਸਤੰਬਰ ਨੂੰ ਹਿਸਾਰ ਦੇ ਗੁਰਦੁਆਰਾ ਸਿੰਘ ਸਭਾ 'ਚ ਸਿਗਰਟਾਂ ਸੁਟੀਆਂ ਗਈਆਂ।

10. 26 ਸਤੰਬਰ ਨੂੰ ਇਕ ਰਵੇਲ ਸਿੰਘ ਦੇ ਸਿਰ ਉਪਰ ਨੰਦੀ ਨਾਂ ਦੇ ਇਕ ਹਿੰਦੂ ਨੇ ਬਲਦੀ ਸਿਗਰਟ ਸੁੱਟੀ।

11. 9 ਨਵੰਬਰ ਨੂੰ ਬਟਾਲੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਾੜਿਆ ਗਿਆ।

12. 9 ਨਵੰਬਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਤਰੇ ਪਾੜ ਕੇ ਬਠਿੰਡੇ ਦੇ ਇਕ ਗੁਰਦੁਆਰੇ ਵਿਚ ਸੁੱਟੇ ਗਏ।

13. 16 ਨਵੰਬਰ 1957 ਨੂੰ ਚੰਡੀਗੜ੍ਹ ਦੇ ਇਕ ਗੁਰਦੁਆਰੇ ਵਿਚ ਬੰਬ ਰੱਖਿਆ ਗਿਆ।

14. ਦਸੰਬਰ ਸ਼ੁਰੂ ਵਿਚ ਦਰਬਾਰ ਸਾਹਿਬ ਸਰੋਵਰ 'ਚ ਸਿਗਰਟਾਂ ਸੁਟੀਆਂ ਗਈਆਂ ਤੇ ਇਕ ਪੋਸਟਰ 'ਚ ਧਮਕੀ ਦਿੱਤੀ ਕਿ 'ਹਰ ਮਹੀਨੇ ਸੁੱਟਾਂਗੇ।'

15. 30-31 ਦਸੰਬਰ 1957 ਦੀ ਰਾਤ ਮਾਸਟਰ ਤਾਰਾ ਸਿੰਘ ਦੇ ਘਰ ਬਾਹਰ ਇਕ ਜੱਗ 'ਚ ਗੁਟਕੇ ਦੇ ਟੁਕੜੇ ਪਾਣੀ ਵਿਚ ਤੰਬਾਕੂ ਮਿਲਾ ਕੇ ਲਟਕਾ ਦਿੱਤਾ।

16. ਦਿੱਲੀ (ਬੰਗਲਾ ਸਾਹਿਬ) ਅਤੇ ਦੁਖ ਨਿਵਾਰਨ (ਪਟਿਆਲਾ) 'ਚ ਵੀ ਸਿਗਰਟਾਂ ਸੁੱਟੀਆਂ ਗਈਆਂ।

17. ਸੀਸ ਗੰਜ ਦਿੱਲੀ 'ਤੇ ਰੋੜੇ, ਇੱਟਾਂ ਤੇ ਜੁੱਤੀਆਂ ਸੁੱਟੀਆਂ ਗਈਆਂ।

ਇਨ੍ਹਾਂ ਕਾਰਵਾਈਆਂ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਹਿੰਦੀ ਐਜੀਟੇਸ਼ਨ ਜਨਸੰਘੀਆਂ ਤੇ ਆਰੀਆ ਸਮਾਜੀਆਂ ਦੀ ਸਿਰਫ਼ ਤੇ ਸਿਰਫ਼ ਸਿੱਖਾਂ ਦੇ ਖ਼ਿਲਾਫ਼ ਦਹਿਸ਼ਤਗਰਦੀ ਦੀ ਇਕ ਕਾਰਵਾਈ ਹੀ ਸੀ ਨਾ ਕਿ ਪੰਜਾਬੀ ਜਾਂ ਗੁਰਮੁਖੀ ਦੇ

WWW.SIKHBOOKCLUB.COM

ਖ਼ਿਲਾਫ਼। ਗੁਰਦੁਆਰਿਆਂ ਦੀ ਬੇਹੁਰਮਤੀ ਕੀਤੇ ਜਾਣ ਦੀਆਂ ਹਰਕਤਾਂ ਵਿਰੁਧ ਰੋਸ ਜ਼ਾਹਿਰ ਕਰਨ ਵਾਸਤੇ 2 ਫ਼ਰਵਰੀ 1958 ਦੇ ਦਿਨ ਦਿੱਲੀ 'ਚ ਸ਼੍ਰੋਮਣੀ ਅਕਾਲੀ ਦਲ ਨੇ ਇਕ ਵੱਡਾ ਰੋਸ ਜਲੂਸ ਕੱਢਿਆ। ਇਹ ਜਲੂਸ ਪਰੇਡ ਗਰਾਉਂਡ ਤੋਂ ਬੰਗਲਾ ਸਾਹਿਬ ਤਕ ਪੰਜ ਮੀਲ ਲੰਬਾ ਜਲੂਸ ਸੀ। ਇਸ ਵਿਚ 2 ਲੱਖ ਸਿੱਖ ਸ਼ਾਮਿਲ ਸਨ। ਉੱਥੇ ਹੀ ਰਾਤ ਨੂੰ ਇਕ ਜਲਸਾ ਵੀ ਹੋਇਆ ਜਿਸ ਵਿਚ 4-5 ਲੱਖ ਸਿੱਖ ਪਹੁੰਚੇ। ਜਲਸੇ ਨੇ ਪੰਜਾਬ ਸਰਕਾਰ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਹਿੰਦੂ ਦਹਿਸ਼ਤਗਰਦਾਂ ਦੇ ਖ਼ਿਲਾਫ਼ ਪੰਜਾਬ ਸਰਕਾਰ ਦਾ ਰੋਲ ਬਹੁਤ ਘਟੀਆ ਰਿਹਾ ਹੈ। ਇਕ ਮਤੇ ਰਾਹੀਂ ਮੰਗ ਕੀਤੀ ਕਿ ਜੇ ਸਰਕਾਰ ਨੇ ਗੁੰਡਾ ਹਿੰਦੂ ਅਨਸਰ ਨੂੰ ਨੱਥ ਨਾ ਪਾਈ ਤਾਂ ਪੰਜਾਬ ਵਿਚ ਸ਼ਾਂਤੀ ਨਹੀਂ ਰਹਿ ਸਕੇਗੀ।

ਇਸ ਜਲੂਸ ਦੀ ਸਭ ਤੋਂ ਵੱਡੀ ਅਜੀਬ ਗਲ ਇਹ ਸੀ ਕਿ ਆਲ ਇੰਡੀਆ ਰੇਡੀਓ ਨੇ ਏਨੇ ਵੱਡੇ ਜਲੂਸ ਦੀ ਖ਼ਬਰ ਤੱਕ ਨਹੀਂ ਦਿੱਤੀ ਸੀ। ਸਰਕਾਰੀ ਮੀਡੀਏ ਦੇ ਇਸ ਰੋਲ ਤੋਂ ਜ਼ਾਹਿਰ ਹੁੰਦਾ ਹੈ ਕਿ ਹਿੰਦੂ ਦਹਿਸ਼ਤਗਰਦਾਂ ਦੇ ਸਿੱਖਾਂ ਦੇ ਖ਼ਿਲਾਫ਼ 'ਜਹਾਦ' ਨੂੰ ਪੂਰੀ ਸਰਕਾਰੀ ਹਮਦਰਦੀ ਤੇ ਮਦਦ ਹਾਸਿਲ ਸੀ।

8 ਜਨਵਰੀ 1958 ਨੂੰ ਯਾਦਵਿੰਦਰ ਸਿੰਘ (ਪਟਿਆਲਾ ਦੇ ਸਾਬਕ ਰਾਜੇ) ਨੇ ਇਕ ਬਿਆਨ ਵਿਚ ਕਿਹਾ ਕਿ ਗੁਰਦੁਆਰੇ ਸਿਆਸੀ ਕਾਰਜਾਂ ਵਾਸਤੇ ਨਹੀਂ ਹਨ। ਇਹ ਉਹੀ ਬੋਲੀ ਸੀ ਜੋ ਕਾਂਗਰਸੀ ਹਿੰਦੂ ਅਤੇ ਜਨਸੰਘੀ ਬੋਲਦੇ ਸਨ। ਬੇਹੁਰਮਤੀ ਦੀਆਂ ਏਨੀਆਂ ਘਟਨਾਵਾਂ ਦੇ ਬਾਵਜੂਦ ਉਲਟਾ ਅਕਾਲੀ ਦਲ ਅਤੇ ਪੰਜਾਬੀ ਸੂਬੇ ਦੇ ਖ਼ਿਲਾਫ਼ ਹੀ ਬੋਲਿਆ ਰਿਹਾ ਸੀ। ਇਸ ਮਸਲੇ 'ਤੇ ਕਾਂਗਰਸ 'ਚ ਬੈਠੇ ਸਿੱਖ ਬੇਗ਼ੈਰਤਾਂ ਵਾਂਗ ਫ਼ਿਰਕੂ ਹਿੰਦੂਆਂ ਦੀ ਪੂਰੀ ਪਿੱਠ ਠੋਕ ਰਹੇ ਸਨ। ਉਨ੍ਹਾਂ ਨੂੰ ਗੁਰਦੁਆਰਿਆਂ ਅਤੇ ਗੁਰੂਆਂ ਦੇ ਬੇਹੁਰਮਤੀ 'ਤੇ ਵੀ ਸ਼ਰਮ ਨਹੀਂ ਸੀ ਆ ਰਹੀ।

ਇਸ ਹਾਲਤ ਵਿਚ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਗੁਰਦੁਆਰਿਆਂ ਦਾ ਅਦਬ ਕਾਇਮ ਰਖਣ ਵਾਸਤੇ 'ਸ਼ਹੀਦੀ ਦਲ' ਬਣਾਇਆ ਜਾਏਗਾ। 14 ਜਨਵਰੀ ਨੂੰ ਮੋਗਾ ਵਿਚ ਗਿਆਨ ਸਿੰਘ ਰਾੜੇਵਾਲੇ ਨੇ ਬੋਲਦਿਆਂ ਕਿਹਾ ਕਿ ''ਮਾਸਟਰ ਤਾਰਾ ਸਿੰਘ ਸਿੱਖਾਂ ਨੂੰ ਕੁਰਾਹੇ ਪਾ ਰਿਹਾ ਹੈ। ਸਿੱਖਾਂ ਨੂੰ ਸ਼ਹੀਦੀ ਦਲ ਦੀ ਕੋਈ ਲੋੜ ਨਹੀਂ। ਮਾਸਟਰ ਤਾਰਾ ਸਿੰਘ ਨਾਕਾਬਲ ਇੰਤਜ਼ਾਮੀਆ ਹੈ। ਉਸ ਦੇ ਨਿਜ਼ਾਮ ਵਿਚ ਪਵਿੱਤਰਤਾ ਭੰਗ ਕਰਨ ਦੀਆਂ ਬਹੁਤ ਹੀ ਜ਼ਿਆਦਾ ਘਟਨਾਵਾਂ ਹੋਈਆਂ ਹਨ।'' ਇਹੋ ਜਿਹੇ ਬਿਆਨ ਇਹ ''ਕਾਂਗਰਸੀ ਸਿੱਖ'' ਦੇ ਰਹੇ ਸਨ ਅਤੇ ਆਪਣੇ 'ਮਾਲਕਾਂ' ਨੂੰ ਖ਼ੁਸ਼ ਕਰ ਰਹੇ ਸਨ। ਇਹ ਸੀ ਕਿਰਦਾਰ ਇਨ੍ਹਾਂ ਬੇਜ਼ਮੀਰੇ ਤੇ ਬੇਗ਼ੈਰਤ ਖ਼ੁਦਗਰਜ਼ ਸਿੱਖਾਂ ਦਾ!

ਇਨ੍ਹਾਂ ਦਿਨਾਂ ਵਿਚ ਹੀ ਰਾੜੇਵਾਲੇ ਦੇ ਬਾਕੀ ਸਾਥੀਆਂ ਨੇ ਮਿਲ ਕੇ ਇਕ ਨਵਾਂ ਦਲ ਖੜਾ ਕੀਤਾ। **ਨਿਊ ਮਾਲਵਾ ਅਕਾਲੀ ਦਲ** ਦੇ ਨਾਂ ਹੇਠਾਂ 29 ਜਨਵਰੀ 1958 ਦੇ ਦਿਨ ਪਟਿਆਲੇ 'ਚ ਇਹ ਜਥੇਬੰਦੀ ਖੜੀ ਕੀਤੀ। ਇਸ ਦਾ ਪ੍ਰਧਾਨ ਜਗੀਰ ਸਿੰਘ ਫੱਗੂਵਾਲੀਆ, ਮੀਤ ਪ੍ਰਧਾਨ ਇਕਬਾਲ ਸਿੰਘ ਅਤੇ ਬਾਵਾ ਭਾਗ ਸਿੰਘ, ਜਨਰਲ ਸਕੱਤਰ ਗੋਪਾਲ ਸਿੰਘ ਖਾਲਸਾ ਤੇ ਤੇਜਾ ਸਿੰਘ ਐਡਵੋਕੇਟ ਬਣੇ। ਇਸ ਨਵੇਂ ਦਲ ਦੀ

WWW.SIKHBOOKCLUB.COM

ਐਗਜੈਕਟਿਵ ਦੇ ਮੈਂਬਰ ਸਨ: ਪ੍ਰੀਤਮ ਸਿੰਘ ਖੁੰਡਜ, ਪ੍ਰੀਤਮ ਸਿੰਘ ਗੋਜਰਾਂ, ਭੁਪਿੰਦਰ ਸਿੰਘ ਮਾਨ, ਮੰਗਲ ਸਿੰਘ, ਕਰਤਾਰ ਸਿੰਘ ਦੀਵਾਨਾ, ਪ੍ਰੀਤਮ ਸਿੰਘ ਸੇਖੋਂ, ਮੀਹਾਂ ਸਿੰਘ ਗਿੱਲ, ਗਿਆਨੀ ਹਰੀ ਸਿੰਘ ਵਗ਼ੈਰਾ। ਇਹ ਜਥੇਬੰਦੀ ਸਿਰਫ਼ ਅਕਾਲੀ ਦਲ ਨੂੰ ਢਾਹ ਲਾਉਣ ਵਾਸਤੇ ਬਣਾਈ ਗਈ ਸੀ। ਇਸ ਦਾ ਹੋਰ ਕੁਝ ਵੀ ਮਕਸਦ ਨਹੀਂ ਸੀ। ਉਂਵ ਨਹਿਰੂ ਦੇ ਇਨ੍ਹਾਂ ਖ਼ੁਸ਼ਾਮਦੀਆਂ ਦੀ ਸਿੱਖਾਂ ਵਿਚ ਕੋਈ ਥਾਂ ਨਹੀਂ ਸੀ।

ਇਨ੍ਹਾਂ ਦਿਨਾਂ ਵਿਚ ਇਕ ਘਟਨਾ ਹੋਰ ਵਾਪਰ ਗਈ। ਜਲੰਧਰ ਵਿਚ 8 ਫ਼ਰਵਰੀ 1958 ਨੂੰ ਮਹਾਂ ਪੰਜਾਬ ਦੇ ਹੱਕ ਵਿਚ ਇਕ ਜਲੂਸ ਨਿਕਲਿਆ। ਜਲੂਸ ਨੇ ਅੱਡਾ ਹੁਸ਼ਿਆਰਪੁਰ ਦੇ ਨੇੜੇ ਸਿੰਘ ਸਭਾ ਗੁਰਦੁਆਰੇ ਦੇ ਬਾਹਰ ਕਾਬਲੇ-ਇਤਰਾਜ਼ ਨਾਅਰੇ ਲਾਏ। ਗੁਰਦੁਆਰੇ ਦੇ ਬਾਹਰ ਦੀਆਂ ਦੁਕਾਨਾਂ ਲੁੱਟ ਕੇ ਸਾੜ ਦਿੱਤੀਆਂ ਤੇ ਪਥਰਾਓ ਕੀਤਾ। ਪੁਲਿਸ ਨੂੰ ਮਜਬੂਰਨ ਟੀਅਰ ਗੈਸ ਛਡਣੀ ਅਤੇ ਗੋਲੀ ਚਲਾਣੀ ਪਈ ਜਿਸ ਨਾਲ 2 ਆਦਮੀ ਮਰ ਗਏ। ਇਸ ਮੌਕੇ 'ਤੇ 9 ਸਿਪਾਹੀਆਂ ਸਮੇਤ 28 ਬੰਦੇ ਜ਼ਖ਼ਮੀ ਹੋ ਗਏ। ਜਸਟਿਸ ਖੋਸਲਾ ਨੇ ਮਗਰੋਂ ਇਸ ਦੀ ਪੜਤਾਲ ਕੀਤੀ। ਰਿਪੋਰਟ ਵਿਚ ਉਸ ਨੇ ਲਿਖਿਆ ਕਿ ਲਾਲ ਚੰਦ ਸਭਰਵਾਲ, ਲਾਲਾ ਜਗਤ ਨਰਾਇਣ, ਵੀਰੇਂਦਰ ਤੇ ਸ਼ੇਰ ਸਿੰਹ ਨੇ ਝੂਠੇ ਬਿਆਨ ਦਿੱਤੇ। ਇਹ ਸਾਰਾ ਕੁਝ ਜਨਸੰਘੀਆਂ ਅਤੇ ਆਰੀਆ ਸਮਾਜੀਆਂ ਦੀ ਸੋਚੀ ਸਮਝੀ ਸ਼ਰਾਰਤ ਸੀ। ਪਰ, ਬਗ਼ੈਰਤ ਕਾਂਗਰਸੀ-ਸਿੱਖ, ਇਸ ਦੇ ਬਾਵਜੂਦ ਵੀ, ਹਿੰਦੂਆਂ ਦੀ ਥਾਂ ਅਕਾਲੀਆਂ ਨੂੰ ਫ਼ਿਰਕਾਪ੍ਰਸਤ ਦਸਦੇ ਰਹੇ।

ਜਲੰਧਰ 'ਚ ਗੁਰਦੁਆਰੇ 'ਤੇ ਹਮਲੇ ਦੇ ਸਬੰਧ ਵਿਚ 12 ਫ਼ਰਵਰੀ 1958 ਨੂੰ ਅਕਾਲੀ ਦਲ ਨੇ ਇਕ ਮਤਾ ਪਾਸ ਕਰ ਕੇ ਸਰਕਾਰ ਤੇ ਦੋਸ਼ ਲਾਇਆ ਕਿ ਸਰਕਾਰ ਗੁਰਦੁਆਰਿਆਂ ਦੀ ਰੱਖਿਆ ਕਰਨ ਵਿਚ ਨਾਕਾਮਯਾਬ ਹੋਈ ਹੈ। ਬਹੁਤੇ ਕਾਂਗਰਸੀ ਆਰੀਆ ਸਮਾਜੀ ਹਨ। ਇਨ੍ਹਾਂ ਨੂੰ ਸਿੱਖ-ਫ਼ੋਬੀਆ ਹੈ। ਅਸਲ ਵਿਚ ਇਹ ਕਾਂਗਰਸੀ ਲੇਬਲ ਵਿਚ ਜਨਸੰਘੀ ਹੀ ਹਨ।

17 ਮਈ 1958 ਦੇ ਦਿਨ ਦਿੱਲੀ ਸੂਬਾ ਅਕਾਲੀ ਦਲ ਦੀ ਚੋਣ ਹੋਈ। ਇਸ ਵਿਚ 111 ਡੈਲੀਗੇਟ ਪਹੁੰਚੇ। ਰਛਪਾਲ ਸਿੰਘ ਜਥੇਦਾਰ ਸੰਤੋਖ ਸਿੰਘ ਨੂੰ 53 ਦੇ ਬਦਲੇ 58 ਵੋਟਾਂ 'ਤੇ ਹਰਾ ਕੇ ਕਾਮਯਾਬ ਹੋਇਆ। ਰਛਪਾਲ ਸਿੰਘ ਨੇ ਫਿਰ ਪੰਜਾਬੀ ਸੂਬੇ ਦਾ ਮਾਮਲਾ ਛੇੜ ਦਿੱਤਾ। ਮਾਸਟਰ ਤਾਰਾ ਸਿੰਘ ਨੇ ਵੀ 14 ਜੂਨ 1958 ਨੂੰ ਅੰਮ੍ਰਿਤਸਰ 'ਚ ਇਕ ਜਲਸੇ ਵਿਚ ਬੋਲਦਿਆਂ ਕਿਹਾ ਕਿ ਰਿਜਨਲ ਫ਼ਾਰਮੂਲੇ 'ਤੇ ਅਮਲ ਨਹੀਂ ਹੋ ਰਿਹਾ ਇਸ ਲਈ ਪੰਜਾਬੀ ਸੂਬੇ ਦੀ ਮੰਗ ਕਰਨੀ ਪਵੇਗੀ। ਇਨ੍ਹਾਂ ਦਿਨਾਂ ਵਿਚ ਹੀ 12 ਜੂਨ 1958 ਨੂੰ ਜਲੰਧਰ ਦੀ ਇਕ ਪ੍ਰੈਸ ਕਾਨਫ਼ਰੰਸ ਵਿਚ ਜਥੇਦਾਰ ਪ੍ਰੀਤਮ ਸਿੰਘ ਗੋਜਰਾਂ ਅਤੇ ਸਿਰਦਾਰ ਗੁਰਚਰਨ ਸਿੰਘ ਗਰੀਬ ਨੇ ਸਿੱਖ ਸਟੇਟ ਦੀ ਮੰਗ ਕੀਤੀ *(ਸਿਰਫ਼ ਪੰਜ ਮਹੀਨੇ ਪਹਿਲਾਂ ਹੀ ਪ੍ਰੀਤਮ ਸਿੰਘ ਗੋਜਰਾਂ ਨੇ ਅਕਾਲੀ ਦਲ ਦੇ ਖ਼ਿਲਾਫ਼ 'ਨਿਊ ਮਾਲਵਾ ਅਕਾਲੀ ਦਲ' ਬਣਾਉਣ ਵਿਚ ਰੋਲ ਅਦਾ ਕੀਤਾ ਸੀ)।* 15 ਜੂਨ ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਵੀ ਕਿਹਾ ਕਿ

WWW.SIKHBOOKCLUB.COM

ਰਿਜਨਲ ਫ਼ਾਰਮੂਲੇ 'ਤੇ ਅਮਲ ਨਹੀਂ ਹੋ ਰਿਹਾ। ਜੁਲਾਈ ਵਿਚ ਬਟਾਲੇ ਦੀ ਅਕਾਲੀ ਕਾਨਫ਼ਰੰਸ ਵਿਚ ਤਾਂ ਹੁਕਮ ਸਿੰਘ ਨੇ ਵੀ ਇਕ ਬਿਆਨ ਵਿਚ ਕਿਹਾ ਕਿ ਰਿਜਨਲ ਫ਼ਾਰਮੂਲੇ 'ਤੇ ਠੀਕ ਅਮਲ ਨਹੀਂ ਹੋ ਰਿਹਾ।

29 ਅਗਸਤ 1958 ਨੂੰ ਬਾਬੇ ਬਕਾਲੇ ਅਕਾਲੀ ਕਾਨਫ਼ਰੰਸ ਨੇ ਬੋਲੀ ਦੀ ਬਿਨਾਅ 'ਤੇ ਪੰਜਾਬੀ ਸੂਬਾ, ਮਹਾਂਰਾਸ਼ਟਰ ਅਤੇ ਗੁਜਰਾਤ ਸੂਬੇ ਬਣਾਉਣ ਦੀ ਮੰਗ ਕੀਤੀ। 15 ਸਤੰਬਰ 1958 ਨੂੰ ਹਰਿਆਣੇ ਦੇ ਪ੍ਰੋ: ਸ਼ੇਰ ਸਿੰਘ ਨੇ ਵੀ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ। 16 ਸਤੰਬਰ 1958 ਨੂੰ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਰਛਪਾਲ ਸਿੰਘ ਨੇ ਧਮਕੀ ਦਿੱਤੀ ਕਿ ਹੁਣ ਸਿੱਖਾਂ ਨੂੰ ਪੰਜਾਬੀ ਸੂਬੇ ਦਾ ਮੁਹਾਜ਼ ਖੋਲ੍ਹਣਾ ਹੀ ਪਵੇਗਾ। 12 ਅਕਤੂਬਰ 1958 ਨੂੰ ਦਲ ਦੇ ਮੀਤ ਪ੍ਰਧਾਨ ਫ਼ਤਹਿ ਸਿੰਘ ਗੰਗਾਨਗਰ ਨੇ ਵੀ ਪੰਜਾਬੀ ਸੂਬੇ ਦੀ ਮੰਗ ਦੁਹਰਾਈ।

ਇੰਞ ਪੰਜਾਬੀ ਸੂਬੇ ਦੀ ਮੰਗ ਮੁੜ ਸ਼ੁਰੂ ਹੋ ਗਈ। ਹਰ ਪਾਸੇ ਤੋਂ ਪੰਜਾਬੀ ਸੂਬੇ ਦੀ ਮੰਗ ਨੂੰ ਉਤਸ਼ਾਹ ਮਿਲਣ ਲੱਗ ਪਿਆ ਉਧਰ ਸਰਕਾਰ ਨੇ ਰਿਜਨਲ ਫ਼ਾਰਮੂਲੇ 'ਤੇ ਅਮਲ ਨਾ ਕਰਨਾ ਸੀ ਤੇ ਨਾ ਕੀਤਾ। ਹਿੰਦੂ-ਕਾਂਗਰਸੀ ਵੀ ਸਿੱਖਾਂ ਤਾਂ ਕੀਹ ਪੰਜਾਬੀ ਨੂੰ ਵੀ ਬਰਦਾਸ਼ਤ ਨਹੀਂ ਕਰ ਸਕਦੇ ਸਨ। ਕਾਂਗਰਸੀ ਹਕੂਮਤ ਵਿਚ ਹਿੱਸੇਦਾਰ ਬਣੇ ਸਾਬਕ ਅਕਾਲੀ ਵੀ ਕਦੇ ਪਸੰਦ ਨਹੀਂ ਸੀ ਕਰ ਸਕਦੇ ਕਿ ਉਨ੍ਹਾਂ ਦੀ ਗੱਦੀ ਖੋਹੀ ਜਾਵੇ। ਉਨ੍ਹਾਂ ਦੀ ਗੱਦੀ ਦੀ ਤਾਂ ਸ਼ਰਤ ਹੀ "ਹਰ ਗੱਲ ਵਿਚ ਅਕਾਲੀ ਦਲ ਦੀ ਮੁਖ਼ਾਲਫ਼ਤ ਕਰਨਾ" ਸੀ। ਇਸ ਲਈ ਹੁਣ ਜਦੋਂ ਪੰਜਾਬੀ ਸੂਬੇ ਦਾ ਮੈਦਾਨ ਮੁੜ ਗਰਮ ਹੋਣ ਲੱਗਾ ਤਾਂ ਇਨ੍ਹਾਂ ਕਾਂਗਰਸੀ ਸਿੱਖਾਂ ਨੇ ਵੀ ਪੰਜਾਬੀ ਸੂਬੇ ਦੀ ਫੇਰ ਮੁਖ਼ਾਲਫ਼ਤ ਕਰਨੀ ਸ਼ੁਰੂ ਕਰ ਦਿੱਤੀ।

ਸਰਕਾਰ ਨੇ ਮਾਸਟਰ ਤਾਰਾ ਸਿੰਘ ਤੋਂ ਸ਼੍ਰੋਮਣੀ ਕਮੇਟੀ ਖੋਹੀ

ਇਸ ਵੇਲੇ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ। 16 ਨਵੰਬਰ 1958 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸੀ। ਪ੍ਰਤਾਪ ਸਿੰਘ ਕੈਰੋਂ ਨੇ ਗਿਆਨੀ ਕਰਤਾਰ ਸਿੰਘ ਨੂੰ ਪੂਰੀ ਤਾਕਤ ਦੇ ਕੇ ਮਾਸਟਰ ਤਾਰਾ ਸਿੰਘ ਨੂੰ ਹਰਾਉਣ ਲਈ ਤਿਆਰ ਕੀਤਾ। ਗਿਆਨੀ ਕਰਤਾਰ ਸਿੰਘ ਅਜੇ ਅਕਾਲੀ ਦਲ ਦਾ ਮੈਂਬਰ ਵੀ ਸੀ। ਉਸ ਨੇ 10 ਨਵੰਬਰ ਨੂੰ ਵਜ਼ਾਰਤ ਤੋਂ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਹਰਾਉਣ ਵਾਸਤੇ ਸਾਰੀ ਤਾਕਤ ਵਰਤ ਦਿੱਤੀ। ਦਰਜਨਾਂ ਮੈਂਬਰਾਂ ਨੂੰ ਪੈਸੇ ਅਤੇ ਅਹੁਦੇ ਦੇ ਕੇ ਖ਼ਰੀਦ ਲਿਆ ਗਿਆ। ਇੰਞ ਉਹ 16 ਨਵੰਬਰ 1958 ਨੂੰ ਮਾਸਟਰ ਤਾਰਾ ਸਿੰਘ ਦੀਆਂ 74 ਵੋਟਾਂ ਦੇ ਮੁਕਾਬਲੇ ਪ੍ਰੇਮ ਸਿੰਘ ਲਾਲਪੁਰਾ ਨੂੰ 77 ਵੋਟਾਂ ਤੇ ਜਿਤਾਉਣ ਵਿਚ ਕਾਮਯਾਬ ਹੋ ਗਿਆ ਤੇ ਪ੍ਰਤਾਪ ਸਿੰਘ ਕੈਰੋਂ ਤੋਂ ਸ਼ਾਬਾਸ਼ ਹਾਸਿਲ ਕੀਤੀ। ਇਸ ਮੌਕੇ 'ਤੇ ਸਾਰੇ ਕਮਿਊਨਿਸਟਾਂ ਨੇ ਵੀ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਵੋਟਾਂ ਪਾਈਆਂ ਸਨ। ਪ੍ਰੇਮ ਸਿੰਘ ਲਾਲਪੁਰਾ ਨੇ ਆਪਣਾ ਪਹਿਲਾ ਬਿਆਨ ਪੰਜਾਬੀ ਸੂਬੇ ਦਾ ਵਿਰੋਧ ਕਰ ਕੇ ਅਤੇ ਮਾਸਟਰ ਤਾਰਾ ਸਿੰਘ ਨੂੰ ਫ਼ਿਰਕਾਪ੍ਰਸਤ ਆਖ ਕੇ ਦਿੱਤਾ।

WWW.SIKHBOOKCLUB.COM

ਮਾਸਟਰ ਤਾਰਾ ਸਿੰਘ ਦੀ ਹਾਰ ਦਾ ਮੁੱਖ ਕਾਰਨ ਸੀ ਕਾਂਗਰਸ ਤੇ ਕਮਿਊਨਿਸਟਾਂ ਦਾ ਗਠਜੋੜ ਅਤੇ ਸਰਕਾਰੀ ਮਸ਼ੀਨਰੀ ਦੀ ਅੰਨ੍ਹੀ ਵਰਤੋਂ। ਇਹ ਗੱਲ ਅਚਾਰੀਆ ਵਿਨੋਬਾ ਭਾਵੇ ਨੇ ਵੀ ਕਹੀ। ਅਚਾਰੀਆ ਵਿਨੋਬਾ ਭਾਵੇ ਨੇ ਇਕ ਬਿਆਨ 'ਚ ਕਿਹਾ ਕਿ ''ਮਾਸਟਰ ਤਾਰਾ ਸਿੰਘ ਸਿੱਖਾਂ ਵਿਚ ਆਰਕ ਬਿਸ਼ਪ ਵਾਲੀ ਥਾਂ ਰੱਖਦਾ ਹੈ। ਕਾਂਗਰਸ ਅਤੇ ਕਮਿਊਨਿਸਟਾਂ ਨੇ ਮਿਲ ਕੇ ਮਾਸਟਰ ਨੂੰ ਹਰਾਇਆ ਹੈ। ਜੇ ਕਮਿਊਨਿਸਟ ਗੁਰਦੁਆਰਾ ਕਮੇਟੀ ਛੱਡ ਜਾਣ ਤਾਂ ਝਗੜਾ ਮੁੱਕ ਸਕਦਾ ਹੈ।''

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਚੋਣ ਤੋਂ ਮਗਰੋਂ ਸਰਕਾਰ ਨੇ ਗੁਰਦੁਆਰਾ ਐਕਟ ਵਿਚ ਸੋਧ ਕੀਤੀ ਅਤੇ ਸ਼੍ਰੋਮਣੀ ਕਮੇਟੀ ਵਿਚ ਪੈਪਸੂ ਦੀਆਂ ਸੀਟਾਂ ਵਧਾ ਦਿਤੀਆਂ। 31 ਦਸੰਬਰ 1958 ਨੂੰ ਪੰਜਾਬੀ ਅਸੈਂਬਲੀ ਨੇ ਗੁਰਦੁਆਰਾ (ਸੋਧ) ਬਿਲ ਪਾਸ ਕਰ ਦਿੱਤਾ। ਇਸ ਵਿਰੁਧ ਮਾਸਟਰ ਤਾਰਾ ਸਿੰਘ ਨੇ ਐਜੀਟੇਸ਼ਨ ਦਾ ਐਲਾਨ ਕਰ ਦਿੱਤਾ। ਮਾਸਟਰ ਜੀ ਨੇ ਨਹਿਰੂ ਨੂੰ ਗੁਰਦੁਆਰਾ ਐਕਟ 'ਚ ਸੋਧ ਦੇ ਖ਼ਿਲਾਫ਼ ਮੈਮੋਰੰਡਮ ਵੀ ਦਿੱਤਾ। 5 ਜਨਵਰੀ 1959 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਕਾਂਗਰਸ ਨਾਲ 1956 ਵਾਲਾ ਸਮਝੌਤਾ ਪੂਰੀ ਤਰ੍ਹਾਂ ਤੋੜਨ ਦਾ ਮਤਾ ਪਾਸ ਕਰ ਦਿੱਤਾ। ਦਲ ਨੇ ਅਗਲੀਆਂ ਚੋਣਾਂ ਆਪਣੀਆਂ ਟਿਕਟਾਂ 'ਤੇ ਲੜਨ ਦਾ ਫ਼ੈਸਲਾ ਕੀਤਾ। ਮਾਸਟਰ ਤਾਰਾ ਸਿੰਘ ਨੂੰ 14 ਫ਼ਰਵਰੀ 1959 ਦੇ ਦਿਨ ਅਕਾਲੀ ਦਲ ਦਾ ਮੁੜ ਪ੍ਰਧਾਨ ਚੁਣ ਲਿਆ ਗਿਆ। ਪ੍ਰਧਾਨਗੀ ਚੋਣ ਮਗਰੋਂ ਗੁਰਦੁਆਰਾ ਐਕਟ ਵਿਚ ਸੋਧ ਦੇ ਸਵਾਲ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇ ਖ਼ਿਲਾਫ਼ ਪਰੋਟੈਸਟ ਵਜੋਂ ਅਕਾਲੀ ਦਲ ਨੇ 15 ਮਾਰਚ 1959 ਨੂੰ ਦਿੱਲੀ ਵਿਚ 'ਚੁਪ-ਜਲੂਸ' ਕੱਢਣ ਦਾ ਫ਼ੈਸਲਾ ਕੀਤਾ। ਇਸ 'ਤੇ 12 ਮਾਰਚ 1959 ਦੀ ਰਾਤ ਦੇ 12 ਵਜੇ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਧਰਮਸਾਲਾ ਜੇਲ੍ਹ ਭੇਜ ਦਿਤਾ। ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਵਿਰੁਧ ਰੋਸ ਵਜੋਂ ਪਟਿਆਲੇ ਅਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਅੱਧ-ਪਚੱਧੀ ਹੜਤਾਲ ਹੋਈ। ਇਸ ਤੋਂ ਅਗਲੇ ਦਿਨ ਹੀ ਕਿਹਰ ਸਿੰਘ ਵੈਰਾਗੀ, ਹਰਬੰਸ ਸਿੰਘ ਮਜੀਠਾ, ਗੁਰਚਰਨ ਸਿੰਘ ਗ਼ਰੀਬ, ਨਰਿੰਜਨ ਸਿੰਘ ਪ੍ਰਵਾਨਾ ਤੇ ਰਛਪਾਲ ਸਿੰਘ ਬੇਦੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜਾਬ ਅਸੈਂਬਲੀ ਵਿਚੋਂ ਅਕਾਲੀ ਮੈਂਬਰ ਆਤਮਾ ਸਿੰਘ, ਹਰਗੁਰਅਨਾਦ ਸਿੰਘ, ਊਧਮ ਸਿੰਘ, ਮਾਸਟਰ ਪ੍ਰਤਾਪ ਸਿੰਘ ਤੇ ਸਰੂਪ ਸਿੰਘ ਇਨ੍ਹਾਂ ਗ੍ਰਿਫ਼ਤਾਰੀਆਂ ਦੇ ਖ਼ਿਲਾਫ਼ ਵਾਕ ਆਊਟ ਕਰ ਕੇ ਆ ਗਏ।

ਇਨ੍ਹਾਂ ਗ੍ਰਿਫ਼ਤਾਰੀਆਂ ਦੇ ਬਾਵਜੂਦ ਰਛਪਾਲ ਸਿੰਘ ਨੇ ਐਲਾਨ ਕੀਤਾ ਕਿ ਦਿੱਲੀ ਵਿਚ 15 ਮਾਰਚ ਨੂੰ ਜਲੂਸ ਜ਼ਰੂਰ ਨਿਕਲੇਗਾ। 14 ਮਾਰਚ ਨੂੰ ਦੋ ਦਰਜਨ ਅਕਾਲੀ ਅੰਮ੍ਰਿਤਸਰ ਤੋਂ ਬੰਬਈ ਐਕਸਪਰੈਸ 'ਤੇ ਇਸ ਜਲੂਸ ਵਿਚ ਸ਼ਾਮਿਲ ਹੋਣ ਲਈ ਤੁਰੇ। ਅਗਲੇ ਦਿਨ ਲਾਲ ਕਿਲ੍ਹੇ ਤੋਂ ਰਕਾਬ ਗੰਜ ਤਕ ਸਿੱਖਾਂ 'ਚ ਸਤ ਮੀਲ ਲੰਬਾ ''ਚੁੱਪ ਜਲੂਸ'' ਨਿਕਲਿਆ। ਇਸ ਵਿਚ 3 ਲੱਖ ਤੋਂ ਵਧ ਸਿੱਖ ਸ਼ਾਮਲ ਸਨ। ਫਤਹਿ ਸਿੰਘ ਗੰਗਾਨਗਰ ਨੇ ਇਸ ਜਲੂਸ ਦੀ ਅਗਵਾਈ ਕੀਤੀ। ਗੋਪਾਲ ਸਿੰਘ ਕੌਮੀ ਨੇ

WWW.SIKHBOOKCLUB.COM

ਆਪਣੀ ਤਕਰੀਰ ਵਿਚ ਕਿਹਾ, ''ਸਿੱਖੋ ਮੋਰਚੇ ਲਈ ਤਿਆਰ ਹੋ ਜਾਵੋ। ਨਵਾਂ ਗੁਰਦਆਰਾ ਐਕਟ ਸਿੱਖ ਧਰਮ ਵਿਚ ਦਖ਼ਲ ਹੈ।''

ਇਸ ਜਲੂਸ ਦੀ ਸ਼ਾਨਦਾਰ ਕਾਮਯਾਬੀ ਤੋਂ ਇਕ ਵਾਰੀ ਫੇਰ ਮਾਸਟਰ ਤਾਰਾ ਸਿੰਘ 'ਤੇ ਸਿੱਖ ਕੌਮ ਦੇ ਯਕੀਨ ਦਾ ਇਜ਼ਹਾਰ ਹੋ ਗਿਆ ਇਸੇ ਦਿਨ 15 ਮਾਰਚ 1959 ਨੂੰ ਅਕਾਲੀ ਦਲ ਦੇ ਇਕ ਇਜਲਾਸ ਨੇ ਮਾਸਟਰ ਜੀ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ। ਅਖੀਰ ਕੈਰੋਂ ਨੇ 21 ਮਾਰਚ 1959 ਨੂੰ ਮਾਸਟਰ ਤਾਰਾ ਸਿੰਘ ਨੂੰ ਰਿਹਾ ਕਰ ਦਿੱਤਾ। ਮਾਸਟਰ ਤਾਰਾ ਸਿੰਘ ਨੇ ਗੁਰਦੁਆਰਿਆਂ 'ਚ ਸਰਕਾਰੀ ਦਖਲ ਵਾਸਤੇ ਵਿਚੋਲੇ ਤੋਂ ਫ਼ੈਸਲਾ ਕਰਵਾਉਣ ਦੀ ਪੇਸ਼ਕਸ਼ ਕੀਤੀ ਜੋ ਨਹਿਰੂ ਨੇ ਮਨਜ਼ੂਰ ਨਾ ਕੀਤੀ। 24 ਮਾਰਚ 1959 ਨੂੰ ਅਨੰਦਪੁਰ ਸਾਹਿਬ 'ਚ ਅਕਾਲੀ ਕਾਨਫ਼ਰੰਸ ਹੋਈ। ਮਾਸਟਰ ਤਾਰਾ ਸਿੰਘ ਨੇ ਗੁਰਦੁਆਰਿਆਂ ਦੇ ਮਾਮਲੇ ਵਿਚ ਦਖ਼ਲ ਦਾ ਸਬੂਤ ਦੇਣ ਦੀ ਪੇਸ਼ਕਸ਼ ਵੀ ਕੀਤੀ।

ਨਹਿਰੂ ਤਾਰਾ ਸਿੰਘ ਪੈਕਟ

6 ਅਪ੍ਰੈਲ 1959 ਨੂੰ ਮਾਸਟਰ ਤਾਰਾ ਸਿੰਘ ਨੇ ਨਹਿਰੂ ਨੂੰ 16 ਅਪ੍ਰੈਲ 1959 ਤੱਕ ਗੁਰਦੁਆਰਿਆਂ 'ਚ ਦਖਲ ਬੰਦ ਨਾ ਹੋਣ 'ਤੇ ਮਰਨ ਵਰਤ ਰੱਖਣ ਦੀ ਧਮਕੀ ਦਿੱਤੀ। ਇਸ ਤੇ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਮੁਲਾਕਾਤ ਵਾਸਤੇ ਬੁਲਾ ਲਿਆ। 12 ਅਪ੍ਰੈਲ 1959 ਨੂੰ ਨਹਿਰੂ-ਤਾਰਾ ਸਿੰਘ ਮੁਲਾਕਾਤ ਹੋਈ। ਨਹਿਰੂ ਨੇ ਸਿੱਖਾਂ ਦੇ ਗੁਰਦੁਆਰਿਆਂ ਦੇ ਮੁਆਮਲੇ ਵਿਚ ਦਖਲ ਨਾ ਦੇਣ ਦਾ ਵਾਅਦਾ ਕੀਤਾ ਅਤੇ 4 ਮੈਂਬਰੀ ਕਮੇਟੀ ਬਣਾਉਣਾ ਮੰਨ ਗਿਆ ਜਿਸ ਵਿਚ 2 ਮਾਸਟਰ ਜੀ ਦੇ ਤੇ 2 ਪੰਜਾਬ ਸਰਕਾਰ ਦੇ ਨੁੰਮਾਇੰਦੇ ਸ਼ਾਮਿਲ ਹੋਣੇ ਸਨ। ਇਸ ਸਮਝੌਤੇ ਨੂੰ 12 ਅਪ੍ਰੈਲ 1959 ਦੇ 'ਨਹਿਰੂ-ਤਾਰਾ ਸਿੰਘ ਪੈਕਟ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। 28 ਅਪ੍ਰੈਲ 1959 ਨੂੰ ਸ਼੍ਰੋਮਣੀ ਕਮੇਟੀ (ਜੋ ਕੈਰੋਂ ਦੇ ਕਬਜ਼ੇ ਵਿਚ ਸੀ) ਨੇ ਨਹਿਰੂ-ਤਾਰਾ ਸਿੰਘ ਪੈਕਟ ਦੀ ਮੁਖ਼ਾਲਫ਼ਤ ਕੀਤੀ। 29 ਅਪ੍ਰੈਲ 1959 ਨੂੰ ਮਾਸਟਰ ਤਾਰਾ ਸਿੰਘ ਨੇ ਜੈ ਪ੍ਰਕਾਸ਼ ਨਾਰਾਇਣ ਤੇ ਮਲਿਕ ਮੁਖਬੈਨ ਸਿੰਘ ਨੂੰ ਆਪਣੇ ਨੁਮਾਇੰਦੇ ਨਾਮਜ਼ਦ ਕੀਤਾ। ਅਜੇ ਇਹ ਗੱਲਾਂ ਚਲ ਹੀ ਰਹੀਆਂ ਸਨ ਕਿ ਦਿੱਲੀ ਦੇ ਗੁਰਦੁਆਰਿਆਂ ਦਾ ਝਗੜਾ ਆ ਖੜਾ ਹੋਇਆ।

23 ਮਈ ਜਦੋਂ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਪੰਜਾਬ ਦੇ ਕਾਂਗਰਸੀ ਸਿੱਖ ਦਿੱਲੀ ਦੇ ਗੁਰਦੁਆਰਾ ਸੀਸ ਗੰਜ 'ਤੇ ਕਬਜ਼ਾ ਕਰਨ ਆਏ ਤਾਂ ਪੁਲਿਸ ਨੂੰ ਟੀਅਰ ਗੈਸ ਛੱਡਣੀ ਪਈ। ਇਸ ਤਰ੍ਹਾਂ ਸੀਸ ਗੰਜ ਤਾਂ ਬਚ ਗਿਆ ਪਰ ਬੰਗਲਾ ਸਾਹਿਬ ਉਪਰ ਗਿਆਨੀ ਕਰਤਾਰ ਸਿੰਘ ਗਰੁਪ ਨੇ ਕਬਜ਼ਾ ਕਰ ਲਿਆ। ਅਖੀਰ ਅਕਾਲੀ ਦਲ ਤੇ ਕਾਂਗਰਸ ਨੇ ਬਲਦੇਵ ਸਿੰਘ ਨੂੰ ਵਿਚੋਲਾ ਮੰਨ ਲਿਆ। 30 ਮਈ 1959 ਨੂੰ ਵਿਚੋਲਗੀ ਫ਼ੈਸਲੇ ਲਈ ਸਮਝੌਤਾ ਹੋ ਗਿਆ। ਪਰ ਉਸ ਵਿਚ ਫਿਰ ਝਗੜਾ ਖੜਾ ਹੋ ਗਿਆ ਜੋ ਆਖਿਰ ਜੂਨ ਵਿਚ ਇਕ ਸਾਂਝੀ ਕਮੇਟੀ ਬਣ ਜਾਣ 'ਤੇ ਖ਼ਤਮ ਹੋਇਆ।

12 ਜੁਲਾਈ 1959 ਨੂੰ ਪ੍ਰੇਮ ਸਿੰਘ ਲਾਲਪੁਰਾ ਨੇ ਅੰਮ੍ਰਿਤਸਰ ਵਿਚ **'ਪੰਥ**

WWW.SIKHBOOKCLUB.COM

ਸੇਵਕ ਦਲ' ਨਾਂ ਦੀ ਇਕ ਜਥੇਬੰਦੀ ਬਣਾਈ। ਇਸ ਮੌਕੇ 'ਤੇ ਇਕ ਹਜ਼ਾਰ ਬੰਦੇ ਸ਼ਾਮਿਲ ਹੋਏ। ਇਨ੍ਹਾਂ ਵਿਚ ਅਮਰ ਸਿੰਘ ਦੁਸਾਂਝ ਤੇ ਸੰਪੂਰਨ ਸਿੰਘ ਰਾਮਾ ਵਗ਼ੈਰਾ ਵੀ ਸ਼ਾਮਿਲ ਸਨ। ਇਹ ਪਾਰਟੀ ਅਕਾਲੀ ਦਲ ਦੇ ਖ਼ਿਲਾਫ਼ ਗੁਰਦੁਆਰਾ ਚੋਣਾਂ ਲੜਨ ਵਾਸਤੇ ਬਣਾਈ ਗਈ। ਪਾਰਟੀ ਦੇ ਮੁਖ ਸਰਪਰਸਤ ਕੈਰੋਂ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਅਤੇ ਰਾੜੇਵਾਲਾ ਸਨ।

ਗੁਰਦੁਆਰਾ ਚੋਣਾਂ ਵਿਚ ਮਾਸਟਰ ਤਾਰਾ ਸਿੰਘ ਨੂੰ ਹਰਾਉਣ ਲਈ ਅਤੇ ਕਾਂਗਰਸ ਤੇ ਕੈਰੋਂ ਤੋਂ ਸ਼ਾਬਾਸ਼ ਲੈਣ ਲਈ ਗਿਆਨੀ ਕਰਤਾਰ ਸਿੰਘ ਪੂਰੀ ਤਰ੍ਹਾਂ ਮੈਦਾਨ ਵਿਚ ਆ ਨਿਤਰਿਆ। ਉਸ ਨੇ 24 ਅਕਤੂਬਰ 1959 ਨੂੰ ਪੰਜਾਬ ਵਜ਼ਾਰਤ ਤੋਂ ਅਸਤੀਫ਼ਾ ਦੇ ਦਿੱਤਾ ਅਤੇ **'ਸਾਧ ਸੰਗਤ ਬੋਰਡ'** ਦੇ ਨਾਂ ਹੇਠਾਂ ਅਕਾਲੀ ਦਲ ਵਿਰੁਧ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ। ਸਾਧ ਸੰਗਤ ਬੋਰਡ ਵਿਚ ਮੋਹਨ ਸਿੰਘ (ਅਜ਼ਾਦ ਹਿੰਦ ਫੌਜ ਵਾਲਾ), ਅਜੀਤ ਸਿੰਘ ਸਰਹੱਦੀ, ਗੁਰਬਚਨ ਸਿੰਘ ਅਟਵਾਲ, ਬਲਵੰਤ ਸਿੰਘ ਚਨਾਰਥਲ, ਅਮਰ ਸਿੰਘ ਦੁਸਾਂਝ, ਜਗੀਰ ਸਿੰਘ ਫੱਗੂਵਾਲੀਆ, ਗੋਪਾਲ ਸਿੰਘ ਖਾਲਸਾ, ਬਸੰਤ ਸਿੰਘ ਮੋਗਾ ਤੇ ਚੌ: ਅਮਰ ਸਿੰਹ ਵੀ ਸ਼ਾਮਿਲ ਸਨ। ਇਸ ਦਾ ਪ੍ਰਧਾਨ ਪ੍ਰਤਾਪ ਸਿੰਘ (ਸਾਬਕ ਮੁੱਖ ਸੇਵਾਦਾਰ ਅਕਾਲ ਤਖ਼ਤ ਸਾਹਿਬ) ਨੂੰ ਬਣਾਇਆ ਗਿਆ।

ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ

7 ਮਈ ਨੂੰ ਅਕਾਲੀ ਦਲ ਨੇ ਐਲਾਨ ਕੀਤਾ ਸੀ ਕਿ ਦਲ ਅਗਲੀਆਂ ਗੁਰਦੁਆਰਾ ਚੋਣਾਂ ਪੰਜਾਬੀ ਸੂਬੇ ਦੇ ਸਵਾਲ 'ਤੇ ਲੜੇਗਾ। ਦੂਜੇ ਪਾਸੇ ਗਿਆਨੀ ਕਰਤਾਰ ਸਿੰਘ ਤੇ ਉਸ ਦਾ ਕਾਂਗਰਸੀ 'ਸਾਧ ਸੰਗਤ ਬੋਰਡ' ਮਾਸਟਰ ਤਾਰਾ ਸਿੰਘ ਅਤੇ ਅਕਾਲੀ ਦਲ ਨੂੰ ਹਰਾਉਣ ਵਾਸਤੇ ਅਤੇ ਨਾਲ ਹੀ ਪੰਜਾਬੀ ਸੂਬੇ ਦੀ ਮੰਗ ਦੇ ਵਿਰੁਧ ਚੋਣ ਲੜ ਰਹੇ ਸਨ। ਕਮਿਊਨਿਸਟਾਂ ਦੀ 'ਦੇਸ਼ ਭਗਤ ਪਾਰਟੀ' ਵੀ ਸਰਕਾਰ ਦਾ ਸਾਥ ਦੇ ਰਹੀ ਸੀ। ਗਿਆਨੀ ਕਰਤਾਰ ਸਿੰਘ ਸਰਕਾਰੀ ਮਦਦ ਸਮੇਤ ਮੈਦਾਨ ਵਿਚ ਨਿਤਰ ਚੁਕਿਆ ਸੀ। ਚੋਣਾਂ 17 ਜਨਵਰੀ 1960 ਦੇ ਦਿਨ ਹੋਣੀਆਂ ਸਨ।

5 ਦਸੰਬਰ 1959 ਨੂੰ ਪਟਿਆਲੇ ਵਿਚ ਅਕਾਲੀ ਦਲ ਦੀ 12ਵੀਂ ਸਾਲਾਨਾ ਕਾਨਫ਼ਰੰਸ ਹੋਈ। ਇਸ ਵਿਚ ਗਿਆਨੀ ਕਰਤਾਰ ਸਿੰਘ ਅਤੇ ਗਿਆਨ ਸਿੰਘ ਰਾੜੇਵਾਲੇ ਤੋਂ ਅਕਾਲੀ ਦਲ ਵਿਚ ਮੁੜ ਪਰਤ ਆਉਣ ਦੀ ਮੰਗ ਕੀਤੀ ਗਈ। ਹੈਰਾਨੀ ਵਾਲੀ ਗੱਲ ਹੈ ਕਿ ਜੋ ਲੋਕ ਸਿੱਖਾਂ (ਤੇ ਅਕਾਲੀ ਦਲ) ਦੀ ਹਰ ਇਕ ਮੰਗ ਦੀ ਮੁਖ਼ਾਲਫ਼ਤ ਕਰਦੇ ਸਨ ਅਕਾਲੀ ਵਰਕਰ ਤੇ ਆਗੂ ਉਨ੍ਹਾਂ ਨੂੰ ਵੀ ਪਾਰਟੀ 'ਚ ਵਾਪਿਸ ਸੱਦ ਕੇ ਆਪਣੀ ਅਹਿਮਕਤਾ ਦਾ ਇਜ਼ਹਾਰ ਕਰ ਰਹੇ ਸਨ। ਇਸ ਕਾਨਫ਼ਰੰਸ ਨੇ ਹਿੰਦੂ ਵਿਰਾਸਤ ਕਾਨੂੰਨ, ਸਹਿਕਾਰੀ ਖੇਤੀ ਅਤੇ ਕਣਕ ਦੇ ਸਰਕਾਰੀ ਵਪਾਰ ਵਗ਼ੈਰਾ ਦਾ ਵਿਰੋਧ ਕੀਤਾ ਅਤੇ ਗੁਰਦੁਆਰਾ ਚੋਣਾਂ ਨੂੰ ਪੰਜਾਬੀ ਸੂਬੇ ਦੇ ਸਵਾਲ 'ਤੇ ਲੜਨ ਦਾ ਐਲਾਨ ਦੁਹਰਾਇਆ।

14 ਜਨਵਰੀ ਨੂੰ ਹੁਕਮ ਸਿੰਘ ਨੇ ਪਾਰਲੀਮੈਂਟ ਤੋਂ ਅਸਤੀਫ਼ਾ ਦੇਣ ਦੀ ਪੇਸ਼ਕਸ਼

WWW.SIKHBOOKCLUB.COM

ਕੀਤੀ ਤੇ ਕਿਹਾ ਕਿ ਮਾਸਟਰ ਤਾਰਾ ਸਿੰਘ ਗੁਰਦੁਆਰਾ ਚੋਣਾਂ 'ਚੋਂ ਹਟ ਜਾਏ ਤਾਂ ਮੈਂ ਵੀ ਸਿਆਸਤ ਛਡ ਜਾਵਾਂਗਾ। ਸ਼੍ਰੋਮਣੀ ਕਮੇਟੀ ਵੀ ਉਸ ਵੇਲੇ ਕਾਂਗਰਸ ਦੇ ਕਬਜ਼ੇ ਵਿਚ ਸੀ। ਉਹ ਸਟੇਜ ਵੀ ਮਾਸਟਰ ਤਾਰਾ ਸਿੰਘ ਤੇ ਅਕਾਲੀ ਦਲ ਦੇ ਖ਼ਿਲਾਫ਼ ਸੀ।

ਇਸ ਮਾਹੌਲ ਵਿਚ 23 ਦਸੰਬਰ 1959 ਨੂੰ ਬੰਬਈ ਸੂਬੇ ਨੂੰ ਗੁਜਰਾਤ ਅਤੇ ਮਹਾਰਾਸ਼ਟਰ ਸੂਬਿਆਂ ਵਿਚ ਵੰਡਣ ਦਾ ਐਲਾਨ ਕੀਤਾ ਗਿਆ ਸੀ। ਇਸ ਨਾਲ ਹੁਣ ਸਿਰਫ਼ ਪੰਜਾਬ ਹੀ ਇੱਕੋ-ਇਕ ਵਿਤਕਰੇ ਵਾਲਾ ਸੂਬਾ ਰਹਿ ਗਿਆ ਜਿਸ ਨੂੰ ਬੋਲੀ ਦੇ ਆਧਾਰ 'ਤੇ ਨਹੀਂ ਵੰਡਿਆ ਗਿਆ ਸੀ। ਇਸ ਵਿਤਕਰੇ ਦਾ ਅਸਰ ਵੀ ਅਕਾਲੀ ਦਲ ਦੇ ਹੱਕ ਵਿਚ ਪਿਆ।

17 ਜਨਵਰੀ ਨੂੰ ਗੁਰਦੁਆਰਾ ਚੋਣਾਂ ਤੋਂ ਇਕ ਹਫ਼ਤਾ ਪਹਿਲਾ ਸਰਕਾਰ ਹੋਛੇ ਹੱਥ-ਕੰਡਿਆਂ ਤੇ ਉਤਰ ਆਈ। ਸਰਕਾਰ ਨੇ ਅਕਾਲੀ ਵਰਕਰਾਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। 12 ਜਨਵਰੀ ਨੂੰ ਜਲੰਧਰ ਵਿਚ 18, 13 ਜਨਵਰੀ ਨੂੰ ਲੁਧਿਆਣੇ ਵਿਚ 4, 14 ਜਨਵਰੀ ਨੂੰ ਖੰਨੇ ਵਿਚ 8 ਅਤੇ ਇਸੇ ਤਰ੍ਹਾਂ ਹਰ ਥਾਂ 'ਤੇ ਵੱਡੀ ਗਿਣਤੀ ਵਿਚ ਅਕਾਲੀ ਵਰਕਰ ਗ੍ਰਿਫ਼ਤਾਰ ਕੀਤੇ ਗਏ। ਪਰ ਇਨ੍ਹਾਂ ਗ੍ਰਿਫ਼ਤਾਰੀਆਂ ਦਾ ਕਾਂਗਰਸ ਨੂੰ ਕੋਈ ਫ਼ਾਇਦਾ ਨਾ ਹੋਇਆ।

1960 ਦਾ ਪੰਜਾਬੀ ਸੂਬਾ ਮੋਰਚਾ

19 ਜਨਵਰੀ 1960 ਨੂੰ ਗੁਰਦੁਆਰਾ ਚੋਣਾਂ ਦੇ ਸਾਰੇ ਨਤੀਜੇ ਨਿਕਲ ਆਏ। ਅਕਾਲੀ ਦਲ ਨੇ 140 ਵਿਚੋਂ 137 ਅਤੇ ਸਾਧ ਸੰਗਤ ਬੋਰਡ ਨੇ 3 ਸੀਟਾਂ ਜਿਤੀਆਂ। ਦੇਸ਼ ਭਗਤ ਪਾਰਟੀ ਦਾ ਬਿਲਕੁਲ ਸਫ਼ਾਇਆ ਹੋ ਗਿਆ। ਇਨ੍ਹਾਂ ਚੋਣਾਂ ਵਿਚ 11,44,289 ਵੋਟਾਂ ਪਈਆਂ ਜਿਸ ਵਿਚੋਂ ਅਕਾਲੀ ਦਲ ਨੂੰ 7,79,118 (68%) ਸਾਧ ਸੰਗਤ ਬੋਰਡ ਨੂੰ 2,60,781 (22%) ਤੇ ਦੇਸ਼ ਭਗਤ ਪਾਰਟੀ ਨੂੰ 74,498 (ਸਾਢੇ 6%) ਵੋਟਾਂ ਪਈਆਂ। ਸਾਧ ਸੰਗਤ ਬੋਰਡ ਦੀਆਂ ਵੋਟਾਂ ਵਿਚੋਂ ਬਹੁਤ ਸਾਰੀਆਂ ਸਰਕਾਰੀ ਮਦਦ ਵਾਲੀਆਂ ਵੀ ਸਨ।

ਅਕਾਲੀ ਦਲ ਨੇ, ਕਿਉਂਕਿ, ਚੋਣਾਂ ਪੰਜਾਬੀ ਸੂਬੇ ਦੇ ਸਵਾਲ ਤੇ ਲੜੀਆਂ ਸਨ ਇਸ ਕਰ ਕੇ ਦਲ ਨੇ ਕੀਤੇ ਵਾਅਦੇ ਮੁਤਾਬਿਕ 24 ਜਨਵਰੀ 1960 ਦੇ ਦਿਨ ਪੰਜਾਬੀ ਸੂਬੇ ਦੀ ਕਾਇਮੀ ਲਈ ਮੋਰਚੇ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 129 ਮੈਂਬਰਾਂ ਨੇ ਇਸ ਦਿਨ ਅਕਾਲ ਤਖ਼ਤ ਸਾਹਿਬ 'ਤੇ ਪ੍ਰਣ ਕੀਤਾ ਕਿ ਉਹ ਪੰਜਾਬੀ ਸੂਬੇ ਵਾਸਤੇ ਜਾਨਾਂ ਤੱਕ ਵਾਰ ਦੇਣਗੇ। ਇਸ ਪ੍ਰਣ ਕਰਨ ਵੇਲੇ ਦਸ ਹਜ਼ਾਰ ਸਿੱਖ ਹਾਜ਼ਰ ਸਨ।

ਮਹਾਰਾਜਾ ਪਟਿਆਲਾ ਨੇ 3 ਫਰਵਰੀ 1960 ਨੂੰ ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਬਾਰੇ ਬਿਆਨ ਦਿੱਤਾ। ਸਾਧ ਸੰਗਤ ਬੋਰਡ ਨੇ ਗੁਰਦੁਆਰਿਆਂ ਵਿਚ ਸਿਆਸਤ ਦੀ ਮੁਖ਼ਾਲਫ਼ਤ ਕੀਤੀ। ਸਾਧ ਸੰਗਤ ਬੋਰਡ ਦੀ ਇਕ ਮੀਟਿੰਗ 22 ਜਨਵਰੀ 1960 ਨੂੰ ਲੁਧਿਆਣੇ ਜੁਗਿਆਣਾ ਗਾਰਡਨ 'ਚ ਹੋਈ। ਇਸ ਵਿਚ ਗਿਆਨੀ ਪ੍ਰਤਾਪ ਸਿੰਘ, ਰਾੜੇਵਾਲਾ, ਕੈਰੋਂ, ਗਿ: ਕਰਤਾਰ ਸਿੰਘ, ਦਰਬਾਰਾ ਸਿੰਘ, ਜਨਰਲ ਮੋਹਨ ਸਿੰਘ,

WWW.SIKHBOOKCLUB.COM

ਰਾਮ ਦਿਆਲ ਸਿੰਘ, ਗੋਪਾਲ ਸਿੰਘ ਖਾਲਸਾ ਤੇ ਰਾਜਿੰਦਰ ਸਿੰਘ ਆਦਿਕ ਸ਼ਾਮਿਲ ਹੋਏ। ਇਸ ਬੋਰਡ ਨੇ ਅਕਾਲੀ ਦਲ ਦੀ ਭਰਪੂਰ ਮੁਖ਼ਾਲਫ਼ਤ ਕਰਨ ਦਾ ਫ਼ੈਸਲਾ ਕੀਤਾ।

ਕਾਂਗਰਸ ਸਰਕਾਰ ਨੇ ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਦੀ ਮੁਖ਼ਾਲਫ਼ਤ ਇਕ ਹੋਰ ਤਰੀਕੇ ਨਾਲ ਵੀ ਕੀਤੀ। ਪੰਜਾਬ ਦੀ ਬੋਲੀ ਦੇ ਮਸਲੇ ਬਾਰੇ ਇਕ 26 ਮੈਂਬਰੀ ਕਮੇਟੀ ਬਣਾ ਗਈ। 7 ਮਾਰਚ 1960 ਨੂੰ ਸ਼੍ਰੋਮਣੀ ਕਮੇਟੀ ਤੇ ਫੇਰ 15 ਮਾਰਚ ਨੂੰ ਅਕਾਲੀ ਦਲ ਨੇ ਵੀ ਇਸ ਕਮੇਟੀ ਦੀ ਮੁਖ਼ਾਲਫ਼ਤ ਕੀਤੀ। ਇਸੇ ਦਿਨ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਅੱਠ ਦਿਨ ਬਾਅਦ 15 ਮਾਰਚ 1960 ਨੂੰ ਅਕਾਲੀ ਦਲ ਦੀ ਵਰਕਿੰਗ ਕਮਟੀ ਦੀ ਮੀਟਿੰਗ ਹੋਈ ਜਿਸ ਨੇ ਗੁਰਦੁਆਰਿਆਂ 'ਚ ਸਰਕਾਰੀ ਦਖ਼ਲ, ਰਿਜਨਲ ਫ਼ਾਰਮੂਲੇ ਨੂੰ ਮੁਰਦਾ ਕਰਨ, ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਕਰਨ ਅਤੇ 26 ਮੈਂਬਰੀ ਕਮੇਟੀ ਬਣਾ ਕੇ ਬੋਲੀ ਬਾਰੇ ਨਵਾਂ ਮਸਲਾ ਖੜਾ ਕਰਨ ਲਈ ਕਾਂਗਰਸ ਦੀ ਨਿੰਦਾ ਕੀਤੀ ਗਈ। ਇਸ ਮੀਟਿੰਗ ਨੇ ਅਕਾਲੀ ਐਮ.ਐਲ.ਏਜ਼ ਨੂੰ ਕਾਂਗਰਸ 'ਚੋਂ ਨਿਕਲ ਆਉਣ ਦਾ ਹੁਕਮ ਦਿੱਤਾ। ਇਸ ਹੁਕਮ 'ਤੇ 19 ਸਾਬਕਾ ਅਕਾਲੀਆਂ 'ਚੋਂ ਸਿਰਫ਼ 5, ਯਾਨਿ ਆਤਮਾ ਸਿੰਘ, ਹਰਗੁਰਅਨਾਦ ਸਿੰਘ, ਊਧਮ ਸਿੰਘ ਭਾਰਸਿੰਘਪੁਰਾ, ਸਰੂਪ ਸਿੰਘ ਅਤੇ ਮਾਸਟਰ ਪ੍ਰਤਾਪ ਸਿੰਘ ਨੇ ਹੀ ਅਮਲ ਕੀਤਾ। ਉਂਵ ਧੰਨਾ ਸਿੰਘ ਗੁਲਸ਼ਨ, ਜੁਗਰਾਜ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਵੀ ਅਕਾਲੀ ਦਲ ਦਾ ਸਾਥ ਦੇਂਦੇ ਰਹੇ ਪਰ ਕਾਫ਼ੀ ਦੇਰ ਤਕ ਕਾਂਗਰਸ 'ਚੋਂ ਨਹੀਂ ਆਏ। ਸੁਤੰਤਰ ਪਾਰਟੀ ਦੀ ਕੰਵਰਾਨੀ ਜਗਦੀਸ਼ ਕੌਰ ਜ਼ਰੂਰ ਅਕਾਲੀ ਦਲ ਵਿਚ ਆ ਗਈ। ਅਪ੍ਰੈਲ 1960 ਵਿਚ ਅਕਾਲੀ ਦਲ ਨੇ ਪੰਜਾਬੀ ਸੂਬੇ ਦਾ ਮੋਰਚਾ ਲਾਉਣ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ।

ਪੰਜਾਬੀ ਸੂਬਾ ਕਨਵੈਨਸ਼ਨ

30 ਅਪ੍ਰੈਲ 1960 ਦੇ ਦਿਨ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿਤਾ ਤਾਂ ਜੋ ਉਹ ਆਪਣਾ ਪੂਰਾ ਧਿਆਨ ਪੰਜਾਬੀ ਸੂਬੇ ਵਾਸਤੇ ਲਾ ਸਕੇ। 5 ਮਈ ਦੇ ਦਿਨ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਪੰਜਾਬੀ ਸੂਬੇ ਦੀ ਮੁਹਿੰਮ ਦੇ ਸਬੰਧ ਵਿਚ 22 ਮਈ 1960 ਦੇ ਦਿਨ ਅੰਮ੍ਰਿਤਸਰ ਵਿਚ **ਪੰਜਾਬੀ ਸੂਬਾ ਕਨਵੈਨਸ਼ਨ** ਬੁਣਾਉਣ ਦਾ ਐਲਾਨ ਕੀਤਾ। ਇਸ ਕਨਵੈਨਸ਼ਨ ਵਿਚ ਡਾ: ਸੈਫ਼-ਉਦ-ਦੀਨ ਕਿਚਲੂ ਅਤੇ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਆਗੂ ਵੀ ਸ਼ਾਮਿਲ ਹੋਏ। ਇਸ ਮੌਕੇ 'ਤੇ 20 ਹਜ਼ਾਰ ਤੋਂ ਵਧ ਸਰਗਰਮ ਵਰਕਰ ਤੇ ਆਗੂ ਹਾਜ਼ਰ ਸਨ। ਇਸ ਕਨਵੈਨਸ਼ਨ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕੀਤਾ। ਇਹ ਮਤਾ ਕਨਵੈਨਸ਼ਨ ਦੇ ਪ੍ਰਧਾਨ ਪੰਡਤ ਸੁੰਦਰ ਦਾਸ ਨੇ ਪੇਸ਼ ਕੀਤਾ। ਇਸ ਮਤੇ ਦੇ ਲਫ਼ਜ਼ ਹੇਠ ਲਿਖੇ ਸਨ:

''ਜਮਹੂਰੀ ਢਾਂਚੇ ਵਿਚ ਜਨਤਾ ਦੀ ਹਰ ਪ੍ਰਕਾਰ ਦੀ ਅਜ਼ਾਦੀ ਤੇ ਉਸ ਦੀ ਕਲਚਰਲ ਅਤੇ

WWW.SIKHBOOKCLUB.COM

ਵਿਦਿਅਕ ਉਨਤੀ ਨੂੰ ਮੁਢਲਾ ਅਸੂਲ ਮੰਨਿਆ ਜਾਂਦਾ ਹੈ। ਇਹ ਭਾਸ਼ਾਈ ਰਿਆਸਤਾਂ ਦਾ ਅਸੂਲ ਏਥੇ ਰੂਸ ਅਤੇ ਹੋਰ ਦੇਸ਼ਾਂ ਵਿਚ ਅਪਣਾਇਆ ਗਿਆ ਹੈ; ਜਿੱਥੇ ਜ਼ਬਾਨ ਦੇ ਪੱਖ ਤੋਂ ਅਤੇ ਕਲਚਰ ਤੇ ਰਵਾਇਤਾਂ ਦੀ ਬਿਨਾਅ ਤੇ ਬਹੁਤ ਸਾਰੀਆਂ ਬੋਲੀਆਂ ਦੇ ਖਿਤੇ ਹਨ। ਨੈਸ਼ਨਲ ਕਾਂਗਰਸ ਤੇ ਕਾਂਗਰਸ ਸਰਕਾਰ ਨੇ ਸਿਰਫ ਇਸ ਅਸੂਲ ਨੂੰ ਮਨਜ਼ੂਰ ਹੀ ਨਹੀਂ ਕੀਤਾ, ਸਗੋਂ ਆਜ਼ਾਦੀ ਹਾਸਿਲ ਕਰਨ ਪਿਛੋਂ ਬੋਲੀ ਦੀ ਬਿਨਾਅ 'ਤੇ ਰਿਆਸਤਾਂ ਕਾਇਮ ਵੀ ਕੀਤੀਆਂ ਹਨ। ਭਾਰਤ ਦੇ ਵਿਸ਼ਾਲ ਦੇਸ਼ ਵਿਚ ਪੰਜਾਬੀ ਨੂੰ ਭਾਰਤ ਦੀਆਂ 14 ਇਲਾਕਾਈ ਬੋਲੀਆਂ ਵਿਚੋਂ ਇਕ ਮੰਨਿਆ ਗਿਆ ਹੈ। ਇਸ ਹਾਲਤ ਵਿਚ ਪੰਜਾਬੀ ਸੂਬੇ ਨੂੰ ਨਾ ਬਣਾਉਣਾ ਬਿਲਕੁਲ ਬੇ-ਇਨਸਾਫ਼ੀ ਹੈ। ਇਹ ਪੰਜਾਬੀ ਬੋਲੀ ਦਾ ਸੂਬਾ, ਜਿਵੇਂ ਕਿ ਗ਼ਲਤ ਤੌਰ ਤੇ ਇਹ ਦੋਸ਼ ਲਾਇਆ ਜਾਂਦਾ ਹੈ, ਫ਼ਿਰਕਾਦਾਰਾਨਾ ਅਧਾਰ 'ਤੇ ਨਹੀਂ ਹੋਏਗਾ, ਸਗੋਂ ਇਹ ਇਕ ਭਾਸ਼ਾ ਦੀ ਕਲਚਰਲ ਰਿਆਸਤ ਹੋਵੇਗੀ। ਗਲਤ ਤੌਰ ਤੇ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਜੇ ਅਜਿਹੀ ਰਿਆਸਤ ਕਾਇਮ ਹੋ ਗਈ ਤਾਂ ਉਸ ਵਿਚ ਬਹੁਗਿਣਤੀ ਸਿੱਖਾਂ ਦੀ ਹੋਏਗੀ, ਇਸ ਲਈ ਇਸ ਦੇ ਬਣਾਉਣ ਦੀ ਹੌਸਲਾ ਅਫ਼ਜਾਈ ਨਹੀਂ ਹੋਣੀ ਚਾਹੀਦੀ। ਇਹ ਦਲੀਲ ਗਲਤ ਹੈ ਅਤੇ ਇਸ ਵਿਚ ਕੋਈ ਵਜ਼ਨ ਨਹੀਂ ਹੈ; ਕਿਉਂਕਿ ਹੁਣ ਤਕ ਬੋਲੀ ਦੀ ਬਿਨਾਅ 'ਤੇ ਜੋ ਰਿਆਸਤਾਂ ਕਾਇਮ ਹੋ ਚੁਕੀਆਂ ਹਨ ਉਨ੍ਹਾਂ ਵਿਚ ਤਕੜੀਆਂ ਘਟ ਗਿਣਤੀਆਂ ਮੌਜੂਦ ਹਨ। ਅਸੀਂ ਭਾਰਤ ਫ਼ੈਡਰੇਸ਼ਨ ਦੇ ਅੰਦਰ ਹੀ ਪੰਜਾਬੀ ਸੂਬੇ ਦੀ ਕਾਇਮੀ ਦੀ ਮੰਗ ਕਰ ਰਹੇ ਹਾਂ ਅਤੇ ਇਕ ਆਜ਼ਾਦ ਹੋਂਦ ਨਹੀਂ ਚਾਹੁੰਦੇ। "

"ਪੰਜਾਬੀ ਸੂਬੇ ਵਿਚ ਵੀ ਸਾਰੀਆਂ ਘਟ ਗਿਣਤੀਆ ਦੀ ਏਦਾਂ ਰਖਿਆ ਹੋਏਗੀ ਜਿੱਦਾਂ ਕਿ ਭਾਰਤ ਦੀਆਂ ਦੂਜੀਆਂ ਰਿਆਸਤਾਂ ਵਿਚ ਹੁੰਦੀ ਹੈ। ਅੰਮ੍ਰਿਤਸਰ ਦੀ ਇਹ ਪੰਜਾਬੀ ਸੂਬਾ ਕਨਵੈਨਸ਼ਨ ਐਲਾਨ ਕਰਦੀ ਹੈ ਕਿ ਪੰਜਾਬੀ ਸੂਬੇ ਵਿਚ ਸਾਰੀਆਂ ਘਟ ਗਿਣਤੀਆਂ ਨਾਲ ਜ਼ਾਤ, ਤਬਕਾ ਜਾਂ ਗਰੁਪ ਦੇ ਵਿਤਕਰੇ ਤੋਂ ਬਿਨਾਂ ਇਕੋ ਜਿਹਾ ਸਲੂਕ ਕੀਤਾ ਜਾਏਗਾ। ਪੰਜਾਬੀ ਬੋਲਣ ਵਾਲੇ ਕੁਝ ਲੋਕਾਂ ਵਿਚ ਜਿਹਤੀ ਹੁਣੇ ਜਿਹੇ ਇਹ ਰੁਚੀ ਪੈਦਾ ਹੋ ਗਈ ਹੈ ਕਿ ਉਹ ਆਪਣੀ ਮਾਂ ਬੋਲੀ ਨੂੰ ਮੰਨਣ ਤੋਂ ਇਨਕਾਰ ਕਰ ਰਹੇ ਹਨ, ਨੂੰ ਦੇਖ ਕੇ ਇਹ ਕਨਵੈਨਸ਼ਨ ਦੁਖ ਜ਼ਾਹਿਰ ਕਰਦੀ ਹੈ ਜਦ ਕਿ ਉਹ ਆਪਣੇ ਘਰਾਂ ਵਿਚ ਜੰਮਣ ਤੋਂ ਮਰਨ ਤਕ ਸਿਰਫ ਪੰਜਾਬੀ ਬੋਲਦੇ ਹਨ। ਇਹ ਜਾਂ ਤਾਂ ਝੂਠੇ ਸੰਕਲਪ ਕਰ ਕੇ ਹੈ ਜਾਂ ਫਿਰ ਗ਼ਲਤ ਪ੍ਰਾਪੇਗੰਡਾ ਕਰ ਕੇ ਹੈ। ਸੋ ਇਹ ਕਨਵੈਨਸ਼ਨ ਕੌਮ ਤੇ ਭਾਰਤ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਉਹ ਪੰਜਾਬੀ ਸੂਬੇ ਦੀ ਕਾਇਮੀ ਵਿਚ ਹੋਰ ਦੇਰੀ ਨਾ ਕਰੇ, ਜਦ ਕਿ ਬੋਲੀ ਦੇ ਆਧਾਰ ਤੇ ਹੋਰ ਰਿਆਸਤਾਂ ਕਾਇਮ ਹੋ ਚੁੱਕੀਆਂ ਹਨ। ਇਹ ਕਨਵੈਨਸ਼ਨ ਹੋਰ ਸਿਫ਼ਾਰਸ਼ ਕਰਦੀ ਹੈ ਕਿ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਅਹਿੰਸਕ, ਸ਼ਾਂਤਮਈ ਤੇ ਤਰੀਕੇ ਵਰਤੇ ਜਾਣ।

ਕਨਵੈਨਸ਼ਨ ਇਹ ਵੀ ਸਿਫ਼ਾਰਸ਼ ਕਰਦੀ ਹੈ ਕਿ ਪੰਜਾਬੀ ਸੂਬੇ ਦੀ ਫ਼ੌਰੀ ਕਾਇਮੀ ਦੀ ਮੰਗ ਦੇ ਸਬੰਧ ਵਿਚ ਇਕ ਮੈਮੋਰੰਡਮ ਭਾਰਤ ਸਰਕਾਰ ਨੂੰ ਘਲਿਆ ਜਾਏ। ਇਸ ਤਰ੍ਹਾਂ ਇਹ ਕਨਵੈਨਸ਼ਨ ਪੰਜਾਬੀ ਬੋਲਣ ਵਾਲੇ ਸਾਰੇ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ 12 ਜੂਨ ਦੇ ਦਿਲੀ ਦੇ ਸ਼ਾਂਤਮਈ ਜਲੂਸ ਵਿਚ ਸ਼ਾਮਲ ਹੋਣ ਤੇ ਕਿਸੇ ਪ੍ਰਕਾਰ ਦੀ ਭੜਕਾਹਟ ਦੇ ਬਾਵਜੂਦ ਵੀ ਰਿਆਸਤ ਵਿਚ ਸ਼ਾਂਤੀ ਰਖਣ। ਇਹ ਕਨਵੈਨਸ਼ਨ ਵਿਸ਼ਾਲ ਹਿਮਾਂਚਲ ਪ੍ਰਦੇਸ਼ ਤੇ ਵਿਸ਼ਾਲ ਹਰਿਆਣਾ ਦੀਆਂ ਮੰਗਾਂ ਦੀ ਵੀ ਹਮਾਇਤ ਕਰਦੀ ਹੈ। "

ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ

22 ਮਈ ਦੀ ਅੰਮ੍ਰਿਤਸਰ ਦੀ ਕਨਵੈਨਸ਼ਨ ਵਿਚ ਪੰਜਾਬੀ ਸੂਬੇ ਬਾਰੇ ਮੋਰਚਾ ਲਾਉਣ ਦਾ ਜ਼ਿਕਰ ਤਕ ਨਹੀਂ ਸੀ। ਅਕਾਲੀ ਦਲ ਨੇ ਸਿਰਫ਼ ਇਹ ਐਲਾਨ ਹੀ

WWW.SIKHBOOKCLUB.COM

ਕੀਤਾ ਸੀ ਕਿ ਪੰਜਾਬੀ ਸੂਬੇ ਦੇ ਸਬੰਧ ਵਿਚ ਲੋਕਾਂ ਨੂੰ ਜਾਣਕਾਰੀ ਦੇਣ ਵਾਸਤੇ ਪ੍ਰਚਾਰ ਕੀਤਾ ਜਾਏ ਅਤੇ ਇਸ ਸਬੰਧ ਵਿਚ 12 ਜੂਨ 1960 ਦੇ ਦਿਨ ਦਿੱਲੀ ਵਿਚ ਇਕ ਜਲੂਸ ਕੱਢਿਆ ਜਾਏ। ਇਸ ਜਲੂਸ ਵਿਚ ਸ਼ਾਮਿਲ ਹੋਣ ਵਾਸਤੇ ਮਾਸਟਰ ਤਾਰਾ ਸਿੰਘ ਨੇ 29 ਮਈ 1960 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ 11 ਸਿੱਖਾਂ ਦਾ ਇਕ ਜਥਾ ਲੈ ਕੇ ਜਾਣਾ ਸੀ। ਇਸ ਜਥੇ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚੋਂ ਹੋ ਕੇ 12 ਜੂਨ ਨੂੰ ਦਿੱਲੀ ਵਿਚ ਪਹੁੰਚ ਕੇ ਜਲੂਸ ਦੀ ਅਗਵਾਈ ਕਰਨੀ ਸੀ।

ਪੰਜਾਬ ਵਿਚ ਕੈਰੋਂ ਦੀ ਸਰਕਾਰ ਸੀ। ਉਹ ਦਿੱਲੀ ਸਰਕਾਰ, ਖ਼ਾਸ ਕਰ ਕੇ ਜਵਾਹਰ ਲਾਲ ਨਹਿਰੂ, ਨੂੰ ਖੁਸ਼ ਕਰਨ ਵਾਸਤੇ ਕੋਈ ਐਕਸ਼ਨ ਕਰ ਕੇ ਦਿਖਾਉਣਾ ਚਾਹੁੰਦਾ ਸੀ। ਇਸ ਕਰ ਕੇ ਉਸ ਨੇ 24-25 ਮਈ ਦੀ ਦਰਮਿਆਨੀ ਰਾਤ 10 ਤੋਂ 11 ਵਜੇ ਦੇ ਵਿਚਕਾਰ ਇਕ ਵੱਡੀ ਪੁਲਿਸ ਫ਼ੋਰਸ ਭੇਜ ਕੇ ਮਾਸਟਰ ਤਾਰਾ ਸਿੰਘ ਦੇ ਘਰ ਨੂੰ ਘੇਰ ਲਿਆ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਰਾਤੋ-ਰਾਤ ਧਰਮਸਾਲਾ ਜੇਲ੍ਹ ਵਿਚ ਬੰਦ ਕਰ ਦਿੱਤਾ। ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ 'ਨਜ਼ਰਬੰਦੀ ਕਾਨੂੰਨ' ਹੇਠ ਕੀਤੀ ਗਈ ਸੀ। ਇਸ ਗ੍ਰਿਫ਼ਤਾਰੀ ਨਾਲ ਸਰਕਾਰ ਨੂੰ ਉਮੀਦ ਸੀ ਕਿ ਅਕਾਲੀ ਵਰਕਰਾਂ ਵਿਚ ਡਰ ਫੈਲ ਜਾਵੇਗਾ ਅਤੇ ਦਿੱਲੀ ਦਾ 12 ਜੂਨ ਦਾ ਜਲੂਸ ਕਾਮਯਾਬ ਨਹੀਂ ਹੋ ਸਕੇਗਾ। ਹਾਲਾਂ ਕਿ ਕੈਰੋਂ ਅਤੇ ਨਹਿਰੂ ਫ਼ਰਵਰੀ 1949 ਵਿਚ ਅਕਾਲੀ ਦਲ ਵਲੋਂ ਦਿੱਲੀ ਵਿਚ ਕੀਤੀ ਜਾਣ ਵਾਲੀ ਕਨਵੈਨਸ਼ਨ ਵੇਲੇ ਸਿੱਖਾਂ ਦਾ ਸਿਰੜ ਵੇਖ ਚੁੱਕੇ ਸਨ ਪਰ ਕੈਰੋਂ ਆਪਣੀ ਵਫ਼ਾਦਾਰੀ ਸਾਬਤ ਕਰਨ ਵਾਸਤੇ ਕੋਈ ਕਾਰਵਾਈ ਕਰ ਕੇ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਮਾਸਟਰ ਜੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਸਰਕਾਰ ਨੇ ਸਾਰੇ ਸੂਬੇ ਵਿਚ ਚਾਰ ਹਜ਼ਾਰ ਦੇ ਕਰੀਬ ਅਕਾਲੀ ਵਰਕਰ ਗ੍ਰਿਫ਼ਤਾਰ ਕਰ ਲਏ। ਗ੍ਰਿਫ਼ਤਾਰ ਕੀਤੇ ਆਗੂਆਂ ਵਿਚ ਜਲੰਧਰ ਤੋਂ ਗੋਪਾਲ ਸਿੰਘ ਕੌਮੀ, ਗਿਆਨੀ ਭਜਨ ਸਿੰਘ, ਜਥੇਦਾਰ ਕਲਿਆਣ ਸਿੰਘ ਨਿਧੜਕ, ਗਿਆਨੀ ਰਜਿੰਦਰ ਸਿੰਘ ਬੱਲ; ਜ਼ਿਲ੍ਹਾ ਹੁਸ਼ਿਆਰਪੁਰ ਤੋਂ ਜਗਿੰਦਰ ਸਿੰਘ ਮੁਕੇਰੀਆਂ, ਚੌਧਰੀ ਕਰਤਾਰ ਸਿੰਹ; ਰੋਪੜ ਤੋਂ ਅਜੀਤ ਸਿੰਘ ਬਾਲਾ (ਪ੍ਰਧਾਨ ਸ਼੍ਰੋਮਣੀ ਕਮੇਟੀ); ਕਰਨਾਲ ਤੋਂ ਉਜਾਗਰ ਸਿੰਘ, ਆਤਮਾ ਸਿੰਘ, ਮਾਸਟਰ ਪ੍ਰਤਾਪ ਸਿੰਘ, ਊਧਮ ਸਿੰਘ ਭਾਰਸਿੰਘਪੁਰੀ, ਧੰਨਾ ਸਿੰਘ (ਪੰਜੇ ਐਮ.ਐਲ.ਏ.) ਵੀ ਗ੍ਰਿਫ਼ਤਾਰ ਕਰ ਲਏ ਗਏ। ਇਸੇ ਦਿਨ ਬੂਟਾ ਸਿੰਘ ਤੇ ਗਿਆਨੀ ਕੇਹਰ ਸਿੰਘ ਵੈਰਾਗੀ ਵੀ ਫੜ ਲਏ ਗਏ।

25 ਮਈ ਨੂੰ ਪੁਲਿਸ ਦੀ ਇਕ ਵੱਡੀ ਧਾੜ ਨੇ ਅਕਾਲੀ ਦਲ ਦੀਆਂ ਅਖ਼ਬਾਰਾਂ ਅਕਾਲੀ ਤੇ ਪਰਭਾਤ ਦੇ ਪਬਲਿਸ਼ਰ ਮੋਹਨ ਸਿੰਘ (ਪੁਤਰ ਮਾਸਟਰ ਤਾਰਾ ਸਿੰਘ) ਵੀ ਇਸੇ ਅੱਧੀ ਰਾਤ ਨੂੰ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। 25 ਤਾਰੀਖ ਨੂੰ ਸ਼ਾਮ 5 ਵਜੇ ਪੁਲਿਸ ਨੇ ਸਾਰੇ ਐਡੀਟਰ, ਕਾਤਿਬ, ਕੰਪੋਜ਼ੀਟਰ, ਮੈਨੇਜਰ ਵੀ ਗ੍ਰਿਫ਼ਤਾਰ ਕਰ ਲਏ। ਉਨ੍ਹਾਂ ਵਿਚ ਅਕਾਲੀ ਅਖ਼ਬਾਰ ਦੇ ਐਡੀਟਰ ਇੰਚਾਰਜ ਕਰਮ ਸਿੰਘ ਜ਼ਖ਼ਮੀ,

WWW.SIKHBOOKCLUB.COM

ਪ੍ਰਭਾਤ ਦੇ ਐਡੀਟਰ ਮਿ: ਭਨੋਟ, ਮਿ: ਸਰੂਰ ਅਤੇ ਕਾਤਿਬ ਸ਼ਿਵਦੇਵ ਸਿੰਘ ਵੀ ਸ਼ਾਮਿਲ ਸਨ। ਇਨ੍ਹਾਂ ਸਾਰਿਆਂ 12 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਜਲੰਧਰ ਕੋਤਵਾਲੀ ਤੋਂ ਹਵਾਲਾਤ ਵਿਚ ਭੇਜ ਦਿੱਤਾ ਗਿਆ। ਅਗਲੇ ਦਿਨ ਰਾਤ ਵੇਲੇ ਪੁਲਿਸ ਨੇ ਦੋਹਾਂ ਅਖ਼ਬਾਰਾਂ ਦੀਆਂ ਪ੍ਰੈੱਸਾਂ ਵੀ ਸੀਲ ਦਰ ਦਿੱਤੀਆਂ ਅਤੇ ਨਾਲ ਹੀ ਐਲਾਨ ਕਰ ਦਿਤਾ ਕੇ ਜਿਹੜੀ ਪ੍ਰੈੱਸ ਵੀ ਇਹਨਾਂ ਅਖ਼ਬਾਰਾਂ ਨੂੰ ਛਾਪੇਗੀ ਉਸ ਨੂੰ ਵੀ ਬੰਦ ਕਰ ਦਿੱਤਾ ਜਾਵੇਗਾ। ਉਨ੍ਹਾਂ ਸਾਰੇ ਸਟਾਫ਼ ਮੈਂਬਰਾਂ ਨੂੰ 107-51 ਹੇਠ ਗ੍ਰਿਫ਼ਤਾਰੀ ਦਿਖਾ ਕੇ ਜੇਲ੍ਹ ਭੇਜ ਦਿੱਤਾ ਗਿਆ। ਕਿਉਂਕਿ ਗ੍ਰਿਫ਼ਤਾਰ ਕੀਤੇ ਐਡੀਟਰ ਅਤੇ ਕਾਤਿਬਾਂ ਵਿਚੋਂ ਕੁਝ ਹਿੰਦੂ ਵੀ ਸਨ ਇਸ ਲਈ ਜਨਰਲਿਸਟ ਯੂਨੀਅਨ ਨੇ ਰੌਲਾ ਪਾ ਕੇ ਕੈਰੋਂ ਨੂੰ ਮਜਬੂਰ ਦਿੱਤਾ ਕਿ ਉਹ ਅਖ਼ਬਾਰਾਂ ਦੇ ਮੁਲਾਜ਼ਮਾਂ ਦੇ ਖ਼ਿਲਾਫ਼ ਦਰਜ ਕੀਤਾ ਮੁਕੱਦਮਾ ਵਾਪਸ ਲੈ ਲਵੇ ਅਤੇ ਉਹਨਾਂ ਐਡੀਟਰਾਂ ਨੂੰ ਰਿਹਾ ਕਰ ਦੇਵੇ। ਆਖ਼ਿਰ ਮਜਬੂਰ ਹੋ ਕੇ ਸਰਕਾਰ ਨੇ ਪ੍ਰੈੱਸ ਮੁਲਾਜ਼ਮਾਂ ਨੂੰ ਰਿਹਾ ਕਰ ਦਿੱਤਾ ਪਰ ਪ੍ਰੈੱਸ ਸੀਲ ਕੀਤੀ ਰੱਖੀ। ਇਸ ਸਬੰਧ ਵਿਚ ਹਾਈਕੋਰਟ ਵਿਚ ਇਕ ਕੇਸ ਦਾਇਰ ਕੀਤਾ ਗਿਆ। (8 ਜੂਨ ਦੇ ਦਿਨ ਹਾਈਕੋਰਟ ਦੇ ਹੁਕਮ ਨਾਲ ਅਕਾਲੀ ਅਖ਼ਬਾਰ ਛਪਣੀ ਸ਼ੁਰੂ ਹੋ ਗਈ ਪਰ ਜਦੋਂ 16 ਜੂਨ ਨੂੰ ਅਪੀਲ ਰੱਦ ਕਰ ਦਿੱਤੀ ਗਈ ਤਾਂ ਇਹ ਪ੍ਰੈੱਸਾਂ ਫਿਰ ਸੀਲ ਹੋ ਗਈਆਂ।) ਸਿਰਫ਼ ਅਕਾਲੀ ਅਤੇ ਪ੍ਰਭਾਤ ਹੀ ਨਹੀਂ ਅਕਾਲੀ ਪੱਤਰਕਾ ਜਲੰਧਰ, ਸੇਵਕ ਅੰਮ੍ਰਿਤਸਰ ਅਤੇ ਅੰਗਰੇਜ਼ੀ ਦੇ ਪੰਜਾਬ ਗਾਰਡੀਅਨ 'ਤੇ ਵੀ ਪਾਬੰਦੀ ਲਾ ਦਿੱਤੀ ਗਈ। ਸਭ ਤੋਂ ਧੱਕੇਸ਼ਾਹੀ ਵਾਲੀ ਗਲ ਇਹ ਸੀ ਕਿ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰੈੱਸ ਵੀ ਸੀਲ ਕਰ ਦਿੱਤੀ ਸੀ। ਸਰਕਾਰ ਨੇ ਇਸ ਸੰਬਧ ਵਿਚ ਇਹ ਬਹਾਨਾ ਬਣਾ ਲਿਆ ਸੀ ਕਿ ਇਕ ਆਦਮੀ ਨੇ ਪੁਲਿਸ ਨੂੰ ਲਿਖ ਕੇ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਪ੍ਰੈਸ ਵਿਚ ਉਸ ਦੀ ਹਿੱਸੇਦਾਰੀ ਹੈ।

ਸਰਕਾਰ ਨੇ ਪ੍ਰੈੱਸ ਦੀ ਆਜ਼ਾਦੀ ਦਾ ਗਲਾ ਘੁਟਣ ਵਾਸਤੇ ਇਹੋ ਜਿਹੀਆਂ ਹੋਛੀਆਂ ਅਤੇ ਹਾਸੋਹੀਣੀਆਂ ਹਰਕਤਾਂ ਕੀਤੀਆਂ। ਇਸ ਸਾਰੇ ਦਾ ਮਕਸਦ ਇਹ ਸੀ ਕਿ ਅਕਾਲੀ ਵਰਕਰਾਂ ਵਿਚ ਦਹਿਸ਼ਤ ਫੈਲ ਜਾਵੇ ਅਤੇ ਪੰਜਾਬੀ ਸੂਬੇ ਦੇ ਸਬੰਧੀ 12 ਜੂਨ ਨੂੰ ਜਲੂਸ ਨਾ ਨਿਕਲ ਸਕੇ। ਅਖ਼ਬਾਰ ਬੰਦ ਹੋਣ ਨਾਲ ਅਕਾਲੀ ਵਰਕਰਾਂ ਅਤੇ ਆਮ ਸਿੱਖਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਦੀਆਂ ਗ੍ਰਿਫ਼ਤਾਰੀਆਂ ਬਾਰੇ ਖ਼ਬਰਾਂ ਤੇ ਹੋਰ ਜਾਣਕਾਰੀ ਮਿਲਣੀ ਵੀ ਬੰਦ ਹੋ ਗਈ। ਇਸ ਨਾਲ ਅਕਾਲੀ ਦਲ ਦੇ ਪੈਗ਼ਾਮ ਭਾਵੇਂ ਲੋਕਾਂ ਵਿਚ ਨਾ ਪੁਜ ਸਕੇ ਪਰ ਇਸ ਦੇ ਬਾਵਜੂਦ ਲੋਕਾਂ ਵਿਚ ਦਲ ਵਾਸਤੇ ਯਕੀਨ ਪੂਰੀ ਤਰ੍ਹਾਂ ਕਾਇਮ ਰਿਹਾ। ਸਗੋਂ ਉਲਟਾ ਇਹ ਹੋਇਆ ਕਿ ਸਿੱਖਾਂ ਵਿਚ ਭਾਰੀ ਰੋਸ ਜਾਗਿਆ ਅਤੇ ਚੋਖੀ ਗਿਣਤੀ ਵਿਚ ਅਕਾਲੀ ਵਰਕਰ ਦਰਬਾਰ ਸਾਹਿਬ ਪੁਜਣੇ ਸ਼ੁਰੂ ਹੋ ਗਏ।

ਪੰਜਾਬੀ ਸੂਬੇ ਦੇ ਮੋਰਚੇ ਵਿਚ ਗ੍ਰਿਫ਼ਤਾਰੀਆਂ ਸ਼ੁਰੂ

ਮਿੱਥੇ ਹੋਏ ਐਲਾਨ ਮੁਤਾਬਿਕ 29 ਮਈ ਨੂੰ ਜਥਾ ਦਿਲੀ ਦੇ 12 ਜੂਨ ਦੇ ਜਲੂਸ

WWW.SIKHBOOKCLUB.COM

ਦੀ ਅਗਵਾਈ ਕਰਨ ਵਾਸਤੇ ਅਕਾਲ ਤਖ਼ਤ ਸਾਹਿਬ ਤੋਂ ਟੋਰਿਆ ਗਿਆ। ਇਸ ਜਥੇ ਦੀ ਅਗਵਾਈ ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ ਨੇ ਕੀਤੀ। ਜਥੇ ਦੇ ਟੁਰਨ ਵੇਲੇ ਅਕਾਲ ਤਖ਼ਤ ਸਾਹਿਬ 'ਤੇ 40 ਹਜ਼ਾਰ ਤੋਂ ਵੱਧ ਸਿੱਖ ਹਾਜ਼ਰ ਸਨ। ਇਸ ਜਥੇ ਨੇ ਅਕਾਲ ਤਖ਼ਤ ਸਾਹਿਬ 'ਤੇ ਪੁਰਅਮਨ ਰਹਿਣ ਦਾ ਪ੍ਰਣ ਕੀਤਾ ਅਤੇ ਅਰਦਾਸ ਕਰਨ ਮਗਰੋਂ ਹਜ਼ਾਰਾਂ ਸੰਗਤਾਂ ਨਾਲ ਇਹ ਜਥਾ ਜਲੂਸ ਦੀ ਸ਼ਕਲ ਵਿਚ ਦਰਬਾਰ ਸਾਹਿਬ ਤੋਂ ਚਲਿਆ। ਜਥਾ ਚਾਟੀਵਿੰਡ ਫਾਟਕ ਤਕ ਪੈਦਲ ਗਿਆ ਅਤੇ ਇਸ ਤੋਂ ਬਾਅਦ ਉਹ ਟਾਂਗਿਆਂ ਤੇ ਸਵਾਰ ਹੋ ਕੇ ਤਰਨਤਾਰਨ ਦੀ ਸੜਕ ਵਲ ਚਲ ਪਏ। ਉਸ ਵੇਲੇ ਤਕ ਸਰਕਾਰ ਨੇ ਜਥੇ ਦੀ ਗ੍ਰਿਫ਼ਤਾਰੀ ਵਾਸਤੇ ਕੋਈ ਤਿਆਰੀ ਨਹੀਂ ਕੀਤੀ ਹੋਈ ਸੀ। ਹੋਰ ਤਾਂ ਹੋਰ ਅਜੇ ਤਕ ਦਫ਼ਾ 144 ਵੀ ਨਹੀਂ ਸੀ ਲੱਗੀ। ਜਥਾ ਵਧਦਾ-ਵਧਦਾ ਕਾਹਮਾ ਦੇ ਪੁਲ ਤਕ ਪਹੁੰਚ ਪਿਆ। ਉਸ ਵੇਲੇ ਤਕ ਤਕਰੀਬਨ 10 ਹਜ਼ਾਰ ਸਿੱਖ ਵੀ ਜਥੇ ਦੇ ਨਾਲ ਚਲ ਰਹੇ ਸਨ।

ਜਦੋਂ ਜਥਾ ਗੁਰਦੁਆਰਾ ਸੰਗਰਾਣਾ ਸਾਹਿਬ ਦੇ ਕੋਲ ਪਹੁੰਚਿਆ ਤਾਂ ਸੈਂਕੜਿਆਂ ਦੀ ਗਿਣਤੀ ਵਿਚ ਪੁਲਿਸ ਉੱਥੇ ਹਾਜ਼ਿਰ ਸੀ। ਪੁਲਿਸ ਨੇ ਜਥੇ ਦੇ ਟਾਂਗਿਆਂ ਨੂੰ ਰੋਕ ਲਿਆ ਅਤੇ ਪ੍ਰਿੰਸੀਪਲ ਇਕਬਾਲ ਸਿੰਘ ਨੇ ਆਖਿਆ ਕਿ ਤੁਸੀਂ ਅਤੇ ਤੁਹਾਡਾ ਜਥਾ ਗ੍ਰਿਫ਼ਤਾਰ ਹੋ ਚੁੱਕੇ ਹੋ ਅਤੇ ਇਸ ਕਰ ਕੇ ਟਾਂਗਿਆਂ ਤੋਂ ਉਤਰ ਕੇ ਪੁਲਿਸ ਦੀਆਂ ਗੱਡੀਆਂ ਵਿਚ ਬੈਠ ਜਾਓ। ਜਦ ਪ੍ਰਿੰਸੀਪਲ ਇਕਬਾਲ ਸਿੰਘ ਨੇ ਉਨ੍ਹਾਂ ਕੋਲੋਂ ਗ੍ਰਿਫ਼ਤਾਰੀ ਦੇ ਵਾਰੰਟ ਮੰਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਗ੍ਰਿਫ਼ਤਾਰੀ ਦੇ ਵਾਰੰਟ ਮੰਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਗ੍ਰਿਫ਼ਤਾਰੀ ਟ੍ਰੈਫ਼ਿਕ ਐਕਟ ਹੇਠ ਕੀਤੀ ਗਈ ਹੈ ਕਿਉਂਕਿ ਤੁਹਾਡੇ ਜਥੇ ਨੇ ਸੜਕ ਉੱਤੇ ਆਵਾਜਾਈ ਵਿਚ ਰੁਕਾਵਟ ਪਾਈ ਹੈ।

ਇਸ ਗ੍ਰਿਫ਼ਤਾਰੀ ਵੇਲੇ ਪੁਲਿਸ ਦੀ ਲਾਰੀ 'ਤੇ ਇਕ ਪੱਥਰ ਵੱਜਿਆ। ਇਹ ਪੱਥਰ ਕਿਸੇ ਮਨਚਲੇ ਸ਼ਖ਼ਸ ਨੇ ਮਾਰਿਆ ਸੀ ਜਾਂ ਪੁਲਿਸ ਨੇ ਆਪ ਸਾਜ਼ਿਸ਼ ਕਰਵਾਈ ਸੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਪਰ ਪੁਲਿਸ ਨੇ ਪੱਥਰ ਵੱਜਣ ਦੇ ਬਾਅਦ ਜ਼ਬਰਦਸਤ ਲਾਠੀਚਾਰਜ ਸ਼ੁਰੂ ਕਰ ਦਿੱਤਾ। ਇਸ ਲਾਠੀਚਾਰਜ ਨਾਲ ਬਹੁਤ ਸਾਰੇ ਸਿੱਖ ਜ਼ਖ਼ਮੀ ਹੋਏ। ਲਾਠੀਚਾਰਜ ਦੇ ਪਿਛੋਂ ਪੁਲਿਸ ਨੇ 33 ਸਿੱਖ ਗ੍ਰਿਫ਼ਤਾਰ ਕਰ ਲਏ। ਇਨ੍ਹਾਂ ਸਿੱਖਾਂ ਨੂੰ ਪੁਲਿਸ ਨੇ ਕਾਤਲਾਨਾ ਹਮਲੇ ਕਰਨ ਦੇ ਇਲਜ਼ਾਮ ਵਿਚ, ਦਫ਼ਾ 307 ਹੇਠ, ਚਾਰਜ ਕਰ ਲਿਆ। ਸ਼ਾਮ ਵੇਲੇ ਕੈਰੋਂ ਨੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਦਫ਼ਾ 144 ਲਾਉਣ ਦਾ ਐਲਾਨ ਕਰ ਦਿਤਾ। ਇਸ ਦੇ ਨਾਲ ਹੀ ਅਕਾਲੀ ਦਲ ਵਲੋਂ ਅਗਲੇ ਦਿਨ ਤੋਂ ਬਕਾਇਦਾ ਜਥੇ ਭੇਜਣ ਦਾ ਐਲਾਨ ਕਰ ਦਿੱਤਾ ਗਿਆ।

30 ਮਈ 1960 ਤੋਂ ਹਰ ਰੋਜ਼ 11-11 ਸਿੱਖਾਂ ਦੇ ਜਥਿਆਂ ਨੇ ਗ੍ਰਿਫ਼ਤਾਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਕ ਹਫ਼ਤੇ ਮਗਰੋਂ ਸਿਰਫ਼ ਅੰਮ੍ਰਿਤਸਰ ਹੀ ਨਹੀਂ ਬਲਕਿ ਲੁਧਿਆਣਾ, ਪਟਿਆਲਾ ਅਤੇ ਹੋਰ ਸ਼ਹਿਰਾਂ ਵਿਚ ਵੀ ਪੰਜਾਬੀ ਸੂਬੇ ਮੋਰਚੇ ਵਾਸਤੇ ਜਥੇ ਗ੍ਰਿਫ਼ਤਾਰੀਆਂ ਦੇਣ ਲਗ ਪਏ। ਅੰਮ੍ਰਿਤਸਰ ਅਤੇ ਲੁਧਿਆਣਾ ਤੋਂ ਤਾਂ ਜਥੇ ਹਰ ਰੋਜ਼ ਗ੍ਰਿਫ਼ਤਾਰੀ ਦੇਣ ਵਾਸਤੇ ਆਪਣੇ ਆਪ ਨੂੰ ਪੇਸ਼ ਕਰਦੇ ਸਨ। ਹਾਲਾਂ ਕਿ

WWW.SIKHBOOKCLUB.COM

ਇਨ੍ਹਾਂ ਗ੍ਰਿਫ਼ਤਾਰੀਆਂ ਦਾ ਕੋਈ ਮਤਲਬ ਨਹੀਂ ਸੀ ਕਿਉਂਕਿ ਅਕਾਲੀ ਦਲ ਨੇ ਕੋਈ ਮੋਰਚਾ ਨਹੀਂ ਲਾਇਆ ਸੀ ਅਤੇ ਸਿਰਫ਼ 12 ਜੂਨ 1960 ਦੇ ਦਿਨ ਦਿਲੀ ਵਿਚ ਇਕ ਜਲੂਸ ਕੱਢਣ ਦਾ ਐਲਾਨ ਕੀਤਾ ਸੀ। ਪਰ ਜਦ ਪੁਲਿਸ ਨੇ ਧੱਕੇਸ਼ਾਹੀ ਤੇ ਜ਼ੁਲਮ ਦੀ ਹੱਦ ਕਰ ਦਿਤੀ ਤਾਂ ਅਕਾਲੀ ਦਲ ਨੇ 8 ਜੂਨ ਦੇ ਦਿਨ ਪੰਜਾਬ ਵਿਚ ਹੜਤਾਲ ਕਰਨ ਦਾ ਐਲਾਨ ਦਰ ਦਿੱਤਾ। ਇਸ ਹੜਤਾਲ ਦੇ ਨਾਂ 'ਤੇ ਛੋਟੇ ਤੋਂ ਛੋਟਾ ਕਾਂਗਰਸੀ ਅਤੇ ਜਨਸੰਘੀ ਜਿਸ ਵੀ ਸਿੱਖ ਵਲ ਉਂਗਲ ਕਰਦੇ, ਕੈਰੋਂ ਦੀ ਪੁਲਿਸ ਉਸ ਨੂੰ ਹੀ ਅਕਾਲੀ ਆਖ ਕੇ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਡੱਕ ਦਿੱਦੀ ਸੀ। ਪੰਜਾਬ ਵਿਚ ਗ੍ਰਿਫ਼ਤਾਰੀਆਂ ਏਨੀ ਤੇਜ਼ੀ ਨਾਲ ਹੋ ਰਹੀਆਂ ਸਨ 7 ਜੂਨ ਤਕ ਤਕਰੀਬਨ 5 ਹਜ਼ਾਰ ਸਿੱਖ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। ਇਨ੍ਹਾਂ ਗ੍ਰਿਫ਼ਤਾਰੀਆਂ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਬਹੁਤ ਬੁਲੰਦ ਸਨ। 8 ਜੂਨ ਦੇ ਦਿਨ ਪੰਜਾਬ ਦੇ ਹਰ ਸ਼ਹਿਰ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪੁਲਿਸ ਦੇ ਸਿਪਾਹੀ ਚੱਕਰ ਕੱਢਦੇ ਰਹੇ ਤਾਂ ਜੋ ਦੁਕਾਨਾਂ ਬੰਦ ਕਰਨ ਵਾਲੇ ਦੁਕਾਨਦਾਰਾਂ ਨੂੰ ਡਰਾ-ਧਮਕਾ ਕੇ ਦੁਕਾਨਾਂ ਖੁਲ੍ਹਵਾਈਆਂ ਜਾਣ। ਪੁਲਿਸ ਦੇ ਇਸ ਧੱਕੇ ਦੇ ਬਾਵਜੂਦ ਪੰਜਾਬ ਦੇ ਅੱਧੇ ਤੋਂ ਵੱਧ ਸਿੱਖ ਦੁਕਾਨਦਾਰਾਂ ਨੇ ਹੜਤਾਲ ਵਿਚ ਪੂਰਾ ਹਿੱਸਾ ਲਿਆ। *(ਜਿਨ੍ਹਾਂ ਨੂੰ ਮਗਰੋਂ ਜੱਟ ਲੀਡਰਾਂ ਨੇ 'ਭਾਪੇ' ਆਖ ਕੇ ਭੰਡਿਆ, ਉਨ੍ਹਾਂ ਵੱਲੋਂ ਇਹ ਹੜਤਾਲ ਕਰਨ ਦੀ ਜੁਰਅਤ ਬਦਲੇ ਉਨ੍ਹਾਂ ਨੂੰ ਕੈਰੋਂ ਦਾ ਬੜਾ ਜ਼ੁਲਮ ਸਹਿਣਾ ਪਿਆ)।*

ਉਧਰ ਭਾਰਤ ਅਤੇ ਪੰਜਾਬ ਸਰਕਾਰ ਨੇ 12 ਜੂਨ ਨੂੰ ਦਿਲੀ ਵਿਚ ਕੱਢੇ ਜਾਣ ਵਾਲੇ ਜਲੂਸ ਨੂੰ ਰੋਕਣ ਵਾਸਤੇ ਸਕੀਮਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਹਾਲਾਂਕਿ 15 ਦਿਨ ਪਹਿਲਾਂ ਡਿਪਟੀ ਕਮਿਸ਼ਨਰ ਦਿੱਲੀ ਨੂੰ ਜਲੂਸ ਕੱਢਣ ਵਾਸਤੇ ਦਰਖ਼ਾਸਤ ਦਿਤੀ ਜਾ ਚੁੱਕੀ ਸੀ ਪਰ ਪੰਜਾਬ ਦੇ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ, ਪੰਡਤ ਜਵਾਹਰ ਲਾਲ ਨਹਿਰੂ, ਪੰਡਤ ਪੰਤ ਵਗੈਰਾ ਸਾਰੇ ਜ਼ੋਰ ਲਾ ਰਹੇ ਸਨ ਕਿ ਜਾਂ ਤਾਂ ਇਹ ਜਲੂਸ ਨਿਕਲਣ ਨਾ ਦਿੱਤਾ ਜਾਵੇ ਅਤੇ ਜੇ ਜਲੂਸ ਨਿਕਲਣਾ ਸ਼ੁਰੂ ਵੀ ਹੋਵੇ ਤਾਂ ਉਸ ਜਲੂਸ ਵਿਚ ਸ਼ਾਮਲ ਹੋਣ ਵਾਲੇ ਸਿਖਾਂ ਨੂੰ ਏਨੀ ਕੁਟ-ਮਾਰ ਕੀਤੀ ਜਾਏ ਕਿ ਉਹ ਅਕਾਲੀ ਦਲ ਦੇ ਮੋਰਚਿਆਂ ਤੋਂ ਤੌਬਾ ਕਰ ਜਾਣ। (ਬੀ.ਐਨ. ਮਲਿਕ, *ਮਾਈ ਡੇਅਜ਼ ਵਿਦ ਨਹਿਰੂ*, ਸਫ਼ਾ 437 ਅਤੇ ਗੁਰਮੁਖ ਸਿੰਘ ਮੁਸਾਫ਼ਿਰ ਦਾ ਲੇਖ, *ਪੰਜ ਪਾਣੀ*, ਜੁਲਾਈ 1974)।

ਪੰਜਾਬ ਸਰਕਾਰ ਨੇ ਪੰਜਾਬ ਵਿਚ ਹਰ ਰੇਲਵੇ ਸਟੇਸ਼ਨ 'ਤੇ ਪੁਲਿਸ ਦਾ ਪਹਿਰਾ ਬਿਠਾ ਦਿੱਤਾ। ਜਿਹੜਾ ਸਿੱਖ ਵੀ ਦਿੱਲੀ ਦੀ ਟਿਕਟ ਲੈਂਦਾ ਸੀ ਉਸ ਨੂੰ ਰੋਕ ਕੇ ਉਸ ਦੀ ਪੁਛ-ਪੜਤਾਲ ਕੀਤੀ ਜਾਂਦੀ ਸੀ ਅਤੇ ਜੇ ਉਹ ਪੁਲਿਸ ਦੀ ਤੱਸਲੀ ਨਾ ਕਰਵਾ ਸਕਦਾ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਜਾਂਦਾ ਸੀ। ਅਜਿਹੇ ਪੁਲਿਸ ਪਹਿਰੇ ਬੱਸਾਂ ਦੇ ਅੱਡਿਆਂ ਤੇ ਵੀ ਲਾਏ ਗਏ ਸਨ। 9 ਤੋਂ 12 ਜੂਨ ਤਕ ਹਜ਼ਾਰਾਂ ਸਿੱਖਾਂ ਨੂੰ ਸਟੇਸ਼ਨਾਂ ਅਤੇ ਬੱਸ ਅੱਡਿਆਂ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਕੱਲੀ 11 ਤਾਰੀਖ਼ ਨੂੰ ਦੋ ਹਜ਼ਾਰ ਤੋਂ ਵੱਧ ਸਿੱਖ ਸਿਰਫ਼ ਦਿੱਲੀ-ਪੰਜਾਬ ਸਰਹੱਦ 'ਤੇ ਗ੍ਰਿਫ਼ਤਾਰ ਕੀਤੇ ਗਏ ਸਨ।

ਦਿੱਲੀ ਵਿਚ ਵੀ ਸੈਂਕੜਿਆਂ ਦੀ ਗਿਣਤੀ ਵਿਚ ਅਕਾਲੀ ਲੀਡਰ ਅਤੇ

WWW.SIKHBOOKCLUB.COM

ਵਰਕਰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਭੇਜ ਦਿੱਤੇ ਗਏ ਪਰ ਰਛਪਾਲ ਸਿੰਘ ਜਥੇਦਾਰ ਜਗਤਾਰ ਸਿੰਘ ਅਤੇ ਉਨ੍ਹਾਂ ਦੇ ਕਈ ਹੋਰ ਸਾਥੀ ਪੁਲਿਸ ਨੂੰ ਝਕਾਨੀ ਦੇ ਕੇ ਗੁਰਦੁਆਰਾ ਸੀਸ ਗੰਜ ਵਿਚ ਪਹੁੰਚ ਗਏ ਅਤੇ ਐਲਾਨ ਕੀਤਾ ਕਿ 12 ਜੂਨ ਦਾ ਜਲੂਸ ਹਰ ਹਾਲਤ ਵਿਚ ਕੱਢਿਆ ਜਾਵੇਗਾ। 10 ਜੂਨ ਨੂੰ ਦਿੱਲੀ ਦੇ ਡਿਪਟੀ ਕਮਿਸ਼ਨਰ ਬੈਨਰਜੀ ਨੇ ਸਿੱਖਾਂ ਦੇ ਜਲੂਸ 'ਤੇ ਪਾਬੰਦੀ ਲਾ ਦਿਤੀ। ਉਧਰ ਪੰਜਾਬ ਸਰਕਾਰ ਨੇ ਵੀ ਇਸ ਜਲੂਸ ਨੂੰ ਨਾ ਨਿਕਲਣ ਦੇਣ ਦਾ ਐਲਾਨ ਕਰ ਦਿੱਤਾ ਅਤੇ ਇਸ ਦੇ ਨਾਲ ਹੀ ਪੰਜਾਬ ਅਤੇ ਦਿੱਲੀ ਵਿਚਕਾਰਲੀ ਸਰਹੱਦ ਸੀਲ ਕਰ ਦਿੱਤੀ ਗਈ। ਦਿੱਲੀ ਦੇ ਸਾਰੇ ਪਾਸੇ ਪੁਲੀਸ ਨੇ ਨਾਕੇ ਲਾ ਲਏ। ਸਿਰਫ਼ ਗੱਡੀਆਂ ਅਤੇ ਬੱਸਾਂ ਹੀ ਨਹੀਂ, ਬਲਕਿ ਦਿੱਲੀ ਵਲ ਸਾਈਕਲਾਂ 'ਤੇ ਆਉਣ ਵਾਲੇ ਅਤੇ ਪੈਦਲ ਦਾਖ਼ਿਲ ਹੋਣ ਵਾਲੇ ਵੀ ਗ੍ਰਿਫ਼ਤਾਰ ਕੀਤੇ ਜਾਣ ਲੱਗ ਪਏ। ਹੋਰ ਤਾਂ ਹੋਰ ਕਚਹਿਰੀਆਂ ਵਿਚ ਪੇਸ਼ੀ 'ਤੇ ਆਉਣ ਵਾਲੇ ਸਿੱਖ ਵੀ ਗ੍ਰਿਫ਼ਤਾਰ ਹੁੰਦੇ ਰਹੇ।

ਪੁਲਿਸ ਦੀ ਇਸ ਧੱਕੇਸ਼ਾਹੀ ਨੂੰ ਵੇਖ ਕੇ ਕਈ ਸਿੱਖਾਂ ਨੇ ਚਾਲਾਕੀ ਵਾਲੇ ਤਰੀਕੇ ਅਪਣਾਉਣੇ ਸ਼ੁਰੂ ਕਰ ਦਿੱਤੇ। ਕਈਆਂ ਨੇ ਇਕ ਨੌਜਵਾਨ ਮੁੰਡੇ ਨੂੰ ਸਿਹਰਾ ਬੰਨ੍ਹ ਕੇ ਅਤੇ ਬਰਾਤੀਆਂ ਦੀ ਸ਼ਕਲ ਵਿਚ, ਬੱਸ ਭਰ ਕੇ, ਜਥੇ ਲਿਆਉਣੇ ਸ਼ੁਰੂ ਕਰ ਕਿਤੇ। ਪੁਲਿਸ ਇਸ ਚਾਲ ਨੂੰ ਸਮਝ ਨਾ ਸਕੀ ਅਤੇ ਇਸ ਤਰ੍ਹਾਂ ਹਜ਼ਾਰਾਂ ਸਿੱਖ ਜਾਂਵੀਆਂ ਦੀ ਸ਼ਕਲ ਵਿਚ ਦਿੱਲੀ ਵਿਚ ਦਾਖਿਲ ਹੋਣ ਵਿਚ ਕਾਮਯਾਬ ਹੋ ਗਏ। 12 ਜੂਨ ਦੀ ਸਵੇਰ ਤਕ ਸੀਸ ਗੰਜ ਗੁਰਦੁਆਰੇ ਦੇ ਨੇੜੇ ਦੀ ਗਰਾਊਂਡ ਦੇ ਨੇੜੇ ਸਿੱਖਾਂ ਦੇ ਸਿਰਾਂ ਦਾ ਠਾਠਾ ਮਾਰਦਾ ਸਮੁੰਦਰ ਨਜ਼ਰ ਆ ਰਿਹਾ ਸੀ।

ਦਿੱਲੀ ਵਿਚ ਸਿੱਖਾਂ 'ਤੇ ਕਹਿਰ

12 ਜੂਨ ਦੇ ਦਿਨ ਜਲੂਸ ਸ਼ਾਮ ਚਾਰ ਵਜੇ ਨਿਕਲਣਾ ਸੀ। ਦੁਪਹਿਰੇ 12 ਵਜੇ ਦੇ ਕਰੀਬ 10 ਤੋਂ 20 ਹਜ਼ਾਰ ਤਕ ਸਿੱਖ ਗੁਰਦੁਆਰਾ ਸੀਸ ਗੰਜ ਪੁੱਜ ਚੁਕੇ ਸਨ। ਸੀਸ ਗੰਜ ਦੇ ਨੇੜੇ ਦੀ ਗਰਾਊਂਡ ਵਿਚ ਇਕ ਧਾਰਮਿਕ ਸਮਾਗਮ ਚਲ ਰਿਹਾ ਸੀ। ਅੱਧੇ ਘੰਟੇ ਮਗਰੋਂ ਪੁਲੀਸ ਨੇ ਇਸ ਗਰਾਊਂਡ ਨੂੰ ਵੀ ਘੇਰਾ ਪਾ ਲਿਆ।

ਪੁਲਿਸ ਸਮਾਗਮ ਵਿਚ ਲੱਗੇ ਲਾਊਡ ਸਪੀਕਰ ਵੀ ਖੋਹ ਕੇ ਲੈ ਗਈ। ਪੁਲੀਸ ਨੇ ਬਹਾਨਾ ਲਾਇਆ ਕਿ ਸਿੱਖਾਂ ਨੇ ਲਾਊਡ ਸਪੀਕਰ ਵਜਾਉਣ ਦੀ ਇਜਾਜ਼ਤ ਨਹੀਂ ਲਈ ਹੋਈ। ਉਧਰ ਸਵੇਰ ਤੋਂ ਹੀ ਗੁਰਦੁਆਰਾ ਸੀਸ ਗੰਜ ਵਿਚ ਸਿੱਖਾਂ ਦੀ ਗਿਣਤੀ ਵੱਧਦੀ ਜਾ ਰਹੀ ਸੀ। ਦੁਪਹਿਰ ਇਕ ਵਜੇ ਤਕ ਹਾਲਤ ਇਹ ਹੋ ਗਈ ਸੀ ਕਿ ਗੁਰਦੁਆਰੇ ਦੇ ਅੰਦਰ ਤਿਲ ਧਰਨ ਦੀ ਜਗ੍ਹਾ ਵੀ ਨਹੀਂ ਬਚੀ ਸੀ। ਜਲੂਸ ਦਾ ਵਕਤ ਸ਼ਾਮ 4 ਵਜੇ ਦਾ ਐਲਾਨ ਕੀਤਾ ਗਿਆ ਸੀ। ਇਕ ਵਜੇ ਤਕ ਗੁਰਦੁਆਰੇ ਦੇ ਨਾਲ ਲਗਦੀ ਕੋਤਵਾਲੀ ਵਿਚ ਭਾਰੀ ਗਿਣਤੀ ਵਿਚ ਪੁਲਿਸ ਬਿਠਾ ਕੇ ਘੰਟਾ ਘਰ ਦੇ ਬਾਹਰ ਵੀ ਪੁਲੀਸ ਨੇ ਛਾਉਣੀ ਪਾ ਲਈ ਰੇਲਵੇ ਸਟੇਸ਼ਨ ਤੋਂ ਫ਼ਤਹਿਪੁਰੀ ਤੇ ਇਧਰ ਲਾਲ ਕਿਲ੍ਹੇ ਤਕ ਸੈਂਕੜਿਆਂ ਦੀ ਗਿਣਤੀ ਵਿਚ ਘੋੜ ਸਵਾਰ ਪੁਲੀਸੀਏ ਦਗੜ-ਦਗੜ ਕਰਦੇ ਫਿਰ ਰਹੇ ਸਨ।

ਇਸ ਹਾਲਤ ਵਿਚ ਸਿੱਖਾਂ ਵਿਚ ਹੋਰ ਵੀ ਰੋਹ ਪੈਦਾ ਹੋ ਰਿਹਾ ਸੀ। ਸਿੱਖ ਪੁਲਿਸ

WWW.SIKHBOOKCLUB.COM

ਨਾਲ ਹੱਥੋ-ਪਾਈ ਹੋਣ ਦੇ ਮੂਡ ਵਿਚ ਨਜ਼ਰ ਆਉਂਦੇ ਸਨ। ਉੱਥੇ ਕੈਰੋਂ ਸਰਕਾਰ ਦਾ ਵਜ਼ੀਰ ਗਿਆਨੀ ਕਰਤਾਰ ਸਿੰਘ, ਜਥੇਦਾਰ ਸੰਤੋਖ ਸਿੰਘ ਦਿੱਲੀ ਅਤੇ ਉਸ ਦੇ ਕੁਝ ਸਾਥੀ ਵੀ ਡੇਰਾ ਲਾਈ ਬੈਠੇ ਸਨ। ਦੁਪਹਿਰ 2 ਵਜੇ ਤਕ ਗੁਰਦੁਆਰਾ ਸੀਸ ਗੰਜ ਵਿਚ 30 ਹਜ਼ਾਰ ਤੋਂ ਵੱਧ ਸਿੱਖ ਇਕੱਠੇ ਹੋ ਚੁਕੇ ਸਨ। ਏਨੀ ਗਿਣਤੀ ਵਿਚ ਸਿੱਖਾਂ ਨੂੰ ਇਕੱਠੇ ਹੋਏ ਵੇਖ ਕੇ ਦਿੱਲੀ ਅਤੇ ਪੰਜਾਬ ਦੇ ਅਫ਼ਸਰ ਅਤੇ ਸਾਰੇ ਕਾਂਗਰਸੀ ਆਗੂ ਘਬਰਾ ਗਏ। ਉਨ੍ਹਾਂ ਅੰਦਰ ਇਕ ਤਾਂ ਡਰ ਸੀ ਕਿ ਜੇ ਸਿੱਖ ਧੱਕੇ ਨਾਲ ਜਲੂਸ ਕੱਢਣ ਵਿਚ ਕਾਮਯਾਬ ਹੋ ਗਏ ਤਾਂ ਸਰਕਾਰ ਤੇ ਪੁਲਿਸ ਦੀ ਬੇਇਜ਼ਤੀ ਹੋਵੇਗੀ ਅਤੇ ਜੇ ਜਲੂਸ ਰੋਕਣ ਵਾਸਤੇ ਲਾਠੀਚਾਰਜ, ਅਥਰੂ ਗੈਸ ਜਾਂ ਗੋਲੀ ਚਲਾਉਣ ਦੀ ਹਰਕਤ ਕੀਤੀ ਗਈ ਤਾਂ ਇਸ ਕਾਰਵਾਈ ਦਾ ਵੀ ਸਿੱਖਾਂ ਨੂੰ ਫ਼ਾਇਦਾ ਹੋਵੇਗਾ ਅਤੇ ਸਰਕਾਰ ਦੇ ਖ਼ਿਲਾਫ਼ ਰੋਸ ਹੋਰ ਵਧੇਗਾ। ਕਾਬਲੇ-ਜ਼ਿਕਰ ਗੱਲ ਤਾਂ ਇਹ ਹੈ ਕਿ ਇਸ ਮੌਕੇ 'ਤੇ ਦੁਨੀਆਂ ਭਰ ਦੇ ਅਖ਼ਬਾਰਾਂ ਦੇ ਨਾਮਾਨਿਗਾਰ ਤੇ ਪ੍ਰੈੱਸ ਫ਼ੋਟੋਗਰਾਫ਼ਰ ਪੁੱਜੇ ਹੋਏ ਸਨ। ਉਸ ਜਗ੍ਹਾ ਲਗੇ ਇਕ ਸਪੀਕਰ ਤੋਂ ਅਚਾਨਕ ਐਲਾਨ ਕੀਤਾ ਗਿਆ ਕਿ ਸਰਕਾਰ ਨੇ ਜਲੂਸ ਕੱਢਣ ਦੀ ਇਜਾਜ਼ਤ ਦੇ ਦਿੱਤੀ ਹੈ।

ਇਸ 'ਤੇ ਸਿੱਖ ਜੈਕਾਰੇ ਗਜਾਉਂਦੇ ਹੋਏ ਲਾਲ ਕਿਲ੍ਹੇ ਵਲ ਵਧੇ। ਥੋੜ੍ਹੀ ਦੂਰ 'ਤੇ ਪੁਲਿਸ ਭਾਰੀ ਗਿਣਤੀ ਵਿਚ ਖੜੀ ਹੋਈ ਸੀ। ਜਿਉਂ ਹੀ ਜਲੂਸ ਉੱਥੇ ਪਹੁੰਚਿਆ ਪੁਲਿਸ ਨੇ ਸਿੱਖਾਂ ਨੂੰ ਫੜ ਕੇ ਪੁਲਿਸ ਦੀਆਂ ਗੱਡੀਆਂ ਵਿਚ ਭਰਨਾ ਸ਼ੁਰੂ ਕਰ ਦਿੱਤਾ। ਕੁਝ ਹੀ ਮਿੰਟਾਂ ਵਿਚ ਸੈਂਕੜੇ ਸਿੱਖ ਗ੍ਰਿਫ਼ਤਾਰ ਕਰ ਕੇ ਜੇਲ੍ਹ ਪਹੁੰਚਾ ਦਿਤੇ ਗਏ। ਦਰਅਸਲ ਜਲੂਸ ਦਾ ਇਹ ਰੂਟ ਨਹੀਂ ਸੀ। ਜਲੂਸ ਨੇ ਘੰਟਾ ਘਰ ਵੱਲੋਂ ਜਾਣਾ ਸੀ। ਸ਼ਾਮ ਦੇ 4 ਵਜੇ, ਦੱਸੇ ਹੋਏ ਵਕਤ 'ਤੇ, ਹਰਬੰਸ ਸਿੰਘ (ਫ਼ਰੰਟੀਅਰ ਮੇਲ) ਦੀ ਅਗਵਾਈ ਹੇਠ 4 ਸਿੱਖਾਂ ਦਾ ਪਹਿਲਾਂ ਜਥਾ ਕਾਲੇ ਚੋਲੇ ਪਾ ਕੇ ਨਿਕਲਿਆ ਅਤੇ ਪਾਠ ਕਰਦਾ ਹੋਇਆ ਘੰਟਾਘਰ ਵਲ ਚਲ ਪਿਆ। ਥੋੜ੍ਹੀ ਦੂਰ ਜਾ ਕੇ ਉਨ੍ਹਾਂ ਦਾ ਸਾਹਮਣਾ ਪੁਲਿਸ ਦੀ ਵੱਡੀ ਧੜੇ ਨਾਲ ਹੋਇਆ। ਜਥੇ ਦੇ ਪਿਛੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਪਾਠ ਕਰਦੇ ਹੋਏ ਆ ਰਹੇ ਸਨ। ਦਿੱਲੀ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮਿਲੀਆਂ ਹਦਾਇਤਾਂ ਮੁਤਾਬਿਕ ਪੁਲਿਸ ਨੇ ਇਕ ਦਮ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ। ਘੰਟਾਘਰ ਤੋਂ ਲਾਲ ਕਿਲ੍ਹਾ ਤਕ ਇਕ ਪਾਸੇ, ਅਤੇ ਫ਼ਤਿਹਪੁਰੀ ਤਕ ਦੂਜੇ ਪਾਸੇ ਲਾਠੀਚਾਰਜ ਅਤੇ ਟੀਅਰ ਗੈਸ ਦੇ ਗੋਲਿਆਂ ਦਾ ਮੀਂਹ ਵਰ੍ਹਨ ਲਗ ਪਿਆ। ਪੁਲਿਸ ਨੇ ਇਸ ਇਲਾਕੇ ਵਿਚ ਕਿਸੇ ਵੀ ਸਿੱਖ ਨੂੰ ਨਾ ਬਖ਼ਸ਼ਿਆ। ਗੁਰਦੁਆਰਾ ਸੀਸ ਗੰਜ ਦੇ ਸਾਹਮਣੇ ਆ ਕੇ ਵੀ ਪੁਲਿਸ ਨੇ ਪੁਰਅਮਨ ਖੜੇ ਹੋਏ ਸਿੱਖਾਂ 'ਤੇ ਲਾਠੀਚਾਰਜ ਕੀਤਾ। ਇਸ ਲਾਠੀਚਾਰਜ ਨਾਲ ਸੈਂਕੜੇ ਸਿੱਖ ਜ਼ਖ਼ਮੀ ਹੋ ਗਏ।

ਲਾਠੀਚਾਰਚ ਅਤੇ ਟੀਅਰਗੈਸ ਤੋਂ ਬਾਅਦ ਪੁਲਿਸ ਦੇ ਸੈਂਕੜੇ ਘੋੜ-ਸਵਾਰ ਸਿਪਾਹੀਆਂ ਨੇ ਗਰਾਊਂਡ ਦੇ ਨਾਲ ਲਗਦੀਆਂ ਸਾਰੀਆਂ ਦੀਆਂ ਸੜਕਾਂ ਤੇ ਦਗੜ-ਦਗੜ ਕਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਸਿੱਖ ਘੋੜਿਆਂ ਦੀਆਂ ਸੁੰਮਾਂ ਨਾਲ ਜ਼ਖ਼ਮੀ ਕੀਤੇ ਗਏ। ਇਸ ਦੇ ਨਾਲ ਹੀ ਪੈਦਲ ਅਤੇ ਜੀਪਾਂ 'ਤੇ ਸਵਾਰ ਪੁਲਿਸ ਵੀ

WWW.SIKHBOOKCLUB.COM

ਸਾਰੇ ਪਾਸੇ ਲਾਠੀਚਾਰਜ ਕਰਦੀ ਰਹੀ। ਟੀਅਰ ਗੈਸ ਸ਼ਾਮ ਦੇਰ ਤਕ ਚਲਾਈ ਜਾਂਦੀ ਰਹੀ। ਪੁਲਿਸ ਦੀ ਦਹਿਸ਼ਤ ਦੀ ਹੱਦ ਏਥੋਂ ਤਕ ਸੀ ਕਿ ਜ਼ਖ਼ਮੀ ਹੋਏ ਅਤੇ ਸ਼ਹੀਦ ਹੋਏ ਸਿੱਖਾਂ ਨੂੰ ਵੀ ਪੁਲਿਸ ਨੇ ਲਾਰੀਆਂ ਵਿਚ ਸੁੱਟਿਆ ਅਤੇ ਠਾਣੇ ਲੈ ਗਈ। ਇਕ ਅੰਦਾਜ਼ੇ ਮੁਤਾਬਿਕ ਘੱਟੋ-ਘੱਟ ਇਕ ਦਰਜਨ ਸਿੱਖ ਸ਼ਹੀਦ ਹੋਏ। ਜਦਕਿ ਪੁਲਿਸ ਨੇ ਸਿਰਫ਼ 2 ਸਿੱਖਾਂ ਦੀ ਸ਼ਹੀਦੀ ਨੂੰ ਮੰਨਿਆ। ਸਿੱਖ ਸੋਮਿਆਂ ਮੁਤਾਬਿਕ ਇਕ ਹਜ਼ਾਰ ਤੋਂ 12 ਸੌ ਤਕ ਸਿੱਖ ਪੁਲਿਸ ਦੀਆਂ ਲਾਠੀਆਂ ਅਤੇ ਘੋੜਿਆਂ ਦੀਆਂ ਸੁੰਮਾਂ ਹੇਠ ਦਰੜੇ ਜਾਣ ਕਰ ਕੇ ਜ਼ਖ਼ਮੀ ਹੋਏ।

ਪੁਲਿਸ ਦੇ ਜ਼ੁਲਮ ਦੀ ਹੱਦ ਏਥੋਂ ਤਕ ਸੀ ਕਿ ਜਿੱਥੇ ਵੀ ਕੋਈ ਪੱਗ ਵਾਲਾ ਨਜ਼ਰ ਆਉਂਦਾ ਸੀ ਉਸ ਨੂੰ ਲਾਠੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ ਜਾਂਦਾ ਸੀ। ਇਕ ਅੰਦਾਜ਼ੇ ਮੁਤਾਬਿਕ ਸੀਸ ਗੰਜ ਗੁਰਦੁਆਰੇ ਤੋਂ ਤਿੰਨ ਕਿਲੋਮੀਟਰ ਦੂਰ ਤਕ ਸੜਕਾਂ ਅਤੇ ਗਲੀਆਂ ਵਿਚ ਪੁਲਿਸ ਨੇ ਸਿੱਖਾਂ ਦਾ ਸ਼ਿਕਾਰ ਕੀਤਾ। ਪੁਲਿਸ ਨੂੰ ਪੱਗ ਵਾਲਿਆਂ ਨਾਲ ਏਨੀ ਨਫ਼ਰਤ ਸੀ ਕਿ ਇਕ ਮੁਸਲਮਾਨ ਮੌਲਵੀ, ਜਿਸ ਨੇ ਪੱਗ ਬੰਨ੍ਹੀ ਹੋਈ ਸੀ, ਵੀ ਪੁਲਿਸ ਦੇ ਜ਼ੁਲਮ ਦਾ ਸ਼ਿਕਾਰ ਹੋਇਆ। ਪੁਲਿਸ ਪਾਗਲਾਂ ਵਾਂਗ ਸਿੱਖਾਂ 'ਤੇ ਹਮਲੇ ਕਰ ਰਹੀ ਸੀ। ਸਿੱਖਾਂ ਨੂੰ ਦੁਕਾਨਾਂ ਤੇ ਹੋਟਲਾਂ ਵਿਚੋਂ ਕੱਢ ਕੇ ਵੀ ਕੁੱਟਿਆ ਜਾ ਰਿਹਾ ਸੀ। ਇਕ ਰਿਕਸ਼ਾ ਡਰਾਈਵਰ, ਜੋ ਸਵਾਰੀਆਂ ਲੱਭ ਰਿਹਾ ਸੀ, ਨੂੰ ਵੀ ਪੁਲਿਸ ਨੇ ਬੁਰੀ ਤਰ੍ਹਾਂ ਕੁੱਟਿਆ-ਮਾਰਿਆ ਤੇ ਫਿਰ ਜੇਲ੍ਹ ਵਿਚ ਸੁੱਟ ਦਿੱਤਾ, ਜਿੱਥੇ ਉਹ ਸ਼ਹੀਦ ਹੋ ਗਿਆ। ਗੁਰਦੁਆਰਾ ਸੀਸ ਗੰਜ ਦੇ ਕੋਲ ਇਕ ਮੁਹੱਲੇ ਵਿਚ ਇਕ ਸਿੱਖ ਕਿਸੇ ਦੁਕਾਨ ਤੋਂ ਸੋਡਾ ਖਰੀਦ ਰਿਹਾ ਸੀ। ਇਕ ਪੁਲਸੀਏ ਨੇ ਉਸ ਦੇ ਕੋਲ ਜਾ ਕੇ ਉਸ ਨੂੰ ਬੁਰੀ ਤਰ੍ਹਾਂ ਮਾਰਿਆ। ਉਹ ਕਹਿਣ ਲੱਗਾ ''ਮੈਂ ਇਕ ਪ੍ਰੋਫ਼ੈਸਰ ਹਾਂ ਤੇ ਮੈਂ ਜਲੂਸ ਵਿਚ ਸ਼ਾਮਿਲ ਨਹੀਂ ਹਾਂ।'' ਪੁਲਿਸ ਵਾਲੇ ਨੇ ਉਸ ਨੂੰ ਮਾਰਨਾ ਜਾਰੀ ਰੱਖਿਆ ਅਤੇ ਆਖਿਆ: ''ਤੁਮ ਪ੍ਰੋਫ਼ੈਸਰ ਹੋ ਜਾਂ ਕੁਛ ਔਰ, ਸਾਲੇ ਸਿੱਖ ਤੋ ਹੈ।''

ਸ਼ਾਮ ਸੱਤ ਵਜੇ ਪੁਲਿਸ ਨੇ ਗੁਰਦੁਆਰਾ ਸੀਸ ਗੰਜ ਨੂੰ ਸੀਲ ਕਰ ਦਿੱਤਾ। ਇਸ ਸਬੰਧ ਵਿਚ ਆਲ ਇੰਡੀਆ ਰੇਡੀਓ ਤੋਂ ਵੀ ਖ਼ਬਰਾਂ ਦੇ ਬੁਲਿਟਨ ਵਿਚ ਐਲਾਨ ਕਰ ਦਿੱਤਾ ਗਿਆ ਸੀ। ਪਰ ਥੋੜ੍ਹੀ ਦੇਰ ਮਗਰੋਂ ਹੀ ਸਰਕਾਰ ਨੇ ਡਰਦਿਆਂ ਗੁਰਦੁਆਰੇ ਦਾ ਦਰਵਾਜ਼ਾ ਖੋਲ੍ਹ ਦਿੱਤਾ।

12 ਜੂਨ ਦੀ ਅੱਧੀ ਰਾਤ ਤੱਕ ਸਿੱਖਾਂ ਦੇ ਜਥੇ ਗ੍ਰਿਫ਼ਤਾਰੀ ਵਾਸਤੇ ਜਾਂਦੇ ਰਹੇ। ਪੰਡਤ ਨਹਿਰੂ ਦੇ ਸੈਕਟਰੀ ਬੀ.ਐਨ. ਮਲਿਕ ਨੇ ਅੱਖੀਂ ਡਿੱਠੇ ਹਾਲ ਵਿਚ ਦੱਸਿਆ ਹੈ ਕਿ ਹੋਮ ਸੈਕਟਰੀ ਝਾਅ ਚਾਹੁੰਦਾ ਸੀ ਕਿ ਸਿੱਖਾਂ ਦਾ ਇਹ ਜਲੂਸ ਨਿਕਲ ਲੈਣ ਦੇਣਾ ਚਾਹੀਦਾ ਹੈ ਕਿਉਂਕਿ ਇਸ ਦੇ ਨਾਲ ਕੋਈ ਫ਼ਰਕ ਨਹੀਂ ਪਵੇਗਾ। ਪਰ ਪੰਡਤ ਨਹਿਰੂ ਨੇ ਹੋਮ ਸੈਕਟਰੀ ਨੂੰ ਝਿੜਕ ਮਾਰੀ ਕਿ ਉਹ ਮਨਿਸਟਰ ਪੰਡਿਤ ਪੰਤ ਨੂੰ ਕਮਜ਼ੋਰ ਨਾ ਕਰੇ। ਕੈਰੋਂ ਨੇ ਇਸ ਜਲੂਸ ਤੇ ਪਾਬੰਦੀ ਲਾਈ ਹੋਈ ਹੈ ਅਤੇ ਅਸੀਂ ਇਸ ਦੀ ਇਜਾਜ਼ਤ ਨਹੀਂ ਦੇਵਾਂਗੇ। ਉਹ ਮੰਨਦਾ ਹੈ ਕਿ ਪੁਲਿਸ ਦਾ

WWW.SIKHBOOKCLUB.COM

ਬੇਹਿਸਾਬ ਜ਼ੁਲਮ ਵੀ ਸਿੱਖਾਂ ਦੇ ਰੋਹ ਨੂੰ ਰੋਕ ਨਾ ਸਕਿਆ (ਬੀ.ਐਨ. ਮਲਿਕ, *ਮਾਈ ਡੇਅਜ਼ ਵਿਦ ਨਹਿਰੂ*, ਸਫ਼ਾ 437)।

ਇਸ ਜ਼ੁਲਮ ਨੇ 1922 ਵਿਚ ਸਿੱਖਾਂ ਤੇ ਗੁਰੂ ਦਾ ਬਾਗ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਹੋਏ ਜ਼ੁਲਮ ਦੀ ਯਾਦ ਤਾਜ਼ਾ ਕਰਵਾ ਦਿੱਤੀ। ਦੁਨੀਆਂ ਭਰ ਦੇ ਪ੍ਰੈਸ ਨੇ ਇਸ ਦੀ ਜ਼ਬਰਦਸਤ ਨਿੰਦਾ ਕੀਤੀ। *ਬੀ.ਬੀ.ਸੀ.* ਨੇ ਸਿੱਖਾਂ 'ਤੇ ਜ਼ੁਲਮ ਦੀ ਤਸਵੀਰ ਲੋਕਾਂ ਤਕ ਪਹੁੰਚਾਈ। ਪਾਕਿਸਤਾਨ ਦੀਆਂ ਅਖ਼ਬਾਰਾਂ *ਇਮਰੋਜ਼* ਅਤੇ *ਪਾਕਿਸਤਾਨ ਟਾਈਮਜ਼* ਲਗਾਤਾਰ ਤਿੰਨ ਦਿਨ ਇਸ ਜ਼ੁਲਮ ਬਾਰੇ ਲਿਖਦੀਆਂ ਰਹੀਆਂ। *ਨਿਊਯਾਰਕ ਟਾਈਮਜ਼* ਨੇ ਲਿਖਿਆ: ''ਮੇਰੀਆਂ ਅੱਖਾਂ ਸਾਹਮਣੇ ਬੇਗੁਨਾਹ ਸਿੱਖਾਂ ਨੂੰ ਬੇਰਹਿਮੀ ਨਾਲ ਕੁੱਟਿਆ-ਮਾਰਿਆ ਗਿਆ।

ਵਾਸ਼ਿੰਗਟਨ ਪੋਸਟ ਅਖ਼ਬਾਰ ਨੇ ਵੀ ਲਿਖਿਆ: ''ਪੁਲਿਸ ਨੇ ਗਰਾਊਂਡ ਵਿਚ ਵਰਤ ਰਹੇ ਲੰਗਰ ਵਿਚ ਵੜ ਕੇ ਸਿੱਖਾਂ ਨੂੰ ਕੁੱਟਿਆ-ਮਾਰਿਆ।'' ਅੰਗਰੇਜ਼ੀ ਅਖ਼ਬਾਰ *ਗਾਰਡੀਅਨ* ਨੇ ਲਿਖਿਆ ਕਿ ''12 ਜੂਨ ਦੀ ਘਟਨਾ ਪੰਡਤ ਨਹਿਰੂ ਦੀ ਦੇਖ-ਰੇਖ ਵਿਚ ਹੋਈ।'' ਭਾਰਤ ਦੀ ਅਖ਼ਬਾਰ *ਬਲਿਟਜ਼* ਨੇ ਲਿਖਿਆ: ਸਰਕਾਰ ਵੱਲੋਂ ਪਾਬੰਦੀ ਬੇਵਕੂਫ਼ੀ ਭਰੀ ਅਤੇ 'ਸਿੱਖਾਂ ਨੂੰ ਸਬਕ ਸਿਖਾਉਣ' ਵਾਸਤੇ ਲਾਈ ਗਈ ਸੀ। 5 ਹਜ਼ਾਰ ਸਿਪਾਹੀਆਂ ਵਲੋਂ ਗੁਰਦੁਆਰੇ ਦੇ ਆਲੇ ਦੁਆਲੇ ਘੇਰਾ ਪਾ ਕੇ ਧੱਕਸ਼ਾਹੀ ਕੀਤੀ ਗਈ। ਇਹ ਸਾਰਾ ਕੁਝ ਦੀ ਤਿਆਰੀ ਸਰਕਾਰ ਨੇ ਪਹਿਲਾਂ ਹੀ ਕੀਤੀ ਹੋਈ ਸੀ।''

ਜਾਪਾਨ ਦੇ ਅਖ਼ਬਾਰ *ਮੈਚੀਨੀ* ਨੇ ਟਾਈਟਲ 'ਤੇ ਪੁਲਿਸ ਵਲੋਂ ਸਿੱਖਾਂ ਨੂੰ ਲੱਤਾਂ ਤੋਂ ਧੂਹ ਕੇ ਗੱਡੀਆਂ ਤੇ ਲੱਦਦਿਆਂ ਦੀ ਫ਼ੋਟੋ ਛਾਪੀ ਅਤੇ ਲਿਖਿਆ ਕਿ ''ਭਾਰਤ ਦੀ ਪੁਲਿਸ ਨੇ ਸਿੱਖਾਂ ਨੂੰ ਉਂਵੇਂ ਹੀ ਮਾਰਿਆ ਜਿਵੇਂ ਅੰਗਰੇਜ਼ ਹਿੰਦੁਸਤਾਨੀਆਂ ਨੂੰ ਮਾਰਦਾ ਹੁੰਦਾ ਸੀ।'' ਅਮਰੀਕਾ ਅਤੇ ਹੋਰ ਮੁਲਕਾਂ ਦੀਆਂ ਅਖ਼ਬਾਰਾਂ ਨੇ ਵੀ ਇਸ ਜ਼ੁਲਮ ਦੀ ਜ਼ਬਰਦਸਤ ਨਿੰਦਾ ਕੀਤੀ। ਕਾਹਿਰਾ ਦੀ ਅਖ਼ਬਾਰ *ਅਲਜ਼ਾਰ* ਨੇ ਆਪਣੇ ਐਡੀਟੋਰੀਅਲ 'ਚ ਇਸ ਜ਼ੁਲਮ ਦੀ ਭਾਰੀ ਮੁਜ਼ੰਮਤ ਕੀਤੀ। ਮਲੇਸ਼ੀਆ, ਅਫ਼ਰੀਕਾ ਅਤੇ ਯੂਰਪ ਦੀਆਂ ਹੋਰ ਅਖ਼ਬਾਰਾਂ ਨੇ ਵੀ ਇਸ ਜ਼ੁਲਮ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕੀਤਾ। ਦੁਨੀਆਂ ਭਰ ਦੇ ਰੇਡੀਓ ਬੁਲਿਟਨਾਂ ਵਿਚ ਵੀ ਇਸ ਧੱਕੇਸ਼ਾਹੀ ਦੀ ਨਿੰਦਾ ਕੀਤੀ ਗਈ।

ਦਿੱਲੀ ਦੇ ਸਿੱਖਾਂ ਨੇ 25 ਜੂਨ ਪੰਡਤ ਨਹਿਰੂ ਨੂੰ ਇਕ ਮੈਮੋਰੰਡਮ ਦਿੱਤਾ ਜਿਸ ਵਿਚ ਸਰਕਾਰੀ ਜ਼ੁਲਮ ਦੀ ਨਿੰਦਾ ਕਰਦਿਆਂ ਹੋਇਆਂ ਇਸ ਘਟਨਾ ਦੀ ਅਦਾਲਤੀ ਜਾਂਚ ਕਰਾਉਣ ਦੀ ਮੰਗ ਕੀਤੀ ਗਈ। ਇਸ ਮੈਮੋਰੰਡਮ 'ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗਿਆਨ ਸਿੰਘ ਵੋਹਰਾ, ਗੁਰਚਰਨ ਸਿੰਘ ਮੈਂਬਰ ਗੁਰਦੁਆਰਾ ਕਮੇਟੀ, ਮਾਨ ਸਿੰਘ ਐਡੀਟਰ ਮਾਨਸਰੋਵਰ, ਮਹਿਤਾਬ ਸਿੰਘ, ਪ੍ਰੀਤਮ ਸਿੰਘ ਬਾਗੀ, ਚਰਨਜੀਤ ਸਿੰਘ, ਹੁਕਮ ਸਿੰਘ, ਕਿਸ਼ਨ ਸਿੰਘ ਦੇ ਦਸਤਖ਼ਤ ਸਨ।

12 ਜੂਨ ਦੇ ਦਿਨ ਦਿੱਲੀ ਵਿਚ ਜੋ ਕੁਝ ਕੀਤਾ ਗਿਆ ਸੀ ਉਹ ਸਿੱਖਾਂ ਨੂੰ

WWW.SIKHBOOKCLUB.COM

ਸਬਕ ਸਿਖਾਉਣ ਵਾਸਤੇ ਸੀ। ਇਸ ਦਾ ਮਤਲਬ ਤਾਂ ਇਹ ਸੀ ਕਿ ਸਿੱਖ ਦਹਿਸ਼ਤ ਤੋਂ ਡਰ ਜਾਣਗੇ ਅਤੇ ਮੁੜ ਕੇ ਮੋਰਚੇ ਜਾਂ ਜਲੂਸ ਦਾ ਰਸਤਾ ਨਹੀਂ ਚੁਣਨਗੇ। ਇਨ੍ਹਾਂ ਦਿਨੀਂ ਸਰਕਾਰ ਦੇ ਨਾਲ-ਨਾਲ ਫ਼ਿਰਕਾਪ੍ਰਸਤ ਹਿੰਦੂਆਂ ਨੇ ਵੀ ਸਿੱਖਾਂ ਦੇ ਖ਼ਿਲਾਫ਼ ਬਹੁਤ ਘਟੀਆ ਬਿਆਨਬਾਜ਼ੀ ਕੀਤੀ। 16 ਜੂਨ ਦੇ ਦਿਨ ਮਹਾਸ਼ਾ ਵਰਿੰਦਰ, ਲਾਲਾ ਜਗਤ ਨਰਾਇਣ, ਇੰਦਰ ਸੈਨ, ਅਚਾਰੀਆ ਰਾਮਦੇਵ ਨੇ ਪੰਡਤ ਨਹਿਰੂ ਨੂੰ ਮਿਲ ਕੇ 12 ਜੂਨ ਦੇ ਦਿਨ ਸਿੱਖਾਂ 'ਤੇ ਕੀਤੇ ਧੱਕੇ ਦੀ ਹਮਾਇਤ ਕੀਤੀ ਅਤੇ ਅੱਗੇ ਵਾਸਤੇ ਵੀ ਸਿੱਖਾਂ ਦੇ ਖ਼ਿਲਾਫ਼ ਸਰਕਾਰ ਦੀ ਪੂਰੀ ਮਦਦ ਕਰਨ ਦਾ ਪੂਰਾ ਯਕੀਨ ਦਿਵਾਇਆ।

ਕਿਉਂ ਕਿ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਕੈਰੋਂ ਦੇ ਆਪਣੇ ਬੰਦੇ ਬੈਠੇ ਹੋਏ ਸਨ, ਉਨ੍ਹਾਂ ਕੋਲੋਂ ਵੀ ਸਰਕਾਰ ਨੇ ਅਕਾਲੀਆਂ ਦੇ ਖ਼ਿਲਾਫ਼ ਐਕਸ਼ਨ ਕਰਵਾਇਆ। ਇਸ ਕਮਿਸ਼ਨ ਨੇ 21 ਜੂਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨੋਟਿਸ ਜਾਰੀ ਕੀਤਾ ਕਿ ਦਰਬਾਰ ਸਾਹਿਬ ਦੀ ਹਦੂਦ ਵਿਚੋਂ ਸਿਆਸੀ ਕਾਰਵਾਈਆਂ ਬੰਦ ਕੀਤੀਆਂ ਜਾਣ। ਅੰਦਰ ਬੈਠੇ ਸਾਰੇ ਸਿਆਸੀ ਆਗੂ ਬਾਹਰ ਕੱਢ ਦਿੱਤੇ ਜਾਣ। ਪਰ ਇਸ ਸਾਰਾ ਕੁਝ ਦੇ ਬਾਵਜੂਦ ਅਕਾਲੀਆਂ ਦੇ ਹੌਸਲੇ ਬੁਲੰਦ ਰਹੇ।

ਪੰਜਾਬੀ ਸੂਬਾ ਮੋਰਚੇ ਵਿਚ ਲੋਕਾਂ ਵਿਚ ਗ੍ਰਿਫ਼ਤਾਰੀ ਦੇਣ ਵਾਸਤੇ ਬੜਾ ਜੋਸ਼ ਸੀ। ਉਨ੍ਹਾਂ ਦਿਨਾਂ ਵਿਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਬਕਾ ਪ੍ਰਧਾਨ ਭਾਨ ਸਿੰਘ ਵੀ ਦਰਬਾਰ ਸਾਹਿਬ ਵਿਚ ਪਹੁੰਚ ਚੁੱਕਾ ਸੀ। ਸਰਕਾਰ ਨੇ ਅਖ਼ਬਾਰਾਂ 'ਤੇ ਪਾਬੰਦੀ ਤਾਂ ਪਹਿਲਾਂ ਹੀ ਲਾਈ ਹੋਈ ਸੀ। ਇਸ ਦੇ ਇਲਾਵਾ ਕੋਈ ਵੀ ਪ੍ਰੈਸ ਇਸ ਮੋਰਚੇ ਸਬੰਧੀ ਇਸ਼ਤਿਹਾਰ ਤਕ ਵੀ ਛਾਪਣ ਵਾਸਤੇ ਤਿਆਰ ਨਹੀਂ ਸੀ। ਇਸ ਹਾਲਤ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਭਾਨ ਸਿੰਘ ਨੂੰ ਮੋਰਚੇ ਦਾ ਪਬਲਿਸਟੀ ਇੰਚਾਰਜ ਬਣਾ ਦਿੱਤਾ। ਉਸ ਨੇ ਇਸ਼ਤਿਹਾਰਾਂ ਅਤੇ ਸਾਈਕਲੋ ਸਟਾਈਲ ਚਿੱਠੀਆਂ ਦਾ ਹੜ੍ਹ ਲਿਆ ਦਿੱਤਾ। ਉਸ ਨੇ ''ਮੋਰਚਾ ਗਜ਼ਟ'' ਜਾਰੀ ਕਰ ਕੇ ਮੋਰਚੇ ਸਬੰਧੀ ਰੋਜ਼ਾਨਾ ਜਾਣਕਾਰੀ ਲੋਕਾਂ ਤਕ ਪਹੁੰਚਾਣੀ ਸ਼ੁਰੂ ਕਰ ਦਿੱਤੀ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਮੰਗ ਦੇ ਹੱਕ ਵਿਚ ਲੋਕਾਂ ਦੇ ਦਸਤਖ਼ਤ ਕਰਵਾਉਣੇ ਵੀ ਸ਼ੁਰੂ ਕਰ ਦਿੱਤੇ। ਲੱਖਾਂ ਦੀ ਗਿਣਤੀ ਵਿਚ ਲੋਕਾਂ ਨੇ ਦਸਤਖ਼ਤ ਕਰ ਕੇ ਬੰਡਲਾਂ ਦੇ ਬੰਡਲ ਸ਼੍ਰੋਮਣੀ ਅਕਾਲੀ ਦੇ ਦਫ਼ਤਰ ਵਿਚ ਪੁਚਾ ਦਿੱਤੇ, ਦਫ਼ਤਰ ਵਿਚ ਪਏ ਬੰਡਲ ਏਨੇ ਜ਼ਿਆਦਾ ਸਨ ਕਿ ਇਕ ਪੂਰੇ ਦਾ ਪੂਰਾ ਕਮਰਾ ਇਨ੍ਹਾਂ ਨਾਲ ਭਰਿਆ ਪਿਆ ਸੀ।

ਮੋਰਚੇ ਵਾਸਤੇ ਲੋਕਾਂ ਵਿਚ ਏਨਾ ਜੋਸ਼ ਸੀ ਕਿ ਦਿਨ-ਬ-ਦਿਨ ਜਥਿਆਂ ਵਿਚ ਜਾਣ ਵਾਲੇ ਲੋਕਾਂ ਦੀ ਗਿਣਤੀ ਵੱਧਣ ਲੱਗ ਪਈ। 29 ਮਈ 1960 ਦੇ ਦਿਨ ਪ੍ਰਿੰਸੀਪਲ ਇਕਬਾਲ ਸਿੰਘ 11 ਸਿੱਖਾਂ ਦਾ ਪਹਿਲਾਂ ਜਥਾ ਲੈ ਕੇ ਗਏ ਸਨ। ਪਰ ਗ੍ਰਿਫ਼ਤਾਰੀਆਂ ਦੇਣ ਵਾਸਤੇ ਸਿੱਖਾਂ 'ਚ ਜੋਸ਼ ਵੇਖ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਜਥਿਆਂ ਦੀ ਗਿਣਤੀ 11 ਤੋਂ 13, 13 ਤੋਂ 15, 17 ਅਤੇ 21 ਤਕ ਵਧਾਉਣੀ ਪਈ। ਕਈ ਵਾਰ ਤਾਂ ਅਜਿਹੇ ਹਾਲਾਤ ਹੁੰਦੇ ਸੀ ਕਿ ਲੋਕਾਂ ਨੂੰ ਗ੍ਰਿਫ਼ਤਾਰੀ ਦੇਣ ਵਾਸਤੇ ਭੇਜਣਾ ਮੁਸ਼ਕਿਲ ਹੋ ਜਾਂਦਾ

WWW.SIKHBOOKCLUB.COM

ਸੀ। ਇਕ ਦਿਨ ਐਸਾ ਵੀ ਆਇਆ ਕਿ 729 ਬੰਦਿਆਂ ਨੇ ਇਕੋ ਵੇਲੇ, ਇਕੋ ਥਾਂ ਤੋਂ ਗ੍ਰਿਫ਼ਤਾਰੀ ਦਿੱਤੀ।

ਇਸ ਵੇਲੇ ਮੋਰਚਾ ਅੰਮ੍ਰਿਤਸਰ, ਲੁਧਿਆਣਾ, ਦਿੱਲੀ, ਜਲੰਧਰ, ਮੁਕਤਸਰ ਅਤੇ ਕਈ ਹੋਰ ਜਗ੍ਹਾ 'ਤੇ ਇਕੋ ਵੇਲੇ ਚਲ ਰਿਹਾ ਸੀ। ਦਿਲਚਸਪ ਗੱਲ ਤਾਂ ਇਹ ਹੈ 1955 ਦੇ ਮੋਰਚੇ ਵਿਚ 64 ਦਿਨਾਂ ਵਿਚ 12 ਹਜ਼ਾਰ ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ ਸੀ ਪਰ ਇਸ ਮੋਰਚੇ ਵਿਚ 29 ਮਈ ਤੋਂ 29 ਜੂਨ ਤਕ ਸਿਰਫ਼ ਇਕ ਮਹੀਨੇ ਵਿਚ 5 ਹਜ਼ਾਰ ਤੋਂ ਵੱਧ ਜੇਲ੍ਹਾਂ ਵਿਚ ਜਾ ਚੁੱਕੇ ਸਨ। ਘਰੋਂ ਗ੍ਰਿਫ਼ਤਾਰ ਕੀਤੇ ਗਏ 7 ਹਜ਼ਾਰ ਸਿੱਖ ਇਨ੍ਹਾਂ ਤੋਂ ਵਖਰੇ ਸਨ। 4 ਜੁਲਾਈ 1960 ਨੂੰ ਦਰਬਾਰ ਸਾਹਿਬ ਤੇ ਪੁਲਿਸ ਤੇ ਫ਼ੌਜ ਦੇ ਹਮਲੇ (4 ਜੁਲਾਈ 1955 ਦੀ ਵਰ੍ਹੇ-ਗੰਢ 'ਤੇ) ਦੇ 5 ਸਾਲ ਪੂਰੇ ਹੁੰਦੇ ਸਨ। ਇਸ ਦਿਨ ਦੀ ਯਾਦ ਮਨਾਉਣ ਵਾਸਤੇ 225 ਸਿੱਖਾਂ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ।

ਇਹ ਤਾਂ ਜਥਿਆਂ ਵਲੋਂ ਦਿੱਤੀਆਂ ਜਾਣ ਵਾਲੀਆਂ ਗ੍ਰਿਫ਼ਤਾਰੀਆਂ ਦੀ ਗਿਣਤੀ ਸੀ ਪਰ ਸਰਕਾਰ ਨੇ ਹੋਰ ਵੀ ਬਹੁਤ ਸਾਰੇ ਸਿੱਖ ਆਗੂ ਗ੍ਰਿਫ਼ਤਾਰ ਕਰ ਲਏ ਸਨ। ਇਸ ਦੇ ਬਾਵਜੂਦ ਸਿੱਖ ਏਨੀ ਗਿਣਤੀ ਵਿਚ ਅਤੇ ਏਨੇ ਜੋਸ਼ ਨਾਲ ਮੋਰਚੇ ਵਿਚ ਹਿੱਸਾ ਲੈ ਰਹੇ ਸਨ ਕਿ ਸਰਕਾਰ ਨੂੰ ਭਾਜੜਾਂ ਪਈਆਂ ਹੋਈਆਂ ਸਨ। ਸਰਕਾਰ ਨੇ ਸਖ਼ਤੀ ਦਾ ਦੌਰ ਏਨਾ ਵਧਾ ਦਿੱਤਾ ਸੀ ਕਿ ਮਫ਼ਰੂਰ ਅਕਾਲੀ ਆਗੂਆਂ ਦੇ ਘਰਾਂ ਦਾ ਸਮਾਨ, ਦੁਕਾਨਾਂ, ਜ਼ਮੀਨਾਂ ਅਤੇ ਮਕਾਨਾਂ ਦੀਆਂ ਕੁਰਕੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਸੈਂਕੜੇ ਮਕਾਨਾਂ ਨੂੰ ਸੀਲ ਕਰ ਦਿੱਤਾ ਗਿਆ। ਸਾਰੇ ਅਕਾਲੀ ਵਰਕਰਾਂ ਦੇ ਅਸਲਾ ਲਾਇਸੈਂਸ ਜ਼ਬਤ ਕਰ ਕੇ ਉਨ੍ਹਾਂ ਦਾ ਅਸਲਾ ਕਬਜ਼ੇ ਵਿਚ ਲੈ ਲਿਆ ਗਿਆ।

ਹਾਲਤ ਏਥੋਂ ਤਕ ਪਹੁੰਚ ਗਈ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 140 ਵਿਚੋਂ 120 ਮੈਂਬਰ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। ਪੰਜਾਬ ਵਿਚ ਪੁਲਿਸ ਨੂੰ ਜਿੱਥੇ ਕਿਤੇ ਵੀ ਨੀਲੀ ਪੱਗ ਵਾਲਾ ਸਿੱਖ ਨਜ਼ਰ ਆਉਂਦਾ ਸੀ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਉਧਮ ਸਿੰਘ ਨਾਗੋਕੇ ਤੇ ਗਿਆਨੀ ਕਰਤਾਰ ਸਿੰਘ ਦੇ ਕੁਝ ਸਾਥੀ ਕਾਂਗਰਸੀ ਆਗੂਆਂ, ਜੋ ਅਜੇ ਵੀ ਨੀਲੀ ਪੱਗ ਬੰਨਦੇ ਸਨ, ਨੂੰ ਵੀ ਜੇਲ੍ਹ ਦਾ ਮੂੰਹ ਵੇਖਣਾ ਪਿਆ। ਹੋਰ ਤਾਂ ਹੋਰ ਸਰਕਾਰ ਨੇ ਗ੍ਰਿਫ਼ਤਾਰ ਸਿੱਖ ਆਗੂਆਂ ਦੇ ਮੁਕੱਦਮਿਆਂ ਦਾ ਫ਼ੈਸਲਾ ਕਰ ਕੇ ਉਹਨਾਂ ਨੂੰ ਸਖ਼ਤ ਤੇ ਬਾਮੁੱਸ਼ਕਤ ਸਜ਼ਾਵਾਂ ਵੀ ਦੇ ਦਿੱਤੀਆਂ। ਪਰ ਸਰਕਾਰ ਦੀ ਇਹ ਦਹਿਸ਼ਤ ਸਿੱਖਾਂ ਤੇ ਜ਼ਰਾ-ਮਾਸਾ ਵੀ ਅਸਰ ਨਾ ਪਾ ਸਕੀ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ 17 ਜੁਲਾਈ ਨੂੰ ਪੰਜਾਬੀ ਸੂਬਾ ਕਾਨਫ਼ਰਸ/ ਕਨਵੈਨਸ਼ਨ ਕਰਨ ਦਾ ਐਲਾਨ ਕਰ ਦਿੱਤਾ।

10 ਜੁਲਾਈ ਨੂੰ ਪੰਡਤ ਨਹਿਰੂ ਨੇ ਇਕ ਬਿਆਨ ਵਿਚ ਆਖਿਆ ਕਿ ਪੰਜਾਬੀ ਸੂਬੇ ਦੀ ਕਾਇਮੀ ਮੁਲਕ ਵਾਸਤੇ ਅਤੇ ਸਿੱਖਾਂ ਵਾਸਤੇ ਬਦਕਿਸਮਤੀ ਵਾਲੀ ਹੋਵੇਗੀ। ਏਸੇ ਤਰ੍ਹਾਂ ਹੀ ਪੰਜਾਬ ਸਰਕਾਰ ਨੇ ਵੀ ਅਜਿਹੇ ਬਿਆਨ ਜਾਰੀ ਕੀਤੇ। ਇਸ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤੀ ਕਨਵੈਨਸ਼ਨ ਕਰਨ ਵਾਸਤੇ ਤਿਆਰੀਆਂ ਤੇਜ਼ ਕਰ ਦਿੱਤੀਆਂ। ਅਕਾਲੀ ਦਲ ਨੇ ਸਾਰੇ ਪਾਸੇ ਸਿੱਖਾਂ ਨੂੰ ਚਿੱਠੀਆਂ

WWW.SIKHBOOKCLUB.COM

ਲਿਖ ਕੇ ਕਨਵੈਨਸ਼ਨ ਵਿਚ ਹਿੱਸਾ ਲੈਣ ਵਾਸਤੇ ਸੱਦੇ ਭੇਜ ਦਿਤੇ। ਸਰਕਾਰ ਨੇ ਕਨਵੈਨਸ਼ਨ ਨੂੰ ਫ਼ੇਲ੍ਹ ਕਰਨ ਵਾਸਤੇ 16 ਜੁਲਾਈ ਦੀ ਰਾਤ ਨੂੰ ਗਿਆਨੀ ਅਜਮੇਰ ਸਿੰਘ ਅਤੇ ਗਿਆਨੀ ਕੇਹਰ ਸਿੰਘ ਵੈਰਾਗੀ ਨੂੰ ਉਨ੍ਹਾਂ ਦੇ ਘਰੋਂ ਗ੍ਰਿਫ਼ਤਾਰ ਕਰ ਲਿਆ। *ਮੋਰਚੇ ਦੌਰਾਨ ਉਹ ਘਰਾਂ ਵਿਚ ਹੀ ਰਹਿੰਦੇ ਸਨ!*)। ਇਸ ਦੇ ਬਾਵਜੂਦ 17 ਜੁਲਾਈ ਨੂੰ ਇਹ ਕਨਵੈਨਸ਼ਨ ਬੜੀ ਸ਼ਾਨ ਨਾਲ ਸਰਅੰਜਾਮ ਹੋਈ। ਇਸ ਕਨਵੈਨਸ਼ਨ ਵਿਚ 10 ਹਜ਼ਾਰ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਕਨਵੈਨਸ਼ਨ ਨੇ ਮਤਾ ਪਾਸ ਕੀਤਾ ਕਿ ਪੰਜਾਬੀ ਸੂਬੇ ਦੀ ਮੰਗ ਹੱਕੀ ਤੇ ਕਾਨੂੰਨੀ ਹੈ। ਇਸ ਕਰ ਕੇ ਸਰਕਾਰ ਇਸ ਦੀ ਕਾਇਮੀ ਦਾ ਐਲਾਨ ਇਕ ਦਮ ਕਰੇ। ਮਤੇ ਵਿਚ ਆਖਿਆ ਗਿਆ ਕਿ ਬਾਕੀ ਸੂਬਿਆਂ ਵਾਂਗ ਪੰਜਾਬ ਨੂੰ ਵੀ ਬੋਲੀ ਦੇ ਆਧਾਰ 'ਤੇ ਵੰਡਿਆ ਜਾਵੇ। ਮਤੇ ਵਿਚ ਇਹ ਵੀ ਆਖਿਆ ਗ਼ਿਆ ਕਿ ਸਿੱਖ ਇਸ ਮੰਗ ਵਿਚ ਇਕ ਆਜ਼ਾਦ ਮੁਲਕ ਨਹੀਂ ਮੰਗ ਰਹੇ। ਦੂਜੇ ਮਤੇ ਵਿਚ ਆਖਿਆ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਗੁਰਦੁਆਰਿਆਂ ਦੀ ਬੇਹੁਰਮਤੀ ਨਹੀਂ ਹੋਣ ਦੇਵੇਗਾ। ਕਨਵੈਨਸ਼ਨ ਨੇ ਐਲਾਨ ਕੀਤਾ ਕਿ ਜਦ ਤਕ ਸਰਕਾਰ ਪੰਜਾਬੀ ਸੂਬੇ ਦਾ ਐਲਾਨ ਨਹੀਂ ਕਰਦੀ ਸਰਕਾਰ ਨਾਲ ਸਮਝੌਤੇ ਦੀ ਗੱਲਬਾਤ ਨਹੀਂ ਕੀਤੀ ਜਾਵੇਗੀ।

ਇਸ ਕਨਵੈਨਸ਼ਨ ਦੀ ਪ੍ਰਧਾਨਗੀ ਅਕਾਲੀ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਨੇ ਕੀਤੀ। ਕਨਵੈਨਸ਼ਨ ਵਿਚ ਗਿਆਨੀ ਭੁਪਿੰਦਰ ਸਿੰਘ ਅਤੇ ਹਰਚਰਨ ਸਿੰਘ ਹੁਡਿਆਰਾ ਨੇ ਵੀ ਲੈਕਚਰ ਕੀਤੇ। ਇਸ ਕਨਵੈਨਸ਼ਨ ਵਿਚ ਬਹੁਤ ਸਾਰੇ ਗ਼ੈਰ-ਸਿੱਖ ਆਗੂ ਵੀ ਸ਼ਾਮਿਲ ਹੋਏ।

ਸਿੱਖਾਂ ਦੇ ਖ਼ਿਲਾਫ਼ ਨਵਾਂ ਆਰਡੀਨੈਂਸ ਜਾਰੀ

19 ਜੁਲਾਈ ਨੂੰ ਪੰਜਾਬ ਦੇ ਗਵਰਨਰ ਵੀ ਐਨ ਗੈਡਗਿਲ ਨੇ ਇਕ ਆਰਡੀਨੈਂਸ ਜਾਰੀ ਕੀਤਾ। ਇਸ ਆਰਡੀਨੈਂਸ ਰਾਹੀਂ ਪੰਜਾਬ ਸਰਕਾਰ ਕੋਲ ਬਹੁਤ ਸਾਰੀ ਕਾਨੂੰਨੀ ਤਾਕਤ ਆ ਗਈ, ਜਿਸ ਨਾਲ ਉਹ ਪੰਜਾਬੀ ਸੂਬਾ ਲਹਿਰ ਦੇ ਸਬੰਧ ਵਿਚ ਕਿਸੇ ਵੀ ਤਰ੍ਹਾਂ ਕੋਈ ਕਾਨੂੰਨ ਬਣਾ ਸਕਦੀ ਸੀ। ਇਸ ''ਪੰਜਾਬ ਕ੍ਰਿਮੀਨਲ ਲਾਅ ਅਮੈਂਡਮੈਂਟ ਆਰਡੀਨੈਂਸ'' ਮੁਤਾਬਿਕ ਕੋਈ ਵੀ ਉਹ ਸ਼ਖਸ ਜਿਸ ਉੱਤੇ 107-51 ਜਾਂ ਅਜਿਹਾ ਕੋਈ ਵੀ ਕੇਸ ਦਰਜ ਹੈ, ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਜਾਂ ਉਸ ਦੀ ਗ੍ਰਿਫ਼ਤਾਰੀ ਵਿਚ ਰੁਕਾਵਟ ਪਾਉਣ ਜਾਂ ਕਿਸੇ ਹੋਰ ਤਰ੍ਹਾਂ ਦਾ ਦਖ਼ਲ ਦੇਣ ਦੀ ਕਾਰਵਾਈ ਕਰਦਾ ਹੈ ਤਾਂ ਉਸ ਨੂੰ, ਤਿੰਨ ਸਾਲ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਇਕੱਠੀਆਂ ਦਿੱਤੀਆਂ ਜਾ ਸਕਦੀਆਂ ਸਨ। ਇੰਵ ਹੀ ਜੇ ਕੋਈ ਪੁਛ-ਪੜਤਾਲ ਸਮੇਂ ਅਤੇ ਮੁਕੱਦਮੇ ਦੀ ਸੁਣਵਾਈ ਸਮੇਂ ਆਪਣਾ ਨਾਂ, ਰਹਿਣ ਦਾ ਸਿਰਨਾਂਵਾਂ, ਮਾਪਿਆਂ ਦਾ ਨਾਂ ਜਾਂ ਆਪਣੀ ਜਾਣ ਪਹਿਚਾਣ ਬਾਰੇ ਕੋਈ ਵੀ ਗ਼ਲਤ ਜਾਣਕਾਰੀ ਦੇਵੇ ਤਾਂ ਉਸ ਨੂੰ ਵੀ ਤਿੰਨ ਸਾਲ ਦੀ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਇਕੱਠੀਆਂ ਦਿੱਤੀਆਂ ਜਾਣਗੀਆਂ। ਜੇ ਕੋਈ ਕਿਸੇ ਨੂੰ ਦਫ਼ਾ 144 ਜਾਂ ਕਿਸੇ ਹੋਰ ਕਾਨੂੰਨ ਨੂੰ ਤੋੜਨ ਵਾਸਤੇ ਪ੍ਰੇਰਨਾ ਕਰਦਾ ਹੈ ਤਾਂ ਉਸ ਨੂੰ ਇਕ ਸਾਲ ਕੈਦ, ਜੁਰਮਾਨਾ ਜਾਂ ਦੋਵੇਂ ਸਜ਼ਾਵਾਂ

WWW.SIKHBOOKCLUB.COM

ਇਕੱਠੀਆਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਹੋਰ ਵੀ ਕਈ ਦਫ਼ਾਵਾਂ ਹੇਠ ਜੁਰਮਾਨਾ ਕਰਨ ਦੀ ਤਾਕਤ ਵੀ ਸਰਕਾਰ ਨੂੰ ਮਿਲ ਗਈ।

ਸਰਕਾਰ ਵਲੋਂ ਜਾਰੀ ਕੀਤਾ ਗਿਆ ਇਹ ਆਰਡੀਨੈਂਸ ਅਕਾਲੀ ਲਹਿਰ ਨੂੰ ਦਬਾਉਣ, ਅਕਾਲੀ ਵਰਕਰਾਂ ਵਿਚ ਦਹਿਸ਼ਤ ਪੈਦਾ ਕਰਨ ਅਤੇ ਸਿੱਖਾਂ ਦੇ ਹੌਸਲੇ ਡੇਗਣ ਵਾਸਤੇ ਕੀਤਾ ਗਿਆ ਸੀ। ਇਸ ਮੁਤਾਬਿਕ ਪੰਜਾਬੀ ਸੂਬੇ ਦੇ ਹੱਕ ਵਿਚ ਕਿਸੇ ਤਰ੍ਹਾਂ ਦੀ ਵੀ ਮਦਦ ਦੇਣ ਵਾਲੇ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ। ਹੋਰ ਤਾਂ ਹੋਰ ਪੰਜਾਬੀ ਸੂਬੇ ਦੇ ਸਬੰਧ ਵਿਚ ਹੋਣ ਵਾਲੇ ਸਮਾਗਮਾਂ ਵਿਚ ਸ਼ਾਮਿਲ ਹੋਣ ਵਾਲੇ 'ਤੇ ਵੀ ਇਹ ਆਰਡੀਨੈਂਸ ਲਾਗੂ ਹੋ ਸਕਦਾ ਸੀ। ਇੰਝ ਹੀ ਪੰਜਾਬੀ ਸੂਬੇ ਵਾਸਤੇ ਪੈਸੇ ਦੇਣ ਵਾਲੇ ਵੀ ਇਸ ਆਰਡੀਨੈਂਸ ਹੇਠ ਜੇਲ੍ਹ ਭੇਜੇ ਜਾ ਸਕਦੇ ਸਨ।

ਇਸ ਆਰਡੀਨੈਂਸ ਨੇ ਸਿੱਖਾਂ ਵਿਚ ਬੜਾ ਰੋਸ ਪੈਦਾ ਕੀਤਾ। ਭਾਵੇਂ ਇਸ ਆਰਡੀਨੈਂਸ ਦਾ ਮਤਲਬ ਸਿੱਖਾਂ ਵਿਚ ਡਰ ਪੈਦਾ ਕਰਨਾ ਸੀ ਪਰ ਇਸ ਨਾਲ ਇਸ ਗੱਲ ਦੀ ਹੈਰਾਨੀ ਵੀ ਹੁੰਦੀ ਸੀ ਕਿ ਇਕ ਪਾਸੇ ਸਰਕਾਰ ਆਖਦੀ ਸੀ ਕਿ ਅਕਾਲੀ ਮੋਰਚਾ ਆਖ਼ਰੀ ਸਾਹਾਂ ਤੇ ਆਇਆ ਹੋਇਆ ਹੈ ਅਤੇ ਦੂਜੇ ਪਾਸੇ ਇਹੋ ਜਿਹਾ ਸਖ਼ਤੀ, ਡਰ ਅਤੇ ਤੱਸ਼ਦਦ ਪੈਦਾ ਕਰਨ ਵਾਲਾ ਆਰਡੀਨੈਂਸ ਜਾਰੀ ਕਰ ਰਹੀ ਸੀ। ਇਸ ਤੋਂ ਸਾਫ਼ ਲਗਦਾ ਸੀ ਕਿ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪਈ ਹੋਈ ਸੀ। ਅਕਾਲੀ ਆਗੂਆਂ ਨੇ ਸਰਕਾਰ ਦੇ ਇਸ ਆਰਡੀਨੈਂਸ ਦੇ ਜਵਾਬ ਵਿਚ ਐਲਾਨ ਕੀਤਾ ਕਿ ਇਹੋ ਜਿਹੇ ਧੱਕੇ ਨਾਲ ਸਿੱਖ ਵਧੇਰੇ ਭੜਕਣਗੇ। ਤਵਾਰੀਖ਼ ਗਵਾਹ ਹੈ ਕਿ ਸਿੱਖਾਂ ਨੂੰ ਜਦੋਂ ਵੀ ਦਬਾਇਆ ਗਿਆ ਉਹ ਓਨੇ ਹੀ ਵਧੇਰੇ ਰੋਹ ਵਿਚ ਆਏ।

20 ਤਾਰੀਖ਼ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਕਿ "ਇਸ ਆਰਡੀਨੈਂਸ ਦਾ ਮਤਲਬ ਸਿੱਖਾਂ ਵਿਚ ਅਕਾਲੀ ਮੋਰਚੇ ਤੋਂ ਅਲਿਹਦਗੀ ਪੈਦਾ ਕਰਨ ਵਾਸਤੇ ਡਰ ਭਰਨਾ ਹੈ। ਇਸ ਕਰ ਕੇ ਗ੍ਰਿਫ਼ਤਾਰ ਹੋਣ ਵਾਲੇ ਸਾਰੇ ਅਕਾਲੀ ਵਰਕਰ ਆਪਣੇ ਪਿਤਾ ਦਾ ਨਾਂ ਗੁਰੂ ਗੋਬਿੰਦ ਸਿੰਘ ਸਾਹਿਬ, ਮਾਤਾ ਦਾ ਨਾਂ ਸਾਹਿਬ ਕੌਰ ਤੇ ਵਾਸੀ ਅਨੰਦਪੁਰ ਸਾਹਿਬ ਲਿਖਵਾਉਣ ਕਿਉਂਕਿ ਸਿੱਖ ਧਰਮ ਦੇ ਅਸੂਲਾਂ ਮੁਤਾਬਿਕ ਖੰਡੇ ਦੀ ਪਾਹੁਲ ਲੈਣ ਵਾਲਾ ਹਰ ਇਕ ਸਿੱਖ ਨਾਦੀ ਤੌਰ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪੁੱਤਰ ਅਤੇ ਵਾਸੀ ਅਨੰਦਪੁਰ ਸਾਹਿਬ ਬਣ ਜਾਂਦਾ ਹੈ।" ਇੰਝ ਸ਼੍ਰੋਮਣੀ ਅਕਾਲੀ ਦਲ ਦਾ ਇਹ ਐਲਾਨ ਕੈਰੋਂ ਦੇ ਆਰਡੀਨੈਂਸ ਨੂੰ ਬੁਰੀ ਤਰ੍ਹਾਂ ਫ਼ੇਲ੍ਹ ਕਰਨ ਵਿਚ ਕਾਮਯਾਬ ਹੋਇਆ। ਅਕਾਲੀ ਦਲ ਦੇ ਇਸ ਐਲਾਨ ਨਾਲ ਸਰਕਾਰ ਮੁਸੀਬਤ ਵਿਚ ਫਸ ਗਈ। ਕਿਉਂਕਿ ਜੇ ਸਰਕਾਰ ਕਿਸੇ ਸਿੱਖ ਨੂੰ ਇਸ ਕਰ ਕੇ ਸਜ਼ਾ ਦੇਵੇ ਕਿ ਉਸ ਨੇ ਆਪਣੇ ਪਿਤਾ ਦਾ ਨਾਂ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਘਰ ਦਾ ਪਤਾ ਅਨੰਦਪੁਰ ਸਾਹਿਬ ਦੱਸਿਆ ਹੈ, ਸਿੱਧਾ ਸਿੱਖ ਧਰਮ ਵਿਚ ਦਖ਼ਲ ਹੋਣਾ ਸੀ।

ਇਸੇ ਦਿਨ ਸ਼੍ਰੋਮਣੀ ਅਕਾਲੀ ਦਲ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਮੋਰਚੇ ਦੀ ਮਦਦ ਵਾਸਤੇ ਹਰ ਇਕ ਸਿਖ 5-5 ਪੈਸੇ ਮੋਰਚਾ ਫ਼ੰਡ ਵਿਚ ਦੇਵੇ। ਅਕਾਲੀ ਦਲ ਦੀ ਅਪੀਲ 'ਤੇ ਸਿੱਖ ਸੰਗਤਾਂ ਨੇ ਪੂਰੀ ਤਰ੍ਹਾਂ ਫੁੱਲ ਚੜਾਏ ਅਤੇ ਦੋ ਦਿਨਾਂ ਦੇ ਅੰਦਰ-

WWW.SIKHBOOKCLUB.COM

ਅੰਦਰ ਕਈ ਹਜ਼ਾਰ ਰੁਪਿਆਂ ਦਾ ਫ਼ੰਡ ਇਕੱਠਾ ਹੋ ਗਿਆ। ਮੋਰਚੇ ਵਾਸਤੇ ਸਿੱਖਾਂ ਵਿਚ ਏਨਾ ਜੋਸ਼ ਸੀ ਕਿ ਹਰ ਸਿੱਖ ਆਪਣੇ ਆਪ ਨੂੰ ਮੋਰਚੇ ਨਾਲ ਸਬੰਧਤ ਸਾਬਿਤ ਕਰਨਾ ਚਾਹੁੰਦਾ ਸੀ। ਬੀਬੀਆਂ ਵਿਚ ਵੀ ਸਰਕਾਰ ਦੇ ਖ਼ਿਲਾਫ਼ ਏਨਾ ਗੁੱਸਾ ਸੀ ਕਿ ਉਹ ਵੀ ਅੱਗੇ ਵੱਧ ਕੇ ਹਿਸਾ ਪਾਉਣ ਦੀ ਖ਼ਾਹਿਸ਼ ਰਖਦੀਆਂ ਸਨ। ਜਦੋਂ ਮੰਜੀ ਸਾਹਿਬ ਤੋਂ ਮੋਰਚਾ ਫ਼ੰਡ ਵਾਸਤੇ ਅਪੀਲ ਕੀਤੀ ਜਾਂਦੀ ਸੀ ਤਾਂ ਸਿੱਖ ਬੀਬੀਆਂ ਆਪਣੇ ਸੋਨੇ ਦੇ ਗਹਿਣੇ ਤਕ ਲਾਹ ਕੇ ਮੋਰਚਾ ਫ਼ੰਡ ਵਿਚ ਦੇ ਦਿਆ ਕਰਦੀਆਂ ਸਨ। (ਇਹ ਵਖਰੀ ਗੱਲ ਹੈ ਕਿ ਇਹ ਸੋਨਾ ਅਤੇ ਬੇਹਿਸਾਬ ਰਕਮ ਮੋਰਚਾ ਕਮੇਟੀ ਦੇ ਮੈਂਬਰ ਹੜਪ ਕਰ ਗਏ)।

25 ਜੁਲਾਈ ਨੂੰ ਦਰਬਾਰ ਸਾਹਿਬ ਵਿਚ ਮਾਤਾ ਸੁੰਦਰ ਕੌਰ ਜੀ ਦੀ ਯਾਦ ਵਿਚ ਇਕ ਖ਼ਾਸ ਸਮਾਗਮ ਕੀਤਾ ਗਿਆ। ਇਸ ਮੌਕੇ 'ਤੇ ਸਿੱਖਾਂ ਦੇ ਬਹੁਤ ਸਾਰੇ ਜਥਿਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਇਕੱਲੇ ਅੰਮ੍ਰਿਤਸਰ ਵਿਚ 584 ਸਿੱਖਾਂ ਨੇ ਗ੍ਰਿਫ਼ਤਾਰੀਆ ਦਿੱਤੀਆਂ। ਇਸ ਦਿਨ ਮੁਕਤਸਰ ਤੋਂ ਪ੍ਰੀਤਮ ਸਿੰਘ ਮਦਾਨ ਜਲਾਲਾਬਾਦੀ (ਮੈਂਬਰ ਸ਼੍ਰੋਮਣੀ ਕਮੇਟੀ) ਦੀ ਅਗਵਾਈ ਹੇਠ 150, ਲੁਧਿਆਣਾ ਤੋਂ 105, ਦਿੱਲੀ ਤੋਂ 50, ਪਟਿਆਲਾ ਤੋਂ 35 ਅਕਾਲੀਆਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕੀਤਾ। ਇਸ ਤੋਂ ਇਲਾਵਾ ਜਲੰਧਰ, ਅੰਬਾਲਾ ਅਤੇ ਬਠਿੰਡਾ ਤੋਂ ਵੀ ਅਕਾਲੀ ਜਥਿਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਇੰਝ ਇਕੋ ਦਿਨ ਵਿਚ ਤਕਰੀਬਨ ਇਕ ਹਜ਼ਾਰ ਸਿੱਖਾਂ ਨੇ ਜੇਲ੍ਹਾਂ ਵੱਲ ਮਾਰਚ ਕੀਤਾ। ਉਸੇ ਦਿਨ ਤੋਂ ਸਰਕਾਰ ਨੇ 17 ਜੁਲਾਈ ਦੇ ਦਿਨ ਜਾਰੀ ਕੀਤੇ ਆਰਡੀਨੈਂਸ 'ਤੇ ਅਮਲ ਕਰਨਾ ਵੀ ਸ਼ੁਰੂ ਕਰ ਦਿੱਤਾ। ਇਸ ਹੇਠ ਗ੍ਰਿਫ਼ਤਾਰ ਕੀਤੇ ਹੋਏ ਸਾਰੇ ਸਿੱਖਾਂ ਨੂੰ 3-3 ਸਾਲਾਂ ਲਈ ਕੈਦ ਅਤੇ ਜੁਰਮਾਨਾ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। 17 ਜੁਲਾਈ ਨੂੰ ਹੀ ਅੰਮ੍ਰਿਤਸਰ ਪੁਲਿਸ ਨੇ ਆਰਡੀਨੈਂਸ ਦੇ ਨਾਂ ਤੇ 2 ਸੌ ਅਕਾਲੀ ਵਰਕਰਾਂ ਦੇ ਵਾਰੰਟ ਜਾਰੀ ਕੀਤੇ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਵਾਸਤੇ ਖ਼ਾਸ ਦਸਤੇ ਤਾਈਨਾਤ ਕਰ ਦਿੱਤੇ।

ਸਿੱਖਾਂ 'ਤੇ ਸਖ਼ਤੀ ਦਾ ਇਕ ਹੋਰ ਦੌਰ

ਹੁਣ ਪੁਲਿਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਚਾਰੇ ਪਾਸਿਓਂ ਘੇਰ ਲਿਆ। ਸਾਰੇ ਪਾਸੇ ਨਾਕੇ ਲਾ ਦਿਤੇ ਗਏ। ਜੋ ਵੀ ਸ਼ਖ਼ਸ ਅੰਮ੍ਰਿਤਸਰ ਵਿਚ ਦਾਖਲ ਹੁੰਦਾ ਸੀ ਉਸ ਨੂੰ ਰੋਕ ਕੇ ਪੁਲਿਸ ਵਲੋਂ ਉਸ ਦੀ ਤਲਾਸ਼ੀ ਲਈ ਜਾਂਦੀ ਸੀ। ਜਿਨ੍ਹਾਂ ਕੋਲੋਂ ਇਹ ਪਤਾ ਲਗਦਾ ਸੀ ਕਿ ਉਹ ਮੋਰਚੇ ਵਿਚ ਹਿੱਸਾ ਲੈਣ ਆਏ ਹਨ ਉਨ੍ਹਾਂ ਨੂੰ ਉੱਥੇ ਹੀ ਗ੍ਰਿਫ਼ਤਾਰ ਕਰ ਲਿਆ ਜਾਂਦਾ। ਏਸੇ ਤਰ੍ਹਾਂ ਹੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਵੀ ਪੁਲਿਸ ਨੇ ਨਾਕੇ ਕਾਇਮ ਕਰ ਲਏ। ਮੰਜੀ ਸਾਹਿਬ 'ਤੇ ਹੋਣ ਵਾਲੇ ਦੀਵਾਨ ਵੀ ਸਰਕਾਰ ਨੇ ਗ਼ੈਰ-ਕਾਨੂੰਨੀ ਕਰਾਰ ਦੇ ਦਿਤੇ। ਜਿਹੜੇ ਸਿੱਖ ਵੀ ਮੰਜੀ ਸਾਹਿਬ ਦੇ ਦੀਵਾਨ ਵਿਚ ਸ਼ਾਮਿਲ ਹੋਇਆ ਕਰਦੇ ਸਨ, ਜਦੋਂ ਉਹ ਦੀਵਾਨ ਤੋਂ ਵਾਪਸ ਮੁੜਦੇ ਤਾਂ ਪੁਲਿਸ ਦੇ ਟਾਊਟ ਅਤੇ ਚਿੱਟ ਕੱਪੜੀਏ ਪੁਲਸੀਏ ਉਨ੍ਹਾਂ ਦਾ ਪਿੱਛਾ ਕਰ ਕੇ ਉਨ੍ਹਾਂ ਦਾ ਘਰ ਵੇਖਦੇ

WWW.SIKHBOOKCLUB.COM

ਅਤੇ ਸਬੰਧਤ ਥਾਣਿਆਂ ਵਿਚ ਉਨ੍ਹਾਂ ਦੀ ਨਿਸ਼ਾਨਦੇਹੀ ਦੇ ਦੇਂਦੇ। ਅਗਲੇ ਦਿਨ ਬਾਵਰਦੀ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲੈਂਦੀ।

ਇੰਞ ਹੀ ਦਰਬਾਰ ਸਾਹਿਬ ਨੂੰ ਆਉਣ ਵਾਲੇ ਸਾਰੇ ਰਾਹਾਂ 'ਤੇ ਪੁਲਿਸ ਦੀਆਂ ਧਾੜਾਂ ਖੜੀਆਂ ਹੁੰਦੀਆਂ। ਖ਼ਾਸ ਕਰ ਕੇ ਚੌਕ ਫੁਹਾਰਾ, ਚੌਕ ਬਾਬਾ ਸਾਹਿਬ, ਛੱਤੀ ਖੂਹੀ 'ਤੇ ਪੁਲਿਸ ਖੜੀ ਹੁੰਦੀ ਅਤੇ ਦਰਬਾਰ ਸਾਹਿਬ ਵਿਚੋਂ ਆਉਣ ਵਾਲੇ ਹਰ ਸਾਬਤ-ਸੂਰਤ ਸਿੱਖ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਜਾਂਦਾ ਸੀ।

ਪੁਲਿਸ ਦਾ ਨਿਸ਼ਾਨਾ ਤਾਂ ਇਹ ਸੀ ਕਿ ਸਿੱਖਾਂ ਵਿਚ ਡਰ ਅਤੇ ਦਹਿਸ਼ਤ ਪੈਦਾ ਕਰ ਕੇ ਪੰਜਾਬੀ ਸੂਬੇ ਨਾਲ ਸਿੱਖਾਂ ਦੀ ਹਮਦਰਦੀ ਘਟਾਈ ਜਾਏ ਪਰ ਪੁਲਿਸ ਦੀ ਧੱਕੇਸ਼ਾਹੀ ਦਾ ਨਤੀਜਾ ਉਲਟਾ ਨਿਕਲਿਆ। ਮੰਜੀ ਸਾਹਿਬ 'ਤੇ ਪੁੱਜਣ ਵਾਲੀਆਂ ਸੰਗਤਾਂ ਦੀ ਗਿਣਤੀ ਦਿਨੋਂ-ਦਿਨ ਵੱਧਦੀ ਗਈ ਅਤੇ ਇਸ ਦੇ ਨਾਲ ਹੀ ਮੋਰਚੇ ਵਿਚ ਹਿੱਸਾ ਲੈਣ ਵਾਲੇ ਜਥਿਆਂ ਦੀ ਗਿਣਤੀ ਵੀ ਵੱਧਣੀ ਸ਼ੁਰੂ ਹੋ ਗਈ।

ਅੰਮ੍ਰਿਤਸਰ ਸ਼ਹਿਰ ਵਿਚ ਆਉਣ ਵਾਲੀ ਹਰ ਬੱਸ, ਹਰ ਗੱਡੀ, ਹਰ ਟਾਂਗਾ ਪੁਲਿਸ ਦੀ ਛਾਣਬੀਣ ਤੋਂ ਮਗਰੋਂ ਹੀ ਅਗੇ ਵੱਧ ਸਕਦਾ ਸੀ। ਜਿਸ ਸਿੱਖ 'ਤੇ ਜ਼ਰਾ ਵੀ ਸ਼ੱਕ ਹੁੰਦਾ ਕਿ ਉਹ ਮੋਰਚੇ ਵਾਸਤੇ ਜਾ ਰਿਹਾ ਹੈ ਜਾਂ ਸਿਰਫ਼ ਦਰਬਾਰ ਸਾਹਿਬ ਦੇ ਦਰਸ਼ਨਾਂ ਵਾਸਤੇ ਹੀ ਜਾ ਰਿਹਾ ਹੈ ਤਾਂ ਵੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ। ਏਸੇ ਤਰ੍ਹਾਂ ਹਰ ਰੋਜ਼ ਸੈਂਕੜੇ ਸਿੰਘ ਗ੍ਰਿਫ਼ਤਾਰ ਹੋਣ ਲੱਗ ਪਏ। ਦੂਜੇ ਪਾਸੇ ਜਥਿਆਂ ਵਿਚ ਗ੍ਰਿਫ਼ਤਾਰੀਆਂ ਦੇਣ ਵਾਲੇ ਸਿੱਖਾਂ ਦੀ ਗਿਣਤੀ ਵੀ 21 ਅਤੇ 51 ਤੋਂ ਵੱਧ ਕੇ ਸੈਂਕੜਿਆਂ ਤਕ ਜਾ ਪਹੁੰਚੀ। ਇਸ ਨਾਲ ਨਹਿਰੂ ਅਤੇ ਕੈਰੋਂ ਦੋਵੇਂ ਹੀ ਬੜੇ ਪਰੇਸ਼ਾਨ ਹੋਏ। ਉਹ ਜਿਸ ਜੋਸ਼ ਨਾਲ ਇਸ ਮੋਰਚੇ ਨੂੰ ਕੁਚਲਣ ਵਾਸਤੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਰਹੇ ਸਨ, ਉਹ ਜੋਸ਼ ਇਕ ਦਮ ਠੰਡਾ ਹੋ ਗਿਆ। ਪਰ ਫਿਰ ਵੀ ਬੇਸ਼ਰਮੀ ਨੂੰ ਲੁਕਾਉਣ ਵਾਸਤੇ ਉਨ੍ਹਾਂ ਨੇ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਕਰਨੀਆਂ ਜਾਰੀ ਰੱਖੀਆਂ।

ਕੈਰੋਂ ਵਲੋਂ ਜ਼ਕਰੀਆ-ਸ਼ਾਹੀ ਜ਼ੁਲਮ

ਇਨ੍ਹਾਂ ਦਿਨਾਂ ਵਿਚ ਕੈਰੋਂ ਦੀ ਪੁਲਿਸ ਨੇ ਇਕ ਹੋਰ ਘਟੀਆ ਹਰਕਤ ਇਹ ਵੀ ਸ਼ੁਰੂ ਕਰ ਦਿੱਤੀ ਕਿ ਸਿੱਖਾਂ ਨੂੰ ਜ਼ਲੀਲ ਕਰਨਾ ਸ਼ੁਰੂ ਕਰ ਦਿੱਤਾ। ਇਹ ਜ਼ਲਾਲਤ ਇਹੋ ਜਿਹੀ ਸੀ ਜਿਹੜੀ ਜ਼ਕਰੀਆ ਖ਼ਾਨ ਦੇ ਜ਼ਮਾਨੇ ਵਿਚ ਵੀ ਨਹੀਂ ਕੀਤੀ ਜਾਂਦੀ ਸੀ। **ਪੁਲਿਸ ਅੰਮ੍ਰਿਤਸਰ ਆਉਣ ਵਾਲੇ ਹਰ ਸਿੱਖ ਦੀ ਤਲਾਸ਼ੀ ਤਾਂ ਲਿਆ ਹੀ ਕਰਦੀ ਸੀ ਹੁਣ ਉਸ ਨੇ ਇਥੋਂ ਤਕ ਉਸ ਦੀ ਪੜਤਾਲ ਕਰਨੀ ਸ਼ੁਰੂ ਕਰ ਦਿਤੀ ਕਿ ਉਸ ਨੇ ਕੱਛਾ ਪਾਇਆ ਹੋਇਆ ਹੈ ਜਾਂ ਕਛਹਿਰਾ। ਪੁਲਿਸ ਇਹ ਸਮਝਦੀ ਸੀ ਕਿ ਕਛਹਿਰਾ ਪਾਉਣ ਵਾਲੇ ਪਾਹੁਲੀਏ (ਅੰਮ੍ਰਿਤਧਾਰੀ) ਸਿੱਖ ਸਾਰੇ ਦੇ ਸਾਰੇ ਹੀ ਅਕਾਲੀ ਹੁੰਦੇ ਹਨ ਅਤੇ ਜੇ ਉਹ ਅੰਮ੍ਰਿਤਸਰ ਆਉਂਦੇ ਹਨ ਤਾਂ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਹੀ ਆਉਂਦੇ ਹਨ। ਇਸ ਤਰ੍ਹਾਂ ਹਰ ਇਕ ਸਿੱਖ ਜਿਸ ਨੇ**

WWW.SIKHBOOKCLUB.COM

ਕਛਹਿਰਾ ਪਹਣਿਆ ਹੁੰਦਾ ਸੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਇਸ ਸਖ਼ਤੀ ਦਾ ਅਸਰ ਫ਼ੌਜ ਅਤੇ ਪੁਲਿਸ ਦੇ ਕੁਝ ਅਫ਼ਸਰਾਂ 'ਤੇ ਵੀ ਹੋਇਆ ਕਿਉਂ ਕਿ ਉਨ੍ਹਾਂ ਵਿਚੋਂ ਵੀ ਕੁਝ ਲੋਕ ਪਾਹੁਲੀਏ ਸਨ। ਇਹੋ ਜਿਹੀ ਘਿਨਾਉਣੀ ਹਰਕਤ ਨੇ ਸਿੱਖਾਂ ਵਿਚ ਹੋਰ ਵੀ ਜ਼ਿਆਦਾ ਗੁੱਸਾ ਅਤੇ ਰੋਹ ਪੈਦਾ ਕੀਤਾ। ਇਹੋ ਜਿਹੀ ਧੱਕੇਸ਼ਾਹੀ ਕੌਮ ਨੇ ਪਹਿਲਾਂ ਕਦੇ ਨਹੀਂ ਸੀ ਵੇਖੀ।

ਚੀਫ਼ ਖਾਲਸਾ ਦੀਵਾਨ ਅਤੇ ਹੋਰ ਕਈ ਜਥੇਬੰਦੀਆਂ ਨੇ ਸਰਕਾਰ ਦੀ ਇਸ ਹਰਕਤ ਦੀ ਬੜੀ ਜ਼ਬਰਦਸਤ ਨਿੰਦਾ ਕੀਤੀ ਤੇ ਇਸ ਜ਼ੁਲਮ ਨੂੰ ਬੰਦ ਕਰਨ ਦੀ ਮੰਗ ਕੀਤੀ। ਸਰਕਾਰ ਸਮਝਦੀ ਸੀ ਕਿ ਸਿੱਖਾਂ ਵਿਚ ਇਸ ਨਾਲ ਦਹਿਸ਼ਤ ਫ਼ੈਲ ਜਾਵੇਗੀ ਤੇ ਉਨ੍ਹਾਂ ਦੇ ਹੌਸਲੇ ਢਹਿ-ਢੇਰੀ ਹੋ ਜਾਣਗੇ। ਪਰ ਇਸ ਦਾ ਨਤੀਜਾ ਉਲਟ ਇਹ ਹੋਇਆ ਕਿ ਸਿੱਖਾਂ ਵਿਚ ਸਰਕਾਰ, ਕੈਰੋਂ ਤੇ ਨਹਿਰੂ ਵਾਸਤੇ ਨਫ਼ਰਤ ਵਿਚ ਵਾਧਾ ਹੋਇਆ ਅਤੇ ਮੋਰਚੇ ਵਾਸਤੇ ਹਮਦਰਦੀ ਸਗੋਂ ਵਧੇਰੇ ਹੋ ਗਈ। ਪੁਲਿਸ ਅਤੇ ਸਰਕਾਰ ਦੀ ਇਹ ਕਾਰਵਾਈ ਤਕਰੀਬਨ ਦੋ ਹਫ਼ਤੇ ਜਾਰੀ ਰਹੀ। ਅਖ਼ੀਰ ਸਿੱਖਾਂ ਵਿਚ ਰੋਹ ਅਤੇ ਪ੍ਰੋਟੈਸਟ ਨੂੰ ਸਾਹਵੇਂ ਰੱਖ ਕੇ ਸਰਕਾਰ ਨੇ ਇਹ ਹਰਕਤ ਬੰਦ ਕਰ ਦਿੱਤੀ ਅਤੇ ਪੁਲਿਸ ਦੀਆਂ ਪਿਕਟਾਂ ਵੀ ਚੁੱਕ ਲਈਆਂ। ਪੁਲਿਸ ਦੀ ਨਾਕਾਬੰਦੀ ਖਤਮ ਹੋਣ ਨਾਲ ਮੋਰਚੇ ਦਾ ਜੋਸ਼ ਸਗੋਂ ਹੋਰ ਵਧ ਗਿਆ।

ਪੁਲਿਸ ਨੇ ਦਰਬਾਰ ਸਾਹਿਬ ਦੇ ਦੁਆਲਿਓਂ ਆਪਣੀਆਂ ਪਿਕਟਾਂ ਤਾਂ ਭਾਵੇਂ ਚੁੱਕ ਲਈਆਂ ਪਰ ਸ਼ਹਿਰ ਵਿਚ ਬਾਕੀ ਨਾਕਿਆਂ ਅਤੇ ਹੋਰ ਪਾਸਿਆਂ ਤੋਂ ਸਿੱਖਾਂ ਨੂੰ ਰੋਕ ਕੇ ਉਨ੍ਹਾਂ ਤੋਂ ਪੁੱਛ ਪੜਤਾਲ ਜਾਰੀ ਰਹੀ। ਨੀਲੀ ਦਸਤਾਰ ਬੰਨ੍ਹਣ ਦਾ ਮਤਲਬ ਇਕ ਦਮ ਗ੍ਰਿਫ਼ਤਾਰ ਹੋ ਜਾਣਾ ਸੀ। ਅਕਾਲੀ ਵਰਕਰਾਂ ਨੇ ਪੁਲਿਸ ਤੋਂ ਬਚਣ ਵਾਸਤੇ ਨੀਲੀ ਪੱਗ ਦੀ ਥਾਂ ਤੇ ਹੋਰ ਰੰਗਾਂ ਦੀਆਂ ਦਸਤਾਰਾਂ ਪਹਿਨਣੀਆਂ ਸ਼ੁਰੂ ਕਰ ਦਿੱਤੀਆਂ। ਊਧਮ ਸਿੰਘ ਨਾਗੋਕੇ ਅਤੇ ਗਿਆਨੀ ਕਰਤਾਰ ਸਿੰਘ ਦੇ ਸਾਰੇ ਸਾਥੀ ਭਾਵੇਂ ਕਾਂਗਰਸ ਵਿਚ ਚਲੇ ਗਏ ਹੋਏ ਸਨ, ਪਰ ਉਹ ਅਜੇ ਤੱਕ ਨੀਲੀਆਂ ਦਸਤਾਰਾਂ ਬੰਨ੍ਹਦੇ ਹੁੰਦੇ ਸਨ। ਕਈ ਅਕਾਲੀਆਂ ਨੇ ਤਾਂ ਭਾਵੇਂ ਨੀਲੀਆਂ ਦਸਤਾਰਾਂ ਛੱਡ ਦਿੱਤੀਆਂ ਸਨ, ਪਰ ਗਿਆਨੀ ਤੇ ਨਾਗੋਕੇ ਗਰੁੱਪ ਵਾਲਿਆਂ ਦੇ ਕਈ ਵਰਕਰਾਂ ਨੇ ਅਜੇ ਨੀਲਾ ਰੰਗ ਨਹੀਂ ਸੀ ਛੱਡਿਆ। ਇਸ ਕਰ ਕੇ ਪੁਲਿਸ ਨੇ ਇਨ੍ਹਾਂ ਦੋਹਾਂ ਗਰੁੱਪਾਂ ਦੇ ਕਈ ਮੈਂਬਰ ਵੀ ਗ੍ਰਿਫ਼ਤਾਰ ਕੀਤੇ। ਇਨ੍ਹਾਂ ਵਿਚੋਂ ਕਈਆਂ ਨੂੰ ਤਾਂ ਸਜ਼ਾ ਵੀ ਹੋ ਗਈ ਤੇ ਉਨ੍ਹਾਂ ਨੇ ਬੜੀ ਮੁਸ਼ਕਲ ਨਾਲ ਮਿੰਨਤਾਂ ਕਰ ਕੇ ਰਿਹਾਈਆਂ ਹਾਸਿਲ ਕੀਤੀਆਂ।

ਜੁਲਾਈ ਦੇ ਅਖੀਰ ਵਿਚ ਇਹ ਅਫ਼ਵਾਹ ਫੈਲ ਗਈ ਸੀ ਕਿ ਪੁਲਿਸ ਦਰਬਾਰ ਸਾਹਿਬ ਵਿਚ ਦਾਖ਼ਿਲ ਹੋ ਕੇ ਕਬਜ਼ਾ ਕਰ ਲਵੇਗੀ। (ਹਾਲਾਂ ਕਿ 4 ਜੁਲਾਈ 1955 ਦੇ ਦਿਨ ਪੁਲਿਸ ਅਤੇ ਫ਼ੌਜ ਨੇ ਦਰਬਾਰ ਸਾਹਿਬ ਵਿਚ ਦਾਖ਼ਿਲ ਹੋ ਕੇ ਇਸ ਦਾ ਨਤੀਜਾ ਵੇਖ ਲਿਆ ਸੀ ਤੇ ਮਗਰੋਂ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ ਅਕਾਲ ਤਖ਼ਤ ਸਾਹਿਬ ਤੇ ਹਾਜ਼ਿਰ ਹੋ ਕੇ ਇਸ ਹਰਕਤ ਦੀ ਮੁਆਫ਼ੀ ਮੰਗ ਲਈ ਸੀ)।

ਗਿਆਨੀ ਕਰਤਾਰ ਸਿੰਘ ਨੇ ਆਪਣੀਆਂ ਤਕਰੀਰਾਂ ਵਿਚ 2-3 ਵਾਰੀ ਸਾਫ਼

WWW.SIKHBOOKCLUB.COM

ਲਫ਼ਜ਼ਾਂ ਵਿਚ ਆਖਿਆ ਸੀ ਕਿ ਸਰਕਾਰ ਨੂੰ ਦਰਬਾਰ ਸਾਹਿਬ ਵਿਚ ਦਾਖਲ ਹੋ ਕੇ ਗ੍ਰਿਫ਼ਤਾਰੀਆਂ ਕਰਨ ਦਾ ਪੂਰਾ ਹੱਕ ਹੈ। ਪ੍ਰਤਾਪ ਸਿੰਘ ਕੈਰੋਂ ਨੇ ਵੀ ਇਹੋ ਜਿਹੇ ਬਿਆਨ ਜਾਰੀ ਕੀਤੇ ਹੋਏ ਸਨ। ਇਸ ਕਰ ਕੇ ਸਿੱਖ ਆਗੂ ਪੂਰੀ ਤਰ੍ਹਾਂ ਤਿਆਰ ਸਨ। ਅਕਾਲੀ ਆਗੂਆਂ ਨੇ ਇਸ ਦੇ ਜਵਾਬ ਵਿਚ ਆਖਿਆ ਸੀ ਕਿ **ਜੇ ਪੁਲਿਸ ਦਰਬਾਰ ਸਾਹਿਬ ਵਿਚ ਦਾਖਿਲ ਹੋਵੇਗੀ ਤਾਂ ਉਸ ਨੂੰ ਸਿੱਖਾਂ ਦੀਆਂ ਲਾਸ਼ਾਂ ਦੇ ਉੱਤੋਂ ਦੀ ਲੰਘਣਾ ਪਵੇਗਾ।** ਅਕਾਲੀ ਆਗੂਆਂ ਨੇ ਸਾਫ਼ ਇਸ਼ਾਰਾ ਕੀਤਾ ਸੀ ਕਿ **ਜੇ ਪੁਲਿਸ ਦਰਬਾਰ ਸਾਹਿਬ ਵਿਚ ਦਾਖ਼ਿਲ ਹੋਈ ਤਾਂ ਉਸ ਨਾਲ ਅਠ੍ਹਾਰਵੀਂ ਸਦੀ ਦੇ ਸਿੱਖਾਂ ਵਾਂਗ ਨਜਿੱਠਿਆ ਜਾਵੇਗਾ।** ਇਸ ਮੌਕੇ 'ਤੇ ਅਕਾਲੀ ਆਗੂਆਂ ਨੇ ਪ੍ਰੈਸ ਕਾਨਫ਼ਰੰਸ ਕਰ ਕੇ ਸਰਕਾਰ ਨੂੰ ਵਾਰਨਿੰਗ ਦੇ ਦਿੱਤੀ ਸੀ ਕਿ **ਦਰਬਾਰ ਸਾਹਿਬ ਵਿਚ ਪੁਲਿਸ ਦੇ ਦਾਖ਼ਲੇ ਦੇ ਨਤੀਜੇ ਬੜੇ ਖ਼ਤਰਨਾਕ ਹੋਣਗੇ। ਜੇ ਪੁਲਿਸ ਦਰਬਾਰ ਸਾਹਿਬ ਵਿਚ ਦਾਖ਼ਿਲ ਹੋਈ ਤਾਂ ਸਿੱਖ ਪੁਰਅਮਨ ਨਹੀਂ ਰਹਿ ਸਕਣਗੇ ਅਤੇ ਇਸ ਦੀ ਜ਼ਿੰਮੇਵਾਰੀ ਕੈਰੋਂ ਸਰਕਾਰ ਸਿਰ ਹੋਵੇਗੀ।**

ਅਕਾਲੀ ਆਗੂਆਂ ਦੇ ਇਨ੍ਹਾਂ ਬਿਆਨਾਂ ਕਰ ਕੇ ਸਰਕਾਰ ਅਤੇ ਕਾਂਗਰਸੀਆਂ ਦਾ ਦਰਬਾਰ ਸਾਹਿਬ ਵੱਲ ਮੂੰਹ ਕਰਨ ਦਾ ਹੀਆ ਨਾ ਪਿਆ। ਸਰਕਾਰ ਦੀਆਂ ਸਾਜ਼ਿਸ਼ਾਂ ਨਾਕਮਯਾਬ ਹੋ ਜਾਣ ਨਾਲ ਅਤੇ ਸਰਕਾਰੀ ਹਮਲਾ ਨਾ ਹੋ ਸਕਣ ਕਰ ਦੇ ਸਿੱਖਾਂ ਦੇ ਹੌਸਲੇ ਹੋਰ ਵੀ ਬੁਲੰਦ ਹੋਏ। ਗੱਲ ਕੀ, ਸਰਕਾਰ ਜਿਹੜਾ ਵੀ ਹਥਿਆਰ ਵਰਤਦੀ ਉਹੀ ਹਥਿਆਰ ਸਿੱਖਾਂ ਦੇ ਹੱਕ ਵਿਚ ਤੇ ਸਰਕਾਰ ਦੇ ਖ਼ਿਲਾਫ਼ ਜਾਂਦਾ ਸੀ। ਸਰਕਾਰ ਦਾ ਹਰ ਹਮਲਾ ਸਿੱਖਾਂ ਦਾ ਹੌਸਲਾ ਵਧਾ ਜਾਂਦਾ ਸੀ।

ਪਹਿਲੀ ਅਗਸਤ ਨੂੰ ਭਾਰਤ ਦੀ ਪਾਰਲੀਮੈਂਟ ਦਾ ਇਜਲਾਸ ਸ਼ੁਰੂ ਹੋਣ ਵਾਲਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਇਸ ਮੌਕੇ 'ਤੇ ਪ੍ਰੋਟੈਸਟ ਮਾਰਚ ਕਰਨ ਦਾ ਫ਼ੈਸਲਾ ਕੀਤਾ। ਦਿੱਲੀ ਵਿਚ ਪਹਿਲਾਂ ਹੀ ਪੰਜਾਬੀ ਸੂਬਾ ਮੋਰਚਾ ਦੇ ਸਬੰਧ ਵਿਚ ਮੁਹਾਜ਼ ਖੁਲ੍ਹਿਆ ਹੋਇਆ ਸੀ। 12 ਜੂਨ ਨੂੰ ਦਿੱਲੀ ਵਿਚ ਕੱਢੇ ਗਏ ਜਲੂਸ ਤੋਂ ਬਾਅਦ ਭਾਵੇਂ ਪੰਜਾਬੀ ਸੂਬਾ ਮੋਰਚੇ ਦਾ ਮੁੱਖ ਸੈਂਟਰ ਅੰਮ੍ਰਿਤਸਰ ਰਿਹਾ ਸੀ ਪਰ ਇਸ ਦੇ ਨਾਲ ਹੀ ਭਾਰਤ ਦੀ ਰਾਜਧਾਨੀ ਹੋਣ ਕਰ ਕੇ ਦਿੱਲੀ ਵਿਚ ਵੀ ਮੋਰਚੇ ਦਾ ਇਕ ਸੈਂਟਰ ਸ਼ੁਰੂ ਕਰ ਦਿੱਤਾ ਗਿਆ ਸੀ। ਦਿੱਲੀ ਦੇ ਮੁਹਾਜ਼ 'ਤੇ ਵੀ 19 ਜੂਨ ਤੋਂ ਹੀ ਹਰ ਰੋਜ਼ 11 ਸਿੱਖਾਂ ਦਾ ਇਕ ਜਥਾ ਗ੍ਰਿਫ਼ਤਾਰੀ ਦਿਆ ਕਰਦਾ ਸੀ। ਕਈ ਵਾਰੀ ਤਾਂ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਵਾਲੇ ਸਿੱਖਾਂ ਦੀ ਗਿਣਤੀ ਏਨੀ ਹੋ ਜਾਂਦੀ ਸੀ 11 ਦੀ ਹੱਦ ਖ਼ਤਮ ਕਰ ਕੇ ਵੱਡੇ ਜਥੇ ਵੀ ਭੇਜੇ ਜਾਂਦੇ ਸਨ। ਦੁਨੀਆਂ ਭਰ ਦੇ ਅਖ਼ਬਾਰ ਨਵੀਸ ਗੁਰਦੁਆਰਾ ਸੀਸ ਗੰਜ ਦੇ ਬਾਹਰ ਇਕੱਠੇ ਹੋ ਕੇ ਸੱਜ ਧਜ ਕੇ ਨਿਕਲ ਰਹੇ ਸਿੱਖ, ਸਿੱਖਣੀਆਂ ਅਤੇ ਬੱਚਿਆਂ ਦੇ ਜਥਿਆਂ ਨੂੰ ਨਾਅਰੇ ਮਾਰ ਕੇ ਗ੍ਰਿਫ਼ਤਾਰੀ ਦੇਂਦੇ ਵੇਖਣ ਵਾਸਤੇ ਪਹੁੰਚ ਜਾਇਆ ਕਰਦੇ ਸਨ।

WWW.SIKHBOOKCLUB.COM

ਪਾਰਲੀਮੈਂਟ ਦੇ ਬਾਹਰ ਪ੍ਰੋਟੈਸਟ

ਅੰਮ੍ਰਿਤਸਰ ਅਤੇ ਦਿੱਲੀ ਵਿਚ ਪੰਜਾਬੀ ਸੂਬਾ ਮੋਰਚੇ ਦੀ ਸ਼ਾਨੋ-ਸ਼ੌਕਤ ਵੇਖ ਕੇ ਕੈਰੋਂ ਅਤੇ ਪੰਡਤ ਨਹਿਰੂ ਤਿਲਮਿਲਾਉਂਦੇ ਸਨ। ਜਦੋਂ ਪਹਿਲੀ ਅਗਸਤ ਨੂੰ ਪਾਰਲੀਮੈਂਟ ਦੇ ਇਜਲਾਸ ਦਾ ਐਲਾਨ ਹੋਇਆ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਫ਼ੈਸਲਾ ਕੀਤਾ ਕਿ ਇਜਲਾਸ ਦੇ ਪਹਿਲੇ ਦਿਨ ਸਿੱਖ ਇਕ ਜਲੂਸ ਕੱਢ ਕੇ ਪਾਰਲੀਮੈਂਟ ਹਾਊਸ ਵਲ ਜਾਣਗੇ ਅਤੇ ਪੰਡਤ ਨਹਿਰੂ ਅਤੇ ਪਾਰਲੀਮੈਂਟ ਮੈਂਬਰਾਂ ਨੂੰ ਪੰਜਾਬੀ ਸੂਬੇ ਦੀ ਮੰਗ ਸਬੰਧੀ ਇਕ ਮੈਮੋਰੰਡਮ ਪੇਸ਼ ਕਰਨਗੇ ਤਾਂ ਨਹਿਰੂ ਨੂੰ ਹੋਰ ਵੀ ਵਧ ਤਕਲੀਫ਼ ਹੋਈ। ਇਸ ਜਲੂਸ ਨੇ ਗੁਰਦੁਆਰਾ ਰਕਾਬ ਗੰਜ ਤੋਂ ਪਾਰਲੀਮੈਂਟ ਵਲ ਮਾਰਚ ਕਰਨਾ ਸੀ। ਜਦ ਅਕਾਲੀ ਦਲ ਦਾ ਇਹ ਐਲਾਨ ਅਖ਼ਬਾਰਾਂ ਵਿਚ ਛਪਿਆ ਤਾਂ ਭਾਰਤ ਸਰਕਾਰ ਨੂੰ ਭਾਜੜਾਂ ਪੈ ਗਈਆਂ। ਦਿੱਲੀ ਤੇ ਪੰਜਾਬ ਦੀਆਂ ਸਰਕਾਰਾਂ, ਸਰਕਾਰੀ ਅਫ਼ਸਰ, ਪੁਲਿਸ ਅਤੇ ਹੋਰ ਪਾਰਟੀਆਂ ਦੇ ਅਕਾਲੀ ਮੁਖ਼ਾਲਿਫ ਇਸ ਜਲੂਸ ਨੂੰ ਰੋਕਣ ਦੀਆਂ ਤਿਆਰੀਆਂ ਕਰਨ ਲੱਗੇ। ਇਸ ਸਬੰਧ ਵਿਚ ਵੀ ਬਹੁਤ ਸਾਰੇ ਸਿੱਖਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। 31 ਜੁਲਾਈ ਦੇ ਦਿਨ ਪਾਰਲੀਮੈਂਟ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ 'ਤੇ ਪਿਕਟਾਂ ਕਾਇਮ ਕਰ ਦਿੱਤੀਆਂ ਗਈਆਂ। ਹਰ ਰਸਤੇ ਦੀ ਨਾਕਾਬੰਦੀ ਕਰ ਲਈ ਗਈ। ਕਿਸੇ ਵੀ ਦਸਤਾਰ ਵਾਲੇ ਬੰਦੇ ਨੂੰ ਪਾਰਲੀਮੈਂਟ ਹਾਊਸ ਵਲ ਨਹੀਂ ਸੀ ਜਾਣ ਦਿਤਾ ਜਾਂਦਾ। ਬੱਸਾਂ, ਟੈਕਸੀਆਂ, ਰਿਕਸ਼ਿਆਂ 'ਤੇ ਜਾਂ ਪੈਦਲ ਵੀ ਕੋਈ ਸਿੱਖ ਇਨ੍ਹਾਂ ਸੜਕਾਂ ਵੱਲ ਨਹੀਂ ਸੀ ਜਾਣ ਦਿੱਤਾ ਜਾ ਰਿਹਾ। ਅਜਿਹਾ ਜਾਪਦਾ ਸੀ ਕਿ ਪਾਰਲੀਮੈਂਟ ਹਾਊਸ ਦਾ ਆਲਾ ਦੁਆਲਾ ਸਿੱਖਾਂ ਵਾਸਤੇ ਬੈਨ ਕਰ ਦਿੱਤਾ ਗਿਆ ਹੈ। ਇਸ ਦੇ ਬਾਅਦ ਪਾਰਲੀਮੈਂਟ ਹੀ ਨਹੀਂ ਬਲਕਿ ਗੁਰਦੁਆਰਾ ਰਕਾਬ ਗੰਜ ਦੇ ਸਾਰੇ ਰਸਤੇ ਵੀ ਸੀਲ ਕਰ ਦਿੱਤੇ ਗਏ। ਜੋ ਸਿੱਖ ਰੋਜ਼ਾਨਾ ਮੱਥਾ ਟੇਕਣ ਆਉਂਦੇ ਸਨ ਉਨ੍ਹਾਂ ਨੂੰ ਵੀ ਵਾਪਿਸ ਜਾਣਾ ਪਿਆ। ਪਰ ਇਸ ਦੇ ਬਾਵਜੂਦ ਨਿੱਕੀਆਂ-ਨਿੱਕੀਆਂ ਗਲੀਆਂ ਤੇ ਰਸਤਿਆਂ ਵਿਚੋਂ ਲੰਘਦੇ ਲੰਘਦੇ ਬੇਅੰਤ ਸਿੱਖ ਗੁਰਦੁਆਰਾ ਰਕਾਬ ਗੰਜ ਵਿਚ ਪਹੁੰਚ ਗਏ।

ਪਹਿਲੀ ਅਗਸਤ ਨੂੰ ਪਾਰਲੀਮੈਂਟ ਦਾ ਇਜਲਾਸ ਸ਼ੁਰੂ ਹੋਣਾ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਜਲੂਸ ਕੱਢਣਾ ਸੀ, ਉਸ ਦਿਨ ਤਾਂ ਹਜ਼ਾਰਾਂ ਪੁਲਸੀਆਂ ਨੇ ਗੁਰਦੁਆਰਾ ਰਕਾਬ ਗੰਜ ਦੇ ਦੁਆਲੇ ਘੇਰਾ ਪਾ ਲਿਆ। ਸਭ ਤੋਂ ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਪਾਰਲੀਮੈਂਟ, ਰੇਡੀਓ ਸਟੇਸ਼ਨ ਤੇ ਇਸ ਇਲਾਕੇ ਵਿਚਾਲੇ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਸਿੱਖ ਮੁਲਾਜ਼ਿਮਾਂ ਨੂੰ ਵੀ ਲੰਘਣ ਨਹੀਂ ਸੀ ਦਿੱਤਾ ਜਾ ਰਿਹਾ। ਦੂਜੇ ਪਾਸੇ ਗੁਰਦੁਆਰਾ ਰਕਾਬ ਗੰਜ ਵਿਚ 10 ਹਜ਼ਾਰ ਤੋਂ ਵੱਧ ਸਿੱਖ ਇਕੱਠੇ ਹੋ ਚੁੱਕੇ ਸਨ। ਗੁਰਦੁਆਰੇ ਵਿਚ ਪੰਜਾਬੀ ਸੂਬਾ ਜ਼ਿੰਦਾਬਾਦ, ਸ਼੍ਰੋਮਣੀ ਅਕਾਲੀ ਦਲ ਜ਼ਿੰਦਾਬਾਦ, ਮਾਸਟਰ ਤਾਰਾ ਸਿੰਘ ਜ਼ਿੰਦਾਬਾਦ ਦੇ ਨਆਰੇ ਗੂੰਜ ਰਹੇ ਸਨ। ਇਸ ਨਜ਼ਾਰੇ ਨੂੰ ਵੇਖ ਕੇ ਪੁਲਿਸ ਵਾਲੇ ਬੁਰੀ ਤਰ੍ਹਾਂ ਹੈਰਾਨ ਹੋ ਰਹੇ ਸਨ ਕਿ ਏਨੀ ਜ਼ਬਰਦਸਤ ਨਿਗਰਾਨੀ ਅਤੇ ਨਾਕਾਬੰਦੀ ਦੇ ਬਾਵਜੂਦ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਗੁਰਦੁਆਰਾ ਰਕਾਬ

WWW.SIKHBOOKCLUB.COM

ਗੰਜ ਕਿਵੇਂ ਪੁੱਜ ਗਏ। ਜਦ ਇਸ ਦੀ ਖ਼ਬਰ ਹੋਮ ਮਨਿਸਟਰ ਪੰਡਤ ਪੰਤ ਨੂੰ ਮਿਲੀ ਤਾਂ ਉਹ ਹੱਕਾ-ਬੱਕਾ ਰਹਿ ਗਿਆ। ਹੁਣ ਉਨ੍ਹਾਂ ਨੂੰ ਸਮਝ ਆ ਗਈ ਸੀ ਕਿ ਸਿੱਖ ਹਰ ਹਾਲਤ ਵਿਚ ਜਲੂਸ ਜ਼ਰੂਰ ਕੱਢਣਗੇ। ਹੁਣ ਪੁਲਿਸ ਦਾ ਸਾਰਾ ਧਿਆਨ ਜਲੂਸ ਰੋਕਣ ਅਤੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਵਲ ਹੋ ਗਿਆ। ਕੁਝ ਹੀ ਮਿੰਟਾਂ ਵਿਚ ਪੁਲਿਸ ਦੀਆਂ ਦਰਜਨਾਂ ਲਾਰੀਆਂ ਗੁਰਦੁਆਰਾ ਰਕਾਬ ਗੰਜ ਤੋਂ ਪਾਰਲੀਮੈਂਟ ਜਾਣ ਵਾਲੇ ਰਸਤੇ 'ਤੇ ਪੁੱਜ ਗਈਆਂ। ਪੁਲਿਸ ਦੀਆਂ ਲਾਰੀਆਂ ਨੂੰ ਵੇਖ ਕੇ ਸਿੱਖਾਂ ਵਿਚ ਜੋਸ਼ ਸਗੋਂ ਹੋਰ ਵੱਧ ਗਿਆ ਅਤੇ ਉਨ੍ਹਾਂ ਨੇ ਰੋਹ ਵਿਚ ਆ ਕੇ ਨਾਅਰੇ ਮਾਰਨੇ ਸ਼ੁਰੂ ਕਰ ਦਿਤੇ। ਇਨ੍ਹਾਂ ਨਾਅਰਿਆਂ ਦੇ ਨਾਲ ਪੁਲਿਸ ਦੇ ਹੌਸਲੇ ਬੁਰੀ ਤਰ੍ਹਾਂ ਡਿੱਗ ਪਏ।

ਪਾਰਲੀਮੈਂਟ ਦਾ ਇਜਲਾਸ 10 ਵਜੇ ਸ਼ੁਰੂ ਹੋਣਾ ਸੀ। ਇਸ ਤੋਂ ਅੱਧਾ ਘੰਟਾ ਪਹਿਲਾਂ, ਪਹਿਲਾ ਜਥਾ ਪਾਰਲੀਮੈਂਟ ਹਾਊਸ ਵਲ ਜਾਣ ਵਾਸਤੇ, ਕਾਲੇ ਚੋਲਿਆਂ ਵਿਚ ਸਜ ਕੇ ਗੁਰਦੁਆਰਾ ਰਕਾਬ ਗੰਜ ਦੇ ਗੇਟ 'ਤੇ ਪੁੱਜ ਗਿਆ। ਪੂਰੇ 10 ਵਜੇ 5 ਸਿੰਘਾਂ ਦਾ ਪਹਿਲਾ ਜਥਾ ਗੁਰਦੁਆਰੇ ਤੋਂ ਪਾਰਲੀਮੈਂਟ ਵੱਲ ਚਲ ਪਿਆ। ਜਦ ਇਹ ਜਥਾ ਪੁਲਿਸ ਨਾਕੇ ਕੋਲ ਪਹੁੰਚਿਆ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਲਾਰੀਆਂ ਵਿਚ ਬਿਠਾ ਕੇ ਜੇਲ੍ਹ ਵੱਲ ਟੋਰ ਦਿੱਤਾ ਗਿਆ। ਇੰਞ ਹਰ ਪੰਦਰਾਂ ਮਿੰਟ ਮਗਰੋਂ 5 ਸਿੰਘਾਂ ਦਾ ਜਥਾ ਨਿਕਲਦਾ ਤੇ ਪੁਲਿਸ ਉਸ ਨੂੰ ਨਾਕੇ ਤੋਂ ਗ੍ਰਿਫ਼ਤਾਰ ਕਰ ਕੇ ਲਾਰੀ ਵਿਚ ਬਿਠਾ ਕੇ ਜੇਲ੍ਹ ਲੈ ਜਾਂਦੀ। ਪਾਰਲੀਮੈਂਟ ਦਾ ਇਜਲਾਸ ਸ਼ਾਮ 5 ਵਜੇ ਤਕ ਜਾਰੀ ਰਿਹਾ ਅਤੇ ਇਸ ਵਕਤ ਤਕ ਸਿੱਖਾਂ ਦੇ ਜਥੇ ਹਰ ਪੰਜਾਂ ਮਿੰਟ ਮਗਰੋਂ ਗ੍ਰਿਫ਼ਤਾਰੀ ਦਿੰਦੇ ਰਹੇ। ਇਨ੍ਹਾਂ ਜਥਿਆਂ ਵਿਚ ਚਾਰ ਸੌ ਤੋਂ ਵੱਧ ਸਿੰਘਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ।

ਇਸ ਦਿਨ ਸਰਕਾਰ ਦਾ ਸਾਰਾ ਜ਼ੋਰ ਇਸ ਗੱਲ 'ਤੇ ਲਗਾ ਹੋਇਆ ਸੀ ਕਿ ਸਿੱਖਾਂ ਦਾ ਪ੍ਰੋਟੈਸਟ ਕਾਮਯਾਬ ਨਹੀਂ ਹੋਣ ਦੇਣਾ ਪਰ ਫਿਰ ਵੀ ਸਿੱਖ ਦੁਨੀਆਂ ਭਰ ਵਿਚ ਆਪਣਾ ਰੋਸ ਜ਼ਾਹਿਰ ਕਰਨ ਵਿਚ ਕਾਮਯਾਬ ਹੋ ਗਏ। ਭਾਵੇਂ ਪੁਲਿਸ ਨੇ ਸਾਰੀ ਤਾਕਤ ਵਰਤ ਕੇ ਇਕ ਵੀ ਸਿੱਖ ਪਾਰਲੀਮੈਂਟ ਹਾਊਸ ਦੇ ਨੇੜੇ-ਤੇੜੇ ਨਹੀਂ ਦਾਖ਼ਿਲ ਹੋਣ ਦਿੱਤਾ ਪਰ ਫਿਰ ਵੀ ਸਿੱਖਾਂ ਦਾ ਇਕ ਜਥਾ ਆਣੀ ਫ਼ੁਰਤੀ ਨਾਲ ਪਾਰਲੀਮੈਂਟ ਹਾਊਸ ਦੇ ਬਰਾਂਡੇ ਵਿਚ ਜਾ ਪਹੁੰਚਿਆ। ਉਨ੍ਹਾਂ ਨੇ ਉੱਥੇ ਪੰਜਾਬੀ ਸੂਬੇ ਸਬੰਧੀ ਅਕਾਲੀ ਦਲ ਦਾ ਤਿਆਰ ਕੀਤਾ ਹੋਇਆ ਮੈਮੋਰੰਡਮ ਵੰਡਿਆ। ਜਿੰਨੀ ਦੇਰ ਵਿਚ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਪਹੁੰਚੀ ਉਹ ਆਪਣਾ ਐਕਸ਼ਨ ਕਰ ਚੁੱਕੇ ਸਨ। ਇਸ ਮਗਰੋਂ ਉਨ੍ਹਾਂ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾ ਕੇ ਗ੍ਰਿਫ਼ਤਾਰੀ ਦੇ ਦਿੱਤੀ। ਪਾਰਲੀਮੈਂਟ ਹਾਊਸ ਦਾ ਇਜਲਾਸ ਖਤਮ ਹੋਣ ਤੋਂ ਬਾਅਦ ਜਦ ਸਿੱਖ ਗੁਰਦੁਆਰਾ ਰਕਾਬ ਗੰਜ ਤੋਂ ਘਰਾਂ ਨੂੰ ਮੁੜ ਰਹੇ ਸਨ ਤਾ ਪੁਲਿਸ ਨੇ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਜੱਥਿਆਂ ਵਿਚ ਗ੍ਰਿਫ਼ਤਾਰ ਹੋਣ ਵਾਲੇ ਸਿੱਖਾਂ ਤੋਂ ਇਲਾਵਾ ਸੈਂਕੜੇ ਹੋਰ ਸਿੱਖ ਵੀ ਪੁਲਿਸ ਨੇ ਹਿਰਾਸਤ ਵਿਚ ਲੈ ਲਏ।

15 ਅਗਸਤ 1960 ਦੇ ਦਿਨ ਪ੍ਰੋਟੈਸਟ

ਪੰਜਾਬੀ ਸੂਬੇ ਦੇ ਮੋਰਚੇ ਦਾ ਅਗਲਾ ਵੱਡਾ ਐਕਸ਼ਨ 15 ਅਗਸਤ 1960 ਦੇ

WWW.SIKHBOOKCLUB.COM

ਦਿਨ ਹੋਇਆ। ਇਸ ਦਿਨ ਦਿੱਲੀ ਵਿਚ ਲਾਲ ਕਿਲ੍ਹੇ ਦੇ ਬਾਹਰ ਪੰਡਤ ਨਹਿਰੂ ਨੇ ਭਾਰਤੀਆਂ ਦੇ ਨਾਂ ਪੈਗ਼ਾਮ ਦੇਣਾ ਸੀ। ਪੰਜਾਬੀ ਸੂਬਾ ਨਾ ਬਣਾਉਣਾ ਸਿੱਖਾਂ ਨਾਲ ਇਕ ਬਹੁਤ ਵੱਡਾ ਧੱਕਾ ਸੀ। ਇਸ ਨਾਲ ਸਿੱਖਾਂ ਨੂੰ ਅਹਿਸਾਸ ਹੁੰਦਾ ਸੀ ਕਿ ਭਾਰਤ ਦੀ ਆਜ਼ਾਦੀ ਉਨ੍ਹਾਂ ਵਾਸਤੇ ਕੋਈ ਮਤਲਬ ਨਹੀਂ ਰਖਦੀ। ਇਹ ਮਹਿਸੂਸ ਕਰ ਕੇ ਸਿੱਖਾਂ ਨੇ ਫ਼ੈਸਲਾ ਕੀਤਾ ਕਿ 15 ਅਗਸਤ ਦੇ ਦਿਨ ਆਪਣਾ ਪ੍ਰੋਟੈਸਟ ਜ਼ਾਹਿਰ ਕਰ ਕੇ ਦੁਨੀਆਂ ਭਰ ਦੇ ਲੋਕਾਂ ਨੂੰ ਦੱਸਣਗੇ ਕਿ ਸਿੱਖਾਂ ਨਾਲ ਭਾਰਤ ਵਿਚ ਗ਼ੁਲਾਮਾਂ ਵਾਂਗ ਸਲੂਕ ਕੀਤਾ ਜਾ ਰਿਹਾ ਹੈ। ਦਿੱਲੀ ਵਿਚ ਪੰਜਾਬੀ ਸੂਬੇ ਦੇ ਡਿਕਟੇਟਰ ਨੇ ਐਲਾਨ ਕੀਤਾ ਕਿ 15 ਅਗਸਤ ਦੇ ਦਿਨ ਸਿੱਖਾਂ ਦਾ ਇਕ ਜਲੂਸ ਸੀਸ ਗੰਜ ਗੁਰਦੁਆਰੇ ਤੋਂ ਲਾਲ ਕਿਲ੍ਹੇ ਵਲ ਮਾਰਚ ਕਰੇਗਾ। ਇਸ ਜਲੂਸ ਵਿਚ ਸ਼ਾਮਿਲ ਹੋਣ ਵਾਲੇ ਸਿੱਖ ਕਾਲੇ ਕੱਪੜੇ ਪਹਿਣ ਕੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹੋਏ ਲਾਲ ਕਿਲ੍ਹੇ ਵਲ ਜਾਣਗੇ।

ਇਸ ਐਲਾਨ ਤੋਂ ਭਾਰਤ ਸਰਕਾਰ ਅਤੇ ਦਿੱਲੀ ਦੀ ਪੁਲਿਸ ਤੇ ਹਾਕਮ ਘਬਰਾ ਗਏ। 14 ਅਗਸਤ ਤੋਂ ਹੀ ਲਾਲ ਕਿਲ੍ਹੇ ਅਤੇ ਸੀਸ ਗੰਜ ਗੁਰਦੁਆਰੇ ਦੇ ਵਿਚਕਾਰ ਹਰ ਪਾਸੇ ਪੁਲਿਸ ਹੀ ਪੁਲਿਸ ਨਜ਼ਰ ਆਉਂਦੀ ਸੀ। ਕੋਈ ਵੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਸੀ ਕਿ ਇਸ ਹਾਲਤ ਵਿਚ ਅਕਾਲੀ ਜਲੂਸ ਕੱਢ ਸਕਣਗੇ। ਪਰ ਪੁਲਿਸ, ਲੋਕਾਂ ਅਤੇ ਪ੍ਰੈਸ ਨੂੰ ਬਹੁਤ ਹੈਰਾਨੀ ਹੋਈ ਜਦੋਂ ਕੀਤੇ ਐਲਾਨ ਮੁਤਾਬਿਕ ਜਿਸ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ ਲਾਲ ਕਿਲ੍ਹੇ ਵਲ ਟੁਰਿਆ ਐਨ ਉਸੇ ਵੇਲੇ ਕਾਲੇ ਵਸਤਰ ਪਹਿਨੇ ਹੋਏ ਸਿੱਖਾਂ ਦਾ ਕਾਫ਼ਲਾ ਜਦੋਂ ਸੀਸ ਗੰਜ ਗੁਰਦੁਆਰੇ ਤੋਂ ਨਿਕਲਿਆ। ਪੁਲਿਸ ਨੇ ਉਨ੍ਹਾਂ ਨੂੰ ਬਾਹਰ ਨਿਕਲਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਪਿਛੋਂ ਹੋਰ ਜਥੇ ਵੀ ਆਉਣੇ ਸ਼ੁਰੂ ਹੋ ਗਏ ਅਤੇ ਤਕਰੀਬਨ ਇਕ ਘੰਟਾ, ਜਦੋਂ ਤਕ ਪੰਡਤ ਨਹਿਰੂ ਲੈਕਚਰ ਕਰਦਾ ਰਿਹਾ, ਸਿੱਖਾਂ ਦੇ ਜਥੇ ਗੁਰਦੁਆਰਾ ਸੀਸ ਗੰਜ ਤੋਂ ਲਾਲ ਕਿਲ੍ਹੇ ਵਲ ਜਾਂਦੇ ਰਹੇ ਅਤੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾ ਕੇ ਗ੍ਰਿਫ਼ਤਾਰੀ ਦਿੰਦੇ ਰਹੇ। ਸਿਰਫ਼ ਏਨਾ ਹੀ ਨਹੀਂ ਹੀ ਨਹੀਂ ਬਲਕਿ ਜਦੋਂ ਪੰਡਤ ਜਵਾਹਰ ਲਾਲ ਨਹਿਰੂ ਨੇ ਤਕਰੀਰ ਸ਼ੁਰੂ ਕੀਤੀ ਤਾਂ ਉਸੇ ਵੇਲੇ ਲਾਲ ਕਿਲ੍ਹੇ ਦੇ ਮੈਦਾਨ ਦੇ ਪੰਡਾਲ ਵਿਚੋਂ ਕੁਝ ਸਿੱਖ ਨੌਜਵਾਨ ਉੱਠੇ ਅਤੇ ਉਨ੍ਹਾਂ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ। ਇਹ ਵੇਖ ਕੇ ਪੰਡਤ ਨਹਿਰੂ ਬੁਰੀ ਤਰ੍ਹਾਂ ਘਬਰਾ ਗਿਆ।

ਲਾਲ ਕਿਲ੍ਹੇ ਉੱਤੇ 'ਪੰਜਾਬੀ ਸੂਬਾ ਜ਼ਿੰਦਾਬਾਦ' ਵਾਲੇ ਕਾਲੇ ਗ਼ੁਬਾਰੇ

ਇਸ ਦੇ ਨਾਲ ਹੀ ਇਕ ਹੋਰ ਅਹਿਮ ਘਟਨਾ ਹੋਈ ਜਿਸ ਨੇ ਪੰਡਤ ਨਹਿਰੂ ਨੂੰ ਬੌਖਲਾਅ ਦਿੱਤਾ। ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਹੋਇਆ ਸੀ ਕਿ ਜਿਸ ਵੇਲੇ ਨਹਿਰੂ ਝੰਡਾ ਲਹਿਰਾਉਣ ਵਾਸਤੇ ਖੜਾ ਹੋਵੇਗਾ। ਉਸ ਦਿਨ ਕਾਲੇ ਗ਼ੁਬਾਰੇ ਆਸਮਾਨ ਵਿਚ ਛੱਡਣਗੇ। ਪੁਲਿਸ ਨੇ ਕਈ ਦਿਨ ਪਹਿਲਾਂ ਤੋਂ ਹੀ ਗੁਰਦੁਆਰਾ ਸੀਸ ਗੰਜ ਦੀ ਅਣ-ਐਲਾਨੀ ਨਾਕਾਬੰਦੀ ਕੀਤੀ ਹੋਈ ਸੀ। ਪੁਲਿਸ ਨੇ ਗੁਰਦੁਆਰਾ ਸੀਸ

WWW.SIKHBOOKCLUB.COM

ਗੰਜ ਵਲੋਂ ਆਉਂਦੇਂ ਹੋਏ ਬਹੁਤ ਸਾਰੇ ਗ਼ੁਬਾਰੇ ਅਤੇ ਗੈਸ ਭਰਨ ਵਾਲੇ ਸਿਲੰਡਰ ਪਕੜ ਵਿਚ ਕਰ ਲਏ ਸਨ। ਪੁਲਿਸ ਦਾਅਵਾ ਕਰ ਰਹੀ ਸੀ ਕਿ ਅਕਾਲੀ ਆਗੂ ਅਸਮਾਨ ਵਿਚ ਕਾਲੇ ਗ਼ੁਬਾਰੇ ਨਹੀਂ ਛੱਡ ਸਕਣਗੇ। ਪਰ ਪੁਲਿਸ ਦੀ ਉਮੀਦ ਦੇ ਉਲਟ ਜਦੋਂ ਪੰਡਤ ਜਵਾਹਰ ਲਾਲ ਨਹਿਰੂ ਤਕਰੀਰ ਕਰਨ ਵਾਸਤੇ ਲਾਲ ਕਿਲ੍ਹੇ ਦੀ ਕੰਧ ਤੇ ਖੜਾ ਹੋਇਆ ਤਾਂ ਸੈਂਕੜਿਆਂ ਦੀ ਗਿਣਤੀ ਵਿਚ ਕਾਲੇ ਗ਼ੁਬਾਰੇ, ਜਿਨ੍ਹਾਂ 'ਤੇ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ 'ਪੰਜਾਬੀ ਸੂਬਾ ਜ਼ਿੰਦਾਬਾਦ' ਲਿਖਿਆ ਹੋਇਆ ਸੀ, ਅਸਮਾਨ ਵਿਚ ਉੱਡਦੇ ਨਜਰ ਆਏ। ਕੁਝ ਹੀ ਪਲਾਂ ਵਿਚ ਲਾਲ ਕਿਲ੍ਹੇ ਦੇ ਆਲੇ ਦੁਆਲੇ ਦਾ ਅਸਮਾਨ ਕਾਲੇ ਗ਼ੁਬਾਰਿਆਂ ਨਾਲ ਭਰਿਆ ਹੋਇਆ ਸੀ। ਕਾਲੇ ਕੱਪੜਿਆਂ ਵਾਲੇ ਮੁਜ਼ਾਹਰੀਨ, ਕਾਲੇ ਗ਼ੁਬਾਰਿਆਂ ਨਾਲ ਭਰਿਆ ਅਸਮਾਨ ਅਤੇ ਲਾਲ ਕਿਲ੍ਹੇ ਦੇ ਮੈਦਾਨ ਵਿਚ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰਿਆਂ ਨੇ ਪੰਡਿਤ ਨਹਿਰੂ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿਤਾ। ਉਨ੍ਹਾਂ ਨੇ ਪੰਜਾਬੀ ਸੂਬੇ ਦੇ ਖ਼ਿਲਾਫ਼ ਅਤੇ ਸਿੱਖਾਂ ਦੇ ਖ਼ਿਲਾਫ਼ ਬਹੁਤ ਕੁਝ ਬੋਲਿਆ। ਮੁਲਕ ਦੇ ਲੋਕਾਂ ਨੂੰ ਪੈਗ਼ਾਮ ਦੇਣ ਦੀ ਬਜਾਏ ਉਹ ਪੰਜਾਬੀ ਸੂਬੇ ਦੀ ਮੰਗ ਦੇ ਖ਼ਿਲਾਫ਼ ਇਧਰ-ਉਧਰ ਦੀਆਂ ਗੱਲਾਂ ਮਾਰਦਾ ਰਿਹਾ। ਨਹਿਰੂ ਦੀ ਤਕਰੀਰ ਸਾਰੀ ਬਰਾਡਕਾਸਟ ਹੋ ਰਹੀ ਸੀ। ਲੰਬੀਆਂ-ਲੰਬੀਆਂ ਤਕਰੀਰਾਂ ਕਰਨ ਵਾਲਾ ਪੰਡਤ ਜਵਾਹਰ ਲਾਲ ਨਹਿਰੂ ਏਨਾ ਘਬਰਾਇਆ ਹੋਇਆ ਸੀ ਕਿ 15 ਅਗਸਤ ਦੇ ਮੌਕੇ 'ਤੇ ਕੋਈ ਸੰਜੀਦਾ ਗੱਲ ਆਖਣ ਦੀ ਬਜਾਏ ਉਹ ਇਧਰ-ਉਧਰ ਦੀਆਂ ਬੇਮਾਅਨਾ ਗੱਲਾਂ ਕਰ ਕੇ, ਘਬਰਾਹਟ ਵਿਚ ਬੇਸੁਆਦੀ ਜਿਹੀ ਤੇ ਨਿੱਕੀ-ਜਿਹੀ ਐਂਟੀ-ਸਿੱਖ ਤਕਰੀਰ ਕਰ ਕੇ ਛੇਤੀ ਹੀ ਬੈਠ ਗਿਆ।

ਇਸ 15 ਅਗਸਤ ਦੇ ਪ੍ਰੋਟੈਸਟ ਦੇ ਮੌਕੇ 'ਤੇ ਪੁਲਿਸ ਨੇ 300 ਤੋਂ ਵਧ ਸਿੱਖ ਗ੍ਰਿਫ਼ਤਾਰ ਕੀਤੇ। ਇਨ੍ਹਾਂ ਵਿਚੋਂ ਤਕਰੀਬਨ 30 ਸਿੱਖ ਨੌਜਵਾਨ ਉਹ ਸਨ ਜਿਨ੍ਹਾਂ ਨੇ ਲਾਲ ਕਿਲ੍ਹੇ ਤੇ ਪੰਡਤ ਨਹਿਰੂ ਦੀ ਤਕਰੀਰ ਸਮੇਂ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾ ਕੇ ਗ੍ਰਿਫ਼ਤਾਰੀ ਦਿੱਤੀ ਸੀ। ਇਸ ਤਰ੍ਹਾਂ ਸਿੱਖਾਂ ਨੇ ਹੋਰ ਪਾਸੇ ਵੀ 15 ਅਗਸਤ ਦਾ ਦਿਨ ਬਰਬਾਦੀ ਦਿਨ ਦੇ ਤੌਰ 'ਤੇ ਮਨਾਇਆ। ਇਸ ਦਿਨ ਦਿੱਲੀ ਤੋਂ ਇਲਾਵਾ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿਚ ਵੀ ਸਿੱਖਾਂ ਨੇ ਵੱਡੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਦਿੱਤੀਆਂ। ਉਸ ਵੇਲੇ ਤਕ ਪੰਜਾਬ ਦੀਆਂ ਜੇਲ੍ਹਾਂ ਵਿਚ ਹਜ਼ਾਰਾਂ ਸਿੱਖ ਕੈਦ ਹੋ ਚੁੱਕੇ ਸਨ। ਵੱਡੀਆਂ ਜੇਲ੍ਹਾਂ ਦੇ ਅੰਦਰ ਵੀ ਸਿੱਖਾਂ ਨੇ ਜਲੂਸ ਕੱਢੇ ਅਤੇ ਮੁਜ਼ਾਹਰੇ ਕੀਤੇ ਪਰ ਦੂਜੇ ਪਾਸੇ ਪੰਥ ਤੋਂ ਬੇਮੁੱਖ ਹੋਏ ਕਾਂਗਰਸੀ ਸਿੱਖਾਂ ਨੇ ਸਿੱਖ ਪੰਥ ਅਤੇ ਪੰਜਾਬੀ ਸੂਬੇ ਦੇ ਖ਼ਿਲਾਫ਼ ਬਿਆਨ ਵੀ ਦਿਤੇ ਅਤੇ ਹਿੰਦੂ ਆਗੂਆਂ ਨੂੰ ਖ਼ੁਸ਼ ਕਰਨ ਵਾਸਤੇ ਚਾਪਲੂਸੀ ਭਰੀ ਬੋਲੀ ਵੀ ਵਰਤੀ ਸੀ। ਇਹ ਹਰਕਤ ਕਰਨ ਵਾਲਿਆਂ ਵਿਚ ਈਸ਼ਰ ਸਿੰਘ ਮਝੈਲ, ਜਥੇਦਾਰ ਸੰਤੋਖ ਸਿੰਘ ਦਿੱਲੀ, ਅਜੀਤ ਸਿੰਘ ਸਰਹੱਦੀ, ਗੋਪਾਲ ਸਿੰਘ ਖਾਲਸਾ, ਗਿਆਨੀ ਕਰਤਾਰ ਸਿੰਘ ਅਤੇ ਪ੍ਰਤਾਪ ਸਿੰਘ ਕੈਰੋਂ ਵਰਗੇ ਵੀ ਸ਼ਾਮਿਲ ਸਨ।

ਇਨ੍ਹਾਂ ਦਿਨਾਂ ਵਿਚ ਪੰਜਾਬੀ ਸੂਬਾ ਮੋਰਚਾ ਦੀ ਡਿਕਟੇਟਰਸ਼ਿਪ ਫ਼ਤਹਿ ਸਿੰਘ ਗੰਗਾਨਗਰ ਨੇ ਸੰਭਾਲੀ ਹੋਈ ਸੀ। ਸਾਰੀ ਪੁਲਿਸ ਫਤਹਿ ਸਿੰਘ ਦੀ ਭਾਲ ਵਿਚ ਲੱਗੀ

WWW.SIKHBOOKCLUB.COM

ਹੋਈ ਸੀ। ਪੁਲਿਸ ਅਤੇ ਖ਼ੁਫ਼ੀਆ ਮਹਿਕਮਾ ਆਪਣਾ ਸਾਰਾ ਜ਼ੋਰ ਲਾ ਕੇ ਥੱਕ ਗਏ ਪਰ ਉਨ੍ਹਾਂ ਨੂੰ ਫਤਹਿ ਸਿੰਘ ਦਾ ਕੋਈ ਥਹੁ-ਪਤਾ ਨਾ ਮਿਲ ਸਕਿਆ। ਕੁਝ ਲੋਕਾਂ ਦਾ ਖ਼ਿਆਲ ਸੀ ਕਿ ਉਹ ਦਿੱਲੀ ਦੇ ਗੁਰਦੁਆਰਾ ਸੀਸ ਗੰਜ ਵਿਚ ਬੈਠ ਕੇ ਮੋਰਚੇ ਦੀ ਅਗਵਾਈ ਕਰ ਰਿਹਾ ਹੈ। ਪਰ ਦੂਜੇ ਪਾਸੇ ਕੁਝ ਅਖ਼ਬਾਰਾਂ ਵਿਚ ਇਹ ਖ਼ਬਰ ਛਪ ਚੁਕੀ ਸੀ ਕਿ ਉਹ ਬੀਕਾਨੇਰ ਤੋਂ ਅੰਮ੍ਰਿਤਸਰ ਆਉਂਦਾ ਹੋਇਆ ਰਾਹ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਅਤੇ ਖ਼ੁਫ਼ੀਆ ਮਹਿਕਮਾ ਹੀ ਨਹੀਂ ਬਲਕਿ ਅਖ਼ਬਾਰ-ਨਵੀਸ ਵੀ ਇਹ ਨਹੀਂ ਸਨ ਮੰਨਦੇ ਕਿ ਫਤਹਿ ਸਿੰਘ ਅੰਮ੍ਰਿਤਸਰ ਵਿਚ ਬੈਠਾ ਹੋਇਆ। ਅਗਸਤ ਦੇ ਪਹਿਲੇ ਹਫ਼ਤੇ ਇਕ ਵਾਰ ਮੋਰਚੇ ਦੇ ਕੁਝ ਆਗੂਆਂ ਨੇ ਫਤਹਿ ਸਿੰਘ ਦਾ ਟਾਈਪ ਕੀਤਾ ਇਕ ਬਿਆਨ ਪ੍ਰੈਸ ਨੁੰਮਾਇੰਦਿਆਂ ਦੇ ਹਵਾਲੇ ਕੀਤਾ ਅਤੇ ਉਨ੍ਹਾਂ ਨੇ ਇਸ ਪ੍ਰੈਸ ਨੋਟ ਨੂੰ ਅਸਲ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਆਖਿਆ ਕਿ ਜੇ ਇਹ ਨੋਟ ਫਤਹਿ ਸਿੰਘ ਨੇ ਜਾਰੀ ਕੀਤਾ ਹੈ ਤਾ ਸਾਨੂੰ ਉਸ ਨਾਲ ਮਿਲਾਇਆ ਜਾਵੇ। ਜਦੋਂ ਮੋਰਚਾ ਆਗੂਆਂ ਨੇ ਅਖ਼ਬਾਰ ਨਵੀਸਾਂ ਨੂੰ ਫਤਹਿ ਸਿੰਘ ਨਾਲ ਮਿਲਾਉਣ ਤੋਂ ਮਜਬੂਰੀ ਜ਼ਾਹਿਰ ਕੀਤੀ ਤਾਂ ਉਨ੍ਹਾ ਨੇ ਫਤਹਿ ਸਿੰਘ ਦੇ ਨਾਂ 'ਤੇ ਪ੍ਰੈਸ ਨੋਟ ਛਾਪਣ ਤੋਂ ਨਾਂਹ ਕਰ ਦਿੱਤੀ। ਇਸ ਦੇ ਬਾਅਦ ਇਸ ਬਿਆਨ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਦੇ ਨਾਂ 'ਤੇ ਜਾਰੀ ਕਰ ਦਿੱਤਾ ਗਿਆ।

ਅਗਸਤ ਦੇ ਅੱਧ ਵਿਚ ਫਤਹਿ ਸਿੰਘ ਨੇ ਅਵਾਮ ਵਿਚ ਆਉਣ ਦਾ ਫ਼ੈਸਲਾ ਕਰ ਲਿਆ। ਉਹ ਸਭ ਤੋਂ ਪਹਿਲਾਂ 14 ਅਗਸਤ ਦੇ ਦਿਨ ਮੰਜੀ ਸਾਹਿਬ ਦੇ ਦੀਵਾਨ ਵਿਚ ਆਇਆ ਅਤੇ ਉੱਥੇ ਤਕਰੀਬਨ ਇਕ ਘੰਟਾ ਲੈਕਚਰ ਕੀਤਾ। ਫਤਹਿ ਸਿੰਘ ਦੀ ਇਹ ਤਕਰੀਰ ਏਨੀ ਜਜ਼ਬਾਤੀ ਸੀ ਕਿ ਉਹ ਬੋਲਦਾ-ਬੋਲਦਾ ਰੋਣ ਲਗ ਪਿਆ। ਇਸ ਨਾਲ ਸੰਗਤਾਂ ਦੀਆਂ ਅੱਖਾਂ ਵਿਚ ਵੀ ਹੰਝੂ ਵਹਿਣ ਲਗ ਪਏ। ਇਸ ਮੌਕੇ 'ਤੇ ਦੀਵਾਨ ਅਸਥਾਨ ਮੰਜੀ ਸਾਹਿਬ ਵਿਚ ਇਕ ਲੱਖ ਤੋਂ ਜ਼ਿਆਦਾ ਲੋਕ ਹਾਜ਼ਿਰ ਸਨ।

ਹੁਣ ਫਤਹਿ ਸਿੰਘ ਹਰ ਰੋਜ਼ ਮੰਜੀ ਸਾਹਿਬ ਦੀਵਾਨ ਅਸਥਾਨ ਵਿਚ ਲੈਕਚਰ ਕਰਨ ਲਗ ਪਿਆ। ਉਸ ਦੀਆਂ ਤਕਰੀਰਾਂ ਨੇ ਸਿੱਖ ਸੰਗਤਾਂ ਵਿਚ ਬਹੁਤ ਜ਼ਿਆਦਾ ਜੋਸ਼ ਭਰਿਆ। ਸਿੱਖਾਂ ਦੇ ਹੌਸਲੇ ਤਾਂ ਪਹਿਲਾਂ ਹੀ ਬੜੇ ਉੱਚੇ ਸਨ ਪਰ ਫਤਹਿ ਸਿੰਘ ਦੀਆਂ ਤਕਰੀਰਾਂ ਨੇ ਸਿੱਖਾਂ ਦੇ ਜੋਸ਼ ਵਿਚ ਹੋਰ ਵੀ ਵਾਧਾ ਕਰ ਦਿੱਤਾ। ਇਸ ਨਾਲ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਵਾਲੇ ਸਿੱਖਾਂ ਦੀ ਗਿਣਤੀ ਵਿਚ ਬਹੁਤ ਹੀ ਜ਼ਿਆਦਾ ਵਾਧਾ ਹੋਣ ਲਗ ਪਿਆ। 17 ਅਗਸਤ 1960 ਦੇ ਦਿਨ ਦਰਬਾਰ ਸਾਹਿਬ ਵਿਚ ਭਾਈ ਸੁੱਖਾ ਸਿੰਘ-ਮਹਿਤਾਬ ਸਿੰਘ ਦਾ ਦਿਨ ਮਨਾਇਆ ਗਿਆ। *(ਇਨ੍ਹਾਂ ਦੋਹਾਂ ਬਹਾਦਰ ਸਿੰਘਾਂ ਨੇ 11 ਅਗਸਤ 1740 ਦੇ ਦਿਨ ਬੀਕਾਨੇਰ ਤੋਂ ਆ ਕੇ ਦਰਬਾਰ ਸਾਹਿਬ ਵਿਚ ਗੁਨਾਹ ਤੇ ਕੁਰੀਤੀਆਂ ਕਰ ਰਹੇ ਮੱਸਾ ਰੰਘੜ ਦਾ ਸਿਰ ਵੱਢਿਆ ਸੀ।)* ਇਨ੍ਹਾਂ ਦੋ ਬਹਾਦਰਾਂ ਦੀ ਯਾਦ ਵਿਚ ਬੀਕਾਨੇਰ ਦੇ ਸਿੱਖਾਂ ਦਾ 5 ਸੌ ਦਾ ਜਥਾ ਗ੍ਰਿਫ਼ਤਾਰੀ ਦੇਣ ਵਾਸਤੇ ਨਿਤਰਿਆ। ਇਸ ਜਥੇ ਤੋਂ ਬਾਅਦ ਮਾਸਟਰ ਪ੍ਰਤਾਪ ਸਿੰਘ ਐਮ.ਐਲ.ਏ. ਅਤੇ ਹਜ਼ਾਰਾ ਸਿੰਘ ਗਿਲ ਸੈਂਕੜੇ ਸਿੱਖਾਂ ਦੇ ਜਥੇ ਲੈ ਕੇ ਗ੍ਰਿਫ਼ਤਾਰ ਹੋਏ।

ਪੰਜਾਬੀ ਸੂਬੇ ਸਬੰਧੀ ਸਿੱਖਾਂ ਦਾ ਬਹੁਤ ਜ਼ਿਆਦਾ ਜੋਸ਼ ਵੇਖ ਕੇ ਜਨ ਸੰਘੀਆਂ ਨੇ 21 ਅਗਸਤ ਦੇ ਦਿਨ ਪੰਜਾਬੀ ਸੂਬੇ ਦੇ ਖ਼ਿਲਾਫ਼ ਕਨਵੈਨਸ਼ਨ ਕੀਤੀ। ਇਸ

WWW.SIKHBOOKCLUB.COM

ਕਨਵੈਨਸ਼ਨ ਵਿਚ ਪੰਜਾਬੀ ਸੂਬਾ, ਅਕਾਲੀ ਦਲ ਅਤੇ ਸਿੱਖਾਂ ਦੇ ਖ਼ਿਲਾਫ਼ ਬੜੇ ਜ਼ਹਿਰੀਲੇ ਲੈਕਚਰ ਕੀਤੇ ਗਏ। ਅਗਲੇ ਹਫ਼ਤੇ 28 ਅਗਸਤ ਨੂੰ ਕਾਂਗਰਸੀਆਂ ਨੇ ਵੀ ਪੰਜਾਬੀ ਸੂਬੇ ਦੇ ਖ਼ਿਲਾਫ਼ ਇਕ ਕਨਵੈਨਸ਼ਨ ਕੀਤੀ। ਇਸ ਕਨਵੈਨਸ਼ਨ ਵਿਚ ਵੀ ਕਾਂਗਰਸੀਆਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬੀ ਸੂਬੇ ਦੇ ਖ਼ਿਲਾਫ਼ ਰੱਜ ਕੇ ਪ੍ਰਚਾਰ ਕੀਤਾ। ਇਸ ਮੌਕੇ 'ਤੇ ਪ੍ਰਤਾਪ ਸਿੰਘ ਕੈਰੋਂ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬੀ ਸੂਬੇ ਦੇ ਨਾਂ ਹੇਠ ਸਿੱਖ ਸਟੇਟ ਦੀ ਮੰਗ ਕਰ ਰਿਹਾ ਹੈ।

ਬੌਖ਼ਲਾਈ ਹੋਈ ਸਰਕਾਰ ਨੇ 6 ਸਤੰਬਰ 1960 ਦੇ ਦਿਨ ਦਰਬਾਰ ਸਾਹਿਬ ਦੇ ਹੈਡ-ਗਰੰਥੀ ਗਿਆਨੀ ਭੁਪਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਗ੍ਰਿਫ਼ਤਾਰੀ ਵੀ ਸਿੱਖਾਂ ਦੇ ਹੌਸਲੇ ਡੇਗਣ ਵਾਸਤੇ ਕੀਤੀ ਗਈ ਸੀ। ਪਰ ਇਸ ਨਾਲ ਵੀ ਸਿੱਖਾਂ ਵਿਚ ਸਗੋਂ ਰੋਸ ਅਤੇ ਰੋਹ ਦੇ ਨਾਲ ਨਾਲ ਜੋਸ਼ ਵੀ ਵਧਿਆ। ਇਸ ਗ੍ਰਿਫ਼ਤਾਰੀ ਦੇ ਖ਼ਿਲਾਫ਼ ਸਾਰੇ ਸਿੱਖ ਪੰਥ ਨੇ ਜ਼ਬਰਦਸਤ ਪ੍ਰੋਟੈਸਟ ਕੀਤਾ। 11 ਸਤੰਬਰ 1960 ਦਾ ਦਿਨ ਸਿੱਖਾਂ ਨੇ ਇਸ ਗ੍ਰਿਫ਼ਤਾਰੀ ਦੇ ਖ਼ਿਲਾਫ਼ 'ਰੋਸ ਦਿਨ' ਵਜੋਂ ਮਨਾਇਆ। ਇਸ ਦਿਨ ਪੰਜਾਬੀ ਹੀ ਨਹੀਂ ਬਲਕਿ ਪਰਦੇਸਾਂ ਦੇ ਸਾਰੇ ਗੁਰਦੁਆਰਿਆਂ ਵਿਚ ਵੀ ਦੀਵਾਨ ਸਜਾਏ ਗਏ। ਇਕ ਖ਼ਬਰ ਮੁਤਾਬਿਕ ਮਲੇਸ਼ੀਆ ਅਤੇ ਸਿੰਘਾਪੁਰ ਦੇ ਸਾਰੇ ਸਵਾ ਸੌ ਗੁਰਦੁਆਰਿਆਂ ਵਿਚ ਸਿੱਖਾਂ ਨੇ ਦੀਵਾਨ ਕੀਤੇ ਅਤੇ ਇਸ ਗ੍ਰਿਫ਼ਤਾਰੀ ਦੇ ਖ਼ਿਲਾਫ਼ ਰੋਸ ਜ਼ਾਹਿਰ ਕੀਤਾ।

ਪੁਲੀਸ ਨੇ ਕਾਕਾ ਇੰਦਰਜੀਤ ਸਿੰਘ ਕਤਲ ਕੀਤਾ

ਪੰਜਾਬ ਸਰਕਾਰ ਅਤੇ ਪੁਲਿਸ ਪੰਜਾਬੀ ਸੂਬਾ ਮੋਰਚੇ ਦੀ ਕਾਮਯਾਬੀ ਤੋਂ ਏਨਾ ਮੱਚੀ ਹੋਈ ਸੀ ਕਿ ਉਹ ਸਾਰੇ ਸਿੱਖਾਂ ਨੂੰ ਆਪਣਾ ਨਿਜੀ ਦੁਸ਼ਮਣ ਸਮਝਣ ਲਗ ਪਈ ਸੀ। ਦੂਜੇ ਪਾਸੇ ਸਿੱਖਾਂ ਵਿਚ ਏਨਾ ਉਤਸ਼ਾਹ ਸੀ ਕਿ ਵੱਡੇ ਹੀ ਨਹੀਂ ਬਲਕਿ ਛੋਟੇ-ਛੋਟੇ ਬੱਚੇ ਵੀ ਪੰਜਾਬੀ ਸੂਬੇ ਦੇ ਰੰਗ ਵਿਚ ਰੰਗੇ ਹੋਏ ਸਨ। ਆਮ ਗਲੀਆਂ-ਬਾਜ਼ਾਰਾਂ ਵਿਚ ਸਿੱਖ ਬੱਚੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਨਜ਼ਰ ਆਉਂਦੇ ਸਨ। 22 ਸਤੰਬਰ ਦੇ ਦਿਨ ਕਰਨਾਲ ਵਿਚ ਕੁਝ ਨਿੱਕੇ-ਨਿੱਕੇ ਬੱਚੇ "ਪੰਜਾਬੀ ਸੂਬਾ ਜ਼ਿੰਦਾਬਾਦ" ਦੇ ਨਾਅਰੇ ਲਾਉਂਦੇ ਘੁੰਮ ਰਹੇ ਸਨ। ਇਨ੍ਹਾਂ ਵਿਚ ਭੁਪਿੰਦਰਾ ਹਾਈ ਸਕੂਲ ਮੋਗਾ ਦਾ ਪੰਜਵੀਂ ਜਮਾਤ ਦਾ ਇਕ ਬੱਚਾ ਵੀ ਸੀ ਜੋ ਕਰਨਾਲ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਿਆ ਹੋਇਆ ਸੀ। ਇਹ ਬੱਚੇ ਨਾਅਰੇ ਲਾਉਂਦੇ ਘੁੰਮ ਰਹੇ ਸਨ ਕਿ ਪੁਲਿਸ ਨੇ ਆ ਕੇ ਇਨ੍ਹਾਂ ਨੂੰ ਘੇਰ ਲਿਆ। ਪੁਲਿਸ ਦੀਆਂ ਡਾਂਗਾਂ ਦੀ ਮਾਰ ਨਾਲ ਇਹ ਉੱਥੇ ਇਕ ਖੂਹ ਵਿਚ ਡਿੱਗ ਪਿਆ। ਪੁਲਿਸ ਨੇ ਉਸ ਨੂੰ ਖੂਹ ਵਿਚੋਂ ਨਿਕਲਣ ਨਾ ਦਿੱਤਾ ਅਤੇ ਏਸੇ ਤਰ੍ਹਾਂ ਉਹ ਖੂਹ ਵਿਚ ਹੀ ਸ਼ਹੀਦ ਹੋ ਗਿਆ। ਪੁਲਿਸ ਦੀ ਇਸ ਗੁੰਡਾਗਰਦੀ ਅਤੇ ਜ਼ੁਲਮ ਦੇ ਖ਼ਿਲਾਫ਼ ਸਾਰੇ ਪਾਸੇ ਬੜਾ ਰੋਹ ਫੈਲਿਆ। ਸ਼੍ਰੋਮਣੀ ਅਕਾਲੀ ਦਲ ਨੇ 24 ਸਤੰਬਰ ਨੂੰ 'ਕਾਕਾ ਇੰਦਰਜੀਤ ਸਿੰਘ ਦਿਨ' ਮਨਾਉਣ ਦਾ ਐਲਾਨ ਕੀਤਾ। ਇਸ ਦਿਨ ਕਰਨਾਲ, ਪਟਿਆਲਾ ਅਤੇ ਅੰਮ੍ਰਿਤਸਰ ਵਿਚ ਜਲੂਸ

WWW.SIKHBOOKCLUB.COM

ਅਤੇ ਜਲਸੇ ਹੋਏ। ਇਸ ਤੋਂ ਇਲਾਵਾ 24 ਸਤੰਬਰ ਨੂੰ ਸਾਰੇ ਪੰਜਾਬ ਵਿਚ ਅਖੰਡ ਪਾਠ ਵੀ ਕੀਤੇ ਗਏ। ਜਿਨ੍ਹਾਂ ਦੇ ਭੋਗ 26 ਸਤੰਬਰ ਨੂੰ ਪਏ।

ਇਸ ਸ਼ਹੀਦੀ ਨੇ 'ਪੰਜਾਬੀ ਸੂਬਾ ਸਟੂਡੈਂਟਸ ਫ਼ਰੰਟ' ਨੂੰ ਜਨਮ ਦਿਤਾ। ਇਸ ਫ਼ਰੰਟ ਨੇ 26 ਸਤੰਬਰ ਨੂੰ ਸਾਰੇ ਪੰਜਾਬ ਵਿਚ ਜ਼ਬਰਦਸਤ ਮੁਜ਼ਾਹਰੇ ਕੀਤੇ। ਇਨ੍ਹਾਂ ਮੁਜ਼ਾਹਰਿਆਂ ਦੌਰਾਨ ਅੰਮ੍ਰਿਤਸਰ ਵਿਚ ਪੁਲਿਸ ਨੇ ਖਾਲਸਾ ਕਾਲਜ ਦੇ ਪਾੜ੍ਹਿਆਂ 'ਤੇ ਲਾਠੀਚਾਰਜ ਵੀ ਕੀਤਾ। ਇਸ ਲਾਠੀਚਾਰਜ ਵਿਚ ਬਹੁਤ ਸਾਰੇ ਮੁੰਡੇ ਜ਼ਖਮੀ ਹੋਏ ਅਤੇ 50 ਤੋਂ ਜ਼ਿਆਦਾ ਗ੍ਰਿਫ਼ਤਾਰ ਵੀ ਕੀਤੇ ਗਏ। ਇਸ ਦਿਨ ਪਟਿਆਲਾ ਵਿਚ ਵੀ ਬੜਾ ਜ਼ਬਰਦਸਤ ਜਲੂਸ ਨਿਕਲਿਆ। ਏਥੇ ਵੀ ਪੁਲਿਸ ਨੇ ਸਟੂਡੈਂਟਸ ਗ੍ਰਿਫ਼ਤਾਰ ਕੀਤੇ ਜਿਨ੍ਹਾਂ ਵਿਚ ਸੁਰਿੰਦਰ ਸਿੰਘ, ਰਾਜਿੰਦਰ ਸਿੰਘ ਅਤੇ ਹਰਮੀਤ ਸਿੰਘ ਵੀ ਸ਼ਾਮਿਲ ਸਨ। ਇਨ੍ਹਾਂ ਗ੍ਰਿਫ਼ਤਾਰਾਂ ਚੋਂ 11 ਬੱਚੇ ਸਕੂਲਾਂ ਦੇ ਵਿਦਿਆਰਥੀ ਸਨ। ਇਹੋ ਜਿਹੇ ਜਲੂਸ ਲੁਧਿਆਣਾ, ਮੋਗਾ ਅਤੇ ਹੋਰ ਜਗ੍ਹਾ ਤੇ ਵੀ ਨਿਕਲੇ। 29 ਸਤੰਬਰ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਟੂਡੈਂਟਸ ਨੇ ਫੇਰ ਮੁਜ਼ਾਹਿਰਾ ਕੀਤਾ। ਪੁਲਿਸ ਨੇ ਖਿਝ ਕੇ ਖਾਲਸਾ ਕਾਲਜ ਦੇ ਅੰਦਰ ਦਾਖਲ ਹੋ ਕੇ ਬਹੁਤ ਸਾਰੇ ਵਿਦਿਆਰਥੀ ਗ੍ਰਿਫ਼ਤਾਰ ਕਰ ਲਏ। ਇਸ ਜ਼ੁਲਮ ਦੇ ਖ਼ਿਲਾਫ਼ 5 ਅਕਤੂਬਰ ਨੂੰ ਫੇਰ ਸਾਰੇ ਪੰਜਾਬ ਵਿਚ ਮੁਜ਼ਾਹਰੇ ਕੀਤੇ ਗਏ ਅਤੇ ਜਲੂਸ ਕੱਢੇ ਗਏ। ਇਸ ਮਗਰੋਂ 29 ਅਕਤੂਬਰ ਨੂੰ ਵਿਦਿਆਰਥੀਆਂ ਨੇ ਫੇਰ ਮਿਸ਼ਾਲਾਂ ਨਾਲ ਜਲੂਸ ਕੱਢਿਆ। 12 ਨਵੰਬਰ ਨੂੰ ਵਿਦਿਆਰਥੀਆਂ ਨੇ ਫੇਰ ਜਲੂਸ ਕੱਢ ਕੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਲਾਏ। 3 ਨਵੰਬਰ ਨੂੰ ਪੁਲਿਸ ਨੇ ਗੁਰੂ ਰਾਮਦਾਸ ਸਕੂਲ ਦੇ ਹੈੱਡਮਾਸਟਰ ਗੁਰਬਖ਼ਸ਼ ਸਿੰਘ ਅਤੇ ਮਾਸਟਰ ਗੁਰਦੀਪ ਸਿੰਘ, ਜਸਵੰਤ ਸਿੰਘ, ਜੈ ਸਿੰਘ, ਹਰਨਾਮ ਸਿੰਘ ਤੇ ਸੁਰੈਣ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਕੈਰੋਂ ਦੀ ਪੁਲਿਸ ਨੇ ਏਥੋਂ ਤਕ ਧੱਕੇਸ਼ਾਹੀ ਕੀਤੀ ਕਿ ਜਲੂਸ ਕੱਢਣ ਵਾਲੇ ਬੱਚਿਆਂ ਦੇ ਮਾਪੇ ਵੀ ਗ੍ਰਿਫ਼ਤਾਰ ਕਰ ਲਏ।

ਸਤੰਬਰ ਦੇ ਅਖ਼ੀਰ ਵਿਚ ਪੰਜਾਬ ਭਰ ਦੀਆਂ ਸਾਰੀਆਂ ਜੇਲ੍ਹਾਂ ਅਕਾਲੀ ਕੈਦੀਆਂ ਨਾਲ ਭਰੀਆਂ ਪਈਆਂ ਸਨ। ਹਰ ਰੋਜ਼ ਸੈਂਕੜੇ ਅਕਾਲੀ ਗ੍ਰਿਫ਼ਤਾਰੀਆਂ ਦੇ ਰਹੇ ਸਨ। ਪੰਜਾਬ ਸਰਕਾਰ ਨੇ ਉੱਤਰ ਪ੍ਰਦੇਸ਼ ਸਰਕਾਰ ਨਾਲ ਗੱਲਬਾਤ ਕੀਤੀ ਤਾਂ ਜੋ ਅਕਾਲੀ ਕੈਦੀਆਂ ਨੂੰ ਮੇਰਠ, ਨੀਨਾ, ਯੋਲ ਕੈਂਪ ਜੇਲ੍ਹਾਂ ਵਿਚ ਭੇਜਿਆ ਜਾ ਸਕੇ। ਪਰ ਯੂ. ਪੀ. ਸਰਕਾਰ ਨੇ ਹਰ ਕੈਦੀ ਦਾ ਖਰਚਾ 10 ਰੁਪਏ ਰੋਜ਼ਾਨਾ ਮੰਗਿਆ ਤਾਂ ਪੰਜਾਬ ਸਰਕਾਰ ਨੇ ਇਹ ਇਰਾਦਾ ਛੱਡ ਦਿੱਤਾ। ਪੰਜਾਬ ਸਰਕਾਰ ਨੇ ਪਹਿਲਾਂ, ਅਗਸਤ ਦੇ ਸ਼ੁਰੂ ਵਿਚ, ਬਠਿੰਡਾ ਜ਼ਿਲ੍ਹੇ ਵਿਚ ਇਕ ਸਪੈਸ਼ਲ ਜੇਲ੍ਹ ਖੋਲ੍ਹ ਦਿੱਤੀ ਸੀ। ਉੱਥੇ ਸਿਰਫ਼ ਅਕਾਲੀ ਕੈਦੀ ਹੀ ਬੰਦ ਸਨ।

ਜੇਲ੍ਹਾਂ ਵਿਚ ਬੇਹਦ ਭੀੜ ਹੋਣ ਕਰ ਕੇ ਪੰਜਾਬ ਸਰਕਾਰ ਨੇ ਫ਼ੈਸਲਾ ਕੀਤਾ ਕਿ ਸਿਰਫ਼ ਅਕਾਲੀ ਆਗੂਆਂ ਨੂੰ ਹੀ ਜੇਲ੍ਹਾਂ ਵਿਚ ਰਖਿਆ ਜਾਵੇ ਤੇ ਆਮ ਕੈਦੀਆਂ ਨੂੰ ਰਿਹਾ ਕਰ ਦਿੱਤਾ ਜਾਵੇ। ਪਹਿਲਾਂ ਤਾਂ ਸਰਕਾਰ ਨੇ ਇਕ-ਇਕ, ਦੋ-ਦੋ, ਕਰ ਕੇ ਸਿੱਖਾਂ ਨੂੰ ਰਿਹਾ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨੂੰ ਰਿਹਾ ਕਰਨ ਤੋਂ ਬਾਅਦ

WWW.SIKHBOOKCLUB.COM

ਸਰਕਾਰ ਵਲੋਂ ਬਿਆਨ ਜਾਰੀ ਹੋ ਜਾਂਦਾ ਕਿ ਇਹ ਲੋਕ ਮੁਆਫ਼ੀ ਮੰਗ ਕੇ ਜੇਲ੍ਹ 'ਚੋਂ ਰਿਹਾਈ ਲੈ ਕੇ ਆ ਰਹੇ ਹਨ। ਜਦੋਂ ਇਨ੍ਹਾਂ ਖਬਰਾਂ ਦਾ ਰਿਹਾ ਹੋਏ ਸਿੰਘਾਂ ਨੂੰ ਪਤਾ ਲੱਗਦਾ ਤਾਂ ਉਹ ਫੇਰ ਜਥੇ ਵਿਚ ਸ਼ਾਮਿਲ ਹੋ ਕੇ ਜੇਲ੍ਹ ਚਲੇ ਜਾਂਦੇ। ਇਸ ਹਾਲਤ ਵਿਚ ਕਾਫ਼ੀ ਦੇਰ ਤਕ ਲੁਕਣ-ਮੀਟੀ ਚਲਦੀ ਰਹੀ ਪਰ ਅਖ਼ੀਰ ਅਕਾਲੀ ਦਲ ਨੇ ਸਾਰੇ ਕੈਦੀਆਂ ਨੂੰ ਪੈਗ਼ਾਮ ਭੇਜਿਆ ਕਿ ਉਹ ਉਦੋਂ ਤਕ ਜੇਲ੍ਹ ਵਿਚੋਂ ਬਾਹਰ ਨਾ ਆਉਣ ਜਦੋਂ ਤਕ ਉਨ੍ਹਾਂ ਨੂੰ 'ਬਿਨ੍ਹਾਂ ਸ਼ਰਤ ਰਿਹਾਈ' ਕਰਨ ਦਾ ਸਰਟੀਫ਼ਿਕੇਟ ਨਾ ਮਿਲ ਜਾਵੇ। ਇਨ੍ਹਾਂ ਦਿਨਾਂ ਵਿਚ ਇਕ ਵਾਰ ਅਕਤੂਬਰ ਦੇ ਪਹਿਲੇ ਹਫ਼ਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਜੇਲ੍ਹ ਦਾ ਦੌਰਾ ਕੀਤਾ ਅਤੇ ਜੇਲ੍ਹ ਵਿਚ ਬੈਠੇ ਬੱਚਿਆਂ ਨੂੰ ਰਿਹਾ ਕਰਵਾਉਣ ਦਾ ਐਲਾਨ ਕੀਤਾ। ਉਸ ਵੇਲੇ ਉਸ ਜੇਲ੍ਹ ਵਿਚ ਮਾਸਟਰ ਪ੍ਰਤਾਪ ਸਿੰਘ ਐਮ.ਐਲ.ਏ. ਅਤੇ ਕਈ ਹੋਰ ਆਗੂ ਵੀ ਸਨ। ਜਦ ਇਨ੍ਹਾਂ ਆਗੂਆਂ ਨੇ ਬੱਚਿਆਂ ਦੀ ਰਿਹਾਈ ਵਾਸਤੇ ਬਿਨਾਂ ਸ਼ਰਤ ਰਿਹਾ ਕੀਤੇ ਜਾਣ ਦਾ ਸਰਟੀਫ਼ਿਕੇਟ ਮੰਗਿਆ ਤਾਂ ਸਰਕਾਰ ਚੁਪ ਕਰ ਗਈ।

ਬਠਿੰਡਾ ਜੇਲ੍ਹ ਵਿਚ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਿਆ

ਬਠਿੰਡਾ ਜੇਲ੍ਹ ਵਿਚ ਇਸ ਵੇਲੇ ਤਕਰੀਬਨ ਸਾਢੇ ਚੌਦਾਂ ਸੌ ਕੈਦੀ ਸਨ ਜਦ ਕਿ ਜੇਲ੍ਹ ਵਿਚ ਸਿਰਫ਼ 400 ਕੈਦੀਆਂ ਦੇ ਰਹਿਣ ਦੀ ਜਗਹ ਸੀ। ਜੇਲ੍ਹ ਵਿਚ ਨਾ ਤਾਂ ਪਾਣੀ ਦਾ ਪ੍ਰਬੰਧ ਸੀ ਅਤੇ ਨਾ ਹੀ ਠੀਕ ਤਰੀਕੇ ਨਾਲ ਰੋਟੀ ਮਿਲਦੀ ਸੀ। ਇਸ ਹਾਲਤ ਵਿਚ ਸਿੱਖਾਂ ਨੇ ਪ੍ਰੋਟੈਸਟ ਸ਼ੁਰੂ ਕਰ ਦਿਤਾ। ਸਿੱਖਾਂ ਨੇ ਜੇਲ੍ਹ ਵਿਚ ਭੁੱਖ ਹੜਤਾਲ ਵੀ ਸ਼ੁਰੂ ਕਰ ਦਿੱਤੀ। ਸਿੱਖਾਂ ਨੂੰ ਤੰਗ ਕਰਨ ਵਾਸਤੇ ਜੇਲ੍ਹ ਹਾਕਮਾਂ ਨੇ ਬਹੁਤ ਸਾਰੀ ਪੁਲਿਸ ਇਕੱਠੀ ਕਰ ਲਈ ਅਤੇ ਨਾਲ ਹੀ ਲਾਠੀਆਂ ਤੇ ਟਕੂਏ ਵੀ ਇਕੱਠੇ ਕਰ ਲਏ। ਪੁਲਿਸ ਦੇ ਆਈ.ਜੀ. ਅਸ਼ਵਨੀ ਕੁਮਾਰ ਅਤੇ ਡੀ.ਆਈ.ਜੀ. ਚੌਧਰੀ ਰਾਮ ਸਿੰਹ ਜੇਲ੍ਹ ਦਾ ਦੌਰਾ ਕਰ ਗਏ ਸਨ। ਸਿੱਖ ਤਾੜ ਗਏ ਸਨ ਕਿ ਕੋਈ ਭਾਣਾ ਵਰਤਣ ਵਾਲਾ ਹੈ। ਇਸ ਕਰ ਕੇ ਜੇਲ੍ਹ ਵਿਚ ਦੋ ਦਿਨ ਤੋਂ ਲਗਾਤਾਰ ਮੁਜ਼ਾਹਰੇ ਹੋ ਰਹੇ ਸਨ ਅਤੇ ਇਹ ਕਾਰਵਾਈ 7-8 ਤਾਰੀਖ਼ ਦੀ ਰਾਤ ਤਕ ਹੁੰਦੀ ਰਹੀ ਸੀ।

9 ਤਾਰੀਖ਼ ਦੀ ਸਵੇਰ ਨੂੰ ਬਠਿੰਡਾ ਜੇਲ੍ਹ ਦੇ ਆਲੇ ਦੁਆਲੇ ਪਲਿਸ ਦੀਆਂ ਬਹੁਤ ਸਾਰੀਆਂ ਟੋਲੀਆਂ ਨੇ ਘੇਰਾ ਪਾ ਲਿਆ ਅਤੇ ਜੇਲ੍ਹ ਦੀ ਡਿਉੜੀ ਅਤੇ ਦਰਵਾਜ਼ੇ ਅੱਗੇ ਪੰਜ-ਪੰਜ ਸਿਪਾਹੀਆਂ ਦੀਆਂ ਲਾਈਨਾਂ ਖੜ੍ਹੀਆਂ ਕਰ ਦਿੱਤੀਆਂ। ਇਸ ਮੌਕੇ 'ਤੇ ਪੁਲਿਸ ਨੇ ਸੰਗੀਨਾਂ ਦੇ ਡਰ ਨਾਲ 246 ਆਦਮੀ ਜੇਲ੍ਹ ਦੀ ਡਿਉੜੀ ਵਿਚ ਵਾੜ ਲਏ। ਸਿੰਘਾਂ ਨੂੰ ਰੇਲਵੇ ਪਾਸ ਦੇਣ ਦੇ ਬਹਾਨੇ ਫ਼ਾਰਮਾਂ 'ਤੇ ਦਸਤਖ਼ਤ ਕਰਵਾਉਣੇ ਸ਼ੁਰੂ ਕਰ ਦਿਤੇ ਗਏ। ਜਦੋਂ ਜਸਵੰਤ ਸਿੰਘ (ਫ਼ਾਸੀ ਪਿੰਡ ਕੋਟ ਦਸੌਂਦੀ) ਦੀ ਵਾਰੀ ਆਈ ਤਾਂ ਉਸ ਨੇ ਇਸ ਫ਼ਾਰਮ 'ਤੇ ਲਿਖੇ ਲਫ਼ਜ਼ ਪੜ੍ਹ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਇਹ ਪਾਸ ਨਹੀਂ ਮੁਆਫ਼ੀਨਾਮੇ 'ਤੇ ਦਸਤਖ਼ਤ ਹਨ। ਜਦੋਂ ਜਸਵੰਤ ਸਿੰਘ ਨੇ ਸਰਕਾਰ ਦੀ ਚਾਲ ਨੂੰ ਨੰਗਿਆਂ ਕੀਤਾ ਤਾਂ ਪੁਲਿਸ ਨੇ ਜੇਲ੍ਹ ਵਿਚ ਕੈਦ ਕੱਟ ਰਹੇ ਕਾਤਲ ਕੈਦੀ ਇਕੱਠੇ ਕਰ ਲਏ, ਦੂਜੇ ਪਾਸੇ ਟੀਅਰ ਗੈਸ ਦੀ ਵੈਨ ਲਿਆ ਖੜ੍ਹੀ ਕੀਤੀ

WWW.SIKHBOOKCLUB.COM

ਅਤੇ ਤੀਜੇ ਪਾਸੇ ਬੰਦੂਕਾਂ ਤਾਣੀ ਪੁਲਿਸ ਵਾਲੇ ਗੋਲੀ ਚਲਾਉਣ ਵਾਸਤੇ ਤਿਆਰ ਸਨ। ਇਸ ਤੋਂ ਇਲਾਵਾ ਸੈਂਕੜੇ ਸਿਪਾਹੀ ਲਾਠੀਆਂ ਲੈ ਕੇ ਲੈਸ ਹੋ ਕੇ ਖੜੇ ਹੋਏ ਸਨ।

ਜਦ ਜਸਵੰਤ ਸਿੰਘ ਨੇ ਇਸ ਧੱਕੇਸ਼ਾਹੀ ਦੇ ਖਿਲਾਫ਼ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ ਤਾਂ ਪੁਲਿਸ ਨੇ ਉਸ ਤੇ ਗੋਲੀ ਦਾਗ਼ ਦਿਤੀ ਉਹ ''ਹੋਰ ਗੋਲੀ ਮਾਰੋ, ਹੋਰ ਗੋਲੀ ਮਾਰੋ'' ਕਹਿੰਦਾ ਹੋਇਆ ਧੜੰਮ ਕਰ ਕੇ ਡਿੱਗ ਪਿਆ। ਉਸ ਦੀ ਮਦਦ ਵਾਸਤੇ ਸੁਲਤਾਨਵਿੰਡ ਅੰਮ੍ਰਿਤਸਰ ਦਾ ਚੰਚਲ ਸਿੰਘ ਅੱਗੇ ਵਧਿਆ ਤਾਂ ਪੁਲਿਸ ਨੇ ਉਸ 'ਤੇ ਵੀ ਗੋਲੀ ਚਲਾਈ। ਉਸ ਦੇ ਪੱਟ ਵਿਚ ਗੋਲੀ ਵੱਜੀ ਅਤੇ ਉਹ ਰਾਹ ਵਿਚ ਹੀ ਡਿੱਗ ਪਿਆ। ਇਸ ਜ਼ੁਲਮ ਨੂੰ ਵੇਖ ਕੇ ਬਹੁਤ ਸਾਰੇ ਸਿੱਖ ਅੱਗੇ ਵੱਧਣ ਲੱਗੇ ਤਾਂ ਪਿੰਡ ਕੈਰੋਂਵਾਲ ਦੇ ਨਾਜ਼ਰ ਸਿੰਘ ਨੇ ਉਨ੍ਹਾਂ ਨੂੰ ਰੋਕਣ ਵਾਸਤੇ ਆਪਣੇ ਆਪ ਨੂੰ ਉਨ੍ਹਾਂ ਦੀ ਢਾਲ ਬਣਾ ਦਿੱਤਾ। ਰਣਜੀਤ ਸਿੰਘ ਪਿੰਡ ਸਾਰੰਗ ਤਲਵੰਡੀ ਇਹ ਵੇਖ ਕੇ ਜਰ ਨਾ ਸਕਿਆ। ਉਸ ਨੇ ਉੱਚੀ-ਉੱਚੀ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਪੁਲਿਸ ਨੇ ਉਸ ਨੂੰ ਵੀ ਗੋਲੀ ਦਾ ਨਿਸ਼ਾਨਾ ਬਣਾ ਲਿਆ। ਹੁਣ ਪੁਲਿਸ ਨੇ ਲਗਾਤਾਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਕੁਝ ਮਿੰਟਾਂ ਵਿਚ ਹੀ 53 ਸਿੱਖਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਇਆ ਗਿਆ। ਗੋਲੀ ਚਲਾਉਣ ਮਗਰੋਂ ਪੁਲਿਸ ਵਾਲਿਆਂ ਨੇ, ਇਖ਼ਲਾਕੀ ਕੈਦੀਆਂ ਨੂੰ, ਜਿਨ੍ਹਾਂ ਵਿਚ ਬਹੁਤੇ ਕਾਤਲ ਸਨ, ਨਾਲ ਰਲਾ ਕੇ, ਲਾਠੀਆਂ ਨਾਲ ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਨਾਲ ਹੀ ਪੁਲਿਸ ਨੇ ਟੀਅਰ ਗੈਸ ਛੱਡਣੀ ਵੀ ਸ਼ੁਰੂ ਕਰ ਦਿੱਤੀ। ਇਹ ਸਾਰੀ ਕਾਰਵਾਈ ਇਕ ਘੰਟਾ 10 ਮਿੰਟ ਚਲਦੀ ਰਹੀ। ਪ੍ਰਤਾਪ ਸਿੰਘ ਕੈਰੋਂ ਦੇ ਇਸ ਨਵੇਂ ਜ਼ੁਲਮ ਨੇ ਸਾਰੇ ਪਾਸੇ ਬੜਾ ਗੁੱਸਾ ਅਤੇ ਰੋਹ ਪੈਦਾ ਕੀਤਾ।

ਬਠਿੰਡਾ ਜੇਲ੍ਹ ਵਿਚ ਗੋਲੀ ਚਲਾਏ ਜਾਣ ਨਾਲ ਸਾਰੇ ਪਾਸੇ ਬੜੀ ਹਾਹਾਕਾਰ ਮਚੀ। ਸਿੱਖਾਂ ਅਤੇ ਗ਼ੈਰ-ਸਿੱਖਾਂ, ਸਾਰਿਆਂ ਨੇ, ਇਸ ਦੀ ਜ਼ਬਰਦਸਤ ਨਿੰਦਾ ਕੀਤੀ। ਇਸ ਦੀ ਪੜਤਾਲ ਵਾਸਤੇ ਪੰਜਾਬ ਹਾਈਕੋਰਟ ਦੇ ਇਕ ਜੱਜ ਮਿਸਟਰ ਫ਼ਾਸ਼ਲਾ ਨੂੰ ਤਾਇਨਾਤ ਕੀਤਾ ਗਿਆ। ਜਸਟਿਸ ਫ਼ਾਸ਼ਲਾ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ ਘਟਨਾ ਦਾ ਪਿਛੋਕੜ ਜੇਲ੍ਹ ਹਾਕਮਾਂ ਵਲੋਂ 246 ਬੰਦਿਆਂ ਨੂੰ ਜੇਲ੍ਹ ਦੀ ਡਿਓੜੀ ਵਿਚ ਵਾੜ ਕੇ ਰੇਲਵੇ ਪਾਸ ਦੇਣ ਦੇ ਬਹਾਨੇ ਮੁਆਫ਼ੀ ਮੰਗਣ ਦੇ ਕਾਗ਼ਜ਼ ਤੇ ਦਸਖ਼ਤ ਕਰਵਾਉਣ ਦੀ ਕੋਸ਼ਿਸ਼ ਸੀ। ਇਨ੍ਹਾਂ ਸਿੱਖਾਂ ਵਿਚੋਂ ਇਕ ਜਸਵੰਤ ਸਿੰਘ ਨੇ ਦਸਤਖ਼ਤ ਕਰਨ ਵੇਲੇ ਫ਼ਾਰਮ ਨੂੰ ਪੜ੍ਹਿਆ ਤਾਂ ਉਸ ਨੇ ਰੌਲਾ ਪਾ ਦਿੱਤਾ। ਇਸ 'ਤੇ ਪੁਲਿਸ ਨੇ ਸਿੱਖਾਂ ਦੀ ਕੁੱਟ-ਮਾਰ ਕਰਨੀ ਸ਼ੁਰੂ ਕਰ ਦਿੱਤੀ। ਇਸ ਦੇ ਬਾਅਦ ਗੋਲੀਆਂ ਚਲਾਈਆਂ ਗਈਆਂ। ਤਕਰੀਬਨ 53 ਸਿੱਖਾਂ ਨੂੰ ਗੋਲੀਆਂ ਲੱਗੀਆਂ। ਜਸਟਿਸ ਫ਼ਾਸ਼ਲਾ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ **''ਜੇ ਗੋਲੀ ਚਲਾਉਣ ਨੂੰ ਜ਼ੁਲਮ ਦੀ ਇੰਤਹਾ ਨਾ ਵੀ ਕਿਹਾ ਜਾਏ ਤਾਂ ਫਿਰ ਲਾਠੀਚਾਰਚ ਅਤੇ ਟੀਅਰ ਗੈਸ ਕਿਉਂ ਛੱਡੀ ਗਈ?''** ਦਰਅਸਲ ਬਠਿੰਡਾ ਜੇਲ੍ਹ ਵਿਚ ਗੋਲੀ ਇਕ ਸੋਚੀ ਸਮਝੀ ਸਾਜ਼ਿਸ਼ ਹੇਠ ਚਲਾਈ ਗਈ ਸੀ। ਇਸ ਦੀ ਤਿਆਰੀ ਸਰਕਾਰ ਨੇ ਪਹਿਲਾਂ ਹੀ ਕੀਤੀ ਹੋਈ

WWW.SIKHBOOKCLUB.COM



ਗੁਰਦਿੱਤ ਸਿੰਘ



ਕੈਪਟਨ ਰਣਜੀਤ ਸਿੰਘ



ਹਰਬੰਸ ਸਿੰਘ



ਨਾਜਰ ਸਿੰਘ

ਸੀ। ਪੁਲਿਸ ਇੰਸਪੈਕਟਰ ਜਨਰਲ ਚੌਧਰੀ ਰਾਮ ਸਿੰਹ ਇਕ ਦਿਨ ਪਹਿਲਾਂ ਹੀ ਬਠਿੰਡਾ ਜੇਲ੍ਹ ਵਿੱਚ ਪਹੁੰਚਿਆ ਹੋਇਆ ਸੀ। ਪੁਲਿਸ ਨੇ ਗੋਲੀ ਇਸ ਕਰ ਕੇ ਚਲਾਈ ਸੀ ਤਾਂ ਕਿ ਉਹ ਸਿੰਘਾਂ ਨੂੰ ਸਬਕ ਸਿਖਾ ਸਕੇ। ਇਸ ਜ਼ੁਲਮ ਦੇ ਪਿਛੇ ਸਿੱਖਾਂ ਦੇ ਹੌਸਲੇ ਡੇਗਣਾ ਅਤੇ ਉਨ੍ਹਾਂ ਤੋਂ ਬਦਲਾ ਲੈਣ ਦੀ ਨੀਅਤ ਸੀ।

ਬਠਿੰਡਾ ਵਿਚ ਗੋਲੀ ਚਲਣ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ 9 ਅਕਤੂਬਰ ਦੀ ਸ਼ਾਮ ਨੂੰ ਅੰਮ੍ਰਿਤਸਰ ਵਿਚ ਇਕ ਬੜਾ ਜਲੂਸ ਨਿਕਲਿਆ। ਇਸ ਵੇਲੇ ਅੰਮ੍ਰਿਤਸਰ ਵਿਚ ਦਫ਼ਾ 144 ਲੱਗੀ ਹੋਈ ਸੀ। ਸਿੱਖਾਂ ਮੁਜ਼ਾਹਰੀਨਾਂ ਨੇ ਦਫ਼ਾ 144 ਤੋੜ ਕੇ ਸਾਰੇ ਸ਼ਹਿਰ ਦਾ ਚੱਕਰ ਕੱਢਿਆ ਅਤੇ ਵਾਪਸ ਦਰਬਾਰ ਸਾਹਿਬ ਆ ਗਏ।

ਬਠਿੰਡਾ ਗੋਲੀ ਕਾਂਡ ਦੇ ਖ਼ਿਲਾਫ਼ 10 ਅਕਤੂਬਰ ਦੇ ਦਿਨ ਵੀ ਅੰਮ੍ਰਿਤਸਰ, ਲੁਧਿਆਣਾ, ਬਠਿੰਡਾ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਨੇ ਸਰਕਾਰ ਦੇ ਖ਼ਿਲਾਫ਼ ਪ੍ਰੋਟੈਸਟ ਜਲੂਸ ਕੱਢੇ। ਇਸ ਦਿਨ ਅੰਮ੍ਰਿਤਸਰ ਦੇ ਸਿੱਖ ਦੁਕਾਨਦਾਰਾਂ ਨੇ ਮੁਕੰਮਲ ਹੜਤਾਲ ਵੀ ਕੀਤੀ।

ਪਟਿਆਲਾ ਵਿਚ ਪੁਲੀਸ ਨੇ ਸਿੱਖ ਮਾਰੇ

11 ਅਕਤੂਬਰ ਦੇ ਦਿਨ ਪਟਿਆਲਾ ਵਿਚ ਬਠਿੰਡਾ ਗੋਲੀ ਕਾਂਡ ਦੇ ਖ਼ਿਲਾਫ਼ ਜਲੂਸ ਕੱਢਿਆ ਗਿਆ। ਇਹ ਜਲੂਸ ਗੁਰਦੁਆਰਾ ਦੁਖ ਨਿਵਾਰਨ ਤੋਂ ਸ਼ੁਰੂ ਹੋਇਆ। ਜਲੂਸ ਅਜੇ ਦੋ ਤਿੰਨ ਸੌ ਗਜ਼ ਅੱਗੇ ਗਿਆ ਸੀ ਕਿ ਪੁਲਿਸ ਨੇ ਸਿੱਖਾਂ ਨੂੰ ਘੇਰ ਕੇ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਪੁਲਿਸ ਨੇ ਗੋਲੀ ਵੀ ਚਲਾਈ। ਇਸ ਨਾਲ ਦੋ ਸਿੱਖਾਂ, ਬਾਬਾ ਦੀਵਾਨ ਸਿੰਘ ਅਤੇ ਹਰੀ ਸਿੰਘ, ਸ਼ਹੀਦ ਹੋ ਗਏ। ਇਸ 'ਤੇ ਸਿੱਖਾਂ ਨੇ ਗੁੱਸੇ ਵਿਚ ਆ ਕੇ ਪੁਲਿਸ 'ਤੇ ਪਥਰਾਓ ਕੀਤਾ ਜਿਸ ਨਾਲ ਕੁਝ ਪੁਲਸੀਆਂ ਨੂੰ ਮਾਮੂਲੀ ਜਿਹੀਆਂ ਸੱਟਾਂ ਲੱਗੀਆਂ। ਪੰਜਾਬ ਦੇ ਜ਼ਾਲਮ ਚੀਫ਼ ਮਨਿਸਟਰ ਪ੍ਰਤਾਪ ਸਿੰਘ ਕੈਰੋਂ ਨੇ ਅੱਧੀ ਰਾਤ ਨੂੰ ਸਿੱਖਾਂ ਦੇ ਕਾਤਿਲ ਪੁਲਸੀਆਂ ਨੂੰ ਇਕ-ਇਕ ਸਾਲ ਦੀ ਤਨਖ਼ਾਹ ਈਨਾਮ ਵਜੋਂ ਦੇਣ ਦਾ ਐਲਾਨ ਕੀਤਾ।

11 ਅਕਤੂਬਰ ਨੂੰ ਅੰਮ੍ਰਿਤਸਰ ਵਿਚ ਵੀ ਇਕ ਬੜਾ ਵੱਡਾ ਜਲੂਸ ਨਿਕਲਿਆ। ਇਸ ਜਲੂਸ ਵਿਚ ਹਜ਼ਾਰਾਂ ਸਿੱਖ ਸ਼ਾਮਿਲ ਹੋਏ। ਇਸ ਦੀ ਅਗਵਾਈ ਜਥੇਦਾਰ ਮੋਹਨ ਸਿੰਘ ਤੁੜ ਨੇ ਕੀਤੀ। ਇਸ ਜਲੂਸ ਵਿਚ ਹਜ਼ਾਰਾਂ ਔਰਤਾਂ ਵੀ ਸ਼ਾਮਿਲ ਸਨ। ਜਲੂਸ ਵਿਚ ਸਿੱਖ ਕੈਰੋਂ ਸਰਕਾਰ ਦੇ ਖ਼ਿਲਾਫ਼ ਨਾਅਰੇ ਲਾ ਰਹੇ ਸਨ। ਜਲੂਸ ਸਾਰੇ ਸ਼ਹਿਰ ਦਾ ਚੱਕਰ ਲਾ ਕੇ ਵਾਪਸ ਦਰਬਾਰ ਸਾਹਿਬ ਪਹੁੰਚ ਗਿਆ। ਪੁਲਿਸ ਨੇ ਜਲੂਸ ਵਿਚੋਂ ਜਥੇਦਾਰ ਮੋਹਨ ਸਿੰਘ ਤੁੜ ਜਾਂ ਹੋਰ ਕਿਸੇ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ।

12 ਅਕਤੂਬਰ ਨੂੰ ਸਿੱਖਾਂ ਨੇ ਦਿੱਲੀ ਵਿਚ ਵੀ ਇਕ ਰੋਸ ਜਲੂਸ ਕੱਢਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਗੁਰਦੁਆਰਾ ਸੀਸ ਗੰਜ ਨੂੰ ਪੂਰੀ ਤਰ੍ਹਾਂ ਘੇਰੇ ਵਿਚ ਲੈ ਲਿਆ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲਾਠੀਆਂ ਅਤੇ ਅਥਰੂ ਗੈਸ ਵਾਲੇ ਸਿਪਾਹੀ ਸੀਸ ਗੰਜ ਦੇ ਆਲੇ ਦੁਆਲੇ ਫਿਰ ਰਹੇ ਸਨ। ਪੁਲਿਸ ਨੇ ਗੁਰਦੁਆਰੇ ਨੂੰ ਘੇਰ ਕੇ ਸੀਲ ਕਰ ਦਿਤਾ ਅਤੇ ਗੁਰਦੁਆਰੇ ਦੇ ਆਲੇ-ਦੁਆਲੇ ਨਜ਼ਰ ਆਉਣ ਵਾਲੇ ਸਾਰੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ।

WWW.SIKHBOOKCLUB.COM

20 ਅਕਤੂਬਰ ਹਿੰਦੂਆਂ ਦੇ ਤਿਓਹਾਰ ਦੀਵਾਲੀ ਦਾ ਦਿਨ ਸੀ। ਪੰਜਾਬ ਸਰਕਾਰ ਨੇ ਅੰਮ੍ਰਿਤਸਰ ਵਿਚੋਂ 19 ਅਤੇ 20 ਅਕਤੂਬਰ ਨੂੰ ਦਫ਼ਾ 144 ਚੁੱਕਣ ਦਾ ਐਲਾਨ ਕਰ ਦਿੱਤਾ। ਇਸ ਦਿਨ ਹਜ਼ਾਰਾਂ ਸਿੱਖਾਂ ਨੇ ਫੇਰ ਅੰਮ੍ਰਿਤਸਰ ਵਿਚ ਜਲੂਸ ਕੱਢਿਆ ਅਤੇ ਆਪਣਾ ਰੋਹ ਜ਼ਾਹਿਰ ਕੀਤਾ। ਬਠਿੰਡਾ ਅਤੇ ਪਟਿਆਲਾ ਵਿਚ ਸ਼ਹੀਦ ਹੋਏ ਸਿੰਘਾਂ ਨੂੰ ਸ਼ਰਧਾਂਜਲੀਆਂ ਦੇਣ ਵਾਸਤੇ ਹਰ ਪਾਸੇ ਦੀਵਾਨ ਸਜਾਏ ਗਏ।

ਫਤਹਿ ਸਿੰਘ ਵੱਲੋਂ ਮਰਨ ਵਰਤ ਦਾ ਐਲਾਨ

ਹੁਣ ਤਕ 35 ਹਜ਼ਾਰ ਤੋਂ ਵੱਧ ਸਿੰਘ ਜੇਲ੍ਹਾਂ ਵਿਚ ਜਾ ਚੁੱਕੇ ਸਨ। ਇਨ੍ਹਾਂ ਦਿਨਾਂ ਵਿਚ ਦਰਜਨ ਦੇ ਕਰੀਬ ਸਿੱਖਾਂ ਦੀਆਂ ਸ਼ਹੀਦੀਆਂ ਤੇ ਸੈਂਕੜੇ ਸਿੱਖਾਂ ਦੇ ਜ਼ਖ਼ਮੀ ਹੋ ਜਾਣ ਮਗਰੋਂ ਮੋਰਚੇ ਦਾ ਪੈਂਤੜਾ ਬਦਲਣ ਦੀਆਂ ਗੱਲਾਂ ਚਲਣ ਲਗ ਪਈਆਂ ਸਨ। 29 ਅਕਤੂਬਰ 1960 ਦੇ ਦਿਨ ਹਰਚਰਨ ਸਿੰਘ ਹੁਡਿਆਰਾ ਨੇ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਰੱਖਣ ਦੀ ਪੇਸ਼ਕਸ਼ ਕੀਤੀ। ਦੂਜੇ ਪਾਸੇ ਕੁਝ ਨੌਜਵਾਨ ਹਥਿਆਰਬੰਦ ਜੱਦੋਜਹਿਦ ਦੀ ਹਿਮਾਇਤ ਵੀ ਕਰਨ ਲੱਗ ਪਏ ਸਨ। ਇਸ ਸਾਰੀ ਹਾਲਤ ਨੂੰ ਸਾਹਵੇਂ ਰੱਖਦਿਆਂ ਮੋਰਚੇ ਦੇ ਡਿਕਟੇਟਰ ਫਤਹਿ ਸਿੰਘ ਗੰਗਾਨਗਰ ਨੇ 29 ਅਕਤੂਬਰ ਦੇ ਦਿਨ ਮੰਜੀ ਸਾਹਿਬ ਤੋਂ ਐਲਾਨ ਕੀਤਾ ਕਿ ਮੈਂ 18 ਦਸੰਬਰ 1960 ਦੇ ਦਿਨ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਸ਼ੁਰੂ ਕਰ ਦੇਵਾਂਗਾ। ਇਸ ਦੇ ਨਾਲ ਹੀ ਫਤਹਿ ਸਿੰਘ ਨੇ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਇਕ ਚਿੱਠੀ ਲਿਖ ਕੇ 10 ਦਿਨਾਂ ਦਾ ਨੋਟਿਸ ਦਿੱਤਾ ਕਿ ਜੇ ਇਸ ਦੌਰਾਨ ਪੰਜਾਬੀ ਸੂਬਾ ਨਾ ਬਣਾਇਆ ਤਾਂ ਮੈਂ ਮਰਨ ਵਰਤ ਰੱਖਣ ਲਈ ਮਜਬੂਰ ਹੋ ਜਾਵਾਂਗਾ। ਫਤਹਿ ਸਿੰਘ ਵਲੋਂ ਲਿਖੀ ਚਿੱਠੀ ਅੰਗਰੇਜ਼ੀ ਵਿਚ ਸੀ। ਇਸ ਦਾ ਤਜਰਮਾ ਇੰਵ ਹੈ :

ਪਿਆਰੇ ਪ੍ਰਧਾਨ ਮੰਤਰੀ

ਤੁਹਾਡਾ ਆਖ਼ਰੀ ਬਿਆਨ ਜਿਸ ਵਿਚ ਕਿਹਾ ਗਿਆ ਹੈ ਕਿ ''ਭਾਰਤ ਵਿਚ ਪੰਜਾਬੀ ਸੂਬਾ ਨਹੀਂ ਬਣੇਗਾ'' ਬੜਾ ਹੀ ਅਫ਼ਸੋਸਨਾਕ ਤੇ ਦੁਖਦਾਇਕ ਹੈ ਤੇ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਬਿਆਨ ਦੇ ਕੇ ਤੁਸੀਂ ਪੰਜਾਬੀ ਸੂਬੇ ਦੇ ਹਿਮਾਇਤੀਆਂ ਲਈ ਦਲੀਲ ਤੇ ਇਨਸਾਫ਼ ਦੇ ਦਰਵਾਜ਼ੇ ਬੰਦ ਕਰ ਲਏ ਹਨ। ਇਸ ਨਾਲ ਹਾਲਾਤ ਇਸ ਪੱਧਰ 'ਤੇ ਪੁਜ ਗਏ ਹਨ ਕਿ ਮੇਰੇ ਲਈ ਸਿਰਫ਼ ਇਕੋ-ਇਕ ਹੀ ਰਾਹ ਹੈ ਮੈਂ ਮਰਨ ਵਰਤ ਰੱਖ ਕੇ ਤੁਹਾਡੀ ਰੂਹ ਨੂੰ ਟੁੰਬਾਂ। ਇਸ ਖ਼ਤ ਰਾਹੀਂ ਮੈਂ ਆਪਣੇ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਜੋ ਪੱਕਾ ਇਰਾਦਾ ਬਣਾਇਆ ਹੈ, ਉਸ ਦਾ ਇਜ਼ਹਾਰ ਤੁਹਾਡੇ ਪਾਸ ਕਰ ਰਿਹਾ ਹਾਂ।

ਮੈਂ ਆਪਣੀ ਸਾਰੀ ਜ਼ਿੰਦਗੀ ਸਿਆਸਤ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕੀਤੀ ਹੈ, ਪਰ ਆਪਣੇ ਮੁਲਕ ਵਾਸਤੇ ਪਿਆਰ ਇਕ ਅਜਿਹੀ ਚੀਜ਼ ਹੈ ਜਿਸ ਨੂੰ ਆਪਣੇ ਪਿਆਰੇ ਗੁਰੂ ਸਾਹਿਬਾਨ ਤੋਂ ਹਾਸਿਲ ਕੀਤਾ ਹੈ, ਜਿਨ੍ਹਾਂ ਨੇ ਕਿ ਦੇਸ਼ ਦੀ ਇੱਜ਼ਤ, ਸਤਿਕਾਰ ਤੇ ਅਣਖ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ। ਮੈਨੂੰ ਪੰਜਾਬੀ ਹੋਣ ਦਾ ਮਾਣ ਹੈ ਕਿਉਂ ਕਿ ਮੇਰਾ ਪੰਜਾਬ ਸ਼ੁਰੂ ਤੋਂ ਹੀ ਸਦਾ ਆਪਣੇ ਦੇਸ਼ ਦੀ ਰੱਖਿਆ ਕਰਦਾ ਆਇਆ ਹੈ।

ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਸਾਡੇ ਮਹਾਨ ਆਗੂ ਇਹ ਐਲਾਨ ਕਰਦੇ ਆਏ ਸਨ ਕਿ ਜਦੋਂ ਭਾਰਤ ਆਜ਼ਾਦੀ ਹਾਸਿਲ ਕਰ ਲਵੇਗਾ ਤਾਂ ਦੇਸ਼ ਨੂੰ ਬੋਲੀਆਂ ਤੇ ਸਭਿਆਚਾਰ ਦੇ ਅਧਾਰ ਤੇ

WWW.SIKHBOOKCLUB.COM

ਵੰਡਿਆ ਜਾਵੇਗਾ। ਚੁਨਾਂਚਿ ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਇਸ ਅਸੂਲ ਮੁਤਾਬਿਕ ਸਾਰੇ ਭਾਰਤ ਵਿਚ ਬੋਲੀ ਦੇ ਅਧਾਰ 'ਤੇ ਸੂਬੇ ਬਣਾਏ ਗਏ ਪਰ ਮੇਰਾ ਪੰਜਾਬ ਅਜੇ ਤਕ ਦੋ-ਬੋਲੀਆਂ ਦਾ ਸੂਬਾ ਹੈ ਅਤੇ ਇਸ ਲਈ ਕੁਝ ਨਹੀਂ ਕੀਤਾ ਗਿਆ।

ਪੰਜਾਬ ਦੇ ਕੁਝ ਹਿੰਦੂਆਂ ਵਲੋਂ, ਜਿਨ੍ਹਾਂ ਦੀ ਸੋਚ ਨਿਰੋਲ ਫ਼ਿਰਕਾ-ਪ੍ਰਸਤੀ ਤੇ ਖ਼ੁਦਗਰਜ਼ੀ ਦੀ ਸੀ, ਨੇ ਹਿੰਦੂ ਵੀਰਾਂ ਵਿਚ ਪ੍ਰਚਾਰ ਕਰ ਕੇ ਪੰਜਾਬੀ ਮਾਂ ਬੋਲੀ ਮੁਖਾਲਫਤ ਸ਼ੁਰੂ ਕਰਵਾ ਦਿੱਤੀ, ਜਿਸ ਦਾ ਸਿੱਟਾ ਹਿੰਦੂ-ਭਰਾਵਾਂ ਨੇ ਪੰਜਾਬੀ ਨੂੰ ਆਪਣੀ ਮਾਂ-ਬੋਲੀ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਜਿਨ੍ਹਾਂ ਲੋਕਾਂ ਨੇ ਆਪਣੀ ਮਾਂ ਬੋਲੀ ਤੇ ਸਭਿਆਚਾਰ ਦੀ ਰਖਿਆ ਕਰਨੀ ਸੀ ਉਹ ਹੀ ਉਸ ਦੀ ਵਿਰੋਧਤਾ ਕਰਨ ਲਗ ਪਏ। ਅਜਿਹੇ ਦੁਖ ਦੀ ਹਾਲਤ ਵਿਚ ਇਹ ਸਾਰੀ ਜ਼ਿਮੇਵਾਰੀ ਸਿੱਖਾਂ ਦੇ ਸਿਰ ਆ ਪਈ ਕਿ ਉਹ ਆਪਣੀ ਬੋਲੀ ਦੀ ਰਖਿਆ ਲਈ ਘੋਲ ਕਰਨ, ਕਿਉਂ ਕਿ ਸਿੱਖ ਕੌਮ ਇਤਿਹਾਸਕ ਤੇ ਸਭਿਆਚਾਰਕ ਤੌਰ ਤੇ ਪੰਜਾਬੀ ਬੋਲੀ ਨਾਲ ਜੁੜੀ ਹੋਈ ਹੈ। ਇਸ ਲਈ ਉਹ ਕਿਸੇ ਕੀਮਤ 'ਤੇ ਵੀ ਆਪਣੇ ਨਿਸ਼ਾਨੇ ਤੋਂ ਉਕ ਨਹੀਂ ਸਨ ਸਕਦੇ। ਇਸ ਕਰ ਕੇ ਸਿੱਖਾਂ ਦੀ ਸਭ ਤੋਂ ਵਡੀ ਤੇ ਮੁਖੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਬੋਲੀ ਦੇ ਅਧਾਰ 'ਤੇ ਭਾਰਤ ਦੇ ਹੋਰ ਸੂਬਿਆਂ ਵਾਂਗ ਸੂਬੇ ਬਣਾਉਣ ਦੇ ਅਸੂਲ ਨੂੰ ਪੰਜਾਬ 'ਤੇ ਵੀ ਲਾਗੂ ਕਰਨ ਦੀ ਮੰਗ ਕੀਤੀ ਹੈ। ਕਿਉਂ ਕਿ ਭਾਰਤ ਦਾ ਆਈਨ ਹਰ ਸ਼ਹਿਰੀ ਨੂੰ ਆਈਨ ਦੀਆਂ ਹੱਦਾਂ ਵਿਚ ਰਹਿੰਦੇ ਹੋਏ ਲਿਖਣ ਤੇ ਬੋਲਣ ਦੀ ਅਜ਼ਾਦੀ ਦਿੰਦਾ ਹੈ ਤੇ ਹਰ **ਕੌਮ** ਨੂੰ ਆਪਣੀਆਂ ਮੰਗਾਂ ਰੱਖਣ ਦੀ ਖੁਲ੍ਹ ਹੈ, ਇਸ ਲਈ ਅਕਾਲੀ ਦਲ ਨੇ ਫ਼ੈਸਲਾ ਕੀਤਾ ਸੀ ਕਿ ਪੰਜਾਬੀ ਸੂਬੇ ਵਾਸਤੇ ਪੁਰਅਮਨ ਮੋਰਚਾ ਲਾਇਆ ਜਾਵੇ। ਚੁਨਾਂਚਿ 22 ਮਈ 1960 ਨੂੰ ਅੰਮ੍ਰਿਤਸਰ ਵਿਖੇ ਸਾਰੀਆਂ ਪਾਰਟੀਆਂ ਦੀ ਇਕ ਸਾਂਝੀ ਕਨਵੈਨਸ਼ਨ ਬੁਲਾਈ ਗਈ ਸੀ, ਜਿਸ ਵਿਚ ਫੈਸਲਾ ਹੋਇਆ ਸੀ ਕਿ ਕੇਂਦਰੀ ਸਰਕਾਰ ਨੂੰ ਪੰਜਾਬੀ ਸੂਬੇ ਵਾਸਤੇ ਇਕ ਮੈਮੋਰੰਡਮ ਪੇਸ਼ ਕੀਤਾ ਜਾਵੇ ਤੇ 12 ਜੂਨ ਨੂੰ ਦਿੱਲੀ ਵਿਚ ਇਕ ਪੁਰਅਮਨ ਜਲੂਸ ਕੱਢਿਆ ਜਾਵੇ ਤਾਂ ਜੋ ਪੰਜਾਬੀ ਸੂਬੇ ਦੇ ਹੱਕ ਵਿਚ ਲੋਕ-ਰਾਇ ਪੈਦਾ ਕੀਤੀ ਜਾ ਸਕੇ। ਇਸ ਦੀ ਬਜਾਏ ਕਿ ਇਕ ਜਮਹੂਰੀ ਸਰਕਾਰ ਸਾਨੂੰ ਆਪਣੀ ਆਈਨੀ ਲੜਾਈ ਲੜਨ ਦੀ ਇਜਾਜ਼ਤ ਦਿੰਦੀ, ਜਿਸ ਦੀ ਕਿ ਹਰ ਜਮਹੂਰੀ ਦੇਸ਼ ਵਿਚ ਖੁਲ੍ਹ ਹੋ ਸਕਦੀ ਹੈ, ਸਰਕਾਰ ਨੇ ਫ਼ੈਸਲਾ ਕਰ ਲਿਆ ਕਿ ਹਰ ਬੁਰੇ ਤੋਂ ਬੁਰੇ ਢੰਗ ਨਾਲ ਇਸ ਲਹਿਰ ਨੂੰ ਕੁਚਲਿਆ ਜਾਵੇ। ਇਥੋਂ ਤਕ ਕਿ ਸਾਡੇ ਪਾਸੋਂ ਲਿਖਣ, ਬੋਲਣ ਤੇ ਪਰੈਸ ਦੀ ਆਜ਼ਾਦੀ ਤੇ ਮੁਢਲੇ ਸ਼ਹਿਰੀ ਹੱਕਾਂ ਤੇ ਵੀ ਭਾਪਾ ਮਾਰਿਆ ਗਿਆ ਤੇ 24 ਮਈ 1960 ਤੋਂ ਪੰਜਾਬ ਵਿਚ ਜ਼ੁਲਮ ਦਾ ਰਾਜ ਸ਼ੁਰੂ ਹੋ ਗਿਆ। ਸੈਨੂੰ ਸਾਰੀ ਤਫ਼ਸੀਲ ਵਿਚ ਜਾਣ ਦੀ ਲੋੜ ਨਹੀਂ; ਸਭ ਕੁਝ ਕੇਂਦਰੀ ਸਰਕਾਰ ਤੇ ਕਾਂਗਰਸ ਹਾਈ ਕਮਾਂਡ ਦੇ ਸਾਹਮਣੇ ਹੈ ਜੋ ਪੰਜਾਬ ਸਰਕਾਰ ਕਰਦੀ ਰਹੀ ਹੈ। ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਸਰਕਾਰ ਨੇ ਸਾਡੀ ਪੁਰਅਮਨ ਤੇ ਵਿਧਾਨਕ ਜਦੋਜਹਿਦ ਨੂੰ ਕੁਚਲਣ ਲਈ ਬੁਰੇ ਤੋਂ ਬੁਰਾ ਤੇ ਕੋਝੇ ਤੋਂ ਕੋਝਾ ਹਥਿਆਰ ਵਰਤਿਆ ਤਾਂ ਕਿ ਇਹ ਬਹਦਾਰ ਕੌਮ ਦਬਾਈ ਜਾ ਸਕੇ।

ਕੈਰੋਂ ਸਰਕਾਰ ਦੇ ਜ਼ੁਲਮ ਦਾ ਮੁਖਤਸਰ ਵੇਰਵਾ ਇੰਵ ਹੈ :

ਨੰ: 1. ਜਿਸ ਦਿਨ ਅੰਮ੍ਰਿਤਸਰ ਵਿਖੇ ਸਮੂਹ ਪਾਰਟੀਆਂ ਦੀ ਸਾਂਝੀ ਕਨਵੈਨਸ਼ਨ ਸੱਦੀ ਗਈ ਤੇ ਪੰਜਾਬੀ ਸੂਬੇ ਦਾ ਮਤਾ ਇਕ-ਰਾਏ ਨਾਲ ਪਾਸ ਕੀਤਾ ਗਿਆ ਉਸ ਤੋਂ ਅਗਲੇ ਦਿਨ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਦਰਬਾਰਾ ਸਿੰਘ ਨੇ ਮਾਸਟਰ ਤਾਰਾ ਸਿੰਘ 'ਤੇ ਖੁਲ੍ਹਮ ਖੁੱਲ੍ਹਾ ਇਹ ਦੋਸ਼ ਲਾਇਆ ਕਿ 'ਇਸ ਨੇ ਪਾਕਿਸਤਾਨ ਨਾਲ ਅੰਦਰੂਨੀ ਤੌਰ ਤੇ ਗੱਠ ਜੋੜ ਕਰ ਲਿਆ ਹੈ। ਜਿਸ ਅਨੁਸਾਰ 10,000 ਅਕਾਲੀਆਂ ਨੂੰ ਗੁਰੀਲਾ ਲੜਾਈ ਲੜਨ ਦੀ ਟਰੇਨਿੰਗ ਦਿੱਤੀ ਜਾਵੇਗੀ। ਇਹ ਸਾਜ਼ਿਸ਼ ਕਰਨ ਤੋਂ ਮਗਰੋਂ ਹੀ ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੀ ਲਹਿਰ ਚਲਾਈ ਹੈ।' ਹੁਕਮਰਾਨ ਪਾਰਟੀ ਦੇ ਪ੍ਰਧਾਨ ਵਲੋਂ ਐਨੀ ਗ਼ੈਰ-ਜ਼ਿੰਮੇਵਾਰੀ ਨਾਲ ਐਨਾ ਸਖ਼ਤ ਤੇ ਬੇ-ਬੁਨਿਆਦ

WWW.SIKHBOOKCLUB.COM

ਇਲਜ਼ਾਮ ਲਾਇਆ ਜਾਣਾ ਕੋਈ ਵੀ ਸਚਾਈ ਪਸੰਦ ਆਦਮੀ ਬਰਦਾਸ਼ਤ ਨਹੀਂ ਕਰ ਸਕਦਾ। ਇਸ ਲਈ ਚਾਹੀਦਾ ਸੀ ਕਿ ਕੇਂਦਰੀ ਸਰਕਾਰ ਲਾਤੁਅਲਕੀ ਜ਼ਾਹਿਰ ਕਰਦੀ ਜਾਂ ਇਸ ਇਲਜ਼ਾਮ ਦੀ ਸਚਾਈ ਨੂੰ ਲੋਕਾਂ ਪਾਸ ਸੱਚੇ ਰੂਪ ਵਿਚ ਪੇਸ਼ ਕਰਦੀ। ਮਾਸਟਰ ਤਾਰਾ ਸਿੰਘ ਵਰਗੇ ਦੇਸ਼ ਭਗਤ ਦੇ ਖ਼ਿਲਾਫ਼ ਏਡਾ ਵੱਡਾ ਇਲਜ਼ਾਮ ਲਾਉਣਾ ਲੋਕਾਂ ਦੇ ਦਿਮਾਗ ਵਿਚ ਸ਼ੰਕੇ ਉਪਜਣ ਦਾ ਕਾਰਨ ਹੈ। ਇਸ ਲਈ ਇਸ ਦੀ ਸਪਸ਼ਟਤਾ ਜ਼ਰੂਰੀ ਸੀ। ਪਰ ਕੇਂਦਰੀ ਸਰਕਾਰ ਤੇ ਕਾਂਗਰਸ ਹਾਈ ਕਮਾਂਡ ਨੇ ਆਸਾਂ ਤੋਂ ਉਲਟ ਦਰਬਾਰਾ ਸਿੰਘ ਅਤੇ ਪ੍ਰਤਾਪ ਸਿਘ ਦੇ ਗ਼ੈਰ-ਜ਼ਿੰਮੇਵਾਰਾਨਾ ਰਵਈਏ ਨੂੰ ਹੋਰ ਵੀ ਸ਼ਹਿ ਦਿੱਤੀ, ਜੋ ਬੜੀ ਹੀ ਦੁਖਦਾਇਕ ਹੈ।

9 ਅਕਤੂਬਰ 1960 ਦੇ ਦਿਨ ਜਦੋਂ ਬਠਿੰਡੇ ਜੇਲ੍ਹ ਵਿਚ ਅਕਾਲੀ ਕੈਦੀ ਗੋਲੀਆਂ ਨਾਲ ਮਾਰੇ ਜਾ ਰਹੇ ਸਨ ਤਾਂ ਪ੍ਰਤਾਪ ਸਿੰਘ ਕੈਰੋਂ ਨੇ ਲੁਧਿਆਣੇ ਸ਼ਹਿਰ ਵਿਚ ਇਸੇ ਇਲਜ਼ਾਮ ਨੂੰ ਦੁਹਰਾਇਆ ਸੀ ਕਿ ਅਕਾਲੀ ਪਾਕਿਸਤਾਨ ਦੀ ਮਦਦ ਨਾਲ ਸਿੱਖ ਸਟੇਟ ਬਨਾਉਣਾ ਚਾਹੁੰਦੇ ਹਨ। ਤੁਸੀਂ ਤੇ ਤੁਹਾਡੀ ਸਰਕਾਰ ਨੇ ਮੁੱਖ-ਮੰਤਰੀ ਦੇ ਇਸ ਗ਼ੈਰ-ਜ਼ਿੰਮੇਵਾਰਨਾ ਰਵਈਏ ਨੂੰ ਸ਼ਹਿ ਦੇ ਕੇ ਲੋਕਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਹੈ ਕਿ ਕੇਂਦਰੀ ਸਰਕਾਰ ਦਾ ਇਸ ਗੱਲ ਵਿਚ ਹੱਥ ਹੈ ਤੇ ਉਹ ਸਿੱਖਾਂ ਨੂੰ ਬਦਨਾਮ ਕਰ ਕੇ ਮੁਲਕ ਦੇ ਗ਼ਦਾਰ ਵਜੋਂ ਪੇਸ਼ ਕਰਨਾ ਚਾਹੁੰਦੀ ਹੈ। ਉਹ ਮਹਾਨ ਕੌਮ ਜਿਸ ਨੇ ਆਪਣੀ ਸਾਰੀ ਤਾਰੀਖ਼ ਵਿਚ ਦੇਸ਼ ਲਈ ਕੁਰਬਾਨੀਆਂ ਕੀਤੀਆਂ ਹੋਣ ਉਸ ਨੂੰ ਏਨੀ ਢੀਠਤਾਈ ਤੇ ਗ਼ੈਰ-ਜ਼ਿੰਮੇਵਾਰੀ ਨਾਲ ਦੇਸ਼ ਧਰੋਹੀ ਤੇ ਦੇਸ਼ ਗ਼ਦਾਰੀ ਦੇ ਫ਼ਤਵੇ ਦੇਣਾ ਇਕ ਅਜਿਹਾ ਇਲਜ਼ਾਮ ਹੈ ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਲਈ ਤੁਹਾਡੀ ਸਰਕਾਰ ਤੋਂ ਪਬਲਿਕ ਮੰਗ ਕਰਦੀ ਹੈ ਕਿ ਇਸ ਇਲਜ਼ਾਮ ਦੀ ਪੜਤਾਲ ਕਰਵਾ ਕੇ ਜਾਂ ਤਾਂ ਮਾਸਟਰ ਤਾਰਾ ਸਿੰਘ ਅਤੇ ਸਿੱਖਾਂ ਨੂੰ ਸਜ਼ਾ ਦਿੱਤੀ ਜਾਵੇ ਤੇ ਜੇ ਇਹ ਗੱਲ ਗਲਤ ਹੈ ਤਾਂ ਦਰਬਾਰਾ ਸਿੰਘ ਤੇ ਪ੍ਰਤਾਪ ਸਿੰਘ ਕੈਰੋਂ ਨੂੰ ਮੁਨਾਸਿਬ ਸਜ਼ਾ ਦਿੱਤੀ ਜਾਵੇ।

ਨੰ. 2. 24 ਮਈ ਦੀ ਰਾਤ ਤੋਂ ਪੰਜਾਬ ਵਿਚ ਜ਼ੁਲਮ ਦੇ ਰਾਜ ਦਾ ਬੋਲਬਾਲਾ ਹੈ। ਉਸੇ ਰਾਤ ਹਜ਼ਾਰਾਂ ਸਿੰਘਾਂ ਨੂੰ ਦਫ਼ਾ 107 ਵਿਚ ਫੜਿਆ ਗਿਆ ਤੇ ਬਾਇਜ਼ਤ ਸ਼ਹਿਰੀਆਂ ਤੋਂ ਪੰਜਾਹ-ਪੰਜਾਹ ਹਜ਼ਾਰ ਤੇ ਇਕ-ਇਕ ਲੱਖ ਰੁਪੈ ਦੀਆਂ ਜ਼ਮਾਨਤਾਂ ਮੰਗੀਆਂ ਗਈਆਂ। ਪੰਜਾਬੀ ਸੂਬੇ ਦੇ ਹਾਮੀ ਪੰਜਾਬ ਅਸੈਂਬਲੀ ਦੇ ਮੈਂਬਰ ਫੜੇ ਗਏ, ਵਕੀਲਾਂ ਨੂੰ ਫੜਿਆ ਗਿਆ ਅਤੇ ਇਸ ਤਰ੍ਹਾਂ ਕਾਨੂੰਨ ਨੂੰ ਪੈਰਾਂ ਵਿਚ ਰੋਲਿਆ ਗਿਆ। ਇਥੋਂ ਤਕ ਕਿ ਮੈਜਿਸਟਰੇਟਾਂ ਵਲੋਂ ਹਜ਼ਾਰਾਂ ਖਾਲੀ ਵਰੰਟਾਂ ਤੇ ਦਸਤਖਤ ਕਰ ਕੇ ਪੋਲੀਸ ਨੂੰ ਦੇ ਦਿੱਤੇ ਗਏ ਤਾਂ ਜੋ ਉਹ ਜਿਸ ਨੂੰ ਵੀ ਚਾਹੁਣ, ਬਗ਼ੈਰ ਕਿਸੇ ਅਦਾਲਤੀ ਦਖ਼ਲ ਦੇ, ਫੜ ਕੇ ਜੇਲ੍ਹੀਂ ਪਾ ਦੇਣ। ਸਭ ਤੋਂ ਵਧੇਰੇ ਜ਼ੁਲਮ ਇਹ ਸੀ ਕਿ ਇਕ ਕਾਲਾ ਕਾਨੂੰਨ ਆਰਡੀਨੈਂਸ ਦੇ ਰੂਪ ਵਿਚ ਲਾਗੂ ਕੀਤਾ ਗਿਆ, ਜਿਸ ਨਾਲ ਸਿੱਖਾਂ ਨੂੰ ਇਸ ਕਰ ਕੇ ਕਰੜੀਆਂ ਸਜ਼ਾਵਾਂ ਦਿੱਤੀਆਂ ਗਈਆਂ ਕਿ ਉਹ ਆਪਣੇ ਪਿਤਾ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਲਿਖਵਾਉਂਦੇ ਸਨ। ਹਾਲਾਂ ਕਿ ਇਹ ਸਾਡੀ ਇਕ ਧਾਰਮਿਕ ਰਹਿਤ ਹੈ। ਇਸ ਤੋਂ ਮਗਰੋਂ ਜੋ ਸਿੱਖ ਦਰਬਾਰ ਸਾਹਿਬ ਆਪਣੀ ਸ਼ਰਧਾ ਭੇਟ ਕਰਨ ਜਾਂਦਾ ਸੀ ਉਸ ਨੂੰ ਬਿਨਾ ਵਜ੍ਹਾ ਫੜਿਆ ਜਾਂਦਾ ਸੀ। ਇੱਥੋਂ ਤਕ ਕਿ ਦਰਬਾਰ ਸਾਹਿਬ ਦੇ ਹੈੱਡ ਗਰੰਥੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਯਾਤਰੂਆਂ ਦੇ ਕਕਾਰਾਂ ਦੀ ਪੜਤਾਲ ਕੀਤੀ ਜਾਂਦੀ ਸੀ ਅਤੇ 45 ਹਜ਼ਾਰ ਬੇਗੁਨਾਹ ਸਿੱਖਾਂ ਨੂੰ ਜੋ ਸ਼ਹਿਰੀ ਅਜ਼ਾਦੀ ਚਾਹੁੰਦੇ ਸਨ ਫੜ ਕੇ ਭੇਡਾਂ ਦੇ ਇੱਜੜ ਵਾਂਗ, ਬਿਨਾਂ ਕਿਸੇ ਜ਼ਰੂਰੀ ਸਹੂਲਤਾਂ ਦੇਣ ਦੇ, ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ।

ਮੋਰਚੇ ਦੇ ਚੌਥੇ ਦਿਨ ਗੁਰੂ ਰਾਮਦਾਸ ਸਰਾਂ ਕੋਲ ਖੁਸ਼ਵਖਤ ਰਾਇ ਏ.ਐਸ.ਆਈ. ਨੂੰ ਗੁਮਨਾਮ ਹਾਲਤ ਵਿਚ ਕਤਲ ਕਰ ਦਿੱਤਾ ਗਿਆ ਤਾਂ ਇਸ 'ਤੇ ਪੰਜਾਬ ਦੇ ਮੁੱਖ ਮੰਤਰੀ ਨੇ ਫ਼ੌਰਨ ਹੀ ਐਲਾਨ ਕਰ ਦਿੱਤਾ ਕਿ ਇਹ ਕਤਲ ਅਕਾਲੀ ਦਲ ਦੀ ਸਾਜ਼ਿਸ਼ ਨਾਲ ਹੋਇਆ ਹੈ ਤੇ ਨਾਲ ਹੀ

WWW.SIKHBOOKCLUB.COM

ਉਸੇ ਰਾਤ ਹੀ ਉਸ ਦੇ ਪਰਵਾਰ ਨੂੰ 20,000 ਰੁਪਏ ਇਮਦਾਦ ਵਜੋਂ ਵੀ ਦਿਤੇ ਗਏ। ਅਜਿਹੇ ਐਲਾਨ ਤੋਂ ਸਾਫ਼ ਜ਼ਾਹਿਰ ਹੈ ਕਿ ਇਹ ਸਰਕਾਰ ਹਿੰਦੂਆਂ ਨੂੰ ਉਭਾਰ ਕੇ ਹਿੰਦੂ-ਸਿੱਖ ਫ਼ਸਾਦ ਕਰਾਉਣ ਤੇ ਵੀ ਤੁਲੀ ਹੋਈ ਸੀ। ਖ਼ੁਸ਼-ਕਿਸਮਤੀ ਨਾਲ ਲੋਕ ਇਸ ਸਾਜ਼ਿਸ਼ ਨੂੰ ਪਹਿਲਾਂ ਹੀ ਸਮਝ ਗਏ। ਹੁਣ ਇਸ ਕਤਲ ਦਾ ਪੰਜ ਮਹੀਨੇ ਤੋਂ ਕੋਈ ਸੁਰਾਗ਼ ਨਹੀਂ ਨਿਕਲਿਆ ਤੇ ਫਿਰ ਵੀ ਅਸੈਂਬਲੀ ਹਾਲ ਵਿਚ ਖੜੇ ਹੋ ਕੇ ਮੁੱਖ ਮੰਤਰੀ ਨੇ ਇਹ ਗੱਲ ਆਖੀ ਕਿ ਅਕਾਲੀਆਂ ਨੇ ਕਾਤਲ ਨੂੰ ਪਨਾਹੀ ਦਿੱਤੀ ਹੋਈ ਹੈ।

ਨੰ. 4. 25 ਮਈ 1960 ਤੋਂ ਪੰਜਾਬੀ ਸੂਬੇ ਦੇ ਹਾਮੀ ਪ੍ਰੈਸ ਨੂੰ ਸੀਲ ਕਰ ਦਿੱਤਾ ਗਿਆ ਹੈ। ਸਾਰਾ ਸਟਾਫ਼ ਗ੍ਰਿਫ਼ਤਾਰ ਕੀਤਾ ਗਿਆ ਤੇ ਗ਼ੈਰ-ਕਾਨੂੰਨੀ ਤੌਰ 'ਤੇ ਜੇਲ੍ਹ ਵਿਚ ਡੱਕ ਦਿੱਤਾ ਗਿਆ।

ਨੰ. 5. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਕਰੀਬਨ ਸਾਰੇ ਹੀ ਮੈਂਬਰਾਂ ਤੇ ਜ਼ਰੂਰੀ ਸਟਾਫ਼ ਨੂੰ ਦਫ਼ਾ 107 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਰਾ ਕੰਮ ਕਾਜ ਠੱਪ ਹੋ ਜਾਵੇ। ਇਸ ਤਰ੍ਹਾਂ ਸਾਡੇ ਧਾਰਮਿਕ ਪ੍ਰਬੰਧ ਵਿਚ ਦਖਲ ਦਿੱਤਾ ਗਿਆ।

ਨੰ. 6. ਸਿੱਖਾਂ ਨੂੰ ਇਥੋਂ ਤਕ ਮਨਾਹੀ ਕੀਤੀ ਗਈ ਕਿ ਉਨ੍ਹਾਂ ਨੂੰ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਵਿਖੇ 12 ਜੂਨ ਨੂੰ ਇਕ ਪੁਰਅਮਨ ਜਲੂਸ ਕੱਢਣ ਦੀ ਖੁਲ੍ਹ ਨਾ ਦਿੱਤੀ ਗਈ। ਇੱਥੇ ਹੀ ਬੱਸ ਨਹੀਂ ਸਗੋਂ ਪੁਰ-ਅਮਨ ਜਲੂਸ ਕਢਣ ਵਾਲੇ ਬਾਇਜ਼ਤ ਸ਼ਹਿਰੀ ਸਿੱਖਾਂ 'ਤੇ ਏਨਾ ਜ਼ੁਲਮ ਹੋਇਆ ਕਿ ਜਿਸ ਦੀ ਮਿਸਾਲ ਹੀ ਨਹੀਂ ਮਿਲ ਸਕਦੀ। ਪੁਲਿਸ ਦੀ ਇਸ ਵਧੀਕੀ ਦੀ ਸਰਕਾਰੀ ਪੜਤਾਲ ਨਾ ਕਰਾਈ ਗਈ ਜਦੋਂ ਕਿ ਦੇਸ਼ ਦੀ ਬਹੁਗਿਣਤੀ ਪੜਤਾਲ ਕਰਾਉਣ ਦੀ ਖ਼ਾਹਿਸ਼ਮੰਦ ਸੀ।

ਨੰ. 7. ਜਦੋਂ ਸਾਰੇ ਹਥਿਆਰ ਪੰਜਾਬ ਵਿਚ ਵਰਤੇ ਗਏ ਕਿ ਜਿਸ ਨਾਲ ਸਿੱਖਾਂ ਨੂੰ ਪੁਰਅਮਨ ਢੰਗ ਦੀ ਜੱਦੋਜਹਿਦ ਤੋਂ ਨਾ ਰੋਕ ਸਕੇ ਤਾਂ ਇਕ ਨਵਾਂ ਢੰਗ ਵਰਤਿਆ ਗਿਆ। ਉਸ ਨਾਲ ਗ੍ਰਿਫ਼ਤਾਰਾਂ ਨੂੰ ਰਿਹਾ ਕਰ ਕੇ ਉਨ੍ਹਾਂ 'ਤੇ ਝੂਠੇ ਇਲਜ਼ਾਮ ਲਾਏ ਗਏ ਕਿ ਉਹ ਮੁਆਫ਼ੀ ਮੰਗ ਕੇ ਆ ਰਹੇ ਹਨ।

ਜਦੋਂ ਉਨ੍ਹਾਂ ਕੈਦੀਆਂ ਨੇ ਆਪਣੇ ਆਪ ਨੂੰ ਇਸ ਝੂਠੇ ਪ੍ਰਾਪੇਗੰਡੇ ਤੋਂ ਬਚਾਉਣ ਲਈ ਸਰਕਾਰ ਤੋਂ ਬਾਕਾਇਦਾ ਜੇਲ੍ਹ ਤੋਂ ਬਰੀ ਕਰਨ ਦੇ ਸਰਟੀਫ਼ਿਕੇਟ ਮੰਗੇ ਤਾਂ ਉਨ੍ਹਾਂ 'ਤੇ (ਜੋ ਨਿਹੱਥੇ ਕੈਦੀ ਸਨ) ਗੋਲੀਆਂ ਚਲਾਈਆਂ ਗਈਆਂ। ਇਸ ਦੀ ਮਿਸਾਲ ਬਠਿੰਡਾ ਜੇਲ੍ਹ ਦੇ ਸ਼ਹੀਦ ਹਨ। ਤੀਜੇ ਦਿਨ ਪਟਿਆਲੇ ਵਿਚ ਧਰਮ ਸਿੰਘ ਸੁਪਰਡੈਂਟ ਪੁਲਿਸ ਨੇ ਸ਼ਾਂਤਮਈ ਤੇ ਪੁਰਅਮਨ ਜਲੂਸ ਉਪਰ ਸਿੱਖਾਂ 'ਤੇ ਗੋਲੀ ਚਲਾਈ ਜਿਸ ਦਾ ਨਤੀਜਾ ਦੋ ਮੌਤਾਂ ਹੋਈਆਂ ਤੇ ਬਹੁਤ ਸਾਰੇ ਸਿੱਖ ਜ਼ਖ਼ਮੀ ਹੋਏ। ਬਿਨਾਂ ਕਿਸੇ ਪੜਤਾਲ ਦੇ ਪੰਜਾਬ ਦੇ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਬਹੁਤ ਵੱਡੀਆਂ ਵਡੀਆਂ ਰਕਮਾਂ ਪੁਲਿਸ ਦੇ ਮੁਲਾਜ਼ਮਾਂ ਨੂੰ ਇਨਾਮ ਵਜੋਂ ਦੇਣ ਦਾ ਐਲਾਨ ਕਰ ਦਿੱਤਾ। ਅਸਲ ਵਿਚ ਤਾਂ ਇਹ ਗ਼ਰੀਬ ਸਿੱਖਾਂ ਨੂੰ ਕਤਲ ਕਰਨ ਦੀ ਰਿਸ਼ਵਤ ਦਿੱਤੀ ਗਈ ਹੈ ਤੇ ਪੁਲਿਸ ਵਾਲਿਆਂ ਨੂੰ ਸ਼ਹਿ ਦੇ ਕੇ ਇਹ ਪੇਸ਼ਾ ਅਖ਼ਤਿਆਰ ਕਰਨ ਦੀ ਖੁਲ੍ਹ ਦਿੱਤੀ ਗਈ ਹੈ। ਜ਼ੁਲਮ ਦੀ ਹੱਦ ਇਥੋਂ ਤਕ ਹੋ ਗਈ ਹੈ ਕਿ ਸ਼ਹੀਦਾਂ ਦੀਆਂ ਅਸਥੀਆਂ ਨੂੰ ਵੀ ਪੁਲਿਸ ਨੇ (ਲੁਧਿਆਣੇ ਦੇ ਲਾਗੇ) ਹਿਰਾਸਤ ਵਿਚ ਲੈ ਲਿਆ।

ਨੰ. 8. ਅਖੀਰ 'ਤੇ ਸਭ ਤੋਂ ਵੱਡੀ ਗਲ ਜੋ ਕਿ ਬੜੀ ਦੁਖਦਾਇਕ ਹੈ ਉਹ ਆਪ ਦਾ ਇਹ ਐਲਾਨ ਹੈ ਜਿਸ ਦੁਆਰਾ ਆਪ ਨੇ ਕਿਹਾ ਕਿ ਭਾਰਤ ਵਿਚ ਪੰਜਾਬੀ ਸੂਬਾ ਨਹੀਂ ਬਣੇਗਾ। ਇਸ ਐਲਾਨ ਨੇ ਤਾਂ ਲੋਕਾਂ ਦਾ ਯਕੀਨ ਹੀ ਦੇਸ਼ ਦੇ ਮੌਜੂਦਾ ਜਮਹੂਰੀ ਨਿਜ਼ਾਮ ਤੋਂ ਚੁਕ ਦਿੱਤਾ ਹੈ ਕਿਉਂਕਿ ਅਜਿਹੇ ਐਲਾਨ ਇਕ ਜਮਹੂਰੀ ਹਕੂਮਤ ਦੇ ਨਹੀਂ ਸਗੋਂ ਇਕ ਸ਼ਖ਼ਸ਼ੀ ਹਕੂਮਤ ਦੇ ਜਾਪਦੇ ਹਨ।

WWW.SIKHBOOKCLUB.COM

ਨੰ. 9. ਸਾਡੀ ਮੰਗ ਬੋਲੀ ਦੇ ਅਧਾਰ ਤੇ ਸੂਬੇ ਦੀ ਮੰਗ ਨੂੰ ਸਰਕਾਰ ਨੇ ਵਾਰ-ਵਾਰ ਫ਼ਿਰਕਾਦਾਰਾਨਾ ਤੇ ਦੇਸ਼-ਵਿਰੋਧੀ ਕਿਹਾ ਹੈ। ਮੈਂ ਇਸ ਇਲਜ਼ਾਮ ਦੀ ਨਿਖੇਧੀ ਕਰਦਾ ਹੋਇਆ ਇਸ ਨੂੰ ਗ਼ਲਤ ਸਾਬਿਤ ਕਰਦਾ ਹਾਂ। ਮੈਂ ਪਹਿਲਾਂ ਵੀ ਆਪਣੀਆਂ ਤਕਰੀਰਾਂ ਵਿਚ ਕਹਿ ਚੁਕਾ ਹਾਂ ਕਿ ਅਸੀਂ ਨਿਰੋਲ ਬੋਲੀ ਦੇ ਅਧਾਰ 'ਤੇ ਸੂਬਾ ਮੰਗਦੇ ਹਾਂ ਕਿ ਪੰਜਾਬੀ ਬੋਲੀ ਅਤੇ ਕਲਚਰ ਵਧੇ-ਫੁੱਲੇ। ਇਸ ਗੱਲ ਨਾਲ ਮੇਰਾ ਸ਼ਬੰਧ ਨਹੀਂ ਕਿ ਇਸ ਸੂਬੇ ਵਿਚ ਸਿੱਖਾਂ ਦੀ ਬਹੁ-ਗਿਣਤੀ ਹੋਵੇ ਜਾਂ ਘਟ-ਗਿਣਤੀ। ਇਹ ਗਲ ਸਾਡੀ ਪੋਜ਼ੀਸ਼ਨ ਨੂੰ ਸਪਸ਼ਟ ਕਰਨ ਲਈ ਕਾਫ਼ੀ ਹੈ। ਸਗੋਂ ਅਜਿਹੀ ਬੋਲੀ ਤੇ ਸਭਿਆਚਾਰ ਦੇ ਆਧਾਰ 'ਤੇ ਕੀਤੀ ਗਈ ਮੰਗ ਦੀ ਵਿਰੋਧਤਾ ਨਿਰੋਲ ਫ਼ਿਰਕਾਪ੍ਰਸਤੀ ਹੈ। ਅਜੇਹੀ ਜਾਇਜ਼, ਆਈਨੀ ਤੇ ਹਕੂਮਤ ਦੀ ਐਲਾਨਸ਼ੁਦਾ ਪਾਲਿਸੀ ਮੁਤਾਬਿਕ ਕੀਤੀ ਗਈ ਮੰਗ 'ਤੇ ਅਸੀਂ ਡਟੇ ਹੋਏ ਹਾਂ ਤੇ ਹੱਕ, ਇਨਸਾਫ਼ ਵਜੋਂ ਇਸ ਮੰਗ ਨੂੰ ਹਾਸਿਲ ਕਰਨ ਲਈ ਘੋਲ ਕਰ ਰਹੇ ਹਾਂ।

ਉਪਰ ਜ਼ਿਕਰ ਕੀਤੀਆਂ ਘਟਨਾਵਾਂ ਨੂੰ ਮੁਖ ਰਖਦੇ ਹੋਏ ਤੇ ਸਾਡੀ ਪੁਰਅਮਨ ਲਹਿਰ ਵਾਸਤੇ ਸਰਕਾਰ ਦਾ ਤਸ਼ੱਦਦ ਭਰਿਆ ਤੇ ਜ਼ਾਲਮਾਨਾ ਵਤੀਰਾ ਦੇਖਦੇ ਹੋਏ ਮੈਨੂੰ ਯਕੀਨ ਹੋ ਗਿਆ ਹੈ ਕਿ ਦੇਸ਼ ਵਾਸੀਆਂ ਦੇ ਜਮਹੂਰੀ ਰਾਜ-ਪ੍ਰਬੰਧ ਵਿਚ ਯਕੀਨ ਨੂੰ ਕਾਇਮ ਰਖਣ ਦੀ ਲੋੜ ਹੈ ਅਤੇ ਸਰਕਾਰ ਦੇ ਡਿਕਟੇਟਰਾਨਾ ਵਤੀਰੇ ਨੂੰ ਆਪਣੇ ਗੁਰੂ ਸਾਹਿਬਾਨ ਦੇ ਨਕਸ਼ੇ-ਕਦਮ 'ਤੇ ਚਲਦਿਆਂ ਹੋਇਆਂ ਇਸ ਪਵਿਤਰ ਨਿਸ਼ਾਨੇ ਲਈ ਆਪਣਾ ਆਪ ਕੁਰਬਾਨ ਕਰ ਦੇਵਾਂ। ਇਸ ਲਈ ਮੈਂ ਫ਼ੈਸਲਾ ਕਰ ਲਿਆ ਹੈ ਕਿ ਮੈਂ ਮਰਨ ਵਰਤ ਸ਼ੁਰੂ ਕਰਾਂ ਤਾਂ ਜੋ ਸਾਡੇ ਪ੍ਰਧਾਨ ਮੰਤਰੀ ਤੇ ਹਿੰਦ ਸਰਕਾਰ ਦੀ ਰੂਹ ਟੁੰਬੀ ਜਾ ਸਕੇ ਤੇ ਉਹ ਸਾਰੇ ਹਾਲਾਤ ਨੂੰ ਅੱਖਾਂ ਖੋਲ੍ਹ ਕੇ ਵੇਖੇ ਤੇ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਹੱਕੀ ਤੇ ਆਈਨੀ ਮੰਗ ਨੂੰ ਮੰਨੇ ਅਤੇ ਪੁਰਅਮਨ ਲਹਿਰਾਂ ਨੂੰ ਜ਼ਾਲਮਾਨਾ ਅਤੇ ਅਨਿਆਈਂ ਢੰਗਾਂ ਨਾਲ ਖਤਮ ਕਰਨ ਦੀ ਸੋਚ ਨੂੰ ਛੱਡ ਦੇਵੇ।

ਮੈਨੂੰ ਯਕੀਨ ਹੈ ਕਿ ਕੌਮ ਮੇਰੇ ਪਿੱਛੋਂ ਵੀ ਇਸ ਮੰਗ ਲਈ ਕੁਰਬਾਨੀ ਦੇਵੇਗੀ ਅਤੇ ਉਸ ਸਮੇਂ ਤਕ ਘੋਲ ਕਰਦੀ ਰਹੇਗੀ ਜਦ ਤਕ ਅਸੀਂ ਆਪਣੇ ਨਿਸ਼ਾਨੇ ਨੂੰ ਹਾਸਿਲ ਨਹੀਂ ਕਰ ਲੈਂਦੇ। ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਸਿੱਖ ਕੌਮ ਦੇ ਮਹਿਬੂਬ ਨੇਤਾ ਮਾਸਟਰ ਤਾਰਾ ਸਿੰਘ ਨੂੰ ਪਿਛਲੇ ਸਾਢੇ ਪੰਜ ਮਹੀਨੇ ਤੋਂ 'ਕੱਲ੍ਹਮ-'ਕੱਲ੍ਹੇ ਧਰਮਸਾਲਾ ਜੇਲ੍ਹ ਵਿਚ ਬੰਦ ਕਰ ਕੇ ਸਰਕਾਰ ਨੇ ਸਾਨੂੰ ਉਨ੍ਹਾਂ ਦੀ ਨੇਕ ਰਾਇ ਤੋਂ ਭੀ ਵਾਂਝਿਆ ਰੱਖਿਆ ਹੋਇਆ ਹੈ। ਮੇਰੀ ਜ਼ਬਰਦਸਤ ਖ਼ਾਹਿਸ਼ ਸੀ ਕਿ ਅਜੇਹਾ ਕਦਮ ਚੁੱਕਣ ਤੋਂ ਪਹਿਲਾਂ ਮਾਸਟਰ ਜੀ ਤੋਂ ਕੋਈ ਰੌਸ਼ਨੀ ਹਾਸਿਲ ਕਰ ਸਕਾਂ ਪਰ ਸਰਕਾਰ ਵਿਚਾਲੇ ਦੀਵਾਰ ਬਣ ਕੇ ਖੜੀ ਹੋ ਗਈ ਹੈ। ਫਿਰ ਵੀ ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਮਾਸਟਰ ਜੀ ਦੀਆਂ ਸ਼ੁਭ ਇਛਾਵਾਂ ਤੇ ਅਸੀਸਾਂ ਹਾਸਿਲ ਹੋਣਗੀਆਂ।

ਮੈਂ ਮਰਨ ਵਰਤ ਦੀ ਤਾਰੀਖ ਤੇ ਜਗ੍ਹਾ ਦਾ ਐਲਾਨ ਆਪ ਦੇ ਜਵਾਬ ਆਉਣ ਤੋਂ ਬਾਅਦ ਹੀ ਕਰਾਂਗਾ। ਜੇ ਕਰ ਆਪ ਵਲੋਂ ਦਸ ਦਿਨਾਂ ਅੰਦਰ ਕੋਈ ਜਵਾਬ ਨਾ ਆਇਆ ਤਾਂ ਮੈਂ ਆਪਣੇ 'ਮਰਨ ਵਰਤ' ਦੀ ਤਾਰੀਖ 'ਤੇ ਜਗ੍ਹਾ ਬਾਰੇ ਆਪ ਨੂੰ ਫਿਰ ਲਿਖ ਦੇਵਾਂਗਾ।

ਆਪ ਦਾ ਹਿਤੂ:
ਫਤਹਿ ਸਿੰਘ,
ਸੀਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ,
ਡਿਕਟੇਟਰ ਪੰਜਾਬੀ ਸੂਬਾ ਮੋਰਚਾ, ਅੰਮ੍ਰਿਤਸਰ।
1 ਨਵੰਬਰ 1960

WWW.SIKHBOOKCLUB.COM

ਫਤਹਿ ਸਿੰਘ ਦੀ ਨਹਿਰੂ ਨੂੰ ਦੂਜੀ ਚਿੱਠੀ

ਨਵੰਬਰ ਦੇ ਦੂਜੇ ਹਫ਼ਤੇ ਫਤਹਿ ਸਿੰਘ ਨੇ ਪੰਡਤ ਨਹਿਰੂ ਵੱਲ ਦੂਜੀ ਚਿੱਠੀ ਵਿਚ ਇਸ ਗੱਲ ਉੱਤੇ ਅਫ਼ਸੋਸ ਜ਼ਾਹਿਰ ਕੀਤਾ ਕਿ ਉਸ ਨੇ ਉਸ ਦੀ 1 ਨਵੰਬਰ ਨੂੰ ਲਿਖੀ ਗਈ ਪਹਿਲੀ ਚਿੱਠੀ ਦਾ ਜਵਾਬ ਕਿਉਂ ਨਹੀਂ ਦਿੱਤਾ। ਉਸ ਨੇ ਲਿਖਿਆ ਅਸੀਂ, ਜਿਨ੍ਹਾਂ ਨੇ ਲੰਮੇ ਅਰਸੇ ਤਕ ਮੁਗਲਾਂ ਨਾਲ ਘੋਲ ਕੀਤਾ ਹੈ, ਅੰਗਰੇਜ਼ ਸਾਮਰਾਜ ਦੇ ਹਮਲੇ ਦਾ ਟਾਕਰਾ ਕੀਤਾ ਹੈ, ਇਸ ਤੁਹਾਡੇ ਰਾਜ ਦੇ ਵਿਤਕਰੇ ਨੂੰ ਦੂਰ ਕਰਨ ਲਈ ਖ਼ਤਮ ਤਾਂ ਹੋ ਜਾਵਾਂਗੇ ਪਰ ਝੁਕਾਂਗੇ ਨਹੀਂ। ਅਖ਼ੀਰ ਵਿਚ ਉਸ ਨੇ ਇਹ ਲਿਖਿਆ:

''ਹੁਣ ਮੈਂ ਇਕ ਸੱਚੇ ਸਤਿਆਗ੍ਰਹੀ ਵਾਂਗ ਆਪਣੇ ਮਕਸਦ ਅਤੇ ਨਿਸ਼ਾਨੇ ਦੀ ਸਚਾਈ ਨੂੰ ਸਿੱਧ ਕਰਨ ਲਈ ਮਰਨ ਵਰਤ ਰਖਣ ਦਾ ਫੈਸਲਾ ਕਰ ਲਿਆ ਹੈ ਤਾਂ ਜੋ ਤੁਹਾਡੀ ਰੂਹ ਨੂੰ ਟੁੰਬ ਸਕਾਂ ਤੇ ਤੁਹਾਡੇ ਦਿਲ ਨੂੰ ਪੰਘਰਾ ਸਕਾਂ। ਮੈਂ 18 ਦਸੰਬਰ 1960 ਸਵੇਰੇ 9 ਵਜੇ ਤੋਂ ਮਰਨ ਵਰਤ ਸ਼ੁਰੂ ਕਰ ਦੇਣਾ ਹੈ। ਇਹ ਮੇਰੀ ਰੂਹ ਦੀ ਆਵਾਜ਼ ਹੈ ਜੋ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਮੇਰਾ ਨਿਸ਼ਾਨਾ ਅਤੇ ਜੱਦੋਜਹਿਦ ਠੀਕ ਤੇ ਸੱਚੀ ਹੈ ਤੇ ਇਖ਼ਲਾਕ, ਦਲੀਲ ਤੇ ਇਨਸਾਫ਼ ਦੀ ਕਸਵੱਟੀ ਤੇ ਪੂਰੀ ਉਤਰਦੀ ਹੈ ਅਤੇ ਮਹਾਂਰਾਸ਼ਟਰ, ਗੁਜਰਾਤ ਤੇ ਆਂਧਰਾ ਦੇ ਬਣਨ ਵਾਂਗ ਅਸੂਲੀ ਹੈ।

ਮੈਂ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਦਿਲੋਂ ਡਟਿਆ ਹਾਂ ਤੇ ਉਸ ਸਮੇਂ ਤਕ ਆਪਣੇ ਨਿਸ਼ਾਨੇ 'ਤੇ ਦ੍ਰਿੜ ਰਹਾਂਗਾ ਜਦੋਂ ਤਕ ਕਿ ਜਾਂ ਤਾਂ ਮੈਂ ਸ਼ਹੀਦ ਨਾ ਹੋ ਜਾਵਾਂ ਤਾਂ ਤੁਸੀਂ ਸੱਚ ਤੇ ਇਨਸਾਫ਼ ਦੀ ਕੀਤੀ ਜਾ ਰਹੀ ਬੋਲੀ ਦੇ ਆਧਾਰ ਤੇ ਪੰਜਾਬੀ ਸੂਬੇ ਦੀ ਮੰਗ ਪਰਵਾਨ ਕਰਨ ਲਈ ਤਿਆਰ ਨਾ ਹੋ ਜਾਓ।''

ਸ਼੍ਰੋਮਣੀ ਅਕਾਲੀ ਦਲ ਨੇ ਫਤਹਿ ਸਿੰਘ ਦੇ ਮਰਨ ਵਰਤ ਦੇ ਐਲਾਨ ਤੋਂ ਬਾਅਦ ਦਲ ਦਾ ਜਨਰਲ ਇਜਲਾਸ 17 ਨਵੰਬਰ ਨੂੰ ਬੁਲਾ ਲਿਆ ਸੀ। ਇਸ ਇਜਲਾਸ ਵਿਚ ਅਕਾਲੀ ਦਲ ਨੇ ਫਤਹਿ ਸਿੰਘ ਨੂੰ ਮਰਨ ਵਰਤ ਰੱਖਣ ਦੀ ਇਜਾਜ਼ਤ ਦੇ ਦਿੱਤੀ। ਇਸ ਤੋਂ ਬਾਅਦ ਰਾਮ ਸਿੰਘ, ਕਰਤਾਰ ਸਿੰਘ, ਭਾਨ ਸਿੰਘ ਜਲਾਲਪੁਰੀ, ਦਰਸ਼ਨ ਸਿੰਘ ਭਿੰਡਰਾਂਵਾਲੇ, ਅਮਰ ਸਿੰਘ ਬਠਿੰਡਾ, ਪ੍ਰੀਤਮ ਸਿੰਘ ਸ਼ਰੀਂਹ, ਗੁਰਦਿਆਲ ਸਿੰਘ ਅਤੇ ਜੀਵਨ ਸਿੰਘ ਉਮਰਾਨੰਗਲ ਨੇ ਵੀ ਭੁੱਖ ਹੜਤਾਲ ਕਰਨ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦਾ ਇਕ ਨੁਮਾਇੰਦਾ ਧਰਮਸਾਲਾ ਜੇਲ੍ਹ ਵਿਚ ਗਿਆ ਅਤੇ ਮਾਸਟਰ ਤਾਰਾ ਸਿਘ ਤੋਂ ਵੀ ਇਸ ਮਰਨ ਵਰਤ ਦੀ ਮਨਜ਼ੂਰੀ ਲੈ ਲਈ। ਇਸ ਮੌਕੇ 'ਤੇ ਮਾਸਟਰ ਤਾਰਾ ਸਿੰਘ ਨੇ ਵੀ ਜੇਲ੍ਹ ਵਿਚ ਹੀ ਮਰਨ ਵਰਤ ਸ਼ੁਰੂ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਮਾਸਟਰ ਜੀ ਦੇ ਇਸ ਵਿਚਾਰ ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਨੇ ਮਨਜ਼ੂਰ ਨਾ ਕੀਤਾ ਅਤੇ ਉਨ੍ਹਾਂ ਨੂੰ ਮਰਨ ਵਰਤ ਰੱਖਣ ਦੀ ਇਜਾਜ਼ਤ ਨਾ ਦਿੱਤੀ।

ਜਿਸ ਵੇਲੇ ਫਤਹਿ ਸਿੰਘ ਦੇ ਮਰਨ ਵਰਤ ਦਾ ਐਲਾਨ ਹੋਇਆ ਤਾਂ ਬਹੁਤ ਸਾਰੇ ਕਾਂਗਰਸੀਆਂ ਨੇ ਬਿਆਨ ਜਾਰੀ ਕਰ ਕੇ ਇਸ ਮਰਨ ਵਰਤ ਨੂੰ ਪਾਖੰਡ ਦੱਸਿਆ ਅਤੇ ਇਸ ਪੁਰਜ਼ੋਰ ਨਿੰਦਾ ਕੀਤੀ। ਇਸ ਬਿਆਨ 'ਤੇ ਦਸਤਖ਼ਤ ਕਰਨ ਵਾਲਿਆਂ ਵਿਚ ਨਰਾਇਣ ਸਿੰਘ ਸਾਹਬਾਜ਼ਪੁਰੀ, ਸੋਹਨ ਸਿੰਘ ਜਲਾਲਉਸਮਾਂ, ਉਮਰਾਓ ਸਿੰਘ, ਗਿ: ਪ੍ਰਤਾਪ ਸਿੰਘ, ਹਰਚਰਨ ਸਿੰਘ ਬਰਾੜ, ਰਾਮ ਦਿਆਲ ਸਿੰਘ, ਜਸਦੇਵ ਸਿੰਘ ਸੰਧੂ, ਬਲਵੰਤ ਸਿੰਘ ਚਨਾਰਥਲ, ਗੁਰਮੀਤ ਸਿੰਘ ਮੁਕਤਸਰ, ਬਖ਼ਤਾਵਰ

WWW.SIKHBOOKCLUB.COM

ਸਿੰਘ, ਮੇਜਰ ਹਰਿੰਦਰ ਸਿੰਘ ਅਤੇ ਜੈਇੰਦਰ ਸਿੰਘ ਵੀ ਸ਼ਾਮਿਲ ਸਨ। ਉਨ੍ਹਾਂ ਨੇ ਇਹ ਵੀ ਆਖਿਆ ਕਿ **ਮਰਨ ਵਰਤ ਰੱਖਣਾ ਸਿੱਖੀ ਅਸੂਲਾਂ ਦੇ ਉਲਟ ਹੈ।** ***(ਪਰ ਉਨ੍ਹਾਂ ਇਹ ਨਾ ਆਖਿਆ ਕਿ ਸਿੱਖ ਧਰਮ ਮਰਨ ਵਰਤ ਰੱਖਣ ਦੀ ਨਹੀਂ ਬਲਕਿ ਕਿਰਪਾਨ ਹੱਥ ਵਿਚ ਫੜ ਕੇ ਜੂਝਣ ਵਾਸਤੇ ਆਖਦਾ ਹੈ)***। ਇਸ ਦੌਰਾਨ ਜੈ ਪ੍ਰਕਾਸ਼ ਨਰਾਇਣ ਨੇ ਮਾਸਟਰ ਤਾਰਾ ਸਿੰਘ ਨੂੰ ਰਿਹਾ ਕਰਨ ਦੀ ਮੰਗ ਕੀਤੀ। ਉਧਰ ਪੁਲਿਸ ਨੇ ਫਤਹਿ ਸਿੰਘ ਦੇ ਖ਼ਿਲਾਫ਼ ਇਰਾਦਾ ਖ਼ੁਦਕੁਸ਼ੀ ਹੇਠ, ਦਫ਼ਾ 309 ਦਾ, ਕੇਸ ਦਰਜ ਕਰ ਲਿਆ।

ਫਤਹਿ ਸਿੰਘ ਵਲੋਂ ਵਰਨ ਵਰਤ ਦਾ ਐਲਾਨ ਕਰਨ ਤੋਂ ਬਾਅਦ 15 ਨਵੰਬਰ ਦੇ ਦਿਨ ਪੰਡਤ ਜਵਾਹਰ ਲਾਲ ਨਹਿਰੂ ਰੁਦਰਪੁਰ ਸ਼ਹਿਰ ਵਿਚ ਇਕ ਜਲਸੇ ਵਿਚ ਲੈਕਚਰ ਕਰਨ ਗਿਆ। ਜਦੋਂ ਉਹ ਲੈਕਚਰ ਸ਼ੁਰੂ ਕਰਨ ਲੱਗਾ ਤਾਂ ਜਲਸੇ ਵਿਚ ਬੈਠੇ ਕੁਝ ਸਿੱਖਾਂ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਲਾਏ। ਇਹ ਨਾਅਰੇ ਸੁਣ ਕੇ ਨਹਿਰੂ ਬੌਖ਼ਲਾਅ ਗਿਆ ਅਤੇ ਉਸ ਨੇ ਸਿੱਖ ਕੌਮ ਦੇ ਖ਼ਿਲਾਫ਼ ਬੜੇ ਘਟੀਆ ਲਫ਼ਜ਼ ਵਰਤੇ ਅਤੇ ਸਿੱਖਾਂ ਨੂੰ ਗਾਲ੍ਹਾਂ ਤੱਕ ਕੱਢ ਦਿੱਤੀਆਂ। ਉਸ ਨੇ ਸਟੇਜ ਤੋਂ ਸਿੱਖਾਂ ਨੂੰ ਚੈਲੰਜ ਵੀ ਕੀਤਾ। ਸਿੱਖਾਂ ਨੇ ਨਹਿਰੂ ਦੀ ਘਟੀਆ ਬੋਲੀ ਦੇ ਖ਼ਿਲਾਫ਼ 24 ਨਵੰਬਰ ਨੂੰ 'ਪ੍ਰੋਟੇਸਟ ਦਿਨ' ਮਨਾਉਣ ਦਾ ਐਲਾਨ ਕੀਤਾ।

19 ਨਵੰਬਰ ਨੂੰ ਪੰਜਾਬ ਦੀ ਰਿਜਨ ਕਮੇਟੀ ਦੇ ਸਾਬਕਾ ਪ੍ਰਧਾਨ ਸੇਠ ਰਾਮ ਨਾਥ ਨੇ ਪੰਡਤ ਨਹਿਰੂ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਵਿਚ ਪੰਡਤ ਨਹਿਰੂ ਨੇ ਸੇਠ ਰਾਮ ਨਾਥ ਨੂੰ ਕੁਝ ਅਜਿਹੇ ਲਫ਼ਜ਼ ਆਖੇ ਜਿਨ੍ਹਾਂ ਤੋਂ ਅਜਿਹਾ ਲਗਦਾ ਸੀ ਕਿ ਪੰਡਤ ਨਹਿਰੂ ਸਿੱਖਾਂ ਨਾਲ ਸਮਝੌਤਾ ਕਰਨ ਵਾਸਤੇ ਰਾਜ਼ੀ ਹੈ। ਇਸ ਤੋਂ ਬਾਅਦ ਸੇਠ ਰਾਮ ਨਾਥ ਨੇ ਪ੍ਰੈਸ ਨੂੰ ਬਿਆਨ ਦਿੰਦਿਆਂ ਆਖਿਆ ''ਪੰਡਤ ਨਹਿਰੂ ਨਾਲ ਮਿਲ ਕੇ ਮੈਨੂੰ ਇਹ ਉਮੀਦ ਹੋ ਗਈ ਹੈ ਕਿ ਪੰਜਾਬ ਦਾ ਮਸਲਾ ਹੱਲ ਹੋ ਜਾਵੇਗਾ ਅਤੇ ਹੁਣ ਮੈਂ ਫਤਹਿ ਸਿੰਘ ਨੂੰ ਅਰਜ਼ ਕਰਨ ਵਾਸਤੇ ਅੰਮ੍ਰਿਤਸਰ ਜਾਵਾਂਗਾ ਕਿ ਉਹ ਮਰਨ ਵਰਤ ਨਾ ਰੱਖਣ।'' 20 ਨਵੰਬਰ ਨੂੰ ਸੇਠ ਰਾਮ ਨਾਥ ਅੰਮ੍ਰਿਤਸਰ ਆਇਆ ਅਤੇ ਉਸ ਨੇ ਫਤਹਿ ਸਿੰਘ ਨਾਲ ਗੱਲਬਾਤ ਕੀਤੀ।

23 ਨਵੰਬਰ 1960 ਦੇ ਦਿਨ ਦਿੱਲੀ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਪੁਰਬ ਦੇ ਸਬੰਧ ਵਿਚ ਇਕ ਬੜਾ ਵੱਡਾ ਜਲੂਸ ਨਿਕਲਿਆ। ਇਸ ਜਲੂਸ ਵਿਚ ਹਜ਼ਾਰਾਂ ਸਿੱਖ ਸ਼ਾਮਿਲ ਹੋਏ। ਜਲੂਸ ਵਿਚ ਸਿੱਖਾਂ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਲਾਏ ਅਤੇ ਸਾਰੀ ਦਿੱਲੀ ਗੂੰਜਾਅ ਦਿੱਤੀ। ਜਲੂਸ ਵਿਚ ਸਿੱਖਾਂ ਦੀ ਗਿਣਤੀ ਅਤੇ ਜੋਸ਼ ਵੇਖ ਕੇ ਦਿੱਲੀ ਦੀ ਪੁਲਿਸ ਨੂੰ ਇਨ੍ਹਾਂ ਸਿੰਘਾਂ ਨੂੰ ਗ੍ਰਿਫ਼ਤਾਰ ਕਰਨ ਦਾ ਹੌਸਲਾ ਨਾ ਪਿਆ। ਪਰ ਜਲੂਸ ਖਤਮ ਹੋਣ ਤੋਂ ਬਾਅਦ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗਿਆਨ ਸਿੰਘ ਵੋਹਰਾ ਅਤੇ ਹੋਰ 20 ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ।

ਸ਼੍ਰੋਮਣੀ ਅਕਾਲੀ ਦਲ ਨੇ 17 ਨਵੰਬਰ ਨੂੰ ਨਹਿਰੂ ਵਲੋਂ ਸਿੱਖਾਂ ਬਾਰੇ ਘਟੀਆ

WWW.SIKHBOOKCLUB.COM

ਬੋਲੀ ਬੋਲਣ ਦੇ ਖ਼ਿਲਾਫ਼ 24 ਨਵੰਬਰ ਨੂੰ ਪ੍ਰੋਟੈਸਟ ਦਿਨ ਮਨਾਉਣ ਦਾ ਐਲਾਨ ਕੀਤਾ ਹੋਇਆ ਸੀ। ਸ਼੍ਰੋਮਣੀ ਅਕਾਲੀ ਦਲ ਨੇ ਇਸ ਦਿਨ ਦਿੱਲੀ ਵਿਚ ਇਕ ਜਲੂਸ ਕੱਢਣ ਦਾ ਐਲਾਨ ਕੀਤਾ ਹੋਇਆ ਸੀ। 24 ਤਾਰੀਖ਼ ਸਵੇਰ ਵੇਲੇ ਹੀ ਗੁਰਦੁਆਰਾ ਰਕਾਬ ਗੰਜ ਵਿਚ 6-7 ਹਜ਼ਾਰ ਸਿੱਖ ਇਕੱਠੇ ਹੋ ਚੁੱਕੇ ਸਨ। ਦੀਵਾਨ ਵਿਚ ਬਹੁਤ ਸਾਰੇ ਆਗੂਆਂ ਤੇ ਵਰਕਰਾਂ ਨੇ ਜੋਸ਼ੀਲੀਆਂ ਤਕਰੀਰਾਂ ਕੀਤੀਆਂ। ਇਸ ਮਗਰੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਕਰਤਾਰ ਸਿੰਘ ਟੱਕਰ ਦੀ ਅਗਵਾਈ ਹੇਠ ਪ੍ਰੋਟੈਸਟ ਜਲੂਸ ਸ਼ੁਰੂ ਹੋਇਆ। ਜਿਉਂ ਹੀ ਜਥਾ ਗੁਰਦੁਆਰਾ ਰਕਾਬ ਗੰਜ ਦੇ ਦਰਵਾਜੇ ਤੋਂ ਬਾਹਰ ਨਿਕਲਿਆ ਤਾਂ ਪੁਲਿਸ ਨੇ ਗੁਰਦੁਆਰੇ ਵਲ ਟੀਅਰ ਗੈਸ ਦੇ ਗੋਲਿਆਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਕੁਝ ਸਿੱਖਾਂ ਨੇ ਹਿੰਮਤ ਕਰ ਕੇ ਟੀਅਰ ਗੈਸ ਦੇ ਗੋਲੇ ਚੁੱਕ ਕੇ ਪੁਲਿਸ ਵੱਲ ਵਗਾਹ ਮਾਰੇ ਇਸ ਦੇ ਨਾਲ ਹੀ ਪੁਲਿਸ ਅਤੇ ਮੁਜ਼ਾਹਰਾ ਕਰਨ ਵੇਲੇ ਲੋਕਾਂ ਨੇ ਇਕ ਦੂਜੇ ਵਲ ਇੱਟਾਂ-ਰੋੜੇ ਮਾਰਨੇ ਵੀ ਸ਼ੁਰੂ ਕਰ ਦਿਤੇ। ਇਹ ਜੰਗ ਤਕਰੀਬਨ ਇਕ ਘੰਟਾ ਚਲਦੀ ਰਹੀ। ਇਸ ਲੜਾਈ ਦੌਰਾਨ ਬਹੁਤ ਸਾਰੇ ਲੋਕ ਜ਼ਖ਼ਮੀ ਹੋਏ। ਸਰਕਾਰੀ ਬਿਆਨ ਮੁਤਾਬਿਕ ਜ਼ਖ਼ਮੀਆਂ ਦੀ ਗਿਣਤੀ 111 ਸੀ। ਜਿਨ੍ਹਾਂ ਵਿਚੋਂ 25 ਅਕਾਲੀ ਵੀ ਸਨ। ਸਰਕਾਰੀ ਬਿਆਨ ਮੁਤਾਬਿਕ ਜ਼ਖ਼ਮੀ ਹੋਣ ਵਾਲਿਆਂ ਵਿਚ ਇੰਸਪੈਕਟਰ ਜਨਰਲ ਪੁਲਿਸ, ਡਿਪਟੀ ਕਮਿਸ਼ਨਰ, ਸੁਪਰਡੈਂਟ ਪੁਲਿਸ ਅਤੇ ਕਈ ਇੰਸਪੈਕਟਰ ਵੀ ਸ਼ਾਮਿਲ ਸਨ।

ਇਸ ਦਿਨ ਹਵਾ ਦਾ ਰੁਖ ਪਾਰਲੀਮੈਂਟ ਹਾਊਸ ਵਲ ਸੀ। ਇਸ ਕਰ ਕੇ ਟੀਅਰ ਗੈਸ ਦਾ ਅਸਰ ਪੁਲਿਸ ਹੀ ਨਹੀਂ ਪਾਰਲੀਮੈਂਟ ਹਾਊਸ ਵਿਚ ਕੰਮ ਕਰਨ ਵਾਲੇ ਮੁਲਾਜ਼ਮਾਂ ਅਤੇ ਪਾਰਲੀਮੈਂਟ ਮੈਂਬਰਾਂ 'ਤੇ ਵੀ ਕਾਫ਼ੀ ਹੋਇਆ। ਤੇਜ਼ ਹਵਾ ਹੋਣ ਕਰ ਕੇ ਪਾਰਲੀਮੈਂਟ ਦੇ ਅੰਦਰ ਵੀ ਟੀਅਰ ਗੈਸ ਦਾਖ਼ਿਲ ਹੋ ਗਈ। ਇਸ ਨਾਲ ਬਹੁਤ ਸਾਰੇ ਪਾਰਲੀਮੈਂਟ ਮੈਂਬਰਾਂ ਦੀਆਂ ਅੱਖਾਂ 'ਤੇ ਵੀ ਅਸਰ ਪਿਆ। ਜਿਸ ਵੇਲੇ ਪੰਡਿਤ ਨਹਿਰੂ ਪਾਰਲੀਮੈਂਟ ਵਿਚ ਪੁੱਜਾ ਤਾਂ ਉਹ ਗੈਸ ਦਾ ਅਸਰ ਅਤੇ ਸਿੱਖਾਂ ਦੇ ਪ੍ਰੋਟੈਸਟ ਜਾਰੀ ਵੇਖ ਕੇ ਬਹੁਤ ਖਿਝਿਆ।

ਟੀਅਰ ਗੈਸ ਅਤੇ ਲਾਠੀਚਾਰਜ ਦੇ ਮਾਹੌਲ ਵਿਚ ਪ੍ਰੋਟੈਸਟ ਜਲੂਸ ਵਿਚ ਸ਼ਾਮਿਲ ਹੋਣ ਵਾਲੇ ਸਿੱਖ ਫਿਰ ਵੀ ਅੱਗੇ ਵੱਧਦੇ ਗਏ ਅਤੇ ਪੁਲਿਸ ਦੀਆਂ ਰੁਕਾਵਟਾਂ ਤੋੜ ਕੇ ਪਾਰਲੀਮੈਂਟ ਹਾਊਸ ਤਕ ਜਾਣ ਦੀ ਕੋਸ਼ਿਸ਼ ਕਰਦੇ ਰਹੇ। ਕਈ ਜਥੇ ਰਕਾਬ ਗੰਜ ਤੋਂ ਪਾਰਲੀਮੈਂਟ ਹਾਊਸ ਵਲ ਜਾਂਦੇ ਹੋਏ ਗ੍ਰਿਫ਼ਤਾਰ ਕੀਤੇ ਗਏ। ਸ਼ਾਮ ਤਕ ਬਹੁਤ ਸਾਰੇ ਜਥੇ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। ਗ੍ਰਿਫ਼ਤਾਰੀਆਂ ਦੇਣ ਦਾ ਸਿਲਸਿਲਾ ਉਦੋਂ ਤਕ ਚਲਦਾ ਰਿਹਾ ਜਦੋਂ ਤਕ ਪਾਰਲੀਮੈਂਟ ਦਾ ਸੈਸ਼ਨ ਜਾਰੀ ਰਿਹਾ।

4 ਦਸੰਬਰ ਨੂੰ ਪੰਡਿਤ ਨਹਿਰੂ ਕਸਤੂਰਬਾ ਰੂਰਲ ਇੰਸਟੀਚਿਊਟ ਰਾਜਪੁਰਾ ਦਾ ਨੀਂਹ ਪੱਥਰ ਰੱਖਣ ਆਇਆ। ਜਿਸ ਵੇਲੇ ਨਹਿਰੂ ਨੇ ਲੈਕਚਰ ਸ਼ੁਰੂ ਕੀਤਾ ਤਾਂ ਕੁਝ ਸਿੰਘਾਂ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਲਾਏ। ਨਹਿਰੂ ਨੇ ਇਸ ਮੌਕੇ 'ਤੇ ਵੀ ਸਿੱਖਾਂ ਨੂੰ ਧਮਕੀਆਂ ਦਿੱਤੀਆਂ ਅਤੇ ਐਲਾਨ ਕੀਤਾ ਕਿ ਉਹ ਸਿੱਖਾਂ ਨੂੰ ਸਖ਼ਤੀ

WWW.SIKHBOOKCLUB.COM

ਨਾਲ ਦਬਾਅ ਦੇਵੇਗਾ। ਇਸ ਮੌਕੇ 'ਤੇ ਹਾਲਾਂ ਕਿ ਪੁਲਿਸ ਨੇ ਸਖ਼ਤ ਨਾਕਾਬੰਦੀ ਕੀਤੀ ਹੋਈ ਸੀ ਅਤੇ ਕਿਸੇ ਵੀ ਕ੍ਰਿਪਾਨਧਾਰੀ ਸਿੰਘ ਨੂੰ ਨਹਿਰੂ ਦੇ ਜਲਸੇ ਵਿਚ ਦਾਖ਼ਿਲ ਹੋਣ ਦੀ ਇਜਾਜ਼ਤ ਨਹੀਂ ਸੀ ਪਰ ਫਿਰ ਵੀ 10-15 ਨੌਜਵਾਨ ਅੰਦਰ ਪਹੁੰਚਣ ਵਿਚ ਕਾਮਯਾਬ ਹੋ ਗਏ। ਇਨ੍ਹਾਂ ਨੌਜਵਾਨਾਂ ਵਿਚੋਂ ਹਰਭਜਨ ਸਿੰਘ ਉੱਠ ਕੇ ਖੜਾ ਹੋ ਗਿਆ ਅਤੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਨਾਅਰੇ ਲਾਉਣ ਵਾਲੇ ਸਾਰੇ ਨੌਜਵਾਨਾਂ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਪੁਲਿਸ ਨੇ ਆ ਦਬੋਚਿਆ ਅਤੇ 14 ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਪਟਿਆਲਾ ਜੇਲ੍ਹ ਵਿਚ ਭੇਜ ਦਿੱਤਾ। ਇਸ ਦਿਨ ਅੰਮ੍ਰਿਤਸਰ ਅਤੇ ਅੰਬਾਲਾ ਵਿਚ ਵੀ ਸਿੱਖਾਂ ਨੇ ਰੋਸ ਮੁਜ਼ਾਹਰੇ ਕੀਤੇ।

ਫਤਹਿ ਸਿੰਘ ਦਾ ਵਰਤ ਸ਼ੁਰੂ

*ਐਲਾਣ ਮੁਤਾਬਿਕ 18 ਦਸੰਬਰ 1960 ਦੇ ਦਿਨ ਫਤਹਿ ਸਿੰਘ ਨੇ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਮਰਨ ਵਰਤ ਸ਼ੁਰੂ ਕਰਨ ਵੇਲੇ ਫਤਹਿ ਸਿੰਘ ਨੇ ਇਕ ਤਕਰੀਰ ਰਿਕਾਰਡ ਕਰਵਾਈ: ''ਸਾਧ ਸੰਗਤ ਜੀ **ਗੁਰੂ ਅਰਜਨ ਸਾਹਿਬ ਨੇ ਗੁਰਦੁਆਰੇ ਬਣਵਾਏ, ਬਾਉਲੀਆਂ ਬਣਵਾਈਆਂ, ਬੜੀ ਸੇਵਾ ਕੀਤੀ, ਪਰ ਉਨ੍ਹਾਂ ਦੀ ਸੇਵਾ ਤਾਂ ਹੀ ਥਾਂਏਂ ਪਈ ਜੇ ਉਨ੍ਹਾਂ ਨੂੰ ਸ਼ਹੀਦੀ ਦਾ ਸੁਭਾਗ ਸਮਾਂ ਨਸੀਬ ਹੋਇਆ**। ਸੋ ਸਾਧ ਸੰਗਤ ਦੇ ਇਸ ਨਾਚੀਜ਼ ਸੇਵਕ ਨੇ ਵੀ ਗੁਰਦੁਆਰੇ ਬਣਾਏ। ਸਕੂਲ-ਕਾਲਜ ਬਣਵਾਏ, ਪੁਲ-ਸੜਕਾਂ ਬਣਵਾਈਆਂ। ਇਹ ਸੇਵਾ ਤਾਂ ਹੀ ਥਾਂਏਂ ਪਵੇਗੀ ਜੇ ਦਾਸ ਦਾ ਸਰੀਰ ਪੰਥ ਦੇ ਲੇਖੇ ਲਗ ਕੇ ਸ਼ਹੀਦ ਹੋ ਜਾਵੇ। ਦਾਸ ਦੀ ਇਕ ਹੋਰ ਵਿਚ ਇੱਛਾ ਹੈ ਕਿ ਸਾਡੇ ਸਰੀਰ ਨੂੰ ਤਿਆਗਣ ਪਿਛੋਂ ਸਾਡੀ ਦੇਹ ਨੂੰ ਜਲ ਪਰਵਾਹ ਕੀਤਾ ਜਾਵੇ। ਸਸਕਾਰ ਨਾ ਹੋਵੇ।''*

(ਫਤਹਿ ਸਿੰਘ ਦੇ ਇਨ੍ਹਾਂ ਬੋਲਾਂ ਵਿਚ ਗੁਰੂ ਅਰਜਨ ਸਾਹਿਬ ਦੀ ਬਰਾਬਰੀ ਕਰਨ ਦੀ ਬੋਅ ਵੀ ਆਉਂਦੀ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਛੁਟਿਆਉਣ ਦੀ ਵੀ ਕਿ ਜੇ ਗੁਰੂ ਸਾਹਿਬ ਸ਼ਹੀਦ ਨਾ ਹੁੰਦੇ ਤਾਂ ਉਨ੍ਹਾਂ ਦੀ ਸੇਵਾ ਦੀ ਕੋਈ ਕੀਮਤ ਨਹੀਂ ਸੀ)।

ਫਤਹਿ ਸਿੰਘ ਨੇ ਮਰਨ ਵਰਤ ਰੱਖਣ ਵੇਲੇ ਇਕ **ਮੋਰਚਾ ਕਮੇਟੀ** ਬਣਾ ਦਿੱਤੀ ਤੇ ਸਾਰਾ "ਚਾਰਜ" ਇਸ ਕਮੇਟੀ ਨੂੰ ਦੇ ਦਿੱਤਾ। ਇਸ ਮੋਰਚਾ ਕਮੇਟੀ ਵਿਚ ਹਰਚਰਨ ਸਿੰਘ ਹੁਡਿਆਰਾ, ਅਜੀਤ ਸਿੰਘ ਬਾਲਾ, ਸਤਬੀਰ ਸਿੰਘ, ਪ੍ਰੀਤਮ ਸਿੰਘ ਸ਼ਰੀਂਹ, ਗੁਰਦਿਆਲ ਸਿੰਘ, ਜੀਵਨ ਸਿੰਘ ਉਮਰਾਨੰਗਲ ਤੇ ਜਗੀਰ ਸਿੰਘ ਬਠਿੰਡਾ ਸ਼ਾਮਿਲ ਸਨ।

18 ਦਸੰਬਰ 1960 ਨੂੰ ਸਾਬਕਾ ਡਿਫ਼ੈਂਸ ਮਨਿਸਟਰ ਬਲਦੇਵ ਸਿੰਘ ਨੇ ਇਕ ਬਿਆਨ ਵਿਚ ਕਿਹਾ, ''ਮੌਜੂਦਾ ਹਾਲਤ ਨੂੰ ਪੈਦਾ ਕਰਨ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੈ। ਪੰਜਾਬ ਸਰਕਾਰ ਨੇ ਰਿਜਨਲ ਫ਼ਾਰਮੂਲਾ ਆਪ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ। ਇਸ ਦਾ ਜ਼ਿੰਮੇਦਾਰ ਪ੍ਰਤਾਪ ਸਿੰਘ ਕੈਰੋਂ ਹੈ।'' ਬਲਦੇਵ ਸਿੰਘ ਦੇ ਇਸ ਬਿਆਨ ਨੂੰ ਗਿਆਨੀ ਕਰਤਾਰ ਸਿੰਘ ਤੇ ਗਿਆਨ ਸਿੰਘ ਰਾੜੇਵਾਲਾ ਨੇ 'ਇਕ ਬੀਮਾਰ ਆਦਮੀ ਦਾ ਬੀਮਾਰ ਬਿਆਨ' ਕਿਹਾ। ਦੂਜੇ ਪਾਸੇ ਇਕ ਹੋਰ ਕਾਂਗਰਸੀ ਆਗੂ ਪ੍ਰਬੋਧ ਚੰਦਰ ਨੇ ਬਲਦੇਵ ਸਿੰਘ ਦੇ ਬਿਆਨ ਦੀ ਪਰੋੜਤਾ ਕੀਤੀ ਤੇ ਗਿਆਨੀ ਕਰਤਾਰ ਸਿੰਘ ਤੇ ਰਾੜੇਵਾਲੇ ਦੇ ਝੂਠ ਦੀ ਨਿੰਦਾ ਕੀਤੀ।

2 ਜਨਵਰੀ 1961 ਨੂੰ ਅੰਮ੍ਰਿਤਸਰ ਵਿਚ ਪੰਜਾਬੀ ਸੂਬਾ ਕਾਨਫ਼ਰੰਸ ਹੋਈ ਜਿਸ ਵਿਚ ਐਮ.ਐਸ.ਐਨੇ (ਐਮ.ਪੀ.), ਡਾ: ਕਿਚਲੂ, ਡਾ: ਕਾਲੀ ਚਰਨ (ਇਹ ਲੁਧਿਆਣੇ ਵਾਲਾ ਦਹਿਸ਼ਤਗਰਦ ਫ਼ਿਰਕੂ ਹਿੰਦੂ ਕਾਲੀ ਚਰਨ ਨਹੀਂ ਸੀ), ਮਨੀ ਰਾਮ ਬਾਗੜੀ, ਸੁਰਿੰਦਰ ਨਾਥ ਖੋਸਲਾ, ਅਤੇ ਹੋਰਨਾਂ ਨੇ ਪੰਜਾਬੀ ਸੂਬੇ ਦੀ ਮੰਗ ਦੀ ਹਿਮਾਇਤ ਕੀਤੀ। ਕਮਿਊਨਿਸਟ, ਸੁਤੰਤਰ, ਸੋਸ਼ਲਿਸ਼ਟ, ਰੀਪਬਲੀਕਨ ਸਭ ਨੇ ਪੰਜਾਬੀ ਸੂਬੇ ਦੀ ਮੰਗ ਦੀ ਹਿਮਾਇਤ ਕੀਤੀ।

ਉਧਰ ਫਤਹਿ ਸਿੰਘ ਦੇ ਮਰਨ ਵਰਤ ਨੂੰ 13 ਦਿਨ ਹੋ ਗਏ ਸਨ। 31 ਦਸੰਬਰ ਦੇ ਦਿਨ ਨਹਿਰੂ ਨੇ ਇਕ ਬਿਆਨ ਵਿਚ ਕਿਹਾ ਸੀ **ਪੰਜਾਬੀ ਸੂਬਾ ਤਾਂ ਬਣਿਆ ਹੋਇਆ ਹੈ। ਪੰਜਾਬ ਪੰਜਾਬੀ ਸੂਬਾ ਹੀ ਹੈ ਤੇ ਇਸ ਦੀ ਮੁਖ ਬੋਲੀ ਪੰਜਾਬੀ ਹੈ।** ਅਕਾਲੀਆਂ ਵਲੋਂ ਸਰੂਪ ਸਿੰਘ ਐਮ.ਐਲ.ਏ. ਨੂੰ ਨਹਿਰੂ ਕੋਲ ਭੇਜਿਆ ਗਿਆ ਤਾਂ ਜੋ ਨਹਿਰੂ 31 ਦਸੰਬਰ ਨੂੰ ਦਿੱਲੀ ਵਿਚ ਕੀਤੀ ਉਹ ਤਕਰੀਰ ਜਿਸ ਵਿਚ ਉਸ ਨੇ ਕਿਹਾ ਸੀ ਕਿ ''ਸਾਰਾ ਪੰਜਾਬ ਹੀ ਪੰਜਾਬੀ ਸੂਬਾ ਹੈ ਕਿਉਂਕਿ ਇਸ ਦੀ ਪ੍ਰਧਾਨ ਬੋਲੀ ਪੰਜਾਬੀ ਹੈ'' ਦੋਹਰਾ ਦੇਵੇ ਤਾਂ ਜੋ ਇਸ ਬਹਾਨੇ ਫਤਹਿ ਸਿੰਘ ਦਾ ਵਰਤ ਤੁੜਵਾਇਆ ਜਾ ਸਕੇ। ਮੋਰਚਾ ਕਮੇਟੀ ਨੇ 2 ਜਨਵਰੀ 1961 ਨੂੰ ਅਕਾਲ ਤਖ਼ਤ 'ਤੇ ਅਕਾਲੀ ਦਲ ਦਾ ਜਨਰਲ ਇਜਲਾਸ ਸੱਦ ਲਿਆ। ਪਰ ਇਸ ਮੌਕੇ 'ਤੇ ਕਿਸੇ ਨੇ ਵੀ ਨਹਿਰੂ ਦੇ ਇਸ ਬਿਆਨ ਦੇ ਅਧਾਰ 'ਤੇ ਵਰਤ ਛੁਡਾਣ ਦੀ ਗੱਲ ਨਾ ਮੰਨੀ। ਅਗਲੇ ਦਿਨ ਫਿਰ ਮੀਟਿੰਗ ਹੋਈ ਪਰ ਕਿਸੇ ਵੀ ਇਹ ਗਲ ਨਾ ਮੰਨੀ। ਸਿਰਫ਼ ਮੋਰਚਾ ਕਮੇਟੀ ਤੇ ਬੇਦੀ ਰਛਪਾਲ ਸਿੰਘ ਹੀ ਇਸ ਵਾਸਤੇ ਰਾਜ਼ੀ ਸਨ।

ਮਾਸਟਰ ਤਾਰਾ ਸਿੰਘ ਦੀ ਰਿਹਾਈ

3-4 ਜਨਵਰੀ 1961 ਦੀ ਵਿਚਕਾਰਲੀ ਰਾਤ ਨੂੰ ਸਰਕਾਰ ਵਲੋਂ ਮਾਸਟਰ ਤਾਰਾ ਸਿੰਘ ਨੂੰ ਰਿਹਾ ਕਰ ਕੇ ਦਰਬਾਰ ਸਾਹਿਬ ਗੁਰੂ ਰਾਮਦਾਸ ਸਰਾਂ ਦੇ ਫਾਟਕ ਤੇ ਲਿਆ ਖੜਾ ਕੀਤਾ ਗਿਆ। ਮੋਰਚਾ ਕਮੇਟੀ ਨੇ ਮਾਸਟਰ ਜੀ ਨੂੰ ਨਹਿਰੂ ਕੋਲ ਭੇਜਿਆ। ਮਾਸਟਰ ਤਾਰਾ ਸਿੰਘ ਭਾਵਨਗਰ ਨਹਿਰੂ ਕੋਲ ਪਹੁੰਚੇ। ਪਿਛੋਂ ਫਤਹਿ ਸਿੰਘ ਨੇ ਨਹਿਰੂ ਨੂੰ ਤਾਰ ਭੇਜੀ, ''ਮਾਸਟਰ ਜੀ ਤੁਹਾਡੇ ਕੋਲ ਆ ਰਹੇ ਹਨ ਤਾਂ ਜੋ ਤੁਸੀਂ 31 ਦਸੰਬਰ ਦੀ ਦਿੱਲੀ ਵਾਲੀ ਤਕਰੀਰ ਦੋਹਰਾ ਦੇਵੇ ਕਿ ਪੰਜਾਬ ਇਕ ਭਾਸ਼ਾਈ ਸੂਬਾ ਹੀ ਹੈ।''

ਨਹਿਰੂ ਨੇ ਦਲ ਨੂੰ ਚਿੱਠੀ ਲਿਖ ਕੇ ਪੰਜਾਬੀ ਸੂਬੇ ਦੇ ਸਵਾਲ 'ਤੇ ਗਲਬਾਤ ਕਰਨ ਦੀ ਪੇਸ਼ਕਸ਼ ਕੀਤੀ। ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 6 ਤਾਰੀਖ ਨੂੰ ਸਵੇਰੇ 10 ਵਜੇ ਮੀਟਿੰਗ ਕੀਤੀ ਅਤੇ ਮਾਸਟਰ ਤਾਰਾ ਸਿੰਘ, ਸਤਬੀਰ ਸਿੰਘ, ਚੇਤ ਸਿੰਘ, ਗਿ: ਕ੍ਰਿਪਾਲ ਸਿੰਘ ਤੇ ਫਤਹਿ ਸਿੰਘ ਕੋਲ ਗਏ ਤੇ ਵਰਕਿੰਗ ਕਮੇਟੀ ਵਲੋਂ ਵਰਤ ਛੱਡਣ ਦੀ ਅਪੀਲ ਕੀਤੀ। ਪਰ ਫਤਹਿ ਸਿੰਘ ਨਾ ਮੰਨਿਆ। ਮੋਰਚਾ ਕਮੇਟੀ ਨੇ ਮਾਸਟਰ 'ਤੇ ਜ਼ੋਰ ਪਾਇਆ ਕਿ ਉਹ ਨਹਿਰੂ ਨੂੰ ਜਾ ਕੇ ਫੇਰ ਮਿਲੇ।

ਮਾਸਟਰ ਨਹਿਰੂ ਨੂੰ ਭਾਵ ਨਗਰ ਜਾ ਕੇ ਮਿਲਿਆ। ਉਸ ਨਾਲ ਹਰਬੰਸ ਸਿੰਘ

ਗੁਜਰਾਲ ਤੇ ਲਛਮਣ ਸਿੰਘ ਗਿੱਲ ਵੀ ਸਨ। ਨਹਿਰੂ ਨੇ ਕੋਈ ਗੱਲ ਨਾ ਮੰਨੀ ਅਤੇ ਮਾਸਟਰ ਨੇ ਬਿਆਨ ਦੇ ਦਿੱਤਾ ਕਿ ਫਤਹਿ ਸਿੰਘ ਤੋਂ ਪਿਛੋਂ ਉਹ ਵਰਤ ਰੱਖੇਗਾ। ਇਸ 'ਤੇ ਜਵਾਹਰ ਲਾਲ ਨੇ ਦਿੱਲੀ ਵਿਚ ਦਿੱਤਾ, 31 ਦਸੰਬਰ ਵਾਲਾ, ਬਿਆਨ ਦੋਹਰਾ ਦਿੱਤਾ। ਇਸ ਤੋਂ ਮਗਰੋਂ ਮਾਸਟਰ ਜੀ ਨੇ 8 ਜਨਵਰੀ ਨੂੰ ਫਤਹਿ ਸਿੰਘ ਨੂੰ ਤਾਰ ਭੇਜੀ, ''ਮੈਂ ਨਹਿਰੂ ਦੀ ਸਰਦਾਰ ਨਗਰ ਵਾਲੀ ਤਕਰੀਰ ਤੇ ਸੰਤੁਸ਼ਟ ਹਾਂ। ਤੁਹਾਨੂੰ ਵਰਤ ਛਡਣ ਲਈ ਬੇਨਤੀ ਕਰਦਾ ਹਾਂ। ਇਹ ਤੁਹਾਡੇ ਪ੍ਰਣ ਦੀ ਸ਼ਰਤ ਪੂਰੀ ਕਰਦਾ ਹੈ।''

ਉਸੇ ਦਿਨ ਫਤਹਿ ਸਿੰਘ ਨੂੰ ਪੰਜ ''ਪਿਆਰਿਆਂ'' ਨੇ ਵਰਤ ਛਡਣ ਦੀ ਅਪੀਲ ਕੀਤੀ। ਇਹ ਪੰਜ ''ਪਿਆਰੇ'' (ਦਰਅਸਲ ਸੀਨੀਅਰ ਗ੍ਰੰਥੀ) ਸਨ: ਚੇਤ ਸਿੰਘ, ਕ੍ਰਿਪਾਲ ਸਿੰਘ, ਫ਼ੌਜਾ ਸਿੰਘ, ਬਖ਼ਸ਼ੀਸ਼ ਸਿੰਘ ਤੇ ਮੋਹਨ ਸਿੰਘ (ਹੈੱਡ ਗਰੰਥੀ)।

ਫਤਹਿ ਸਿੰਘ ਦਾ ਵਰਤ ਛੱਡਣਾ

ਮਾਸਟਰ ਤਾਰਾ ਸਿੰਘ ਦਾ ਫ਼ੋਨ ਰਾਤ ਸਾਢੇ 7 ਵਜੇ ਪਹੁੰਚਿਆ। ਫਤਹਿ ਸਿੰਘ ਦਾ ਵਰਤ ਖੁਲਵਾਉਣ ਦਾ ਇੰਤਜ਼ਾਮ ਕੀਤਾ ਗਿਆ। ਉਸੇ ਵੇਲੇ ਗੋਪਾਲ ਸਿੰਘ ਕੌਮੀ ਆ ਪਹੁੰਚਿਆ ਤੇ ਕਹਿਣ ਲੱਗਾ, ''ਬਾਬਾ ਜੀ ਵਰਤ ਨਾ ਛੱਡਣਾ, ਕੁਝ ਨਹੀਂ ਜੇ ਮਿਲਿਆ।'' ਇਸ 'ਤੇ ਫਤਹਿ ਸਿੰਘ ਦੇ ਸੇਵਾਦਾਰ ਨੇ ਕੌਮੀ ਨੂੰ ਚੁਪ ਕਰਵਾਉਣ ਵਾਸਤੇ ਕ੍ਰਿਪਾਨ ਕੱਢ ਲਈ। ਸਾਰੀ ਮੋਰਚਾ ਕਮੇਟੀ ਨਰਾਜ਼ ਹੋ ਗਈ। ਉਨ੍ਹਾਂ ਨੇ 9 ਜਨਵਰੀ ਨੂੰ ਸਵੇਰੇ 9 ਵਜੇ ਦੀਵਾਨ 'ਚ ਮਨਜ਼ੂਰੀ ਲੈ ਕੇ ਵਰਤ ਖੋਲ੍ਹਣ ਦਾ ਐਲਾਨ ਕੀਤਾ। ਪਰ ਅਗਲੇ ਦਿਨ ਸਵੇਰੇ ਸਾਢੇ ਅੱਠ ਵਜੇ ਹੀ ਵਰਤ ਖੋਹਲ ਦਿੱਤਾ। ਗਿ: ਚੇਤ ਸਿੰਘ ਨੇ ਚਾਂਦੀ ਦੇ ਗਿਲਾਸ ਵਿਚ ਫਲਾਂ ਦਾ ਰਸ ਪਿਲਾ ਕੇ ਫਤਹਿ ਸਿੰਘ ਦਾ ਵਰਤ ਖੁਲ੍ਹਵਾਇਆ। ਸੰਗਤਾਂ ਜਦੋਂ ਪਹੁੰਚੀਆਂ ਤਾਂ ਉਹਨਾਂ ਬਹੁਤ ਨਰਾਜ਼ਗੀ ਦਿਖਾਈ ਕਿਉਂਕਿ ਵਰਤ 9 ਵਜੇ **ਸੰਗਤ ਦੀ ਮਨਜ਼ੂਰੀ ਨਾਲ** ਖੁਲ੍ਹਣਾ ਸੀ। ਲੋਕਾਂ ਨੇ ਹਰਚਰਨ ਸਿੰਘ ਹੁਡਿਆਰਾ ਨੂੰ ਧੱਕੇ ਮਾਰੇ ਕਿਉਂ ਕਿ ਉਹ ਹੁਡਿਆਰੇ ਨੂੰ ਮੁੱਖ ਜ਼ਿੰਮੇਦਾਰ ਸਮਝ ਰਹੇ ਸਨ। ਇਸੇ ਦਿਨ ਫਤਹਿ ਸਿੰਘ ਦੇ ਵਰਤ ਖ਼ਤਮ ਹੋਣ ਦੀ ਖੁਸ਼ੀ ਵਿਚ ਦਰਬਾਰ ਸਾਹਿਬ ਵਿਚ ਆਤਿਸ਼ਬਾਜ਼ੀ ਚਲਾਈ ਗਈ ਅਤੇ ਦੀਪਮਾਲਾ ਕੀਤੀ ਗਈ।

ਮੋਰਚੇ ਦਾ ਡਰਾਪਸੀਨ

ਫਤਹਿ ਸਿੰਘ ਦਾ ਵਰਤ 9 ਜਨਵਰੀ 1960 ਨੂੰ ਖ਼ਤਮ ਹੋਇਆ। ਮਾਸਟਰ ਤਾਰਾ ਸਿੰਘ 11 ਤਾਰੀਖ਼ ਨੂੰ ਅੰਮ੍ਰਿਤਸਰ ਪਹੁੰਚੇ। ਉਸ ਸ਼ਾਮ ਮੰਜੀ ਸਾਹਿਬ ਵਿਚ ਦੀਵਾਨ ਹੋਇਆ ਜਿਸ ਵਿਚ ਮਾਸਟਰ ਤਾਰਾ ਸਿੰਘ ਦੇ ਲੈਕਚਰ ਵੇਲੇ ਮਾਸਟਰ ਮੁਰਦਾਬਾਦ 'ਤੇ ਫਤਹਿ ਸਿੰਘ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ ਗਏ। ਇਸ 'ਤੇ ਮਾਸਟਰ ਤਾਰਾ ਸਿੰਘ ਪੂਰਾ ਲੈਕਚਰ ਦਿੱਤੇ ਬਿਨਾਂ ਗ੍ਰੰਥੀਆਂ ਦੀ ਮਦਦ ਨਾਲ ਨਿਕਲ ਕੇ ਚਲਾ ਗਿਆ।

ਅਗਲੇ ਦਿਨ ਫੇਰ ਹਥਿਆਰਬੰਦ ਆਦਮੀਆਂ ਦੀ ਦੇਖ-ਰੇਖ ਵਿਚ ਜਲਸਾ ਹੋਇਆ ਜਿਸ ਵਿਚ ਮਾਸਟਰ ਤਾਰਾ ਸਿੰਘ ਨੇ ਲੈਕਚਰ ਦਿੱਤਾ। ਇਸ ਸਮੇਂ ਹੁਡਿਆਰਾ ਅਤੇ ਉਮਰਾ ਨੰਗਲ ਨੇ ਵੀ ਲੈਕਚਰ ਦਿੱਤੇ। ਦਰਅਸਲ ਇਹ ਮਾਸਟਰ ਤਾਰਾ ਸਿੰਘ

WWW.SIKHBOOKCLUB.COM

ਦੇ ਵਿਰੋਧੀ ਧੜੇ ਦੀ ਗਿਣੀ ਮਿੱਥੀ ਚਾਲ ਸੀ ਜਿਸ ਅਨੁਸਾਰ 14 ਜਨਵਰੀ ਨੂੰ ਮੁਕਤਸਰ ਵਿਚ ਵੀ 11 ਤਾਰੀਖ਼ ਦੀ ਘਟਨਾ ਦੁਹਰਾਈ ਗਈ। ਇਹ ਇਕ ਗਣੀ ਮਿਥੀ ਸਾਜ਼ਿਸ਼ ਸੀ ਜਿਸ ਬਾਰੇ ਭਰਪੂਰ ਸਿੰਘ ਨੇ ਮਾਸਟਰ ਜੀ ਨੂੰ ਦੱਸਿਆ ਕਿ ''ਇਹ ਸਾਰਾ ਡਰਾਮਾ ਤੁਹਾਡੀ ਹੇਠੀ ਕਰਾਉਣ ਅਤੇ ਫਤਹਿ ਸਿੰਘ ਨੂੰ ਸੁਰਖ਼ਰੂ ਕਰਾਉਣ ਲਈ ਮੋਰਚਾ ਕਮੇਟੀ ਵਲੋਂ ਰਚਿਆ ਗਿਆ ਹੈ।''

ਮਾਸਟਰ ਤਾਰਾ ਸਿੰਘ ਨੇ ਇਹ ਸਾਜ਼ਿਸ਼ ਤਾੜਨ ਮਗਰੋਂ 15 ਜਨਵਰੀ 1961 ਨੂੰ ਮੋਰਚਾ ਕਮੇਟੀ ਤੋਂ ਹਿਸਾਬ ਦੀ ਮੰਗ ਵੀ ਕੀਤੀ (*ਟ੍ਰਿਬਿਊਨ*, 16 ਜਨਵਰੀ, 1961)। ਇਹ ਐਸਾ ਸਵਾਲ ਸੀ ਜਿਸ 'ਚ ਸਾਰੇ ਨੰਗੇ ਹੁੰਦੇ ਸਨ ਤੇ ਇਸੇ ਕਰ ਕੇ ਮੋਰਚਾ ਕਮੇਟੀ ਡਰ ਗਈ। 16 ਜਨਵਰੀ 1961 ਨੂੰ ਹੋਈ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਨੇ ਮਾਸਟਰ ਤਾਰਾ ਸਿੰਘ ਉੱਤੇ 'ਭਰੋਸੇ' ਦਾ ਮਤਾ ਪਾਸ ਕਰ ਦਿੱਤਾ। ਮੀਟਿੰਗ ਨੇ ਫਤਹਿ ਸਿੰਘ ਦਾ ਵਰਤ ਛੁਡਾਉਣ ਲਈ ਮਾਸਟਰ ਤਾਰਾ ਸਿੰਘ ਦੀ ਸਰਾਹੁਣਾ ਕੀਤੀ ਅਤੇ ਮਾਸਟਰ ਜੀ ਵਿਰੁਧ ਪ੍ਰਚਾਰ ਦੀ ਨਿੰਦਾ ਕੀਤੀ।

21 ਜਨਵਰੀ ਨੂੰ ਬਜ਼ੀਦਪੁਰ ਦੇ ਪੰਚਮੀ ਦੇ ਸਮਾਗਮ ਵਿਚ ਸੰਗਤਾਂ ਨੇ ਹਰਚਰਨ ਸਿੰਘ ਹੁੜਿਆਰੇ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ। ਉਧਰ ਪ੍ਰਤਾਪ ਸਿੰਘ ਕੈਰੋਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਕਾਲੀ ਮੋਰਚਾ ਫੇਲ੍ਹ ਹੋਇਆ ਹੈ। ਇਧਰ ਮਾਸਟਰ ਤਾਰਾ ਸਿੰਘ ਨੇ ਇਕ ਗ਼ਲਤ ਜਿਹਾ ਬਿਆਨ ਦੇ ਦਿੱਤਾ ਕਿ ''ਮੋਰਚਾ ਮੁਅਤਲ ਕਰਨ ਦਾ ਮਤਲਬ ਹੈ ਇਕ ਸਮਝੌਤਾ, ਨਾ ਕਿ ਪ੍ਰੋਗਰਾਮ ਨੂੰ ਛੱਡਣਾ। ਮੋਰਚੇ ਵਾਸਤੇ ਜੱਦੋਜਹਿਦ ਜਾਰੀ ਰੱਖੀ ਜਾਵੇਗੀ।'' ਇਹੋ ਜਿਹੇ ਬਿਆਨਾਂ ਦਾ ਮਾਅਨਾ ਇਹੀ ਨਿਕਲਦਾ ਸੀ ਕਿ ਮੋਰਚੇ ਵਿਚ ਕੁਝ ਵੀ ਨਹੀਂ ਮਿਲਿਆ। ਨਾਲ ਹੀ ਮਾਸਟਰ ਤਾਰਾ ਸਿੰਘ ਨੇ ਪੀ.ਐਸ.ਪੀ., ਕਮਿਊਨਿਸਟਾਂ ਤੇ ਸੁਤੰਤਰ ਪਾਰਟੀ ਨਾਲ ਪੰਜਾਬੀ ਸੂਬੇ ਦੀ ਮੰਗ ਸਬੰਧੀ ਗੱਲਬਾਤ ਸ਼ੁਰੂ ਕਰ ਦਿੱਤੀ। ਇਨ੍ਹਾਂ ਸਾਰੀਆਂ ਗੱਲਾਂ ਨੇ ਅਕਾਲੀ ਦਲ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ। ਉਧਰ ਜਨਸੰਘ ਨੇ ਐਲਾਨ ਕੀਤਾ ਕਿ ਉਹ ਅਕਾਲੀ ਦਲ ਨਾਲ ਇਕ ਪੱਖੀ ਸਮਝੌਤੇ ਦਾ ਵਿਰੋਧ ਕਰਨਗੇ।

ਦੂਜੇ ਪਾਸੇ ਕੈਰੋਂ ਵਲੋਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਤਰਕੀਬਾਂ ਵੀ ਬਣਨ ਲੱਗੀਆਂ। ਅਕਾਲੀ ਦਲ ਦੀ ਵਰਕਿੰਗ ਕਮੇਟੀ ਵਿਚੋਂ ਕਈ ਆਗੂ ਪ੍ਰਤਾਪ ਸਿੰਘ ਕੈਰੋਂ ਨਾਲ ਸਾਂਝ ਰੱਖ ਰਹੇ ਸਨ। ਮੋਰਚਾ ਕਮੇਟੀ, ਤਕਰੀਬਨ ਸਾਰੀ ਹੀ, ਕੈਰੋਂ ਨੂੰ ਰਿਪੋਰਟਾਂ ਦੇਂਦੀ ਸੀ ਤੇ ਹਰ ਖ਼ਬਰ ਪ੍ਰਤਾਪ ਸਿੰਘ ਕੈਰੋਂ ਨੂੰ ਪਹੁੰਚਾਈ ਜਾਂਦੀ ਸੀ। 29 ਮਈ ਨੂੰ ਮੋਰਚੇ ਵਾਲੇ ਦਿਨ ਤੋਂ ਛੇਤੀ ਬਾਅਦ ਹੀ ਕੇਂਦਰੀ ਸਿੱਖ ਅਜਾਇਬ ਘਰ ਵਿਚ ਇਕ ਨਿਵੇਕਲੇ ਜਿਹੇ ਥਾਂ ਇਕ ਟੈਲੀਫੋਨ ਲੱਗਿਆ ਸੀ ਜਿਸ ਨੂੰ ਸਿਰਫ਼ ਇੱਕੋ ਆਦਮੀ (ਇਕ ਸੋਮੇ ਮੁਤਾਬਿਕ ਸਤਬੀਰ ਸਿੰਘ) ਹੀ ਵਰਤ ਸਕਦਾ ਸੀ। ਕਈ ਅਕਾਲੀ ਆਗੂ ਕਹਿੰਦੇ ਹਨ ਕਿ ਇੱਥੋਂ ਕੈਰੋਂ ਨੂੰ ਇਤਲਾਹ ਦੇ ਕੇ ਉਸ ਤੋਂ ਸਲਾਹ ਮਸ਼ਵਰਾ ਲਿਆ ਜਾਂਦਾ ਸੀ। ਹਰਗੁਰਅਨਾਦ ਸਿੰਘ ਮੁਤਾਬਿਕ ਵਰਕਿੰਗ ਕਮੇਟੀ ਅਤੇ ਮੋਰਚਾ ਕਮੇਟੀ ਨੂੰ ਚਲਾਉਣ ਵਾਲਿਆਂ ਵਿਚੋਂ ਬਹੁਤੇ 80 ਰੁਪੈ ਤੋਂ ਲੈ ਕੇ 1000 ਰੁਪੈ ਮਹੀਨਾ ਤਨਖ਼ਾਹ ਪਾਉਣ ਵਾਲੇ ਮੁਖ਼ਬਰ ਸਨ।

WWW.SIKHBOOKCLUB.COM

ਮੋਰਚੇ ਦੌਰਾਨ ਮਾਸਟਰ ਤਾਰਾ ਸਿੰਘ ਅਤੇ ਕਾਂਗਰਸ ਤੋਂ ਦੂਰ ਰਹਿਣ ਵਾਲੇ ਹੋਰ ਆਗੂ ਤਾਂ ਜੇਲ੍ਹ ਵਿਚ ਸਨ ਅਤੇ ਪਿੱਛੋਂ ਪੂਰੀ ਪਲਾਨ ਬਣਾ ਕੇ ਮੋਰਚਾ ਕਮੇਟੀ ਨੇ ਫਤਹਿ ਸਿੰਘ ਨੂੰ ਆਪਣੇ ਵਸ ਵਿਚ ਕਰ ਲਿਆ ਸੀ। ਅਤੇ ਸ਼ਾਇਦ 'ਆਪਣੇ ਵਰਗਾ' ਵੀ ਬਣਾ ਲਿਆ। ਮੋਰਚਾ ਖ਼ਤਮ ਹੋਣ ਮਗਰੋਂ ਅਕਾਲੀ ਦਲ ਵਿਚ ਫੁਟ ਪੈਣ ਦਾ ਕਾਫ਼ੀ ਖ਼ਤਰਾ ਪੈ ਗਿਆ। ਜੇਲ੍ਹ ਜਾਣ ਵਾਲੇ ਅਤੇ ਬਾਹਰ ਰਹਿਣ ਵਾਲੇ ਇਕ ਦੂਜੇ ਦੇ ਵਿਰੋਧੀ ਹੋ ਗਏ ਸਨ। ਦਰਬਾਰ ਸਾਹਿਬ ਵਿਚ ਬੈਠ ਕੇ ਕੀਤੀਆਂ ਹਰਕਤਾਂ ਕਾਰਨ 'ਤੇ ਉਨ੍ਹਾਂ ਦੇ ਰਾਜ਼ ਖੁੱਲਣ ਦੇ ਡਰ ਤੋਂ ਉਹ ਮਾਸਟਰ ਤਾਰਾ ਸਿੰਘ ਦਾ ਵਿਰੋਧ ਕਰਦੇ ਸਨ। ਇਸ ਮਾਹੌਲ ਵਿਚ 6 ਫਰਵਰੀ ਨੂੰ ਮਾਸਟਰ ਤਾਰਾ ਸਿੰਘ ਅਤੇ ਫਤਹਿ ਸਿੰਘ ਦਿੱਲੀ ਵਿਚ 8 ਫਰਵਰੀ ਨੂੰ ਨਹਿਰੂ ਨਾਲ ਮੁਲਾਕਾਤ ਕਰਨ ਵਾਸਤੇ ਰਵਾਨਾ ਹੋਏ ਅਤੇ ਰਾਹ ਵਿਚ ਦਿੱਲੀ ਤਕ ਦੋਹਾਂ ਦਾ ਭਰਵਾਂ ਸਵਾਗਤ ਹੋਇਆ ਅਤੇ ਮੁਰਦਾਬਾਦ ਜਾਂ ਵਿਰੋਧ ਦਾ ਮਾਹੌਲ ਖ਼ਤਮ ਹੋ ਗਿਆ।

ਫਤਹਿ ਸਿੰਘ – ਨਹਿਰੂ ਮੁਲਾਕਾਤਾਂ ਅਤੇ ਫਤਹਿ ਸਿੰਘ ਨੂੰ ਨਹਿਰੂ ਨੇ ਭਰਮਾਇਆ

8 ਫਰਵਰੀ 1961 ਨੂੰ ਫਤਹਿ ਸਿੰਘ-ਨਹਿਰੂ ਮੁਲਾਕਾਤ ਹੋਈ ਜਿਸ ਵਿਚ ਸਾਢੇ 9 ਤੋਂ 10 ਵਜੇ ਤਕ ਦੋਹਾਂ ਨੇ ਇੱਕਲਿਆਂ ਮੁਲਾਕਾਤ ਕੀਤੀ। ਨਹਿਰੂ ਨੇ ਫ਼ਤਹਿ ਸਿੰਘ ਦੀ ਰੱਜ ਕੇ ਖ਼ੁਸ਼ਾਮਦ ਕੀਤੀ ਤੇ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਬੋਲਿਆ। ਫ਼ਤਹਿ ਸਿੰਘ ਇਸ ਖ਼ੁਸ਼ਾਮਦ 'ਤੇ ਪਸਮ ਗਿਆ। ਨਹਿਰੂ ਨੇ ਮਿੱਠੀਆਂ-ਮਿੱਠੀਆਂ ਗੱਲਾਂ ਕਰ ਕੇ ਫ਼ਤਹਿ ਸਿੰਘ ਨੂੰ ਕਈ ਲਾਰੇ ਲਾਏ। ਇਸ ਮਗਰੋਂ ਉਸ ਨੇ ਹੋਰ ਮਸਲਿਆਂ ਦੇ ਬਹਾਨੇ ਲਾ ਕੇ 'ਪੰਜਾਬੀ ਸੂਬਾ' ਦਾ ਸਵਾਲ 'ਬਾਅਦ ਵਿਚ' ਹੱਲ ਕਰਨ ਦਾ 'ਵਾਅਦਾ' ਕੀਤਾ। ਨਹਿਰੂ ਨੇ ਫਤਹਿ ਸਿੰਘ ਨੂੰ ਕਿਹਾ ਕਿ ਜੇ ਉਸ ਦੇ ਹੱਥ ਸਿੱਖਾਂ ਦੀ ਲਡਿਰਸ਼ਿਪ ਆ ਗਈ ਤਾਂ ਸਿੱਖ ਮਸਲਾ ਛੇਤੀ ਹੱਲ ਹੋ ਜਾਵੇਗਾ। ਇਸ ਦਾ ਮਤਲਬ ਸਾਫ਼ ਇਹ ਸੀ ਕਿ ਮਾਸਟਰ ਤਾਰਾ ਸਿੰਘ ਨੂੰ 'ਬੰਨੇ' ਕਰ ਦਿੱਤਾ ਜਾਵੇ। ਫ਼ਤਹਿ ਸਿੰਘ ਉਸ ਦੀਆਂ ਮੋਮੋਠੱਗਣੀਆਂ ਗੱਲਾਂ ਵਿਚ ਆ ਗਿਆ। ਬਾਅਦ ਵਿਚ ਹਰਬੰਸ ਸਿੰਘ ਗੁਜਰਾਲ ਅਤੇ ਡਾਕਟਰ ਗੁਰਬਖ਼ਸ਼ ਸਿੰਘ ਵੀ ਚਾਹ ਵੇਲੇ ਬੁਲਾ ਲਏ ਗਏ।

ਪਹਿਲੀ ਮੁਲਾਕਾਤ ਮਗਰੋਂ ਹੀ ਫਤਹਿ ਸਿੰਘ ਨੇ ਬਿਆਨ ਦੇਦਿਆਂ ਕਿਹਾ ਕਿ 'ਇਹ ਮਸਲਾ ਛੇਤੀ ਹਲ ਹੋਣ ਦੀ ਆਸ ਨਹੀਂ ਕਿਉਂਕਿ ਨਹਿਰੂ ਕੋਲ ਹੋਰ ਵੀ ਕਈ ਮੁਸ਼ਕਿਲਾਂ ਹਨ ਤੇ ਉਨ੍ਹਾਂ ਨੂੰ ਦੂਜੀਆਂ ਕੌਮਾਂ ਦੇ ਹਿੱਤਾਂ ਦਾ ਵੀ ਖ਼ਿਆਲ ਰੱਖਣਾ ਪੈਣਾ ਹੈ।' ਪੰਡਿਤ ਨਹਿਰੂ ਦੀ ਖ਼ੁਸ਼ਾਮਦ ਵਾਲਾ ਫਤਹਿ ਸਿੰਘ ਦਾ ਇਹ ਬਿਆਨ ਉਸ ਦੇ ਬੇਸਮਝੀ 'ਚੋਂ ਨਹੀਂ ਸੀ ਨਿਕਲਿਆ ਬਲਕਿ ਨਹਿਰੂ ਤੇ ਉਸ ਦੇ ਵਿਚਕਾਰ ਤਿਆਰ ਹੋਈ ਸਾਜ਼ਿਸ਼ 'ਚੋਂ ਨਿਕਲਿਆ ਸੀ। ਰਾਤ ਨੂੰ ਰਕਾਬ ਗੰਜ ਦੇ ਦੀਵਾਨ 'ਚ ਮਾਸਟਰ ਜੀ ਨੇ ਐਲਾਨ ਕਰ ਦਿੱਤਾ ਕਿ 'ਜੇ ਗੱਲਬਾਤ ਫੇਲ੍ਹ ਹੋ ਗਈ ਤਾਂ ਮੈਂ ਆਪਣੀ ਕੁਰਬਾਨੀ ਦੇਵਾਂਗਾ।'

ਮਾਸਟਰ ਤਾਰਾ ਸਿੰਘ ਮੇਰਾ ਦੁਸ਼ਮਣ ਹੈ – ਨਹਿਰੂ

ਫਤਹਿ ਸਿੰਘ ਤੇ ਨਹਿਰੂ ਵਿਚਕਾਰ ਅਗਲੀ ਮੁਲਾਕਾਤ 1 ਮਾਰਚ 1961 ਨੂੰ ਹੋਈ ਤੇ ਇਸ ਵਿਚ ਵੀ, ਪਿਛਲੀ ਮੀਟਿੰਗ ਵਾਂਗ, ਪਹਿਲਾ ਅੱਧਾ ਘੰਟਾ ਨਹਿਰੂ ਅਤੇ ਫਤਹਿ ਸਿੰਘ ਇਕੱਲੇ ਮਿਲੇ ਤੇ ਫਿਰ ਲੜਮਣ ਸਿੰਘ ਗਿੱਲ, ਗੁਜਰਾਲ ਤੇ ਗੁਰਬਖਸ਼ ਸਿੰਘ ਵੀ ਆ ਗਏ। ਇਸ ਵਿਚ ਉਨ੍ਹਾਂ ਨੇ ਕੈਰੋਂ ਦੇ ਖ਼ਿਲਾਫ 15 ਸਫ਼ੇ ਦਾ ਮੈਮੋਰੰਡਮ ਵੀ ਦਿੱਤਾ ਤੇ ਉਸ ਵਿਰੁਧ ਪੜਤਾਲ ਦੀ ਮੰਗ ਕੀਤੀ। ਨਾਲ ਹੀ ਪੰਜਾਬੀ ਸੂਬੇ ਸਬੰਧੀ ਕੀਤੇ ਮੁਕੱਦਮੇ ਵਾਪਸ ਲੈਣ ਦੀ ਮੰਗ ਵੀ ਕੀਤੀ ਗਈ। ਇਸ ਮੀਟਿੰਗ ਵਿਚ **ਨਹਿਰੂ ਨੇ ਫਤਹਿ ਸਿੰਘ ਨੂੰ ਕਿਹਾ ਕਿ ਇਸ ਵੇਲੇ ਸਰਹੱਦ 'ਤੇ ਚੀਨ ਦੇ ਹਮਲੇ ਦਾ ਖ਼ਦਸ਼ਾ ਹੈ ਤੇ ਪੰਜਾਬੀ ਸੂਬਾ ਬਣਾਉਣਾ ਮਾਸਟਰ ਤਾਰਾ ਸਿੰਘ ਦੇ ਹੱਥ ਤਾਕਤ ਸੌਂਪਣਾ ਹੋਵੇਗਾ। ਮੈਂ ਇਕ ਦੁਸ਼ਮਣ ਦੇ ਹੱਥ ਤਾਕਤ ਕਿਵੇਂ ਸੌਂਪ ਦੇਵਾਂ! ਹਾਂ ਜੇ ਤੁਸੀਂ ਅਕਾਲੀ ਦਲ ਦੇ ਪ੍ਰਧਾਨ ਹੁੰਦੇ ਤਾਂ ਗੱਲ ਹੋਰ ਸੀ।** ਫਤਹਿ ਸਿੰਘ ਵਾਸਤੇ ਇਹ ਬੜੀ ਵੱਡੀ ਗੱਲ ਸੀ ਕਿ ਨਹਿਰੂ ਉਸ ਦੀ ਤਾਰੀਫ਼ ਕਰ ਰਿਹਾ ਸੀ ਤੇ ਮਾਸਟਰ ਦੀ ਮੁਖ਼ਾਲਫ਼ਤ। ਹੁਣ ਫਤਹਿ ਸਿੰਘ ਦੇ ਮਨ ਵਿਚ ਮਾਸਟਰ ਤਾਰਾ ਸਿੰਘ ਦੀ ਥਾਂ ਨੂੰ ਹਾਸਿਲ ਕਰਨ ਦਾ ਵਿਚਾਰ ਪੁੰਗਰਨਾ ਸ਼ੁਰੂ ਹੋ ਗਿਆ। ਇਸ ਨੂੰ ਨਹਿਰੂ ਨੇ ਵੀ ਭਾਂਪ ਲਿਆ। ਬਸ ਇੱਥੋਂ ਹੀ ਫਤਹਿ ਸਿੰਘ ਦੀ ਬਗ਼ਾਵਤ ਦਾ ਮੁੱਢ ਬੱਝ ਗਿਆ ਸੀ। ਪਰ ਉਹ ਅਜੇ ਪੂਰੀ ਤਰ੍ਹਾਂ ਤਿਆਰ ਨਹੀਂ ਸੀ।

ਇਸੇ ਦਿਨ ਮਾਸਟਰ ਤਾਰਾ ਸਿੰਘ ਨੂੰ ਅਕਾਲੀ ਦਲ ਦਾ ਮੁੜ ਪ੍ਰਧਾਨ ਚੁਣ ਲਿਆ ਗਿਆ। ਦਲ ਦੇ ਜਨਰਲ ਇਜਲਾਸ ਨੇ ਪੰਜਾਬੀ ਸੂਬੇ ਦੀ ਮੰਗ ਫੇਰ ਦੁਹਰਾਈ। 3 ਮਾਰਚ ਨੂੰ ਅਨੰਦਪੁਰ ਸਾਹਿਬ ਵਿਚ ਅਕਾਲੀ ਕਾਨਫ਼ਰੰਸ ਹੋਈ ਜਿਸ ਵਿਚ ਸਿੱਖਾਂ ਨੂੰ ਪੰਜਾਬੀ ਮੋਰਚੇ ਵਿਚ ਮਿਲਵਰਤਣ ਦੇਣ ਲਈ ਧੰਨਵਾਦ ਕੀਤਾ ਗਿਆ। ਇਸ ਸਮੇਂ ਫਤਹਿ ਸਿੰਘ ਨੇ ਕਿਹਾ ਕਿ **ਪੰਜਾਬੀ ਸੂਬਾ ਸਿਰਫ਼ ਬੋਲੀ ਦੇ ਆਧਾਰ 'ਤੇ ਚਾਹੀਦਾ ਹੈ।** ਮਾਸਟਰ ਤਾਰਾ ਸਿੰਘ ਨੇ ਕਿਹਾ ਕਿ **ਸਾਡੀ ਮੰਗ ਤਾਂ ਬੋਲੀ ਦੇ ਆਧਾਰ 'ਤੇ ਹੀ ਹੈ ਪਰ ਇਸ ਨੂੰ ਨਾ ਮੰਨਣ ਦਾ ਕਾਰਣ ਸਿਰਫ਼ ਸਿੱਖਾਂ ਨਾਲ ਵਿਤਕਰਾ ਹੈ।** ਜਗਾਧਰੀ ਵਿਚ 6 ਮਾਰਚ ਨੂੰ ਤਕਰੀਰ ਕਰਦਿਆਂ ਫਤਹਿ ਸਿੰਘ ਨੇ ਫੇਰ ਕਿਹਾ ਕਿ, ''ਪੰਜਾਬੀ ਸੂਬੇ ਦੀ ਮੰਗ ਬੋਲੀ ਦੇ ਆਧਾਰ 'ਤੇ ਹੈ। ਸਿੱਖ ਇਹ ਮੰਨਵਾ ਕੇ ਰਹਿਣਗੇ ਅਤੇ ਸਿੱਖਾਂ ਦੀਆਂ ਕੁਰਬਾਨੀਆਂ ਐਵੇਂ ਨਹੀਂ ਜਾਣਗੀਆਂ।'' ਇਸ ਤੋਂ 4 ਦਿਨ ਬਾਅਦ 10 ਮਾਰਚ ਨੂੰ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫੇਰ ਪ੍ਰਧਾਨ ਚੁਣੇ ਗਏ। ਇਸ ਤੋਂ ਬਿਨਾਂ ਅਜੀਤ ਸਿੰਘ ਬਾਲਾ ਤੇ ਕਿਰਪਾਲ ਸਿੰਘ ਸ਼ੇਰੇ ਵਾਲਾ ਮੀਤ ਪ੍ਰਧਾਨ, ਗੁਰਬਖਸ਼ ਸਿੰਘ ਜਨਰਲ ਸਕੱਤਰ ਅਤੇ ਬਲਦੇਵ ਸਿੰਘ ਮਾਹਲਪੁਰੀ, ਸਾਧੂ ਸਿੰਘ ਭੋਰਾ, ਹਰਚਰਨ ਸਿੰਘ ਹੁਡਿਆਰਾ, ਉਮਰਾਨੰਗਲ, ਗੁਰਚਰਨ ਸਿੰਘ ਟੌਹੜਾ ਐਗਜ਼ੈਕਟਿਵ ਦੇ ਮੈਂਬਰ ਚੁਣੇ ਗਏ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਜਾਣ ਤੇ ਮਾਸਟਰ ਨੇ ਬਿਆਨ ਦਿੱਤਾ ਕਿ ਪੰਜਾਬੀ ਸੂਬਾ ਸਿੱਖਾਂ ਵਾਸਤੇ ਜ਼ਿੰਦਗੀ-ਮੌਤ ਦਾ ਸਵਾਲ ਹੈ। ਇਸ 'ਤੇ ਕੈਰੋਂ ਨੇ ਬਿਆਨ ਦਿੱਤਾ ਕਿ ਮਾਸਟਰ ਤਾਰਾ ਸਿੰਘ ਦੀਆਂ ਤਕਰੀਰਾਂ ਭੜਕਾਊ ਹਨ ਅਤੇ

WWW.SIKHBOOKCLUB.COM

ਫਤਹਿ ਸਿੰਘ ਦੀਆਂ ਬਹੁਤ ਠੰਡੀਆਂ ਅਤੇ ਸ਼ਾਂਤ। ਇਹ ਬਿਆਨ ਅਕਾਲੀ ਦਲ ਵਿਚ ਆਉਣ ਵਾਲੀ ਫੁੱਟ ਦੀ ਨਿਸ਼ਾਨੀ ਸੀ ਅਤੇ ਇਸ ਵਿਚ ਪ੍ਰਤਾਪ ਸਿੰਘ ਕੈਰੋਂ ਅਤੇ ਨਹਿਰੂ ਦੀ ਫਤਹਿ ਸਿੰਘ ਨਾਲ ਸਾਂਝ ਹੋ ਚੁਕੇ ਹੋਣ ਵੱਲ ਇਸ਼ਾਰਾ ਸੀ।

ਬਿਆਨਬਾਜ਼ੀ ਦੇ ਇਨ੍ਹਾਂ ਦਿਨਾਂ ਵਿਚ ਪੰਜਾਬੀ ਸੂਬੇ ਬਾਰੇ ਵੱਖ-ਵੱਖ ਵਿਚਾਰ ਤੇ ਬਿਆਨ ਛਪਦੇ ਰਹਿੰਦੇ ਸਨ। ਕਾਂਗਰਸੀ ਪੰਜਾਬੀ ਸੂਬੇ ਦੇ ਵਿਰੁਧ ਅਤੇ ਅਕਾਲੀ ਇਸ ਦੇ ਹੱਕ ਵਿਚ ਬਿਆਨ ਦੇ ਰਹੇ ਸਨ। 28 ਮਾਰਚ ਨੂੰ ਫਤਹਿ ਸਿੰਘ ਨੇ ਕਿਹਾ ਕਿ ਪੰਜਾਬੀ ਸੂਬੇ ਵਿਚ ਆਬਾਦੀ ਦਾ ਤਬਾਦਲਾ ਨਹੀਂ ਹੋਵੇਗਾ। ਇਹ ਸਿਰਫ਼ ਬੋਲੀ ਦੇ ਅਧਾਰ 'ਤੇ ਸੂਬਾ ਹੋਵੇਗਾ। ਮਾਸਟਰ ਤਾਰਾ ਸਿੰਘ ਨੇ 2 ਅਪ੍ਰੈਲ ਨੂੰ ਕਿਹਾ ਕਿ ਜੇ ਫਤਹਿ ਸਿੰਘ ਨਹਿਰੂ ਮੁਲਾਕਾਤ ਫੇਲ੍ਹ ਹੋ ਗਈ ਤਾਂ ਮੈਂ ਜ਼ਿੰਦਗੀ ਦੀ ਬਾਜ਼ੀ ਲਾਵਾਂਗਾ। ਅਗਲੇ ਦਿਨ ਮਾਸਟਰ ਨੇ ਪਟਿਆਲੇ ਵਿਚ ਕਿਹਾ ਕਿ 'ਮੋਰਚਾ ਦਲ ਨੂੰ ਫੁੱਟ ਤੋਂ ਬਚਾਉਣ ਲਈ ਮੁਅੱਤਲ ਕੀਤਾ ਗਿਆ। ਮੋਰਚਾ ਖ਼ਤਮ ਨਹੀਂ ਹੋਇਆ ਅਤੇ ਭੁੱਖ ਹੜਤਾਲਾਂ ਦਾ ਸਿਲਸਿਲਾ ਜਾਰੀ ਰਹਿ ਸਕਦਾ ਹੈ।' 28 ਅਪ੍ਰੈਲ ਨੂੰ ਫਤਹਿ ਸਿੰਘ ਨੇ ਕਿਹਾ ਕਿ 'ਅਕਾਲੀ ਦਲ ਸਰਕਾਰ ਨਾਲ ਮੋਰਚੇ ਲਈ ਜੰਗ ਨਹੀਂ ਕਰ ਰਿਹਾ।' (ਤੀਜੀ ਨਹਿਰੂ ਫਤਹਿ ਸਿੰਘ ਮੁਲਾਕਾਤ 12 ਮਈ 1961 ਨੂੰ ਹੋਣ ਵਾਲੀ ਸੀ)।

ਮਾਸਟਰ ਤਾਰਾ ਸਿੰਘ ਦਾ ਮਰਨ ਵਰਤ

12 ਮਈ 1961 ਨੂੰ ਤੀਜੀ ਨਹਿਰੂ-ਫਤਹਿ ਸਿੰਘ ਮੁਲਾਕਾਤ ਹੋਈ। ਇਸ ਮੁਲਾਕਾਤ ਨਾਲ ਨਹਿਰੂ ਨੇ 'ਪੰਜਾਬੀ ਸੂਬਾ' ਦੀ ਮੰਗ ਨੂੰ ਮੰਨਣ ਤੋਂ ਸਾਫ਼ ਨਾਂਹ ਕਰ ਦਿੱਤੀ ਜਿਸ ਨਾਲ ਮੁਲਾਕਾਤਾਂ ਦਾ ਸਿਲਸਿਲਾ ਖ਼ਤਮ ਹੋ ਗਿਆ (ਇਨ੍ਹਾਂ ਤਿੰਨ ਮੁਲਾਕਾਤਾਂ ਵਿਚ ਨਹਿਰੂ ਨੇ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਵਿਚ ਫੁੱਟ ਤਾਂ ਪਾ ਹੀ ਦਿੱਤੀ ਸੀ)। ਫਤਹਿ ਸਿੰਘ ਨਹਿਰੂ ਮੁਲਾਕਾਤ ਫ਼ੇਲ੍ਹ ਹੋਣ ਤੋਂ ਪੰਜਾਬੀ ਸੂਬੇ ਦੇ ਸਵਾਲ 'ਤੇ ਜੱਦੋਜਹਿਦ ਦਾ ਅਗਲਾ ਪੜਾਅ ਸ਼ੁਰੂ ਹੋ ਗਿਆ।

ਇਸੇ ਦਿਨ ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਹੁਣ ਹਾਲਤ ਬੜੀ ਨਾਜ਼ੁਕ ਹੋ ਗਈ ਹੈ ਕਿਉਂਕਿ ਨਹਿਰੂ ਨੇ ਪੰਜਾਬੀ ਸੂਬਾ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। 13 ਮਈ ਨੂੰ ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਪੰਜਾਬੀ ਸੂਬੇ ਲਈ ਜੱਦੋਜਹਿਦ ਜਾਰੀ ਰਹੇਗੀ। ਜੇ ਅਸੀਂ ਇਹ ਮੰਗ ਛੱਡਾਂਗੇ ਤਾਂ ਅਸੀਂ ਗ਼ਦਾਰ ਹੋਵਾਂਗੇ। ਹੁਣ ਜਦੋਂ 57129 ਗ੍ਰਿਫ਼ਤਾਰੀਆਂ ਅਤੇ ਮਰਨ ਮਗਰੋਂ ਵੀ ਕੁਝ ਨਹੀਂ ਬਣਿਆ ਤਾਂ ਇਕ ਮਹਾਨ ਕੁਰਬਾਨੀ ਦੇਣੀ ਪਵੇਗੀ। ਮਾਸਟਰ ਤਾਰਾ ਸਿੰਘ ਦਾ ਇਸ਼ਾਰਾ ਆਪਣੇ ਮਰਨ ਵਰਤ ਵੱਲ ਸੀ। 15 ਮਈ ਨੂੰ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਮੈਂ ਜਾਂ ਫਤਹਿ ਸਿੰਘ ਤੇ ਜਾਂ ਦੋਵੇਂ ਮਰਨ ਵਰਤ ਰੱਖਾਂਗੇ। 16 ਮਈ ਨੂੰ ਫਤਹਿ ਸਿੰਘ ਨੇ ਗੰਗਾਨਗਰ ਤੋਂ ਇਕ ਬਿਆਨ ਦੇ ਕੇ ਮੁੜ ਵਰਤ ਰੱਖਣ ਐਲਾਨ ਕੀਤਾ। 17 ਮਈ ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਦੋਹਾਂ ਆਗੂਆਂ ਦੀ ਮਰਨ ਵਰਤ ਰੱਖਣ ਦੀ ਪੇਸ਼ਕਸ਼ ਰੱਦ ਕਰ ਦਿੱਤੀ। ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖਣ ਦੀ ਗੱਲ ਫੇਰ ਕਹਿਣੀ ਸ਼ੁਰੂ ਕਰ ਦਿਤੀ। ਇਸ ਸਬੰਧ ਵਿਚ 27

WWW.SIKHBOOKCLUB.COM

ਮਈ ਨੂੰ ਦਲ ਦੀ ਵਰਕਿੰਗ ਕਮੇਟੀ ਅਤੇ 28 ਮਈ ਨੂੰ ਜਨਰਲ ਹਾਊਸ ਦੀ ਮੀਟਿੰਗ ਬੁਲਾ ਲਈ।

27 ਮਈ ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਮਾਸਟਰ ਤਾਰਾ ਸਿੰਘ ਦਾ ਮਰਨ ਵਰਤ ਰੱਖਣ ਦੀ ਮੰਗ ਉੱਪਰ ਵਿਚਾਰ ਕਰਨ ਵਾਸਤੇ 8 ਮੈਂਬਰੀ ਕਮੇਟੀ ਬਣਾ ਦਿੱਤੀ ਜਿਸ ਵਿਚ ਮਲਕ ਮੁਖਬੈਣ ਸਿੰਘ, ਚੌਧਰੀ ਕਰਤਾਰ ਸਿੰਹ, ਅਮਰ ਸਿੰਘ ਅੰਬਾਲਵੀ, ਡਾ. ਹਰਬੰਸ ਸਿੰਘ (ਪ੍ਰਿੰਸੀਪਲ ਖਾਲਸਾ ਕਾਲਜ, ਅੰਮ੍ਰਿਤਸਰ, ਉਦੋਂ ਮੁਅੱਤਲ), ਕੇ.ਜੀ. ਜੋਧ, ਬੇਦੀ ਸ਼ਮਸ਼ੇਰ ਸਿੰਘ, ਗੁਰਬਖ਼ਸ਼ ਸਿੰਘ ਸ਼ਾਮਿਲ ਸਨ।

28 ਮਈ 1961 ਨੂੰ ਅਕਾਲੀ ਦਲ ਦੀ ਜਨਰਲ ਬਾਡੀ ਦੀ ਮੀਟਿੰਗ ਵਿਚ ਗ਼ੈਰ-ਅਕਾਲੀ ਵੀ ਸੱਦੇ ਹੋਏ ਸਨ ਜਿਨ੍ਹਾਂ ਵਿਚ ਡਾ. ਕਿਚਲੂ, ਡਾਕਟਰ ਕਾਲੀ ਚਰਨ ਸ਼ਰਮਾ, ਕੇ.ਜੀ. ਜੋਧ, ਪੰਡਤ ਸੁੰਦਰ ਲਾਲ, ਸੇਠ ਰਾਮ ਨਾਥ, ਊਧਮ ਸਿੰਘ ਨਾਗੋਕੇ, ਹਰਭਜਨ ਸਿੰਘ (ਸੋਸ਼ਲਿਸਟ) ਤੇ ਕੁਝ ਹੋਰ ਸ਼ਾਮਿਲ ਸਨ। ਇਸ ਮੀਟਿੰਗ ਵਿਚ ਸ਼ਾਮਿਲ ਸਾਰੇ ਆਗੂਆਂ ਨੇ ਅਕਾਲੀ ਦਲ ਦੀ ਹਿਮਾਇਤ ਕੀਤੀ। ਫਤਹਿ ਸਿੰਘ ਨੇ ਮੁੱਖ ਮਤਾ ਪੇਸ਼ ਕੀਤਾ। ਗੁਰਨਾਮ ਸਿੰਘ ਨੇ ਇਸ ਦੀ ਤਾਈਦ ਕੀਤੀ। ਮਤੇ ਵਿਚ ਪੰਜਾਬੀ ਸੂਬੇ ਦੀ ਜਦੋ-ਜਹਿਦ ਤੇ ਮੰਗ ਬਾਰੇ ਵਿਚਾਰ ਕਰਨ ਮਗਰੋਂ ਮਾਸਟਰ ਤਾਰਾ ਸਿੰਘ ਨੂੰ ਮਰਨ ਵਰਤ ਦੀ ਇਜਾਜ਼ਤ ਦੇ ਦਿੱਤੀ ਗਈ। ਇਹ ਮਰਨ ਵਰਤ 15 ਅਗਸਤ ਨੂੰ ਰੱਖੇ ਜਾਣ ਦਾ ਐਲਾਨ ਕਰ ਦਿੱਤਾ ਗਿਆ। ਇਸ ਮੀਟਿੰਗ ਵਿਚ ਪਹਿਲਾਂ ਤਾਂ ਫਤਹਿ ਸਿੰਘ ਨੇ ਇਹ ਕਿਹਾ ਕਿ ਮਾਸਟਰ ਤਾਰਾ ਸਿੰਘ ਸਿੱਖਾਂ ਦਾ ਮਹਾਨ ਆਗੂ ਹੈ ਅਤੇ 40 ਸਾਲ ਤੋਂ ਇਹ ਮਹਾਨ ਖ਼ਜ਼ਾਨਾ ਸਿੱਖੀ ਦੀ ਸੇਵਾ ਕਰ ਰਿਹਾ। ਇਹ ਖ਼ਜ਼ਾਨਾ ਹੱਥੋਂ ਨਹੀਂ ਗੁਆਉਣਾ ਚਾਹੀਦਾ। ਇਸ ਕਰ ਕੇ ਮੇਰਾ ਫ਼ਰਜ਼ ਹੈ ਕਿ ਮੈਂ ਵਰਤ ਰੱਖਾਂ। ਜਦੋਂ ਸਿਪਾਹੀ ਜਿਊਂਦੇ ਹੋਣ ਤਾਂ ਆਗੂ ਲੜਾਈ ਵਾਸਤੇ ਨਹੀਂ ਜਾਂਦੇ। ਇਜਲਾਸ ਨੂੰ ਪਹਿਲਾਂ ਮੈਨੂੰ ਇਜਾਜ਼ਤ ਦੇਣੀ ਚਾਹੀਦੀ ਹੈ।

ਇਸੇ ਮੀਟਿੰਗ ਵਿਚ ਡਾ: ਕਾਲੀ ਚਰਨ ਨੇ ਕਿਹਾ ਕਿ ''**ਮਾਸਟਰ ਜੀ ਨੂੰ ਮਰਨ ਵਰਤ ਰੱਖਣ ਦੀ ਆਗਿਆ ਦੇਣ ਦਾ ਮਤਲਬ ਹੈ ਕਾਂਗਰਸ ਦੇ ਹੱਥਾਂ ਵਿਚ ਖੇਡਣਾ ਜਿਹੜੀ ਕਿ ਸਿੱਖ ਕੌਮ ਦੇ ਬੇਮਿਸਾਲ ਆਗੂ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ।**''

ਸੱਚ ਤਾਂ ਇਹ ਹੈ ਕਿ ਮਾਸਟਰ ਤਾਰਾ ਸਿੰਘ ਨੂੰ ਮਾਰਨ ਵਾਸਤੇ ਵਰਤ ਰਖਾਉਣ ਦੀ ਸਾਜ਼ਿਸ਼ ਰਚੀ ਗਈ ਸੀ ਤੇ ਦੂਜੇ ਪਾਸੇ ਮਾਸਟਰ ਤਾਰਾ ਸਿੰਘ ਆਪ ਵੀ ਮਰਨ ਵਰਤ ਰੱਖ ਕੇ ਪੰਜਾਬੀ ਸੂਬੇ ਦਾ ਸਿਹਰਾ ਆਪਣੇ ਸਿਰ ਲੈਣਾ ਚਾਹੁੰਦਾ ਸੀ।

29 ਮਈ 1961 ਨੂੰ ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ''ਮੈਂ ਫਤਹਿ ਸਿੰਘ ਦਾ ਵਰਤ ਨਹਿਰੂ ਦੀ ਦਿੱਲੀ ਤੇ ਭਾਵ ਨਗਰ ਵਿਚ ਕੀਤੀ ਤਕਰੀਰ ਤੇ ਵਾਅਦੇ ਦੀ ਬਿਨਾਅ 'ਤੇ ਛੁਡਵਾਇਆ ਸੀ। ਉਸ ਵਕਤ ਸਿੱਖਾਂ ਵਿਚ ਫ਼ੁੱਟ ਦਾ ਮੁਕਾਮ ਆ ਜਾਣ ਕਰ ਕੇ ਵਰਤ ਛੁਡਾਉਣਾ ਪਿਆ। ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਨਹਿਰੂ 'ਤੇ ਯਕੀਨ ਨਾ ਕਰਨ ਵਾਲੇ ਠੀਕ ਸਨ।''

ਮਾਸਟਰ ਤਾਰਾ ਸਿੰਘ ਮਰਨ ਵਰਤ ਦਾ ਐਲਾਨ ਕਰ ਮਗਰੋਂ ਗ੍ਰਿਫ਼ਤਾਰੀ ਤੋਂ ਬਚਣ ਲਈ 1 ਜੂਨ ਨੂੰ ਦਰਬਾਰ ਸਾਹਿਬ ਵਿਚ ਆ ਗਿਆ। ਇਸ ਤੋਂ ਜਲਦੀ ਹੀ ਪਿੱਛੋਂ, 4 ਜੂਨ ਨੂੰ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਮੁੜ ਸ਼ੁਰੂ ਹੋ ਗਈਆਂ। ਇਸੇ ਦਿਨ ਆਤਮਾ ਸਿੰਘ, ਕਿਹਰ ਸਿੰਘ ਵੈਰਾਗੀ, ਹਰਬੰਸ ਸਿੰਘ ਮਜੀਠਾ, ਜਗਜੀਤ ਸਿੰਘ ਗੋਗੋਆਨੀ, ਹਜ਼ਾਰਾ ਸਿੰਘ ਗਿੱਲ, ਸਾਧੂ ਸਿੰਘ ਭੈਰਾ, ਬਲਦੇਵ ਸਿੰਘ ਮਾਹਿਲਪੁਰੀ, ਪ੍ਰੀਤਮ ਸਿੰਘ ਸ਼ਰੀਂਹ, ਕ੍ਰਿਪਾਲ ਸਿੰਘ ਸ਼ੇਰੇ ਵਾਲਾ, ਆਤਮਾ ਸਿੰਘ ਭੈਣੀ, ਕਰਤਾਰ ਸਿੰਘ ਦਰਵੇਸ਼, ਬਖ਼ਤਾਵਰ ਸਿੰਘ ਤੇ ਕਈ ਹੋਰ ਗ੍ਰਿਫ਼ਤਾਰ ਕਰ ਲਏ ਗਏ। ਦੂਜੇ ਪਾਸੇ 11 ਜੂਨ ਨੂੰ ਫ਼ਿਰਕੂ ਹਿੰਦੂ ਰਾਮੇਸ਼ਵਰਾ ਨੰਦ ਨੇ ਮਾਸਟਰ ਤਾਰਾ ਸਿੰਘ ਦੇ ਵਰਤ ਦੇ ਖ਼ਿਲਾਫ਼ ਮਰਨ ਵਰਤ ਰੱਖਣ ਦਾ ਐਲਾਨ ਕੀਤਾ।

ਇਸ ਦੌਰਾਨ 29 ਜੂਨ 1961 ਨੂੰ ਬਲਦੇਵ ਸਿੰਘ ਸਾਬਕਾ ਡਿਫੈਂਸ ਮਨਿਸਟਰ ਦੀ ਮੌਤ ਹੋ ਗਈ। ਮਾਸਟਰ ਜੀ ਨੇ ਬੜੀ ਮਸ਼ਕਲ ਨਾਲ ਫਤਹਿ ਸਿੰਘ ਨੂੰ ਆਪਣੇ ਵਲੋਂ ਅਰਦਾਸ ਵਿਚ ਸ਼ਾਮਿਲ ਹੋਣ ਵਾਸਤੇ ਭੇਜਿਆ। ਭੋਗ ਮਗਰੋਂ ਫਤਹਿ ਸਿੰਘ ਅੜੇ ਹੋਰ ਸਾਥੀਆਂ ਨੇ ਫੇਰ ਦਰਬਾਰ ਸਾਹਿਬ ਵਿਚ ਡੇਰੇ ਲਾ ਲਏ। ਪਹਿਲੀ ਜੁਲਾਈ ਨੂੰ ਹੁਡਿਆਰੇ ਨੇ ਐਲਾਨ ਕੀਤਾ ਕਿ ਜੇ ਪੰਜਾਬੀ ਸੂਬਾ ਨਾ ਬਣਾਇਆ ਗਿਆ ਤਾਂ ਸਿੱਖ ਸਟੇਟ ਦੀ ਮੰਗ ਕੀਤੀ ਜਾਵੇਗੀ। ਜਵਾਬ ਵਿਚ ਮਾਸਟਰ ਤਾਰਾ ਸਿੰਘ ਨੇ ਬਿਆਨ ਦਿੱਤਾ ਕਿ 'ਸਿੱਖ ਸਟੇਟ ਦੀ ਮੰਗ ਕਰਨਾ ਪਾਗ਼ਲਪਣ ਹੈ।'

12 ਜੁਲਾਈ 1961 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਇਕ ਪ੍ਰੈਸ ਕਾਨਫ਼ਰੰਸ ਵਿਚ ਮਾਸਟਰ ਜੀ ਨੇ ਕਿਹਾ ਕਿ ਉਹ ਪੰਜਾਬੀ ਸੂਬੇ ਸਵਾਲ 'ਤੇ ਰਾਏ ਸ਼ੁਮਾਰੀ ਕਰਾਉਣ ਲਈ ਤਿਆਰ ਹਨ। ਪਰ ਸਰਕਾਰ ਇਹ ਗੱਲ ਕਿਥੇ ਗੱਲ ਮੰਨ ਸਕਦੀ ਸੀ। ਇਸ ਕਰ ਕੇ ਅਖ਼ੀਰ 15 ਅਗਸਤ 1961 ਦੇ ਦਿਨ ਮਾਸਟਰ ਤਾਰਾ ਸਿੰਘ ਨੇ ਅਕਾਲ ਤਖ਼ਤ 'ਤੇ ਅਰਦਾਸ ਕਰ ਕੇ ਮੰਜੀ ਸਾਹਿਬ ਦੀ (ਫ਼ਤਹਿ ਸਿੰਘ ਵਲੋਂ ਦਸੰਬਰ 1960 ਵਿਚ ਉਚੇਚੇ ਤੌਰ 'ਤੇ ਤਿਆਰ ਕਰਵਾਈ ਗਈ) **ਝੌਂਪੜੀ** ਵਿਚ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ।

ਇਸ ਸਮੇਂ ਵਿਚ (28 ਮਈ 1961 ਤੋਂ 14 ਅਗਸਤ 1961 ਤਕ) 78 ਦਿਨ ਤਕ ਅਕਾਲੀ ਆਗੂਆਂ ਨੇ ਅਕਾਲ ਤਖ਼ਤ ਸਾਹਿਬ ਤੇ ਹੀ ਡੇਰੇ ਲਾ ਲਏ ਸਨ। ਚਾਹੀਦਾ ਤਾਂ ਇਹ ਸੀ ਕਿ ਜਲਸੇ, ਜਲੂਸ ਤੇ ਮੁਜ਼ਾਹਰੇ ਹੁੰਦੇ। ਪੰਜਾਬ ਵਿਚ ਮੋਰਚੇ ਵਾਲਾ ਮਾਹੌਲ ਪੈਦਾ ਕੀਤਾ ਜਾਂਦਾ। ਪਰ ਜਾਂ ਤਾਂ ਗ੍ਰਿਫ਼ਤਾਰੀ ਤੋਂ ਡਰ ਕੇ ਅਤੇ ਜਾਂ ਸਰਕਾਰ ਨਾਲ ਮਿਲੇ ਹੋਣ ਕਰ ਕੇ ਇਕ ਸਾਜ਼ਿਸ਼ ਹੇਠ ਫਤਹਿ ਸਿੰਘ, ਹੁਡਿਆਰਾ ਅਤੇ ਹੋਰ ਮੋਰਚਾ ਕਮੇਟੀ ਵਾਲੇ ਆਗੂਆਂ ਨੇ ਵਰਤ ਸਬੰਧੀ ਪ੍ਰਚਾਰ ਕਰਨ ਦੀ ਕੋਈ ਕੋਸ਼ਿਸ਼ ਹੀ ਨਹੀਂ ਕੀਤੀ। ਸਿਰਫ਼ ''ਮਾਸਟਰ ਮਗਰੋਂ ਮੈਂ ਵਰਤ ਰਖਾਂਗਾ ਵਾਲਾ ਬਿਆਨ ਇਕੱਲੇ ਫਤਹਿ ਸਿੰਘ ਨੇ ਦਿੱਤਾ।'' ਬਾਕੀ ਸਾਰੇ ਆਗੂ ਚੁਪ ਰਹੇ। ਅਜਿਹਾ ਜਾਪਦਾ ਹੈ ਕਿ ਕਈ ਅਕਾਲੀ ਆਗੂ ਨਹਿਰੂ ਤੇ ਕੈਰੋਂ ਨਾਲ ਮਿਲੇ ਹੋਏ ਸਨ ਤੇ ਉਹ ਚਾਹੁੰਦੇ ਸਨ ਕਿ ਮਾਸਟਰ ਤਾਰਾ ਸਿੰਘ ਮਰ ਜਾਵੇ।

WWW.SIKHBOOKCLUB.COM

17 ਅਗਸਤ 1961 ਨੂੰ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਇਕ ਚਿੱਠੀ ਲਿਖੀ। 18 ਤਾਰੀਖ਼ ਨੂੰ ਵਰਕਿੰਗ ਕਮੇਟੀ ਨੇ ਚਿੱਠੀ 'ਤੇ ਵਿਚਾਰ ਕੀਤੀ ਪਰ ਕੋਈ ਫ਼ੈਸਲਾ ਨਾ ਹੋ ਸਕਿਆ। ਇਨ੍ਹੀਂ ਦਿਨੀਂ ਮਹਾਰਾਜਾ ਪਟਿਆਲਾ ਨੇ ਇਕ ਫ਼ਾਰਮੂਲਾ ਪੇਸ਼ ਕੀਤਾ ਕਿ ਪੰਜਾਬੀ ਨੂੰ ਸਾਰੇ ਪੰਜਾਬ ਦੀ ਬੋਲੀ ਬਣਾ ਦਿੱਤਾ ਜਾਵੇ ਪਰ ਅਕਾਲੀ ਦਲ ਨੇ 19 ਅਗਸਤ ਨੂੰ ਇਹ ਫ਼ਾਰਮੂਲਾ ਵੀ ਰੱਦ ਕਰ ਦਿੱਤਾ। 22 ਤਾਰੀਖ਼ ਨੂੰ ਨਹਿਰੂ ਨੇ ਫਤਹਿ ਸਿੰਘ ਨੂੰ ਮੁਲਾਕਾਤ ਦਾ ਸੱਦਾ ਦਿੱਤਾ। 23 ਤੋਂ 25 ਅਗਸਤ ਤਕ ਫਤਹਿ ਸਿੰਘ ਤੇ ਗੁਰਨਾਮ ਸਿੰਘ ਨਹਿਰੂ ਨੂੰ ਮਿਲੇ। ਪਰ 26 ਤਾਰੀਖ਼ ਨੂੰ ਕੈਰੋਂ ਨੇ ਮਾਸਟਰ ਜੀ ਦਾ ਵਰਤ ਛੁਡਵਾਉਣ ਲਈ ਸਾਰੇ ਆਗੂਆਂ ਨੂੰ ਕੋਸ਼ਿਸ਼ਾਂ ਕਰਨ ਵਾਸਤੇ ਅਪੀਲ ਕੀਤੀ। ਇਸੇ ਦਿਨ ਮੌਲੀ ਚੰਦਰ ਸ਼ਰਮਾ, ਕੇ.ਐਮ. ਮੁਨਸ਼ੀ ਅਤੇ ਮਹਾਂ ਦਿਗਵਿਜੈ ਨਾਥ ਤੇ ਕਈ ਹੋਰ ਆਗੂ ਮਾਸਟਰ ਤਾਰਾ ਸਿੰਘ ਨੂੰ ਮਿਲਣ ਗਏ। 28 ਤਾਰੀਖ ਨੂੰ ਮਾਸਟਰ ਜੀ ਨੇ ਬਿਆਨ ਦਿੱਤਾ ਕਿ ਜੇ ਪੰਜਾਬੀ ਸੂਬੇ ਨੂੰ ਅਸੂਲੀ ਤੌਰ 'ਤੇ ਮੰਨ ਲਿਆ ਜਾਵੇ ਤਾਂ ਉਹ ਵਰਤ ਛੱਡ ਦੇਣਗੇ।

29 ਅਗਸਤ 1961 ਨੂੰ ਜਵਾਹਰ ਲਾਲ ਨਹਿਰੂ ਨੇ ਪਾਰਲੀਮੈਂਟ ਵਿਚ ਕਿਹਾ ਕਿ ਪੰਜਾਬ ਦੀ ਵੰਡ ਨੁਕਸਾਨਦੇਹ ਹੋਵੇਗੀ। ਨਹਿਰੂ ਨੇ ਸਿੱਖਾਂ ਨਾਲ ਵਿਤਕਰੇ ਸਬੰਧੀ ਪੜਤਾਲ ਕਰਾਉਣ ਦੀ 'ਹਾਂ' ਕੀਤੀ। ਨਹਿਰੂ ਦੇ 'ਪੰਜਾਬੀ ਸੂਬਾ ਨਹੀਂ ਬਣੇਗਾ' ਦੇ ਬਿਆਨ ਤੇ ਰਾਮੇਸ਼ਵਰਾਨੰਦ ਨੇ ਆਪਣਾ ਵਰਤ 31 ਅਗਸਤ ਨੂੰ ਖੋਲ੍ਹ ਦਿੱਤਾ। ਇਸ ਦਿਨ ਰਾਜ ਗੋਪਾਲ ਅਚਾਰੀਆ ਨੇ ਵੀ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ। ਪਹਿਲੀ ਸਤੰਬਰ ਨੂੰ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਪੰਜਾਬੀ ਸੂਬਾ ਨਾ ਬਣਾਉਣਾ ਸਿੱਖਾਂ ਨਾਲ ਵਿਤਕਰਾ ਹੈ ਤੇ ਜੇ ਸਰਕਾਰ ਸਿੱਖਾਂ ਨਾਲ ਵਿਤਕਰੇ ਬਾਰੇ ਇਕ 'ਹਾਈ ਪਾਵਰਡ ਕਮਿਸ਼ਨ' ਬਣਾ ਦੇਵੇ ਤਾਂ ਮੈਂ ਮਰਨ ਵਰਤ ਛੱਡ ਦੇਵਾਂਗਾ। ਇਸੇ ਦਿਨ ਨਵਾਬ ਮਲੇਰਕੋਟਲਾ ਨੇ ਪੈਪਸੂ ਦੀ ਮੁੜ ਕਾਇਮੀ ਦੀ ਮੰਗ ਕੀਤੀ। 2 ਸਤੰਬਰ ਨੂੰ ਮਾਸਟਰ ਜੀ ਨੇ ਜੈ ਪ੍ਰਕਾਸ਼ ਨਾਰਾਇਣ ਨੂੰ ਪੰਜਾਬੀ ਸੂਬੇ ਲਈ ਸਾਲਸ ਮੰਨਣ ਦੀ ਮੰਗ ਰੱਖੀ। ਇਸੇ ਦਿਨ ਮਾਸਟਰ ਤਾਰਾ ਸਿੰਘ ਨੇ ਇਕ ਵਿਦੇਸ਼ੀ ਨਾਮਾਨਿਗਾਰ ਨੂੰ ਸਿੱਖਾਂ ਨਾਲ ਵਿਤਕਰੇ ਦਾ ਕੇਸ ਯੂ.ਐਨ.ਓ. ਵਿਚ ਲਿਜਾਣ ਲਈ ਕਿਹਾ। ਇਸੇ ਦਿਨ ਕਮਿਊਨਿਸਟ ਪਾਰਟੀ ਨੇ ਵੀ ਪੰਜਾਬੀ ਸੂਬੇ ਦੀ ਹਿਮਾਇਤ ਕਰ ਦਿੱਤੀ। 2 ਸਤੰਬਰ ਨੂੰ ਮੋਰਾਰੀ ਜੀ ਦੇਸਾਈ ਵਜ਼ੀਰ ਨੇ ਪੰਜਾਬੀ ਸੂਬੇ ਦੇ ਸਵਾਲ 'ਤੇ ਵਿਚੋਲੇ ਦੀ ਮੰਗ ਰੱਦ ਕਰ ਦਿੱਤੀ।

3 ਸਤੰਬਰ ਨੂੰ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਨੇ (ਸਰਦੂਲ ਸਿੰਘ ਤੇ ਕਰਤਾਰ ਸਿੰਘ ਦੀ ਹਿਮਾਇਤ ਵਿਚ ਪਰ ਜੋਗਿੰਦਰ ਸਿੰਘ ਰੇਖੀ ਨੇ ਵਿਰੋਧ ਵਿਚ) ਮਾਸਟਰ ਤਾਰਾ ਸਿੰਘ ਨੂੰ ਗੁਰਦੁਆਰਾ ਹੱਦ ਤੋਂ ਬਾਹਰ ਵਰਤ ਰੱਖਣ ਦਾ ਨੋਟਿਸ ਦਿੱਤਾ। 5 ਸਤੰਬਰ ਨੂੰ ਸੁਪਰਡੈਂਟ ਪੁਲਿਸ ਨੇ ਸ਼੍ਰੋਮਣੀ ਕਮੇਟੀ ਨੂੰ ਮਾਸਟਰ ਤਾਰਾ ਸਿੰਘ, ਤੁੜ, ਹੁਡਿਆਰਾ ਅਤੇ ਗੁਰਬਖ਼ਸ਼ ਸਿੰਘ ਨੂੰ ਪੁਲਿਸ ਕੋਲ ਪੇਸ਼ ਕਰਨ ਲਈ ਨੋਟਿਸ ਦਿੱਤਾ। 7 ਸਤੰਬਰ 1961 ਨੂੰ ਮਾਸਟਰ ਤਾਰਾ ਸਿੰਘ ਤੇ ਫਤਹਿ ਸਿੰਘ 'ਭਗੌੜੇ ਦੋਸ਼ੀ' ਕਰਾਰ ਦੇ ਦਿੱਤੇ ਗਏ।

WWW.SIKHBOOKCLUB.COM

9 ਸਤੰਬਰ 1961 ਨੂੰ ਲੰਡਨ ਦੇ ਸਿੱਖਾਂ ਨੇ ਯੂ.ਐਨ.ਓ. ਵਿਚ ਸਿੱਖਾਂ ਨਾਲ ਪੰਜਾਬੀ ਸੂਬੇ ਸਬੰਧੀ ਵਿਤਕਰੇ ਕਾਰਨ ਲਿਖਤੀ ਪ੍ਰੋਟੈਸਟ ਭੇਜਿਆ। 12 ਸਤੰਬਰ 1961 ਨੂੰ ਗੁਰਮੁਖ ਸਿੰਘ ਮੁਸਾਫ਼ਿਰ ਨੇ ਮਾਸਟਰ ਜੀ ਨਾਲ ਗੱਲਬਾਤ ਕੀਤੀ। ਇਸ ਮਗਰੋਂ ਅਕਾਲੀਆਂ ਨੇ ਗੱਲਬਾਤ ਨੂੰ ਕੋਈ ਉਤਸ਼ਾਹ ਨਾ ਦੇਣ ਦਾ ਫ਼ੈਸਲਾ ਕਰ ਲਿਆ। ਦੋ ਦਿਨ ਬਾਅਦ ਕੈਰੋਂ ਨੇ ਅਕਾਲੀਆਂ ਉੱਤੇ ਪਾਕਿਸਤਾਨ ਨਾਲ ਮਿਲੇ ਹੋਣ ਦਾ ਦੋਸ਼ ਲਾਇਆ। 15 ਤੇ 16 ਸਤੰਬਰ ਨੂੰ ਪੁਲਿਸ ਨੇ ਅੰਬਾਲਾ, ਲੁਧਿਆਣਾ, ਨਾਭਾ, ਫਤਹਿਗੜ੍ਹ, ਜੈਤੋ, ਕਪੂਰਥਲਾ ਤੇ ਫਰੀਦਕੋਟ ਦੇ ਗੁਰਦੁਆਰਿਆਂ 'ਚ ਦਾਖ਼ਿਲ ਹੋ ਕੇ ਅਕਾਲੀ ਵਰਕਰ ਗ੍ਰਿਫ਼ਤਾਰ ਕੀਤੇ। ਇਸ ਦੀ ਚੀਫ਼ ਖਾਲਸਾ ਦੀਵਾਨ ਨੇ ਵੀ ਨਿੰਦਾ ਕੀਤੀ। 18 ਸਤੰਬਰ ਨੂੰ ਗੁਰਨਾਮ ਸਿੰਘ-ਮਹਾਰਾਜਾ ਪਟਿਆਲਾ ਗਲਬਾਤ ਵੀ ਫੇਲ੍ਹ ਹੋ ਗਈ। 20 ਸਤੰਬਰ ਨੂੰ ਪੰਜਾਬੀ ਸੂਬੇ ਅਤੇ ਵਰਤ ਦੇ ਸਵਾਲ 'ਤੇ ਅਕਾਲੀ ਐਮ.ਐਲ.ਏ. ਅਸੈਂਬਲੀ 'ਚੋਂ ਵਾਕ ਆਊਟ ਕਰ ਗਏ। ਇਸ ਮਗਰੋਂ ਦਿੱਲੀ ਵਿਚ ਅਕਾਲੀ-ਸਰਕਾਰ ਗਲਬਾਤ ਵੀ ਚਲੀ। ਵਜ਼ੀਰ ਲਾਲ ਬਹਾਦਰ ਸ਼ਾਸ਼ਤਰੀ ਨੇ ਬੰਗਲੌਰ ਦਾ ਦੌਰਾ ਮਨਸੂਖ ਕਰ ਦਿੱਤਾ ਪਰ 26 ਤਾਰੀਖ਼ ਨੂੰ ਉਹ ਗੱਲਬਾਤ ਵੀ ਫੇਲ੍ਹ ਹੋ ਗਈ। ਅਕਾਲੀਆਂ ਵਲੋਂ ਮਹਾਰਾਜਾ ਪਟਿਆਲਾ ਨੂੰ ਗੱਲਬਾਤ ਖ਼ਤਮ ਕਰਨ ਵਾਸਤੇ ਕਹਿ ਦਿੱਤਾ ਗਿਆ।

ਅਕਾਲੀ ਦਲ ਵਲੋਂ ਗੱਲਬਾਤ ਖਤਮ ਤਾਂ ਹੋ ਗਈ ਪਰ 29 ਸਤੰਬਰ ਨੂੰ ਮਲਿਕ ਹਰਦਿੱਤ ਸਿੰਘ ਅੰਮ੍ਰਿਤਸਰ ਪੁੱਜਿਆ ਤੇ ਇਸ ਮਗਰੋਂ ਉਹ ਦਿੱਲੀ ਜਾ ਕੇ ਸ਼ਾਸਤਰੀ ਨੂੰ 30 ਸਤੰਬਰ ਮਿਲਿਆ। ਮਹਾਰਾਜਾ ਪਟਿਆਲਾ ਅਤੇ ਮਲਿਕ ਹਰਦਿੱਤ ਸਿੰਘ ਉਸੇ ਦਿਨ ਸਰਕਾਰ ਦੇ ਸੁਨੇਹੇ ਲੈ ਕੇ ਅੰਮ੍ਰਿਤਸਰ ਪਹੁੰਚੇ। ਅਖ਼ੀਰ ਮਾਸਟਰ ਤਾਰਾ ਸਿੰਘ ਨੇ ਜੋ ਗੱਲ ਇਕ ਸਤੰਬਰ 1961 ਨੂੰ ਹਾਈ ਪਾਵਰ ਕਮਿਸ਼ਨ ਦੀ ਕਾਇਮੀ ਵਾਸਤੇ ਮੰਗ ਵਾਲੀ ਕਹੀ ਸੀ, ਉਸ ਨੂੰ ਮੰਨਵਾ ਕੇ ਮਲਿਕ ਹਰਦਿਤ ਸਿੰਘ ਅਤੇ ਮਹਾਰਾਜਾ ਪਟਿਆਲਾ ਅੰਮ੍ਰਿਤਸਰ ਪਹੁੰਚੇ ਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਿਚ ਪੇਸ਼ ਕੀਤਾ। ਦਲ ਦੀ ਵਰਕਿੰਗ ਕਮੇਟੀ 90 ਮਿੰਟ ਬਹਿਸ ਕਰਦੀ ਰਹੀ। ਫਤਹਿ ਸਿੰਘ, ਮਲਿਕ ਮੁਖਬੈਨ ਸਿੰਘ, ਹਰਚੰਦ ਸਿੰਘ ਜੇਜੀ ਅਤੇ ਹੋਰ ਕਈ ਇਸ ਮੀਟਿੰਗ ਵਿਚ ਹਾਜ਼ਿਰ ਸਨ। ਅਖ਼ੀਰ ਵਰਕਿੰਗ ਕਮੇਟੀ ਨੇ ਮਾਸਟਰ ਤਾਰਾ ਸਿੰਘ ਦਾ ਵਰਤ ਤੁੜਵਾਉਣ ਲਈ ਫ਼ੈਸਲਾ ਕਰ ਦਿੱਤਾ।

ਹਾਈ ਪਾਵਰਡ ਕਮਿਸ਼ਨ ਦਾ ਐਲਾਣ ਤੇ ਮਾਸਟਰ ਨੇ ਵਰਤ ਛੱਡਣਾ

1 ਅਕਤੂਬਰ 1961 ਨੂੰ, ਸ਼ਾਮ ਸਤ ਵਜੇ, ਮਰਨ ਵਰਤ ਦੇ 48ਵੇਂ ਦਿਨ, ਮਾਸਟਰ ਤਾਰਾ ਸਿੰਘ ਨੇ ਆਪਣਾ ਵਰਤ ਖ਼ਤਮ ਕਰ ਦਿੱਤਾ। ਭਾਰਤ ਸਰਕਾਰ ਨੇ ਨੋਟੀਫ਼ੀਕੇਸ਼ਨ ਜਾਰੀ ਕਰਦਿਆਂ ਕਿਹਾ, **''ਸਰਕਾਰ ਨੇ ਸਿੱਖਾਂ ਨਾਲ ਕੀਤੇ ਜਾਂਦੇ ਅਖੌਤੀ ਵਿਤਕਰਿਆਂ ਸਬੰਧੀ ਇਕ ਕਮਿਸ਼ਨ ਬਣਾਉਣ ਦਾ ਨਿਰਣਾ ਕਰ ਦਿੱਤਾ ਹੈ। ਇਹ ਕਮਿਸ਼ਨ ਸਿੱਖਾਂ ਦੀਆਂ ਹਰ ਤਰ੍ਹਾਂ ਦੀਆਂ ਸ਼ਿਕਾਇਤਾਂ ਦੀ ਪੜਤਾਲ ਕਰੇਗਾ।''**

WWW.SIKHBOOKCLUB.COM

ਮਰਨ ਵਰਤ ਖੋਲ੍ਹਣ ਮਗਰੋਂ ਮਾਸਟਰ ਜੀ ਨੇ ਐਲਾਨ ਕੀਤਾ ਕਿ ਕਮਿਸ਼ਨ ਦੇ ਮੈਂਬਰਾਂ ਦੇ ਨਾਂ ਉਨ੍ਹਾਂ ਨੂੰ ਦੱਸੇ ਗਏ ਹਨ। ਇਸ ਗੱਲ ਦੀ ਕਿਸੇ ਨੇ ਤਰਦੀਦ ਨਾ ਕੀਤੀ। ਪਰ ਜਦੋਂ 31 ਅਕਤੂਬਰ ਨੂੰ ਹਾਈ ਪਾਵਰਡ ਕਮਿਸ਼ਨ ਦੇ ਮੈਂਬਰ ਦੇ ਨਾਂਵਾਂ ਦਾ ਐਲਾਨ ਹੋਇਆ ਤਾਂ ਸਾਰੇ ਹੈਰਾਨ ਹੋਏ। ਦਾਸ, ਛਾਗਲਾ ਅਤੇ ਰਾਮਾਸਵਾਮੀ ਆਇਰ ਇਸ ਕਮਿਸ਼ਨ ਦੇ ਤਿੰਨ ਮੈਂਬਰ ਐਲਾਨੇ ਗਏ। ਅਕਾਲੀਆਂ ਨੇ ਇਸ ਦਾ ਵਿਰੋਧ ਕੀਤਾ ਤਾਂ ਨਹਿਰੂ ਨੇ ਕਿਹਾ ਕਿ ਇਹ ਸਰਕਾਰ ਦੀ ਮਰਜ਼ੀ ਜਿਸ ਨੂੰ ਚਾਹੇ ਮੈਂਬਰ ਬਣਾਵੇ। ਮੈਂਬਰਾਂ ਦਾ ਨਾਂਵਾਂ ਸਬੰਧੀ ਕੋਈ ਵਾਅਦਾ ਨਹੀਂ ਹੋਇਆ। 4 ਨਵੰਬਰ ਨੂੰ ਮਾਸਟਰ ਜੀ ਨੇ ਕਿਹਾ ਕਿ ਅਕਾਲੀ ਦਲ ਅਜਿਹੇ ਕਮਿਸ਼ਨ ਦਾ ਬਾਈਕਾਟ ਕਰੇਗਾ। 9 ਨਵੰਬਰ ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਸ ਸਬੰਧੀ ਰੋਸ ਕੀਤਾ। 13 ਨਵੰਬਰ ਨੂੰ ਸ਼ਾਸਤਰੀ ਨੇ ਮੰਨਿਆ ਕਿ ਨਾਂ ਪੇਸ਼ ਹੋਏ ਸਨ ਜਿਨ੍ਹਾਂ 'ਚੋਂ ਜੈ ਪ੍ਰਕਾਸ਼ ਨੇ ਹਾਂ ਨਹੀਂ ਕੀਤੀ ਤੇ ਬਾਕੀ ਸਰਕਾਰ ਨੇ ਨਹੀਂ ਮੰਨੇ। ਅਕਾਲੀਆਂ ਅਨੁਸਾਰ ਪੀਤਾਂਜਲੀ ਸ਼ਾਸਤਰੀ, ਰਾਮਾਸਵਾਮੀ ਮੁਦਾਲੀਅਰ ਤੇ ਜੈ ਪ੍ਰਕਾਸ਼ ਨਾਰਾਇਣ ਦੇ ਨਾਂ ਮੰਨੇ ਗਏ ਸਨ। ਮਲਿਕ ਹਰਦਿਤ ਸਿੰਘ ਜਾਂ ਮਹਾਰਾਜਾ ਪਟਿਆਲਾ ਨੇ ਅਕਾਲੀ ਦਲ ਦੇ ਸਟੈਂਡ ਦੀ ਤਰਦੀਦ ਨਹੀਂ ਕੀਤੀ ਜਿਸ ਤੋਂ ਸਪਸ਼ਟ ਹੈ ਕਿ ਨਾਂ ਮੰਨੇ ਕੀਤੇ ਗਏ ਸਨ।

ਅਖ਼ੀਰ ਅਕਾਲੀ ਦਲ ਨੇ ਇਸ ਹਾਈ ਪਾਵਰਡ ਕਮਿਸ਼ਨ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। 9 ਨਵੰਬਰ 1961 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਦਾਸ ਕਮਿਸ਼ਨ ਦਾ ਬਾਈਕਾਟ ਕਰਨ ਦਾ ਮਤਾ 6 ਦੇ ਮੁਕਾਬਲੇ 13 ਵੋਟਾਂ ਨਾਲ ਪਾਸ ਕਰ ਦਿੱਤਾ। ਦਲ ਵਲੋਂ ਕਮਿਸ਼ਨ ਦਾ ਬਾਈਕਾਟ ਕਰਨ ਦੇ ਬਾਵਜੂਦ ਕਮਿਸ਼ਨ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ। ਅਕਾਲੀ ਦਲ ਨੇ ਦੋਸ਼ ਲਾਇਆ ਕਿ ਇਕ ਮੈਂਬਰ ਛਾਗਲਾ ਨੂੰ ਸੈਂਟਰ ਵਿਚ ਵਜ਼ੀਰ ਬਣਾਉਣ ਦਾ ਭਰੋਸਾ ਦਿਵਾਇਆ ਗਿਆ ਹੈ (ਜਿਹੜਾ ਕਿ ਬਾਅਦ 'ਚ ਠੀਕ ਸਾਬਤ ਹੋਇਆ)। ਦੂਜਾ ਮੈਂਬਰ ਐਸ.ਆਰ. ਦਾਸ ਸੈਂਟਰ ਦੇ ਵਜ਼ੀਰ ਅਸ਼ੋਕ ਜੈਨ ਦਾ ਸਹੁਰਾ ਹੈ। ਇਹ ਦੋਵੇਂ ਜਿਹਾ ਕਿ ਅਕਾਲੀ ਦਲ ਸ਼ੱਕ ਜ਼ਾਹਿਰ ਕੀਤਾ ਸੀ, ਉਵੇਂ ਹੀ ਸਾਬਤ ਹੋਏ।

ਕਮਿਸ਼ਨ ਨੇ 3 ਦਸੰਬਰ 1961 ਨੂੰ ਪਹਿਲੀ 'ਬੈਠਕ' ਕੀਤੀ। 23 ਜਨਵਰੀ 1962 ਨੂੰ ਗੋਪਾਲ ਸਿੰਘ ਦਰਦੀ ਕਮਿਸ਼ਨ ਅੱਗੇ ਪੇਸ਼ ਹੋਇਆ ਅਤੇ ਉਸ ਨੇ ਕਮਿਸ਼ਨ ਨੂੰ ਇਕ ਮੈਮੋਰੰਡਮ ਦਿੱਤਾ ਅਤੇ ਕਿਹਾ ਕਿ ਸਿੱਖਾਂ ਨਾਲ ਕੋਈ ਵਿਤਕਰਾ ਨਹੀਂ ਹੋ ਰਿਹਾ। (ਇਸ ਦਾ ਈਨਾਮ ਗੋਪਾਲ ਸਿੰਘ ਦਰਦੀ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕਰ ਕੇ ਦਿੱਤਾ ਗਿਆ) ਇਸ ਤੋਂ ਬਿਨਾਂ ਇਕ ਹੋਰ ਆਦਮੀ ਸ੍ਰ: ਕਰਤਾਰ ਸਿੰਘ ਚਾਵਲਾ ਐਡਵੋਕੇਟ ਵੀ ਪੇਸ਼ ਹੋਇਆ ਜਿਸ ਨੇ ਸਰਕਾਰੀ ਫ਼ਾਇਲਾਂ ਵੇਖਣ ਦੀ ਇਜਾਜ਼ਤ ਮੰਗੀ, ਜਿਸ ਤੋਂ ਇਨਕਾਰ ਕਰ ਦਿੱਤਾ ਗਿਆ। ਦਰਦੀ ਨੂੰ ਤਾਂ ਕੈਰੋਂ ਨੇ ਭੇਜਿਆ ਸੀ, ਪਰ ਕਰਤਾਰ ਸਿੰਘ ਚਾਵਲਾ ਪੰਥਕ ਜੋਸ਼ ਨਾਲ ਪੇਸ਼ ਹੋਇਆ ਸੀ।

ਕਮਿਸ਼ਨ ਨੇ 9 ਫਰਵਰੀ 1962 ਨੂੰ ਆਪਣੀ 'ਰਿਪੋਰਟ' ਪੇਸ਼ ਕੀਤੀ। ਇਸ ਵਿਚ ਕਮਿਸ਼ਨ ਨੇ ਲਿਖਿਆ ਕਿ ਮਾਸਟਰ ਤਾਰਾ ਸਿੰਘ 'ਸਿੱਖ ਸਟੇਟ' ਚਾਹੁੰਦਾ ਹੈ।

WWW.SIKHBOOKCLUB.COM

ਸਿੱਖ ਨਾਲ ਕੋਈ ਵਿਤਕਰਾ ਨਹੀਂ ਹੋ ਰਿਹਾ। ਉਂਵ ਹੈਰਾਨੀ ਦੀ ਗੱਲ ਹੈ ਕਿ ਕਮਿਸ਼ਨ ਨੇ ਮਾਸਟਰ ਤਾਰਾ ਸਿੰਘ ਬਾਰੇ ਇਹ ਫੈਸਲਾ ਕਿਵੇਂ ਲਿਖਿਆ ਜਦ ਕਿ ਮਾਸਟਰ ਤਾਰਾ ਸਿੰਘ ਨੇ ਕਮਿਸ਼ਨ ਨੂੰ ਨਾ ਤਾਂ ਲਿਖਤੀ ਬਿਆਨ ਦਿੱਤਾ ਸੀ ਅਤੇ ਨਾ ਹੀ ਉਹ ਆਪ ਪੇਸ਼ ਹੋਇਆ ਸੀ। ਇਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਨੇ ਕਮਿਸ਼ਨ ਦੇ ਮੈਂਬਰ ਕਿਸ ਸਾਜ਼ਿਸ਼ ਹੇਠ ਨਾਮਜ਼ਦ ਕੀਤੇ ਸਨ।

ਖ਼ੈਰ! ਅਕਾਲੀ ਦਲ ਉਪਰ ਮੜ੍ਹਿਆ ਹੋਇਆ, 25 ਮਈ 1960 ਤੋਂ ਸ਼ੁਰੂ ਹੋ ਕੇ 1 ਅਕਤੂਬਰ 1961 ਤਕ ਦਾ, ਮੋਰਚਾ ਅਖ਼ੀਰ ਖ਼ਤਮ ਹੋ ਗਿਆ। ਇਸ ਮੋਰਚੇ ਵਿਚ 57129 ਆਦਮੀ ਜੇਲ੍ਹ ਗਏ। ਫਤਹਿ ਸਿੰਘ ਅਤੇ ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖੇ ਅਤੇ ਬਿਨਾਂ ਮੰਗਾਂ ਮੰਨਵਾਇਓਂ ਛੱਡ ਦਿੱਤੇ। ਦਰਜਨਾਂ ਸਿੱਖ ਸ਼ਹੀਦ ਹੋਏ ਤੇ ਸੈਂਕੜੇ ਜ਼ਖ਼ਮੀ ਹੋਏ। ਜਾਇਦਾਦਾਂ ਦੀਆਂ ਜ਼ਬਤੀਆਂ ਹੋਈਆਂ। ਕਰੋੜਾਂ ਰੁਪਏ ਸਰਕਾਰ ਦੇ ਵੀ ਖਰਚ ਹੋਏ, ਸਿੱਖ ਤਾਕਤ ਦਾ ਬੜਾ ਵੱਡਾ ਨੁਕਸਾਨ ਹੋਇਆ ਅਤੇ ਇਸ ਦਾ ਸਭ ਤੋਂ ਵੱਡਾ ਨੁਕਸਾਨ ਅਕਾਲੀ ਦਲ ਵਿਚ ਧੜੇਬੰਦੀ ਬਣਨਾ ਸੀ।

ਇਸ ਮੋਰਚੇ ਦੌਰਾਨ ਤਕਰੀਬਨ ਸਾਰੀ ਮੋਰਚਾ ਕਮੇਟੀ ਕੈਰੋਂ ਨੂੰ ਪੂਰੀ ਰਿਪੋਰਟ ਦੇਂਦੀ ਰਹੀ। ਫਤਹਿ ਸਿੰਘ ਅਕਾਲ ਤਖ਼ਤ ਉਪਰ ਚੜ੍ਹ ਕੇ ਬੈਠਾ ਰਿਹਾ ਅਤੇ ਮੋਰਚੇ ਵਿਚ ਬੇਹਿਸਾਬਾ ਗ਼ਬਨ ਹੁੰਦਾ ਰਿਹਾ। ਅੰਨ੍ਹੀ ਲੁੱਟ ਮਚੀ ਰਹੀ। ਮੋਰਚੇ ਦੀਆਂ ਸਾਰੀਆਂ ਖ਼ੁਫ਼ੀਆ ਗੱਲਾਂ ਵੀ ਸਰਕਾਰ ਕੋਲ ਪਹੁੰਚਦੀਆਂ ਰਹੀਆਂ।

ਫਤਹਿ ਸਿੰਘ ਦਾ ਵਰਤ ਗ਼ਲਤ ਖ਼ਤਮ ਹੋਇਆ ਅਤੇ ਮਾਸਟਰ ਤਾਰਾ ਸਿੰਘ ਦਾ ਵੀ। ਕਸੂਰ ਫਤਹਿ ਸਿੰਘ, ਮਾਸਟਰ ਤਾਰਾ ਸਿੰਘ, ਹੁਡਿਆਰਾ, ਉਮਰਾਨੰਗਲ, ਤੁੜ, ਲਛਮਣ ਸਿੰਘ ਗਿੱਲ, ਸਤਬੀਰ ਸਿੰਘ, ਪ੍ਰੀਤਮ ਸਿੰਘ ਸ਼ਰੀਂਹ, ਸ਼ਿਵ ਸਿੰਘ ਝਾਵਾਂ, ਰਾਮ ਸਿੰਘ, ਗੁਰਦਿਆਲ ਸਿੰਘ ਗੰਗਾਨਗਰ ਅਤੇ ਹੋਰ ਕਈਆਂ ਦਾ ਸੀ। ਇਸ ਮੋਰਚੇ ਦੌਰਾਨ ਪ੍ਰਤਾਪ ਸਿੰਘ ਕੈਰੋਂ, ਹੁਕਮ ਸਿੰਘ, ਗਿਆਨ ਸਿੰਘ ਰਾੜੇਵਾਲਾ, ਗਿਆਨੀ ਕਰਤਾਰ ਸਿੰਘ, ਈਸ਼ਰ ਸਿੰਘ ਮਝੈਲ, ਦਰਸ਼ਨ ਸਿੰਘ ਫੇਰੂਮਾਨ ਨੇ ਪੰਥ ਦਾ ਰਜਵਾਂ ਵਿਰੋਧ ਕੀਤਾ। ਹਿੰਦੂਆਂ, ਕਾਂਗਰਸੀਆਂ ਅਤੇ ਸਿੱਖ ਮੌਕਾ ਪ੍ਰਸਤਾਂ ਵੱਲੋਂ ਪੰਜਾਬੀ ਸੂਬੇ ਦਾ ਵਿਰੋਧ, ਅਕਾਲੀ ਆਗੂਆਂ ਦੀ ਗ਼ਦਾਰੀ, ਮੋਰਚਾ ਕਮੇਟੀ ਦੀ ਸਰਕਾਰ ਨਾਲ ਖ਼ੁਫ਼ੀਆ ਸਾਂਝ, ਵਰਤ ਤੋੜਨ ਦੀ ਕਮਜ਼ੋਰੀ ਅਤੇ ਦਲ ਦੀ ਧੜੇਬੰਦੀ ਮਿਲ ਕੇ ਇਸ 'ਪੰਜਾਬੀ ਸੂਬਾ' ਮੋਰਚੇ ਨੂੰ ਫੇਲ੍ਹ ਕਰਨ ਵਿਚ ਮਦਦਗਾਰ ਹੋਈਆਂ। ਪਰ, ਇਸ ਮੋਰਚੇ ਦਾ ਸਭ ਤੋਂ ਵੱਡਾ ਨੁਕਸਾਨ ਅਕਾਲੀ ਦਲ ਵਿਚ ਫੁੱਟ ਦਾ ਬੀਅ ਬੋਅ ਕੇ ਹੋਇਆ।

ਇਹ ਮੋਰਚਾ ਸਿੱਖ ਸੰਗਤਾਂ ਦੀਆਂ ਕੁਰਬਾਨੀਆਂ ਦੀ ਬੇਮਿਸਾਲ ਤ੍ਵਾਰੀਖ਼ ਵੀ ਸਾਬਿਤ ਹੋਇਆ। ਅੱਧਾ ਲੱਖ ਤੋਂ ਵੱਧ ਸਿੱਖ ਆਪਣੇ ਟੱਬਰਾਂ, ਆਪਣੀਆਂ ਜ਼ਮੀਨਾਂ, ਆਪਣੀਆਂ ਦੁਕਾਨਾਂ ਤੇ ਕਾਰੋਬਾਰਾਂ, ਆਪਣੇ ਘਰ-ਘਾਟ ਦੀ ਪ੍ਰਵਾਹ ਕੀਤੇ ਬਿਨਾਂ ਜੇਲ੍ਹਾਂ ਵਿਚ ਗਏ। ਉਹ ਕਿਸਾਨ ਜੋ ਹਲ ਵਾਹ ਕੇ ਟੱਬਰ ਨੂੰ ਰੋਟੀ ਦੇਂਦੇ ਸਨ, ਉਹ ਦੁਕਾਨਦਾਰ ਜਿਨ੍ਹਾਂ ਦੇ ਟੱਬਰ ਨਿੱਕੀਆਂ-ਨਿੱਕੀਆਂ ਹੱਟੀਆਂ 'ਤੇ ਚਲਦੇ ਸਨ ਤੇ ਉਹ

WWW.SIKHBOOKCLUB.COM

ਮੁਲਾਜ਼ਮ ਜਿੰਨਾਂ ਦੀ ਨੌਕਰੀ ਦੇ ਸਿਰ 'ਤੇ ਹੀ ਘਰਾਂ ਦੇ ਗੁਜ਼ਾਰੇ ਚਲਦੇ ਸਨ, ਪੰਥ ਦੀ ਇਕ ਆਵਾਜ਼ 'ਤੇ ਜੇਲ੍ਹਾਂ ਵਿਚ ਗਏ। **ਇਹ ਮੋਰਚਾ ਅਕਾਲੀ ਵਰਕਰਾਂ ਦੀ ਜਿੱਤ ਸੀ ਪਰ ਅਕਾਲੀ ਆਗੂਆਂ ਦੀ ਹਾਰ!**

ਸ਼੍ਰੋਮਣੀ ਅਕਾਲੀ ਦਲ ਵਿਚ ਖ਼ਤਰਨਾਕ ਫੁੱਟ

1 ਅਕਤੂਬਰ 1961 ਨੂੰ ਮਾਸਟਰ ਤਾਰਾ ਸਿੰਘ ਨੇ ਆਪਣਾ ਵਰਤ ਛੱਡ ਦਿੱਤਾ। ਅਕਾਲੀ ਦਲ ਵਿਚ ਬੈਠੇ ਮਾਸਟਰ ਦੇ ਮੁਖ਼ਾਲਿਫ਼ਾਂ ਨੂੰ ਇਕ ਖ਼ੂਬਸੂਰਤ ਮੌਕਾ ਮਿਲ ਗਿਆ। ਲਛਮਣ ਸਿੰਘ ਗਿੱਲ ਅਤੇ ਜੀਵਨ ਸਿੰਘ ਉਮਰਾਨੰਗਲ ਨੇ ਮਾਸਟਰ ਦੇ ਖ਼ਿਲਾਫ਼ ਪ੍ਰਚਾਰ ਸ਼ੁਰੂ ਕਰ ਦਿੱਤਾ। ਉਮਰਾਨੰਗਲ, ਗਿੱਲ, ਜਗਜੀਤ ਸਿੰਘ ਗੋਗੋਆਨੀ ਅਤੇ ਸ਼ਿਵ ਸਿੰਘ ਝਾਵਾਂ ਨੇ ਮੰਗ ਕੀਤੀ ਕਿ ਮਾਸਟਰ ਤਾਰਾ ਸਿੰਘ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਨਹੀਂ ਬਣਨਾ ਚਾਹੀਦਾ। ਮੋਹਣ ਸਿੰਘ ਤੁੜ, ਕ੍ਰਿਪਾਲ ਸਿੰਘ, ਜਗਦੇਵ ਸਿੰਘ ਤਲਵੰਡੀ ਅਤੇ ਭਾਗ ਸਿੰਘ ਜ਼ੈਦ ਨੇ ਵੀ ਇਨ੍ਹਾਂ ਦੀ ਹਿਮਾਇਤ ਕੀਤੀ। ਉਮਰਾਨੰਗਲ ਅਤੇ ਲਛਮਨ ਸਿੰਘ ਗਿੱਲ ਦੋਹਾਂ ਨੇ ਪੰਜਾਬ ਦਾ ਦੌਰਾ ਕੀਤਾ ਅਤੇ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ 'ਚੋਂ ਕਾਫ਼ੀ ਗਿਣਤੀ ਦੀ ਹਿਮਾਇਤ ਹਾਸਿਲ ਕਰ ਲਈ। ਉਨ੍ਹਾਂ ਨੂੰ ਕੈਰੋਂ, ਨਹਿਰੂ ਤੇ ਤਾਰਾ ਸਿੰਘ ਦੇ ਹੋਰ ਮੁਖ਼ਾਲਿਫ਼ਾਂ ਦੀ ਪੂਰੀ ਮਦਦ ਹਾਸਿਲ ਸੀ। (ਬੀ.ਐਨ. ਮਲਿਕ, *ਮਾਈ ਡੇਅਜ਼ ਵਿਦ ਨਹਿਰੂ*, ਸਫ਼ੇ 450-59, ਮਹਿੰਦਰ ਸਿੰਘ ਪ੍ਰੇਮ, *ਸੰਤ ਫ਼ਤਹਿ ਸਿੰਘ ਦਾ ਅਸਲੀ ਰੂਪ*, ਸਫ਼ਾ 19, ਫ਼ਤਹਿ ਸਿੰਘ, ਸੰਤ, *ਛੁਕਵੇਂ ਉੱਤਰ*, ਸਫ਼ਾ 66 ਤੇ 8 ਸੀ, ਰੋਜ਼ਾਨਾ *ਕੌਮੀ ਦਰਦ*, 23-23 ਅਕਤੂਬਰ 1962)।

15 ਨਵੰਬਰ 1961 ਨੂੰ ਉਮਰਾਨੰਗਲ ਨੇ ਮਾਸਟਰ ਤਾਰਾ ਸਿੰਘ ਦੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ੇ ਦੀ ਮੰਗ ਕੀਤੀ ਅਤੇ ਇਸ ਵਾਸਤੇ 20 ਤਾਰੀਖ਼ ਤਕ ਦਾ ਨੋਟਿਸ ਦਿੱਤਾ। ਪੂਰਾ ਨਾ ਹੋਣ ਤੇ ਇਕ ਹਫ਼ਤੇ ਦੀ ਭੁਖ ਹੜਤਾਲ ਦਾ ਐਲਾਨ ਕੀਤਾ। ਇਸ ਨੋਟਿਸ ਵਿਚ 10 ਦੋਸ਼ ਲਾਏ ਗਏ ਸਨ:

1. ਮਾਸਟਰ ਜੀ ਨੇ ਕਸਮ ਖਾ ਕੇ ਤੋੜੀ ਹੈ।
2. ਸਿੱਖ ਸ਼ਹੀਦੀ ਅਸੂਲਾਂ ਨੂੰ ਕਲੰਕ ਲਾਇਆ ਹੈ।
3. ਜ਼ਿੰਦਗੀ ਪਿਆਰੀ ਸਮਝ ਕੇ ਕੁਰਬਾਨੀਆਂ ਗੁਆਈਆਂ ਹਨ।
4. ਪੰਥ ਖ਼ਤਰੇ ਦਾ ਨਾਅਰਾ ਲਾ ਕੇ ਕੌਮ ਦੀ ਤਾਕਤ ਗੁਆਈ ਹੈ।
5. ਤੁਹਾਡੀ ਪਾਲਸੀ ਸ਼ੱਕ ਵਾਲੀ ਹੋ ਗਈ ਹੈ।
6. ਗੁਰਦੁਆਰਾ ਕਮੇਟੀ ਅਤੇ ਅਕਾਲੀ ਦਲ ਤੋਂ ਅਸਤੀਫ਼ਾ ਦਿਓ।
7. ਅਕਾਲ ਤਖ਼ਤ 'ਤੇ ਮੁਆਫ਼ੀ ਮੰਗੋ
8. ਅਕਾਲੀ ਦਲ ਦੇ ਡੈਲੀਗੇਟਾਂ ਦਾ ਇਜਲਾਸ ਸੱਦ ਕੇ ਯਕੀਨ ਦਾ ਵੋਟ ਲਓ।
9. ਅਖ਼ਬਾਰਾਂ ਵਿਚ ਪੰਥ ਪਿਆਰਿਆਂ ਵਿਰੁੱਧ ਪ੍ਰਚਾਰ ਬੰਦ ਕਰੋ।
10. ਸਿੱਖ ਕੌਮ ਦੇ ਅਧਿਕਾਰ, ਮਾਣ ਤੁਹਾਡੇ ਹੱਥਾਂ 'ਚ ਮਹਿਫ਼ੂਜ਼ ਨਹੀਂ ਹਨ।

ਉਮਰਾਨੰਗਲ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਮੈਂਬਰ ਸੀ ਅਤੇ ਦਲ

WWW.SIKHBOOKCLUB.COM

ਦੀ ਮੀਟਿੰਗ ਵਿਚ ਜੋ ਮਰਜ਼ੀ ਕਹਿ ਤੇ ਕਰ ਸਕਦਾ ਸੀ। ਇਹ ਦੋਸ਼ ਮੀਟਿੰਗ ਵਿਚ ਵੀ ਲਾਏ ਜਾ ਸਕਦੇ ਸਨ। ਇਸ ਨੂੰ ਦਲ ਦਾ ਜ਼ਾਬਤਾ ਤੋੜਨ ਦੇ ਨਾਂ 'ਤੇ ਮਾਸਟਰ ਤਾਰਾ ਸਿੰਘ ਨੇ ਉਮਰਾਨੰਗਲ, ਲਛਮਣ ਸਿੰਘ ਗਿੱਲ ਜਗਦੇਵ ਸਿੰਘ ਤਲਵੰਡੀ ਅਤੇ ਕ੍ਰਿਪਾਲ ਸਿੰਘ ਨੂੰ 16 ਨਵੰਬਰ ਨੂੰ ਅਕਾਲੀ ਦਲ ਤੋਂ ਮੁਅੱਤਲ ਕਰ ਦਿੱਤਾ ਅਤੇ ਆਖ਼ਰੀ ਫ਼ੈਸਲਾ 28 ਨੂੰ ਹੋਣ ਵਾਲੀ ਵਰਕਿੰਗ ਕਮੇਟੀ ਦੀ ਮੀਟਿੰਗ 'ਤੇ ਰੱਖ ਦਿੱਤਾ। 19 ਨਵੰਬਰ ਨੂੰ ਫਤਹਿ ਸਿੰਘ ਨੇ ਗੰਗਾਨਗਰ ਤੋਂ ਆ ਕੇ ਮਾਸਟਰ ਅਤੇ ਹਰਚਰਨ ਸਿੰਘ ਹੁਡਿਆਰੇ ਨਾਲ ਵੱਖ-ਵੱਖ ਗੱਲਬਾਤ ਕੀਤੀ।

ਇਸੇ ਦਿਨ ਇਕ ਪ੍ਰੈਸ ਕਾਨਫ਼ਰੰਸ ਵਿਚ ਗਿੱਲ, ਸ਼ਿਵ ਸਿੰਘ ਝਾਵਾਂ ਅਤੇ ਜਗਜੀਤ ਸਿੰਘ ਗੋਗੋਆਣੀ ਨੇ ਮੰਗ ਕੀਤੀ ਕਿ ਮਾਸਟਰ ਨੂੰ 30 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਨਹੀਂ ਬਨਣਾ ਚਾਹੀਦਾ। ਇਨ੍ਹਾਂ ਨੇ ਤੁੜ, ਟੌਹੜਾ, ਭਾਗ ਸਿੰਘ ਜ਼ੈਦ ਅਤੇ ਕ੍ਰਿਪਾਲ ਸਿੰਘ ਦੀ ਹਿਮਾਇਤ ਦਾ ਦਾਅਵਾ ਕੀਤਾ। 20 ਨਵੰਬਰ ਨੂੰ ਗਿੱਲ, ਹੁਡਿਆਰਾ, ਟੌਹੜਾ, ਸ਼ਿਵਦਰਸ਼ਨ ਸਿੰਘ, ਜਗੀਰ ਸਿੰਘ ਪੂਹਲਾ ਵਗ਼ੈਰਾ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਮੈਂਬਰਾਂ ਅਤੇ ਅਕਾਲੀ ਦਲ ਦੇ 101 ਡੈਲੀਗੇਟਾਂ ਨੇ ਮਾਸਟਰ ਤਾਰਾ ਸਿੰਘ ਤੋਂ ਰਿਟਾਇਰ ਹੋਣ ਦੀ ਮੰਗ ਕੀਤੀ।

ਜੀਵਨ ਸਿੰਘ ਉਮਰਾਨੰਗਲ ਦੀ ਦਰਬਾਰ ਸਾਹਿਬ ਵਿਚ ਭੁੱਖ ਹੜਤਾਲ

21 ਨਵੰਬਰ 1961 ਨੂੰ ਉਮਰਾਨੰਗਲ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਗੇਟ ਅੱਗੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। 23 ਤਾਰੀਖ਼ ਨੂੰ ਇਸ ਸਬੰਧੀ ਸਮਝੌਤਾ ਹੋ ਗਿਆ ਅਤੇ ਮਾਸਟਰ ਤਾਰਾ ਸਿੰਘ ਨੇ ਉਮਰਾਨੰਗਲ ਵਗ਼ੈਰਾ ਦੀ ਮੁਅੱਤਲੀ ਦੇ ਆਰਡਰ ਕੈਂਸਲ ਕਰ ਦਿੱਤੇ। ਮਾਸਟਰ ਅਤੇ ਫਤਹਿ ਸਿੰਘ ਵਲੋਂ ਵਰਤ ਛੱਡੇ ਜਾਣ ਦਾ ਕੇਸ ਪੰਜ ਪਿਆਰਿਆਂ ਅੱਗੇ ਪੇਸ਼ ਕਰ ਦਿੱਤਾ ਗਿਆ। ਇਹ ਪੰਜ ਸਨ: ਅੱਛਰ ਸਿੰਘ, ਗਿ: ਭੁਪਿੰਦਰ ਸਿੰਘ, ਚੇਤ ਸਿੰਘ, ਕ੍ਰਿਪਾਲ ਸਿੰਘ ਅਤੇ ਸ਼ਰਮ ਸਿੰਘ। 25 ਤਾਰੀਖ਼ ਨੂੰ ਪੰਜਾਂ ਪਿਆਰਿਆਂ ਨੇ ਹਰਦਿੱਤ ਸਿੰਘ ਮਲਿਕ, ਗੁਰਨਾਮ ਸਿੰਘ, ਗੁਰਬਖ਼ਸ਼ ਸਿੰਘ, ਫਤਹਿ ਸਿੰਘ, ਹੁਡਿਆਰਾ, ਉਮਰਾਨੰਗਲ, ਉਜਾਗਰ ਸਿੰਘ ਉਲਫ਼ਤ ਵਗ਼ੈਰਾ ਨੂੰ 28 ਨਵੰਬਰ 1961 ਨੂੰ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਵਾਸਤੇ ਸੱਦਿਆ। 28 ਤਾਰੀਖ਼ ਨੂੰ ਹੀ ਹਰਗੁਰਅਨਾਦ ਸਿੰਘ, ਚੌਧਰੀ ਕਰਤਾਰ ਸਿੰਹ, ਗੁਰਬਖਸ਼ ਸਿੰਘ, ਕਿਹਰ ਸਿੰਘ ਵੈਰਾਗੀ, ਮੋਹਨ ਸਿੰਘ (ਮਾ: ਤਾਰਾ ਸਿੰਘ ਦਾ ਪੁੱਤਰ), ਹੁਡਿਆਰਾ, ਨਿਹਾਲ ਸਿੰਘ ਅਤੇ ਉਜਾਗਰ ਸਿੰਘ ਉਲਫ਼ਤ ਪੰਜ ਪਿਆਰਿਆਂ ਸਾਹਵੇਂ ਪੇਸ਼ ਹੋਏ।

ਮਾਸਟਰ, ਫਤਹਿ ਸਿੰਘ ਤੇ ਹੋਰਾਂ ਨੂੰ ਅਕਾਲ ਤਖ਼ਤ ਤੋਂ ਤਨਖ਼ਾਹ

29 ਨਵੰਬਰ 1961 ਨੂੰ ਪੰਜ ਪਿਆਰਿਆਂ ਨੇ ਆਪਣਾ ਫ਼ੈਸਲਾ ਸੁਣਾਇਆ। ਇਸ ਅਨੁਸਾਰ ਮਾਸਟਰ ਤਾਰਾ ਸਿੰਘ, ਫਤਹਿ ਸਿੰਘ ਅਤੇ ਵਰਤ ਛੁਡਾਉਣ ਵਾਲੀ ਸਾਰੀ ਵਰਕਿੰਗ ਕਮੇਟੀ ਨੂੰ ਸਜ਼ਾ ਦਿੱਤੀ ਗਈ। 10,000 ਲੋਕਾਂ ਦੇ ਇਕੱਠ ਵਿਚ ਪੰਜਾਂ ਪਿਆਰਿਆਂ ਨੇ ਫ਼ੈਸਲਾ ਦੇਂਦਿਆਂ ਕਿਹਾ ਕਿ ਇਸ ਸਜ਼ਾ ਮਗਰੋਂ ਇਸ ਗੱਲ ਨੂੰ

WWW.SIKHBOOKCLUB.COM

ਅੱਗੋਂ ਵਾਸਤੇ ਖ਼ਤਮ ਕਰ ਦਿੱਤਾ ਜਾਵੇ ਅਤੇ ਪੰਥ ਵਿਚ ਏਕਤਾ ਰੱਖੀ ਜਾਵੇ। (ਹੁਕਮਨਾਮਾ ਵੇਖੋ: *ਸਿੱਖ ਤਵਾਰੀਖ਼ 'ਚ ਅਕਾਲ ਤਖ਼ਤ ਸਾਹਿਬ ਦਾ ਰੋਲ*, ਸਫ਼ੇ 208-09)।

30 ਨਵੰਬਰ 1961 ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀ ਚੋਣ ਸ਼ੁਰੂ ਹੋਣ 'ਤੇ ਹੁਡਿਆਰਾ ਆਪਣੇ 70 ਸਾਥੀਆਂ ਸਮੇਤ ਉੱਠ ਕੇ ਚਲਾ ਗਿਆ ਅਤੇ ਬਾਕੀ 74 ਮੈਂਬਰਾਂ ਨੇ ਮਾਸਟਰ ਨੂੰ ਪ੍ਰਧਾਨ ਚੁਣ ਲਿਆ। ਜਦੋਂ ਬਾਕੀ ਅਹੁਦੇਦਾਰਾਂ ਦੀ ਚੋਣ ਹੋਣ ਲੱਗੀ ਤਾਂ ਸਾਰੇ 144 ਮੈਂਬਰ ਹਾਜ਼ਰ ਸਨ। ਇਸ ਵਿਚ ਸ਼ੇਰੇਵਾਲਾ ਸੀਨੀਅਰ ਮੀਤ ਪ੍ਰਧਾਨ, ਹੁਡਿਆਰਾ ਮੀਤ ਪ੍ਰਧਾਨ, ਲਛਮਣ ਸਿੰਘ ਗਿੱਲ ਜਨਰਲ ਸਕੱਤਰ ਚੁਣੇ ਗਏ।

ਇਸ ਮਗਰੋਂ ਮਾਸਟਰ ਤਾਰਾ ਸਿੰਘ ਨੇ ਅਕਾਲੀ ਤਖ਼ਤ ਸਾਹਿਬ ਤੋਂ ਲਾਈ ਗਈ ਤਨਖ਼ਾਹ ਸਜ਼ਾ ਪੂਰੀ ਕੀਤੀ। ਇਸ ਨਾਲ ਅਕਾਲੀ ਦਲ ਵਿਚ ਪਈ ਫੁੱਟ 'ਖ਼ਤਮ' ਹੋ ਗਈ। ਹੁਣ ਇਹ 'ਇੱਕ' ਹੋਇਆ ਅਕਾਲੀ ਦਲ ਜਨਰਲ ਚੋਣਾਂ ਵਾਸਤੇ ਕੰਮ ਕਰਨ ਲੱਗ ਪਿਆ।

1962 ਦੀਆਂ ਅਸੈਂਬਲੀ ਤੇ ਪਾਰਲੀਮੈਂਟ ਦੀਆਂ ਚੋਣਾਂ

1962 ਦੀ ਫ਼ਰਵਰੀ ਵਿਚ ਅਸੈਂਬਲੀ ਤੇ ਪਾਰਲੀਮੈਂਟ ਦੀਆਂ ਹੋਈਆਂ। ਅਕਾਲੀ ਦਲ ਦੀ ਮੋਰਚੇ ਵਿਚ ਹਾਰ ਨੇ ਅਕਾਲੀ ਦਲ ਨੂੰ ਬਹੁਤ ਨੁਕਸਾਨ ਪਹੁੰਚਾਇਆ। ਇਸ ਦੇ ਬਾਵਜੂਦ ਅਕਾਲੀ ਦਲ ਨੂੰ ਬਹੁਤ ਸਾਰੀਆਂ ਵੋਟਾਂ ਹਾਸਿਲ ਹੋਇਆਂ। ਪੰਜਾਬੀ ਰਿਜਨ ਵਿਚ ਸਿੱਖਾਂ ਦੀਆਂ 21 ਲੱਖ 39 ਹਜ਼ਾਰ 913 ਵੋਟਾਂ ਵਿਚੋਂ ਅਕਾਲੀ ਦਲ ਨੂੰ 15 ਲੱਖ 41 ਹਜ਼ਾਰ 185 ਵੋਟਾਂ ਮਿਲੀਆਂ ਜਦੋਂ ਕਿ 5 ਲੱਖ 97 ਹਜ਼ਾਰ 728 ਵੋਟਾਂ ਨੂੰ ਕਾਂਗਰਸ, ਕਮਿਊਨਿਸਟ, ਸੋਸ਼ਲਿਸਟ ਅਤੇ ਆਜ਼ਾਦ ਉਮੀਦਵਾਰਾਂ ਨੇ ਵੰਡ ਕੇ ਹਾਸਿਲ ਕੀਤਾ। ਪਰ ਇਸ ਦੇ ਬਾਵਜੂਦ ਅਕਾਲੀ ਦਲ ਨੇ ਸਿਰਫ਼ 19 ਅਤੇ ਕਾਂਗਰਸ ਨੇ 90 ਸੀਟਾਂ ਜਿੱਤੀਆਂ। ਬਾਕੀ 45 ਸੀਟਾਂ ਵੱਖ-ਵੱਖ ਪਾਰਟੀਆਂ ਨੂੰ ਮਿਲੀਆਂ। ਉਂਞ ਅਕਾਲੀ ਦਲ ਦੀਆਂ ਇਹ ਵੋਟਾਂ 1952 ਦੀਆਂ ਵੋਟਾਂ ਤੋਂ ਘੱਟ ਸਨ ਅਤੇ 1957 ਵਿਚ ਤਾਂ ਅਕਾਲੀਆਂ ਨੇ ਕਾਂਗਰਸ ਨਾਲ ਮਿਲ ਕੇ ਚੋਣਾਂ ਲੜੀਆਂ ਸਨ। **1952 ਵਿਚ ਅਕਾਲੀ ਦਲ ਨੂੰ 186 (ਪੰਜਾਬ ਅਤੇ ਪੈਪਸੂ ਦੀਆਂ) ਸੀਟਾਂ ਵਿਚੋਂ 33 ਸੀਟਾਂ ਮਿਲੀਆਂ ਸਨ ਪਰ ਹੁਣ 154 'ਚੋਂ ਸਿਰਫ਼ 19 ਸੀਟਾਂ ਮਿਲੀਆਂ। ਇਸੇ ਤਰ੍ਹਾਂ 1952 ਵਿਚ ਕੁਲ ਵੋਟਾਂ ਦਾ 14 ਫ਼ੀ ਸਦੀ ਪਰ 1962 ਵਿਚ ਕੁਲ ਵੋਟਾਂ ਦਾ ਸਿਰਫ਼ 11 ਫ਼ੀ ਸਦੀ ਹਾਸਿਲ ਹੋਈਆਂ।**

1962 ਦੀਆਂ ਚੋਣਾਂ ਮਗਰੋਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਅਪੋਜ਼ੀਸ਼ਨ ਪਾਰਟੀਆਂ ਇਕੱਠੀਆਂ ਹੋਈਆਂ ਅਤੇ ਇਸ ਸਾਂਝੇ ਗਰੁੱਪ ਵਿਚ ਚੌਧਰੀ ਦੇਵੀ ਲਾਲ, ਜਗਤ ਨਰੈਣ, ਕਾਮਰੇਡ, ਸੋਸ਼ਲਿਸਟ, ਰੀਪਬਲਿਕਨ, ਜਨਸੰਘ ਅਤੇ ਹੋਰ ਕਈ ਛੋਟੀਆਂ ਪਾਰਟੀਆਂ ਦੇ ਨੁਮਾਇੰਦੇ ਸ਼ਾਮਿਲ ਸਨ। ਅਕਾਲੀ ਦਲ ਵਿਚ ਫੁੱਟ ਪੈਣ ਤੋਂ ਪਹਿਲਾਂ ਇਹ ਖ਼ਤਮ ਹੋ ਗਿਆ ਸੀ।

WWW.SIKHBOOKCLUB.COM

ਅਕਾਲੀ ਦਲ ਵਿਚ ਫੁੱਟ ਤੇ ਫਤਹਿ ਸਿੰਘ ਨੇ ਨਵਾਂ ਅਕਾਲੀ ਦਲ ਬਣਾਇਆ

ਇਨ੍ਹਾਂ ਦਿਨਾਂ ਵਿਚ ਅਕਾਲੀ ਦਲ ਦੀ ਨਵੀਂ ਭਰਤੀ ਹੋਈ। ਨਵੀਂ ਭਰਤੀ ਦੇ ਆਧਾਰ 'ਤੇ ਚੋਣਾਂ ਸਮੇਂ ਲਛਮਣ ਸਿੰਘ ਗਿੱਲ ਅਤੇ ਉਮਰਾਨੰਗਲ ਨੇ ਅਖ਼ਬਾਰਾਂ ਵਿਚ ਭਰਤੀ ਅਤੇ ਚੋਣਾਂ ਨੂੰ ਬੋਗਸ ਕਰਾਰ ਦੇਣ ਸਬੰਧੀ ਬਿਆਨ ਦਿੱਤੇ। ਜਿਸ ਕਾਰਨ ਮਾਸਟਰ ਤਾਰਾ ਸਿੰਘ ਨੇ 3 ਜੁਲਾਈ 1962 ਨੂੰ ਉਮਰਾਨੰਗਲ ਤੇ 5 ਜੁਲਾਈ ਨੂੰ ਲਛਮਣ ਸਿੰਘ ਗਿੱਲ ਨੂੰ ਮੁਅੱਤਲ ਕਰ ਦਿੱਤਾ। ਉਸ ਨੇ 16 ਜੁਲਾਈ 1962 ਨੂੰ ਦਲ ਦੀ ਮੀਟਿੰਗ ਸਦ ਲਈ। ਇਸ ਵਿਚ ਉਮਰਾਨੰਗਲ ਅਤੇ ਲਛਮਣ ਸਿੰਘ ਗਿੱਲ ਨੂੰ ਕੱਢਣ ਲਈ ਮਤਾ ਪੇਸ਼ ਹੋਇਆ। ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਹ ਮਤਾ ਫਤਹਿ ਸਿੰਘ ਦੀ ਮੌਜੂਦਗੀ ਵਿਚ ਪਾਸ ਕੀਤਾ। (ਇਹ ਦੋਵੇਂ ਫਤਿਹ ਸਿੰਘ ਦੇ ਬਹੁਤ ਨਜ਼ਦੀਕੀ ਸਨ। ਦਰਅਸਲ, ਇਸ ਸਾਰੀ ਸਾਜ਼ਿਸ਼ ਵਿਚ ਇਹ ਸਾਰਾ ਗਰੁੱਪ ਪਹਿਲੋਂ ਹੀ ਇਕ-ਮਿਕ ਸੀ ਤੇ ਤਿਆਰੀ ਕਰੀ ਬੈਠਾ ਸੀ) ਮੀਟਿੰਗ ਨੇ ਫਤਹਿ ਸਿੰਘ ਨੂੰ ਕਿਹਾ ਕਿ ਜੇ ਕਰ ਗਿੱਲ ਤੇ ਉਮਰਾ ਨੰਗਲ ਕੱਢੇ ਜਾਣ ਨੂੰ ਬੇਇਜ਼ਤੀ ਸਮਝਦੇ ਹਨ ਤਾਂ ਉਹ ਅਸਤੀਫ਼ੇ ਦੇ ਦੇਣ। ਫਤਹਿ ਸਿੰਘ ਤੇ ਹੁਡਿਆਰਾ ਅਸਤੀਫ਼ੇ ਲੈਣ ਲਈ ਮੀਟਿੰਗ ਵਿਚੋਂ ਉੱਠ ਕੇ ਆ ਗਏ ਪਰ ਮੁੜ ਕੇ ਵਾਪਿਸ ਨਾ ਗਏ। ਅਗਲੇ ਦਿਨ ਫਤਹਿ ਸਿੰਘ ਨੇ ਇਨ੍ਹਾਂ ਦੋਹਾਂ ਨੂੰ ਦਲ ਚੋਂ ਕੱਢੇ ਜਾਣ ਖ਼ਿਲਾਫ਼ ਬਿਆਨ ਦੇ ਦਿੱਤਾ ਤੇ ਨਾਲ ਹੀ 22 ਜੁਲਾਈ ਨੂੰ ਮੁੱਲਾਂਪੁਰ ਵਿਚ ਇਕ ਕਨਵੈਨਸ਼ਨ ਸੱਦ ਲਈ।

22 ਜੁਲਾਈ 1962 ਨੂੰ ਮਾਸਟਰ ਤਾਰਾ ਸਿੰਘ ਦੇ ਮੁਖ਼ਾਲਿਫ਼ਾਂ ਦੀ ਇਹ ਕਨਵੈਨਸ਼ਨ ਮੁੱਲਾਂਪੁਰ ਵਿਚ ਹੋਈ। ਇਸ ਦੀ ਪ੍ਰਧਾਨਗੀ ਫਤਹਿ ਸਿੰਘ ਨੇ ਕੀਤੀ। ਇਸ ਕਨਵੈਨਸ਼ਨ ਨਾਲ ਅਕਾਲੀ ਦਲ ਦੇ ਦੋ ਟੁਕੜੇ ਹੋ ਗਏ। ਇਸ ਮੌਕੇ 'ਤੇ ਸ਼੍ਰੋਮਣੀ ਕਮੇਟੀ ਦੇ 155 ਵਿਚੋਂ 78 ਮੈਂਬਰ ਅਤੇ 19 ਵਿਚੋਂ 8 ਐਮ.ਐਲ.ਏ. ਹਾਜ਼ਰ ਸਨ। ਇਸ ਕਨਵੈਸ਼ਨ ਵਿਚ ਲੱਗੇ ਇਕ ਵਖਰੇ ਟੈਂਟ ਅੰਦਰ ਫਤਹਿ ਸਿੰਘ ਅਤੇ ਊਧਮ ਸਿੰਘ ਨਾਗੋਕੇ (ਹਾਲਾਂ ਕਿ ਉਹ ਕਾਂਗਰਸ ਪਾਰਟੀ ਦਾ ਆਗੂ ਸੀ) ਦੋਵੇਂ ਬੈਠੇ ਸਨ ਅਤੇ ਮੈਬਰਾਂ ਤੋਂ ਸਹੁੰਆਂ ਚੁਕਵਾ ਰਹੇ ਸਨ ਕਿ ਮੈਂ ਫਤਹਿ ਸਿੰਘ ਦਾ ਹੁਕਮ ਮੰਨਾਂਗਾ।

ਜਵਾਹਰ ਲਾਲ ਨਹਿਰੂ ਦੇ ਸੈਕਟਰੀ ਬੀ.ਐਨ. ਮਲਿਕ ਮੁਤਾਬਿਕ ਪ੍ਰਤਾਪ ਸਿੰਘ ਕੈਰੋਂ ਨੇ ਫਤਹਿ ਸਿੰਘ ਦੀ ਪੂਰੀ-ਪੂਰੀ ਮਦਦ ਕੀਤੀ। ਅਸਲ ਵਿਚ ਮਾਸਟਰ ਤਾਰਾ ਸਿੰਘ ਦੇ ਹਰ ਵਿਰੋਧੀ ਨੇ ਫਤਹਿ ਸਿੰਘ ਦਾ ਪੂਰਾ-ਪੂਰਾ ਸਾਥ ਦਿੱਤਾ। ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਗਿਆਨੀ ਕਰਤਾਰ ਸਿੰਘ, ਗਿਆਨ ਸਿੰਘ ਰਾੜੇਵਾਲਾ, ਪ੍ਰਤਾਪ ਸਿੰਘ ਕੈਰੋਂ, ਸਾਰੇ ਕਾਂਗਰਸੀ ਆਗੂਆਂ ਨੇ ਫਤਹਿ ਸਿੰਘ ਦਾ ਸਾਥ ਦਿੱਤਾ। ਫਤਹਿ ਸਿੰਘ ਆਪ ਜਨਸੰਘੀ, ਕਮਿਊਨਿਸਟ ਅਤੇ ਕਾਂਗਰਸੀ ਮਿਲਵਰਤਣ ਬਾਰੇ ਵੀ ਮੰਨਦਾ ਹੈ।

22 ਜੁਲਾਈ ਦੀ ਕਨਵੈਨਸ਼ਨ ਤੋਂ ਬਾਅਦ ਨੂੰ ਦਿੱਲੀ ਵਿਚ ਫ਼ਤਹਿ ਸਿੰਘ ਨੇ ਐਲਾਨ ਕੀਤਾ ਕਿ ਉਹ ਮਾਸਟਰ ਤਾਰਾ ਸਿੰਘ ਦੀਆਂ ਫ਼ੀ ਸਦੀਆਂ ਨਹੀਂ ਬਲਕਿ ਬੋਲੀ ਦੇ ਆਧਾਰ 'ਤੇ ਸੂਬਾ ਮੰਗਦਾ ਹੈ। ਮਾਸਟਰ ਜੀ ਨੇ ਦਿੱਲੀ ਵਿਚ ਹੀ 3 ਅਗਸਤ ਨੂੰ ਇਸ ਦਾ ਜਵਾਬ ਦੇਂਦਿਆਂ ਕਿਹਾ ਕਿ ਫਤਹਿ ਸਿੰਘ ਤਾਂ ਹਿੰਦੂਆਂ ਨੂੰ ਵੀਟੋ ਦਾ ਹੱਕ

WWW.SIKHBOOKCLUB.COM

ਦੇਣਾ ਚਾਹੁੰਦੇ ਹਨ। ਮੇਰੀ ਮੰਗ ਤਾਂ ਇਹੀ ਹੈ ਕਿ ਭਾਰਤ ਦੇ ਬਾਕੀ ਸੂਬਿਆਂ ਦਾ ਅਸੂਲ ਇੱਥੇ ਲਾਗੂ ਨਾ ਕਰਨਾ ਸਿੱਖਾਂ ਦੀ ਆਬਾਦੀ ਦੇ ਵਧਣ ਦੇ ਡਰ ਨਾਲ ਹੀ ਹੈ। 2 ਅਗਸਤ ਨੂੰ ਫਤਹਿ ਸਿੰਘ ਨੇ ਸਰਹਾਲੀ ਵਿਚ ਲੈਕਚਰ ਕਰਦਿਆਂ ਇਹ ਵੀ ਕਿਹਾ ਕਿ ਜੇ ਹਿੰਦੂ ਤੇ ਹਰੀਜਨ ਪੰਜਾਬੀ ਸੂਬੇ ਦੀ ਹਮਾਇਤ ਨਾ ਕਰਨਗੇ ਤਾਂ ਮੈਂ ਇਹ ਮੰਗ ਛੱਡ ਦੇਵਾਂਗਾ।

18 ਅਗਸਤ 1962 ਨੂੰ ਅਕਾਲੀ ਦਲ ਦੀ ਜਨਰਲ ਬਾਡੀ ਮੀਟਿੰਗ ਸੱਦ ਲਈ ਗਈ। ਇਸੇ ਦਿਨ ਲਛਮਣ ਸਿੰਘ ਗਿੱਲ ਨੇ ਵੀ ਆਪਣੇ ਗਰੁਪ ਦੀ ਮੀਟਿੰਗ ਗੁਰੂ ਰਾਮਦਾਸ ਸਰਾਂ ਵਿਚ ਕਰਨ ਦਾ ਐਲਾਨ ਦਰ ਦਿੱਤਾ। ਇਸ ਐਲਾਨ 'ਤੇ ਕਿਰਪਾਲ ਸਿੰਘ ਸ਼ੇਰੇਵਾਲਾ, ਜੋ ਉਸ ਵੇਲੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ, ਨੇ ਗੜਬੜ ਦੇ ਖਤਰੇ ਨੂੰ ਮੁੱਖ ਰਖ ਕੇ, ਚਿੱਠੀ ਲਿਖ ਕੇ, ਪੁਲਿਸ ਬੁਲਾ ਲਈ। ਪੁਲਿਸ ਨੇ ਫਤਹਿ ਸਿੰਘ ਤੇ ਉਸ ਦੇ ਦਸ ਸਾਥੀ ਅਤੇ ਦੂਜੇ ਪਾਸੇ ਮਾਸਟਰ ਤਾਰਾ ਸਿੰਘ ਅਤੇ ਉਸ ਦੇ ਬਾਰਾਂ ਸਾਥੀ ਗ੍ਰਿਫ਼ਤਾਰ ਕਰ ਲਏ। ਪੁਲਿਸ ਗੁਰੂ ਰਾਮਦਾਸ ਸਰਾਂ ਵਿਚ ਵੀ ਦਾਖ਼ਿਲ ਹੋਈ ਤੇ ਕਾਫ਼ੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਕੀਤੀਆਂ।

ਸ਼ੇਰੇਵਾਲੇ ਵਲੋਂ ਪੁਲਿਸ ਬੁਲਾਉਣ ਕਾਰਨ ਮਾਸਟਰ ਤਾਰਾ ਸਿੰਘ ਅਤੇ ਸਾਥੀਆਂ ਦਾ ਲੋਕਾਂ 'ਤੇ ਭੈੜਾ ਅਸਰ ਪਿਆ। ਉਂਵ ਜੇ ਪੁਲਿਸ ਨਾ ਬੁਲਾਈ ਜਾਂਦੀ ਤਾਂ ਗੜਬੜ ਦੀ ਪੂਰੀ ਆਸ ਸੀ। ਹੁਣ ਸਾਰੇ ਸੀਨੀਅਰ ਆਗੂ ਜੇਲ੍ਹ ਵਿਚ ਸਨ ਪਰ ਫਿਰ ਵੀ ਦੋਹਾਂ ਗੁਰਪਾਂ ਦੇ ਡੈਲੀਗੇਟਾਂ ਨੇ ਆਪੋ ਆਪਣੇ ਪ੍ਰਧਾਨ ਚੁਣ ਲਏ। ਫਤਹਿ ਸਿੰਘ ਦੇ ਸਾਥੀਆਂ (200 ਡੈਲੀਗੇਟਾਂ, 72 ਸਰਕਲ ਜਥੇਦਾਰਾਂ ਅਤੇ 9 ਐਮ.ਐਲ.ਏਜ਼ ਨੇ ਫਤਹਿ ਸਿੰਘ ਨੂੰ ਅਪਣਾ ਪ੍ਰਧਾਨ ਚੁਣ ਲਿਆ। ਫਤਹਿ ਸਿੰਘ ਗੁਰਪ ਦੀ ਮੀਟਿੰਗ ਅਕਾਲ ਤਖ਼ਤ ਸਾਹਿਬ ਅੱਗੇ ਅਤੇ ਮਾਸਟਰ ਤਾਰਾ ਸਿੰਘ ਧੜੇ ਦੀ ਮੀਟਿੰਗ ਦਰਸ਼ਨੀ ਡਿਉੜੀ ਕੋਲ ਹੋਈ। ਮਾਸਟਰ ਧੜੇ ਦੀ ਮੀਟਿੰਗ ਵਿਚ 230 ਡੈਲੀਗੇਟ ਸ਼ਾਮਲ ਸਨ ਜਿਨਾਂ ਨੇ ਮਾਸਟਰ ਤਾਰਾ ਸਿੰਘ 'ਤੇ ਭਰੋਸੇ ਦਾ ਮਤਾ ਮਾਸ ਕੀਤਾ।

ਇਨ੍ਹਾਂ ਦੋਹਾਂ ਵੱਖ-ਵੱਖ ਮੀਟਿੰਗਾਂ ਦਾ ਨਤੀਜਾ ਇਹ ਹੋਇਆ ਕਿ ਦੋਹਾਂ ਗਰੁਪਾਂ ਵਿਚ ਨਾ ਮੁਕ ਸਕਣ ਵਾਲਾ ਪਾੜ ਪੈ ਗਿਆ। ਫਤਹਿ ਸਿੰਘ ਗੁਰਪ ਦੇ ਸ਼੍ਰੋਮਣੀ ਕਮੇਟੀ ਦੇ 15 ਮੈਂਬਰਾਂ ਨੇ ਕਿਰਪਾਲ ਸਿੰਘ ਸ਼ੇਰੇਵਾਲਾ ਦੇ ਖ਼ਿਲਾਫ਼ ਬੇਵਿਸਾਹੀ ਦੇ ਮਤੇ ਦਾ ਨੋਟਿਸ ਦੇ ਦਿੱਤਾ। ਸ਼ੇਰਵਾਲਾ ਨੇ 2 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦਾ ਇਜਲਾਸ ਸੱਦ ਲਿਆ। ਪ੍ਰਤਾਪ ਸਿੰਘ ਕੈਰੋਂ, ਲਛਮਣ ਸਿੰਘ ਗਿੱਲ, ਹਰਚਰਨ ਸਿੰਘ ਹੁਡਿਆਰਾ ਅਤੇ ਫਤਹਿ ਸਿੰਘ ਨੇ ਆਪਣਾ ਪੂਰਾ ਜ਼ੋਰ ਲਾ ਦਿੱਤਾ।

ਮਾਸਟਰ ਤਾਰਾ ਸਿੰਘ ਤੋਂ ਸ਼੍ਰੋਮਣੀ ਕਮੇਟੀ ਖੁਸੀ

2 ਅਕਤੂਬਰ 1962 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਸ਼ੇਰੇਵਾਲਾ ਦੇ ਵਿਰੁਧ ਬੇਵਿਸਾਹੀ ਦਾ ਮਤਾ 72 ਦੇ ਮੁਕਾਬਲੇ 76 ਵੋਟਾਂ ਨਾਲ ਪਾਸ ਹੋ ਗਿਆ। ਹੁਣ ਚੰਨਣ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣ ਗਿਆ। ਇਸ ਤਰ੍ਹਾਂ ਫ਼ਤਹਿ ਸਿੰਘ ਨੂੰ ਗੁਰਦੁਆਰਿਆਂ ਦੀ

WWW.SIKHBOOKCLUB.COM

ਤਾਕਤ ਪੂਰੀ ਤਰ੍ਹਾਂ ਮਿਲ ਗਈ। ਅਕਾਲੀ ਦਲ ਦੀ ਅਸਲੀ ਤਾਕਤ ਗੁਰਦੁਆਰਾ ਸਟੇਜ ਅਤੇ ਗੁਰਦੁਆਰਾ ਇੰਤਜ਼ਾਮ ਹੋਇਆ ਕਰਦੀ ਹੈ ਅਤੇ ਇਸ ਹਾਰ ਨਾਲ ਮਾਸਟਰ ਤਾਰਾ ਸਿੰਘ ਦਾ ਜ਼ਵਾਲ ਸ਼ੁਰੂ ਹੋ ਗਿਆ। ਪਰ ਦੂਜੇ ਪਾਸੇ ਦਿੱਲੀ ਗੁਰਦੁਆਰਾ ਕਮੇਟੀ ਨੇ ਸ਼੍ਰੋਮਣੀ ਕਮੇਟੀ ਤੋਂ ਆਪਣੇ ਸਬੰਧ ਤੋੜ ਲਏ ਅਤੇ ਇਸ ਨੇ ਦਿੱਲੀ ਦੀ ਸਟੇਜ ਫਤਹਿ ਸਿੰਘ ਦੇ ਅਕਾਲੀ ਦਲ ਦੇ ਹੱਥ ਨਾ ਆਉਣ ਦਿੱਤੀ।

ਸ਼੍ਰੋਮਣੀ ਕਮੇਟੀ ਦਾ ਇੰਤਜ਼ਾਮ ਫਤਹਿ ਸਿੰਘ ਧੜੇ ਦੇ ਹੱਥਾਂ ਵਿਚ ਆਉਣ ਮਗਰੋਂ ਦਰਬਾਰ ਸਾਹਿਬ ਵਿਚ ਬੁਰਛਾਗਰਦੀ ਵਧ ਗਈ, ਇਸ 'ਤੇ ਰੋਸ ਵਜੋਂ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਭੂਪਿੰਦਰ ਸਿੰਘ ਅਤੇ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਨੇ ਅਸਤੀਫ਼ੇ ਦੇ ਦਿੱਤੇ ਅਤੇ ਆਪਣੀਆਂ ਸੇਵਾਵਾਂ ਮਾਸਟਰ ਤਾਰਾ ਸਿੰਘ ਨੂੰ ਸੌਂਪ ਦਿੱਤੀਆਂ। ਉਨ੍ਹਾਂ ਨੇ ਇੰਤਜ਼ਾਮ ਦੀ ਖ਼ਰਾਬੀ ਅਤੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਤੇ ਪੂਰਾ ਅਮਲ ਨਾ ਕੀਤੇ ਜਾਣ ਦਾ ਇਲਜ਼ਾਮ ਫਤਹਿ ਸਿੰਘ 'ਤੇ ਲਾਇਆ।

ਉਧਰ ਮਾਸਟਰ ਅਕਾਲੀ ਦਲ ਨੇ 4 ਨਵੰਬਰ 1962 ਨੂੰ ਆਪਣੀ ਨਵੀਂ ਚੋਣ ਕੀਤੀ ਜਿਸ ਵਿਚ ਜਥੇਦਾਰ ਅੱਛਰ ਸਿੰਘ ਨੂੰ ਅਕਾਲੀ ਦਲ (ਮਾਸਟਰ) ਦਾ ਪ੍ਰਧਾਨ ਚੁਣ ਲਿਆ ਗਿਆ।

1962 ਵਿਚ ਦੋ ਅਕਾਲੀ ਦਲ ਕਾਇਮ ਹੋ ਚੁਕੇ ਸਨ। ਇਕ ਸੀ ਅਕਾਲੀ ਦਲ (ਮਾਸਟਰ) ਜਿਸ ਦੀ ਪ੍ਰਧਾਨਗੀ ਜਥੇਦਾਰ ਅੱਛਰ ਸਿੰਘ ਕੋਲ ਸੀ ਅਤੇ ਦੂਸਰਾ ਸੀ ਅਕਾਲੀ ਦਲ (ਫਤਹਿ ਸਿੰਘ) ਜਿਸ ਦੀ ਪ੍ਰਧਾਨਗੀ ਫਤਹਿ ਸਿੰਘ ਕੋਲ ਸੀ। ਦੋਹਾਂ ਦੇ ਦਫ਼ਤਰ ਅੰਮ੍ਰਿਤਸਰ ਵਿਚ ਸਨ। ਦੋਵੇਂ ਆਪੋ ਆਪਣੀ ਥਾਂ ਪੰਜਾਬੀ ਸੂਬਾ ਵਾਸਤੇ ਨਾਅਰੇ ਲਾ ਕੇ ਆਪਣੇ ਆਪ ਨੂੰ ਅਸਲੀ, ਸੱਚਾ ਅਤੇ ਸੰਜੀਦਾ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।

ਅਕਾਲੀ ਦਲ ਦੀ ਇਹ ਫੁੱਟ ਪੁਰਾਣੀ ਲੜੀ ਵਿਚ ਇਕ ਹੋਰ ਮਣਕਾ ਸੀ। ਸਭ ਤੋਂ ਪਹਿਲੀ ਫੁੱਟ 1926 ਵਿਚ ਗੁਰਦੁਆਰਾ ਐਕਟ ਪਾਸ ਗੋਣ ਮਗਰੋਂ ਸ਼ਰਤਾਂ ਮੰਨ ਕੇ ਰਿਹਾਈ ਹਾਸਿਲ ਕਰਨ ਵਾਲੇ ਤੇ ਨਾ ਮੰਨਣ ਵਾਲਿਆਂ ਦੀ ਸੀ। ਮੰਨਣ ਵਾਲੇ ਸ:ਬ: ਮਹਿਤਾਬ ਸਿੰਘ ਤੇ ਗਿ: ਸ਼ੇਰ ਸਿੰਘ ਵਗ਼ੈਰਾ ਅਤੇ ਨਾ ਮੰਨਣ ਵਾਲੇ ਬਾਬਾ ਖੜਕ ਸਿੰਘ, ਮਾ: ਤਾਰਾ ਸਿੰਘ, ਤੇਜਾ ਸਿੰਘ ਸਮੁੰਦਰੀ ਵਗ਼ੈਰਾ। ਫਿਰ 1947 ਵਿਚ ਕਾਂਗਰਸ ਨਾਲ ਮਿਲਣ ਵਾਲੇ ਊਧਮ ਸਿੰਘ ਨਾਗੋਕੇ ਵਗ਼ੈਰਾ ਅਤੇ ਦੂਜੇ ਪਾਸੇ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਰਾੜੇਵਾਲਾ ਗਰੁਪ, ਤੀਜੀ ਵਾਰੀ ਪੈਪਸੂ 'ਚ ਸੰਪੂਰਨ ਸਿੰਘ ਰਾਮਾ ਦਾ ਵੱਖਰਾ ਅਕਾਲੀ ਦਲ (ਮਾਲਵਾ ਅਕਾਲੀ ਦਲ), ਚੌਥੀ ਵਾਰੀ 1956 ਵਿਚ ਇਕ ਪਾਸੇ ਮਾਸਟਰ ਤਾਰਾ ਸਿੰਘ, ਆਤਮਾ ਸਿੰਘ, ਹਰਗੁਰਅਨਾਦ ਸਿੰਘ ਵਗ਼ੈਰਾ ਅਤੇ ਦੂਜੇ ਪਾਸੇ ਕਾਂਗਰਸ ਦੇ ਨਵੇਂ ਸਾਥੀ ਸਨ ਹੁਕਮ ਸਿੰਘ, ਗਿਆਨ ਸਿੰਘ ਰਾੜੇਵਾਲਾ, ਗਿਆਨੀ ਕਰਤਾਰ ਸਿੰਘ ਵਗ਼ੈਰਾ। ਹੁਣ ਪੰਜਵੀਂ ਵਾਰੀ ਹੁਣ 1962 ਵਿਚ ਮਾਸਟਰ ਤਾਰਾ ਸਿੰਘ ਤੇ ਉਸ ਦੇ ਸਾਥੀ ਇਕ ਪਾਸੇ ਅਤੇ ਫਤਹਿ ਸਿੰਘ, ਚੰਨਣ ਸਿੰਘ, ਹੁਡਿਆਰਾ, ਗਿੱਲ, ਉਮਰਾਨੰਗਲ, ਤੁੜ, ਟੌਹੜਾ,

WWW.SIKHBOOKCLUB.COM

ਝਾਵਾਂ, ਬੁਧੀਰਾਜਾ ਵਗੈਰਾ ਦੂਜੇ ਪਾਸੇ। ਫਤਹਿ ਸਿੰਘ ਨੂੰ ਪ੍ਰਤਾਪ ਸਿੰਘ ਕੈਰੋਂ, ਕਾਂਗਰਸ, ਜਨਸੰਘ, ਕਮਿਊਨਿਸਟ, ਰੀਪਬਲੀਕਨ, ਸੋਸ਼ਲਿਸਟਾਂ ਦੀ ਹਿਮਾਇਤ ਵੀ ਹਾਸਿਲ ਸੀ।

ਖ਼ੈਰ! 1962 ਦੀ ਫੁੱਟ ਨੇ ਅਕਾਲੀ ਦਲ ਨੂੰ ਬਹੁਤ ਕਮਜ਼ੋਰ ਕੀਤਾ ਅਤੇ ਸਿੱਖਾਂ ਵਿਚ ਆਸ ਅਤੇ ਹੌਸਲਾ, ਉਤਸ਼ਾਹ ਤੇ ਜੋਸ਼ ਨੂੰ ਘਟਾਇਆ। ਵਰਕਰਾਂ ਵਿਚ ਅਕਾਲੀ ਦਲ ਬਾਰੇ ਨਿਰਾਸਤਾ, ਰੰਜ ਅਤੇ ਬੇਦਿਲੀ ਵਿਚ ਵਾਧਾ ਹੋਇਆ।

22 ਅਕਤੂਬਰ 1962 ਨੂੰ ਚੀਨ ਤੇ ਭਾਰਤ ਵਿਚ ਜੰਗ ਸ਼ੁਰੂ ਹੋ ਗਿਆ। ਇਸ ਬਹਾਨੇ ਨਾਲ ਮਾਸਟਰ ਤਾਰਾ ਸਿੰਘ ਅਤੇ ਫਤਹਿ ਸਿੰਘ ਨੇ ਵੱਖ-ਵੱਖ ਬਿਆਨਾਂ ਰਾਹੀਂ ਪੰਜਾਬੀ ਸੂਬੇ ਦੀ ਜਦੋਜਹਿਦ ਨੂੰ ਅੱਗੇ ਪਾ ਦਿੱਤਾ। 23 ਦਸੰਬਰ 1962 ਨੂੰ ਅਕਾਲੀ ਦਲ (ਫਤਹਿ ਸਿੰਘ) ਦੀ ਵਰਕਿੰਗ ਕਮੇਟੀ ਨੇ ਫ਼ੈਸਲਾ ਕੀਤਾ ਕਿ ਭਾਰਤ ਚੀਨ ਜੰਗ ਕਰ ਕੇ ਪੰਜਾਬੀ ਸੂਬੇ ਦੇ ਸਵਾਲ ਨੂੰ ਉਠਾਇਆ ਨਹੀਂ ਜਾ ਸਕਦਾ। ਮਾਸਟਰ ਤਾਰਾ ਸਿੰਘ ਅਕਾਲੀ ਦਲ ਨੇ ਵੀ ਅਜਿਹਾ ਹੀ ਬਿਆਨ ਜਾਰੀ ਕੀਤਾ।

24 ਦਸੰਬਰ 1962 ਨੂੰ ਪਟਿਆਲਾ ਵਿਖੇ ਦੋਹਾਂ ਅਕਾਲੀ ਦਲਾਂ ਨੇ ਪਟਿਆਲਾ ਦੇ ਰਾਜੇ ਨੂੰ ਪੰਥ ਦਾ ''ਮਹਾਂ ਜਥੇਦਾਰ'' ਥਾਪ ਕੇ ਉਸ ਨੂੰ ਸਿੱਖਾਂ ਵਲੋਂ ਭਾਰਤ ਦੀ ਰੱਖਿਆ ਲਈ ਕੋਸ਼ਿਸ਼ਾਂ ਕਰਨ ਵਾਸਤੇ ਹੱਕ ਦੇ ਦਿੱਤੇ। ਇਹ ਹੈਰਾਨੀ ਦੀ ਗੱਲ ਹੈ ਕਿ ਜਿਸ ਸਾਬਕ ਰਾਜੇ 'ਤੇ ਇਹੀ ਅਕਾਲੀ ਆਗੂ ਤੰਮਾਕੂ-ਨੋਸ਼ੀ ਦਾ ਇਲਜ਼ਾਮ ਲਾਉਂਦੇ ਹੁੰਦੇ ਸਨ, ਨੂੰ ਉਨ੍ਹਾਂ ਨੇ ''ਪੰਥ ਦਾ ਮਹਾਂ ਜਥੇਦਾਰ'' ਬਣਾ ਲਿਆ ਸੀ। ਉਂਵ ਯਾਦਵਿੰਦਰ ਸਿੰਘ ਦਾ ਇਸ ਤੋਂ ਪਹਿਲਾਂ ਤੇ ਇਸ ਤੋਂ ਪਿੱਛੋਂ ਦਾ ਕਿਰਦਾਰ ਕਦੇ ਵੀ ਪੰਥਕ ਨਹੀਂ ਸੀ ਰਿਹਾ। ਉਸ ਨੇ ਆਪਣੀ ਭੈਣ ਅਤੇ ਧੀ, ਦੋਵੇਂ, ਹਿੰਦੂ ਰਜਵਾੜਿਆਂ ਨਾਲ ਵਿਆਹੀਆਂ ਸਨ (ਇਹ ਲਵ-ਮੈਰਿਜ ਨਹੀਂ ਸਨ)। ਅਕਾਲੀ ਚੌਧਰੀ ਇਹੋ ਜਿਹਿਆਂ ਹਰਕਤਾਂ ਕਰਦੇ ਹੀ ਰਹਿੰਦੇ ਹਨ। ਫਤਹਿ ਸਿੰਘ ਨੇ 7 ਫ਼ਰਵਰੀ 1963 ਨੂੰ ਸ਼੍ਰੋਮਣੀ ਕਮੇਟੀ ਵਲੋਂ 50,000 ਰੁਪੈ ਦਾ ਚੈਕ ਪ੍ਰਾਈਮ ਮਨਿਸਟਰ ਨੂੰ ਭੇਟ ਕੀਤਾ। ਫ਼ਤਹਿ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੋਵੇਂ ਚੀਨੀ ਹਮਲੇ ਦੇ ਖ਼ਿਲਾਫ਼ ਜੁੱਟ ਗਏ। ਸਿੱਖਾਂ ਦੇ ਇਸ ਵਤੀਰੇ ਦੇ ਬਾਵਜੂਦ ਦਹਿਸ਼ਤਗਰਦ ਤੇ ਫ਼ਿਰਕੂ ਹਿੰਦੂ ਅਜੇ ਵੀ ਸਿੱਖਾਂ ਨਾਲ ਨਫ਼ਰਤ ਦਾ ਇਜ਼ਹਾਰ ਕਰਦੇ ਰਹਿੰਦੇ ਸਨ। 11 ਮਾਰਚ 1963 ਨੂੰ ਪੰਜਾਬ-ਹਿਮਾਚਲ ਜਨਸੰਘ ਦੀ ਵਰਕਿੰਗ ਕਮੇਟੀ ਨੇ **ਸੂਬਾਈ ਅਸੈਂਬਲੀ ਭੰਗ ਕਰ ਕੇ ਪੰਜਾਬ ਨੂੰ ਕੇਂਦਰੀ ਇਲਾਕਾ ਬਣਾਉਣ** ਦੀ ਮੰਗ ਕੀਤੀ। ਇਕ ਪਾਸੇ ਸਿੱਖ ਅਤੇ ਅਕਾਲੀ ਸਰਕਾਰ ਨੂੰ ਮਿਲਵਰਤਣ ਦੇ ਰਹੇ ਸਨ ਅਤੇ ਦੂਸਰੇ ਪਾਸੇ ਇਨ੍ਹਾਂ ਨੂੰ ਚਿੜਾਉਣ ਦੇ ਇੰਤਜ਼ਾਮ ਹੋ ਰਹੇ ਸਨ।

ਇਨ੍ਹਾਂ ਦਿਨਾਂ ਵਿਚ ਫਤਹਿ ਸਿੰਘ ਧੜੇ ਦੇ 2 ਐਮ.ਐਲ.ਏ. (ਚੌਧਰੀ ਲੱਖੀ ਸਿੰਘ ਅਤੇ ਦਲੀਪ ਸਿੰਘ) ਕਾਂਗਰਸ ਵਿਚ ਸ਼ਾਮਿਲ ਹੋ ਗਏ। ਇਸ ਵਿਰੁੱਧ ਰੋਸ ਵਜੋਂ ਫਤਹਿ ਸਿੰਘ ਅਕਾਲੀ ਦਲ ਦੇ ਤਿੰਨ ਆਗੂਆਂ ਹੁਡਿਆਰਾ, ਉਮਰਾਨੰਗਲ ਅਤੇ ਤਰਲੋਚਨ ਸਿੰਘ ਨੇ ਐਲਾਨ ਕੀਤਾ ਕਿ ਉਹ ਇਨ੍ਹਾਂ ਦੇ ਘਰਾਂ ਦੇ ਬਾਹਰ ਧਰਨਾ

WWW.SIKHBOOKCLUB.COM

ਮਾਰਨਗੇ। ਇਸ ਐਲਾਨ 'ਤੇ ਸਰਕਾਰ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਫਤਹਿ ਸਿੰਘ ਇਸ ਗ੍ਰਿਫ਼ਤਾਰੀ ਦੇ ਖ਼ਿਲਾਫ਼ ਰੋਸ ਵਜੋਂ ਅਗਿਆਤਵਾਸ ਤੇ ਚਲਾ ਗਿਆ (ਅਤੇ 40 ਦਿਨਾਂ ਮਗਰੋਂ 2 ਜੂਨ 1963 ਨੂੰ ਵਾਪਸ ਆਇਆ)। ਉਂਵ ਉਹ ਇਸ ਦੌਰਾਨ ਵੱਖ-ਵੱਖ ਪੋਜ਼ਾਂ ਦੀਆਂ ਤਸਵੀਰਾਂ ਖਿਚਵਾ ਕੇ ਆਪਣੀ ਅਖ਼ਬਾਰ 'ਕੌਮੀ ਦਰਦ' ਵਿਚ ਛਪਵਾਉਂਦਾ ਰਿਹਾ।

ਫਤਹਿ ਸਿੰਘ ਦੇ ਅਗਿਆਤਵਾਸ 'ਤੇ ਜਾਣ ਮਗਰੋਂ 14 ਮਈ ਨੂੰ (ਮਾਸਟਰ) ਅਕਾਲੀ ਦਲ ਦੇ 30 ਮੈਂਬਰਾਂ ਨੇ ਚੰਨਣ ਸਿੰਘ ਵਿਰੁੱਧ ਬੇਵਿਸਾਹੀ ਦਾ ਮਤਾ ਰੱਖ ਦਿੱਤਾ। ਮਾਸਟਰ ਤਾਰਾ ਸਿੰਘ ਨੇ 14 ਮਈ ਨੂੰ ਇਕ ਬਿਆਨ ਵਿਚ ਕਿਹਾ ਕਿ ਗਿਆਨੀ ਕਰਤਾਰ ਸਿੰਘ ਅਤੇ ਰਾੜੇਵਾਲਾ ਨੇ ਮੈਨੂੰ ਮਦਦ ਦਾ ਭਰੋਸਾ ਦਿਵਾਇਆ ਹੈ। 16 ਮਈ ਨੂੰ ਗਿਆਨੀ ਕਰਤਾਰ ਸਿੰਘ ਨੇ ਇਸ ਗੱਲ ਦੀ ਤਰਦੀਦ ਕਰ ਦਿੱਤੀ। ਵੋਟਾਂ ਵਾਸਤੇ 18 ਜੂਨ ਦੀ ਤਾਰੀਖ਼ ਮਿੱਥੀ ਗਈ। 18 ਜੂਨ 1963 ਨੂੰ ਬੇਵਿਸਾਹੀ ਦੇ ਮਤੇ ਦੇ ਹੱਕ ਵਿਚ 62 ਅਤੇ ਵਿਰੁਧ 81 ਵੋਟਾਂ ਪਈਆਂ, ਜਿਸ ਨਾਲ ਮਤਾ ਰੱਦ ਹੋ ਗਿਆ। ਮਾਸਟਰ ਤਾਰਾ ਸਿੰਘ ਦੀ ਹਾਰ ਦਾ ਇਹ ਦੂਜਾ ਪੜਾਅ ਸੀ।

ਫਤਹਿ ਸਿੰਘ ਅਕਾਲੀ ਦਲ ਵਿਚ ਵੀ ਅਗਸਤ 1963 ਵਿਚ ਫੁੱਟ ਪੈ ਗਈ। 31 ਅਗਸਤ 1963 ਨੂੰ ਹਰਚਰਨ ਸਿੰਘ ਹੁਡਿਆਰਾ ਨੇ ਅਕਾਲੀ ਦਲ ਦੀ ਮੀਤ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ। ਹੁਡਿਆਰਾ, ਹਜ਼ਾਰਾ ਸਿੰਘ ਗਿਲ ਅਤੇ ਸਤਬੀਰ ਸਿੰਘ ਨੇ ਦੋਸ਼ ਲਾਇਆ ਕਿ ਫਤਹਿ ਸਿੰਘ ਦੇ ਸਾਥੀਆਂ ਦੇ ਕਾਂਗਰਸ ਨਾਲ ਸਬੰਧ ਹਨ ਅਤੇ ਫਤਹਿ ਸਿੰਘ ਲਛਮਣ ਸਿੰਘ ਗਿੱਲ ਦੀ ਕਠਪੁਤਲੀ ਵਾਂਗ ਹੈ। ਅਕਾਲੀ ਦਲ ਨੂੰ ਲਾਲਚ-ਰਹਿਤ ਵਰਕਰਾਂ ਦੀ ਲੋੜ ਹੈ। ਉਧਰ 27 ਸਤੰਬਰ 1963 ਨੂੰ ਊਧਮ ਸਿੰਘ ਨਾਗੋਕੇ ਨੇ ਤਾਰਾ ਸਿੰਘ ਮਾਸਟਰ ਦਾ ਵਿਰੋਧ ਅਤੇ ਫਤਹਿ ਸਿੰਘ ਦੀ ਹਿਮਾਇਤ ਦਾ ਸ਼ਰੇਆਮ ਐਲਾਨ ਕੀਤਾ।

1963 ਵਿਚ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਚੌਧਰੀ ਦੇਵੀ ਲਾਲ, ਮੌਲਵੀ ਅਬਦੁਲ ਗਨੀ ਡਾਰ, ਲਾਲਾ ਜਗਤ ਨਰੈਣ ਤੇ ਕਈ ਹੋਰ ਅਪੋਜ਼ੀਸ਼ਨ ਆਗੂਆਂ ਨੇ ਰਾਸ਼ਟਰਪਤੀ ਡਾਕਟਰ ਰਾਧਾ ਕ੍ਰਿਸ਼ਨ ਨੂੰ ਕੈਰੋਂ ਵਿਰੁਧ 32 ਦੋਸ਼ਾਂ ਦਾ ਮੈਮੋਰੰਡਮ ਪੇਸ਼ ਕਰ ਕੇ ਪੜਤਾਲ ਦੀ ਮੰਗ ਕੀਤੀ। 29 ਅਗਸਤ 1963 ਨੂੰ ਹਰਦਵਾਰੀ ਲਾਲ, ਗੁਰਦਿਆਲ ਸਿੰਘ ਢਿਲੋਂ, ਕਾਮਰੇਡ ਰਾਮਚੰਦਰ, ਰਾੜੇਵਾਲਾ ਵਗੈਰਾ ਕਾਂਗਰਸੀ ਐਮ.ਐਲ.ਏਜ਼. ਜੋ ਇਕ ਵਖਰੇ ਗਰੁਪ ਦੇ ਤੌਰ 'ਤੇ ਅਸੈਂਬਲੀ 'ਚ ਬੈਠਦੇ ਸਨ, ਨੇ ਕਾਂਗਰਸ ਪ੍ਰਧਾਨ ਨੂੰ ਕੈਰੋਂ ਵਿਰੁਧ ਮੈਮੋਰੰਡਮ ਦਿਤਾ ਤੇ ਪੜਤਾਲ ਦੀ ਮੰਗ ਕੀਤੀ। ਏਨੇ ਪਾਸਿਆਂ ਤੇ ਜ਼ੋਰ ਪੈਣ 'ਤੇ 28 ਅਕਤੂਬਰ 1963 ਨੂੰ ਨਹਿਰੂ ਨੇ ਰਾਸ਼ਟਰਪਤੀ ਨੂੰ ਕੈਰੋਂ ਵਿਰੁਧ ਇਕ ਕਮਿਸ਼ਨ ਬਣਾਉਣ ਦੀ ਸਿਫ਼ਾਰਸ਼ ਕੀਤੀ। ਸੁਪਰੀਮ ਕੋਰਟ ਦੇ ਸਾਬਕ ਚੀਫ਼ ਜਸਟਿਸ ਐਸ.ਆਰ. ਦਾਸ ਨੇ 5 ਦਸੰਬਰ 1963 ਨੂੰ ਕੈਰੋਂ ਦੇ ਖ਼ਿਲਾਫ਼ ਪੜਤਾਲ ਸ਼ੁਰੂ ਕਰ ਦਿੱਤੀ। 22 ਦਸੰਬਰ ਨੂੰ ਕਾਂਗਰਸ ਅੰਦਰ ਇਕ ਗੁਰਪ 'ਪਰਜਾਤੰਤਰ ਪਾਰਟੀ' ਨਾਮ ਹੇਠ ਵਖਰਾ ਕਾਇਮ ਹੋ ਗਿਆ (ਜਿਹੜਾ 17 ਜੂਨ 1964 ਨੂੰ ਕੈਰੋਂ ਵਿਰੁਧ ਦੋਸ਼ ਸਾਬਿਤ ਹੋਣ 'ਤੇ ਕਾਂਗਰਸ ਵਿਚ ਮੁੜ ਸ਼ਾਮਿਲ ਹੋ ਗਿਆ)।

WWW.SIKHBOOKCLUB.COM

ਉਧਰ 1963 ਦੇ ਆਖ਼ਰੀ ਦਿਨਾਂ ਅਤੇ 1964 ਦੇ ਸ਼ੁਰੂ ਵਿਚ ਦੋਹਾਂ ਅਕਾਲੀ ਦਲਾਂ ਨੂੰ ਇਕ ਕਰਨ ਵਾਸਤੇ ਕੋਸ਼ਿਸ਼ਾਂ ਹੋ ਗਈਆਂ। ਉਂਵ ਤਾਂ ਪਹਿਲਾਂ ਵੀ ਕਈ ਵਾਰ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਸਨ ਪਰ ਹੁਣ ਜਸਟਿਸ ਗੁਰਨਾਮ ਸਿੰਘ ਅਤੇ ਜਥੇਦਾਰ ਅੱਛਰ ਸਿੰਘ ਨੇ ਏਕਤਾ ਲਈ ਪੂਰੀ ਤਰ੍ਹਾਂ ਜ਼ੋਰ ਲਾਉਣਾ ਸ਼ੁਰੂ ਕਰ ਦਿੱਤਾ। ਪਰ, ਇਹ ਕੋਸ਼ਿਸ਼ ਸਿਰੇ ਨਾ ਚੜ੍ਹ ਸਕੀ। ਇਸ 'ਤੇ ਜਥੇਦਾਰ ਅੱਛਰ ਸਿੰਘ ਨੇ ਅਕਾਲੀ ਦਲ (ਮਾਸਟਰ) ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ। 22 ਜਨਵਰੀ 1964 ਨੂੰ ਗਿਆਨੀ ਭੂਪਿੰਦਰ ਸਿੰਘ ਅਕਾਲੀ ਦਲ ਦਾ ਪ੍ਰਧਾਨ ਬਣ ਗਿਆ। ਫਤਹਿ ਸਿੰਘ ਨੇ ਇਕ ਬਿਆਨ ਵਿਚ ਦਲ ਦੀ ਏਕਤਾ ਨਾ ਹੋਣ ਦੇ ਰਾਹ ਵਿਚ ਮਾਸਟਰ ਤਾਰਾ ਸਿੰਘ ਨੂੰ ਰੋੜਾ ਦੱਸਿਆ। ਉਸ ਨੇ ਕਿਹਾ ਕਿ ਮੋਹਨ ਸਿੰਘ ਤੁੜ ਅਤੇ ਜਥੇਦਾਰ ਅੱਛਰ ਸਿੰਘ ਤੋਂ ਵਧ ਏਕਤਾ ਕਮੇਟੀ ਕੋਈ ਨਹੀਂ ਹੋ ਸਕਦੀ। ਖ਼ੈਰ, ਇਹ ਏਕਤਾ ਨਾ ਹੋ ਸਕੀ। ਅਕਾਲੀ ਦਲਾਂ ਵਿਚ ਫੁਟ ਦਾ ਇਕ ਵੱਡਾ ਨੁਕਸਾਨ ਪੱਟੀ ਦੀ ਜ਼ਿਮਨੀ ਚੋਣ ਵਿਚ ਹੋਇਆ। ਪਹਿਲੋਂ ਅਕਾਲੀ ਦਲ ਦੀ ਜਿੱਤੀ ਇਸ ਸੀਟ 'ਤੇ, ਜਿਸ ਦੀ ਚੋਣ ਮਾਰਚ 1964 ਵਿਚ ਹੋਈ ਸੀ, ਕਾਂਗਰਸ ਨੂੰ 22442, ਫਤਹਿ ਸਿੰਘ ਉਮੀਦਵਾਰ ਨੂੰ 18747 ਅਤੇ ਮਾਸਟਰ ਦੇ ਉਮੀਦਵਾਰ ਨੂੰ 2745 ਵੋਟਾਂ ਪਈਆਂ।

1964 ਵਿਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੰਨਣ ਸਿੰਘ ਵਿਰੁੱਧ ਬੇਵਿਸਾਹੀ ਦੇ ਮਤੇ ਦਾ ਨੋਟਿਸ ਫਿਰ ਦਿੱਤਾ ਗਿਆ। ਇਸ ਵਾਰ ਮਾਸਟਰ ਅਕਾਲੀ ਦਲ ਅਤੇ ਸਾਧ ਸੰਗਤ ਬੋਰਡ ਦਾ ਸਾਂਝਾ ਨੋਟਿਸ ਸੀ। ਪਹਿਲੀ ਜੂਨ 1964 ਨੂੰ ਸ਼ਰੋਮਣੀ ਕਮੇਟੀ ਦੀ ਮੀਟਿੰਗ ਹੋਈ ਇਸ ਮੌਕੇ 'ਤੇ ਗਿਆਨੀ ਕਰਤਾਰ ਸਿੰਘ, ਗਿਆਨ ਸਿੰਘ ਰਾੜੇਵਾਲਾ ਅਤੇ ਕੁਝ ਕਾਂਗਰਸੀ ਐਮ.ਐਲ.ਏ. ਮਾਸਟਰ ਤਾਰਾ ਸਿੰਘ ਦੀ ਹਿਮਾਇਤ ਕਰਨ ਵਾਸਤੇ ਅੰਮ੍ਰਿਤਸਰ ਪੁਜੇ ਹੋਏ ਸਨ। ਅੰਮ੍ਰਿਤਸਰ ਬਹੁਤ ਵੱਡੀਆਂ ਸਰਗਰਮੀਆਂ ਦਾ ਮਰਕਜ਼ ਬਣਿਆ ਹੋਇਆ ਸੀ। ਉਨ੍ਹੀਂ ਦਿਨੀਂ ਜੁਡੀਸ਼ੀਅਲ ਕਮਿਸ਼ਨ ਨੇ ਫਤਹਿ ਸਿੰਘ ਅਕਾਲੀ ਦਲ ਦੇ 4 ਮੈਂਬਰਾਂ ਨੂੰ ਵੋਟ ਪਾਉਣ ਤੋਂ ਰੋਕਿਆ ਹੋਇਆ ਸੀ, ਪਰ ਚੰਨਣ ਸਿੰਘ ਨੇ ਇਹ ਗੱਲ ਨਾ ਮੰਨੀ। ਇਸ 'ਤੇ ਮੀਟਿੰਗ ਵਿਚੋਂ ਮਾਸਟਰ ਤਾਰਾ ਸਿੰਘ ਦੇ ਸਾਥੀ ਮੈਂਬਰ ਵਾਕ ਆਊਟ ਕਰ ਗਏ। ਇਸ ਵਾਕ-ਆਊਟ ਪਿੱਛੋਂ ਚੰਨਣ ਸਿੰਘ ਪ੍ਰਧਾਨ ਬਣ ਗਿਆ। ਮਾਸਟਰ ਤਾਰਾ ਸਿੰਘ ਅਤੇ ਜਿਨ੍ਹਾਂ ਨੇ ਵਾਕ ਆਊਟ ਕੀਤਾ ਸੀ, ਨੇ ਬਾਹਰ ਆ ਕੇ ਵੱਖਰੀ ਮੀਟਿੰਗ ਕੀਤੀ। ਇਸ ਵਿਚ 78 ਮੈਂਬਰ ਹਾਜ਼ਿਰ ਸਨ। ਇਨ੍ਹਾਂ ਵਿਚ ਲਾਭ ਸਿੰਘ ਗੁੰਨਾ (ਜੋ ਫਤਹਿ ਸਿੰਘ ਧੜੇ ਦੀ ਮੀਟਿੰਗ ਵਿਚ ਵੀ ਬੈਠਾ ਸੀ) ਵੀ ਸ਼ਾਮਿਲ ਸੀ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਕੁਝ ਚਿਰ ਵਾਸਤੇ ਇਸ ਮੀਟਿੰਗ ਵਿਚ ਵੀ ਆਇਆ ਪਰ ਉਸ ਨੇ ਕਾਰਵਾਈ 'ਤੇ ਦਸਤਖ਼ਤ ਨਹੀਂ ਕੀਤੇ, ਇਸ ਮੀਟਿੰਗ ਨੇ ਕ੍ਰਿਪਾਲ ਸਿੰਘ ਸ਼ੇਰੇਵਾਲਾ ਨੂੰ ਪ੍ਰਧਾਨ ਚੁਣ ਲਿਆ।

ਪਾਉਂਟਾ ਸਾਹਿਬ ਵਿਚ ਨਿਹੰਗਾਂ ਦਾ ਕਤਲੇਆਮ

ਗੁਰਦੁਆਰਾ ਸੁਧਾਰ ਲਹਿਰ (1920-25) ਦੌਰਾਨ ਬਹੁਤ ਸਾਰੇ ਗੁਰਦੁਆਰੇ ਮਹੰਤਾਂ ਤੋਂ ਆਜ਼ਾਦ ਕਰਵਾਏ ਜਾ ਚੁਕੇ ਸਨ ਪਰ ਜਿਹੜੇ ਸਿੱਖਾਂ ਦੇ ਕਬਜ਼ੇ ਵਿਚ

WWW.SIKHBOOKCLUB.COM

ਆਉਣੋਂ ਰਹਿ ਗਏ ਸਨ ਉਨ੍ਹਾਂ ਵਿਚ ਹਿਮਾਂਚਲ ਦਾ ਪਾਉਂਟਾ ਸਾਹਿਬ ਵੀ ਸੀ। 1960ਵਿਆਂ ਵਿਚ ਇੱਥੋਂ ਦੇ ਮਹੰਤ ਨੇ ਲੋਕਲ ਸੰਗਤਾਂ ਅਤੇ ਨਿਹੰਗ ਸਿੰਘਾਂ ਨਾਲ ਸਮਝੌਤਾ ਕਰ ਕੇ ਸੁਧਾਰ ਕਰਨ ਦਾ ਵਾਅਦਾ ਕਰ ਲਿਆ ਸੀ। ਜਿਸ ਨੂੰ ਉਹ ਕਈ ਵਾਰ ਮੰਨ ਤੇ ਕਈ ਵਾਰ ਤੋੜ ਚੁਕਾ ਸੀ। ਇਸ 'ਲੁਕਣਮੀਟੀ' ਦੇ ਸਿਲਸਿਲੇ ਵਿਚ ਮਈ 1964 ਵਿਚ ਵੀ ਨਿਹੰਗ ਸਿੰਘ ਉੱਥੇ ਗਏ ਹੋਏ ਸਨ ਤੇ ਉਨ੍ਹਾਂ ਨੇ 'ਆਖੰਡ ਪਾਠ' ਰੱਖੇ ਹੋਏ ਸਨ। ਮਹੰਤ ਨੇ ਪੁਲੀਸ ਨਾਲ ਮਿਲ ਕੇ ਗੁਰਦੁਆਰੇ ਵਿਚੋਂ ਨਿਹੰਗਾਂ ਨੂੰ ਕੱਢਣ ਦੀ ਪਲਾਨ ਬਣਾਈ।

22 ਮਈ 1964 ਦੇ ਦਿਨ ਪਾਉਂਟਾ ਸਾਹਿਬ (ਹਿਮਾਂਚਲ) ਵਿਚ ਪੁਲੀਸ ਨੇ ਹਮਲਾ ਕਰ ਕੇ ਕਈ ਸਿੱਖ ਮਾਰ ਦਿੱਤੇ ਅਤੇ 15 ਦੇ ਕਰੀਬ ਗ੍ਰਿਫ਼ਤਾਰ ਕਰ ਲਏ। ਗ੍ਰੰਥੀ, ਜੋ ਕਿ ਪਾਠ ਕਰ ਰਿਹਾ ਸੀ, ਨੂੰ ਵੀ ਗੋਲੀ ਮਾਰ ਦਿੱਤੀ ਗਈ ਸੀ। ਇਸ 'ਤੇ ਮਾਸਟਰ ਤਾਰਾ ਸਿੰਘ ਅਤੇ ਫਤਹਿ ਸਿੰਘ ਨੇ ਐਲਾਨ ਕੀਤਾ ਕਿ ਇਸ ਜ਼ੁਲਮ ਵਿਰੁੱਧ ਮੋਰਚਾ ਲਾਇਆ ਜਾਵੇਗਾ। 7 ਜੂਨ 1964 ਨੂੰ ਦੋਹਾਂ ਧੜਿਆਂ ਦੀ 11 ਮੈਂਬਰੀ ਸਾਂਝੀ ਐਕਸ਼ਨ ਕਮੇਟੀ ਬਣ ਗਈ। ਇਸ ਦੇ ਨਾਲ ਹੀ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਦੋਹਾਂ ਨੇ ਸਾਂਝਾ ਬਿਆਨ ਦਿੱਤਾ ਕਿ ਪਾਉਂਟਾ ਸਾਹਿਬ ਨੇ ਪੰਥ ਵਿਚ ਏਕਤਾ ਲੈ ਆਂਦੀ ਹੈ। ਬਾਅਦ ਵਿਚ 16 ਜੁਲਾਈ ਨੂੰ ਫਤਹਿ ਸਿੰਘ ਨੇ ਇਸ ਕਮੇਟੀ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਇਸ ਵਿਚ ਮਾਸਟਰ ਤਾਰਾ ਸਿੰਘ ਦੇ ਸਾਥੀ ਵਧੇਰੇ ਸਨ। ਫਤਹਿ ਸਿੰਘ ਨੇ ਇਕ ਵੱਖਰੀ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਜਿਸ ਵਿਚ ਟੌਹੜਾ, ਤੁੜ, ਹੁੜਿਆਰਾ, ਗੁਰਨਾਮ ਸਿੰਘ ਤੇ ਪ੍ਰੀਤਮ ਸਿੰਘ ਸ਼ਰੀਂਹ ਸ਼ਾਮਿਲ ਸਨ। ਫਤਹਿ ਸਿੰਘ ਨੇ 26 ਜੁਲਾਈ ਤੱਕ ਦਾ ਨੋਟਿਸ ਦੇ ਦਿੱਤਾ। ਬਾਬਾ ਚੇਤ ਸਿੰਘ (ਨਿਹੰਗ ਦਲ) ਅਤੇ 21 ਮੈਂਬਰੀ ਕਮੇਟੀ ਨੇ ਫਤਹਿ ਸਿੰਘ ਦੇ ਇਸ ਐਲਾਨ ਦੀ ਵਿਰੋਧਤਾ ਕੀਤੀ। ਇਸ 'ਤੇ ਅਕਾਲੀ ਵਰਕਰ ਹਰਬੰਸ ਸਿੰਘ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਉਧਰ ਸਰਕਾਰ ਨੇ 26 ਤਾਰੀਖ਼ ਨੂੰ ਗ੍ਰਿਫ਼ਤਾਰ 15 ਨਿਹੰਗ ਰਿਹਾ ਕਰ ਦਿੱਤੇ। ਇਸ ਦਿਨ ਦੋਹਾਂ ਅਕਾਲੀ ਦਲਾਂ ਨੇ ਵੱਖ-ਵੱਖ ਦੀਵਾਨ ਕੀਤੇ ਤੇ ਇਕ ਦੂਸਰੇ ਤੇ ਖ਼ੂਬ ਚਿੱਕੜ ਉਛਾਲਿਆ। 28 ਤਾਰੀਖ਼ ਨੂੰ ਹਰਬੰਸ ਸਿੰਘ ਨੇ ਵਰਤ ਛੱਡ ਦਿੱਤਾ। ਇਸ ਤਰ੍ਹਾਂ ਪਾਉਂਟਾ ਸਾਹਿਬ ਦਾ ਮੋਰਚਾ ਖ਼ਤਮ ਹੋਇਆ ਅਤੇ ਅਲਾਹਬਾਦ ਹਾਈ ਕੋਰਟ ਦੇ ਜੱਜ ਨੇ ਇਸ ਕਤਲੇਆਮ ਦੀ ਪੜਤਾਲ ਸ਼ੁਰੂ ਕੀਤੀ।

ਨਹਿਰੂ ਦੀ ਮੌਤ ਅਤੇ ਕੈਰੋਂ ਦੀ ਚੀਫ਼ ਮਨਿਸਟਰੀ ਜਾਣਾ

ਪਾਉਂਟਾ ਸਾਹਿਬ ਦੀ ਜੱਦੋਜਹਿਦ ਅਜੇ ਜਾਰੀ ਸੀ ਕਿ ਇਸ ਦੌਰਾਨ 27 ਮਈ ਨੂੰ ਪ੍ਰਾਈਮ ਮਨਿਸਟਰ ਨਹਿਰੂ ਦੀ ਮੌਤ ਹੋ ਗਈ। 11 ਜੂਨ 1964 ਨੂੰ ਦਾਸ ਕਮਿਸ਼ਨ ਨੇ ਪ੍ਰਤਾਪ ਸਿੰਘ ਕੈਰੋਂ ਬਾਰੇ ਰਿਪੋਰਟ ਪੇਸ਼ ਕਰ ਦਿਤੀ (ਜੋ 17 ਜੂਨ ਨੂੰ ਛਾਇਆ ਕੀਤੀ ਗਈ)। ਇਸ ਰਿਪੋਰਟ ਨੇ ਕੈਰੋਂ ਨੂੰ ਦਾਗ਼ੀ ਕਰਾਰ ਦਿੱਤਾ। ਕੈਰੋਂ ਨੇ 14 ਜੂਨ 1964 ਨੂੰ ਚੀਫ਼ ਮਨਿਸਟਰੀ ਤੋਂ ਅਸਤੀਫ਼ਾ ਦੇ ਦਿੱਤਾ। ਇਸ ਅਸਤੀਫ਼ੇ ਨਾਲ ਪੰਜਾਬ ਦੀ ਸਿਆਸਤ ਵਿਚ ਇਕ ਨਵੀਂ ਤਬਦੀਲੀ ਆਈ। ਕੈਰੋਂ, ਜਿਸ ਨੇ ਅਕਾਲੀ ਦਲ

WWW.SIKHBOOKCLUB.COM

ਨੂੰ ਬੁਰੀ ਤਰ੍ਹਾਂ ਦਬਾਅ ਕੇ ਰੱਖਿਆ ਸੀ ਅਤੇ ਅਕਾਲੀ ਸਿਆਸਤ ਨੂੰ ਅੰਦਰੋਂ ਵੀ ਬਹੁਤ ਅਸਰ ਹੇਠਾਂ ਰੱਖਿਆ ਹੋਇਆ ਸੀ, ਪੰਜਾਬ ਦੀ ਸਰਗਰਮ ਸਿਆਸਤ ਤੋਂ ਅਲੱਗ ਹੋ ਗਿਆ। ਕੈਰੋਂ, ਜਿਸ ਨੇ ਅੱਠ ਸਾਲ ਪੰਜਾਬ 'ਤੇ ਸ਼ਾਹਾਨਾ ਤਰੀਕੇ ਨਾਲ ਰਾਜ ਕੀਤਾ ਸੀ, ਹੁਣ ਇਕੱਲਾ ਸੀ। ਸੈਂਟਰ ਵਿਚ ਵੀ ਹੁਣ ਉਸ ਦਾ ਸਾਥ ਦੇਣ ਵਾਲਾ ਕੋਈ ਨਹੀਂ ਸੀ।

(ਪ੍ਰਤਾਪ ਸਿੰਘ ਕੈਰੋਂ ਅਕਾਲੀ ਦਲ ਦੀ ਪੈਦਾਵਾਰ ਸੀ। ਸ਼ੁਰੂ-ਸ਼ੁਰੂ ਵਿਚ ਉਹ ਇਕ ਸੰਜੀਦਾ ਅਕਾਲੀ ਵਰਕਰ ਸੀ। ਪਰ ਮਗਰੋਂ ਉਸ ਦੇ ਦਿਲ ਵਿਚ ਤਾਕਤ ਹਾਸਿਲ ਕਰਨ ਦਾ ਲਾਲਚ ਆ ਗਿਆ ਤੇ ਉਹ ਵਜ਼ੀਰ ਜਾਂ ਚੀਫ਼ ਮਨਿਸਟਰ ਬਨ ਵਾਸਤੇ ਪੰਜਾਬ, ਅਕਾਲੀ ਦਲ ਤੇ ਪੰਥ ਨਾਲ ਗਦਾਰੀ ਕਰਨ ਵਾਸਤੇ ਸਾਰੀਆਂ ਹੱਦਾਂ ਪਾਰ ਕਰਨ ਵਾਸਤੇ ਤਿਆਰ ਹੋ ਗਿਆ। ਉਸ ਨੇ ਸਿੱਖਾਂ ਦੀ ਹਰ ਮੰਗ ਦੀ ਵਿਰੋਧਤਾ ਕੀਤੀ। ਉਸ ਨੇ ਪੰਜਾਬ ਨੂੰ ਕੁਝ ਵੀ ਨਾ ਲੈ ਕੇ ਦਿੱਤਾ ਤੇ ਪੰਜਾਬ ਦੇ ਮਸਲਿਆਂ ਨੂੰ ਜਾਂ ਤਾਂ ਅਣਗੌਲਿਆਂ ਕੀਤਾ ਜਾਂ ਸ਼ਰੇਆਮ ਪੰਜਾਬ ਦੇ ਹਿਤਾਂ ਦੇ ਖ਼ਿਲਾਫ਼ ਚੱਲਿਆ। ਉਸ ਨੇ ਪੰਜਾਬ ਦੇ ਹਿਤ ਸਿਰਫ਼ ਇਕ ਚੀਫ਼ ਮਨਿਸਟਰੀ ਵਾਸਤੇ ਵਾਰ-ਵਾਰ ਵੇਚੇ। ਇਹ ਉਹੀ ਸੀ ਜਿਸ ਨੇ ਰਾਜਿਸਥਾਨ ਨੂੰ ਨਹਿਰ ਕੱਢ ਕੇ ਦਿੱਤੀ ਤੇ ਪੰਜਾਬ ਦਾ ਅੱਧੇ ਤੋਂ ਵਧ ਪਾਣੀ ਰਾਜਿਸਥਾਨ ਨੂੰ ਦਿੱਤਾ। ਉਸ ਨੇ 1960 ਦੇ ਮੋਰਚੇ ਦੌਰਾਨ ਸਿੱਖਾਂ 'ਤੇ ਬੇਪਨਾਹ ਜ਼ੁਲਮ ਢਾਹੇ। ਉਸ ਨੇ ਸਿਸੱਖਾਂ ਦੇ ਮੁਕਾਬਲੇ 'ਤੇ ਹਿੰਦੂਆਂ ਨੂੰ ਨੌਕਰੀਆਂ ਤੇ ਤਰੱਕੀਆਂ ਦਿੱਤੀਆਂ (ਇਸ ਸਿੱਖ-ਦੁਸ਼ਮਣੀ ਵਿਚ ਉਸ ਤੋਂ ਅੱਗੇ ਸਿਰਫ਼ ਬਾਦਲ ਹੀ ਨਿਕਲਿਆ)।

ਕੈਰੋਂ ਦੀ ਥਾਂ 'ਤੇ ਸਵਰਨ ਸਿੰਘ ਦੀ ਸਿਫ਼ਾਰਸ਼ 'ਤੇ ਇਕ ਆਰੀਆ ਸਮਾਜੀ ਕਾਮਰੇਡ ਰਾਮ ਕਿਸ਼ਨ ਪੰਜਾਬ ਦਾ ਚੀਫ਼ ਮਨਿਸਟਰ ਬਣਾ ਦਿੱਤਾ ਗਿਆ।

ਅਕਾਲੀ ਦਲ ਦੀ ਏਕਤਾ ਜੋ ਪਾਉਂਟਾ ਸਾਹਿਬ ਵਾਸਤੇ ਆਈ ਸੀ ਉਹ ਚਹੁੰ ਦਿਨਾਂ ਵਿਚ ਵੀ ਖ਼ਤਮ ਹੋ ਗਈ। ਦੋਵੇਂ ਦਲ ਪਾਉਂਟਾ ਸਾਹਿਬ ਤੋਂ ਇਕ ਦੂਜੇ ਵਾਸਤੇ ਹੋਰ ਨਫ਼ਰਤ ਲੈ ਕੇ ਆਏ। ਪਰ ਇਸ ਦੌਰਾਨ ਗੁਰਨਾਮ ਸਿੰਘ ਮਾਸਟਰ ਤਾਰਾ ਸਿੰਘ ਨੂੰ ਛੱਡ ਕੇ ਫਤਹਿ ਸਿੰਘ ਨਾਲ ਆ ਮਿਲਿਆ। ਪੰਜਾਬ ਵਿਚ ਆ ਕੇ ਦੋਹਾਂ ਧੜਿਆਂ ਨੇ ਇਕ ਦੂਜੇ 'ਤੇ ਚਿੱਕੜ ਸੁਟਣਾ ਸ਼ੁਰੂ ਕਰ ਦਿੱਤਾ। 29 ਜੁਲਾਈ 1964 ਦੇ ਦਿਨ ਫਤਹਿ ਸਿੰਘ ਦੇ 40 ਆਦਮੀਆਂ ਨੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਨਾਲ ਲੈ ਕੇ ਹਥਿਆਰਬੰਦ ਹੋ ਕੇ ਅਕਾਲੀ ਦਲ (ਮਾਸਟਰ) ਦੇ ਦਫ਼ਤਰ 'ਤੇ ਹਮਲਾ ਕੀਤਾ। ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਦੀ ਤਸਵੀਰ ਪਾੜ ਦਿੱਤੀ ਤੇ ਹੋਰ ਨੁਕਸਾਨ ਵੀ ਕੀਤਾ। ਉੱਥੇ ਬੈਠੇ ਆਤਮਾ ਸਿੰਘ, ਹਰਬੰਸ ਸਿੰਘ ਗੁੱਜਰਖਾਨੀ ਤੇ ਵੈਦ ਕਰਤਾਰ ਸਿੰਘ ਦੀ ਕੁੱਟ-ਮਾਰ ਕੀਤੀ ਗਈ ਅਤੇ ਅਕਾਲੀ ਦਲ ਦੇ ਦਫ਼ਤਰ ਦਾ ਬੋਰਡ ਲਾਹ ਕੇ ਦਰਬਾਰ ਸਾਹਿਬ ਦਾ ਬੋਰਡ ਲਾ ਦਿੱਤਾ ਗਿਆ। ਰਿਪੋਰਟ ਕਰਨ 'ਤੇ ਪੁਲੀਸ ਕਾਫ਼ੀ ਦੇਰ ਬਾਅਦ ਪਹੁੰਚੀ ਅਤੇ ਫਤਹਿ ਸਿੰਘ ਦੇ 16 ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

ਫਤਹਿ ਸਿੰਘ ਦੇ ਦਲ ਦੀ ਇਸ ਹਰਕਤ ਵਿਰੁੱਧ ਥਾਂ-ਥਾਂ ਰੋਸ ਹੋਏ ਅਤੇ ਪਟਿਆਲੇ ਵਿਚ ਉਸ ਦੀ ਅਰਥੀ ਵੀ ਸਾੜੀ ਗਈ। ਇਸ ਤੋਂ ਬਾਅਦ ਵੀ ਫਤਹਿ ਸਿੰਘ ਦੇ ਸਾਥੀਆਂ ਨੇ 6 ਅਗਸਤ ਨੂੰ ਸਰਾਂ ਵੱਲ ਦੇ ਦਰਵਾਜ਼ੇ ਬੰਦ ਕਰ ਕੇ ਮਾਸਟਰ

WWW.SIKHBOOKCLUB.COM

ਤਾਰਾ ਸਿੰਘ ਦੀ ਕਾਰ 'ਤੇ ਹਮਲਾ ਕੀਤਾ ਜਿਸ ਤੋਂ ਪੁਲੀਸ ਨੇ ਆ ਕੇ ਬਚਾਇਆ। ਇਸ ਤਰ੍ਹਾਂ ਦੀਆਂ ਇਕ ਦੋ ਹੋਰ ਘਟਨਾਵਾਂ ਵੀ ਹੋਈਆਂ। ਇਸ ਮਾਹੌਲ ਨੂੰ ਸਮਝਦਿਆਂ ਕੁਝ ਸਿੱਖਾਂ ਨੇ ਇਕ ਪੰਥਕ ਕਨਵੈਨਸ਼ਨ ਪਟਿਆਲੇ ਵਿਚ 19 ਨਵੰਬਰ 1964 ਨੂੰ ਕੀਤੀ ਅਤੇ ਪੰਥ ਵਿਚ ਏਕਤਾ ਲਈ ਕਮੇਟੀ ਬਣਾਈ। ਇਸ ਵਿਚ ਬਾਬਾ ਗੁਰਮੁਖ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਅਜੀਤ ਸਿੰਘ ਸਰਹੱਦੀ, ਤੇਜਾ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਸਨ। ਪਰ ਦੋਹਾਂ ਧੜਿਆਂ ਵਿਚ ਏਕਤਾ ਕਰਨ ਵਾਸਤੇ ਮਾਸਟਰ ਤਾਰਾ ਸਿੰਘ ਚਾਹੁੰਦਾ ਸੀ ਕਿ ਉਨ੍ਹਾਂ ਦੇ ਅਕਾਲੀ ਦਲ ਨੂੰ ਅਸਲੀ ਅਕਾਲੀ ਦਲ ਸਮਝਿਆ ਜਾਵੇ ਅਤੇ ਫਿਰ ਨਵੀਂ ਭਰਤੀ ਕੀਤੀ ਜਾਵੇ ਪਰ ਫਤਹਿ ਸਿੰਘ ਇਸ ਲਈ ਤਿਆਰ ਨਹੀਂ ਸੀ।

17 ਜਨਵਰੀ 1965 ਨੂੰ ਨਵੀਆਂ ਗੁਰਦੁਆਰਾ ਚੋਣਾਂ ਹੋਣ ਵਾਲੀਆਂ ਸਨ। ਮਾਸਟਰ ਅਤੇ ਫਤਹਿ ਸਿੰਘ ਦੋਵੇਂ ਵੱਖ-ਵੱਖ ਧੜਿਆਂ ਨਾਲ ਚੋਣ ਸਮਝੌਤੇ ਕਰ ਰਹੇ ਸਨ। ਇਨ੍ਹਾਂ ਹੀ ਦਿਨ੍ਹਾਂ ਵਿਚ ਸਰੂਪ ਸਿੰਘ (ਸਾਬਕਾ ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ) ਅਤੇ ਪ੍ਰੋ: ਸਤਬੀਰ ਸਿੰਘ ਨੇ ਇਕ ਨਵੀਂ ਪਾਰਟੀ ਬਣਾ ਕੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ। 19 ਨਵੰਬਰ 1964 ਦੀ ਪਟਿਆਲੇ ਵਾਲੀ ਕਮੇਟੀ ਨੇ ਫਤਹਿ ਸਿੰਘ ਤੇ ਮਾਸਟਰ ਦੋਹਾਂ ਨੂੰ ਰਿਟਾਇਰ ਹੋ ਕੇ ਮੋਹਨ ਸਿੰਘ ਤੁੜ ਤੇ ਗਿਆਨੀ ਭੂਪਿੰਦਰ ਸਿੰਘ ਨੂੰ ਉਮੀਦਵਾਰ ਨਾਮਜ਼ਦ ਕਰਨ ਦਾ ਹੱਕ ਦੇਣ ਵਾਸਤੇ ਕਿਹਾ। ਪਰ ਇਸ ਨੂੰ ਫਤਹਿ ਸਿੰਘ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ।

17 ਜਨਵਰੀ 1965 ਨੂੰ ਗੁਰਦੁਆਰਾ ਚੋਣਾਂ ਹੋਈਆਂ। ਜਿਸ ਵਿਚ ਫਤਹਿ ਸਿੰਘ ਦੇ ਅਕਾਲੀ ਦਲ ਨੂੰ ਤਗੜੀ ਜਿੱਤ ਮਿਲੀ। ਪਰ, ਫਤਹਿ ਸਿੰਘ ਦੇ ਖ਼ਾਸ ਉਮੀਦਵਾਰ ਸ਼ਿਵ ਸਿੰਘ ਝਾਵਾਂ ਅਤੇ ਮਾਸਟਰ ਦੇ ਕਰਤਾਰ ਸਿੰਘ ਦਰਵੇਸ਼ ਤੇ ਕੰਵਰਾਨੀ ਜਗਦੀਸ਼ ਕੌਰ ਹਾਰ ਹਏ। ਫਤਹਿ ਸਿੰਘ ਦਾ ਸਾਥੀ ਸ਼੍ਰੋਮਣੀ ਕਮੇਟੀ ਦਾ ਜਨਰਲ ਸਕੱਤਰ ਰਘਬੀਰ ਸਿੰਘ ਤੇ ਅਰਜਨ ਸਿੰਘ ਬ੍ਰਧੀਰਾਜਾ ਵੀ ਹਾਰ ਗਿਆ। ਨਤੀਜਿਆਂ ਮਗਰੋਂ ਗੁਰਨਾਮ ਸਿੰਘ ਤੇ ਗਿਆਨ ਸਿੰਘ ਰਾੜੇਵਾਲਾ ਨੇ ਮਾਸਟਰ ਤਾਰਾ ਸਿੰਘ ਨੂੰ ਸਿਆਸਤ ਤੋਂ ਰਿਟਾਇਰ ਹੋਣ ਵਾਸਤੇ ਆਖਿਆ। ਇਸ ਤੇ 20 ਜਨਵਰੀ 1965 ਨੂੰ ਸਵੇਰੇ 8 ਵਜੇ ਮਾਸਟਰ ਤਾਰਾ ਸਿੰਘ ਕਿਸੇ ਅਣਦੱਸੀ ਥਾਂ ਲਈ (ਅਗਿਆਤਵਾਸ) ਚਲਾ ਗਿਆ ਅਤੇ ਅਕਾਲੀ ਦਲ ਅਤੇ ਸਿੱਖ ਪੰਥ ਦਾ ਮੈਦਾਨ ਫਤਹਿ ਸਿੰਘ ਵਾਸਤੇ ਖ਼ਾਲੀ ਕਰ ਦਿੱਤਾ। 21 ਜਨਵਰੀ ਨੂੰ ਫਤਹਿ ਸਿੰਘ ਨੇ ਮਾਸਟਰ ਦੇ ਸਾਥੀਆਂ ਨੂੰ ਆਪਣੇ ਅਕਾਲੀ ਦਲ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਸਰਮਾਏਦਾਰ ਕਮਿਊਨਿਸਟ ਆਗੂ ਕਾਮਰੇਡ ਜਗਜੀਤ ਸਿੰਘ ਅਨੰਦ ਨੇ ਫਤਹਿ ਸਿੰਘ ਦੀ ਜਿੱਤ ਤੇ ਖੁਸ਼ੀ ਪ੍ਰਗਟ ਕੀਤੀ। ਇਸ ਤੋਂ ਦੋ ਦਿਨ ਬਾਅਦ ਸਤਬੀਰ ਸਿੰਘ ਨੇ ਬਿਆਨ ਦਿੱਤਾ ਕਿ 'ਫਤਹਿ ਸਿੰਘ ਦੀ ਜਿੱਤ ਕਾਂਗਰਸੀਆਂ ਤੇ ਕਮਿਊਨਿਸਟਾਂ ਦੀ ਮਦਦ ਕਾਰਨ ਹੋਈ ਹੈ। ਕਾਮਰੇਡ ਫਤਹਿ ਸਿੰਘ ਦੇ ਅਕਾਲੀ ਦਲ ਵਿਚ ਸ਼ਾਮਿਲ ਹੋ

WWW.SIKHBOOKCLUB.COM

ਚੁੱਕੇ ਹਨ ਅਤੇ ਅੰਦਰੋਂ ਕਬਜ਼ਾ ਕਰ ਚੁੱਕੇ ਹਨ।' ਅਸਲ ਵਿਚ ਫਤਹਿ ਸਿੰਘ ਦੀ ਜਿੱਤ ਉਨ੍ਹਾਂ ਇਲਾਕਿਆਂ ਵਿਚ ਵਧੇਰੇ ਹੋਈ ਸੀ ਜਿੱਥੇ ਕਿ ਕਾਮਰੇਡਾਂ ਦਾ ਜ਼ੋਰ ਸੀ।

12 ਮਾਰਚ 1965 ਨੂੰ ਸ਼ਰੋਮਣੀ ਕਮੇਟੀ ਦੀ ਸਾਲਾਨਾ ਚੋਣ ਵਿਚ ਚੰਨਣ ਸਿੰਘ ਨੂੰ ਫੇਰ ਪ੍ਰਧਾਨ ਚੁਣ ਲਿਆ ਗਿਆ। ਫਤਹਿ ਸਿੰਘ ਅਕਾਲੀ ਦਲ ਨੇ ਪੰਜਾਬੀ ਸੂਬੇ ਸਬੰਧੀ ਕੋਈ ਵੀ ਸਵਾਲ ਨਾ ਛੇੜਿਆ। ਇਸ ਤਰ੍ਹਾਂ ਕਈ ਮਹੀਨੇ ਪੰਜਾਬ ਦਾ ਮਾਹੌਲ ਪੰਜਾਬੀ ਸੂਬੇ ਦੇ ਚਰਚੇ ਤੋਂ ਖ਼ਾਲੀ ਰਿਹਾ। 2 ਜੂਨ 1965 ਨੂੰ ਇੰਡੀਅਨ ਕਾਂਗਰਸ ਦੀ ਐਗਜ਼ੈਕਟਿਵ ਨੇ ਸਕੂਲਾਂ ਵਿਚ ਤਿੰਨ ਜ਼ਬਾਨਾਂ ਦੀ ਪੜ੍ਹਾਈ ਕਰਵਾਉਣ ਦੇ ਫ਼ਾਰਮੂਲੇ ਦਾ ਮਤਾ ਪਾਸ ਕੀਤਾ। ਹੁਣ ਮਾਸਟਰ ਅਕਾਲੀ ਦਲ ਨੇ ਪੰਜਾਬੀ ਸੂਬੇ ਦਾ ਮਸਲਾ ਫਿਰ ਛੇੜਿਆ। ਇਸ 'ਤੇ ਫਤਹਿ ਸਿੰਘ ਅਕਾਲੀ ਦਲ ਨੇ ਵੀ ਪੰਜਾਬੀ ਸੂਬੇ ਲਈ ਜੱਦੋ-ਜਹਿਦ ਕਰਨ ਬਾਰੇ ਐਲਾਨ ਕਰਨੇ ਸ਼ੁਰੂ ਕਰ ਦਿੱਤੇ ਪਰ ਕਿਸੇ ਠੋਸ ਪ੍ਰੋਗਰਾਮ ਦਾ ਐਲਾਨ ਨਾ ਕੀਤਾ।

ਹੁਣ ਦੋਹਾਂ ਅਕਾਲੀ ਦਲਾਂ ਵਿਚ ਏਕਤਾ ਵਾਸਤੇ ਫਿਰ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਪਰ 24 ਜੂਨ 1965 ਨੂੰ ਹੀ ਏਕਤਾ ਦੀਆਂ ਗੱਲਾਂ ਖ਼ਤਮ ਹੋ ਗਈਆਂ ਅਤੇ ਗੱਲਬਾਤ ਫੇਲ੍ਹ ਹੋ ਗਈ। ਪਰ ਅਗਲੇ ਦਿਨ ਹੀ 25 ਜੂਨ ਨੂੰ ਫਤਹਿ ਸਿੰਘ ਤੇ ਗਿਆਨੀ ਭੂਪਿੰਦਰ ਸਿੰਘ ਨੇ ਸਾਂਝਾ ਬਿਆਨ ਦੇ ਕੇ ਸਰਕਾਰ ਨੂੰ 15 ਦਿਨ ਦਾ ਨੋਟਿਸ ਦੇ ਕੇ ਮੰਗ ਕੀਤੀ ਕਿ ਗੁਰਦੁਆਰਿਆਂ ਦੀ ਬੇਹੁਰਮਤੀ ਕਰਨ ਦੀਆਂ ਘਟਨਾਵਾਂ 'ਤੇ ਐਕਸ਼ਨ ਲਿਆ ਜਾਵੇ ਨਹੀਂ ਤਾਂ ਜੱਦੋਜਹਿਦ ਕੀਤੀ ਜਾਵੇਗੀ। 26 ਜੂਨ ਨੂੰ ਅਸੈਂਬਲੀ ਵਿਚ ਦੋਵੇਂ ਅਕਾਲੀ ਗਰੁਪ ਫਿਰ ਇਕ ਹੋ ਗਏ। ਇਸ ਤਰ੍ਹਾਂ ਸਮਝੌਤੇ ਦੀਆਂ ਆਸਾਂ ਇਕ ਵਾਰ ਫੇਰ ਬੱਝ ਗਈਆਂ। ਗਿਆਨੀ ਭੂਪਿੰਦਰ ਸਿੰਘ ਤੇ ਜਸਟਿਸ ਗੁਰਨਾਮ ਸਿੰਘ ਦੋਹਾਂ ਦਲਾਂ ਦੇ ਏਕੇ ਵਾਸਤੇ ਫੇਰ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਦੋਵੇਂ ਆਗੂ ਸਿੱਖ ਸੈਂਟਰਲ ਬੋਰਡ ਵੱਲੋਂ 4 ਜੁਲਾਈ 1965 ਦੇ ਦਿਨ ਲੁਧਿਆਣੇ ਵਿਖੇ ਕੀਤੀ ਗਈ 'ਨਲਵਾ ਕਾਨਫ਼ਰੰਸ' 'ਤੇ ਇਕੱਠੇ ਹੋਏ। ਇਸ ਕਾਨਫ਼ਰੰਸ ਵਿਚ ਗੁਰਨਾਮ ਸਿੰਘ ਨੇ ਇਕ ਮਤਾ ਪੇਸ਼ ਕੀਤਾ ਜਿਸ ਦੀ ਤਾਈਦ ਗਿਆਨੀ ਭੂਪਿੰਦਰ ਸਿੰਘ ਨੇ ਕੀਤੀ। ਇਸ ਮਤੇ ਨੂੰ ਬਾਅਦ ਵਿਚ ''**ਆਤਮ ਨਿਰਣੇ**'' ਦੇ ਮਤੇ ਨਾਲ ਯਾਦ ਕੀਤਾ ਜਾਂਦਾ ਰਿਹਾ। ਮਤੇ ਦੇ ਲਫ਼ਜ਼ ਸਨ: **''ਇਹ ਕਾਨਫ਼ਰੰਸ ਵਿਚਾਰਾਂ ਮਗਰੋਂ ਇਸ ਸਿੱਟੇ 'ਤੇ ਪੁਜੀ ਹੈ ਕਿ ਸਿੱਖਾਂ ਕੋਲ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਭਾਰਤੀ ਰੀਪਬਲਿਕ ਅੰਦਰ ਆਪ੍ਹੁ ਫ਼ੈਸਲਾ ਕਰਨ (ਆਤਮ ਨਿਰਣੈ) ਦਾ ਸਿਆਸੀ ਦਰਜਾ ਹਾਸਿਲ ਕਰਨ ਤੋਂ ਬਿਨਾਂ ਹੋਰ ਕੋਈ ਬਦਲ ਨਹੀਂ।''** (*ਟ੍ਰਿਬਿਊਨ*, 5 ਜੁਲਾਈ 1965)।

ਇਸ ਮਤੇ ਦੀ ਹਿਮਾਇਤ ਮਾਸਟਰ ਅਕਾਲੀ ਦਲ ਨੇ ਕੀਤੀ। ਹੋਰ ਵੀ ਕਈ ਪਾਸਿਆਂ ਤੋਂ ਹਿਮਾਇਤ ਹੋਈ ਪਰ ਫਤਹਿ ਸਿੰਘ ਅਕਾਲੀ ਦਲ ਦੇ ਲਛਮਣ ਸਿੰਘ ਗਿੱਲ ਨੇ ਇਸ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਸਿੱਖ ਸਟੇਟ ਦੀ ਮੰਗ ਹੈ। ਅਰਜਨ ਸਿੰਘ ਬੁਧੀਰਾਜਾ ਨੇ 19 ਜੁਲਾਈ ਨੂੰ ਬਿਆਨ ਦਿੱਤਾ ਕਿ ਫਤਹਿ ਸਿੰਘ ਸਿੱਖ ਸਟੇਟ ਦੇ ਖ਼ਿਲਾਫ਼ ਰੈਲੀਆਂ ਕਰੇਗਾ।

WWW.SIKHBOOKCLUB.COM

ਮਾਸਟਰ ਤਾਰਾ ਸਿੰਘ ਪਿਛਲੇ 6 ਮਹੀਨੇ ਤੋਂ ਰੂਪੋਸ਼ੀ 'ਚ ਰਹਿ ਰਿਹਾ ਸੀ। 20 ਜਨਵਰੀ ਤੋਂ ਉਸ ਨੇ ਸਿਆਸਤ ਤੇ ਸਰਗਰਮ ਪਬਲਿਕ ਜ਼ਿੰਦਗੀ ਤੋਂ ਛੁੱਟੀ ਲੈ ਰੱਖੀ ਸੀ। 24 ਜੁਲਾਈ ਨੂੰ ਮਾਸਟਰ ਨੇ ਸਿਆਸਤ ਵਿਚ ਮੁੜ ਆਉਣ ਦਾ ਐਲਾਨ ਕਰ ਦਿੱਤਾ। ਇਸ ਦਿਨ ਚੰਡੀਗੜ੍ਹ ਵਿਚ ਕੀਤੀ ਇਕ ਪ੍ਰੈਸ ਕਾਨਫ਼ਰੰਸ ਵਿਚ ਉਸ ਨੇ ਨਲਵਾ ਕਾਨਫ਼ਰੰਸ ਦੇ ਆਤਮ ਨਿਰਣੇ ਦੇ ਮਤੇ ਦੀ ਹਿਮਾਇਤ ਕੀਤੀ ਤੇ ਸ਼ੇਖ ਅਬਦੁੱਲਾ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ। ਇਸ ਤੋਂ ਬਿਨਾਂ ਉਸ ਨੇ ਕਾਂਗਰਸ ਦੇ ਖ਼ਿਲਾਫ਼ ਸਾਂਝੇ ਮੋਰਚੇ ਦੀ ਮਦਦ ਅਤੇ ਫਤਹਿ ਸਿੰਘ ਨਾਲ ਸਮਝੌਤੇ ਦੀਆਂ ਕੋਸ਼ਿਸ਼ਾਂ ਬਾਰੇ ਵੀ ਬਿਆਨ ਦਿੱਤਾ।

ਫਤਹਿ ਸਿੰਘ ਵੱਲੋਂ ਫੇਰ ਮਰਨ ਵਰਤ ਦਾ ਐਲਾਨ

10 ਅਗਸਤ 1965 ਨੂੰ ਫਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਫਤਹਿ ਸਿੰਘ ਨੂੰ ਪੰਜਾਬੀ ਸੂਬੇ ਸਬੰਧੀ ਲੈਣ ਲਈ ਅਖ਼ਤਿਆਰ ਦੇ ਦਿੱਤਾ। ਇਸੇ ਦਿਨ ਦਰਸ਼ਨ ਸਿੰਘ ਫੇਰੂਮਾਨ ਨੇ ਫਤਹਿ ਸਿੰਘ ਤੇ ਮਾਸਟਰ ਨੂੰ 15 ਅਗਸਤ ਤੱਕ ਏਕਤਾ ਕਰਨ ਦਾ ਨੋਟਿਸ ਦਿੱਤਾ ਅਤੇ ਨਾ ਹੋਣ ਤੇ 15 ਅਗਸਤ ਤੋਂ ਮੰਜੀ ਸਾਹਿਬ 'ਤੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ *(ਇਸ ਦਰਸ਼ਨ ਸਿੰਘ ਫ਼ੇਰੂਮਾਨ ਨੇ ਅਜੇ ਦਸ ਸਾਲ ਪਹਿਲਾਂ, ਕਾਂਗਰਸ ਦਾ ਹੱਥ-ਠੋਕਾ ਬਣ ਕੇ, 26 ਜੂਨ 1955 ਨੂੰ ਅਕਾਲੀ ਦਲ ਦੇ ਪੰਜਾਬੀ ਸੂਬਾ ਮੋਰਚੇ ਦੇ ਖ਼ਿਲਾਫ਼ ਦਰਬਾਰ ਸਾਹਿਬ ਨੂੰ ਜੱਥਾ ਲਿਜਾਉਣ ਦੀਆਂ ਧਮਕੀਆਂ ਦਿੱਤੀਆਂ ਸਨ; ਉਂਵ ਉਸ ਨੇ ਸਿੱਖਾਂ ਦੇ ਰੋਹ ਤੋਂ ਡਰਦਿਆਂ ਅਜਿਹਾ ਕਰਨ ਦੀ ਜੁਰਅਤ ਨਹੀਂ ਸੀ ਕੀਤੀ)*। ਹੁਣ 16 ਅਗਸਤ ਨੂੰ ਫਤਹਿ ਸਿੰਘ ਨੇ ਪੰਜਾਬੀ ਸੂਬੇ ਵਾਸਤੇ 25 ਦਿਨ ਦੇ ਅਲਟੀਮੇਟਮ ਤੋਂ ਬਾਅਦ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਇਸ ਸਮੇਂ ਅਕਾਲੀ ਤਖ਼ਤ ਸਾਹਿਬ ਅੱਗੇ 25000 ਸੰਗਤਾਂ, ਅਕਾਲੀ ਦਲ ਦੇ 350 ਡੈਲੀਗੇਟ, ਸ਼ਰੋਮਣੀ ਕਮੇਟੀ ਦੇ 100 ਮੈਂਬਰ ਤੇ 8 ਐਮ.ਐਲ.ਏ. ਹਾਜ਼ਰ ਸਨ। (ਜਸਟਿਸ ਗੁਰਨਾਮ ਸਿੰਘ ਇਨ੍ਹਾਂ ਵਿਚ ਸ਼ਾਮਿਲ ਨਹੀਂ ਸੀ)।

22 ਅਗਸਤ ਨੂੰ ਮਾਸਟਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਵੀ ਪੰਜਾਬੀ ਸੂਬੇ ਲਈ ਸਾਂਝੀ ਜੱਦੋ-ਜਹਿਦ ਕਰਨ ਦਾ ਐਲਾਨ ਕਰ ਦਿੱਤਾ। ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਮਾਸਟਰ ਤਾਰਾ ਸਿੰਘ ਹਾਜ਼ਿਰ ਨਹੀਂ ਸੀ ਪਰ ਕਪੂਰ ਸਿੰਘ, ਧੰਨਾ ਸਿੰਘ ਗੁਲਸ਼ਨ ਅਤੇ ਬੂਟਾ ਸਿੰਘ ਹਾਜ਼ਰ ਸਨ। ਵਰਕਿੰਗ ਕਮੇਟੀ ਨੇ ਗਿਆਨੀ ਕੁਪਿੰਦਰ ਸਿੰਘ ਨੂੰ ਪੂਰੇ ਹੱਕ ਦੇ ਦਿੱਤੇ ਤਾਂ ਜੋ ਉਹ ਫਤਹਿ ਸਿੰਘ ਧੜੇ ਨਾਲ ਮਿਲ ਕੇ ਕੋਸ਼ਿਸ਼ਾਂ ਕਰਨ। 23 ਅਗਸਤ 1965 ਨੂੰ ਮੰਜੀ ਸਾਹਿਬ ਵਿਚ ਹੋਏ ਦੀਵਾਨ ਵਿਚ ਮਾਸਟਰ ਅਕਾਲੀ ਦਲ ਅਤੇ ਫਤਹਿ ਸਿੰਘ ਅਕਾਲੀ ਦਲ ਦੋਹਾਂ ਦੇ ਆਗੂਆਂ ਨੇ ਤਕਰੀਰਾਂ ਕੀਤੀਆਂ। 25 ਅਗਸਤ ਨੂੰ ਮਾਸਟਰ ਤਾਰਾ ਸਿੰਘ ਨੇ ਫਤਹਿ ਸਿੰਘ ਦੇ ਵਰਤ ਦੀ ਹਿਮਾਇਤ ਕਰ ਦਿੱਤੀ। 27 ਅਗਸਤ 1965 ਨੂੰ ਮਾਸਟਰ ਤਾਰਾ ਸਿੰਘ ਫਤਹਿ ਸਿੰਘ ਨੂੰ, 37 ਮਹੀਨਿਆਂ ਮਗਰੋਂ ਪਹਿਲੀ ਵਾਰੀ ਮਿਲੇ।

WWW.SIKHBOOKCLUB.COM

28 ਅਗਸਤ ਨੂੰ ਕਮਿਊਨਿਸਟ ਪਾਰਟੀ ਨੇ ਪੰਜਾਬੀ ਸੂਬੇ ਦੀ ਮੰਗ ਅਸੂਲੀ ਤੌਰ 'ਤੇ ਮਨਜ਼ੂਰ ਕਰਨ ਦੀ ਮੰਗ ਕੀਤੀ। ਗਿਆਨ ਸਿੰਘ ਰਾੜੇਵਾਲਾ ਨੇ 31 ਅਗਸਤ 1965 ਨੂੰ ਪੰਜਾਬ ਦੇ ਸਿੱਖ ਐਮ.ਐਲ.ਏਜ਼ ਦੀ ਮੀਟਿੰਗ ਸੱਦ ਲਈ ਜਿਸ ਵਿਚ 40 'ਚੋਂ 15 ਕਾਂਗਰਸੀ ਹਾਜ਼ਰ ਹੋਏ। ਇਨ੍ਹਾਂ ਵਿਚ ਗਿਆਨੀ ਕਰਤਾਰ ਸਿੰਘ, ਨਰੈਣ ਸਿੰਘ ਸ਼ਾਹਬਾਜ਼ਪੁਰੀ, ਤਰਲੋਚਨ ਸਿੰਘ ਰਿਆਸਤੀ, ਪ੍ਰੀਤਮ ਸਿੰਘ ਸਾਹੋਕੇ, ਹਰਚਰਨ ਸਿੰਘ ਬਰਾੜ, ਹਰਚੰਦ ਸਿੰਘ, ਉਮਰਾਓ ਸਿੰਘ, ਗੁਰਦਰਸ਼ਨ ਸਿੰਘ, ਜਸਦੇਵ ਸਿੰਘ ਬਰਾੜ, ਹਰਚੰਦ ਸਿੰਘ ਨੈਣਾਂਵਾਲਾ ਵੀ ਸ਼ਾਮਿਲ ਸਨ। ਇਨ੍ਹਾਂ ਨੇ ਸਰਕਾਰ ਤੋਂ ਪੰਜਾਬੀ ਸੂਬੇ ਨੂੰ ਅਸੂਲੀ ਤੌਰ 'ਤੇ ਮੰਨਣ ਦੀ ਮੰਗ ਕੀਤੀ। ਇਨ੍ਹਾਂ ਦਿਨਾਂ ਵਿਚ ਪੰਜਾਬੀ ਪੂਰੇ ਪੰਜਾਬ ਵਿਚ ਲਾਗੂ ਕਰਨ ਦੀ ਗੱਲ ਵੀ ਚੱਲੀ ਪਰ ਕਿਸੇ ਨੇ ਵੀ ਇਸ ਦੀ ਹਿਮਾਇਤ ਨਾ ਕੀਤੀ। ਪਰ ਇਨ੍ਹਾਂ ਦਿਨਾਂ ਵਿਚ ਹੀ ਭਾਰਤ ਪਾਕਿ ਜੰਗ ਸ਼ੁਰੂ ਹੋ ਗਈ।

ਇਨ੍ਹਾਂ ਦਿਨਾਂ ਵਿਚ ਕਾਂਗਰਸ ਨਾਲ ਨੇੜਤਾ ਰੱਖਣ ਵਾਲੇ ਜਰਨਲਿਸਟ ਖ਼ੁਸ਼ਵੰਤ ਸਿੰਘ ਨੇ ਇਕ ਲੇਖ ਰਾਹੀਂ ਪੰਜਾਬੀ ਸੂਬਾ ਦੀ ਹਿਮਾਇਤ ਕਤਿੀ। ਉਸ ਨੇ ਇਸ ਲੇਖ ਵਿਚ ਇਹ ਵੀ ਕਿਹਾ ਕਿ ਜਿਉਂ ਹੀ ਇਹ ਸੂਬਾ ਬਣੇਗਾ ਸਿੱਖ ਆਪਣੇ ਹੋਰ ਸ਼ਿਕਵਿਆਂ (ਫ਼ੌਜ ਵਿਚ ਘਟ ਭਿਰਤੀ, ਪੰਜਾਬ ਨੂੰ ਸਨਅਤ ਨਾ ਦੇਣ ਦਾ ਵਿਤਕਰਾ ਵਗ਼ੈਰਾ) ਨੂੰ ਨਜ਼ਰ ਅੰਦਾਜ਼ ਕਰ ਦੇਣਗੇ। ਇਹ ਸੂਬਾ ਭਾਰਤ ਨੂੰ ਕਮਜ਼ੋਰ ਨਹੀਂ ਬਲਕਿ ਤਗੜਾ ਕਰੇਗਾ (*ਸਿੱਖ ਰੀਵਿਊ*, ਸਤੰਬਰ 1965)। ਦਰਅਸਲ ਇਹ ਲੇਖ ਐਵੇਂ ਨਹੀਂ ਸੀ ਲਿਖਿਆ ਗਿਆ। ਸਰਕਾਰ ਅਜਿਹਾ ਕਰ ਕੇ ਪੰਜਾਬੀ ਸੂਬੇ ਦੀ ਮੰਗ ਨੂੰ ਮੰਨਣ ਵਾਸਤੇ ਹਿਮਾਇਤ ਜੁਟਾ ਰਹੀ ਸੀ।

1 ਸਤੰਬਰ 1965 ਨੂੰ ਗਿਆਨ ਸਿੰਘ ਰਾੜੇਵਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਜੇ ਰੀਜਨਲ ਫ਼ਾਰਮੂਲੇ ਨੂੰ ਦਿਆਨਤਦਾਰੀ ਨਾਲ ਲਾਗੂ ਕੀਤਾ ਜਾਂਦਾ ਤਾਂ ਇਹ ਨੌਬਤ ਨਾ ਆਉਂਦੀ। ਇਸੇ ਕਰ ਕੇ ਹੁਣ ਸਰਕਾਰ ਰੀਜਨਲ ਫਾਰਮੂਲੇ ਨੂੰ ਲਾਗੂ ਕਰਨ ਦੀਆਂ ਗੱਲਾਂ ਕਰਦੀ ਹੈ। 2 ਸਤੰਬਰ ਨੂੰ ਸਰਕਾਰ ਨੇ ਪੰਜਾਬੀ ਸੂਬੇ ਲਈ ਕਮਿਸ਼ਨ ਬਣਾਉਣ ਦੀ ਪੇਸ਼ਕਸ਼ ਕੀਤੀ। 3 ਸਤੰਬਰ ਨੂੰ ਮਾਸਟਰ ਤਾਰਾ ਸਿੰਘ, ਗਿਆਨੀ ਭੂਪਿੰਦਰ ਸਿੰਘ, ਆਤਮਾ ਸਿੰਘ, ਵੈਰਾਗੀ, ਅਜਮੇਰ ਸਿੰਘ, ਰਵੇਲ ਸਿੰਘ, ਸਰਦਾਰਾ ਸਿੰਘ ਕੋਹਲੀ ਤੇ ਸੰਤੋਖ ਸਿੰਘ ਨੇ ਸਰਕਾਰ ਨੂੰ ਨਤੀਜਿਆਂ ਸਬੰਧੀ ਵਾਰਨਿੰਗ ਦਿੱਤੀ।

ਇਨ੍ਹੀਂ ਦਿਨੀਂ ਭਾਰਤ-ਪਾਕਿ ਜੰਗ ਦੇ ਆਸਾਰ ਬਣ ਚੁਕੇ ਸਨ। ਇਸ ਸਬੰਧੀ ਫਤਹਿ ਸਿੰਘ ਨੇ 3 ਸਤੰਬਰ ਨੂੰ ਇਕ ਬਿਆਨ ਦੇਂਦਿਆਂ ਕਿਹਾ ਕਿ **"ਮੈਨੂੰ ਦੇਸ਼ ਤੋਂ ਵਧੇਰੇ ਪੰਜਾਬੀ ਸੂਬਾ ਪਿਆਰਾ ਹੈ। ਪੰਜਾਬੀ ਸੂਬੇ ਲਈ ਕਮਿਸ਼ਨ ਨਹੀਂ ਮੰਨਿਆ ਜਾ ਸਕਦਾ। ਸੀ.ਪੀ.ਆਈ. ਦੀ ਅਸੂਲੀ ਤੌਰ 'ਤੇ ਮੰਗ ਮੰਨਣ ਵਾਲੀ ਗੱਲ ਵੀ ਗ਼ਲਤ ਹੈ। ਸਿਰਫ਼ ਪੰਜਾਬੀ ਸੂਬਾ ਮੰਨਣ 'ਤੇ ਹੀ ਮਰਨ ਵਰਤ ਛੱਡਿਆ ਜਾਵੇਗਾ ਨਹੀਂ ਤਾਂ ਮੈਂ 25 ਸਤੰਬਰ ਨੂੰ ਆਪਣੇ ਆਪ ਨੂੰ ਅਗਨ ਭੇਂਟ ਕਰ ਦਿਆਂਗਾ।"**

10 ਸਤੰਬਰ ਨੂੰ ਫਤਹਿ ਸਿੰਘ ਨੇ ਮਰਨ ਵਰਤ ਸ਼ੁਰੂ ਕਰਨਾ ਸੀ ਪਰ 9

WWW.SIKHBOOKCLUB.COM

ਸਤੰਬਰ ਨੂੰ ਫਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਉਸ ਨੂੰ ਵਰਤ ਤੇ ਅਗਨ ਭੇਂਟ ਹੋਣ ਦਾ ਐਲਾਨ ਮੁਲਤਵੀ ਕਰਨ ਲਈ ਕਿਹਾ। ਇਸ ਮਗਰੋਂ ਫਤਹਿ ਸਿੰਘ ਨੇ ਭਾਰਤ ਪਾਕਿ ਜੰਗ ਦੇ ਬਹਾਨੇ ਵਰਤ ਦਾ ਪ੍ਰੋਗਰਾਮ ਛੱਡ ਦਿੱਤਾ।

ਚੇਤੇ ਰਹੇ ਕਿ ਫਤਹਿ ਸਿੰਘ ਨੇ 1961 ਵਿਚ ਵਰਕਿੰਗ ਕਮੇਟੀ ਵਲੋਂ ਮਾਸਟਰ ਤਾਰਾ ਸਿੰਘ ਦਾ ਵਰਤ ਛੁਡਾਏ ਜਾਣ ਨੂੰ ਗ਼ਲਤ ਕਿਹਾ ਸੀ ਕਿਉਂਕਿ ਵਰਕਿੰਗ ਕਮੇਟੀ ਪ੍ਰਣ ਨਹੀਂ ਬਦਲਵਾ ਸਕਦੀ ਪਰ ਹੁਣ ਉਸ ਨੇ ਆਪ ਵਰਤ ਛੱਡ ਦਿੱਤਾ; ਦੂਜਾ, ਪੰਜ ਦਿਨ ਪਹਿਲੋਂ ਫਤਹਿ ਸਿੰਘ ਨੇ ਦੇਸ਼ ਤੋਂ ਪੰਜਾਬੀ ਸੂਬੇ ਨੂੰ ਵਧੇਰੇ ਜ਼ਰੂਰੀ ਮੰਨਿਆ ਸੀ।

ਕਾਂਗਰਸ ਵੱਲੋਂ ਪੰਜਾਬੀ ਸੂਬਾ ਸਬੰਧੀ ਕਮੇਟੀ

ਭਾਰਤ-ਪਾਕਿ ਜੰਗ ਮੁਕਦਿਆਂ ਹੀ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬੀ ਸੂਬੇ ਦੀ ਮੰਗ ਬਾਰੇ ਮਰਕਜ਼ੀ ਵਜ਼ੀਰਾਂ ਦੀ ਇਕ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਵਿਚ ਇਦਰਾ ਗਾਂਧੀ, ਚਵਾਨ ਤੇ ਮਹਾਂਵੀਰ ਤਿਆਗੀ ਤਿੰਨ ਮੈਂਬਰ ਸਨ। ਇਸ ਦੇ ਨਾਲ ਹੀ 22 ਐਮ.ਪੀਜ਼. ਇਕ 'ਸਲਾਹਕਾਰ ਕਮਟੀ' ਵੀ ਬਣਾ ਦਿੱਤੀ ਗਈ। ਇਸ ਕਮੇਟੀ ਦਾ ਚੇਅਰਮੈਨ ਹੁਕਮ ਸਿੰਘ ਸੀ। ਫਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 1 ਅਕਤੂਬਰ ਨੂੰ ਤਿੰਨ ਮੈਂਬਰੀ ਕੇਂਦਰੀ ਕਮੇਟੀ ਅਤੇ 22 ਐਮ.ਪੀਜ਼ ਦੀ ਕਮੇਟੀ ਬਣਾਉਣ 'ਤੇ ਸਰਕਾਰ ਦੀ ਸਰਾਹਣਾ ਕੀਤੀ। ਮਾਸਟਰ ਤਾਰਾ ਸਿੰਘ ਨੇ ਪਹਿਲਾਂ ਹੀ 25 ਸਤੰਬਰ ਨੂੰ ਇਕ ਕਮੇਟੀ ਦੀ ਸਰਾਹਣਾ ਕਰ ਦਿੱਤੀ ਸੀ। 2 ਅਕਤੂਬਰ 1965 ਨੂੰ ਫਤਹਿ ਸਿੰਘ ਅਕਾਲੀ ਦਲ ਦੀ ਮੀਟਿੰਗ ਹੋਈ ਜਿਸ ਵਿਚ ਫਤਹਿ ਸਿੰਘ ਪਰਦੇ ਦੇ ਪਿੱਛੇ ਬੈਠਾ ਹੋਇਆ ਸੀ। ਇਸ ਮੀਟਿੰਗ ਨੇ ਪੰਜਾਬੀ ਸੂਬੇ ਸਬੰਧੀ ਕਿਸੇ ਮੋਰਚੇ ਦਾ ਐਲਾਨ ਨਾ ਕਰਨ ਦਾ ਮਤਾ ਪਾਸ ਕੀਤਾ ਤੇ ਸਰਕਾਰ ਵੱਲੋਂ ਕਮੇਟੀਆਂ ਬਣਾਉਣ 'ਤੇ ਤਸੱਲੀ ਜ਼ਾਹਿਰ ਕੀਤੀ।

5 ਅਕਤੂਬਰ 1965 ਨੂੰ ਚੀਫ਼ ਮਨਿਸਟਰ ਕਾਮਰੇਡ ਰਾਮ ਕ੍ਰਿਸ਼ਨ ਨੇ ਪੰਜਾਬੀ ਸੂਬੇ ਦੀ ਭਰਵੀਂ ਮੁਖਾਲਫ਼ਤ ਕੀਤੀ। ਇਸ ਤੋਂ ਅਗਲੇ ਦਿਨ ਫ਼ਿਰਕੂ ਹਿੰਦੂ ਅਖ਼ਬਾਰ ਨਵੀਸ ਲਾਲਾ ਜਗਤ ਨਾਰਾਇਣ ਅਤੇ ਆਰੀਆ ਸਮਾਜ ਨੇ ਵੀ ਇਸ ਦੇ ਖ਼ਿਲਾਫ਼ ਬਿਆਨ ਦਿੱਤੇ। ਅਕਾਲੀ ਦਲ ਨੇ ਕਾਮਰੇਡ ਰਾਮ ਕਿਸ਼ਨ ਦੇ ਬਿਆਨ ਦੀ ਨਿੰਦਾ ਕੀਤੀ। 11 ਸਤੰਬਰ ਨੂੰ ਪੰਜਾਬ ਕਾਂਗਰਸ ਕਮੇਟੀ ਨੇ ਵੀ ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਕੀਤੀ। 21 ਅਕਤੂਬਰ ਨੂੰ ਯੋਗੀ ਸੂਰਯ ਦੇਵ ਨੇ ਪੰਜਾਬੀ ਸੂਬੇ ਦੀ ਮੰਗ ਮੰਨੇ ਜਾਣ 'ਤੇ ਮਰਨ ਵਰਤ ਦੀ ਧਮਕੀ ਦਿੱਤੀ। 7 ਨਵੰਬਰ ਨੂੰ ਇਕ ਸਰਬ-ਪਾਰਟੀ ਪੰਜਾਬੀ ਸੂਬਾ ਕਨਵੈਨਸ਼ਨ ਨੇ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ ਇਸ ਮੀਟਿੰਗ ਵਿਚ ਅਵਤਾਰ ਸਿੰਘ ਮਲਹੋਤਰਾ, ਸ਼ਮਸ਼ੇਰ ਸਿੰਘ ਜੋਸ਼ (ਕਮਿਊਨਿਸਟ), ਚਰਨ ਦਾਸ ਨਿਧੜਕ (ਰੀਪਬਲੀਕਨ), ਨੇਤ ਰਾਮ (ਸੋਸ਼ਲਿਸਟ), ਚੌਧਰੀ ਕਰਤਾਰ ਸਿੰਹ (ਅਕਾਲੀ ਦਲ ਮਾਸਟਰ) ਅਤੇ ਹਰਚਰਨ ਸਿੰਘ ਹੁਡਿਆਰਾ (ਅਕਾਲੀ ਦਲ ਫਤਹਿ ਸਿੰਘ) ਸ਼ਾਮਿਲ ਸਨ।

WWW.SIKHBOOKCLUB.COM

ਅਕਾਲੀ ਦਲ (ਮਾਸਟਰ) ਦੀ 16 ਵੀਂ ਸਰਬ ਹਿੰਦ ਅਕਾਲੀ ਕਾਨਫ਼ਰੰਸ ਦਿੱਲੀ ਨੇ ਪੰਜਾਬੀ ਸੂਬੇ ਬਾਰੇ ਕਮੇਟੀਆਂ ਦਾ ਸਵਾਗਤ ਕੀਤਾ ਅਤੇ ਪੰਜਾਬੀ ਰਿਜਨ ਨੂੰ ਹੀ ਪੰਜਾਬੀ ਸੂਬਾ ਬਣਾਉਣ ਦੀ ਮੰਗ ਕੀਤੀ। 16 ਨਵੰਬਰ ਨੂੰ ਪੰਜਾਬ ਕਾਂਗਰਸ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਜ਼ੈਲ ਸਿੰਘ, ਰਾਮ ਸਿੰਘ ਦੱਤ, ਮੋਹਨ ਸਿੰਘ, ਨਰੈਣ ਸਿੰਘ ਸ਼ਾਹਬਾਜ਼ਪੁਰੀ ਆਦਿਕ ਨੇ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ ਅਤੇ ਕਾਮਰੇਡ ਰਾਮ ਕਿਸ਼ਨ, ਦਰਬਾਰਾ ਸਿੰਘ, ਗੁਰਦਿਆਲ ਸਿੰਘ ਢਿੱਲੋਂ, ਮੋਹਨ ਲਾਲ ਨੇ ਮੁਖ਼ਾਲਫ਼ਤ ਕੀਤੀ।

1 ਦਸੰਬਰ ਨੂੰ ਫਤਹਿ ਸਿੰਘ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਸੂਬੇ ਦੀ ਹਦਬੰਦੀ ਦੀ ਕੋਈ ਪ੍ਰਵਾਹ ਨਹੀਂ ਕਰਦਾ। ਮਾਸਟਰ ਤਾਰਾ ਸਿੰਘ ਨੇ 20 ਦਸੰਬਰ ਨੂੰ ਕਿਹਾ ਕਿ ਉਸ ਦਾ ਪੰਜਾਬੀ ਸੂਬਾ ਫਤਹਿ ਸਿੰਘ ਤੋਂ ਵੱਖਰਾ ਹੈ, ਫਤਹਿ ਸਿੰਘ ਦੇ ਸੂਬੇ ਦਾ ਹਾਲ ਪੈਪਸੂ ਵਾਲਾ ਹੋਵੇਗਾ। 28 ਦਸੰਬਰ 1965 ਨੂੰ ਪੰਜਾਬ ਸੂਬਾ ਕਾਂਗਰਸ ਕਮੇਟੀ ਨੇ ਪੰਜਾਬੀ ਸੂਬੇ ਬਾਰੇ ਕਮੇਟੀ ਨੂੰ ਖ਼ਤਮ ਕਰਨ ਦੀ ਮੰਗ ਕੀਤੀ।

ਇੰਦਰਾ ਗਾਂਧੀ ਵੱਲੋਂ ਪੰਜਾਬੀ ਸੂਬਾ ਰੋਕਣ ਦੀ ਕੋਸ਼ਿਸ਼

ਇਸ ਦੌਰਾਨ ਪ੍ਰਾਈਮ ਮਨਿਸਟਰ ਲਾਲ ਬਹਾਦਰ ਸ਼ਾਸ਼ਤਰੀ ਦੀ ਰੂਸ ਦੌਰੇ ਦੌਰਾਨ ਤਾਸ਼ਕੰਦ ਵਿਚ ਮੌਤ ਹੋ ਗਈ। 19 ਜਨਵਰੀ 1966 ਨੂੰ ਇੰਦਰਾ ਗਾਂਧੀ ਪ੍ਰਧਾਨ ਬਣ ਗਈ। ਇੰਦਰਾ ਪੰਜਾਬੀ ਸੂਬਾ ਬਣਾਉਣ ਦੇ ਖ਼ਿਲਾਫ਼ ਸੀ ਕਿਉਂਕਿ ਉਹ ਪੰਜਾਬ ਦੇ ਹਿੰਦੂਆਂ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦੀ (ਇੰਦਰਾ ਗਾਂਧੀ, *ਮਾਈ ਟਰੂਥ*, ਸਫ਼ਾ 117, 1981 ਦੀ ਐਡੀਸ਼ਨ)। ਉਧਰ ਪੰਜਾਬੀ ਸੂਬੇ ਬਾਰੇ ਬਣੀਆਂ ਕਮੇਟੀਆਂ ਦਾ ਕੰਮ ਬੜੀ ਹੌਲੀ-ਹੌਲੀ ਚਲ ਰਿਹਾ ਸੀ ਅਤੇ ਕੋਈ ਸਿੱਟਾ ਨਿਕਲਦਾ ਨਜ਼ਰ ਨਹੀਂ ਆਉਂਦਾ ਸੀ। ਆਰੀਆ ਸਮਾਜੀ, ਜਨਸੰਘੀ, ਹਿੰਦੂ-ਕਾਂਗਰਸੀ, ਸਾਰੇ ਹੀ ਪੰਜਾਬੀ ਸੂਬੇ ਦੀ ਮੰਗ ਦੀ ਜ਼ੋਰ-ਸ਼ੋਰ ਨਾਲ ਮੁਖ਼ਾਲਫ਼ਤ ਕਰ ਰਹੇ ਸਨ। ਫਤਹਿ ਸਿੰਘ ਠੰਡੀ ਬੋਲੀ ਵਿਚ ਸੂਬੇ ਦੀਆਂ ਹੱਦਾਂ ਦੀ ਵੀ ਪ੍ਰਵਾਹ ਨਾ ਕਰਨ ਬਾਰੇ ਬਿਆਨ ਦੇ ਚੁੱਕਾ ਸੀ। ਅਕਾਲੀ ਦਲ (ਮਾਸਟਰ) ਦੀ 17ਵੀਂ ਅਕਾਲੀ ਕਾਨਫ਼ਰੰਸ 27 ਫ਼ਰਵਰੀ 1966 ਨੂੰ ਜਲੰਧਰ ਵਿਚ ਹੋਈ ਜਿਸ ਵਿਚ ਮਤਾ ਪਾਸ ਕੀਤਾ ਗਿਆ ਕਿ **''ਸਿੱਖ ਆਪਣੇ ਲਈ ਅਜ਼ਾਦ ਭਾਰਤ ਵਿਚ ਅਜਿਹੀ ਸਿਆਸੀ ਥਾਂ ਮੰਗਣ ਲਈ ਮਜਬੂਰ ਹੋਏ ਹਨ ਜਿਸ ਵਿਚ ਸਿੱਖਾਂ ਨੂੰ ਆਤਮ ਨਿਰਣੈ ਦਾ ਹੱਕ ਹਾਸਿਲ ਹੋਵੇ ਤਾਂ ਜੋ ਸਿੱਖ ਆਪਣੇ ਆਪ ਨੂੰ ਅਜ਼ਾਦੀ ਤੇ ਖ਼ੁਸ਼ਹਾਲੀ ਦੇ ਮਾਹੌਲ ਵਿਚ ਮਹਿਸੂਸ ਕਰ ਸਕਣ।''** ਮਾਸਟਰ ਤਾਰਾ ਸਿੰਘ ਨੇ 26 ਫ਼ਰਵਰੀ 1966 ਨੂੰ ਇਕ ਬਿਆਨ ਵਿਚ ਕਿਹਾ ਸਿਰਫ਼ ਪੰਜਾਬੀ ਸੂਬੇ ਦੀ ਕਾਇਸੀ ਵੀ ਸਿੱਖਾਂ ਵਾਸਤੇ ਆਖ਼ਰੀ ਅਤੇ ਪੱਕਾ ਹੱਲ ਨਹੀਂ ਹੋ ਸਕਦਾ।

28 ਫ਼ਰਵਰੀ ਨੂੰ ਫਤਹਿ ਸਿੰਘ ਨੇ ਐਲਾਨ ਕੀਤਾ ਕਿ ਮੈਂ ਸਿਰਫ਼ ਚਾਰ ਹਫ਼ਤੇ ਹੋਰ ਉਡੀਕਾਂਗਾ ਅਤੇ ਫਿਰ ਮਰਨ ਵਰਤ ਰਖ ਕੇ ਅਤੇ ਆਪਣੇ ਆਪ ਨੂੰ ਸਾੜਨ ਦਾ ਐਲਾਨ ਪੂਰਾ ਕਰ ਦਿਆਂਗਾ।

WWW.SIKHBOOKCLUB.COM

ਅਕਾਲੀ ਦਲ (ਮਾਸਟਰ) ਨੇ ਐਲਾਨ ਕੀਤਾ ਕਿ ਜੇ ਪੰਜਾਬੀ ਸੂਬੇ ਦਾ ਐਲਾਨ ਹੋਲੇ ਮਹੱਲੇ ਤੱਕ ਨਾ ਕੀਤਾ ਗਿਆ ਤਾਂ ਉਹ **'ਡਾਇਰੈਕਟ ਐਕਸ਼ਨ'** ਸ਼ੁਰੂ ਕਰ ਦੇਣਗੇ। ਹੋਲੇ ਮਹੱਲੇ ਦੇ ਦਿਨ ਅਨੰਦਪੁਰ ਸਾਹਿਬ ਤੋਂ ਅਕਾਲੀ ਦਲ ਨੇ ਐਲਾਨ ਕੀਤਾ ਕਿ ਪੰਜਾਬੀ ਰਿਜਨ ਵਿਚ ਹਿੰਦੀ ਦੇ ਬੋਰਡ ਤੇ ਮੀਲ-ਪੱਥਰ ਮਿਟਾਏ ਜਾਣਗੇ ਅਤੇ ਸਰਕਾਰ ਨੂੰ ਕਿਸੇ ਕੰਮ ਵਿਚ ਸਿਲਵਰਤਣ ਨਹੀਂ ਦਿੱਤਾ ਜਾਏਗਾ। ਇਸ ਐਲਾਨ 'ਤੇ ਅਮਲ ਵਜੋਂ ਕਈ ਥਾਈਂ ਹਿੰਦੀ ਦੇ ਬੋਰਡ ਮਿਟਾਏ ਗਏ। ਉਂਵ ਇਸ ਦਾ ਜਵਾਬ ਕੁਝ ਥਾਵਾਂ ਤੇ ਪੰਜਾਬੀ ਦੇ ਬੋਰਡ ਮਿਟਾਉਣ ਵਿਚ ਵੀ ਮਿਲਿਆ।

ਕਾਂਗਰਸ ਵੱਲੋਂ ਪੰਜਾਬੀ ਸੂਬਾ ਬਣਾਉਣ ਦਾ ਫ਼ੈਸਲਾ

ਏਨੀ ਮੁਖ਼ਾਲਫਤ ਦੇ ਬਾਵਜੂਦ, ਮਿਲੀਆਂ ਜੁਲੀਆਂ ਕੋਸ਼ਿਸ਼ਾਂ ਮਗਰੋਂ 9 ਮਾਰਚ 1966 ਦੇ ਦਿਨ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਨੇ ਪੰਜਾਬੀ ਸੂਬਾ ਬਣਾਉਣ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। 10 ਮਾਰਚ 1966 ਨੂੰ ਜਨਸੰਘ ਦੀ ਵਰਕਿੰਗ ਕਮੇਟੀ ਨੇ ਪੰਜਾਬੀ ਸੂਬੇ ਦੀ ਕਾਇਮੀ ਰੋਕਣ ਲਈ ਘੋਲ ਦਾ ਐਲਾਨ ਕਰ ਦਿੱਤਾ। ਯੱਗਦੱਤ ਸ਼ਰਮਾ (ਜਨਰਲ ਸਕੱਤਰ ਪੰਜਾਬ ਜਨਸੰਘ) ਨੇ ਪੰਜਾਬੀ ਸੂਬੇ ਦੇ ਖ਼ਿਲਾਫ਼ ਮਰਨ ਵਰਤ ਸ਼ੁਰੂ ਕਰ ਦਿੱਤਾ। ਪੰਜਾਬ ਦੇ ਸ਼ਹਿਰਾਂ ਵਿਚ ਹਿੰਦੂ ਦੁਕਾਨਦਾਰਾਂ ਨੇ ਹੜਤਾਲ ਕਰ ਦਿੱਤੀ। 11 ਮਾਰਚ ਨੂੰ ਬਲਰਾਜ ਮਧੋਕ, ਲਾਲਾ ਜਗਤ ਨਾਰਾਇਣ ਅਤੇ ਪ੍ਰਕਾਸ਼ ਵੀਰ ਸ਼ਾਸ਼ਤਰੀ ਦੀ ਇਕ ਕਮੇਟੀ ਨੂੰ ਪੰਜਾਬ ਭੇਜਣ ਦਾ ਫੈਸਲਾ ਵੀ ਜਨਸੰਘ ਨੇ ਕਰ ਦਿੱਤਾ।

ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ

11 ਮਾਰਚ ਨੂੰ ਡੀ.ਏ.ਵੀ. ਸਕੂਲਾਂ ਅਤੇ ਕਾਲਜਾਂ ਵਿਚੋਂ ਹਿੰਦੂ ਮੁੰਡਿਆਂ ਨੇ ਜਲੂਸ ਕੱਢੇ ਅਤੇ ਸਿੱਖਾਂ, ਸਿੱਖਾਂ ਦੇ ਘਰਾਂ, ਦੁਕਾਨਾਂ ਅਤੇ ਗੁਰਦੁਆਰਿਆਂ ਉੱਤੇ ਹਮਲੇ ਕੀਤੇ ਗਏ। ਉਨ੍ਹਾਂ ਦਾ ਪੁਲਿਸ ਨਾਲ ਟਕਰਾਓ ਹੁੰਦਾ ਰਿਹਾ। ਅੰਮ੍ਰਿਤਸਰ ਵਿਚ ਕਾਂਗਰਸ ਦਾ ਦਫ਼ਤਰ ਸਾੜਿਆ ਗਿਆ। 14 ਮਾਰਚ ਨੂੰ ਦਿੱਲੀ ਵਿਚ ਲੁਟਮਾਰ, ਸਾੜ ਫੂਕ ਕੀਤੀ ਗਈ। ਦਿੱਲੀ ਵਿਚ ਵੀ ਕਈ ਥਾਂਵਾਂ 'ਤੇ ਕਰਫ਼ਿਊ ਲਾਇਆ ਗਿਆ। ਪੰਜਾਬ ਵਿਚ ਵੀ ਕਈ ਸ਼ਹਿਰਾਂ ਵਿਚ ਕਰਫ਼ਿਊ ਲਾ ਦਿੱਤਾ ਗਿਆ।

15 ਮਾਰਚ 1966 ਦੇ ਦਿਨ ਪਾਨੀਪਤ ਵਿਚ ਕਾਂਗਰਸੀ ਪ੍ਰਧਾਨ ਦੀਵਾਨ ਚੰਦ ਟੱਕਰ, ਕਰਾਂਤੀ ਕੁਮਾਰ (ਭਗਤ ਸਿੰਘ ਦਾ ਸਾਥੀ) ਅਤੇ ਇਕ ਹੋਰ ਆਦਮੀ ਦੁਕਾਨ ਅੰਦਰ ਡੱਕ ਕੇ ਸਾੜ ਦਿੱਤੇ ਗਏ। ਪਰ ਇਸ ਘਟਨਾ ਨਾਲ ਸਾਰੇ ਪਾਸੇ ਚਲੀ ਲੁਟ-ਮਾਰ, ਸਾੜ-ਫੂਕ ਖ਼ਤਮ ਹੋ ਗਈ। ਛੇ ਦਿਨਾਂ ਵਿਚ ਜਨਸੰਘੀਆਂ ਅਤੇ ਹੋਰ ਹਿੰਦੂ ਦਹਿਸ਼ਤਗਰਦਾਂ ਨੇ 20 ਲੱਖ ਦੀ ਜਾਇਦਾਦ ਤਬਾਹ ਕੀਤੀ ਸੀ, 200 ਬੰਦੇ ਜ਼ਖਮੀ ਕੀਤੇ ਸਨ ਅਤੇ 9 ਜਣੇ ਮਾਰੇ ਗਏ ਸਨ। ਇਸ ਦੌਰਾਨ ਜਨਸੰਘ ਦੇ 2528 ਆਦਮੀ ਗ੍ਰਿਫ਼ਤਾਰ ਵੀ ਹੋਏ। 21 ਮਾਰਚ ਨੂੰ ਯੱਗ ਦੱਤ ਨੇ ਆਪਣਾ ਵਰਤ ਖ਼ਤਮ ਕਰ ਦਿੱਤਾ ਅਤੇ ਪੰਜਾਬ ਵਿਚ ਇਕ ਵਾਰ ਫਿਰ ਅਮਨ ਹੋ ਗਿਆ। ਮਾਸਟਰ ਤਾਰਾ ਸਿੰਘ ਅਤੇ

WWW.SIKHBOOKCLUB.COM

ਹੋਰ 50 ਦੇ ਕਰੀਬ ਅਕਾਲੀ ਆਗੂ ਵੀ, ਜੋ ਇਸ ਸਮੇਂ ਗ੍ਰਿਫ਼ਤਾਰ ਕਰ ਲਏ ਸਨ, ਨੂੰ ਵੀ 26 ਮਾਰਚ ਨੂੰ ਰਿਹਾ ਕਰ ਦਿੱਤਾ ਗਿਆ। ਮਾਸਟਰ ਤਾਰਾ ਸਿੰਘ ਤੇ ਸਾਥੀਆਂ ਦੀ ਗ੍ਰਿਫ਼ਤਾਰੀ ਘਟੀਆ ਗੱਲ ਸੀ ਜਦੋਂ ਕਿ ਅੱਗ ਲਾਉਣ ਵਾਲੇ ਹਿੰਦੂ ਸ਼ਹਿਰਾਂ ਵਿਚ ਖੁਲ੍ਹੇ ਆਮ ਗੁੰਡਾਗਰਦੀ ਕਰ ਰਹੇ ਸਨ ਤੇ ਜਿਸ 'ਤੇ ਹਮਲੇ ਹੋ ਰਹੇ ਸਨ ਉਸੇ ਪਾਰਟੀ ਦੇ ਆਗੂ ਹੀ ਗ੍ਰਿਫ਼ਤਾਰ ਹੋ ਰਹੇ ਸਨ। ਇਹ ਇਨਸਾਫ਼ ਵੀ ਕਮਾਲ ਦਾ ਸੀ!

ਫ਼ਿਰਕੂ ਹਿੰਦੂਆਂ ਨੇ ਆਖ਼ਿਰ ਪੰਜਾਬੀ ਪੜ੍ਹਨੀ ਮੰਨੀ

ਪਾਨੀਪਤ ਦੀ ਘਟਨਾ ਤੋਂ ਬਾਅਦ ਜਨਸੰਘ ਦੇ ਸੀਨੀਅਰ ਆਗੂਆਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਇਹ ਵਿਚਾਰਾਂ ਹੋਈਆਂ ਕਿ ਹੁਣ ਪੰਜਾਬੀ ਸੂਬਾ ਬਣ ਤਾਂ ਗਿਆ ਹੀ ਹੈ ਇਸ ਕਰ ਕੇ ਇਸ ਦੀ ਹੋਰ ਵਿਰੋਧਤਾ ਬੰਦ ਕਰ ਦੇਣੀ ਚਾਹੀਦੀ ਹੈ। ਇਸ ਮਗਰੋਂ ਫ਼ਿਰਕੂ ਹਿੰਦੂ ਜਮਾਤ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਆਗੂ ਗੋਲਵਾਲਕਰ ਨੇ ਇਕ ਬਿਆਨ ਵਿਚ ਕਿਹਾ ਕਿ ਪੰਜਾਬ ਦੇ ਹਿੰਦੂਆਂ ਨੂੰ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਸਿੱਖਣੀ ਚਾਹੀਦੀ ਹੈ। ਇੰਝ ਹੀ ਜਨਸੰਘ ਦੇ ਆਗੂ ਬਲਰਾਜ ਮਧੋਕ ਨੇ ਇਕ ਬਿਆਨ ਵਿਚ ਕਿਹਾ ਕਿ ਪੰਜਾਬ ਦੀ ਬੇਹਤਰੀ ਇਸ ਵਿਚ ਹੀ ਹੈ ਕਿ ਇਸ ਵੰਡ (ਪੰਜਾਬੀ ਸੂਬਾ) ਨੂੰ ਮੰਨ ਹੀ ਲਿਆ ਜਾਵੇ।

ਕਾਂਗਰਸ ਨੇ ਭਾਵੇਂ ਪੰਜਾਬੀ ਸੂਬਾ ਬਣਾਉਣਾ ਮੰਨ ਤਾਂ ਲਿਆ ਪਰ ਇੰਦਰਾ ਗਾਂਧੀ ਦੀ ਮਨਜ਼ੂਰੀ ਨਾਲ ਗੁਲਜ਼ਾਰੀ ਲਾਲ ਨੰਦਾ ਇਸ ਸੂਬੇ ਨੂੰ ਛੋਟਾ ਅਤੇ ਬੇਜਾਨ ਬਣਾਉਣ ਤੇ ਤੁਲ ਪਿਆ। 15 ਅਪ੍ਰੈਲ 1960 ਨੂੰ ਕੇਂਦਰੀ ਸਰਕਾਰ ਨੇ ਸੂਬੇ ਦੀ ਹੱਦਬੰਦੀ ਵਾਸਤੇ 1961 ਦੀ ਮਰਦਮ ਸ਼ੁਮਾਰੀ ਨੂੰ ਅਧਾਰ ਮੰਨ ਲਿਆ। ਯਾਦ ਰਹੇ ਕਿ ਪਹਿਲੋਂ ਜਵਾਹਰ ਲਾਲ ਨਹਿਰੂ ਨੇ ਵੀ ਇਹ ਗੱਲ ਪਾਰਲੀਮੈਂਟ ਸਾਹਵੇਂ ਮੰਨੀ ਸੀ ਕਿ 1951 ਅਤੇ 1961 ਵਿਚ ਜ਼ਬਾਨ ਬਾਰੇ ਮਰਦਮ ਸ਼ੁਮਾਰੀ (ਪੰਜਾਬੀ ਦੇ ਸਬੰਧ ਵਿਚ) ਗ਼ਲਤ ਹੋਈ ਹੈ। 'ਹਿੰਦ ਸਮਾਚਾਰ' ਅਤੇ 'ਪ੍ਰਤਾਪ' ਅਖ਼ਬਾਰਾਂ ਵਿਚ ਪੰਜਾਬੀ ਵਿਰੁੱਧ ਲਗਾਤਾਰ ਪ੍ਰਚਾਰ ਹੁੰਦਾ ਰਿਹਾ ਸੀ ਕਿ ਹਰ ਹਿੰਦੂ ਆਪਣੀ ਹਿੰਦੀ ਲਿਖਵਾਏ। ਇਸ ਦੇ ਬਾਵਜੂਦ 1961 ਦੀ ਮਰਦਮ ਸ਼ੁਮਾਰੀ ਨੂੰ ਨਵੇਂ ਪੰਜਾਬ ਦੀ ਹਦਬੰਦੀ ਦਾ ਆਧਾਰ ਮੰਨਿਆ ਗਿਆ। ਫਤਹਿ ਸਿੰਘ ਨੇ 13 ਅਪ੍ਰੈਲ 1966 ਨੂੰ ਹਦਬੰਦੀ ਦਾ ਆਧਾਰ ਮੰਨਣ ਦੀ ਮੁਖ਼ਾਲਫ਼ਤ ਕੀਤੀ। ਮਾਸਟਰ ਤਾਰਾ ਸਿੰਘ ਅਤੇ ਉਸ ਦੇ ਅਕਾਲੀ ਦਲ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਸੂਬੇ ਦੀ ਹਦਬੰਦੀ ਬਾਰੇ ਬਣਾਏ ਗਏ ਕਮਿਸ਼ਨ ਦਾ ਬਾਈਕਾਟ ਕਰਨਗੇ। ਉਨ੍ਹਾਂ ਨੇ ਪੰਜਾਬੀ ਰਿਜਨ ਨੂੰ ਹੀ ਪੰਜਾਬੀ ਸੂਬਾ ਬਣਾਉਣ ਦੀ ਮੰਗ ਕੀਤੀ। 6 ਅਪ੍ਰੈਲ 1966 ਨੂੰ ਚੀਫ਼ ਖਾਲਸਾ ਦੀਵਾਨ ਨੇ 1961 ਦੇ ਆਧਾਰ ਦੀ ਵਿਰੋਧਤਾ ਕੀਤੀ। ਦੂਜੇ ਪਾਸੇ 20 ਅਪ੍ਰੈਲ 1966 ਨੂੰ ਹਰਿਆਣਵੀ ਨੇਤਾਵਾਂ ਨੇ ਹਦਬੰਦੀ ਲਈ 1961 ਨੂੰ ਅਧਾਰ ਮੰਨਣ ਦੀ ਹਿਮਾਇਤ ਕੀਤੀ।

23 ਅਪ੍ਰੈਲ 1966 ਨੂੰ ਸਰਕਾਰ ਜਸਟਿਸ ਸ਼ਾਹ, ਐਮ.ਐਮ. ਫ਼ਿਲਪ ਅਤੇ ਸੁਬਿਮਲ ਦੱਤ (ਐਸ. ਦੱਤ) ਦਾ ਇਕ ਪੰਜਾਬ ਬਾਊਂਡਰੀ (ਹਦਬੰਦੀ) ਕਮਿਸ਼ਨ ਬਣਾ

WWW.SIKHBOOKCLUB.COM

ਦਿੱਤਾ। ਫਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 26 ਅਪ੍ਰੈਲ 1966 ਦੀ ਮੀਟਿੰਗ ਵਿਚ 1961 ਨੂੰ ਹਦਬੰਦੀ ਦਾ ਆਧਾਰ ਮੰਨਣ ਦੀ ਮੁਖ਼ਾਲਫ਼ਤ ਕੀਤੀ ਪਰ ਕਮਿਸ਼ਨ ਅੱਗੇ ਆਪਣਾ ਕੇਸ ਪੇਸ਼ ਕਰਨ ਦਾ ਫ਼ੈਸਲਾ ਕਰ ਲਿਆ। ਪੰਜਾਬੀ ਰਿਜਨ ਦੇ ਕਾਂਗਰਸੀ ਵਜ਼ੀਰਾਂ ਨੇ ਵੀ 1961 ਦੀ ਮਰਦਮ ਸ਼ੁਮਾਰੀ ਖ਼ਿਲਾਫ ਬਿਆਨ ਦਿੱਤੇ। **ਪੰਜਾਬ ਦੇ ਕਾਂਗਰਸੀ ਮੈਂਬਰਾਨ ਪਾਰਲੀਮੈਂਟ ਨੇ ਮਹਾਂ ਪੰਜਾਬ ਦੀ ਹਿਮਾਇਤ ਕੀਤੀ, ਉਨ੍ਹਾਂ ਨੇ ਕਾਂਗੜੇ ਨੂੰ ਵੀ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ। ਪੰਜਾਬ ਜਨਸੰਘ ਦੇ ਯੱਗ ਦੱਤ ਨੇ 1961 ਨੂੰ ਹਦਬੰਦੀ ਦਾ ਆਧਾਰ ਮੰਨਣ ਦੀ ਸਿਫ਼ਾਰਸ਼ ਕੀਤੀ।** ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਵੀ 1961 ਦੀ ਮਰਦਮ ਸ਼ੁਮਾਰੀ ਦੇ ਆਧਾਰ ਦਾ ਵਿਰੋਧ ਕੀਤਾ। 15 ਮਈ 1966 ਨੂੰ ਜੈ ਪ੍ਰਕਾਸ਼ ਨਾਰਾਇਣ ਨੇ 1961 ਦੀ ਮਰਦਮ ਸ਼ੁਮਾਰੀ ਦੀ ਮੁਖ਼ਾਲਫ਼ਤ ਕੀਤੀ। 15 ਮਈ 1966 ਨੂੰ ਕਾਂਗਰਸੀ ਗੁਰਮੁਖ ਸਿੰਘ ਮੁਸਾਫਿਰ, ਸੁਰਜੀਤ ਸਿੰਘ ਅਟਵਾਲ, ਦਲਜੀਤ ਸਿੰਘ, ਸਾਧੂ ਰਾਮ, ਦੀਵਾਨ ਚੰਦੂ ਲਾਲ ਆਦਿਕ ਨੇ 1961 ਦੀ ਮਰਦਮ ਸ਼ੁਮਾਰੀ ਦੇ ਅਧਾਰ ਦੀ ਮੁਖ਼ਾਲਫ਼ਤ ਕੀਤੀ। ਤਕਰੀਬਨ ਹਰ ਇਕ ਪੰਜਾਬੀ ਅਤੇ ਹਰ ਇਨਸਾਫ਼-ਪਸੰਦ ਭਾਰਤੀ ਨੇ 1961 ਦੀ ਮਰਦਮ ਸ਼ੁਮਾਰੀ ਨੂੰ ਹਦਬੰਦੀ ਦਾ ਅਧਾਰ ਮੰਨਣ ਦੀ ਮੁਖ਼ਾਲਫ਼ਤ ਕੀਤੀ ਕਿਉਂਕਿ ਇਹ ਮਰਦਮ ਸ਼ੁਮਾਰੀ ਬੋਲੀ ਦੇ ਆਧਾਰ ਤੇ ਨਹੀਂ ਸਗੋਂ ਧਰਮ ਦੇ ਅਧਾਰ 'ਤੇ ਹੋਈ ਸੀ। ਪਰ ਫ਼ਿਰਕੂ ਹਿੰਦੂ ਇਸ ਗੱਲ ਨੂੰ ਸੁਣਨ ਲਈ ਤਿਆਰ ਨਹੀਂ ਸਨ। ਉਧਰ **ਸਾਰੇ ਹਰਿਆਣਵੀ ਅਤੇ ਪੰਜਾਬ ਦੇ ਜਨਸੰਘੀ 1961 ਨੂੰ ਆਧਾਰ ਮੰਨਣ ਵਾਸਤੇ ਬਿਆਨ ਦੇ ਰਹੇ ਸਨ।**

ਪੰਜਾਬ ਨੂੰ 'ਲੰਗੜਾ' ਕੀਤਾ

5 ਜੂਨ 1966 ਨੂੰ ਪੰਜਾਬ ਬਾਊਂਡਰੀ ਕਮਿਸ਼ਨ ਨੇ ਰਿਪੋਰਟ ਦਿੱਤੀ। ਬਾਊਂਡਰੀ ਕਮਿਸ਼ਨ ਦੇ 2 ਮੈਂਬਰਾਂ ਨੇ ਚੰਡੀਗੜ੍ਹ ਹਰਿਆਣੇ ਨੂੰ ਦੇਣ ਦੀ ਹਿਮਾਇਤ ਕੀਤੀ ਇਕ ਮੈਂਬਰ ਐਸ. ਬਿਮਲ ਦੱਤ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਵਾਸਤੇ ਸਿਫ਼ਾਰਿਸ਼ ਕੀਤੀ। ਉਨ੍ਹਾਂ ਨੇ ਅਨੰਦਪੁਰ ਅਤੇ ਭਾਖੜਾ ਹਿਮਾਂਚਲ ਨੂੰ ਦਿੱਤਾ। ਖਰੜ ਤਹਿਸੀਲ ਹਰਿਆਣੇ ਨੂੰ ਦਿੱਤੇ ਜਾਣ ਦੀ ਸਿਫ਼ਾਰਸ਼ ਕੀਤੀ। ਇਸ ਰਿਪੋਰਟ ਦੇ ਖ਼ਿਲਾਫ਼ ਬਹੁਤ ਰੋਸ ਪ੍ਰਗਟ ਕੀਤਾ ਗਿਆ। ਗੁਰਦਿਆਲ ਸਿੰਘ ਢਿੱਲੋਂ ਨੇ ਅਸਤੀਫ਼ਾ ਦੇਣ ਦੀ ਵੀ ਧਮਕੀ ਦਿੱਤੀ। ਕਾਮਰਾਜ ਅਤੇ ਹੋਰ ਕੇਂਦਰੀ ਕਾਂਗਰਸੀ ਚੰਡੀਗੜ੍ਹ ਪਜੰਾਬ ਨੂੰ ਦੇਣ ਦੇ ਹੱਕ ਵਿਚ ਸਨ। ਅਖ਼ੀਰ 9 ਜੂਨ 1966 ਨੂੰ ਮਰਕਜ਼ੀ ਵਜ਼ਾਰਤ ਨੇ ਫ਼ੈਸਲਾ ਕਰ ਦਿੱਤਾ ਕਿ ਚੰਡੀਗੜ੍ਹ ਮਰਕਜ਼ੀ ਇਲਾਕਾ (ਯੂਨੀਅਨ ਟੈਰੀਟਰੀ) ਰਹੇ। ਖਰੜ ਤਹਿਸੀਲ ਵੰਡ ਦਿੱਤੀ ਜਾਵੇ ਇਸੇ ਦਿਨ ਮਾਸਟਰ ਤਾਰਾ ਸਿੰਘ ਨੇ ਚੰਡੀਗੜ੍ਹ ਨੂੰ ਮਰਕਜ਼ੀ ਇਲਾਕਾ ਬਣਾਏ ਜਾਣ ਦੀ ਮੁਖ਼ਾਲਫ਼ਤ ਕੀਤੀ। ਪੰਜਾਬ ਵਜ਼ਾਰਤ ਨੇ ਅਸਤੀਫ਼ਾ ਦੇਣ ਦੀ ਧਮਕੀ ਦੇ ਕੇ ਚੰਡੀਗੜ੍ਹ ਅਤੇ ਹੋਰ ਪੰਜਾਬੀ ਇਲਾਕੇ ਪੰਜਾਬ ਨੂੰ ਦੇਣ ਦੀ ਮੰਗ ਕੀਤੀ। ਕਾਮਰੇਡ ਰਾਮ ਕਿਸ਼ਨ, ਕਪੂਰ ਸਿੰਘ, ਢਿਲੋਂ, ਰਤਨ ਸਿੰਘ, ਆਰ. ਗਰਗ,

WWW.SIKHBOOKCLUB.COM

ਮੁਸਾਫ਼ਿਰ, ਰਘਬੀਰ ਸਿੰਘ ਪੰਜਹਜ਼ਾਰੀ, ਬ੍ਰਿਸ਼ ਭਾਨ, ਮੋਹਨ ਲਾਲ, ਜ਼ੈਲ ਸਿੰਘ, ਹਰਿੰਦਰ ਸਿੰਘ ਆਦਿਕ 10 ਵਜ਼ੀਰਾਂ, 11 ਐਮ.ਐਲ.ਏਜ਼. ਅਤੇ 2 ਐਮ.ਪੀਜ਼. ਨੇ ਵੀ ਅਸਤੀਫ਼ੇ ਦੇਣ ਦੀ ਧਮਕੀ ਦਿੱਤੀ। 11 ਜੂਨ 1966 ਨੂੰ ਹਰਿਆਣੇ ਦੇ ਸਾਰੇ ਵਿਧਾਇਕਾਂ ਸੈਂਟਰ ਦੇ ਫ਼ੈਸਲੇ ਵਿਰੁੱਧ ਇਕੱਠੇ ਅਸਤੀਫ਼ੇ ਦੇਣ ਦੀ ਧਮਕੀ ਦਿੱਤੀ। 20 ਐਮ.ਐਲ.ਏਜ਼; 6 ਐਮ.ਐਲ.ਸੀਜ਼. ਤੇ ਦੋ ਐਮ.ਪੀਜ਼. ਨੇ 15 ਜੂਨ ਤੱਕ ਦਾ ਅਲਟੀਮੇਟਮ ਦਿੱਤਾ। ਪਰ ਅਸਤੀਫ਼ਾ ਦੇਣ ਦੇ ਫ਼ੈਸਲੇ 'ਤੇ ਮਗਰੋਂ ਫੁੱਟ ਪੈ ਗਈ।

12 ਜੂਨ 1966 ਨੂੰ ਫਤਹਿ ਸਿੰਘ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕੀਤੀ। ਉਸ ਦੇ ਅਕਾਲੀ ਦਲ ਦੀ ਵਰਕਿੰਗ ਕਮੇਟੀ, ਜਿਸ ਵਿਚ ਫਤਹਿ ਸਿੰਘ ਤੋਂ ਬਿਨਾਂ ਗਿੱਲ, ਦੁੱਗਲ, ਬੁੱਧੀਰਾਜਾ, ਤੁੜ, ਉਮਰਨੰਗਲ, ਗਿਆਨੀ ਸ਼ਾਦੀ ਸਿੰਘ ਤੇ ਸਾਧੂ ਸਿੰਘ ਹਮਦਰਦ ਵੀ ਹਾਜ਼ਿਰ ਸਨ, ਹਦਬੰਦੀ ਦੇ ਫ਼ੈਸਲੇ ਦੀ ਮੁਖਾਲਫ਼ਤ ਕੀਤੀ।

(ਇਸ ਮੀਟਿੰਗ ਨੇ ਇਕ ਹਾਸੋ ਹੀਣੀ ਗੱਲ ਵੀ ਕੀਤੀ ਕਿ ਮਾਸਟਰ ਤਾਰਾ ਸਿੰਘ ਨੂੰ 'ਪੰਥ' ਵਿਚੋਂ ਖਾਰਜ ਕਰ ਦਿੱਤਾ ਕਿਉਂਕਿ ਮਾਸਟਰ ਤਾਰਾ ਸਿੰਘ ਦੀਆਂ ਕਾਰਵਾਈਆਂ ਪੰਥ ਤੇ ਦੇਸ਼ ਦੇ ਵਿਰੁੱਧ ਹਨ। ਜਥੇਦਾਰ ਅਤੇ ਪ੍ਰਭਾਤ ਅਖ਼ਬਾਰ ਦਾ ਬਾਈਕਾਟ ਕਰਨ ਲਈ ਵੀ ਜਨਤਾ ਨੂੰ ਕਿਹਾ ਗਿਆ।)

ਇਨ੍ਹਾਂ ਦਿਨਾਂ ਵਿਚ 12 ਜੂਨ ਨੂੰ ਡਾ: ਜਗਜੀਤ ਸਿੰਘ ਚੌਹਾਨ ਵੱਲੋਂ ਜਲੰਧਰ ਵਿਚ ਇਕ ਪੰਥਕ ਕਨਵੈਨਸ਼ਨ ਕੀਤੀ ਗਈ ਤੇ ਮਾਸਟਰ ਤਾਰਾ ਸਿੰਘ ਅਤੇ ਫਤਹਿ ਸਿੰਘ ਨੂੰ ਏਕਤਾ ਕਰਨ ਲਈ ਕਿਹਾ ਗਿਆ। ਇਸ ਵਿਚ ਮਾਸਟਰ ਤਾਰਾ ਸਿੰਘ, ਰਾੜੇਵਾਲਾ, ਪ੍ਰੀਤਮ ਸਿੰਘ ਗੋਜਰਾਂ ਵੀ ਹਾਜ਼ਰ ਸਨ। ਕਨਵੈਨਸ਼ਨ ਵਿਚ ਮਾਸਟਰ ਤਾਰਾ ਸਿੰਘ ਨੇ ਏਕਤਾ ਵਾਸਤੇ ਕੁਰਬਾਨੀ ਕਰਨ ਦਾ ਯਕੀਨ ਦਿਵਾਇਆ। 26 ਜੂਨ 1966 ਨੂੰ ਚੀਫ਼ ਇਲੈਕਸ਼ਨ ਕਮਿਸ਼ਨ ਨੇ ਫਤਹਿ ਸਿੰਘ ਅਕਾਲੀ ਦਲ ਨੂੰ ਚੋਣਾਂ ਵਾਸਤੇ ਪਾਰਟੀ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਅਕਾਲੀ ਦਲ (ਮਾਸਟਰ) ਨੂੰ ਹੀ ਅਸਲੀ (ਰਸਮੀ) ਅਕਾਲੀ ਦਲ ਮੰਨਿਆ ਤੇ ਇਸ ਨੂੰ ਪਾਰਟੀ ਦਾ ਚੋਣ ਨਿਸ਼ਾਨ ਅਲਾਟ ਕਰ ਦਿੱਤਾ। ਪਰ ਇਸ ਨਾਲ ਵੋਟਰਾਂ ਤੇ ਅਸਰ ਹੋਣ ਦੀ ਕੋਈ ਆਸ ਨਹੀਂ ਸੀ।

ਪੰਜਾਬੀ ਸੂਬੇ ਦਾ ਬਿੱਲ ਪਾਰਲੀਮੈਂਟ ਵਿਚ

10 ਅਗਸਤ 1966 ਨੂੰ ਲੋਕ ਸਭਾ ਨੇ ਪੰਜਾਬ ਰੀਆਰਗੇਨਾਈਜ਼ੇਸ਼ਨ ਬਿਲ ਪੇਸ਼ ਹੋਇਆ। ਬਿੱਲ ਉੱਪਰ ਬੋਲਦਿਆਂ ਹੀਰਨ ਮੁਕਰਜੀ (ਸੀ.ਪੀ.ਆਈ.) ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕੀਤੀ। ਪੀਟਰ ਅਲਵਰਜ਼ (ਪੀ.ਐਸ.ਪੀ.) ਨੇ ਚੰਡੀਗੜ੍ਹ ਹਰਿਆਣੇ ਨੂੰ ਦੇਣ ਦੀ ਮੰਗ ਕੀਤੀ।

ਸ: ਕਪੂਰ ਸਿੰਘ ਐਮ.ਪੀ. ਨੇ ਲੋਕ ਸਭਾ ਵਿਚ ਪੰਜਾਬ ਬਿੱਲ ਤੇ ਬਹਿਸ ਦੌਰਾਨ 6 ਸਤੰਬਰ ਨੂੰ ਬੋਲਦਿਆਂ ਕਿਹਾ ਕਿ ਇਸ ਬਿੱਲ ਨੂੰ ਸਿੱਖ ਕਬੂਲ ਨਹੀਂ ਕਰ ਸਕਦੇ ਕਿਉਂਕਿ (1) ਇਹ ਪਾਪ ਦੀ ਪੈਦਾਇਸ਼ ਹੈ (2) ਇਸ ਨੂੰ ਇਕ ਨਾਕਾਬਿਲ ਦਾਈ ਨੇ ਜਨਮ ਦਿੱਤਾ ਹੈ ਅਤੇ (3) ਇਹ ਕੌਮੀ ਹਿੱਤਾਂ ਦੇ ਵਿਰੁੱਧ ਹੈ ਅਤੇ ਇਹ ਕੌਮੀ ਏਕਤਾ ਨੂੰ ਸੱਟ ਮਾਰਦਾ ਹੈ। ਸ: ਕਪੂਰ ਸਿੰਘ ਨੇ ਕਿਹਾ ਹੈ ਕਿ ਇਹ ਸਿੱਖਾਂ

WWW.SIKHBOOKCLUB.COM

ਨਾਲ ਦਗ਼ਾ ਹੈ ਜਿਨ੍ਹਾਂ ਨੇ ਹਿੰਦੂ ਕੌਮ ਦੀ ਰੱਖਿਆ ਕੀਤੀ ਸੀ। ਸ: ਕਪੂਰ ਸਿੰਘ ਨੇ ਸਿੱਖ ਹੋਮਲੈਂਡ ਦੀ ਹਿਮਾਇਤ ਕੀਤੀ ਅਤੇ ਸਿੱਖਾਂ ਨਾਲ ਵਿਤਕਰਾ ਖ਼ਤਮ ਕਰਨ ਲਈ ਕਿਹਾ। ਅਕਾਲੀ ਦਲ (ਫਤਹਿ ਸਿੰਘ) ਦੇ ਉੱਤਮ ਸਿੰਘ ਦੁੱਗਲ ਨੇ ਇਕ 'ਸੋਧ' ਦਾ ਮਤਾ ਰੱਖਿਆ ਕਿ ਪੰਜਾਬ ਦਾ ਨਾਮ 'ਪੰਜਾਬੀ ਸੂਬਾ' ਰੱਖਿਆ ਜਾਵੇ। ਇਹ ਤਰਮੀਮ ਨਾ-ਮਨਜ਼ੂਰ ਕਰ ਦਿੱਤੀ ਗਈ। ਮਗਰੋਂ ਰਾਜ ਸਭਾ ਨੇ ਵੀ ਇਹ ਬਿੱਲ ਪਾਸ ਕਰ ਦਿੱਤਾ। ਭੂਪੇਸ਼ ਗੁਪਤਾ ਨੇ ਰਾਜ ਸਭਾ ਵਿਚ ਬੋਲਦਿਆਂ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕੀਤੀ। ਅਖ਼ੀਰ 1 ਨਵੰਬਰ 1966 ਨੂੰ ਪੰਜਾਬੀ ਸੂਬਾ ਵਜੂਦ ਵਿਚ ਆ ਗਿਆ। ਪਰ ਇਸ ਸੂਬੇ ਕੋਲੋਂ ਪਾਣੀ, ਬਿਜਲੀ, ਰਾਜਧਾਨੀ ਅਤੇ ਹੋਰ ਕਈ ਕੁਝ ਖੋਹ ਕੇ ਸੈਂਟਰ ਨੇ ਆਪਣੇ ਕੋਲ ਰੱਖ ਲਿਆ। ਦਰਜਨਾਂ ਨੁਕਤਿਆਂ ਤੇ ਹਰਿਆਣਾ ਨਾਲ ਸਾਂਝੀਆਂ ਕੜੀਆਂ ਕਾਇਮ ਕਰ ਦਿੱਤੀਆਂ। ਯਾਨਿ ਇਹ ਸੂਬਾ ਪੂਰਾ ਸੂਬਾ ਨਹੀਂ ਸੀ ਬਲਕਿ ਇਕ ਉਪ-ਸੂਬਾ ਸੀ।

ਪੰਜਾਬੀ ਸੂਬੇ ਵਾਸਤੇ ਵੱਖ-ਵੱਖ ਲੋਕਾਂ ਨੇ ਵੱਖ-ਵੱਖ ਜੱਥੇਬੰਦੀਆਂ ਤੇ ਸ਼ਖ਼ਸੀਅਤਾਂ ਦੇ ਸਿਰ ਸਿਹਰਾ ਬੰਨਣ ਦੀ ਕੋਸ਼ਿਸ਼ ਕੀਤੀ। ਅਸਲ ਵਿਚ ਅਕਾਲੀ ਸਚਾਈ ਇਹ ਹੈ ਕਿ ਪੰਜਾਬੀ ਸੂਬੇ ਦੀ ਕਾਇਮੀ ਦਾ ਸਿਹਰਾ ਸਿੱਖ ਜਨਤਾ, ਅਕਾਲੀ ਵਰਕਰਾਂ, ਪੰਜਾਬੀ ਸੂਬੇ ਲਈ ਜੇਲ੍ਹਾਂ ਭਰਨ ਵਾਲਿਆਂ, ਮਾਸਟਰ ਤਾਰਾ ਸਿੰਘ, 1965 ਦੀ ਲੜਾਈ ਵਿਚ ਜਾਨਾਂ ਦੇਣ ਵਾਲੇ ਸਿੱਖ ਫ਼ੌਜੀਆਂ ਦੇ ਸਿਰ ਸਾਂਝਾ ਬੰਨਿਆ ਜਾਣਾ ਚਾਹੀਦਾ ਹੈ।

ਨਵੇਂ ਪੰਜਾਬੀ ਸੂਬੇ ਦਾ ਸਰੂਪ ਦੇਖ ਕੇ ਮਾਸਟਰ ਅਕਾਲੀ ਦਲ ਨੇ ਇਸ ਨੂੰ ਰੱਦ ਕਰ ਦਿੱਤਾ ਤੇ ਕਿਹਾ ਕਿ ਇਕ ਸਾਜ਼ਿਸ਼ ਹੇਠ ਇਸ ਨੂੰ 'ਲੰਗੜਾ' ਕਰ ਦਿੱਤਾ ਗਿਆ ਹੈ ਤੇ ਇਹ ਉਹ ਸੂਬਾ ਨਹੀਂ ਜਿਸ ਨੂੰ ਸਿੱਖ ਚਾਹੁੰਦੇ ਹਨ। ਮਾਸਟਰ ਅਕਾਲੀ ਦਲ ਨੇ ਨਾਅਰਾ ਦਿੱਤਾ ਕਿ ਹੁਣ ਇਸ ਦਾ ਹੱਲ ਸਿਰਫ਼ ਸਿੱਖ ਹੋਮਲੈਂਡ ਦੀ ਆਜ਼ਾਦੀ ਹੀ ਹੈ।

ਨਵਾਂ ਪੰਜਾਬ 1 ਨਵੰਬਰ 1966 ਨੂੰ ਵਜੂਦ ਵਿਚ ਆਇਆ। ਇਸ ਵਿਚ 11 ਜ਼ਿਲ੍ਹੇ ਤੇ 83 ਤਹਿਸੀਲਾਂ ਸਨ। ਨਵੇਂ ਪੰਜਾਬ ਦੀ ਆਬਾਦੀ 1 ਕਰੋੜ 11 ਲੱਖ 47 ਹਜ਼ਾਰ 54 ਸੀ ਅਤੇ ਰਕਬਾ 50,225 ਵਰਗ ਕਿਲੋਮੀਟਰ। ਇਸ ਵਿਚ ਸਿੱਖ ਆਬਾਦੀ 56% ਸੀ। 1967 ਦੀਆਂ ਅਸੈਂਬਲੀ ਚੋਣਾਂ ਵਿਚ 104 ਹਲਕਿਆਂ ਵਿਚੋਂ 62 ਤੇ 1969 ਵਿਚ 81 ਸਿੱਖ ਮੈਂਬਰ ਚੁਣੇ ਗਏ ਸਨ।

ਕੀ ਇਹ ਅਕਾਲੀ ਦਲ ਵਾਲਾ ਪੰਜਾਬੀ ਸੂਬਾ ਸੀ?

ਪਹਿਲੀ ਨਵੰਬਰ 1966 ਨੂੰ ਕਾਇਮ ਹੋਇਆ ਪੰਜਾਬੀ ਸੂਬਾ ਉਹ ਨਹੀਂ ਸੀ ਜੋ ਅਕਾਲੀ ਦਲ ਮੰਗਦਾ ਸੀ। ਇਹ ਸੂਬਾ ਅਕਾਲੀ ਦਲ ਦੀ ਮੰਗ ਤੋਂ ਦੋ ਤਰ੍ਹਾਂ ਵਖਰਾ ਸੀ:

(1) **ਰਕਬੇ ਦੇ ਲਿਹਾਜ਼ ਨਾਲ ਇਸ ਵਿਚ ਗੰਗਾਨਗਰ, ਰਾਜਿਸਥਾਨ (ਅਤੇ ਕੁਝ ਅਕਾਲੀਆਂ ਅਨੁਸਾਰ ਜੰਮੂ ਵੀ) ਤੋਂ ਬਿਨਾਂ ਅੰਬਾਲਾ, ਸਿਰਸਾ, ਹਿਸਾਰ, ਫਤਹਿਬਾਦ, ਟੋਹਾਨਾ, ਗੂਹਲਾ, ਰਤੀਆਂ, ਕਰਨਾਲ, ਕਾਂਗੜਾ, ਡਲਹੌਜ਼ੀ, ਪਿੰਜੌਰ, ਕਾਲਕਾ, ਦੇਸ (ਜ਼ਿਲਾ ਨਾਲਾਗੜ੍ਹ), ਊਨਾ, ਚੰਡੀਗੜ੍ਹ ਅਤੇ**

WWW.SIKHBOOKCLUB.COM

ਭਾਖੜਾ ਡੈਮ, ਨੰਗਲ ਖਾਦ ਫੈਕਟਰੀ, ਬਿਆਸ ਡੈਮ ਇਸ ਵਿਚ ਸ਼ਾਮਿਲ ਨਹੀਂ ਸਨ। (2) ਅਕਾਲੀ ਦਲ ਦੀ ਦੂਜੀ ਮੰਗ ਸੀ ਪੰਜਾਬੀ ਸੂਬੇ ਦੇ ਖ਼ਾਸ ਹੱਕਾਂ ਬਾਰੇ। ਅਕਾਲੀ ਦਲ ਚਾਹੁੰਦਾ ਸੀ ਕਿ ਰੱਖਿਆ, ਡਾਕ-ਤਾਰ, ਕਰੰਸੀ, ਆਵਾਜਾਈ ਤੋਂ ਬਿਨਾਂ ਸਾਰੇ ਹੱਕ ਪੰਜਾਬੀ ਸੂਬੇ ਕੋਲ ਹੋਣ। ਪਰ 1 ਨਵੰਬਰ 1966 ਨੂੰ ਕਾਇਮ ਹੋਇਆ ਪੰਜਾਬੀ ਸੂਬਾ ਇਨਾਂ ਦੋਹਾਂ ਗੱਲਾਂ ਤੋਂ ਸੱਖਣਾ ਸੀ। ਅਸਲ ਵਿਚ ਇਸ ਸੂਬੇ ਨੂੰ ਇਕ ਸੀਨੀਅਰ ਮਿਉਂਸਪਲ ਕਮੇਟੀ ਆਖ ਦਿੱਤਾ ਜਾਵੇ ਤਾਂ ਕੋਈ ਗਲਤ ਗੱਲ ਨਹੀਂ ਹੋਵੇਗੀ।

ਪੰਜਾਬੀ ਸੂਬੇ ਨੂੰ ਪੂਰਾ ਕਰਵਾਉਣ ਦੀ ਜੱਦੋਜਹਿਦ ਸੂਬਾ ਬਣਨ ਦੇ ਨਾਲ ਹੀ ਸ਼ੁਰੂ ਹੋ ਗਈ, ਫਤਹਿ ਸਿੰਘ ਅਕਾਲੀ ਦਲ ਨੇ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਦੀ ਮੀਟਿੰਗ 10 ਨਵੰਬਰ 1966 ਨੂੰ ਬੁਲਾ ਲਈ। ਇਸ ਵਿਚ ਅਕਾਲੀ ਦਲ (ਮਾਸਟਰ) ਅਤੇ ਜਨਸੰਘ ਤੋਂ ਬਿਨਾਂ ਬਾਕੀ ਸਾਰੀਆਂ ਪਾਰਟੀਆਂ, ਯਾਨਿ ਦੋਵੇਂ ਕਮਿਊਨਿਸਟ ਪਾਰਟੀਆਂ, ਸੋਸ਼ਲਿਸਟ, ਰੀਪਬਲਿਕਨ, ਸੁਤੰਤਰ ਪਾਰਟੀ ਤੇ 'ਸੰਤ ਸਮਾਜ' ਸ਼ਾਮਿਲ ਹੋਏ। ਇਸ ਮੀਟਿੰਗ ਵਿਚ ਫਤਹਿ ਸਿੰਘ ਨੇ ਚੰਡੀਗੜ੍ਹ ਤੇ ਹੋਰ ਲਿੰਕ ਤੁੜਵਾਉਣ ਵਾਸਤੇ ਇਕ ਮੋਰਚੇ ਦੀ ਪਲਾਨ ਬਣਾਈ। ਪਲਾਨ ਮੁਤਾਬਿਕ 20 ਨਵੰਬਰ 1966 ਤੋਂ ਅੰਮ੍ਰਿਤਸਰ ਤੋਂ ਚੰਡੀਗੜ੍ਹ ਲਈ ਹਰ ਰੋਜ਼ 25-25 ਦੇ ਤਿੰਨ ਜੱਥੇ ਭੇਜੇ ਜਾਣੇ ਸੀ। ਕੁਝ ਸਿਆਸੀ ਆਗੂਆਂ ਨੇ ਕਿਹਾ ਕਿ ਇਹ ਚੋਣ ਪ੍ਰਚਾਰ ਵਾਸਤੇ ਸਕੀਮ ਹੈ। ਇਸ 'ਤੇ 25 ਨਵੰਬਰ ਨੂੰ ਜਥੇ ਹੋਰ ਨਾ ਭੇਜਣ ਦਾ ਐਲਾਨ ਕੀਤਾ ਤੇ ਅਗਲਾ ਪ੍ਰੋਗਰਾਮ 5 ਦਸੰਬਰ ਤਕ ਮੁਲਤਵੀ ਕਰ ਦਿੱਤਾ ਗਿਆ।

ਚੰਡੀਗੜ੍ਹ ਵਾਪਿਸ ਲੈਣ ਵਾਸਤੇ ਜੱਦੋਜਹਿਦ

5 ਦਸੰਬਰ 1966 ਨੂੰ ਫਤਹਿ ਸਿੰਘ ਨੇ ਐਲਾਨ ਕੀਤਾ ਕਿ ਉਹ ਚੰਡੀਗੜ੍ਹ ਤੇ ਹੋਰ ਮੰਗਾਂ ਵਾਸਤੇ 17 ਦਸੰਬਰ ਨੂੰ ਮਰਨ ਵਰਤ ਰੱਖੇਗਾ ਅਤੇ 10 ਦਿਨ ਬਾਅਦ 27 ਦਸੰਬਰ ਨੂੰ ਅਗਨ ਕੁੰਡ ਵਿਚ ਆਪਣੇ ਆਪ ਨੂੰ ਸਾੜ ਲਵੇਗਾ। ਫਤਹਿ ਸਿੰਘ ਨੇ ਇਸ ਬਾਰੇ ਵਿਚ ਲਿਖਤੀ ਪ੍ਰਣ ਕੀਤਾ ਜਿਸ ਵਿਚ ਤਿੰਨ ਮੰਗਾਂ ਸਨ:

1. ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ।
2. ਸਾਂਝੀਆਂ ਕੜੀਆਂ ਤੋੜੀਆਂ ਜਾਣ
3. ਭਾਖੜਾ ਤੇ ਹੋਰ ਪ੍ਰਾਜੈਕਟ ਪੰਜਾਬ ਨੂੰ ਮੋੜੇ ਜਾਣ।

ਫਤਹਿ ਸਿੰਘ ਤੋਂ ਬਾਅਦ ਚੰਨਣ ਸਿੰਘ, ਉਮਰਾਨੰਗਲ, ਮਲ ਸਿੰਘ ਚੜਿਕ, ਦਲੀਪ ਸਿੰਘ ਤਲਵੰਡੀ, ਹਜ਼ਾਰਾ ਸਿੰਘ ਗਿੱਲ, ਜਗੀਰ ਸਿੰਘ ਫੱਗੂਵਾਲੀਆ ਨੇ ਵੀ ਵਰਤ ਰੱਖਣਾ ਅਤੇ ਸੜ ਮਰਨਾ ਸੀ।

6 ਦਸੰਬਰ 1966 ਨੂੰ ਮਾਸਟਰ ਤਾਰਾ ਸਿੰਘ ਨੇ ਫਤਹਿ ਸਿੰਘ ਦੀਆਂ ਮੰਗਾਂ ਦੀ ਹਿਮਾਇਤ ਕਰ ਦਿੱਤੀ। 10-11 ਦਸੰਬਰ ਨੂੰ ਲੁਧਿਆਣੇ ਵਿਖੇ ਅਕਾਲੀ ਦਲ (ਮਾਸਟਰ) ਦੀ ਸਾਲਾਨਾ ਕਾਨਫ਼ਰੰਸ ਹੋਈ। ਇਸ ਵਿਚ ''ਸਿੱਖ ਹੋਮਲੈਂਡ'' ਦਾ ਮਤਾ ਪਾਸ ਕੀਤਾ ਗਿਆ। ਅਕਾਲੀ ਦਲ ਨੇ ਐਲਾਨ ਕੀਤਾ ਕਿ ਦਲ ਨੂੰ ਮਿਲੀ ਵੋਟ ਸਿੱਖ ਹੋਮਲੈਂਡ ਦੀ ਵੋਟ ਹੋਵੇਗੀ, ਇਸ ਤੋਂ ਇਲਾਵਾ ਹੋਰ ਲਿਖੇ ਮਤੇ ਵੀ ਪਾਸ ਹੋਏ:. (1)

WWW.SIKHBOOKCLUB.COM

ਸਿੱਖਾਂ ਨਾਲ ਆਜ਼ਾਦ ਭਾਰਤ 'ਚ ਕੀਤੇ ਜਾ ਰਹੇ ਵਿਤਕਰੇ ਖ਼ਤਮ ਹੋਣ (2) ਪੰਜਾਬੀ ਸੂਬੇ ਦੇ ਬਾਕੀ ਇਲਾਕੇ ਵਾਪਿਸ ਦਿਤੇ ਜਾਣ। (3) ਫਤਹਿ ਸਿੰਘ ਦੇ ਕਦਮ ਦੀ ਹਿਮਾਇਤ ਕੀਤੀ ਗਈ।

13 ਦਸੰਬਰ ਨੂੰ ਯੋਗੀ ਸੂਰਯ ਦੇਵ ਨੇ ਫਤਹਿ ਸਿੰਘ ਦੀ ਮੁਖ਼ਾਲਫ਼ਤ ਵਿਚ ਵਰਤ ਰੱਖਣ ਦੀ ਧਮਕੀ ਦਿਤੀ। ਹਰਿਆਣਾ ਦੇ ਆਗੂਆਂ ਨੇ ਪੰਜਾਬ ਵਿਚਲੇ 'ਹਿੰਦੀ' ਇਲਾਕੇ ਹਰਿਆਣੇ ਨੂੰ ਦੇਣ ਦੀ ਮੰਗ ਕੀਤੀ। ਮਾਹੌਲ ਖਿੱਚੋਤਾਣ ਵਾਲਾ ਹੋ ਗਿਆ। **ਇਧਰ ਇਹ ਅਫ਼ਵਾਹ ਵੀ ਫ਼ੈਲ ਗਈ ਕਿ ਫਤਹਿ ਸਿੰਘ ਕਿਸੇ ਬਹਾਨੇ ਨਾਲ ਮਰਨ ਵਰਤ ਮੁਲਤਵੀ ਕਰ ਦੇਵੇਗਾ। ਇਸ ਕਰ ਕੇ ਹਜ਼ਾਰਾ ਸਿੰਘ ਗਿੱਲ ਨੇ 16 ਦਸੰਬਰ ਨੂੰ (20 ਘੰਟੇ ਪਹਿਲਾਂ) ਹੀ ਵਰਤ ਸ਼ੁਰੂ ਕਰ ਦਿੱਤਾ।** ਅਗਲੇ ਦਿਨ 17 ਦਸੰਬਰ ਨੂੰ ਸਵੇਰੇ 11 ਵਜੇ ਫਤਹਿ ਸਿੰਘ ਨੇ ਵੀ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਫਤਹਿ ਸਿੰਘ ਦਾ ਵਰਤ ਖ਼ਤਮ ਕਰਵਾਉਣ ਲਈ ਕੋਸ਼ਿਸ਼ਾਂ ਵੀ ਸ਼ੁਰੂ ਹੋ ਗਈਆਂ। ਹੁਕਮ ਸਿੰਘ ਨੂੰ ਇਸ ਮਕਸਦ ਵਾਸਤੇ ਖਾਸ ਤੌਰ 'ਤੇ ਦਿੱਲੀ ਤੋਂ ਲਿਆਂਦਾ ਗਿਆ। ਪਰ ਉਸ ਦੀਆਂ ਕੋਸ਼ਿਸ਼ਾਂ ਨਾਕਾਮਯਾਬ ਹੋਈਆਂ ਤੇ ਉਹ 24 ਦਸੰਬਰ 1966 ਨੂੰ ਵਾਪਸ ਦਿੱਲੀ ਟੂਰ ਗਿਆ। ਇਸੇ ਦਿਨ ਹਰਚਰਨ ਸਿੰਘ ਹੁਡਿਆਰਾ ਨੇ ਗਿਆਨੀ ਭੂਪਿੰਦਰ ਸਿੰਘ ਨੂੰ ਬੁਲਾ ਲਿਆਂਦਾ ਅਤੇ ਦੋਹਾਂ ਅਕਾਲੀ ਦਲਾਂ ਦੇ ਆਗੂ ਇਕੱਠੇ ਹੋ ਗਏ। ਮੰਜੀ ਸਾਹਿਬ ਵਿਚ ਗਰਮ ਲੈਕਚਰ ਹੋਏ। ਮਾਹੌਲ ਵਿਗੜ ਰਿਹਾ ਸੀ। ਅਖ਼ੀਰ ਉਚੇਚਾ ਹਵਾਈ ਜਹਾਜ਼ ਲੈ ਕੇ ਉੱਤਮ ਸਿੰਘ ਦੁੱਗਲ, ਨਰਿੰਦਰ ਸਿੰਘ ਬਰਾੜ ਤੇ ਲਛਮਣ ਸਿੰਘ ਗਿੱਲ ਦਿੱਲੀ ਪਹੁੰਚੇ ਅਤੇ ਪੰਜਾਬ ਦੇ ਵੱਡੇ ਵਜ਼ੀਰ (ਚੀਫ਼ ਮਨਿਸਟਰ) ਗੁਰਮੁਖ ਸਿੰਘ ਮੁਸਾਫ਼ਿਰ ਨੂੰ ਮਿਲੇ। ਵਜ਼ੀਰੇ-ਆਲ੍ਹਾ (ਪ੍ਰਾਈਮ ਮਨਿਸਟਰ) ਇੰਦਰਾ ਗਾਂਧੀ ਨਾਲ ਵਿਚਾਰਾਂ ਹੋਈਆਂ ਅਤੇ ਉਹ ਫੇਰ ਅੰਮ੍ਰਿਤਸਰ ਪਹੁੰਚ ਗਏ। ਚਾਰ ਵਜੇ ਫਤਹਿ ਸਿੰਘ ਨੇ ਸੜ ਮਰਨਾ ਸੀ। (ਪਰ ਇਹ ਨਾ ਹੋਣਾ ਸੀ ਨਾ ਹੋਇਆ)! ਫਤਹਿ ਸਿੰਘ ਨੇ ਇੰਦਰਾ ਗਾਂਧੀ ਨੂੰ ਸਾਲਸ ਮੰਨ ਕੇ ਮਰਨ ਵਰਤ ਅਤੇ ਸੜ ਮਰਨ ਦਾ ਪ੍ਰੋਗਰਾਮ ਖ਼ਤਮ ਕਰ ਦਿੱਤਾ। ਹੁਕਮ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੇ ਖੜੇ ਹੋ ਕੇ ਐਲਾਨ ਕੀਤਾ ਕਿ **ਜੇ ਪ੍ਰਧਾਨ ਮੰਤਰੀ ਨੂੰ ਚੰਡੀਗੜ੍ਹ ਵਾਸਤੇ ਸਾਲਸ ਮੰਨ ਲਿਆ ਜਾਵੇ ਅਤੇ ਪੰਜਾਬੀ ਬੋਲਦੇ ਇਲਾਕਿਆਂ ਵਾਸਤੇ ਕਮਿਸ਼ਨ ਬਣ ਜਾਵੇ ਤਾਂ ਪੰਜਾਬ ਨੂੰ ਚੰਡੀਗੜ੍ਹ ਮਿਲਣ ਦੀ ਆਸ ਹੋ ਸਕਦੀ ਹੈ। ਹੁਕਮ ਸਿੰਘ ਦੇ ਇਸ ਐਲਾਨ ਵੇਲੇ ਹਰ ਪਾਸੇ ਤੋਂ 'ਨਹੀਂ-ਨਹੀਂ' ਦੀਆਂ ਅਵਾਜ਼ਾਂ ਆਈਆਂ** ਪਰ ਫਤਹਿ ਸਿੰਘ ਦੇ ਸਾਥੀਆਂ ਨੇ ਇਸ ਮੁਖ਼ਾਲਫ਼ਤ ਦੀ ਕੋਈ ਪ੍ਰਵਾਹ ਨਹੀਂ ਕੀਤੀ। ਫਤਹਿ ਸਿੰਘ ਦਾ ਮਰਨ ਵਰਤ ਰਖਣ ਸਮੇਂ ਪ੍ਰਣ ਸੀ ਕਿ **ਚੰਡੀਗੜ੍ਹ ਪੰਜਾਬ ਨੂੰ ਮਿਲੇ, ਭਾਖੜਾ ਤੇ ਹੋਰ ਪ੍ਰਾਜੈਕਟ ਵਾਪਿਸ ਦਿੱਤੇ ਜਾਣ ਤੇ ਪੰਜਾਬੀ ਇਲਾਕੇ ਵਾਪਸ ਮਿਲਣ, ਪੰਜਾਬ ਹਰਿਆਣਾ, ਹਿਮਾਂਚਲ ਦੀਆਂ ਸਾਂਝੀਆਂ ਕੜੀਆਂ ਤੋੜੀਆਂ ਜਾਣ।** ਪਰ ਹੁਕਮ ਸਿੰਘ ਦੇ ਐਲਾਨ ਵਿਚ ਇਨ੍ਹਾਂ ਵਿਚੋਂ ਕੋਈ ਵੀ ਗੱਲ ਪੂਰੀ ਨਹੀਂ ਹੁੰਦੀ ਸੀ। ਫਿਰ ਵੀ 27 ਦਸੰਬਰ 1966 ਨੂੰ ਸ਼ਾਮ ਦੇ ਸਵਾ 6

WWW.SIKHBOOKCLUB.COM

ਵਜੇ (ਸੜ ਮਰਨ ਦੇ ਐਲਾਨੇ ਸਮੇਂ ਤੋਂ ਸਵਾ ਦੋ ਘੰਟੇ ਮਗਰੋਂ) ਫਤਹਿ ਸਿੰਘ ਨੇ ਅਪਣਾ ਵਰਤ ਖੋਲ੍ਹ ਦਿੱਤਾ।

ਇਸ ਮਰਨ ਵਰਤ ਸਮੇਂ ਅਕਾਲੀ ਦਲ (ਮਾਸਟਰ) ਨੇ ਫਤਹਿ ਸਿੰਘ ਦਲ ਨੂੰ ਪੂਰਾ ਮਿਲਵਰਤਣ ਦਿੱਤਾ। ਪਰ ਮਰਨ ਵਰਤ ਛੱਡਣ ਵੇਲੇ ਉਨ੍ਹਾਂ ਵਿਚੋਂ ਕੋਈ ਵੀ ਰਾਜ਼ੀ ਨਹੀਂ ਸੀ। ਹੋਰ ਤਾਂ ਹੋਰ ਫਤਹਿ ਸਿੰਘ ਅਕਾਲੀ ਦਲ ਦਾ ਗੁਰਨਾਮ ਸਿੰਘ ਵੀ ਰਾਜ਼ੀ ਨਹੀਂ ਸੀ। ਇਸ ਕਰ ਕੇ ਗੁਰਨਾਮ ਸਿੰਘ ਨੂੰ 26 ਦਸੰਬਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅਕਾਲੀ ਦਲ (ਮਾਸਟਰ) ਨੂੰ ਤਾਂ ਪਹਿਲਾਂ ਹੀ ਯਕੀਨ ਸੀ ਕਿ ਫਤਹਿ ਸਿੰਘ ਨੇ ਕੋਈ ਨਹੀਂ ਮਰਨਾ। ਗੁਰਮੁਖ ਸਿੰਘ ਮੁਸਾਫ਼ਿਰ ਇਸ ਗੱਲ ਦੀ ਤਾਈਦ ਕਰਦੇ ਹਨ। ਜਥੇਦਾਰ ਸੰਤੋਖ ਸਿੰਘ ਦੇ ਲਫ਼ਜ਼ ਸਨ: **''ਸੰਤ ਨੇ ਕੋਈ ਨਹੀਂ ਮਰਨਾ, ਐਂਵੇ ਨਾ ਡਰਦਾ ਫਿਰ''**। (ਹੁਕਮ ਸਿੰਘ ਦਾ ਲੇਖ, *ਕੌਮੀ ਏਕਤਾ*, ਨਵੰਬਰ 1974)। 30 ਦਸੰਬਰ ਨੂੰ ਮਾਸਟਰ ਤਾਰਾ ਸਿੰਘ ਨੇ ਬਿਆਨ ਦਿੱਤਾ ਕਿ ਫਤਹਿ ਸਿੰਘ ਨੇ ਸਿੱਖੀ ਦੀ ਤੌਹੀਨ ਕੀਤੀ ਹੈ।

27 ਦਸੰਬਰ 1966 ਨੂੰ ਮਰਨ ਵਰਤ ਛੱਡਣ ਤੋਂ ਬਾਅਦ ਫਤਹਿ ਸਿੰਘ ਨੇ ਬਿਆਨ ਦਿੱਤਾ ਕਿ ਮੇਰੀਆਂ ਮੰਗਾਂ ਮੰਨੀਆਂ ਗਈਆਂ ਹਨ ਅਤੇ ਇਸ ਬਾਰੇ ਵਜ਼ੀਰੇ ਆਲ੍ਹਾ ਦਾ ਲਿਖਤੀ ਵਾਅਦਾ ਮੇਰੇ ਕੋਲ ਹੈ। ਫਤਹਿ ਸਿੰਘ ਨੂੰ ਲਿਖਤੀ ਸਬੂਤ ਵਿਖਾਉਣ ਲਈ ਕਹੇ ਜਾਣ 'ਤੇ ਉਸ ਨੇ ਦਿਖਾਣ ਤੋਂ ਇਨਕਾਰ ਕਰ ਦਿੱਤਾ। ਬਾਅਦ ਵਿਚ ਫਤਹਿ ਸਿੰਘ ਨੇ ਮੰਨਿਆ ਕਿ ਮੇਰੇ ਕੋਲ ਕੋਈ ਲਿਖਤੀ ਵਾਅਦਾ ਨਹੀਂ ਹੈ। ਗੁਰਮੁਖ ਸਿੰਘ ਮੁਸਾਫ਼ਿਰ ਨੇ ਇਸ ਬਾਰੇ ਲਿਖਿਆ ਹੈ ਕਿ, ''ਉਸ ਨੂੰ ਚੁਪ ਰਹਿਣਾ ਚਾਹੀਦਾ ਸੀ। ਅਸੀਂ ਤਾਂ ਉਨ੍ਹਾਂ ਦੀ ਇੱਜ਼ਤ ਕਾਇਮ ਰੱਖਣ ਲਈ ਸਹਾਈ ਹੋਏ, ਪਰ ਮਗਰਲੇ ਬਿਆਨਾਂ ਵਿਚ ਉਸ ਨੇ ਆਪ ਇਉਂ ਪ੍ਰਗਟ ਕਰ ਦਿੱਤਾ ਜਿਵੇਂ ਉਸ ਨੇ ਇਕ ਕਮਜ਼ੋਰੀ ਵਿਖਾਈ ਹੈ। ਪਹਿਲਾਂ ਕਿਹਾ ਕਿ ਹੁਕਮ ਸਿੰਘ ਮੇਰੇ ਵਲ ਦਿੱਲੀਓਂ ਚਿੱਠੀ ਲਿਆਏ ਸਨ ਜਿਸ ਵਿਚ ਸਭ ਮੰਗਾਂ ਮੰਨੀਆਂ ਗਈਆਂ ਸਨ। ਫਿਰ ਕਿਹਾ ਕਿ ਉਹ ਚਿੱਠੀ ਚੋਰੀ ਕਰ ਲਈ ਗਈ ਹੈ। ਹੁਕਮ ਸਿੰਘ, ਜਿਨ੍ਹਾਂ ਨੇ ਏਨੀ ਮੇਹਨਤ ਸਾਫ਼ ਦਿਲੀ ਨਾਲ ਕੀਤੀ, ਉਹਨਾਂ ਨੂੰ ਵੀ ਨਾਰਾਜ਼ ਕਰ ਲਿਆ ਗ਼ਲਤ ਗੱਲਾਂ ਆਖ ਕੇ। ਫਿਰ ਜਦ ਹੋਰ ਕਿਧਰੇ ਹੱਥ ਨਾ ਅੜਿਆ ਤਾਂ ਉਹ ਆਪ ਅਤੇ ਉਨ੍ਹਾਂ ਦੇ ਬੰਦੇ ਇਹ ਆਖਣ ਲਗ ਪਏ ਕਿ ਅਸੀਂ ਵਜ਼ੀਰੇ-ਆਲ੍ਹਾ ਨੂੰ ਸਾਲਸ ਮੰਨਿਆ ਹੀ ਤਾਂ ਸੀ ਜਦੋਂ ਉਨਾਂ ਸਾਡੇ ਹੱਕ ਵਿਚ ਫ਼ੈਸਲਾ ਦੇਣ ਦਾ ਇਕਰਾਰ ਕਰ ਲਿਆ ਸੀ। ਇਹ ਗੱਲ ਆਖ ਕੇ ਆਪਣਾ ਸਾਰਾ ਕੇਸ ਹੀ ਖਤਮ ਕਰ ਲਿਆ।'' (ਹੁਕਮ ਸਿੰਘ ਦਾ ਲੇਖ, *ਕੌਮੀ ਏਕਤਾ*, ਨਵੰਬਰ 1974)। ਇੰਦਰਾ ਗਾਂਧੀ ਨੇ ਵੀ 8 ਜਨਵਰੀ 1967 ਨੂੰ ਕੋਈ ਲਿਖਤੀ ਜਾਂ ਜ਼ਬਾਨੀ ਯਕੀਨ ਦਿੱਤੇ ਹੋਣ ਤੋਂ ਇਨਕਾਰ ਕੀਤਾ। ਇਸ ਗੱਲ ਨੇ ਫਤਹਿ ਸਿੰਘ ਤੇ ਉਸ ਦੇ ਅਕਾਲੀ ਦਲ ਨੂੰ ਬਹੁਤ ਨੁਕਸਾਨ ਪਹੁੰਚਾਇਆ।

WWW.SIKHBOOKCLUB.COM

(ਜ) ਤਾਕਤ ਤੇ ਦੌਲਤ ਦੀ ਭੁੱਖ ਅਤੇ ਕੌਮੀ ਨਿਸ਼ਾਨੇ ਵੱਲ ਪਿੱਠ

1967 ਦੀਆਂ ਅਸੈਂਬਲੀ ਚੋਣਾਂ

ਪੰਜਾਬੀ ਸੂਬਾ ਬਣਨ ਤੋਂ ਤਿੰਨ ਮਹੀਨੇ ਮਗਰੋਂ ਫ਼ਰਵਰੀ 1967 ਵਿਚ ਅਸੈਂਬਲੀ ਤੇ ਪਾਰਲੀਮੈਂਟ ਦੀਆਂ ਚੋਣਾਂ ਹੋਣੀਆਂ ਸਨ। ਪਹਿਲੀ ਜਨਵਰੀ 1967 ਨੂੰ ਅਕਾਲੀ ਦਲ ਮਾਸਟਰ ਨੇ ਆਪਣਾ ਚੋਣ ਮੈਨੀਫ਼ੈਸਟੋ ਜਾਰੀ ਕੀਤਾ। ਇਸ ਵਿਚ ਸਿੱਖ ਹੋਮਲੈਂਡ, ਖ਼ੁਦਮੁਖ਼ਤਿਆਰੀ ਤੇ ਲੋਕਾਂ ਵਾਸਤੇ ਟੈਕਸਾਂ ਦੀਆਂ ਛੋਟਾਂ ਮੁੱਖ ਨੁਕਤੇ ਸਨ। 2 ਫ਼ਰਵਰੀ ਨੂੰ ਹਰਗੁਰਅਨਾਦ ਸਿੰਘ ਨੇ ਕਿਹਾ ਕਿ ਸਿੱਖ ਸਟੇਟ ਵਾਸਤੇ ਬਦੇਸ਼ੀ ਮਦਦ ਵੀ ਲਈ ਜਾ ਸਕਦੀ ਹੈ।

ਉਧਰ ਫਤਹਿ ਸਿੰਘ ਤੇ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦਾ ਚੋਣ ਸਮਝੌਤਾ ਹੋ ਗਿਆ ਜਿਸ ਵਿਚ ਪੂਰਨ ਪੰਜਾਬ, ਸਿੱਖ ਹੋਮਲੈਂਡ ਦੀ ਮੁਖ਼ਾਲਫ਼ਤ, ਪੰਜਾਬੀ ਦੀ ਤਰੱਕੀ, ਨਿਰਪੱਖ ਨਿਜ਼ਾਮ, ਕੁਰਪਸ਼ਨ ਦਾ ਅੰਤ, ਮਜ਼ਦੂਰਾਂ ਤੇ ਵਿਦਿਆਰਥੀ ਦੀ ਭਲਾਈ ਵਗ਼ੈਰਾ ਨੁਕਤਿਆਂ 'ਤੇ ਸਮਝੌਤਾ ਕੀਤਾ ਗਿਆ। ਅਕਾਲੀ ਦਲ (ਮਾਸਟਰ) ਦੇ ਉਮੀਦਵਾਰ ਇਕੱਲੇ ਚੋਣ ਲੜੇ। ਇਸ ਚੋਣ ਵਿਚ ਕਾਂਗਰਸ ਦੇ 101, ਜਨਸੰਘ ਦੇ 49, ਸੀ.ਪੀ.ਆਈ. ਦੇ 12, ਸੀ.ਪੀ.ਐਮ. ਦੇ 20, ਫਤਹਿ ਸਿੰਘ ਦਲ ਦੇ 56, ਅਕਾਲੀ ਦਲ (ਮਾਸਟਰ) ਦੇ 61, ਸੰਯੁਕਤ ਸੋਸ਼ਲਿਸਟ (ਐਸ.ਐਸ.ਪੀ.), ਪ੍ਰਜਾ ਸੋਸ਼ਲਿਸਟ (ਪੀ.ਐਸ.ਪੀ.), ਰੀਪਬਲੀਕਨ ਤਿੰਨੇ 8-8 ਤੇ ਆਜ਼ਾਦ 257 ਉਮੀਦਵਾਰ ਖੜੇ ਸਨ।

ਇਨ੍ਹੀਂ ਦਿਨੀਂ ਫਤਹਿ ਸਿੰਘ ਅਕਾਲੀ ਦਲ ਅਤੇ ਅਕਾਲੀ ਦਲ (ਮਾਸਟਰ) ਵਿਚ ਸਮਝੌਤਾ ਹੁੰਦਾ-ਹੁੰਦਾ ਰਹਿ ਗਿਆ। ਬਾਕੀ ਤਕਰੀਬਨ ਸਾਰੀਆਂ ਸੀਟਾਂ ਬਾਰੇ ਫ਼ੈਸਲਾ ਹੋ ਗਿਆ ਸੀ ਪਰ ਫਤਹਿ ਸਿੰਘ ਨੇ ਪਾਰਲੀਮੈਂਟ ਦੀ ਬਠਿੰਡਾ ਸੀਟ ਆਪਣੇ ਡਰਾਈਵਰ ਕਿੱਕਰ ਸਿੰਘ ਦੀ ਥਾਂ 'ਤੇ ਧੰਨਾ ਸਿੰਘ ਗੁਲਸ਼ਨ ਨੂੰ ਦੇਣ ਦੀ ਗਲ ਨਾ-ਮਨਜ਼ੂਰ ਕਰ ਦਿੱਤੀ। ਨਤੀਜੇ ਵਜੋਂ ਇਹ ਸਮਝੌਤਾ ਹੋ ਕੇ ਵੀ ਨਾਕਾਮਯਾਬ ਹੋ ਗਿਆ ਅਤੇ ਦੋਹਾਂ ਅਕਾਲੀ ਦਲਾਂ ਦੇ ਉਮੀਦਵਾਰ ਇਕ ਦੂਜੇ ਦੇ ਖ਼ਿਲਾਫ਼ ਲੜੇ, ਕੌਮੀ ਤਾਕਤ ਦਾ ਨੁਕਸਾਨ ਕੀਤਾ ਅਤੇ ਆਸ ਤੋਂ ਬਹੁਤ ਹੀ ਘਟ ਸੀਟਾਂ 'ਤੇ ਕਾਮਯਾਬੀ ਹਾਸਿਲ ਕੀਤੀ।

24 ਫ਼ਰਵਰੀ 1967 ਨੂੰ ਸਾਰੀਆਂ 104 ਸੀਟਾਂ ਦੇ ਨਤੀਜੇ ਨਿਕਲ ਆਏ। ਪੰਜਾਬ ਵਿਚ ਪੋਲ ਹੋਈਆਂ ਵੋਟਾਂ ਵਿਚੋਂ ਅਕਾਲੀ ਦਲ (ਦੋਵੇਂ) ਨੇ 24.69% ਅਤੇ ਕਾਂਗਰਸ ਨੇ 37.46% ਵੋਟਾਂ ਹਾਸਿਲ ਕੀਤੀਆਂ ਤੇ ਕਾਂਗਰਸ ਦੇ 48, ਅਕਾਲੀ ਦਲ

WWW.SIKHBOOKCLUB.COM

26 (ਫਤਹਿ ਸਿੰਘ 24, ਮਾਸਟਰ 2), ਸੀ. ਪੀ. ਆਈ. 5, ਸੀ. ਪੀ. ਐਮ. 3, ਜਨਸੰਘ 9, ਪੀ. ਐਸ. ਪੀ. 1, ਐਸ. ਐਸ. ਪੀ 3 ਤੇ ਆਜ਼ਾਦ 9 ਕਾਮਯਾਬ ਹੋਏ। ਲੋਕ ਸਭਾ ਵਾਸਤੇ 9 ਕਾਂਗਰਸ, 1 ਜਨਸੰਘ ਤੇ 3 ਫਤਹਿ ਸਿੰਘ ਅਕਾਲੀ ਦਲ ਦੇ ਉਮੀਦਵਾਰ ਜਿੱਤੇ। ਚੰਡੀਗੜ੍ਹ ਦੀ ਲੋਕ ਸਭਾ ਦੀ ਸੀਟ ਜਨਸੰਘ ਨੇ ਜਿੱਤੀ।

ਅਕਾਲੀ ਪੰਜਾਬ ਦੇ ਹਾਕਮ ਬਣੇ

24 ਫ਼ਰਵਰੀ ਨੂੰ ਅਕਾਲੀ (ਦੋਵੇਂ), ਜਨਸੰਘ, ਕਮਿਊਨਿਸਟ (ਦੋਵੇਂ) ਅਤੇ ਕੁਝ ਆਜ਼ਾਦ ਉਮੀਦਵਾਰਾਂ ਨੇ ਮਿਲ ਕੇ ਸਾਂਝਾ ਮੋਰਚਾ ਬਣਾ ਲਿਆ ਜਿਸ ਵਿਚ 53 ਮੈਂਬਰ ਹੋ ਗਏ। ਇਨ੍ਹਾਂ ਨੇ ਗੁਰਨਾਮ ਸਿੰਘ ਨੂੰ ਲੀਡਰ ਚੁਣ ਲਿਆ। ਉਧਰ ਗਿਆਨ ਸਿੰਘ ਰਾੜੇਵਾਲਾ ਨੂੰ ਕਾਂਗਰਸ ਅਸੈਂਬਲੀ ਪਾਰਟੀ ਦਾ ਲੀਡਰ ਚੁਣਿਆ ਗਿਆ। ਪਰ ਕਾਂਗਰਸ ਇਕ ਵੀ ਐਮ.ਐਲ.ਏ. ਨੂੰ ਤੋੜ ਨਾ ਸਕੀ। ਅਖ਼ੀਰ 8 ਮਾਰਚ 1967 ਨੂੰ ਪੰਜਾਬ ਵਿਚ ਅਕਾਲੀ ਦਲ ਦੀ ਅਗਵਾਈ ਵਿਚ ਸਾਂਝੇ ਮੋਰਚੇ ਦੀ ਵਜ਼ਾਰਤ ਕਾਇਮ ਹੋ ਗਈ। ਗੁਰਨਾਮ ਸਿੰਘ ਵਜ਼ਾਰਤ ਵਿਚ ਲਛਮਣ ਸਿੰਘ ਗਿੱਲ, ਰਜਿੰਦਰ ਸਿੰਘ ਸਪੈਰੋ, ਡਾਕਟਰ ਬਲਦੇਵ ਪ੍ਰਕਾਸ਼, ਪਿਆਰਾ ਰਾਮ ਧੈਨੋਵਾਲੀ ਪਹਿਲੇ ਵਜ਼ੀਰ ਬਣੇ। ਸਾਂਝੇ ਮੋਰਚੇ ਦੀ ਸਰਕਾਰ ਨੇ 11-ਨੁਕਾਤੀ ਪ੍ਰੋਗਰਾਮ ਬਣਾਇਆ: (1) ਕਾਲਾ ਬਜ਼ਾਰ ਖ਼ਤਮ ਕਰਨਾ (2) ਕੀਮਤਾਂ ਨੂੰ ਠਲ੍ਹ ਪਾਉਣਾ (3) ਕੁਰਪਸ਼ਨ ਵਾਸਤੇ ਟ੍ਰਿਬਿਊਨਲ ਬਣਾਉਣਾ (4) ਕਿਸਾਨਾਂ ਤੇ ਮਜ਼ਦੂਰਾਂ ਨੂੰ ਕਰਜ਼ੇ ਦੇਣਾ (5) ਸੇਲਜ਼ ਟੈਕਸ ਘਟਾਣਾ (6) ਇੰਡਸਟਰੀ ਦੀ ਤਰੱਕੀ (7) ਮੁਲਾਜ਼ਮਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨਾ (8) ਟੈਕਸਾਂ ਤੋਂ ਰਲੀਫ਼ (9) ਬੇਜ਼ਮੀਨਿਆਂ ਨੂੰ ਜ਼ਮੀਨ ਦਿਵਾਣਾ (10) ਧਾਰਮਿਕ ਏਕਤਾ ਕਾਇਮ ਰਖਣਾ (11) ਪੇਂਡੂ ਤਬਕੇ ਦੀ ਉੱਨਤੀ ਕਰਨ ਲਈ ਪ੍ਰੋਗਰਾਮ ਬਣਾਉਣੇ।

ਸਾਂਝੇ ਮੋਰਚੇ ਦੀ ਸਰਕਾਰ ਲਈ ਤਾਕਤ ਦੇ ਦਿਖਾਵੇ ਦਾ ਪਹਿਲਾ ਮੌਕਾ ਅਸੈਂਬਲੀ ਦੇ ਸਪੀਕਰ ਦੀ ਚੋਣ ਵੇਲੇ ਆਇਆ। 21 ਮਾਰਚ 1967 ਨੂੰ ਡਾਕਟਰ ਜਗਜੀਤ ਸਿੰਘ ਦੇ ਮੁਕਾਬਲੇ ਜੋਗਿੰਦਰ ਸਿੰਘ ਮਾਨ ਸਪੀਕਰ ਚੁਣੇ ਗਏ। ਮਾਨ ਨੂੰ ਸਤਨਾਮ ਸਿੰਘ ਬਾਜਵਾ, ਜਗਤਾਰ ਸਿੰਘ ਤੇ ਅਮਰ ਸਿੰਘ ਦੁਸਾਂਝ (ਕਾਂਗਰਸ) ਦੀਆਂ ਵੋਟਾਂ ਵੀ ਮਿਲੀਆਂ। ਇਸੇ ਦਿਨ ਕਾਂਗਰਸੀ ਐਮ.ਐਲ.ਏ. ਅਮਰ ਸਿੰਘ ਦੁਸਾਂਝ ਨੇ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ ਤੇ ਸਾਂਝੇ ਮੋਰਚੇ ਵਿਚ ਸ਼ਾਮਿਲ ਹੋ ਗਿਆ। 28 ਮਾਰਚ ਨੂੰ ਫ਼ਰੰਟ ਸਰਕਾਰ ਨੇ ਬਜਟ ਪੇਸ਼ ਕੀਤਾ ਤੇ ਕੋਈ ਨਵਾਂ ਟੈਕਸ ਨਾ ਲਾਉਣ ਦਾ ਐਲਾਨ ਕੀਤਾ।

29 ਮਾਰਚ ਨੂੰ ਕਲਕੱਤਾ ਵਿਖੇ ਗੁਰਦੁਆਰਾ ਬਾਘਮਾੜੀ ਦੀ ਦੁਰਘਟਨਾ ਹੋ ਗਈ ਜਿਸ ਵਿਚ 6 ਸਿੱਖ ਮਰੇ ਤੇ 100 ਜ਼ਖਮੀ ਹੋਏ, ਜਿਸ ਨਾਲ ਮਾਹੌਲ ਅਣਸੁਖਾਵਾਂ ਹੋ ਗਿਆ। ਪਰ, ਬੰਗਾਲ ਵਿਚ ਵੀ ਫ਼ਰੰਟ ਸਰਕਾਰ ਹੋਣ ਕਰ ਕੇ ਸਮਝੌਤਾ ਹੋ ਗਿਆ ਅਤੇ ਜੁਡੀਸ਼ੀਅਲ ਪੜਤਾਲ ਸ਼ੁਰੂ ਹੋ ਗਈ। ਅਕਾਲੀ-ਕਮਿਊਨਿਸਟ ਝਗੜਾ ਹੁੰਦਾ-ਹੁੰਦਾ ਮਸਾਂ ਬਚਿਆ।

WWW.SIKHBOOKCLUB.COM

ਪੰਜਾਬ ਵਿਚ ਸਾਂਝੇ ਮੋਰਚੇ ਦੀ ਸ੍ਰਕਾਰ ਦੀ ਪਹਿਲੀ ਹਾਰ 5 ਅਪਰੈਲ ਨੂੰ ਹੋਈ ਜਦੋਂ ਗਵਰਨਰ ਦੇ ਐਡਰੈੱਸ ਵਿਚ ਗਿਆਨ ਸਿੰਘ ਰਾੜੇਵਾਲੇ ਦੀ ਸੋਧ 49 ਦੇ ਮੁਕਾਬਲ 53 ਵੋਟਾਂ ਨਾਲ ਪਾਸ ਹੋ ਗਈ। 6 ਅਪਰੈਲ ਨੂੰ ਗੁਰਨਾਮ ਸਿੰਘ ਨੇ ਅਸੈਂਬਲੀ ਉਠਵਾ ਦਿੱਤੀ। ਬਲਦੇਵ ਸਿੰਘ ਅਕਾਲੀ ਐਮ.ਐਲ.ਏ; ਜਿਸ ਨੇ ਰਾੜੇਵਾਲੇ ਦੀ ਸੋਧ ਦੇ ਹੱਕ ਵਿਚ ਵੋਟ ਦਿੱਤੀ ਸੀ, ਕਾਂਗਰਸ ਵਿਚ ਸ਼ਾਮਿਲ ਹੋ ਗਿਆ। 11 ਅਪ੍ਰੈਲ ਨੂੰ ਗਵਰਨਰ ਨੇ ਮੁਖ ਮੰਤਰੀ ਨੂੰ ਅਸੈਂਬਲੀ ਮੁੜ ਬੁਲਾਉਣ ਵਾਸਤੇ ਕਿਹਾ। 16 ਅਪਰੈਲ 1967 ਨੂੰ ਗਿਆਨੀ ਕਰਤਾਰ ਸਿੰਘ ਨੇ ਕਾਂਗਰਸ ਤੋਂ ਅਸਤੀਫ਼ਾ ਦੇ ਦਿਤਾ। 4 ਮਈ ਨੂੰ ਬਲਵੰਤ ਸਿੰਘ, ਬਾਲੂ ਰਾਮ ਤੇ ਸ਼ਿਵ ਚੰਦ ਕਾਂਗਰਸ ਛੱਡ ਕੇ ਸਾਂਝੇ ਮੋਰਚੇ ਵਿਚ ਆ ਗਏ। 5 ਮਈ ਨੂੰ ਗੁਰਮੀਤ ਸਿੰਘ ਵੀ ਕਾਂਗਰਸ 'ਚੋਂ ਨਿਕਲ ਆਇਆ। 9 ਮਈ ਤਕ ਸ਼ਿਗਾਰਾ ਸਿੰਘ, ਜਗਤਾਰ ਸਿੰਘ ਤੇ ਬਖ਼ਤਾਵਰ ਸਿੰਘ ਵੀ ਫ਼ਰੰਟ ਵਿਚ ਸ਼ਾਮਿਲ ਹੋ ਚੁਕੇ ਸਨ। 18 ਮਈ ਨੂੰ ਪੰਜਾਬ ਅਸੈਂਬਲੀ ਨੇ ਚੰਡੀਗੜ੍ਹ, ਪੰਜਾਬ ਨੂੰ ਦਿਤੇ ਜਾਣ ਦਾ ਮਤਾ ਇਕ-ਰਾਏ ਨਾਲ ਪਾਸ ਕਰ ਦਿਤਾ।

23 ਮਈ 1967 ਨੂੰ ਹਰਚਰਨ ਸਿੰਘ ਹੁਡਿਆਰਾ ਅਤੇ ਹਜ਼ਾਰਾ ਸਿੰਘ ਗਿੱਲ ਨੇ ਪੰਜਾਬੀ ਨੂੰ ਸਕਤਰੇਤ ਪੱਧਰ ਤਕ ਲਾਗੂ ਕਰਨ ਅਤੇ ਸਿਖਿਆ ਦਾ ਮਾਧਿਅਮ ਬਣਾਉਣ ਦੇ ਸਵਾਲ 'ਤੇ ਅਕਾਲੀ ਦਲ ਛੱਡਣ ਦੀ ਧਮਕੀ ਦਿੱਤੀ।

24 ਮਈ 1967 ਨੂੰ ਅਸੈਂਬਲੀ ਵਿਚ ਇਕ ਨਵਾਂ ਗਰੁੱਪ ਬਣ ਗਿਆ ਜਿਸ ਵਿਚ ਮਹਾਰਾਜਾ ਪਟਿਆਲਾ ਦੀ ਲੀਡਰੀ ਹੇਠ ਡਾਕਟਰ ਜਗਜੀਤ ਸਿੰਘ, ਫਕੀਰ ਚੰਦ, ਦਰਬਾਰਾ ਸਿੰਘ ਮਲਸੀਆਂ, ਬਿਸ਼ੰਭਰ ਨਾਥ, ਸ਼ਿਗਾਰਾ ਸਿੰਘ, ਮਹੰਤ ਰਾਮ ਪ੍ਰਕਾਸ਼, ਸ੍ਰਦਾਰਾ ਸਿੰਘ ਕੋਹਲੀ, ਰਾਜਾ ਨਰਿੰਦਰ ਸਿੰਘ ਸ਼ਾਮਿਲ ਸਨ। ਇਸੇ ਦਿਨ ਹਰਚਰਨ ਸਿੰਘ ਹੁਡਿਆਰਾ ਤੇ ਹਜ਼ਾਰਾ ਸਿੰਘ ਗਿਲ ਨੇ ਨਵਾਂ ਅਕਾਲੀ ਦਲ ਬਣਾ ਕੇ ਫਤਹਿ ਸਿੰਘ ਅਕਾਲੀ ਦਲ ਤੇ ਅਕਾਲੀ ਦਲ (ਮਾਸਟਰ) ਦੀ ਮੁਖ਼ਾਲਫ਼ਤ ਕਰਨ ਦਾ ਐਲਾਨ ਕੀਤਾ। ਹੁਡਿਆਰੇ ਨੇ ਇਕ ਬਿਆਨ ਵਿਚ ਕਿਹਾ ਕਿ ਸਾਂਝੇ ਮੋਰਚੇ ਦੀ ਸਰਕਾਰ ਸਿੱਖ ਮੁਖ਼ਾਲਿਫ਼ ਤੱਤਾਂ ਨਾਲ ਭਰੀ ਹੋਈ ਹੈ।

26 ਮਈ ਨੂੰ, 2 ਮਹੀਨੇ 18 ਦਿਨ ਮਗਰੋਂ ਹੀ, ਗੁਰਨਾਮ ਸਿੰਘ ਦੀ ਸਾਂਝੇ ਮੋਰਚੇ ਦੀ ਸ੍ਰਕਾਰ ਦੇ ਖ਼ਿਲਾਫ਼ ਬੇਵਸਾਹੀ ਦਾ ਮਤਾ ਪੇਸ਼ ਹੋਇਆ। ਹੁਡਿਆਰਾ ਤੇ ਹਜ਼ਾਰਾ ਸਿੰਘ ਗਿੱਲ ਨੇ ਕਾਂਗਰਸ ਦਾ ਸਾਥ ਦਿੱਤਾ। ਪਰ ਐਨ ਮੌਕੇ 'ਤੇ ਡਾਕਟਰ ਜਗਜੀਤ ਸਿੰਘ, ਬਿਸ਼ੰਬਰ ਨਾਥ ਮੱਕੜ, ਦਰਬਾਰਾ ਸਿੰਘ, ਮਹੰਤ ਰਾਮ ਪ੍ਰਕਾਸ਼, ਸ਼ਿਗਾਰਾ ਸਿੰਘ, ਸ੍ਰਦਾਰਾ ਸਿੰਘ ਕੋਹਲੀ ਤੇ ਰਾਜਾ ਨਰਿੰਦਰ ਸਿੰਘ ਵਾਪਿਸ ਸਾਂਝੇ ਮੋਰਚੇ ਵਿਚ ਸ਼ਾਮਿਲ ਹੋ ਗਏ। 46 ਦੇ ਮੁਕਾਬਲੇ 57 ਵੋਟਾਂ ਨਾਲ ਬੇਵਿਸਾਹੀ ਦਾ ਮਤਾ ਫ਼ੇਲ੍ਹ ਹੋ ਗਿਆ। ਇਸ ਮੌਕੇ 'ਤੇ ਫਤਹਿ ਸਿੰਘ ਅਕਾਲੀ ਦਲ ਦੇ ਐਮ.ਐਲ.ਏ ਹਰਜਿੰਦਰ ਸਿੰਘ ਬਹਿਲਾ ਨੂੰ ਸਟਰੈਚਰ 'ਤੇ ਪਾ ਕੇ ਪੀ.ਜੀ.ਆਈ. ਤੋਂ ਅਸੈਂਬਲੀ ਵਿਚ ਲਿਆਂਦਾ ਗਿਆ ਸੀ (ਉਹ ਕੁਝ ਦਿਨਾਂ ਮਗਰੋਂ ਹੀ ਚੜ੍ਹਾਈ ਕਰ ਗਿਆ)।

WWW.SIKHBOOKCLUB.COM

24 ਮਈ ਨੂੰ 1967 ਹੁਡਿਆਰੇ ਨੇ ਆਪਣਾ ਨਵਾਂ ਅਕਾਲੀ ਦਲ ਬਣਾਉਣ ਦਾ ਐਲਾਨ ਕੀਤਾ ਸੀ। ਉਸ ਨੇ 26 ਮਈ ਨੂੰ ਆਪਣੇ 200 ਵਰਕਰਾਂ ਸਮੇਤ ਚੰਡੀਗੜ੍ਹ ਵਿਚ ਨਵੇਂ ਅਕਾਲੀ ਦਲ ਦਾ ਰਸਮੀ ਐਲਾਨ ਕਰ ਦਿੱਤਾ। ਫਤਹਿ ਸਿੰਘ ਅਕਾਲੀ ਦਲ ਨੇ ਹੁਡਿਆਰਾ, ਹਜ਼ਾਰਾ ਸਿੰਘ ਗਿਲ, ਸ਼ਿਵ ਸਿੰਘ ਝਾਂਵਾਂ ਤੇ ਅਰਜਨ ਸਿੰਘ ਬੁੱਧੀਰਾਜਾ ਨੂੰ ਅਕਾਲੀ ਦਲ 'ਚੋਂ ਮੁਅੱਤਲ ਕਰ ਦਿੱਤਾ। 30 ਮਈ ਨੂੰ ਹੁਡਿਆਰਾ ਨੇ ਬਿਆਨ ਦਿੱਤਾ ਕਿ ਉਸ ਦਾ ਦਲ ਪੰਜਾਬੀ-ਵਿਰੋਧੀ ਫ਼ੈਸਲਿਆਂ ਨੂੰ ਮਨਜ਼ੂਰ ਨਹੀਂ ਕਰੇਗਾ।

ਅਕਾਲ ਤਖ਼ਤ 'ਤੇ ਬਣੇ ਕੁੰਡ ਢਾਹੁਣ ਵਾਸਤੇ ਮੋਰਚਾ

1 ਜੂਨ 1967 ਨੂੰ ਫਤਹਿ ਸਿੰਘ ਨੇ ਇਕ ਬਿਆਨ ਵਿਚ ਮੰਨ ਲਿਆ ਕਿ ਚੰਡੀਗੜ੍ਹ ਵਾਸਤੇ ਰੱਖੇ ਵਰਤ ਸਮੇਂ ਉਸ ਨੂੰ ਇੰਦਰਾ ਨੇ ਕੋਈ ਲਿਖਤੀ ਸੰਦੇਸ਼ ਨਹੀਂ ਭੇਜਿਆ ਸੀ ਪਰ ਇਹ ਵੀ ਗਲਤ ਹੈ ਕਿ ਹੁਕਮ ਸਿੰਘ ਨੂੰ ਸੈਂਟਰ ਸਰਕਾਰ ਨੇ ਨਹੀਂ ਭੇਜਿਆ ਸੀ। ਇਸ 'ਤੇ ਹੁਡਿਆਰੇ ਨੇ 19 ਜੂਨ 1967 ਨੂੰ ਫਤਹਿ ਸਿੰਘ ਤੋਂ ਮੰਗ ਕੀਤੀ ਕਿ ਅਕਾਲ ਤਖ਼ਤ 'ਤੇ ਬਣੇ ਅਗਨ ਕੁੰਡ (ਹਵਨ ਕੁੰਡ) ਢਾਹੇ ਜਾਣ ਨਹੀਂ ਤਾਂ ਇਸ ਨੁਕਤੇ 'ਤੇ ਸਰਬ ਸੰਸਾਰ ਸਿੱਖ ਕਨਵੈਨਸ਼ਨ ਬੁਲਾਈ ਜਾਵੇਗੀ। ਮਾਸਟਰ ਤਾਰਾ ਸਿੰਘ ਅਕਾਲੀ ਦਲ ਨੇ ਤਾਂ ਪਹਿਲਾਂ ਹੀ (**ਫਤਹਿ ਸਿੰਘ ਦੀ ਬੁਜ਼ਦਿਲੀ ਦੀ ਯਾਦਗਾਰ**) ਅਗਨ ਕੁੰਡ ਢਾਹੁਣ ਦੀ ਮੰਗ ਕੀਤੀ ਹੋਈ ਸੀ।

20 ਅਗਸਤ 1967 ਨੂੰ ਪੰਜ ਗਰੰਥੀਆਂ, ਚੇਤ ਸਿੰਘ, ਸਾਧੂ ਸਿੰਘ ਭੋਰਾ, ਸ਼ਰਮ ਸਿੰਘ, ਮਾਨ ਸਿੰਘ ਤੇ ਲੱਖਾ ਸਿੰਘ ਨੇ ਬਿਆਨ ਦਿੱਤਾ ਕਿ "ਕੁੰਡ ਅਕਾਲ ਤਖ਼ਤ 'ਤੇ ਨਹੀਂ ਹਨ। ਇਸ ਥਾਂ ਨੂੰ ਅਕਾਲ ਤਖ਼ਤ ਦੇ ਮੁਖ ਸੇਵਾਦਾਰ 1945 ਤੋਂ ਰਹਿਣ ਵਾਸਤੇ ਵਰਤਦੇ ਆ ਰਹੇ ਹਨ। ਹਰਚਰਨ ਸਿੰਘ ਹੁਡਿਆਰਾ ਖ਼ੁਦ 1960 ਤੋਂ 1965 ਤਕ ਇਥੇ ਰਿਹਾ ਹੈ।'' ਇਸ ਮਗਰੋਂ ਦੋਹਾਂ ਧੜਿਆਂ ਨੇ ਆਪੋ ਆਪਣੀਆਂ 'ਵਰਲਡ ਸਿੱਖ ਕਨਵੈਨਸ਼ਨ' ਬੁਲਾਈਆਂ ਤੇ ਆਪੋ-ਆਪਣੇ ਨੁਕਤਿਆਂ ਦੇ ਹੱਕ ਵਿਚ ਦਿਖਾਵਾ ਕੀਤਾ।(ਵਧੇਰੀ ਤਫ਼ਸੀਲ ਵਾਸਤੇ: ਸਿਰਦਾਰ ਕਪੂਰ ਸਿੰਘ ਦਾ ਲੇਖ, *ਦ ਹਵਨ ਕੁੰਡਜ਼, ਸਿੱਖ ਰੀਵੀਊ*, ਅਕਤੂਬਰ 1968)।

26 ਅਗਸਤ 1967 ਨੂੰ ਪਾਵਟੇ ਪੰਜਾਬ ਦਾ ਗਵਰਨਰ ਬਣ ਗਿਆ। ਇਨ੍ਹੀਂ ਦਿਨੀਂ, ਸਤੰਬਰ 1967 ਵਿਚ, ਅਗਨ ਕੁੰਡਾਂ ਵਿਰੁੱਧ ਮੋਰਚਾ ਲਗਾਇਆ ਗਿਆ। ਇਸ ਮੋਰਚੇ ਨੂੰ ਪੂਰੀ ਕਾਮਯਾਬੀ ਤਾਂ ਨਾ ਮਿਲੀ ਪਰ ਸੰਗਤਾਂ ਵਿਚ ਫਤਹਿ ਸਿੰਘ ਦੇ ਮਾਣ ਨੂੰ ਜ਼ਰੂਰ ਨੁਕਸਾਨ ਹੋਇਆ।

ਇਨ੍ਹੀਂ ਦਿਨੀਂ ਤਰਨਤਾਰਨ ਦੀ ਜ਼ਿਮਨੀ ਚੋਣ ਵਿਚ ਅਕਾਲੀ ਦਲ (ਮਾਸਟਰ) ਦੇ ਆਗੂਆਂ ਨੇ ਕਾਂਗਰਸੀ ਉਮੀਦਵਾਰ ਦੀ ਹਿਮਾਇਤ ਕੀਤੀ। ਪਰ 23 ਅਕਤੂਬਰ 1967 ਨੂੰ ਹੋਈ ਇਸ ਚੋਣ ਵਿਚ ਫਤਹਿ ਸਿੰਘ ਅਕਾਲੀ ਦਲ ਦਾ ਉਮੀਦਵਾਰ ਮਨਜਿੰਦਰ ਸਿੰਘ ਬਹਿਲਾ ਕਾਂਗਰਸੀ ਉਮੀਦਵਾਰ ਦੀਆਂ 15880 ਵੋਟਾਂ ਦੇ ਮੁਕਾਬਲੇ ਵਿਚ 30081 ਵੋਟਾਂ ਲੈ ਕੇ ਜਿੱਤ ਗਿਆ ਇਸ ਨਾਲ ਪੰਜਾਬ ਅਸੈਂਬਲੀ ਵਿਚ ਫ਼ਰੰਟ ਦੇ 58, ਕਾਂਗਰਸ ਦੇ 43, ਹੁਡਿਆਰਾ ਦਲ ਦੇ 2 ਮੈਂਬਰ ਹੋ ਗਏ।

WWW.SIKHBOOKCLUB.COM

ਇਨ੍ਹੀਂ ਦਿਨੀਂ 2 ਨਵੰਬਰ 1967 ਨੂੰ ਅਕਾਲੀ ਮੁਖ ਮੰਤਰੀ ਗੁਰਨਾਮ ਸਿੰਘ ਨੇ ਇਕ ਸਮਾਗਮ ਵਿਚ 'ਸਤਿਆਰਥ ਪ੍ਰਕਾਸ਼' ਭੇਟ ਲਿਆ ਅਤੇ ਕਿਹਾ ਕਿ ਦਯਾ ਨੰਦ ਤੇ ਗੁਰੂਆਂ ਦੀਆਂ ਗੱਲਾਂ ਇਕ ਹਨ। ਇਸ 'ਤੇ ਕਈ ਅਕਾਲੀ ਨਾਰਾਜ਼ ਹੋ ਗਏ ਕਿਉਂਕਿ ਸਤਿਆਰਥ ਪ੍ਰਕਾਸ਼ ਵਿਚ ਗੁਰੂ ਨਾਨਕ ਸਾਹਿਬ ਦੀ ਸ਼ਾਨ ਵਿਚ ਬੜੀ ਗੁਸਤਾਖ਼ੀ ਕੀਤੀ ਹੋਈ ਸੀ।

ਗੁਰਨਾਮ ਸਿੰਘ ਸਰਕਾਰ ਦਾ ਟੁੱਟਣਾ

13 ਅਗਸਤ 1967 ਨੂੰ ਲਛਮਣ ਸਿੰਘ ਗਿੱਲ ਨੇ ਐਲਾਨ ਕੀਤਾ ਸੀ ਕਿ ਅਗਲੇ ਸੈਸ਼ਨ ਵਿਚ ਪੰਜਾਬੀ ਨੂੰ ਦਫ਼ਤਰੀ ਬੋਲੀ ਬਣਾਉਣ ਸਬੰਧੀ ਬਿਲ ਪੇਸ਼ ਹੋਵੇਗਾ। 4 ਨਵੰਬਰ 1967 ਨੂੰ ਲਛਮਣ ਸਿੰਘ ਨੇ ਫਿਰ ਐਲਾਨ ਕੀਤਾ ਕਿ ਪਹਿਲੀ ਜਨਵਰੀ 1968 ਤਕ ਪੰਜਾਬ ਪੂਰੀ ਤਰ੍ਹਾਂ ਸਰਕਾਰੀ ਪੱਧਰ 'ਤੇ ਲਾਗੂ ਕਰ ਦਿੱਤੀ ਜਾਵੇਗੀ। ਜਨਸੰਘ ਪਾਰਟੀ ਇਸ ਗੱਲ ਦੀ ਮੁਖ਼ਾਲਫ਼ਤ ਕਰ ਰਹੀ ਸੀ। ਇਸੇ ਤਰ੍ਹਾਂ ਫਤਹਿ ਸਿੰਘ ਨੇ ਵੀ ਸੀ.ਪੀ.ਆਈ. ਦੀ ਆਗੂ ਬਿਮਲਾ ਡਾਂਗ ਵਿਰੁਧ ਇਕ ਬਿਆਨ ਦਿੱਤਾ ਅਤੇ ਅਕਾਲੀਆਂ ਤੇ ਕਮਿਊਨਿਸਟਾਂ ਵਿਚ ਖੜਕ ਪਈ। ਤੀਜੇ ਪਾਸੇ ਲਛਮਣ ਸਿੰਘ ਗਿੱਲ ਕਾਰਨ ਹੀ ਫਤਹਿ ਸਿੰਘ ਦਾ ਅਕਾਲੀ ਦਲ ਬਣਿਆ ਸੀ ਪਰ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ ਦੀਆਂ ਗੱਲਾਂ ਮੰਨਣ ਲਈ ਤਿਆਰ ਨਹੀਂ ਸੀ ਹੁੰਦਾ। ਅਖ਼ੀਰ ਉਹ (ਗਿੱਲ) 16 ਮੈਂਬਰਾਂ ਨੂੰ ਨਾਲ ਲੈ ਕੇ 'ਜਨਤਾ ਪਤਾਰਟੀ' ਬਣ ਲਈ ਅਤੇ ਫਤਹਿ ਸਿੰਘ ਤੋਂ ਬਾਗੀ ਹੋ ਗਿਆ। ਇਸ ਨਾਲ ਸਾਂਝੇ ਮੋਰਚੇ ਦੀ ਸਰਕਾਰ ਘਟ ਗਿਣਤੀ ਵਿਚ ਹੋ ਗਈ। 22 ਨਵੰਬਰ ਨੂੰ ਸਾਂਝੇ ਮੋਰਚੇ ਦੀ ਸਰਕਾਰ ਨੇ ਅਸਤੀਫ਼ਾ ਦੇ ਦਿੱਤਾ। ਉਧਰ ਕਾਂਗਰਸ ਨੇ ਲਛਮਣ ਸਿੰਘ ਦੀ ਹਿਮਾਇਤ ਕਰਨ ਦਾ ਐਲਾਨ ਕਰ ਦਿੱਤਾ।

ਮਾਸਟਰ ਤਾਰਾ ਸਿੰਘ ਦੀ ਮੌਤ

ਇਸੇ ਦੌਰਾਨ 22 ਨਵੰਬਰ 1967 ਨੂੰ ਮਹਾਨ ਅਕਾਲੀ ਨੇਤਾ, ਮਾਸਟਰ ਤਾਰਾ ਸਿੰਘ, ਜਿਸ ਨੇ 42 ਸਾਲ ਤਕ ਸਿੱਖ ਸਿਆਸਤਾਂ 'ਤੇ ਰਾਜ ਕੀਤਾ ਸੀ, ਸਦਾ ਲਈ ਤੁਰ ਗਿਆ। ਸਿਰਦਾਰ ਕਪੂਰ ਸਿੰਘ ਮੁਤਾਬਿਕ ''ਸਿੱਖ ਰਾਜਨੀਤੀ ਦਾ ਸਭ ਤੋਂ ਵੱਡਾ ਥੰਮ ਗਿਰ ਗਿਆ। ਭਾਰਤੀ ਅਜ਼ਾਦੀ ਦਾ ਚਮਕਦਾ ਸਿਤਾਰਾ ਡੁੱਬ ਗਿਆ।''

ਲਛਮਣ ਸਿੰਘ ਗਿੱਲ ਚੀਫ਼ ਮਨਿਸਟਰ ਬਣਿਆ

ਮਾਸਟਰ ਤਾਰਾ ਸਿੰਘ ਦੇ ਚਲੇ ਜਾਣ ਨਾਲ ਲਛਮਣ ਸਿੰਘ ਗਿਲ ਨੂੰ ਭਾਵੇਂ ਪੂਰਾ ਫ਼ਾਇਦਾ ਨਾ ਹੋ ਸਕਿਆ ਪਰ ਫਿਰ ਵੀ ਲਛਮਣ ਸਿੰਘ ਵਜ਼ਾਰਤ ਬਨਾਉਣ ਵਿਚ ਕਾਮਯਾਬ ਹੋ ਗਿਆ। ਗਿੱਲ ਨੇ 25 ਨਵੰਬਰ 1967 ਦੇ ਦਿਨ ਹਲਫ਼ ਲੈ ਲਿਆ।

ਗਿੱਲ ਸਰਕਾਰ ਨੇ ਪਹਿਲਾ ਕੰਮ ਇਹ ਕੀਤਾ ਕਿ ਪੰਜਾਬੀ ਨੂੰ ਸਕੱਤਰੇਤ ਪੱਧਰ ਤਕ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਉਧਰ ਗਿੱਲ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਚੰਨਣ ਸਿੰਘ ਨੂੰ ਲਾਹੁਣ ਦਾ ਪ੍ਰੋਗਰਾਮ ਵੀ ਬਣਾ ਲਿਆ। 3 ਦਸੰਬਰ 1967 ਨੂੰ ਮਾਸਟਰ ਤਾਰਾ ਸਿੰਘ ਦੇ ਭੋਗ 'ਤੇ ਕੰਪਨੀ ਬਾਗ ਅੰਮ੍ਰਿਤਸਰ ਵਿਚ ਗਿੱਲ

WWW.SIKHBOOKCLUB.COM

ਨੇ ਅਕਾਲੀ ਦਲ (ਮਾਸਟਰ) ਨਾਲ "ਟੁੱਟੀ ਗੰਢਣ" ਦਾ ਐਲਾਨ ਕੀਤਾ। 27 ਦਸੰਬਰ 1967 ਨੂੰ ਸਰਕਾਰ ਵੱਲੋਂ ਕੜਾਹ ਪ੍ਰਸ਼ਾਦ ਦੀਆਂ ਜਾਹਲੀ ਪਰਚੀਆਂ ਦੇ ਸਕੈਂਡਲ ਦੇ ਸਬੰਧ ਵਿੱਚ ਚੰਨਣ ਸਿੰਘ ਦੇ ਵਾਰੰਟ ਗ੍ਰਿਫ਼ਤਾਰੀ ਜਾਰੀ ਕਰ ਦਿੱਤੇ ਗਏ। ਇਸ ਸਕੈਂਡਲ ਵਿਚ ਫਤਹਿ ਸਿੰਘ ਅਕਾਲੀ ਦਲ ਦੇ ਹੋਰ ਵੀ ਕਈ ਆਗੂਆਂ ਦੇ ਵਾਰੰਟ ਗ੍ਰਿਫ਼ਤਾਰੀ ਜਾਰੀ ਕੀਤੇ ਗਏ ਸਨ। ਗਿੱਲ ਸਰਕਾਰ ਨੇ 13 ਦਸੰਬਰ 1967 ਨੂੰ ਕਾਲਜ ਟੀਚਰਾਂ ਨੂੰ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵਾਲੇ ਗਰੇਡ ਦੇਣ ਦਾ ਐਲਾਨ ਕਰ ਦਿੱਤਾ। ਯਾਨਿ ਸਿਰਫ਼ ਇਕ ਮਹੀਨੇ ਵਿਚ ਹੀ ਗਿੱਲ ਸਰਕਾਰ ਨੇ ਬੜੇ ਅਹਿਮ ਐਕਸ਼ਨ ਕਰ ਦਿੱਤੇ ਸਨ।

ਲਛਮਣ ਸਿੰਘ ਨੇ ਪੰਜਾਬੀ ਦਫ਼ਤਰੀ ਬੋਲੀ ਬਣਾਈ

19 ਦਸੰਬਰ ਨੂੰ ਪੰਜਾਬ ਅਸੈਂਬਲੀ ਨੇ ਪੰਜਾਬੀ ਜ਼ਬਾਨ ਬਾਰੇ ਬਿੱਲ ਪਾਸ ਕਰ ਦਿੱਤਾ। ਇਸ ਮੁਤਾਬਿਕ ਪੰਜਾਬ ਵਿਚ ਸਕੱਤਰੇਤ ਪੱਧਰ ਤਕ ਪੰਜਾਬੀ ਲਾਗੂ ਕੀਤੀ ਜਾਣੀ ਸੀ। 29 ਦਸੰਬਰ 1967 ਨੂੰ ਗਵਰਨਰ ਪਾਵਤੇ ਨੇ ਬੋਲੀ ਬਿੱਲ 'ਤੇ ਦਸਤਖ਼ਤ ਕਰ ਦਿੱਤੇ। ਇਸ ਹੇਠ 14 ਜਨਵਰੀ 1968 ਤੋਂ ਜ਼ਿਲਾ ਪੱਧਰ 'ਤੇ ਅਤੇ 13 ਅਪ੍ਰੈਲ ਤੋਂ ਸਕੱਤਰੇਤ ਪੱਧਰ ਤਕ ਪੰਜਾਬੀ ਲਾਗੂ ਕੀਤੀ ਜਾਣੀ ਸੀ। ਇਕ ਸਰਕਾਰੀ ਸਮਾਗਮ ਕਰ ਕੇ ਲਛਮਣ ਸਿੰਘ ਨੇ 13 ਜਨਵਰੀ 1968 ਤੋਂ ਪੰਜਾਬੀ ਨੂੰ ਜ਼ਿਲਾ ਪੱਧਰ ਤੇ ਲਾਗੂ ਕਰ ਦਿੱਤਾ। ਪੰਜਾਬ ਦੀ ਤਵਾਰੀਖ਼ ਵਿਚ ਸਿਰਫ਼ ਇਕੋ-ਇਕ ਲਛਮਣ ਸਿੰਘ ਗਿੱਲ ਹੀ ਹੈ ਜਿਸ ਨੇ ਕਾਂਗਰਸੀ ਵੋਟਾਂ ਨੂੰ ਪੰਜਾਬ ਜਾਂ ਸਿੱਖ ਪੰਥ ਦੇ ਫ਼ਾਇਦੇ ਵਾਸਤੇ ਵਰਤ ਲਿਆ।

ਉਧਰ 21 ਜਨਵਰੀ 1968 ਨੂੰ ਫਤਹਿ ਸਿੰਘ ਧੜੇ ਤੇ ਉਸ ਦੇ ਹਿਮਾਇਤੀਆਂ ਵੱਲੋਂ ਲਛਮਣ ਸਿੰਘ ਗਿੱਲ ਵਿਰੁਧ ਚੰਡੀਗੜ੍ਹ 'ਚ ਜਲੂਸ ਕਢਿਆ ਗਿਆ ਜਿਹੜਾ 3 ਮੀਲ ਲੰਮਾ ਸੀ। ਜਲੂਸ ਨੇ ਗਵਰਨਰ ਨੂੰ ਮੈਮੋਰੰਡਮ ਦਿੱਤਾ ਅਤੇ ਗਿੱਲ ਵਜ਼ਾਰਤ ਨੂੰ ਬਰਤਰਫ਼ ਕਰਨ ਦੀ ਮੰਗ ਕੀਤੀ।

12 ਫ਼ਰਵਰੀ 1968 ਨੂੰ ਸ਼੍ਰੋਮਣੀ ਕਮੇਟੀ ਦਾ ਬਜਟ ਸਮਾਗਮ ਹੋਣਾ ਸੀ। ਇਸ ਵਿਚ ਗਿੱਲ ਨੇ ਚੰਨਣ ਸਿੰਘ ਨੂੰ ਲਾਹੁਣ ਦਾ ਪ੍ਰੋਗਰਾਮ ਬਣਾ ਲਿਆ। ਅਕਾਲੀ ਦਲ (ਮਾਸਟਰ) ਤੇ ਹੁਡਿਆਰਾ ਧੜੇ ਦੀ ਮਦਦ ਨਾਲ ਲਛਮਣ ਸਿੰਘ ਨੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਉਧਰ ਚੰਨਣ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਦੀ ਬਜਾਏ ਅਕਾਲ ਤਖ਼ਤ 'ਤੇ ਬੁਲਾ ਲਈ ਤੇ ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਇਕ ਸੌ ਮੈਂਬਰ ਦਰਬਾਰ ਸਾਹਿਬ ਵਿਚ ਇਕਠੇ ਕਰ ਲਏ ਤਾਂ ਜੋ ਗਿੱਲ ਦੀ ਉਨ੍ਹਾਂ ਤਕ ਪਹੁੰਚ ਹੀ ਨਾ ਹੋ ਸਕੇ। ਲਛਮਣ ਸਿੰਘ ਗਿੱਲ ਨੇ ਅੰਮ੍ਰਿਤਸਰ ਦੇ ਸਬ ਜੱਜ ਤੋਂ ਅਕਾਲ ਤਖ਼ਤ 'ਤੇ ਮੀਟਿੰਗ ਰੋਕਣ ਲਈ ਸਟੇਅ ਹਾਸਿਲ ਕਰ ਲਿਆ ਪਰ ਇਹ ਸਟੇਅ ਹਾਈ ਕੋਰਟ ਨੇ ਤੋੜ ਦਿੱਤਾ। ਇਸ ਲਈ 12 ਫ਼ਰਵਰੀ ਨੂੰ ਇਹ ਮੁਕਾਬਲਾ ਰੁਕ ਗਿਆ। ਅਕਾਲ ਤਖ਼ਤ 'ਤੇ 155 'ਚੋਂ 108 ਮੈਂਬਰ ਹਾਜ਼ਰ ਹੋਏ ਤੇ ਬਜਟ ਇਕ ਰਾਏ ਨਾਲ ਪਾਸ ਹੋ ਗਿਆ। ਇਸ ਤੋਂ ਬਾਅਦ ਪੰਜਾਬ ਦਾ ਸਾਰਾ ਧਿਆਨ ਪੰਜਾਬ ਦੇ ਸਰਕਾਰੀ ਬਜਟ ਵਲ ਚਲਾ ਗਿਆ।

WWW.SIKHBOOKCLUB.COM

23 ਫ਼ਰਵਰੀ ਨੂੰ ਗਵਰਨਰ ਦੇ ਲੈਕਚਰ 'ਤੇ ਸਾਰਾ ਸਾਂਝਾ ਮੋਰਚਾ ਵਾਕ ਆਊਟ ਕਰ ਗਿਆ ਪਰ 29 ਫ਼ਰਵਰੀ ਨੂੰ ਗਵਰਨਰ ਦੀ ਤਕਰੀਰ 'ਤੇ ਸ਼ੁਕਰੀਏ ਦਾ ਮਤਾ ਪਾਸ ਹੋ ਗਿਆ। 6 ਮਾਰਚ ਨੂੰ ਸਪੀਕਰ ਦੇ ਖ਼ਿਲਾਫ਼ ਬੇਵਿਸਾਹੀ ਦੇ ਦੋ ਮਤੇ ਪੇਸ਼ ਹੋਏ। ਅਗਲੇ ਦਿਨ 7 ਮਾਰਚ ਨੂੰ ਗੁਰਨਾਮ ਸਿੰਘ ਨੇ ਪੁਆਇੰਟ ਆਫ਼ ਆਰਡਰ ਉਠਾਇਆ ਕਿ ਦੋਵੇਂ ਮਤੇ ਗਲਤ ਪੇਸ਼ ਹੋਏ ਹਨ। ਇਸ ਮੌਕੇ 'ਤੇ ਦੋਹਾਂ ਧਿਰਾਂ ਵਲੋਂ ਅਸੈਂਬਲੀ ਵਿਚ ਝਗੜਾ ਸ਼ੁਰੂ ਹੋ ਗਿਆ। ਇਸ ਦਾ ਫ਼ਾਇਦਾ ਉਠਾਂਦਿਆਂ ਜੋਗਿੰਦਰ ਸਿੰਘ ਮਾਨ ਨੇ ਪੰਜਾਬ ਅਸੈਂਬਲੀ ਦੋ ਮਹੀਨਿਆਂ ਲਈ ਉਠਾ ਦਿੱਤੀ। ਕਈ ਪਾਸਿਆਂ ਤੋਂ ਇਸ ਦੀ ਨਿੰਦਾ ਹੋਈ। ਗਵਰਨਰ ਨੇ ਅਸੈਂਬਲੀ ਨੂੰ 18 ਮਾਰਚ ਦੇ ਦਿਨ ਫਿਰ ਸੱਦ ਲਿਆ। ਸਪੀਕਰ ਨੇ ਸੈਸ਼ਨ ਸ਼ੁਰੂ ਹੁੰਦਿਆਂ ਹੀ ਬੈਠਕ ਖ਼ਤਮ ਕਰਨ ਦਾ ਐਲਾਨ ਕਰ ਕੇ ਸੀਟ ਖ਼ਾਲੀ ਕਰ ਦਿੱਤੀ। ਸਾਰਾ ਸਕਤਰੇਤ ਸਟਾਫ਼ ਵੀ ਚਲਾ ਗਿਆ ਪਰ ਫਿਰ ਵਾਪਸ ਆ ਗਿਆ ਅਤੇ ਡਿਪਟੀ ਸਪੀਕਰ ਨੇ ਕਾਰਵਾਈ ਸ਼ੁਰੂ ਕਰ ਦਿੱਤੀ। ਰੌਲੇ-ਗੌਲੇ ਵਿਚ ਬਜਟ ਦੀਆਂ ਸਪਲੀਮੈਂਟਰੀ ਮੱਦਾਂ ਪਾਸ ਕਰ ਦਿੱਤੀਆਂ ਗਈਆਂ। ਫਿਰ ਕੌਂਸਲ ਨੇ ਵੀ ਇਹ ਬਿੱਲ ਪਾਸ ਕਰ ਦਿੱਤਾ। 20 ਮਾਰਚ ਨੂੰ ਅਸੈਂਬਲੀ ਨੂੰ ਫਿਰ ਉਠਾ ਦਿੱਤਾ ਗਿਆ। ਪੰਜਾਬ ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਵਿਚ ਸਪੀਕਰ, ਆਰਡੀਨੈਂਸ, ਸਦਨ, ਡਿਪਟੀ ਸਪੀਕਰ ਦੀਆਂ ਤਾਕਤਾਂ ਵਗੈਰਾ ਬਾਰੇ ਕੇਸ ਹੋਏ ਪਰ ਅਖ਼ੀਰ ਪੰਜਾਬ ਸਰਕਾਰ ਦਾ ਬਚਾਅ ਹੋ ਗਿਆ।

28 ਮਾਰਚ 1968 ਨੂੰ ਪੰਜਾਬ 'ਚੋਂ ਮੈਂਬਰ ਰਾਜ ਸਭਾ ਦੇ ਚੁਣੇ ਗਏ। ਗੁਰਮੁਖ ਸਿੰਘ ਮੁਸਾਫਿਰ (ਕਾਂਗਰਸ) ਨੂੰ 62 ਵੋਟ, ਰਤਨ ਲਾਲ ਜੈਨ (ਜਨਸੰਘ) ਨੂੰ 38 ਵੋਟ ਮਿਲੇ। ਇਸ ਸੀਟ 'ਤੇ ਅਕਾਲੀ ਦਲ ਦਾ ਹੱਕ ਬਣਦਾ ਸੀ ਪਰ ਅਕਾਲੀਆਂ ਨੇ ਇਹ ਸੀਟ ਜਨਸੰਘ ਦੀ ਝੋਲੀ ਵਿਚ ਪਾ ਦਿਤੀ। ਪੰਜਾਬ ਕੌਂਸਲ ਵਿਚ ਪੰਜ ਮੈਂਬਰ ਚੁਣੇ ਗਏ: ਜ਼ੈਲ ਸਿੰਘ (24 ਵੋਟਾਂ) ਤੇ ਸੀਤਾ ਦੇਵੀ (14) ਦੋਵੇਂ ਕਾਂਗਰਸ, ਕਾਮਰੇਡ ਹਰੀ ਸਿੰਘ (19), ਉਮਰਾਨੰਗਲ (19) ਅਕਾਲੀ ਤੇ ਵਿਸ਼ਵਾਮਿੱਤਰ (21) ਜਨਸੰਘ। ਪਹਿਲੀ ਅਪ੍ਰੈਲ 1968 ਨੂੰ ਬਿਸ਼ੰਬਰ ਨਾਥ ਮੱਕੜ ਨੇ ਬੋਲੀ ਦੇ ਸਵਾਲ 'ਤੇ ਗਿੱਲ ਦੀ ਜਨਤਾ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ। ਇਸ ਅਸਤੀਫ਼ੇ ਦੇ ਬਾਵਜੂਦ ਗਿੱਲ ਸਰਕਾਰ ਨੂੰ ਕੋਈ ਫ਼ਰਕ ਨਾ ਪਿਆ। 13 ਅਪ੍ਰੈਲ 1968 ਤੋਂ ਪੰਜਾਬੀ ਸਕਤਰੇਤ ਪੱਧਰ ਤਕ ਲਾਗੂ ਕਰ ਦਿੱਤੀ ਗਈ। ਮੱਕੜ ਦੇ ਅਸਤੀਫ਼ੇ ਦੇ ਬਾਵਜੂਦ, ਗਿੱਲ ਨੇ 69 ਐਮ.ਐਲ.ਏਜ਼. ਦੀ ਹਿਮਾਇਤ ਦਾ ਦਾਅਵਾ ਕੀਤਾ। ਇਸੇ ਤਰ੍ਹਾਂ ਕੌਂਸਲ ਦੇ 39 ਮੈਂਬਰਾਂ 'ਚੋਂ 22 ਮੈਂਬਰਾਂ ਦੀ ਹਿਮਾਇਤ ਦਾ ਦਾਅਵਾ ਵੀ ਕੀਤਾ।

29 ਅਪ੍ਰੈਲ 1968 ਨੂੰ ਅਕਾਲੀ ਦਲ (ਮਾਸਟਰ) ਨੇ ਚੰਡੀਗੜ੍ਹ ਵਾਸਤੇ ਮੋਰਚੇ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਇੰਦਰਾ ਦੀ ਵਿਚੋਲਗੀ ਦੀ ਮੁਖ਼ਾਲਫ਼ਤ ਵੀ ਕੀਤੀ। ਚੰਡੀਗੜ੍ਹ ਵਾਸਤੇ ਅਕਾਲੀ ਦਲ (ਮਾਸਟਰ) ਨੇ 16 ਜੂਨ 1968 ਨੂੰ ਚੰਡੀਗੜ੍ਹ ਵਿਖੇ ਇਕ ਭਾਰੀ ਜਲੂਸ ਕਢਿਆ ਜਿਸ ਵਿਚ ਲੱਖਾਂ ਆਦਮੀਆਂ ਤੇ ਔਰਤਾਂ ਨੇ ਹਿੱਸਾ ਲਿਆ। ਇਸ ਦੀ ਅਗਵਾਈ ਮਾਸਟਰ ਤਾਰਾ ਸਿੰਘ ਦੀ ਤਸਵੀਰ ਨੇ ਕੀਤੀ।

WWW.SIKHBOOKCLUB.COM

9 ਜੂਨ 1968 ਨੂੰ ਦਿੱਲੀ ਵਿਚ ਸਰਬ ਪਾਰਟੀਜ਼ ਕਨਵੈਨਸ਼ਨ ਹੋਈ ਜਿਸ ਵਿਚ ਅਕਾਲੀ, ਕਮਿਊਨਿਸਟ, ਕਾਂਗਰਸ, ਐਸ.ਐਸ.ਪੀ., ਪੀ.ਐਸ.ਪੀ., ਰੀਪਬਲੀਕਨ ਪਾਰਟੀ, ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਤੇ ਹੋਰ ਕਈ ਸਿੱਖ ਆਗੂ ਪਹੁੰਚੇ। ਕਨਵੈਨਸ਼ਨ ਨੇ ਨਾਨਕਾਣਾ ਸਾਹਿਬ ਨੂੰ ਵੈਟੀਕਨ ਸਟੇਟਸ ਦੇਣ ਦੀ ਮੰਗ ਕੀਤੀ।

18 ਜੂਨ 1968 ਨੂੰ ਚਡੀਗੜ੍ਹ ਵਿਚ ਕਨਵੈਨਸ਼ਨ ਹੋਈ ਜਿਸ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕੀਤੀ। ਇਸ ਵਿਚ ਲਛਮਣ ਸਿੰਘ ਗਿੱਲ, ਹੁਡਿਆਰਾ, ਮਹਾਰਾਜਾ ਪਟਿਆਲਾ, ਗਿਆਨੀ ਭੂਪਿੰਦਰ ਸਿੰਘ, ਅਮਰ ਸਿੰਘ ਦੁਸਾਂਝ, ਕਾਂਗਰਸੀ ਐਮ.ਐਲ.ਏਜ਼., ਕਮਿਊਨਿਸਟ ਵਗੈਰਾ ਸ਼ਾਮਿਲ ਹੋਏ। ਪਰ ਪੰਜਾਬ ਦੀਆਂ ਬਾਕੀ ਮੁਖਾਲਿਫ਼ ਪਾਰਟੀਆਂ ਅਤੇ ਰਾੜੇਵਾਲਾ ਵਗੈਰਾ ਸ਼ਾਮਿਲ ਨਾ ਹੋਏ।

ਕਾਂਗਰਸ ਵੱਲੋਂ ਲਛਮਣ ਸਿੰਘ ਗਿੱਲ ਦਾ ਸਾਥ ਛੱਡਣਾ

ਇਸ ਤੋਂ ਛੇਤੀ ਬਾਅਦ ਹੀ ਪੰਜਾਬ ਕਾਂਗਰਸ ਵਿਚ ਲਛਮਣ ਸਿੰਘ ਦੀ ਹਿਮਾਇਤ ਸਬੰਧੀ ਦੋ ਧੜੇ ਬਣ ਗਏ। 20 ਜੂਨ ਨੂੰ ਗਿਆਨ ਸਿੰਘ ਰਾੜੇਵਾਲਾ ਨੇ ਪਹਿਲੀ ਵਾਰ ਗਿੱਲ ਦੀ ਮੁਖਾਲਫ਼ਤ ਕੀਤੀ। 4 ਜੁਲਾਈ 1968 ਨੂੰ ਗੁਰਨਾਮ ਸਿੰਘ ਨੇ ਗਿੱਲ ਦੇ ਖ਼ਿਲਾਫ਼ ਇਕ ਮੈਮੋਰੰਡਮ ਰਾਸ਼ਟਰਪਤੀ ਨੂੰ ਦਿੱਤਾ। ਪਰ 31 ਜੁਲਾਈ ਨੂੰ ਹੀ ਹੋਮ ਮਨਿਸਟਰ ਚਵਾਨ ਨੇ ਬਿਆਨ ਦਿੱਤਾ ਕਿ ਲਛਮਣ ਸਿੰਘ ਗਿੱਲ ਖ਼ਿਲਾਫ਼ ਕੋਈ ਪਰੀਮਾ ਫ਼ੇਸਾਈ ਕੇਸ ਨਹੀਂ ਬਣਦਾ। ਇਸ ਦੇ ਬਾਵਜੂਦ 12 ਅਗਸਤ ਨੂੰ ਕਾਂਗਰਸ ਦੇ ਸੈਂਟਰਲ ਪਾਰਲੀਮੈਂਟਰੀ ਬੋਰਡ ਨੇ ਗਿੱਲ ਦੀ ਹਿਮਾਇਤ ਵਾਪਸ ਲੈਣ ਦਾ ਫ਼ੈਸਲਾ ਕਰ ਲਿਆ ਅਤੇ 20 ਅਗਸਤ 1968 ਨੂੰ ਇਸ ਬਾਰੇ ਐਲਾਨ ਵੀ ਕਰ ਦਿੱਤਾ। ਇਸ 'ਤੇ 21 ਅਗਸਤ ਨੂੰ ਲਛਮਣ ਸਿੰਘ ਗਿੱਲ ਦੀ ਵਜ਼ਾਰਤ ਨੇ ਅਸਤੀਫ਼ਾ ਦੇ ਦਿੱਤਾ। 23 ਅਗਸਤ ਨੂੰ ਪੰਜਾਬ ਵਿਚ ਗਵਰਨਰੀ ਰਾਜ ਲਾਗੂ ਕਰ ਦਿੱਤਾ ਗਿਆ।

ਇਸ ਤਰ੍ਹਾਂ ਪੰਜਾਬੀ ਸੂਬਾ ਬਨਣ ਮਗਰੋਂ ਤੀਜੀ ਵਜ਼ਾਰਤ ਵੀ ਖ਼ਤਮ ਹੋ ਗਈ। ਪਹਿਲੀ ਵਜ਼ਾਰਤ-ਗੁਰਮੁਖ ਸਿੰਘ ਮੁਸਾਫ਼ਰ ਦੀ (1 ਨਵੰਬਰ 1966 ਤੋਂ 1967 ਦੀਆਂ ਚੋਣਾਂ ਤਕ) ਅਤੇ ਦੂਜੀ-ਗੁਰਨਾਮ ਸਿੰਘ ਦੀ (8 ਮਾਰਚ 1967 ਤੋਂ 22 ਨਵੰਬਰ 1967 ਤਕ) ਅਤੇ ਤੀਜੀ ਲਛਮਣ ਗਿੱਲ ਦੀ (25 ਨਵੰਬਰ 1967 ਤੋਂ 21 ਅਗਸਤ 1968 ਤਕ)। ਇਸ ਵਿਚ ਚਾਰ ਮਹੀਨੇ ਕਾਂਗਰਸ, 8 ਮਹੀਨੇ 14 ਦਿਨ ਗੁਰਨਾਮ ਸਿੰਘ ਅਤੇ 8 ਮਹੀਨੇ 26 ਦਿਨ ਲਛਮਣ ਸਿੰਘ ਗਿੱਲ ਦੀ ਵਜ਼ਾਰਤ ਰਹੀ। 23 ਅਗਸਤ 1968 ਤੋਂ ਬਾਅਦ ਪੰਜਾਬ ਵਿਚ ਇਕ ਵਾਰ ਫਿਰ ਗਵਰਨਰੀ ਰਾਜ ਹੋ ਗਿਆ।

ਫਤਹਿ ਸਿੰਘ ਦਲ ਵਲੋਂ ਸੂਬਿਆਂ ਵਾਸਤੇ ਵਧੇਰੇ ਹੱਕਾਂ ਦੀ ਮੰਗ

ਫਤਹਿ ਸਿੰਘ ਅਕਾਲੀ ਦਲ ਦੀ ਸਰਬ ਹਿੰਦ ਅਕਾਲੀ ਕਾਨਫ਼ਰੰਸ 28-29 ਸਤੰਬਰ 1968 ਦੇ ਦਿਨ ਬਟਾਲੇ ਵਿਖੇ ਹੋਈ। ਇਸ ਦੇ ਭਾਰੀ ਇਕੱਠ ਵਿਚ ਅਕਾਲੀ ਦਲ ਨੇ ਮਤਾ ਪਾਸ ਕਰ ਕੇ ਮੰਗ ਕੀਤੀ ਕਿ ਸੂਬਿਆਂ ਦੇ ਗਵਰਨਰਾਂ ਦੀ ਚੋਣ ਅਮਰੀਕਾ ਵਾਂਗ ਸਿੱਧੀ ਹੋਵੇ ਤੇ ਇਸ ਵਾਸਤੇ ਆਈਨ ਵਿਚ ਤਬਦੀਲੀ ਕੀਤੀ ਜਾਵੇ।

WWW.SIKHBOOKCLUB.COM

ਇਸ ਤੋਂ ਇਲਾਵਾ ਪੰਜਾਬ ਵਿਚ ਭਾਰੀ ਇੰਡਸਟਰੀ ਲਾਉਣ ਦੀ ਮੰਗ ਕੀਤੀ ਗਈ ਤੇ ਚੰਡੀਗੜ੍ਹ, ਭਾਖੜਾ ਤੇ ਹੋਰ ਪੰਜਾਬੀ ਬੋਲਦੇ ਇਲਾਕੇ ਛੇਤੀ ਹੀ ਪੰਜਾਬ ਨੂੰ ਮੋੜਨ ਵਾਸਤੇ ਕਿਹਾ ਗਿਆ। ਇਨ੍ਹਾਂ ਗੱਲਾਂ ਦੇ ਅਧਾਰ 'ਤੇ ਇਕ 7-ਨੁਕਾਤੀ ਚੋਣ ਮੈਨੀਫ਼ੈਸਟੋ ਵੀ ਜਾਰੀ ਕੀਤਾ ਗਿਆ। ਇਸੇ ਮੈਨੀਫ਼ੈਸਟੋ ਵਿਚ ਸੂਬਾਈ ਖ਼ੁਦ ਮੁਖਤਿਆਰੀ (ਵਧੇਰੇ ਹੱਕ) ਦੀ ਮੰਗ ਕੀਤੀ ਗਈ ਅਤੇ ਸਿੱਖ ਹੋਮਲੈਂਡ ਦੇ ਨਾਂ ਤੋਂ ਬਿਨਾਂ ਅਕਾਲੀ ਦਲ (ਮਾਸਟਰ) ਵਾਲੀ ਸਾਰੀ ਮੰਗ ਨੂੰ ਅਪਣਾ ਲਿਆ ਗਿਆ।

ਫ਼ਰਵਰੀ 1969 ਵਿਚ ਨਵੀਆਂ ਚੋਣਾਂ ਦਾ ਐਲਾਨ ਹੋ ਗਿਆ। ਇਸ ਦੇ ਨਾਲ ਹੀ ਦੋਹਾਂ ਅਕਾਲੀ ਦਲਾਂ ਵਿਚ 'ਏਕਤਾ' ਵਾਸਤੇ ਕੋਸ਼ਿਸ਼ਾਂ ਵੀ ਸ਼ੁਰੂ ਹੋ ਗਈਆਂ। ਇਸ ਏਕੇ ਦੇ ਰਾਹ ਵਿਚ ਕਈ ਰੁਕਾਵਟਾਂ ਆਈਆਂ, ਕਈ ਆਗੂਆਂ ਨੇ ਇਸ ਦੀ ਮੁਖ਼ਾਲਫ਼ਤ ਕੀਤੀ ਪਰ ਫਿਰ ਵੀ ਕੁਝ ਸ਼ਖ਼ਸੀਅਤਾਂ ਦੀਆਂ ਕੋਸ਼ਿਸ਼ਾਂ ਰੰਗ ਲਿਆਈਆਂ ਅਤੇ 8 ਜੁਲਾਈ 1962 ਦੀ ਫੁਟ ਛੇ ਸਾਲ, ਦੋ ਮਹੀਨੇ, ਵੀਹ ਦਿਨਾਂ ਮਗਰੋਂ 28 ਸਤੰਬਰ 1968 ਨੂੰ ਖ਼ਤਮ ਹੋ ਗਈ। (ਇਸ ਏਕਤਾ ਵਿਚ ਵੱਡਾ ਰੋਲ ਭਰਪੂਰ ਸਿੰਘ ਤੇ ਜਸਵੰਤ ਸਿੰਘ ਮਾਨ ਪ੍ਰਧਾਨ ਸਿੱਖ ਸਟੂਡੈਂਟ ਫ਼ੈਡਰੇਸ਼ਨ ਦਾ ਸੀ)।

ਹੁਣ ਫੇਰ ਦੋਹਾਂ ਅਕਾਲੀ ਦਲਾਂ ਦਾ ਏਕਾ ਹੋ ਗਿਆ। ਇਸ ਨਾਲ ਆ ਰਹੀਆਂ ਚੋਣਾਂ ਵਿਚ ਵੱਡੀ ਕਾਮਯਾਬੀ ਦੀ ਆਸ ਬੱਝ ਗਈ। ਦੋਹਾਂ ਅਕਾਲੀ ਦਲਾਂ ਦੀ ਏਕਤਾ ਮਗਰੋਂ ਦਲ ਦਾ ਜਨਸੰਘ ਨਾਲ ਗਠਜੋੜ ਵੀ ਹੋ ਗਿਆ। ਦੋਹਾਂ ਨੇ ਰਲ ਕੇ 1969 ਦੀਆਂ ਅਸੈਂਬਲੀ ਚੋਣਾਂ ਲੜਨ ਦਾ ਫ਼ੈਸਲਾ ਕੀਤਾ। ਇਸ ਵੇਲੇ ਪੰਜਾਬ ਦਾ ਮਾਹੌਲ ਜਨਸੰਘ ਅਤੇ ਅਕਾਲੀ ਦਲ ਦੇ ਇਕੱਠੇ ਹੋਣ ਵਾਲਾ ਨਹੀਂ ਸੀ ਤੇ ਹਿੰਦੂ ਵੋਟਰ ਅਕਾਲੀ ਦਲ ਨੂੰ ਵੋਟ ਦੇਣ ਲਈ ਤਿਆਰ ਨਹੀਂ ਸਨ। ਉਧਰ ਸਿੱਖਾਂ ਦੀ ਕਾਫ਼ੀ ਗਿਣਤੀ ਵੀ ਜਨਸੰਘ ਨੂੰ ਵੋਟਾਂ ਦੇਣ ਵਾਸਤੇ ਜਾਂ ਮਿਲਵਰਤਣ ਦੇਣ ਵਾਸਤੇ ਤਿਆਰ ਨਹੀਂ ਸੀ। ਪਰ ਫਿਰ ਵੀ ਦੋਹਾਂ ਪਾਰਟੀਆਂ ਨੇ ਚੋਣਾਂ ਇਕੱਠੇ ਹੋ ਕੇ ਲੜੀਆਂ। ਚੋਣਾਂ ਵਿਚ ਸਾਂਝੇ ਅਕਾਲੀ ਦਲ ਨੂੰ ਭਾਰੀ ਜਿੱਤ ਹਾਸਿਲ ਹੋਈ। ਅਕਾਲੀ ਦਲ ਨੂੰ 104 ਵਿਚੋਂ 43 ਸੀਟਾਂ ਮਿਲੀਆਂ। ਜਨਸੰਘ ਨੇ 8, ਕਾਂਗਰਸ ਨੇ 38, ਕਮਿਊਨਿਸਟਾਂ (ਦੋਵੇਂ) ਨੇ 5, ਸੋਸ਼ਲਿਸਟਾਂ ਨੇ 2, ਪੀ.ਐਸ.ਪੀ. ਨੇ 1, ਸੁਤੰਤਰ 1 ਸੀਟਾਂ ਲਈਆਂ। ਲਛਮਣ ਸਿੰਘ ਗਿੱਲ ਸਣੇ 4 ਅਜ਼ਾਦ ਵੀ ਜਿੱਤੇ। ਅਕਾਲੀ-ਜਨਸੰਘ ਮੋਰਚੇ ਦੇ ਸਾਂਝੇ ਮੈਂਬਰ 51 ਬਣਦੇ ਸਨ। ਇਸ ਤਰ੍ਹਾਂ ਇਕ ਸਭ ਤੋਂ ਵੱਡੀ ਪਾਰਟੀ ਬਣ ਜਾਣ ਕਰ ਕੇ ਗਵਰਨਰ ਨੇ ਗੁਰਨਾਮ ਸਿੰਘ ਦੀ ਵਜ਼ਾਰਤ ਦੇ 5 ਮੈਂਬਰਾਂ ਨੂੰ ਸਹੁੰ ਚੁਕਾਈ। ਬਲਰਾਮਜੀ ਦਾਸ ਟੰਡਨ, ਸੋਹਨ ਸਿੰਘ ਬਾਸੀ, ਆਤਮਾ ਸਿੰਘ, ਕ੍ਰਿਸ਼ਨ ਲਾਲ ਨਵੇਂ ਵਜ਼ੀਰ ਬਣੇ। ਦੋਹਾਂ ਕਮਿਊਨਿਸਟ ਪਾਰਟੀਆਂ ਨੇ ਇਸ ਮੌਕੇ 'ਤੇ ਪੰਜਾਬ ਦੀ ਅਕਾਲੀ-ਜਨਸੰਘ ਵਜ਼ਾਰਤ ਦੀ ਸ਼ਰਤਾਂ ਨਾਲ ਹਿਮਾਇਤ ਦਾ ਐਲਾਨ ਕੀਤਾ। ਗੁਰਨਾਮ ਸਿੰਘ ਵਜ਼ਾਰਤ ਨੇ 10-ਨੁਕਾਤੀ ਪ੍ਰੋਗਰਾਮ ਦਾ ਐਲਾਨ ਕਰ ਦਿਤਾ ਜਿਸ ਵਿਚ ਹਰੀਜਨਾਂ ਦੀ ਖ਼ੁਸ਼ਹਾਲੀ, ਸਾਫ਼ ਇੰਤਜ਼ਾਮ, ਤਕਨੀਕੀ ਤਰੱਕੀ, ਪੰਜਾਬ ਲਈ ਪੰਜਾਬੀ ਬੋਲਦੇ ਇਲਾਕੇ ਵਾਪਿਸ ਲੈਣ ਵਗੈਰਾ ਦੀਆਂ ਮੱਦਾਂ ਸ਼ਾਮਿਲ ਸਨ।

WWW.SIKHBOOKCLUB.COM

ਗਵਰਨਰ ਡੀ.ਸੀ. ਪਾਵਤੇ ਮੁਤਾਬਿਕ ਗੁਰਨਾਮ ਸਿੰਘ ਵਜ਼ਾਰਤ ਨੇ ਪਹਿਲੇ ਦਿਨ ਤੋਂ ਹੀ ਆਪਣੇ ਦੁਸ਼ਮਣਾਂ ਨੂੰ ਸਜ਼ਾ ਦੇਣ ਦੀ ਪਾਲਸੀ ਮੁਤਾਬਿਕ ਕੰਮ ਸ਼ੁਰੂ ਕੀਤਾ (ਡੀ.ਸੀ. ਪਾਵਤੇ, *ਮਾਈ ਡੇਅਜ਼ ਐਜ਼ ਗਵਰਨਰ*)। ਇਸ ਪਾਸੇ ਵੱਲ ਪਹਿਲਾ ਐਕਸ਼ਨ ਸੀ 47 ਮਿਉਂਸਪਲ ਕਮੇਟੀਆਂ ਦੀਆਂ, 23 ਮਾਰਚ 1969 ਨੂੰ ਹੋਣ ਵਾਲੀਆਂ, ਚੋਣਾਂ ਮੁਲਤਵੀ ਕਰਨਾ। ਗੁਰਨਾਮ ਸਿੰਘ ਚਾਹੁੰਦਾ ਸੀ ਕਿ ਸ਼ਹਿਰਾਂ ਵਿਚ ਜਨਸੰਘ ਨੂੰ ਕੁਝ ਫ਼ਾਇਦਾ ਪਹੁੰਚਾਇਆ ਜਾ ਸਕੇ। ਇੰਞ ਹੀ 13 ਮਾਰਚ ਨੂੰ ਚੰਡੀਗੜ੍ਹ ਹਵਾਈ ਅੱਡੇ 'ਤੇ ਉਤਰਦਿਆਂ ਹੀ ਸਾਬਕ ਚੀਫ਼ ਮਨਿਸਟਰ ਲਛਮਣ ਸਿੰਘ ਗਿੱਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਵੀ ਇਕ ਬਦਲਾ-ਲਊ ਕਾਰਵਾਈ ਸੀ।

ਗੁਰਨਾਮ ਸਿੰਘ ਨੇ ਪੰਜਾਬ ਕੌਂਸਲ ਤੋੜਨ ਦਾ ਵੀ ਪ੍ਰੋਗਰਾਮ ਬਣਾ ਲਿਆ। ਗੁਰਨਾਮ ਸਿੰਘ ਉਮਰਾਨੰਗਲ ਤੋਂ ਤੰਗ ਆ ਚੁੱਕਿਆ ਸੀ। ਕੌਂਸਲ ਦਾ ਮੈਂਬਰ ਹੋਣ ਕਰ ਕੇ ਹੀ ਉਮਰਾਨੰਗਲ ਵਜ਼ੀਰੀ ਦਾ ਉਮੀਦਵਾਰ ਸੀ। ਇਸ ਹਾਲਤ ਵਿਚ ਗੁਰਨਾਮ ਸਿੰਘ ਨੂੰ ਕੌਂਸਲ ਤੋੜਨਾ ਹੀ ਸਭ ਤੋਂ ਚੰਗਾ ਹਥਿਆਰ ਜਾਪਿਆ। ਪਰ ਦੂਜੇ ਪਾਸੇ ਸੋਹਣ ਸਿੰਘ ਬਾਸੀ ਤੇ ਕ੍ਰਿਸ਼ਨ ਲਾਲ (ਜਨਸੰਘ) ਵੀ ਕੌਂਸਲ ਦੇ ਮੈਂਬਰ ਸਨ। ਇਸ ਕਰ ਕੇ ਕਈ ਪਾਸਿਆਂ ਤੋਂ ਇਸ ਦੀ ਮੁਖ਼ਾਲਫ਼ਤ ਵੀ ਹੋ ਰਹੀ ਸੀ। ਫਤਹਿ ਸਿੰਘ ਵੀ ਕੌਂਸਲ ਨੂੰ ਤੋੜਨ ਦੇ ਖ਼ਿਲਾਫ਼ ਸੀ। ਪਰ ਫ਼ੈਸਲਾ ਹੋ ਚੁੱਕਿਆ ਹੋਣ ਕਾਰਨ ਫ਼ਰੰਟ ਇਸ ਦੀ ਮੁਖ਼ਾਲਫ਼ਤ ਨਹੀਂ ਕਰ ਸਕਦਾ ਸੀ। ਜਿਸ ਦਿਨ ਇਹ ਬਿੱਲ ਅਸੈਂਬਲੀ ਵਿਚ ਪੇਸ਼ ਹੋਇਆ ਕਾਂਗਰਸ ਪਾਰਟੀ ਵਾਕ ਆਊਟ ਕਰ ਗਈ ਅਤੇ ਬਾਕੀ ਹਾਜ਼ਰ 67 ਮੈਂਬਰਾਂ ਨੇ ਇਹ ਬਿੱਲ ਇਕ-ਰਾਏ ਨਾਲ ਪਾਸ ਕਰ ਦਿੱਤਾ।

ਇਨ੍ਹਾਂ ਦਿਨਾਂ ਵਿਚ ਲਛਮਣ ਸਿੰਘ ਗਿੱਲ ਨੇ ਇਕ ਵਾਰ ਫੇਰ ਗੁਰਨਾਮ ਸਿੰਘ ਸਰਕਾਰ ਤੋੜਨ ਦਾ ਮਨਸੂਬਾ ਬਣਾਇਆ। ਪਰ ਲਛਮਣ ਸਿੰਘ ਗਿੱਲ ਨੂੰ 26 ਅਪ੍ਰੈਲ ਦੇ ਦਿਨ ਚੰਡੀਗੜ੍ਹ ਵਿਖੇ ਦਿਲ ਦਾ ਜਾਨ-ਲੇਵਾ ਦੌਰਾ ਪਿਆ ਅਤੇ ਇਸ ਨਾਲ ਇਹ ਗੱਲ ਵਿਚੇ ਹੀ ਠੱਪੀ ਰਹਿ ਗਈ। ਇਸ ਤੋਂ ਬਾਅਦ ਕਾਂਗਰਸ ਦੇ ਕਈ ਹੋਰ ਮੈਂਬਰ ਕਿਰ ਕੇ ਅਕਾਲੀ ਦਲ ਵਿਚ ਆਉਣ ਲੱਗ ਪਏ। ਬਜਟ ਸੈਸ਼ਨ ਦੇ ਆਖ਼ਰੀ ਦਿਨ ਤੱਕ ਅਕਾਲੀਆਂ ਦੀ ਗਿਣਤੀ 53 ਹੋ ਚੁੱਕੀ ਸੀ ਤੇ ਜਨਸੰਘ ਦੇ 8 ਮੈਂਬਰ ਇਨ੍ਹਾਂ ਤੋਂ ਵੱਖਰੇ ਸਨ। ਇਨ੍ਹਾਂ ਦਿਨਾਂ ਵਿਚ ਰਾਸ਼ਟਰਪਤੀ ਦੀ ਚੋਣ ਆ ਗਈ। ਕਾਂਗਰਸ ਪਾਰਟੀ ਨੇ ਸੰਜੀਵਾ ਰੈਡੀ ਨੂੰ ਉਮੀਦਵਾਰ ਬਣਾਇਆ ਪਰ ਦੂਜੇ ਕਾਂਗਰਸੀ ਧੜੇ, ਜਿਸ ਨੂੰ ਇੰਦਰਾ ਗਾਂਧੀ ਦੇ ਸਰਪਰਸਤੀ ਹਾਸਿਲ ਸੀ, ਨੇ ਵੀ.ਵੀ.ਗਿਰੀ ਨੂੰ ਉਮੀਦਵਾਰ ਬਣਾ ਲਿਆ ਸੀ। ਗੁਰਨਾਮ ਸਿੰਘ ਨੇ ਗਿਰੀ ਦੀ ਹਿਮਾਇਤ ਕਰਨ ਦਾ ਐਲਾਨ ਕਰ ਦਿੱਤਾ। ਕੁਝ ਅਕਾਲੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਗੁਰਨਾਮ ਸਿੰਘ ਵੀ.ਵੀ.ਗਿਰੀ ਦੀ ਹਿਮਾਇਤ ਕਰ ਕੇ ਇੰਦਰਾ ਦਾ ਸਾਥ ਦੇ ਰਿਹਾ ਹੈ ਅਤੇ ਉਹ ਗਵਰਨਰ ਬਨਣਾ ਚਾਹੁੰਦਾ ਹੈ। (ਉਸ ਦੇ ਗਵਰਨਰ ਬਣਨ ਸਬੰਧੀ ਚਰਚੇ 1972 ਤੱਕ ਹੁੰਦੇ ਰਹੇ)।

ਪੰਜਾਬ ਵਜ਼ਾਰਤ ਦੇ ਦੋਵੇਂ ਵੱਡੇ ਹਿੱਸੇਦਾਰ ਬੋਲੀ ਦੇ ਸਵਾਲ 'ਤੇ ਸਦਾ ਵੱਖਰੇ-ਵੱਖਰੇ ਰਹੇ ਸਨ। ਜਨਸੰਘ ਹਿੰਦੀ ਨੂੰ ਪੰਜਾਬ ਦੀ ਦੂਜੀ ਬੋਲੀ ਬਣਾਉਣ ਦੀਆਂ ਕੋਸ਼ਿਸ਼ਾਂ

WWW.SIKHBOOKCLUB.COM

ਵਿਚ ਸੀ ਅਤੇ ਅਕਾਲੀ ਦਲ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਚਾਹੁੰਦਾ ਸੀ। ਅਕਾਲੀ ਦਲ ਅੰਦਰ ਗਰਮ ਦਲ ਜਨਸੰਘ ਨੂੰ ਹਿੰਦੀ ਦੇ ਮਾਮਲੇ 'ਤੇ ਛੋਟ ਦੇਣ ਵਾਸਤੇ ਹਰਗਿਜ਼ ਤਿਆਰ ਨਹੀਂ ਸੀ।

ਉਧਰ ਸਿਰਦਾਰ ਕਪੂਰ ਸਿੰਘ, ਸਿੱਖ ਹੋਮਲੈਂਡ ਦਾ ਪ੍ਰਚਾਰ ਕਰਨ ਵਿਚ ਮਗਨ ਸੀ ਤੇ ਹਰ ਸਟੇਜ ਤੇ ਸਿੱਖ ਹੋਮਲੈਂਡ ਦੀ ਗੱਲ ਕਰਦਾ ਸੀ। ਇਨ੍ਹਾਂ ਦਿਨਾਂ ਵਿਚ ਗੁਰੂ ਨਾਨਕ ਯੂਨੀਵਰਸਿਟੀ ਬਣਾਉਣ ਦਾ ਐਲਾਨ ਹੋ ਗਿਆ ਜਿਸ ਹੇਠ ਚਾਰ ਜ਼ਿਲ੍ਹਿਆਂ ਦੇ ਕਾਲਜਾਂ ਨੂੰ ਸਬੰਧਤ ਕਰਨਾ ਸੀ *(ਮਗਰੋਂ 1973 ਵਿਚ ਅਧ-ਪੜ੍ਹ ਗਿਆਨੀ ਜ਼ੈਲ ਸਿੰਘ ਨੇ ਇਸ ਦਾ ਨਾਂ 'ਗੁਰੂ ਨਾਨਕ ਦੇਵ' ਯੂਨੀਵਰਸਿਟੀ ਕਰ ਦਿੱਤਾ ਤੇ ਗੁਰੂ ਸਾਹਿਬ ਦੇ ਨਾਂ ਨਾਲ 'ਦੇਵ' ਜੋੜ ਦਿੱਤਾ)*। ਗੁਰਨਾਮ ਸਿੰਘ ਨੇ ਐਲਾਨ ਕਰ ਕੇ ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ ਤੇ ਕਪੂਰਥਲਾ ਦੇ 46 ਕਾਲਜਾਂ ਨੂੰ ਗੁਰੂ ਨਾਨਕ ਯੂਨੀਵਰਸਿਟੀ ਨਾਲ ਜੋੜ ਦਿੱਤਾ। ਇਸ ਨਾਲ ਆਰੀਆ ਸਮਾਜੀ ਕਮੇਟੀਆਂ ਔਖੀਆਂ ਹੋ ਗਈਆਂ (ਕਿਉਂਕਿ ਉਹ ਜਲੰਧਰ ਵਿਚ ਦਯਾਨੰਦ ਯੂਨੀਵਰਸਿਟੀ ਬਣਾਉਣਾ ਚਾਹੁੰਦੇ ਸਨ)। ਆਰੀਆ ਸਮਾਜ ਨੇ ਜਨਸੰਘ ਦੀ ਵੀ ਮੁਖ਼ਾਲਫ਼ਤ ਕਰਨੀ ਸ਼ੁਰੂ ਕਰ ਦਿੱਤੀ। ਇਸ 'ਤੇ ਜਨਸੰਘ ਨੇ ਅਕਾਲੀਆਂ ਦੀ ਅੰਦਰੋਂ-ਅੰਦਰੀ ਮੁਖਾਲਫ਼ਤ ਸ਼ੁਰੂ ਕਰ ਦਿੱਤੀ।

ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ

ਅਕਾਲੀ ਦਲ ਨੇ ਆਪਣੇ ਚੋਣ ਮੈਨੀਫ਼ੈਸਟੋ ਵਿਚ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਹੋਰ ਇਲਾਕਿਆਂ ਦਾ ਨਿਸ਼ਾਨਾ ਵੀ ਮਿੱਥਿਆ ਹੋਇਆ ਸੀ। ਇਕ ਪਾਸੇ ਪੰਜਾਬ ਦੇ ਕਾਂਗਰਸੀ ਆਗੂ ਅਤੇ ਦੂਜੇ ਪਾਸੇ ਸਿਰਦਾਰ ਕਪੂਰ ਸਿੰਘ ਇਸ ਮੰਗ ਨੂੰ ਉਠਾ ਰਹੇ ਸਨ। ਡਾਕਟਰ ਜਗਜੀਤ ਸਿੰਘ ਨੇ ਵੀ ਇਸ ਬਾਰੇ ਵਿਚ ਫਤਹਿ ਸਿੰਘ ਦੀ 27 ਦਸੰਬਰ 1966 ਦੀ ਕਮਜ਼ੋਰੀ ਨੂੰ ਨੰਗਾ ਕਰਨਾ ਸ਼ੁਰੂ ਕਰ ਦਿੱਤਾ ਸੀ। ਡਾਕਟਰ ਜਗਜੀਤ ਸਿੰਘ ਨੇ ਜਲੰਧਰ ਦੇ ਇਕ ਪਿੰਡ ਦੇ ਹਰਬੰਸ ਸਿੰਘ ਬਾਗਲਾ ਨਾਂ ਦੇ ਇਕ ਬੰਦੇ ਤੋਂ ਚੰਡੀਗੜ੍ਹ ਵਾਸਤੇ ਮਰਨ ਵਰਤ ਰਖਵਾ ਦਿੱਤਾ ਅਤੇ 'ਸ਼ਹੀਦੀ' ਦੇਣ ਲਈ ਤਿਆਰ ਕੀਤਾ। ਇਸ ਨਾਲ ਵੀ ਫਤਹਿ ਸਿੰਘ ਕਾਫ਼ੀ ਪ੍ਰੇਸ਼ਾਨ ਰਿਹਾ ਸੀ। ਇਸ ਮਗਰੋਂ ਪੁਰਾਣੇ ਅਕਾਲੀ, ਬਾਅਦ ਵਿਚ ਕਾਂਗਰਸੀ ਅਤੇ 1969 ਵਿਚ ਸੁਤੰਤਰ ਪਾਰਟੀ ਦੇ ਆਗੂ, ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਤੇ ਹੋਰ ਮੰਗਾਂ ਦੇ ਨਾਲ-ਨਾਲ ਸਿੱਖ ਧਰਮ ਉੱਤੇ ਫਤਹ ਸਿੰਘ-ਮਾਸਟਰ ਤਾਰਾ ਸਿੰਘ-ਸੰਪੂਰਨ ਸਿੰਘ ਰਾਮਾ-ਚੰਨਣ ਸਿੰਘ-ਉਮਰਾਨੰਗਲ-ਸ਼ਰੀਂਹ ਵਗ਼ੈਰਾ ਦੇ ਵਰਤ ਛੱਡਣ ਨਾਲ ਲੱਗੇ 'ਕਲੰਕ' ਨੂੰ ਲਾਹੁਣ ਵਾਸਤੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ।

ਦਰਸ਼ਨ ਸਿੰਘ ਫੇਰੂਮਾਨ ਦੇ ਮਰਨ ਵਰਤ ਦਾ ਐਲਾਨ ਕਰਨ 'ਤੇ ਉਸ ਨੂੰ ਪੰਜਾਬ ਦੀ ਅਕਾਲੀ ਸਰਕਾਰ ਨੇ 12 ਅਗਸਤ ਨੂੰ ਗ੍ਰਿਫ਼ਤਾਰ ਕਰ ਕੇ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿਚ ਭੇਜ ਦਿੱਤਾ। ਦਰਸ਼ਨ ਸਿੰਘ ਫੇਰੂਮਾਨ ਨੇ ਐਲਾਨ ਮੁਤਾਬਿਕ 15

WWW.SIKHBOOKCLUB.COM

ਅਗਸਤ 1969 ਨੂੰ ਜੇਲ੍ਹ ਵਿਚ ਹੀ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਉਸ ਦੇ ਵਿਰੋਧ ਵਿਚ ਹਰਿਆਣੇ ਦੇ ਜਾਟ ਉਦੈ ਸਿੰਘ ਮਾਨ ਨੇ ਵੀ ਪਹਿਲੀ ਸਤੰਬਰ 1969 ਨੂੰ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ।

25 ਸਤੰਬਰ 1969 ਨੂੰ ਜਦੋਂ ਫੇਰੂਮਾਨ ਦਾ ਮਰਨ ਵਰਤ 42ਵੇਂ ਦਿਨ ਵਿਚ ਦਾਖ਼ਲ ਹੋ ਚੁੱਕਾ ਸੀ ਤਾਂ ਗੁਰਨਾਮ ਸਿੰਘ ਦੀ ਪ੍ਰਧਾਨਗੀ ਹੇਠ ਸਰਬ-ਪਾਰਟੀ ਕਾਨਫ਼ਰੰਸ ਚੰਡੀਗੜ੍ਹ ਵਿਚ ਹੋਈ ਜਿਸ ਨੇ ਕੇਂਦਰ ਤੋਂ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ। 28 ਸਤੰਬਰ ਨੂੰ ਸੱਤ ਪਾਰਟੀਆਂ ਦੇ 60 ਐਮ.ਐਲ.ਏਜ਼. ਨੇ ਪਾਰਲੀਮੈਂਟ ਦੇ ਬਾਹਰ ਚੰਡੀਗੜ੍ਹ ਵਾਸਤੇ ਧਰਨਾ ਮਾਰਿਆ। ਸਾਰੀਆਂ ਪਾਰਟੀਆਂ ਵੱਲੋਂ ਗਿਆਨੀ ਭੂਪਿੰਦਰ ਸਿੰਘ ਨੂੰ ਫੇਰੂਮਾਨ ਨੂੰ ਮਿਲ ਕੇ ਵਰਤ ਛੱਡਣ ਦੀ ਅਪੀਲ ਕਰਨ ਵਾਸਤੇ ਭੇਜਿਆ ਗਿਆ। ਪਹਿਲੀ ਅਕਤੂਬਰ 1969 ਨੂੰ ਜਦੋਂ ਵਰਤ ਨੂੰ 47ਵਾਂ ਦਿਨ ਸੀ ਗਿਆਨੀ ਭੂਪਿੰਦਰ ਸਿੰਘ ਫੇਰੂਮਾਨ ਨੂੰ ਮਿਲਿਆ ਅਤੇ ਵਰਤ ਛੱਡਣ ਦੀ ਅਪੀਲ ਕੀਤੀ। ਫੇਰੂਮਾਨ ਨੇ ਭੂਪਿੰਦਰ ਸਿੰਘ ਨੂੰ ਜਵਾਬ ਦਿੱਤਾ, ''ਤੁਸੀਂ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਰਹੇ ਹੋ। ਤੁਹਾਨੂੰ ਸਿੱਖ ਦੀ ਅਰਦਾਸ ਦਾ ਮਤਲਬ ਤੇ ਮਹਾਨਤਾ ਜਾਣਨੀ ਚਾਹੀਦੀ ਹੈ। ਮੈਂ ਤਾਂ ਚੰਡੀਗੜ੍ਹ ਮਿਲਣ 'ਤੇ ਹੀ ਮਰਨ ਵਰਤ ਛੱਡਾਂਗਾ।'' 12 ਅਕਤੂਬਰ ਨੂੰ ਹਰਿਆਣੇ ਦੇ ਉਦੈ ਸਿੰਘ ਮਾਨ ਨੇ ਆਪਣਾ ਵਰਤ ਛੱਡ ਦਿੱਤਾ ਪਰ ਫੇਰੂਮਾਨ ਨੇ ਸਭ ਅਪੀਲਾਂ ਠੁਕਰਾ ਦਿੱਤੀਆਂ। 11 ਅਕਤੂਬਰ ਨੂੰ ਫੇਰੂਮਾਨ ਤੋਂ ਪੁਲੀਸ ਦਾ ਪਹਿਰਾ ਵੀ ਹਟਾ ਲਿਆ ਤੇ ਸਾਰੇ ਮੁਕੱਦਮੇ ਵਾਪਸ ਲੈ ਲਏ ਗਏ।

17 ਅਕਤੂਬਰ 1969 ਨੂੰ ਸਾਰੀਆਂ ਪਾਰਟੀਆਂ ਵੱਲੋਂ ਚਡੀਗੜ੍ਹ ਵਿਚ ਇਕ ਵੱਡਾ ਜਲੂਸ ਕੱਢਿਆ ਗਿਆ ਜਿਸ ਵਿਚ 3 ਲੱਖ ਲੋਕ ਸ਼ਾਮਿਲ ਹੋਏ, ਪਰ ਫੇਰੂਮਾਨ ਦਾ ਮਰਨ ਵਰਤ ਕਿਸੇ ਨੇ ਵੀ ਨਾ ਅਪਣਾਇਆ। ਕਾਂਗਰਸ ਸਿਰਫ਼ ਬਿਆਨ ਦੇ ਕੇ ਹੀ ਫੇਰੂਮਾਨ ਦੀ ਹਿਮਾਇਤ ਕਰ ਰਹੀ ਸੀ। ਡਾਕਟਰ ਜਗਜੀਤ ਸਿੰਘ ਤੇ ਉਸ ਦੇ ਸਾਥੀ ਜਿਤਨੀ ਹੈਸੀਅਤ ਰੱਖਦੇ ਸਨ ਓਨਾ ਕੰਮ ਕਰ ਰਹੇ ਸਨ। ਪਰ ਦੂਜੇ ਪਾਸੇ ਫਤਹਿ ਸਿੰਘ ਤੇ ਉਮਰਾਨੰਗਲ ਤਾਂ ਅਜੇ ਤਕ ਇਸ ਵਰਤ ਨੂੰ ਸਟੰਟ ਤੇ ਫ਼ਰਾਡ ਆਇਕ ਦਾ ਨਾਮ ਦੇ ਰਹੇ ਸਨ।

27 ਅਕਤੂਬਰ 1969 ਨੂੰ ਦਰਸ਼ਨ ਸਿੰਘ ਫੇਰੂਮਾਨ ਆਪਣੇ ਮਰਨ ਵਰਤ ਦੇ 74ਵੇਂ ਦਿਨ ਚੜ੍ਹਾਈ ਕਰ ਗਿਆ। 28 ਅਕਤੂਬਰ ਨੂੰ ਉਸ ਦੇ ਪਿੰਡ ਫੇਰੂਮਾਨ ਵਿਚ ਸਸਕਾਰ ਹੋਇਆ। ਗੁਰਨਾਮ ਸਿੰਘ ਨੇ 28 ਅਕਤੂਬਰ ਨੂੰ ਸਰਕਾਰੀ ਛੁੱਟੀ ਦਾ ਐਲਾਨ ਕਰ ਦਿੱਤਾ ਅਤੇ ਆਪ ਸੰਸਕਾਰ ਤੇ ਫੇਰੂਮਾਨ ਪਿੰਡ ਪੁੱਜਾ ਜਿੱਥੇ 50,000 ਲੋਕਾਂ ਨੇ ਚੰਨਣ ਸਿੰਘ ਤੇ ਗੁਰਨਾਮ ਸਿੰਘ ਨੂੰ ਪੱਥਰਾਂ ਨਾਲ 'ਜੀ ਆਇਆਂ' ਕਿਹਾ।

30 ਅਕਤੂਬਰ ਨੂੰ ਫੇਰੂਮਾਨ ਦੀਆਂ ਅਸਥੀਆਂ ਦੇ ਜਲੂਸ ਵੇਲੇ ਫੇਰ ਗੜਬੜ ਹੁੰਦੀ ਬਚੀ। ਡਾਕਟਰ ਜਗਜੀਤ ਸਿੰਘ ਤੇ ਕਾਂਗਰਸੀ ਨੇਤਾ ਚਾਹੁੰਦੇ ਸਨ ਕਿ ਇਨ੍ਹਾਂ ਅਸਥੀਆਂ ਦਾ ਅੰਮ੍ਰਿਤਸਰ ਵਿਚ ਜਲੂਸ ਕੱਢਿਆ ਜਾਵੇ ਪਰ ਅਕਾਲੀ ਚਾਹੁੰਦੇ ਸਨ

WWW.SIKHBOOKCLUB.COM

ਕਿ ਇਨ੍ਹਾਂ ਅਸਥੀਆਂ ਨੂੰ ਕੀਰਤਪੁਰ ਸਿੱਧਾ ਭੇਜ ਦਿੱਤਾ ਜਾਵੇ ਪਰ ਪਿੰਡ ਵਾਲਿਆਂ ਇਨ੍ਹਾਂ ਦੋਹਾਂ ਵਿਚੋਂ ਕੋਈ ਗੱਲ ਨਾ ਮੰਨੀ ਤਾਂ ਕਿਤੇ ਜਾ ਕੇ ਅਮਨ ਅਮਾਨ ਰਹਿ ਗਿਆ।

ਜਥੇਦਾਰ ਫੇਰੂਮਾਨ ਦੀ ਸ਼ਹੀਦੀ ਦੇ ਸਬੰਧ ਵਿਚ ਥਾਂ-ਥਾਂ 'ਤੇ ਜਲੂਸ ਕੱਢੇ ਗਏ ਅਤੇ ਲੋਕਾਂ ਨੇ ਆਪਣੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਸਿਰਦਾਰ ਕਪੂਰ ਸਿੰਘ ਨੇ ਫੇਰੂਮਾਨ ਨੂੰ ਪੰਜਾਬ ਅਸੈਂਬਲੀ ਵਿਚ 'ਸਿੱਖ ਹੋਮਲੈਂਡ' ਦਾ ਪਹਿਲਾ ਸ਼ਹੀਦ ਦੱਸਿਆ। ਹੋਰ ਵੀ ਕਈ ਆਗੂਆਂ ਨੇ ਫੇਰੂਮਾਨ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। (ਵਧੇਰੀ ਤਫ਼ਸੀਲ ਵਾਸਤੇ ਵੇਖੋ: ਜੋਗਿੰਦਰ ਸਿੰਘ ਸੇਖੋਂ, *ਸਿੱਖ ਦੀ ਅਰਦਾਸ*)।

ਸ਼ਤਾਬਦੀਆਂ ਮਨਾਉਣਾ

1969 ਵਿਚ ਗੁਰੂ ਨਾਨਕ ਸਾਹਿਬ ਦਾ 500 ਸੌਵਾਂ ਜਨਮ ਦਿਨ ਮਨਾਇਆ ਗਿਆ। ਇਸ ਮੌਕੇ 'ਤੇ ਗੁਰੂ ਨਾਨਕ ਸਹਿਬ ਦੇ ਨਾਂ 'ਤੇ ਇਕ ਯੂਨੀਵਰਸਿਟੀ ਅਤੇ ਦਰਜਨ ਤੋਂ ਵਧ ਕਾਲਜ ਖੋਲ੍ਹੇ ਗਏ। ਪਹਿਲਾਂ 1966 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਨਮ ਦਾ 300 ਸਾਲਾ ਦਿਨ ਵੀ ਮਨਾਇਆ ਗਿਆ ਸੀ (ਹਾਲਾਂ ਕਿ ਉਨ੍ਹਾਂ ਦਾ ਜਨਮ 1661 ਵਿਚ ਹੋਇਆ ਸੀ)।

ਇਨ੍ਹਾਂ ਦਿਨਾਂ ਵਿਚ ਪੰਜਾਬ ਦਾ ਸਿਆਸੀ ਮਾਹੌਲ ਇਕ ਹੋਰ ਪੱਖੋਂ ਵੀ ਵਿਗੜ ਗਿਆ। ਕਮਿਊਨਿਸਟ ਤੇ ਸੋਸ਼ਲਿਸਟ ਪਾਰਟੀਆਂ, ਕਾਂਗਰਸ ਨਾਲ ਮਿਲ ਕੇ, ਅਕਾਲੀ ਦਲ ਦੀ ਮੁਖ਼ਾਲਫ਼ਤ ਤਾਂ ਪਹਿਲਾਂ ਹੀ ਕਰ ਰਹੀਆਂ ਸਨ। ਖ਼ਾਸ ਕਰ ਕੇ ਪੰਜਾਬ ਕੋਆਪਰੇਟਿਵ ਸੋਸਾਇਟੀਜ਼ (ਸੋਧ) ਬਿਲ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੇ ਗੁਰੂ ਨਾਨਕ ਯੂਨੀਵਰਸਿਟੀ ਦੀ ਕਾਇਮੀ ਦੇ ਸਵਾਲ 'ਤੇ ਜਨਸੰਘ ਵੱਲੋਂ ਅਕਾਲੀਆਂ ਦੀ ਮੁਖ਼ਾਲਫ਼ਤ ਹੋਈ। ਜਨਸੰਘ ਨੇ ਇਸ ਯੂਨੀਵਰਸਿਟੀ ਦੇ ਨਾਲ ਕਾਲਜ ਜੋੜਨ ਦੇ ਨੁਕਤੇ 'ਤੇ ਵੀ ਮੁਖਾਲਫ਼ਤ ਕੀਤੀ ਪਰ ਅਕਾਲੀਆਂ ਨੇ ਇਸ ਦੀ ਪਰਵਾਹ ਨਾ ਕੀਤੀ ਤੇ ਇਸ ਯੂਨੀਵਰਸਿਟੀ ਨਾਲ ਚਾਰੇ ਜ਼ਿਲ੍ਹੇ ਲਾ ਦਿੱਤੇ ਅਤੇ ਨਾਲ ਹੀ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੀ ਬਣਾ ਦਿੱਤਾ।

ਫਤਹਿ ਸਿੰਘ ਦਾ ਆਖ਼ਰੀ ਵਰਤ

ਫੇਰੂਮਾਨ ਦੀ 'ਸ਼ਹੀਦੀ' ਨੇ ਫਤਹਿ ਸਿਘ ਨੂੰ ਦਾਗ਼ੀ ਬਣਾ ਦਿੱਤਾ ਸੀ। ਫਤਹਿ ਸਿੰਘ ਵਲੋਂ 1960, 1965 ਅਤੇ 1966 ਵਿਚ, ਤਿੰਨ ਵਾਰ ਪੂਰਾ ਕੀਤੇ ਬਿਨਾਂ ਵਰਤ ਛੱਡਣ ਦੀ ਗੱਲ ਨੂੰ ਹਰ ਪਾਸੇ ਨਿੰਦਿਆ ਜਾ ਰਿਹਾ ਸੀ। ਫਤਹਿ ਸਿੰਘ ਨੇ ਹੁਣ ਇਕ ਵਾਰ ਫਿਰ ਮਰਨ ਵਰਤ ਦਾ ਐਲਾਨ ਕਰ ਦਿੱਤਾ। 24 ਨਵੰਬਰ 1969 ਨੂੰ ਫਤਹਿ ਸਿੰਘ ਨੇ ਆਪਣੀ ਇੱਜ਼ਤ ਬਚਾਉਣ ਖ਼ਾਤਿਰ ਐਲਾਨ ਕੀਤਾ ਕਿ ਜੇ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ ਤਾਂ ਉਹ 27 ਜਨਵਰੀ 1970 ਨੂੰ ਮਰਨ ਵਰਤ ਰੱਖ ਕੇ ਇਕ ਫਰਵਰੀ 1970 ਨੂੰ ਆਪਣੇ ਆਪ ਨੂੰ ਸਾੜ ਲਵੇਗਾ। ਫਤਹਿ ਸਿੰਘ ਦੇ ਐਲਾਨ ਮਗਰੋਂ ਉਮਰਾਨੰਗਲ ਨੇ ਪੰਜਾਬ ਨੂੰ ਅੱਗ ਲਾਉਣ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

WWW.SIKHBOOKCLUB.COM

ਅਕਾਲੀ ਦਲ ਨੇ ਮਤਾ ਪਾਸ ਕਰ ਕੇ ਸਰਕਾਰ 'ਤੇ ਸਿੱਖਾਂ ਉੱਤੇ ਬੇ-ਵਸਾਹੀ ਕਰਨ ਦਾ ਇਲਜ਼ਾਮ ਲਾਇਆ। ਇਸ ਮਤੇ ਦੀ ਕਮਿਊਨਿਸਟਾਂ ਅਤੇ ਜਨਸੰਘੀਆਂ ਨੇ ਮੁਖ਼ਾਲਫ਼ਤ ਕੀਤੀ।

26 ਜਨਵਰੀ 1970 ਨੂੰ ਫਤਹਿ ਸਿੰਘ ਨੇ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਵੇਲੇ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਸੀ। ਗੁਰਨਾਮ ਸਿੰਘ ਚੀਫ਼ ਮਨਿਸਟਰ ਸੀ। ਉਸ ਨੇ ਇੰਦਰਾ ਗਾਂਧੀ ਸੌਦੇਬਾਜ਼ੀ ਕਰਨੀ ਸ਼ੁਰੂ ਕਰ ਦਿਤੀ। ਇਧਰ ਪੰਜਾਬ ਵਿਚ ਅਕਾਲੀ 'ਰੀਪਬਲਿਕ ਡੇਅ' ਦਾ ਬਾਈਕਾਟ ਕਰ ਰਹੇ ਸਨ। ਅੰਮ੍ਰਿਤਸਰ ਵਿਚ ਸੈਂਟਰਲ ਐਕਸਾਈਜ਼ ਬਿਲਡਿੰਗ ਤੋਂ ਅਕਾਲੀਆਂ ਨੇ ਭਾਰਤੀ ਝੰਡਾ ਉਤਾਰ ਲਿਆ ਅਤੇ ਰਾਮ ਬਾਗ਼ ਵਿਚ ਗਾਂਧੀ ਦੇ ਬੁੱਤ 'ਤੇ ਰੱਖ ਕੇ ਸਾੜ ਦਿੱਤਾ। ਗਾਂਧੀ ਦੇ ਬੁੱਤ ਨੂੰ ਵੀ ਛਿੱਤਰ ਮਾਰੇ ਗਏ। ਇਹੋ ਜਿਹੀਆਂ ਘਟਨਾਵਾਂ ਹੋਰ ਵੀ ਕਈ ਥਾਂਵਾਂ ਤੇ ਹੋਈਆਂ। ਫ਼ੀਰੋਜ਼ਪੁਰ ਵਿਚ ਗਵਰਨਰ ਦੇ ਝੰਡਾ ਲਹਿਰਾਉਣ ਤੇ ਹੁੰਦੀ ਗੜਬੜ ਮਸਾਂ ਰੁਕੀ।

29 ਜਨਵਰੀ 1970 ਤੱਕ ਪੰਜਾਬ ਦਾ ਮਾਹੌਲ ਬੁਰੀ ਤਰ੍ਹਾਂ ਵਿਗੜਿਆ ਰਿਹਾ ਅਤੇ ਕਈ ਪਾਸਿਆਂ ਤੋਂ ਗੜਬੜ ਦਾ ਖ਼ਤਰਾ ਰਿਹਾ। ਅਖ਼ੀਰ 29 ਜਨਵਰੀ ਨੂੰ ਇੰਦਰਾ ਗਾਂਧੀ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਐਲਾਨ ਕਰ ਦਿੱਤਾ। ਇਸ ਐਲਾਨ ਅਨੁਸਾਰ: ਚੰਡੀਗੜ੍ਹ (ਕੁਝ ਪਿੰਡ ਛੱਡ ਕੇ) ਪੰਜਾਬ ਨੂੰ ਦਿੱਤਾ ਜਾਣਾ ਸੀ ਅਤੇ ਬਦਲੇ ਵਿਚ ਫ਼ਾਜ਼ਿਲਕਾ ਤੇ ਅਬੋਹਰ ਦੀਆਂ ਤਹਿਸੀਲਾਂ 'ਚੋਂ ਕਈ ਪਿੰਡ ਹਰਿਆਣੇ ਨੂੰ ਮਿਲਣੇ ਸੀ। ਇਨ੍ਹਾਂ ਇਲਾਕਿਆਂ ਦੇ ਨਾਲ ਇਕ ਫਰਲਾਂਗ ਦੀ ਪੱਟੀ ਵੀ ਪੰਜਾਬ ਚੋਂ ਮਿਲਣੀ ਸੀ। ਇਸ ਤੋਂ ਬਿਨਾਂ 10 ਕਰੋੜ ਰੁਪੈ ਮਦਦ ਤੇ 10 ਕਰੋੜ ਰੁਪੈ ਕਰਜ਼ਾ ਵੀ ਹਰਿਆਣੇ ਨੂੰ ਮਿਲਣਾ ਸੀ। ਹਰਿਆਣਾ ਤੇ ਪੰਜਾਬ ਦੀ ਹਦਬੰਦੀ ਦੇ ਝਗੜਿਆਂ ਵਾਸਤੇ ਇਕ ਕਮਿਸ਼ਨ ਬਣਾਉਣਾ ਵੀ ਮੰਨ ਲਿਆ ਗਿਆ। ਚੰਡੀਗੜ੍ਹ ਪੰਜਾਬ ਨੂੰ 5 ਸਾਲ ਮਗਰੋਂ 29 ਜਨਵਰੀ 1975 ਦੇ ਦਿਨ ਮਿਲਣਾ ਸੀ।

ਇਹ ਐਲਾਨ ਪੰਜਾਬ ਦੇ ਲੋਕਾਂ ਨੇ ਬੜੀ ਹੈਰਾਨੀ ਅਤੇ ਰੰਜ ਨਾਲ ਸੁਣਿਆ। ਲੋਕਾਂ ਨੇ ਥਾਂ-ਥਾਂ ਤੇ ਰੋਸ ਜ਼ਾਹਿਰ ਕੀਤਾ। ਰੋਪੜ, ਜਲੰਧਰ, ਫ਼ਾਜ਼ਿਲਕਾ, ਮੋਗਾ, ਅਬੋਹਰ, ਫ਼ਰੀਦਕੋਟ, ਮਲੇਰਕੋਟਲਾ, ਬਠਿੰਡਾ, ਸਰਹਿੰਦ, ਕਪੂਰਥਲਾ, ਲੁਧਿਆਣਾ, ਪਟਿਆਲਾ ਅਤੇ ਅੰਮ੍ਰਿਤਸਰ ਵਿਚ ਰੋਸ ਜਲੂਸ ਕੱਢੇ ਗਏ ਅਤੇ ਜਲਸੇ ਵੀ ਹੋਏ। ਕਈ ਥਾਈਂ ਫਤਹਿ ਸਿੰਘ ਦੀਆਂ ਅਰਥੀਆਂ ਵੀ ਸਾੜੀਆਂ ਗਈਆਂ।

ਪਰ ਇਸ ਸਾਰਾ ਕੁਝ ਦੀ ਪ੍ਰਵਾਹ ਕੀਤੇ ਬਿਨਾਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਅਤੇ ਸਰਬ ਪਾਰਟੀ ਮੀਟਿੰਗ ਨੇ ਫਤਹਿ ਸਿੰਘ ਨੂੰ ਵਰਤ ਖੋਲ੍ਹਣ ਵਾਸਤੇ ਕਿਹਾ। ਉਸ ਨੇ ਆਪਣੇ ਮਰਨ ਵਰਤ 30 ਜਨਵਰੀ 1970 ਦੇ ਦਿਨ ਸ਼ਾਮ ਸਾਢੇ ਪੰਜ ਵਜੇ ਖੋਲ੍ਹ ਦਿੱਤਾ। ਪਹਿਲਾਂ ਵਾਂਗ ਤੋਂ ਉਲਟ ਇਸ ਵਾਰੀ ਮਰਨ ਵਰਤ ਅਕਾਲ ਤਖ਼ਤ ਸਾਹਿਬ ਦੇ ਨਾਲ ਲਗਦੀ ਬਿਲਡਿੰਗ 'ਤੇ ਖੋਹਲਿਆ ਗਿਆ। ਸਿੱਖਾਂ ਵਿਚ ਬਹੁਤ ਰੋਹ ਸੀ ਤੇ ਉਨ੍ਹਾਂ ਸਾਹਮਣੇ ਆਉਣ ਦਾ ਫਤਹਿ ਸਿੰਘ ਕੋਲ ਹੁਣ ਹੌਂਸਲਾ ਨਹੀਂ ਸੀ ਰਿਹਾ।

WWW.SIKHBOOKCLUB.COM

ਜਨਸੰਘ ਦੇ ਪਾਰਲੀਮੈਂਟਰੀ ਬੋਰਡ ਨੇ 1 ਫਰਵਰੀ 1970 ਨੂੰ ਆਪਣੀ ਮੀਟਿੰਗ ਵਿਚ ਇਸ ਸਮਝੌਤੇ ਦੀ ਡੱਟ ਕੇ ਮੁਖ਼ਾਲਫ਼ਤ ਕੀਤੀ। ਉਨ੍ਹਾਂ ਇਸ ਨੂੰ 'ਸੌਦੇ-ਬਾਜ਼ੀ' ਦਾ ਨਾਮ ਦਿੱਤਾ। ਜਨਸੰਘੀ ਆਗੂਆਂ ਨੇ 114 ਪਿੰਡਾਂ ਦੀ 550 ਵਰਗ ਮੀਲ ਦੀ ਉਪਜਾਊ ਜ਼ਮੀਨ ਬਦਲੇ ਚੰਡੀਗੜ੍ਹ ਦੇ 34 ਵਰਗ ਮੀਲ ਦੇ ਖੇਤਰ ਨੂੰ ਲੈਣ ਦੇ ਸਮਝੌਤੇ ਨੂੰ ''ਮਾਣ ਰੱਖਣ ਵਾਸਤੇ ਖ਼ਰੀਦਿਆ ਚਿੱਟਾ ਹਾਥੀ'' ਕਿਹਾ। (*ਟ੍ਰਿਬਿਊਨ*, 24 ਫ਼ਰਵਰੀ 1970)। ਇਹੋ ਜਿਹੇ ਬਿਆਨ ਕਈ ਹੋਰ ਆਗੂਆਂ ਨੇ ਵੀ ਦਿੱਤੇ ਅਤੇ ਇਸ ਸਮਝੌਤੇ ਦੀ ਮੁਖ਼ਾਲਫ਼ਤ ਕੀਤੀ।

23 ਫਰਵਰੀ 1970 ਨੂੰ ਪੰਜਾਬ ਅਸੈਂਬਲੀ ਦਾ ਬਜਟ ਸੈਸ਼ਨ ਸ਼ੁਰੂ ਹੋਇਆ। ਕਾਂਗਰਸੀ ਤੇ ਹੋਰ ਮੁਖ਼ਾਲਿਫ਼ ਪਾਰਟੀਆਂ ਨੇ ਗੁਰਨਾਮ ਸਿੰਘ ਉੱਪਰ ਇਲਜ਼ਾਮ ਲਾਇਆ ਕਿ ਇਹ ਸਮਝੌਤਾ ਸਿਰਫ਼ ਫਤਹਿ ਸਿੰਘ ਦੀ ਜਾਨ ਬਚਾਉਣ ਵਾਸਤੇ ਕੀਤਾ ਗਿਆ ਹੈ। ਇਸੇ ਸੈਸ਼ਨ ਵਿਚ ਬਹੁਤ ਸਾਰੇ ਹਰੀਜਨ ਐਮ.ਐਲ.ਏਜ਼. ਨੇ ਸਰਕਾਰ ਦੀ ਹਰੀਜਨਾਂ ਖ਼ਿਲਾਫ਼ ਨੀਤੀ ਦੀ ਨਿੰਦਾ ਕੀਤੀ। ਇਸ ਤੋਂ ਬਾਅਦ ਹਰੀਜਨ ਅਤੇ ਕਾਂਗਰਸੀ ਵਾਕ ਆਊਟ ਕਰ ਕੇ ਚਲੇ ਗਏ। ਇਧਰ ਆਰੀਆ ਸਮਾਜ ਵੀ ਗੁਰੂ ਨਾਨਕ ਯੂਨੀਵਰਸਿਟੀ ਨਾਲ ਕਾਲਜ ਲਾਏ ਜਾਣ ਤੇ ਔਖਾ ਸੀ। ਉਹ ਜਲੰਧਰ ਵਿਚ ਦਯਾ ਨੰਦ ਯੂਨੀਵਰਸਿਟੀ ਵਾਸਤੇ ਜ਼ੋਰ ਲਾ ਰਹੇ ਸਨ। ਜਨਸੰਘ ਨੇ ਵੀ ਗੁਰੂ ਨਾਨਕ ਯੂਨੀਵਰਸਿਟੀ ਨਾਲ ਕਾਲਜ ਲਾਏ ਜਾਣ ਦੀ ਮੁਖ਼ਾਲਫ਼ਤ ਕੀਤੀ। ਅਕਾਲੀਆਂ ਅਤੇ ਜਨਸੰਘੀਆਂ ਵਿਚ ਵੀ ਇਸ ਸਵਾਲ 'ਤੇ ਖੜਕਣ ਲੱਗ ਪਈ। (*ਟ੍ਰਿਬਿਊਨ*, 24 ਫ਼ਰਵਰੀ 1970)।

ਮਾਰਚ 1970 ਵਿਚ ਰਾਜ ਸਭਾ ਦੀਆਂ ਕੁਝ ਸੀਟਾਂ ਦੀਆਂ ਚੋਣਾਂ ਆ ਗਈਆਂ। ਪੰਜਾਬ ਵਿਚ ਤਿੰਨ ਸੀਟਾਂ ਖਾਲੀ ਸਨ। ਗਿਣਤੀ ਮੁਤਾਬਿਕ ਅਕਾਲੀਆਂ ਨੂੰ ਦੋ ਸੀਟਾਂ ਮਿਲ ਸਕਦੀਆਂ ਸਨ। ਗਿਆਨੀ ਭੂਪਿੰਦਰ ਸਿੰਘ, ਗੁਰਚਰਨ ਸਿੰਘ ਟੌਹੜਾ ਅਤੇ ਸੰਤੋਖ ਸਿੰਘ ਦਿੱਲੀ ਤਿੰਨ ਉਮੀਦਵਾਰ ਸਨ। ਗਿਆਨੀ ਭੂਪਿੰਦਰ ਸਿੰਘ ਪਾਰਲੀਮੈਂਟਰੀ ਬੋਰਡ ਦਾ ਚੇਅਰਮੈਨ ਸੀ। ਪਰ ਫਤਹਿ ਸਿੰਘ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ ਉਮੀਦਵਾਰ ਨਾਮਜ਼ਦ ਕਰਨ ਦਾ ਹੱਕ ਆਪ ਲੈ ਲਿਆ। ਫਤਹਿ ਸਿੰਘ ਨੇ ਸੰਤੋਖ ਸਿੰਘ ਤੇ ਟੌਹੜਾ ਨੂੰ ਉਮੀਦਵਾਰ ਨਾਮਜ਼ਦ ਕਰ ਦਿੱਤਾ। ਇਸ 'ਤੇ ਗਿਆਨੀ ਭੂਪਿੰਦਰ ਸਿੰਘ ਨੇ ਅਜ਼ਾਦ ਤੌਰ 'ਤੇ ਚੋਣ ਲੜਨ ਦਾ ਐਲਾਨ ਕਰ ਦਿੱਤਾ। ਗੁਰਨਾਮ ਸਿੰਘ ਨੇ ਅੰਦਰੋਂ-ਅੰਦਰੀਂ ਗਿਆਨੀ ਭੂਪਿੰਦਰ ਸਿੰਘ ਦੀ ਮਦਦ ਕੀਤੀ। ਚੋਣ 25 ਮਾਰਚ 1970 ਨੂੰ ਹੋਈ। ਸੰਤੋਖ ਸਿੰਘ ਨੂੰ ਹਾਰ ਹੋਈ ਅਤੇ ਗਿਆਨੀ ਭੂਪਿੰਦਰ ਸਿੰਘ ਜਿੱਤ ਗਿਆ।

ਇਸੇ ਦਿਨ ਐਪਰੋਪਰੀਏਸ਼ਨ ਬਿੱਲ ਪੇਸ਼ ਹੋਣਾ ਸੀ। ਫ਼ੀਨਾਂਸ ਮਨਿਸਟਰ ਬਲਵੰਤ ਸਿੰਘ ਨੇ ਬਿੱਲ ਪੇਸ਼ ਕਰਨ ਤੋਂ ਇਨਕਾਰ ਕਰ ਦਿੱਤਾ। ਗੁਰਨਾਮ ਸਿੰਘ ਨੇ ਇਜਲਾਸ ਅਗਲੇ ਦਿਨ 'ਤੇ ਮੁਲਤਵੀ ਕਰ ਕੇ ਕਾਂਗਰਸ ਕੋਲੋਂ ਮਦਦ ਲੈ ਕੇ ਜਾਂ ਕੋਈ ਹੋਰ ਕੋਸ਼ਿਸ਼ ਕਰ ਕੇ ਬਿੱਲ ਪੇਸ਼ ਕਰਨ ਦੀ ਗੱਲ ਨਾ ਸੋਚੀ ਅਤੇ ਆਪ ਉੱਠ ਕੇ ਬਿੱਲ

WWW.SIKHBOOKCLUB.COM

ਪੇਸ਼ ਕਰ ਦਿੱਤਾ ਜੋ 22 ਦੇ ਮੁਕਾਬਲੇ 44 ਵੋਟਾਂ ਨਾਲ ਫੇਲ੍ਹ ਹੋ ਗਿਆ। ਕਾਂਗਰਸੀ ਮੈਂਬਰਾਂ ਨੇ ਵੋਟਾਂ ਵਿਚ ਹਿੱਸਾ ਨਾ ਲਿਆ। ਗੁਰਨਾਮ ਸਿੰਘ ਦਾ ਇਹ ਵਹਿਮ ਕਿ ਕਾਂਗਰਸ ਆਪੇ ਹੀ ਮਦਦ ਕਰੇਗੀ, ਗ਼ਲਤ ਸਾਬਤ ਹੋਇਆ। 35 ਅਕਾਲੀ, ਸਤ ਜਨਸੰਘੀ, 2 ਮਾਰਕਸਵਾਦੀ ਕਾਮਰੇਡਾਂ ਨੇ ਬਿੱਲ ਦੇ ਖ਼ਿਲਾਫ਼ ਵੋਟਾਂ ਪਾਈਆਂ। 18 ਅਕਾਲੀਆਂ, ਇਕ ਪਰਜਾ ਸੋਸ਼ਲਿਸਟ, ਇਕ ਸੋਸ਼ਲਿਸਟ, ਇਕ ਸੁਤੰਤਰ ਤੇ ਕਪੂਰ ਸਿੰਘ ਨੇ ਬਿੱਲ ਦੇ ਹੱਕ ਵਿਚ ਵੋਟਾਂ ਪਾਈਆਂ। ਕਾਂਗਰਸ ਦੇ 23, ਸੀ.ਪੀ.ਆਈ. ਦੇ 4 ਤੇ 1 ਸੋਸ਼ਲਿਸਟ ਮੈਂਬਰਾਂ ਨੇ ਵੋਟਾਂ ਨਹੀਂ ਪਾਈਆਂ। ਰਾਤ ਨੂੰ ਕਾਂਗਰਸ ਨੇ ਗੁਰਨਾਮ ਸਿੰਘ ਦੀ ਹਿਮਾਇਤ ਦਾ ਐਲਾਨ ਕਰ ਦਿੱਤਾ ਪਰ ਇਹ ਐਲਾਨ ਦੇਰ ਦਾ ਐਲਾਨ ਸਾਬਤ ਹੋਇਆ। ਅਗਲੇ ਦਿਨ ਸ਼ਾਮ ਨੂੰ ਸਾਢੇ ਸਤ ਵਜੇ ਗੁਰਨਾਮ ਸਿੰਘ ਨੇ ਅਸਤੀਫ਼ਾ ਭੇਜ ਦਿੱਤਾ, ਜਿਸ ਨੂੰ ਮਨਜ਼ੂਰ ਕਰ ਲਿਆ ਗਿਆ।

ਪ੍ਰਕਾਸ਼ ਸਿੰਘ ਬਾਦਲ ਦਾ ਚੀਫ਼ ਮਨਿਸਟਰ ਬਣਨਾ

26 ਮਾਰਚ 1970 ਦੇ ਦਿਨ ਅਕਾਲੀ ਐਮ.ਐਲ.ਏਜ਼. ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਅਸੈਂਬਲੀ ਪਾਰਟੀ ਦਾ ਆਗੂ ਚੁਣ ਲਿਆ। ਜਨਸੰਘ, ਸੁਤੰਤਰ ਤੇ ਸੋਸ਼ਲਿਸਟਾਂ ਨੇ ਵੀ ਬਾਦਲ ਦੀ ਹਿਮਾਇਤ ਦਾ ਐਲਾਨ ਕਰ ਦਿੱਤਾ। 26 ਤਾਰੀਖ਼ ਨੂੰ ਬਾਦਲ ਆਪਣੇ ਨਾਲ 54 ਹਿਮਾਇਤੀਆਂ ਨੂੰ ਲੈ ਕੇ ਗਵਰਨਰ ਦੀ ਕੋਠੀ 'ਤੇ ਪਹੁੰਚ ਗਿਆ। ਇਸ ਤੋਂ ਬਿਨਾਂ ਉਸ ਨੇ 2 ਮਾਰਕਸਵਾਦੀ ਮੈਂਬਰਾਂ ਦੀ ਹਿਮਾਇਤ ਦਾ ਦਾਅਵਾ ਵੀ ਕੀਤਾ। ਇਸੇ ਦਿਨ 28 ਕਾਂਗਰਸੀ, 7 ਅਕਾਲੀ ਮੈਂਬਰਾਂ ਨੂੰ ਲੈ ਕੇ ਗੁਰਨਾਮ ਸਿੰਘ ਵੀ ਗਵਰਨਰ ਨੂੰ ਮਿਲਿਆ। ਪਰ ਗਵਰਨਰ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਵਜ਼ਾਰਤ ਬਣਾਉਣ ਦਾ ਸੱਦਾ ਦੇ ਦਿੱਤਾ। 27 ਮਾਰਚ 1970 ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਵਜੋਂ ਹਲਫ਼ ਲੈ ਲਿਆ। 30 ਮਾਰਚ ਨੂੰ ਐਪਰੋਪਰੀਏਸ਼ਨ ਬਿੱਲ ਦੁਬਾਰਾ ਪੇਸ਼ ਹੋਇਆ ਅਤੇ 40 ਦੇ ਮੁਕਾਬਲੇ 54 ਵੋਟਾਂ ਨਾਲ ਪਾਸ ਹੋ ਗਿਆ।

31 ਮਾਰਚ 1970 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਗੁਰਨਾਮ ਸਿੰਘ, ਆਤਮਾ ਸਿੰਘ ਸੁਲਤਾਨਪੁਰੀ ਤੇ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਨੂੰ ਦਲ 'ਚੋਂ ਕੱਢ ਦਿੱਤਾ। ਗਿਆਨੀ ਭੂਪਿੰਦਰ ਸਿੰਘ ਨੂੰ ਪਹਿਲਾਂ ਕੱਢਿਆ ਹੀ ਜਾ ਚੁਕਿਆ ਸੀ। ਹੁਣ ਗੁਰਨਾਮ ਸਿੰਘ ਅਤੇ ਫਤਹਿ ਸਿੰਘ ਨੇ ਇਕ ਦੂਜੇ ਉੱਪਰ ਚਿੱਕੜ ਸੁੱਟਣਾ ਸ਼ੁਰੂ ਕਰ ਦਿੱਤਾ। ਇਹ ਮਾਹੌਲ ਕੁਝ ਮਹੀਨੇ ਚਲਦਾ ਰਿਹਾ। ਇਨ੍ਹਾਂ ਦਿਨਾਂ ਵਿਚ ਗੁਰਨਾਮ ਸਿੰਘ ਨੇ ਪ੍ਰਤਾਪ ਸਿੰਘ ਕੈਰੋਂ ਤੇ ਫਤਹਿ ਸਿੰਘ ਵਲੋਂ ਇਕ ਦੂਜੇ ਨੂੰ ਲਿਖੀਆਂ ਚਿੱਠੀਆਂ ਵੀ ਪ੍ਰੈਸ ਨੂੰ ਜਾਰੀ ਕਰ ਦਿੱਤੀਆਂ ਜਿਨ੍ਹਾਂ ਤੋਂ ਕੈਰੋਂ ਵਲੋਂ 1962 ਦੀ ਅਕਾਲੀ ਦਲ ਦੀ ਫੁੱਟ ਵੇਲੇ ਫਤਹਿ ਸਿੰਘ ਨੂੰ ਦਿੱਤੀ ਸਰਕਾਰੀ ਮਦਦ ਦਾ ਪਤਾ ਲੱਗਦਾ ਸੀ। ਇਸ ਨਾਲ ਫਤਹਿ ਸਿੰਘ ਦੀ ਬਹੁਤ ਬਦਨਾਮੀ ਹੋਈ। ਫਤਹਿ ਸਿੰਘ ਨੇ ਗੁਰਨਾਮ ਸਿੰਘ ਨੂੰ ਮੌਕਾਪ੍ਰਸਤ ਤੇ ਗ਼ਦਾਰੇ-ਆਜ਼ਮ ਦੇ ਖ਼ਿਤਾਬ ਬਖ਼ਸ਼ੇ।

ਬਾਦਲ ਵਜ਼ਾਰਤ ਬਣਨ ਤੋਂ ਪਿੱਛੋਂ ਗੁਰੂ ਨਾਨਕ ਯੂਨੀਵਰਿਸਟੀ ਅਤੇ ਹਿੰਦੀ-

WWW.SIKHBOOKCLUB.COM

ਪੰਜਾਬੀ ਦੇ ਸਵਾਲ 'ਤੇ ਝਗੜਾ ਚਲਦਾ ਰਿਹਾ ਅਤੇ ਜਨਸੰਘ ਤੇ ਅਕਾਲੀ ਦਲ ਦੀ ਆਪਸ ਵਿਚ ਖੜਕਦੀ ਰਹੀ। ਉਧਰ ਕੁਝ ਹੋਰ ਅਕਾਲੀ ਵੀ ਵਜ਼ੀਰ ਬਣਨ ਲਈ ਕਾਹਲੇ ਸਨ। 26 ਜੂਨ ਨੂੰ ਅਕਾਲੀ ਦਲ ਅਤੇ ਜਨਸੰਘ ਦੇ 57 'ਚੋਂ 26 ਵਜ਼ੀਰ ਬਣ ਚੁੱਕੇ ਸਨ, ਤਿੰਨ ਪਾਰਲੀਮੈਂਟਰੀ ਸੈਕਟਰੀ ਅਤੇ ਇਕ ਡਿਪਟੀ ਸਪੀਕਰ ਸੀ। ਯਾਨੀ 57 'ਚੋਂ 30 ਕਿਸੇ ਨਾ ਕਿਸੇ ਤਰ੍ਹਾਂ ਗੱਦੀ 'ਤੇ ਸਨ। 26 ਜੂਨ ਨੂੰ ਅਕਾਲੀ ਦਲ ਨੇ ਗੁਰੂ ਨਾਨਕ ਯੂਨੀਵਰਸਿਟੀ ਸਬੰਧੀ ਸਟੈਂਡ ਮੁੜ ਦੁਹਰਾਇਆ। ਇਸ 'ਤੇ ਜਨਸੰਘ ਦੀ ਸੈਂਟਰਲ ਐਗਜ਼ੈਕਟਿਵ ਨੇ ਪੰਜਾਬ ਜਨਸੰਘ ਨੂੰ ਵਜ਼ਾਰਤ 'ਚੋਂ ਬਾਹਰ ਆਉਣ ਦੀ ਇਜਾਜ਼ਤ ਦੇ ਦਿੱਤੀ। 30 ਜੂਨ 1970 ਦੇ ਦਿਨ ਚਾਰ ਜਨਸੰਘੀ ਵਜ਼ੀਰਾਂ ਨੇ ਅਸਤੀਫ਼ੇ ਦੇ ਦਿੱਤੇ। ਹੁਣ ਅਕਾਲੀਆਂ ਦੀ ਗਿਣਤੀ 104 ਦੇ ਹਾਊਸ ਵਿਚ 49 ਰਹਿ ਗਈ। ਕਾਂਗਰਸ ਦੇ 28 ਅਤੇ ਜਨਸੰਘ ਦੇ 8 ਐਮ.ਐਲ.ਏ. ਅਕਾਲੀ ਦਲ ਦਾ ਸਾਥ ਨਹੀਂ ਸਨ ਦੇ ਸਕਦੇ। ਸੀ.ਪੀ.ਐਮ. ਦੇ 2, ਐਸ.ਐਸ.ਪੀ. ਦੇ 2, ਸੁਤੰਤਰ ਪਾਰਟੀ 1, ਪੀ.ਐਸ.ਪੀ. 1 ਤੇ ਅਕਾਲੀ ਦਲ (ਪੰਜ ਕੌਂਸਲੀ) 1 ਅਜਿਹੇ ਮੈਂਬਰ ਸਨ ਜਿਨ੍ਹਾਂ ਦੀ ਮਦਦ ਅਕਾਲੀ ਦਲ ਚਾਹੁੰਦਾ ਸੀ। ਦੂਜੇ ਪਾਸੇ ਗੁਰਨਾਮ ਸਿਘ ਧੜਾ (7), ਸੀ.ਪੀ.ਆਈ. (4) ਦੇ ਮਿਲਵਰਤਣ ਦੀ ਵੀ ਗੱਲ ਸ਼ੁਰੂ ਹੋਈ।

ਪਹਿਲੀ ਜੁਲਾਈ 1970 ਨੂੰ ਪ੍ਰਕਾਸ਼ ਸਿੰਘ ਬਾਦਲ ਬਾਲ ਮੁਕੰਦ (ਜਨਸੰਘ) ਨੂੰ ਵਜ਼ੀਰ ਬਣਾਉਣ ਬਾਰੇ ਗਵਰਨਰ ਨੂੰ ਮਿਲੇ। ਮੁਖ ਮੰਤਰੀ ਨੇ ਮੈਂਬਰ ਦਾ ਨਾਂ ਦੱਸਣ ਤੋਂ ਇਨਕਾਰ ਕੀਤਾ। ਉਸੇ ਦਿਨ 5 ਅਕਾਲੀ ਵੀ ਗਵਰਨਰ ਨੂੰ ਮਿਲੇ ਤੇ ਅਕਾਲੀ ਦਲ ਤੋਂ ਹਿਮਾਇਤ ਵਾਪਸ ਲੈਣ ਸਬੰਧੀ ਕਿਹਾ। ਉਸੇ ਦਿਨ ਹੀ, ਸ਼ਾਮ ਨੂੰ ਕੁਝ ਜਨਸੰਘੀ ਲੇਤਾ ਬਾਲ ਮੁਕੰਦ ਐਮ.ਐਲ.ਏ. ਦੀ ਪਤਨੀ ਨੂੰ ਲੈ ਕੇ ਆ ਗਏ ਅਤੇ ਉਸ ਨੇ ਸ਼ਿਕਾਇਤ ਕੀਤੀ ਕਿ ਸ਼ਾਇਦ ਅਕਾਲੀਆਂ ਨੇ ਉਸ ਨੂੰ 'ਅਗਵਾ' ਕਰ ਲਿਆ ਹੈ। ਖ਼ੈਰ ਬਾਅਦ ਵਿਚ ਅਕਾਲੀਆਂ ਨੇ ਬਾਲ ਮੁਕੰਦ ਨੂੰ ਵਜ਼ੀਰ ਬਣਾਉਣ ਦਾ ਖ਼ਿਆਲ ਛੱਡ ਦਿੱਤਾ।

ਹੁਣ ਗਵਰਨਰ ਨੇ ਬਾਦਲ ਨੂੰ ਵਿਸਾਹ ਦਾ ਵੋਟ ਲੈਣ ਲਈ ਕਿਹਾ। ਬਾਦਲ ਨੇ 5 ਅਗਸਤ ਨੂੰ ਅਸੈਂਬਲੀ ਦਾ ਸੈਸ਼ਨ ਬੁਲਾ ਲਿਆ। ਪਰ ਗਵਰਨਰ ਨੇ 24 ਜੁਲਾਈ ਨੂੰ ਸੈਸ਼ਨ ਸੱਦ ਲਿਆ। ਇਸ ਤੋਂ ਬਾਅਦ ਅਕਾਲੀ ਦਲ ਵੱਖ-ਵੱਖ ਪਾਰਟੀਆਂ ਦੀ ਹਿਮਾਇਤ ਲੈਣ ਲਈ ਜ਼ੋਰ ਲਾਉਂਦਾ ਰਿਹਾ। ਪ੍ਰਕਾਸ਼ ਸਿੰਘ ਬਾਦਲ ਇੰਦਰਾ ਗਾਂਧੀ, ਜਗਜੀਵਨ ਰਾਮ ਅਤੇ ਸਵਰਨ ਸਿੰਘ ਕੋਲੋਂ ਵੀ ਮਦਦ ਲੈਣ ਦਿੱਲੀ ਗਿਆ। ਕਾਂਗਰਸ ਵਿਚ ਸਵਰਨ ਸਿੰਘ ਅਕਾਲੀਆਂ ਨੂੰ ਮਦਦ ਦੇਣ ਲਈ ਤਿਆਰ ਸੀ ਪਰ ਦਰਬਾਰਾ ਸਿੰਘ ਧੜਾ ਇਸ ਗੱਲ ਲਈ ਤਿਆਰ ਨਹੀਂ ਸੀ।

ਇਸ ਵੇਲੇ ਤਿੰਨਾਂ ਅਕਾਲੀ ਦਲਾਂ ਦੇ 57 ਐਮ.ਐਲ.ਏ. (ਫਤਹਿ ਸਿੰਘ ਧੜਾ 49, ਗੁਰਨਾਮ ਸਿੰਘ ਧੜਾ 7 ਤੇ ਸਿਰਦਾਰ ਕਪੂਰ ਸਿੰਘ 1) ਸਨ ਤੇ ਉਹ ਬੜੇ ਆਰਾਮ ਨਾਲ ਹਕੂਮਤ ਵਿਚ ਰਹਿ ਸਕਦੇ ਸਨ ਇਸ ਸਬੰਧ ਵਿਚ ਬੇਅੰਤ ਸਿੰਘ ਐਮ.ਐਲ.ਏ. ਨੇ 13 ਤੋਂ 16 ਜੁਲਾਈ 1970 ਤੱਕ 72 ਘੰਟੇ ਦੀ ਭੁੱਖ ਹੜਤਾਲ ਵੀ

WWW.SIKHBOOKCLUB.COM

ਕੀਤੀ। ਇਸ ਤੋਂ ਬਿਨਾਂ ਪੰਜ ਪਿਆਰਿਆਂ ਤੋਂ ਵੀ ਪੰਥਕ ਏਕਤਾ ਵਾਸਤੇ ਅਪੀਲ ਕਰਾਉਣ ਦੀ ਸਕੀਮ ਵੀ ਬਣੀ। ਪਰ ਇਸ ਦਾ ਕੋਈ ਲਾਭ ਨਾ ਹੋਇਆ। ਬਾਦਲ ਦਾ ਕਾਂਗਰਸ ਨਾਲ ਸਮਝੌਤਾ ਇਸ ਹੱਦ ਤੱਕ ਹੋ ਗਿਆ ਕਿ ਅਸੈਂਬਲੀ ਸੈਸ਼ਨ ਵਿਚ ਕਾਂਗਰਸ ਨਿਰਪੱਖ ਰਹੇਗੀ। 24 ਜੁਲਾਈ ਨੂੰ ਵਿਧਾਨ ਸਭਾ ਦੀ ਬੈਠਕ ਸ਼ੁਰੂ ਹੋਈ। ਬਲਰਾਮਜੀ ਦਾਸ ਟੰਡਨ ਤੇ ਸਤਪਾਲ ਡਾਂਗ ਨੇ ਦੋ ਬੇਵਿਸਾਹੀ ਦੇ ਮਤੇ ਪੇਸ਼ ਕੀਤੇ। ਇਨ੍ਹਾਂ ਦੋਹਾਂ ਮਤਿਆਂ ਵਾਸਤੇ ਜਨਸੰਘ, ਸੀ.ਪੀ.ਆਈ. ਅਤੇ ਅਕਾਲੀ ਦਲ (ਗੁਰਨਾਮ ਸਿੰਘ) ਦੇ ਸਿਰਫ਼ 19 ਮੈਂਬਰ ਖੜੇ ਹੋਏ ਜਦੋਂ ਕਿ ਘੱਟੋ ਘੱਟ 21 ਮੈਂਬਰਾਂ ਦੀ ਹਿਮਾਇਤ ਜ਼ਰੂਰੀ ਸੀ। ਕਾਂਗਰਸ ਤੇ ਬਾਕੀ ਮੁਖ਼ਾਲਫ਼ ਪਾਰਟੀਆਂ ਦੇ ਮੈਂਬਰ ਨਿਰਪੱਖ ਰਹੇ। ਇਸ ਤਰ੍ਹਾਂ ਅਕਾਲੀ ਵਜ਼ਾਰਤ ਨੂੰ ਪਿਆ ਖ਼ਤਰਾ ਇਕ ਵਾਰੀ ਤਾਂ ਟੱਲ ਗਿਆ। ਇਸੇ ਦੇ ਨਾਲ ਹੀ ਕਾਂਗਰਸ ਨੇ ਐਲਾਨ ਕੀਤਾ ਕਿ ਉਹ ਅਕਾਲੀ ਦਲ ਦੀ ਮਦਦ ਸਿਰਫ਼ ਤਾਂ ਹੀ ਕਰੇਗੀ ਜੇ ਕਰ ਅਕਾਲੀ ਦਲ ਕਾਂਗਰਸ ਦੀਆਂ ਪਾਲਸੀਆਂ 'ਤੇ ਚਲੇਗਾ।

ਪੰਜਾਬ ਦੀ ਸਿਆਸਤ ਵਿਚ ਅਸਲ ਧਮਾਕਾ 20 ਅਗਸਤ 1970 ਦੇ ਦਿਨ ਹੋਇਆ ਜਦੋਂ ਗੁਰਨਾਮ ਸਿੰਘ ਅਤੇ ਸਾਥੀਆਂ ਵੱਲੋਂ ਅਕਾਲੀ ਦਲ ਨੂੰ ਬਿਨਾਂ ਸ਼ਰਤ ਮਦਦ ਦਾ ਐਲਾਨ ਆਇਆ। ਇਹ ਐਲਾਨ ਅਚਾਨਕ ਹੀ ਨਹੀਂ ਸੀ ਹੋਇਆ। ਫਤਹਿ ਸਿੰਘ ਦੇ ਸਾਥੀ ਗੁਰਨਾਮ ਸਿੰਘ ਦੇ ਪਿੱਛੇ ਪੈ-ਪੈ ਕੇ ਕੋਸ਼ਿਸ਼ਾਂ ਕਰਦੇ ਰਹੇ ਸਨ।

ਇਨ੍ਹਾਂ ਦਿਨਾਂ ਵਿਚ ਗੁਰਦਾਸਪੁਰ ਦੀ ਲੋਕ ਸਭਾ ਦੀ ਸੀਟ ਦੀ ਚੋਣ ਆ ਗਈ। ਪ੍ਰਬੋਧ (ਕਾਂਗਰਸ) ਦੇ ਮੁਕਾਬਲੇ ਕ੍ਰਿਸ਼ਨ ਨਾਲ (ਜਨਸੰਘ), ਸਪੈਰੋ (ਗੁਰਨਾਮ ਸਿੰਘ ਗਰੁਪ) ਅਤੇ ਅਮਰਬੀਰ ਸਿੰਘ ਬਾਜਵਾ (ਫਤਹਿ ਸਿੰਘ) ਚਾਰ ਉਮੀਦਵਾਰ ਸਨ। ਪ੍ਰਬੋਧ ਨੇ ਸਪੈਰੋ ਨੂੰ 98437 ਵੋਟਾਂ ਤੇ ਹਰਾਇਆ। ਜਨਸੰਘ ਅਤੇ ਫਤਹਿ ਸਿੰਘ ਦੇ ਉਮੀਦਵਾਰ ਜ਼ਮਾਨਤਾਂ ਵੀ ਨਾ ਬਚਾ ਸਕੇ। ਇਸ ਤੋਂ ਬਿਨਾਂ 2 ਅਸੈਂਬਲੀ ਹਲਕਿਆਂ ਦੀਆਂ ਚੋਣਾਂ ਵੀ 20 ਦਸੰਬਰ 1970 ਨੂੰ ਹੋਣੀਆਂ ਸਨ। ਚੋਣਾਂ ਵਿਚ ਅਨੰਦਪੁਰ ਦੀ ਸੀਟ ਜ਼ੈਲ ਸਿੰਘ (ਕਾਂਗਰਸੀ) ਅਤੇ ਡਕਾਲਾ ਸੀਟ ਅਕਾਲੀ ਦਲ ਨੇ ਜਿੱਤੀ। ਬਾਦਲ ਨੇ ਜ਼ੈਲ ਸਿੰਘ ਦੀ ਮਦਦ ਕੀਤੀ ਤੇ ਜ਼ੈਲ ਸਿੰਘ 1169 ਵੋਟਾਂ 'ਤੇ ਜਿੱਤ ਗਿਆ। ਇਸ ਤਰ੍ਹਾਂ ਅਸੈਂਬਲੀ ਵਿਚ ਹੁਣ 104 ਵਿਚੋਂ 56 ਅਕਾਲੀ (ਸਪੀਕਰ, ਡਿਪਟੀ ਸਪੀਕਰ ਛੱਡ ਕੇ), ਕਾਂਗਰਸ 29, ਜਨਸੰਘ 7, ਸੀ.ਪੀ.ਆਈ. 4, ਐਸ.ਐਸ.ਪੀ. 2, ਸੀ.ਪੀ.ਐਮ. 2, ਪੀ.ਐਸ.ਪੀ. 1, ਤੇ ਅਜ਼ਾਦ 1 ਮੈਂਬਰ ਸਨ।

ਲੋਕ ਸਭਾ ਚੋਣਾਂ ਵਿਚ ਅਕਾਲੀਆਂ ਦੀ ਜ਼ਬਰਦਸਤ ਹਾਰ

ਮਾਰਚ 1971 ਵਿਚ ਲੋਕ ਸਭਾ ਦੀਆਂ ਚੋਣਾਂ ਆ ਗਈਆਂ। ਅਕਾਲੀ ਦਲ ਨੇ ਬਹੁਤ ਕੋਸ਼ਿਸ਼ ਕੀਤੀ ਕਿ ਮਦਰਾਸ ਵਿਚ ਡੀ.ਐਮ.ਕੇ. ਵਾਂਗ ਪੰਜਾਬ ਵਿਚ ਉਨ੍ਹਾਂ ਨਾਲ ਕਾਂਗਰਸ ਦਾ ਸਮਝੌਤਾ ਹੋ ਜਾਵੇ, ਪਰ ਇਸ ਪਲਾਨ ਵਿਚ ਕਾਮਯਾਬੀ ਨਾ ਮਿਲੀ। ਇਸ 'ਤੇ ਅਕਾਲੀਆਂ ਨੇ ਇਕੱਲੇ ਚੋਣਾਂ ਲੜਨ ਦਾ ਪ੍ਰੋਗਰਾਮ ਬਣਾ ਲਿਆ।

5 ਮਾਰਚ 1971 ਨੂੰ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜੇ 12 ਮਾਰਚ ਨੂੰ

WWW.SIKHBOOKCLUB.COM

ਨਿਕਲੇ। ਅਕਾਲੀ 13 'ਚੋਂ ਸਿਰਫ਼ 1 ਸੀਟ ਜਿੱਤ ਸਕੇ। ਕਾਂਗਰਸ ਨੂੰ 10 ਤੇ ਸੀ.ਪੀ.ਆਈ. ਨੂੰ 2 ਸੀਟਾਂ ਮਿਲੀਆਂ। ਅਸੈਂਬਲੀ ਦੇ 77 ਹਲਕਿਆਂ 'ਚੋਂ ਕਾਂਗਰਸ ਨੂੰ ਤੇ 29 ਹਲਕਿਆਂ 'ਚੋਂ ਅਕਾਲੀਆਂ ਨੂੰ ਅਕਸਰੀਅਤ ਮਿਲੀ। ਇਸ ਤੋਂ ਸਾਫ਼ ਜ਼ਾਹਿਰ ਸੀ ਕਿ ਆਉਂਦੀਆਂ ਅਸੈਂਬਲੀ ਚੋਣਾਂ 'ਚ ਸਰਕਾਰ ਕਾਂਗਰਸ ਦੀ ਹੀ ਬਣਨੀ ਸੀ।

ਇਨ੍ਹਾਂ ਦਿਨਾਂ ਵਿਚ ਤਰਲੋਚਨ ਸਿੰਘ ਰਿਆਸਤੀ (ਸਟੇਟ ਵਜ਼ੀਰ) ਨੇ ਅਕਾਲੀਆਂ 'ਤੇ ਦੋਸ਼ ਲਾਇਆ ਕਿ ਉਹ ਸਿਰਫ਼ ਸਰਮਾਏਦਾਰਾਂ ਦੇ ਹੱਥਾਂ ਵਿਚ ਖੇਡ ਰਹੇ ਹਨ। ਉਸ ਨੇ ਅਕਾਲੀਆਂ ਵਲੋਂ ਕੀਤੀ ਜਾ ਰਹੀ ਕੁਰਪਸ਼ਨ ਦੀ ਜਾਂਚ ਦੀ ਮੰਗ ਕੀਤੀ। ਇਸ 'ਤੇ ਅਕਾਲੀ ਦਲ ਨੇ ਉਸ ਨੂੰ 'ਕਾਰਨ ਦੱਸੋ' ਨੋਟਿਸ ਜਾਰੀ ਕੀਤੇ। ਗੁਰਨਾਮ ਸਿੰਘ, ਜੋ ਪਾਰਲੀਮੈਂਟਰੀ ਬੋਰਡ ਦਾ ਪ੍ਰਧਾਨ ਸੀ, ਨੇ ਇਸ ਨੋਟਿਸ ਦੀ ਮੁਖ਼ਾਲਫ਼ਤ ਕੀਤੀ। ਇਸੇ ਤਰ੍ਹਾਂ ਕਈ ਅਕਾਲੀ ਐਮ.ਐਲ.ਏ. ਵੀ ਵਜ਼ੀਰੀਆਂ ਵੀ ਮੰਗ ਰਹੇ ਸਨ ਹਾਲਾਂਕਿ 25 ਵਜ਼ੀਰ ਤੇ 2 ਪਾਰਲੀਮੈਂਟਰੀ ਸੈਕਟਰੀ ਪਹਿਲੋਂ ਹੀ ਬਣ ਚੁੱਕੇ ਸਨ। ਚੰਨਣ ਸਿੰਘ ਨੇ ਕਾਂਗਰਸ ਚੋਂ ਅਕਾਲੀ ਦਲ ਵਿਚ ਆਏ ਸੁਰਿੰਦਰ ਕੈਰੋਂ ਨੂੰ ਵਜ਼ੀਰ ਬਣਾਉਣ ਦਾ ਵੀ ਵਾਅਦਾ ਕੀਤਾ ਹੋਇਆ ਸੀ। ਪਰ ਇਹ ਸਕੀਮ ਵੀ ਪੂਰੀ ਨਾ ਹੋਈ ਅਤੇ ਸੁਰਿੰਦਰ ਕੈਰੋਂ ਦਾ ਧੜਾ ਵੀ ਬਾਗ਼ੀ ਹੋਣ ਲਈ ਤਿਆਰ ਹੋ ਗਿਆ।

ਬਾਦਲ ਦੇ ਖ਼ਿਲਾਫ਼ ਕੁਰਪਸ਼ਨ ਦੇ ਦੋਸ਼ ਤੇ ਸਰਕਾਰ ਟੁੱਟਣਾ

ਇਨ੍ਹੀਂ ਦਿਨੀਂ ਤਰਲੋਚਨ ਸਿੰਘ ਤੇ ਕਈ ਹੋਰ ਐਮ.ਐਲ.ਏ. ਵਜ਼ਾਰਤ ਛੋਟੀ ਕਰਨ ਦੀ ਮੰਗ ਕਰ ਰਹੇ ਸਨ। ਗੁਰਨਾਮ ਸਿੰਘ ਵੀ ਅੰਦਰੋਂ ਅੰਦਰ ਰਿਆਸਤੀ ਦੀ ਹਿਮਾਇਤ ਕਰ ਰਿਹਾ ਸੀ। ਰਿਆਸਤੀ ਤੇ ਗੁਰਨਾਮ ਸਿੰਘ ਨਾਲ 11-12 ਐਮ.ਐਲ.ਏਜ਼. ਸਨ। ਰਿਆਸਤੀ, ਕਾਂਗਰਸ, ਗੁਰਨਾਮ ਸਿੰਘ ਅਤੇ ਬਾਗ਼ੀ ਅਕਾਲੀਆਂ ਦੀ ਮਦਦ ਨਾਲ ਵਜ਼ਾਰਤ ਬਣਾਉਣ ਲਈ ਜ਼ੋਰ ਲਾ ਰਿਹਾ ਸੀ। ਇਸ ਮਾਹੌਲ ਵਿਚ 12 ਜੂਨ 1971 ਨੂੰ ਰਿਆਸਤੀ ਨੇ ਵਜ਼ਾਰਤ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਮੈਂ ਅਕਾਲੀ ਦਲ ਤੋਂ ਅਸਤੀਫ਼ਾ ਨਹੀਂ ਦਿੱਤਾ। ਇਸੇ ਸ਼ਾਮ ਨੂੰ ਬਾਦਲ ਨੇ ਗਵਰਨਰ ਨੂੰ ਅਸੈਂਬਲੀ ਤੋੜਨ ਦੀ ਸਿਫ਼ਾਰਸ਼ ਕਰ ਦਿੱਤੀ ਕਿਉਂਕਿ ਉਸ ਨੂੰ ਗੁਰਨਾਮ ਸਿੰਘ ਦੇ ਪਾਸਾ ਪਲਟਨ ਦਾ ਫਿਰ ਖ਼ਤਰਾ ਮਹਿਸੂਸ ਹੋ ਰਿਹਾ ਸੀ। ਕਾਂਗਰਸੀ ਆਗੂ ਵੀ ਏਸ ਗੱਲ ਦੇ ਹੱਕ ਵਿਚ ਸਨ ਕਿ ਅਸੈਂਬਲੀ ਤੋੜ ਦਿੱਤੀ ਜਾਵੇ। ਅਗਲੇ ਦਿਨ 13 ਜੂਨ 1971 ਨੂੰ ਬਾਦਲ ਨੇ ਲਿਖਤੀ ਤੌਰ ਤੇ ਅਸਤੀਫ਼ਾ ਦੇ ਕੇ ਗਵਰਨਰ ਨੂੰ ਮਿਲਿਆ ਤੇ ਅਸੈਂਬਲੀ ਤੋੜ ਕੇ ਨਵੀਆਂ ਚੋਣਾਂ ਕਰਵਾਉਣ ਦੀ ਮੰਗ ਕੀਤੀ। ਗਵਰਨਰ ਨੇ ਅਸੈਂਬਲੀ ਤੋੜਨ ਦੀ ਸਿਫ਼ਾਰਸ਼ ਮੰਨ ਲਈ। ਇਸ ਤਰ੍ਹਾਂ ਪੰਜਾਬ ਵਿਚ ਚੌਥੀ ਅਕਾਲੀ ਵਜ਼ਾਰਤ ਖ਼ਤਮ ਹੋ ਗਈ ਤੇ ਪੰਜਾਬ ਵਿਚ ਗਵਰਨਰੀ ਰਾਜ ਹੋ ਗਿਆ। ਇਸੇ ਦਿਨ ਸ਼ਾਮ ਵੇਲੇ ਗੁਰਨਾਮ ਸਿੰਘ ਪੰਜ ਅਕਾਲੀ ਐਮ.ਐਲ.ਏਜ਼. ਸਮੇਤ ਅਕਾਲੀ ਦਲ ਛੱਡ ਗਿਆ ਪਰ ਉਸ ਦੀ ਦੋਬਾਰਾ ਮੁਖ ਮੰਤਰੀ ਬਣਨ ਦੀ ਖ਼ਾਹਿਸ਼ ਪੂਰੀ ਨਾ ਹੋਈ।

WWW.SIKHBOOKCLUB.COM

13 ਜੂਨ 1971 ਨੂੰ ਬਾਦਲ ਵਜ਼ਾਰਤ ਖ਼ਤਮ ਹੋਈ। 5 ਜੁਲਾਈ ਨੂੰ ਸੱਤ ਪਾਲ ਡਾਂਗ (ਸੀ.ਪੀ.ਆਈ.) ਨੇ ਬਾਦਲ ਦੇ ਖ਼ਿਲਾਫ਼ 33 ਇਲਜ਼ਾਮ ਲਾ ਕੇ ਗਵਰਨਰ ਨੂੰ ਮੈਮੋਰੰਡਮ ਦਿੱਤਾ। 31 ਜੁਲਾਈ ਨੂੰ 21 ਹੋਰ ਇਲਜ਼ਾਮਾਂ ਬਾਰੇ ਇਕ ਹੋਰ ਮੈਮੋਰੰਡਮ ਵੀ ਦਿੱਤਾ ਗਿਆ। 20 ਜੁਲਾਈ ਨੂੰ ਤਰਲੋਚਨ ਸਿੰਘ ਰਿਆਸਤੀ ਨੇ 46 ਇਲਜ਼ਾਮਾਂ ਦਾ ਮੈਮੋਰੰਡਮ ਰਾਸ਼ਟਰਪਤੀ ਨੂੰ ਭੇਜਿਆ। (ਮਗਰੋਂ, ਪੰਜਾਬ ਕਾਂਗਰਸ ਦੇ ਇਸ ਵੇਲੇ ਦੇ ਪ੍ਰਧਾਨ ਨਿਰੰਜਨ ਸਿੰਘ ਤਾਲਿਬ ਨੇ ਇਕ ਬਿਆਨ ਵਿਚ ਕਿਹਾ ਕਿ ਤਰਲੋਚਨ ਸਿੰਘ ਨੂੰ ਇੰਦਰਾ ਗਾਂਧੀ ਦੇ ਕਹਿਣ 'ਤੇ ਚੋਖੀ ਰਕਮ ਦੇ ਕੇ ਬਾਦਲ ਦੀ ਸਰਕਾਰ ਤੁੜਵਾਈ ਗਈ ਸੀ (ਸਪੋਕਸਮੈਨ ਵੀਕਲੀ, 23 ਅਪ੍ਰੈਲ 1973)।

ਵਿਜੀਲੈਂਸ ਦੇ ਡਾਇਰੈਕਟਰ ਨੇ ਗਵਰਨਰ ਨੂੰ ਦੱਸਿਆ ਕਿ (5 ਜੁਲਾਈ ਵਾਲੇ ਮੈਮੋਰੰਡਮ 'ਚੋਂ) 11 ਦੋਸ਼ਾਂ ਬਾਰੇ ਪ੍ਰੀਮਾ ਫ਼ੇਸਾਈ ਕੇਸ ਬਣਦਾ ਹੈ। ਅਖ਼ੀਰ ਅਕਤੂਬਰ 1971 ਵਿਚ ਸਤਪਾਲ ਡਾਂਗ, ਰਿਆਸਤੀ ਅਤੇ ਹੋਰਾਂ ਵੱਲੋਂ ਲਾਏ ਦੋਸ਼ਾਂ ਦੀ ਜਾਂਚ ਵਾਸਤੇ ਸੈਂਟਰ ਸਰਕਾਰ ਨੇ 'ਦੁਰਗਾ ਸ਼ੰਕਰ ਦਵੇ' ਜਾਂਚ ਕਮਿਸ਼ਨ ਬਣਾ ਦਿੱਤਾ। ਇਸ ਕਮਿਸ਼ਨ ਨੇ ਆਪਣਾ ਕੰਮ ਛੇਤੀ ਹੀ ਸ਼ੁਰੂ ਕਰ ਦਿੱਤਾ।

ਪ੍ਰਕਾਸ਼ ਸਿੰਘ ਬਾਦਲ ਦੇ ਅਹਿਦ ਵਿਚ ਦੋ ਗੱਲਾਂ ਖ਼ਾਸ ਹੋਈਆ ਸਨ: ਇਕ ਤਾਂ ਉਸ ਨੇ ਬਹੁਤ ਸਾਰੇ ਨਕਸਲੀ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਕੇ ਨਕਲੀ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾਇਆ ਸੀ; ਤੇ ਦੂਜਾ ਉਸ ਨੇ ਕੁਰਪਸ਼ਨ ਦਾ ਨਵਾਂ ਦੌਰ ਸ਼ੁਰੂ ਕਰ ਦਿੱਤਾ ਸੀ ਜਿਸ ਨੇ ਮੁੜ ਕੇ ਥੰਮਣ ਦਾ ਨਾਂ ਹੀ ਨਹੀਂ ਲਿਆ। ਪੰਜਾਬ ਦੀ ਸਿਆਸਤ ਵਿਚ ਕੁਰਪਸ਼ਨ ਬਾਦਲ ਦੇ 1970-71 ਵਾਲੇ ਅਹਿਦ ਦੀ ਸ਼ੁਰੂਆਤ ਹੈ ਤੇ ਇਸ ਮਗਰੋਂ ਉਸ ਦਾ ਨਿਸ਼ਾਨਾ ਸਰਕਾਰ 'ਤੇ ਕਾਬਜ਼ ਹੋ ਕੇ ਦੌਲਤ ਕਮਾਉਣਾ ਬਣ ਗਿਆ। ਇਕ ਕਾਬਲੇ-ਜ਼ਿਕਰ ਗੱਲ ਇਹ ਵੀ ਹੈ ਕਿ ਇਸ ਦੌਰਾਨ ਬਾਦਲ ਨੇ ਕਾਂਗਰਸ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਵੀ ਕੀਤੀ ਤਾਂ ਜੋ ਕਾਂਗਰਸ ਉਸ ਨੂੰ ਪੰਜਾਬ ਸੌਂਪ ਦੇਵੇ ਤੇ ਬਦਲੇ ਵਿਚ ਉਹ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਕਾਂਗਰਸ ਨੂੰ ਦੇ ਦੇਣਗੇ। ਬਾਦਲ ਦੀ ਮਦਦ ਗਿਆਨ ਸਿੰਘ ਰਾੜੇਵਾਲਾ ਤੇ ਜ਼ੈਲ ਸਿੰਘ ਨੇ ਕੀਤੀ ਪਰ ਗੁਰਚਰਨ ਸਿੰਘ ਟੌਹੜਾ ਤੇ ਗੁਰਨਾਮ ਸਿੰਘ ਨੇ ਅਕਾਲੀ ਦਲ ਵਿਚ ਤੇ ਦਰਬਾਰਾ ਸਿੰਘ ਨੇ ਕਾਂਗਰਸ ਵਿਚ ਇਸ ਦਾ ਰੱਜ ਕੇ ਵਿਰੋਧ ਕੀਤਾ।

ਦਿੱਲੀ ਦੇ ਗੁਰਦੁਆਰਿਆਂ 'ਤੇ ਕਬਜ਼ੇ ਵਾਸਤੇ ਮੋਰਚਾ

ਪੰਜਾਬ ਵਿਚ ਅਗਲੀਆਂ ਚੋਣਾਂ ਮਾਰਚ 1972 ਵਿਚ ਹੋਣੀਆਂ ਸਨ। ਅਗਲੇ ਪੰਜ ਮਹੀਨੇ ਬਿਨਾਂ ਕਿਸੇ ਖ਼ਾਸ ਘਟਨਾ ਦੇ ਬੀਤ ਜਾਣ ਦੀ ਆਸ ਸੀ ਪਰ ਅਕਾਲੀ ਸਿਆਸਤ ਦਾ ਰੁੱਖ ਪੰਜਾਬ ਤੋਂ ਦਿੱਲੀ ਵੱਲ ਹੋ ਗਿਆ। ਦਿੱਲੀ ਵਿਚ ਜਥੇਦਾਰ ਸੰਤੋਖ ਸਿੰਘ ਦਾ ਉੱਥੋਂ ਦੇ ਗੁਰਦੁਆਰਿਆਂ ਤੇ ਕਬਜ਼ਾ ਸੀ। ਜਥੇਦਾਰ ਸੰਤੋਖ ਸਿੰਘ ਉਨ੍ਹੀਂ ਦਿਨੀਂ ਫਤਹਿ ਸਿੰਘ ਦੇ ਵਧੇਰੇ ਨੇੜੇ ਸੀ। ਦੂਜੇ ਪਾਸੇ ਦਿੱਲੀ ਦੇ ਅਕਾਲੀ ਪੰਜਾਬ ਦੇ ਅਕਾਲੀਆਂ ਦਾ ਦਿੱਲੀ ਦੇ ਗੁਰਦੁਆਰਿਆਂ ਤੇ ਕਬਜ਼ਾ ਪਸੰਦ ਨਹੀਂ ਕਰਦੇ ਸੀ। ਦਿੱਲੀ

WWW.SIKHBOOKCLUB.COM

ਅਕਾਲੀ ਦਲ 'ਚ ਵੀ ਦੋ ਧੜੇ ਸਨ। ਜਥੇਦਾਰ ਸੰਤੋਖ ਸਿੰਘ ਦਾ ਵੱਡਾ ਮੁਖ਼ਾਲਿਫ਼ ਰਛਪਾਲ ਸਿੰਘ ਸੀ। ਬੀਬੀ ਨਿਰਲੇਪ ਕੌਰ ਸਾਬਕ ਐਮ.ਪੀ. ਵੀ ਦਿੱਲੀ ਵਿਚ ਡੇਰਾ ਲਾਈ ਬੈਠੀ ਸੀ। ਆਖ਼ਿਰ ਗਿਣੀ-ਮਿੱਥੀ ਸਕੀਮ ਅਨੁਸਾਰ ਫਤਹਿ ਸਿੰਘ ਦੇ ਮੁਖ਼ਾਲਿਫ਼ ਗਰੁਪਾਂ ਨੇ ਮਿਲ ਕੇ ਮਈ 1971 ਵਿਚ ਗੁਰਦੁਆਰਾ ਸੀਸ ਗੰਜ 'ਤੇ ਕਬਜ਼ਾ ਕਰ ਲਿਆ ਅਤੇ ਗੁਰਦੁਆਰਿਆਂ ਨੂੰ ਅੰਦਰੋਂ ਤਾਲੇ ਮਾਰ ਲਏ। ਇਹ ਕਬਜ਼ਾ ਸਰਕਾਰ ਦੇ ਦਖ਼ਲ ਦੇਣ 'ਤੇ ਖ਼ਤਮ ਹੋਇਆ ਤੇ ਸਰਕਾਰ ਨੇ ਇਕ ਪੰਜ ਮੈਂਬਰੀ ਬੋਰਡ ਬਣਾ ਕੇ ਅਰਡੀਨੈਂਸ ਰਾਹੀਂ ਕਬਜ਼ਾ ਉਸ ਨੂੰ ਸੌਂਪ ਦਿੱਤਾ। ਫਤਹਿ ਸਿੰਘ ਨੇ ਇਸ ਦੀ ਮੁਖ਼ਾਲਫ਼ਤ ਕੀਤੀ ਤੇ ਦਿੱਲੀ ਦੇ ਗੁਰਦੁਆਰੇ 'ਆਜ਼ਾਦ ਕਰਵਾਉਣ ਲਈ' ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਫਤਹਿ ਸਿੰਘ 21 ਜੁਲਾਈ 1971 ਨੂੰ 101 ਸਿੱਖਾਂ ਦਾ ਜਥਾ ਲੈ ਕੇ 45 ਥਾਂਵਾਂ ਦਾ ਚੱਕਰ ਲਾ ਕੇ ਦਿੱਲੀ ਪਹੁੰਚਣ ਵਾਸਤੇ ਅੰਮ੍ਰਿਤਸਰ ਤੋਂ ਚਲ ਪਿਆ। ਇਹ ਜਥਾ 15 ਅਗਸਤ ਨੂੰ ਦਿੱਲੀ ਪਹੁੰਚਣਾ ਸੀ। 15 ਅਗਸਤ ਨੂੰ ਨਰੇਲਾ (ਹਰਿਆਣਾ) ਤੋਂ ਫਤਹਿ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਗੁ: ਬੁੱਢਾ ਜੋਹੜ (ਰਾਜਿਸਥਾਨ) ਵਿਚ ਲਿਜਾ ਕੇ ਛੱਡ ਦਿੱਤਾ ਗਿਆ। ਇਸ ਮਗਰੋਂ ਵੀ ਅਕਾਲੀਆਂ ਨੇ ਜਥੇ ਭੇਜਣੇ ਜਾਰੀ ਰੱਖੇ। 13 ਅਕਤੂਬਰ ਤੱਕ 7456 ਅਕਾਲੀ ਗ੍ਰਿਫ਼ਤਾਰੀਆਂ ਦੇ ਚੁੱਕੇ ਸਨ। ਇਸ ਮਗਰੋਂ ਅਕਾਲੀ ਦਲ ਨੇ ਪਾਰਲੀਮੈਂਟ ਦੇ ਬਾਹਰ ਮੁਜ਼ਾਹਰਾ ਕਰਨ ਦਾ ਐਲਾਨ ਕਰ ਕੀਤਾ ਅਤੇ ਦਫ਼ਾ 144 ਤੋੜ ਕੇ 1949 ਗ੍ਰਿਫ਼ਤਾਰੀਆਂ ਦਿੱਤੀਆਂ। ਅਖ਼ੀਰ ਮੋਰਚਾ ਠੰਡਾ ਪੈਣਾ ਸ਼ੁਰੂ ਹੋ ਗਿਆ। ਇਨ੍ਹਾਂ ਦਿਨਾਂ ਵਿਚ ਹੀ ਪਾਕਿਸਤਾਨ ਨਾਲ ਜੰਗ ਸ਼ੁਰੂ ਹੋ ਗਈ। 3 ਦਸੰਬਰ ਨੂੰ ਜੰਗ ਸ਼ੁਰੂ ਹੋਈ ਤੇ ਅਕਾਲੀ ਦਲ ਨੇ ਜੰਗ ਦੇ ਬਹਾਨੇ ਨਾਲ 6 ਦਸੰਬਰ 1971 ਨੂੰ ਮੋਰਚਾ ਬੰਦ ਕਰ ਦਿੱਤਾ। ਉਧਰ ਸਰਕਾਰ ਨੇ ਵੀ ਸਾਰੇ ਗ੍ਰਿਫ਼ਤਾਰ ਅਕਾਲੀ ਰਿਹਾ ਕਰ ਦਿੱਤੇ। ਇਸ ਤਰ੍ਹਾਂ ਕੁਝ ਹਾਸਿਲ ਕੀਤੇ ਬਿਨਾਂ ਫਤਹਿ ਸਿੰਘ ਦਾ ਇਹ ਮੋਰਚਾ ਖ਼ਤਮ ਹੋ ਗਿਆ।

ਜੰਗ ਖ਼ਤਮ ਹੋਣ ਮਗਰੋਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਦਾ ਐਲਾਨ ਹੋ ਗਿਆ। 12 ਮਾਰਚ 1971 ਨੂੰ ਚੋਣਾਂ ਹੋਈਆਂ। ਕਾਂਗਰਸ ਤੇ ਸੀ.ਪੀ.ਆਈ. ਨੇ ਰਲ ਕੇ ਚੋਣਾਂ ਲੜੀਆਂ। 13 ਮਾਰਚ ਨੂੰ ਸਾਰੀਆਂ ਸੀਟਾਂ ਦੇ ਨਤੀਜੇ ਨਿਕਲ ਗਏ। ਕਾਂਗਰਸ ਦੇ 66, ਅਕਾਲੀ ਦਲ ਦੇ 24, ਸੀ.ਪੀ.ਆਈ. ਦੇ 10, ਸੀ.ਪੀ.ਐਮ. ਦਾ 1 ਤੇ ਤਿੰਨ ਅਜ਼ਾਦ ਉਮੀਦਵਾਰ ਕਾਮਯਾਬ ਹੋਏ। 17 ਮਾਰਚ 1972 ਦੇ ਦਿਨ ਜ਼ੈਲ ਸਿੰਘ ਪੰਜਾਬ ਦਾ ਚੀਫ਼ ਮਨਿਸਟਰ ਬਣ ਗਿਆ। ਚਾਰ ਸਾਲ ਦੇ ਕਰੀਬ ਹਕੂਮਤ ਵਿਚ ਰਹਿਣ, ਤੇ ਚਾਰ ਵਾਰ ਚੀਫ਼ ਮਨਿਸਟਰ ਬਦਲਣ ਪਿੱਛੋਂ ਅਕਾਲੀ ਇਕ ਵਾਰ ਫੇਰ ਅਪੋਜ਼ੀਸ਼ਨ ਵਿਚ ਆ ਗਏ। ਜ਼ੈਲ ਸਿੰਘ ਨੇ ਚੀਫ਼ ਮਨਿਸਟਰ ਬਣਨ ਮਗਰੋਂ ਅਕਾਲੀਆਂ ਤੋਂ ਸਿੱਖ ਅਜੰਡਾ ਖੋਹਣ ਵਾਸਤੇ 10 ਤੋਂ 13 ਅਪ੍ਰੈਲ ਤਕ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਜਲੂਸ ਕੱਢਿਆ (ਹਾਲਾਂ ਕਿ ਇਸ ਮਾਰਗ ਦਾ ਬਹੁਤਾ ਹਿੱਸਾ ਲਛਮਣ ਸਿੰਘ ਗਿੱਲ ਤੇ ਦੂਜੀਆਂ ਅਕਾਲੀ ਸਰਕਾਰਾਂ ਨੇ ਬਣਾਇਆ ਸੀ)। ਉਂਵ ਜ਼ੈਲ ਸਿੰਘ ਨੇ 1975 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਤੀਜੀ

WWW.SIKHBOOKCLUB.COM

ਸ਼ਤਾਬਦੀ ਵੀ ਮਨਾਈ। ਪਰ ਇਸੇ ਚੀਫ਼ ਮਨਿਸਟਰ ਦੇ ਹੁੰਦਿਆਂ ਇੰਦਰਾ ਨੇ ਪੰਜਾਬ ਦੇ ਪਾਣੀ ਖੋਹਣ 'ਤੇ ਪਹਿਲੀ ਵੱਡੀ ਮੋਹਰ ਲਾਈ। 25 ਮਾਰਚ 1976 ਦੇ ਦਿਨ (ਐਮਰਜੰਸੀ ਦੌਰਾਨ) ਇੰਦਰਾ ਨੇ ਪੰਜਾਬ ਦੇ ਪਾਣੀਆਂ ਦਾ 75% ਹਿੱਸਾ ਖੋਹ ਲਿਆ। ਪੰਜਾਬ ਦੇ 15.92 ਮਿਲੀਅਨ ਏਕੜ ਫ਼ੀਲਡਜ਼ (ਐਮ.ਏ.ਐਫ਼.) ਪਾਣੀ ਵਿਚੋਂ ਪੰਜਾਬ ਨੂੰ ਸਿਰਫ਼ 3.5, ਹਰਿਆਣਾ ਨੂੰ ਵੀ 3.5, ਰਾਜਸਥਾਨ ਨੂੰ 8.9 ਤੇ ਦਿੱਲੀ ਨੂੰ .2 ਐਮ.ਏ.ਐਫ਼. ਪਾਣੀ ਅਲਾਟ ਕੀਤਾ ਗਿਆ। ਇਹ ਸੀ ਇੰਦਰਾ ਗਾਂਧੀ ਦੀ ਪੰਜਾਬ ਤੇ ਸਿੱਖ ਦੁਸ਼ਮਣੀ ਦਾ ਸ਼ਰੇਆਮ ਇਜ਼ਹਾਰ।

ਫ਼ਤਹਿ ਸਿੰਘ ਦਾ ਜ਼ਵਾਲ ਅਤੇ ਨਵੀਂ ਲੀਡਰਸ਼ਿਪ

ਮਾਰਚ 1972 ਦੀਆਂ ਅਸੈਂਬਲੀ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਜ਼ਬਰਦਸਤ ਹਾਰ ਨਾਲ ਅਕਾਲੀ ਆਗੂਆਂ ਅਤੇ ਵਰਕਰਾਂ ਵਿਚ ਨਮੋਸ਼ੀ ਆਉਣੀ ਲਾਜ਼ਮੀ ਸੀ। ਅਕਾਲੀ ਦਲ ਵਲੋਂ ਪੰਜਾਬ ਦੀ ਖ਼ੁਸ਼ਹਾਲੀ ਵਿਚ ਜਮ੍ਹਾਂ--ਪੱਖੀ ਰੋਲ ਅਦਾ ਕੀਤੇ ਜਾਣ ਦੇ ਬਾਵਜੂਦ ਅਕਾਲੀ ਦਲ ਦੀ ਹਾਰ ਦਾ ਕਾਰਨ ਵਰਕਰਾਂ ਦਾ ਪੁਰਾਣੀ ਲੀਡਰਸ਼ਿਪ ਤੋਂ ਯਕੀਂ ਉਠ ਚੁਕਿਆ ਸੀ। ਉਹ ਮਹਿਸੂਸ ਕਰਦੇ ਸਨ ਕਿ ਇਹ ਆਗੂ ਕੌਮ ਦਾ ਕੁਝ ਨਹੀਂ ਸੰਵਾਰ ਸਕਦੇ। ਆਮ ਅਕਾਲੀ ਵਰਕਰ ਚਾਹੁੰਦਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਨੌਜਵਾਨ ਆਗੂਆਂ ਕੋਲ ਹੋਣੀ ਚਾਹੀਦੀ ਹੈ। ਕੁਝ ਅਕਾਲੀ ਆਗੂਆਂ ਨੇ ਚੋਣਾਂ ਵਿਚ ਹੋਈ ਹਾਰ ਨੂੰ ਫ਼ਤਹਿ ਸਿੰਘ ਦੀ ਲੀਡਰਸ਼ਿਪ ਦੀ ਹਾਰ ਆਖ ਕੇ ਉਸ ਤੋਂ ਅਸਤੀਫ਼ੇ ਦੀ ਮੰਗ ਕੀਤੀ, 17 ਮਾਰਚ 1972 ਦੇ ਦਿਨ ਨੌਜਵਾਨ ਆਗੂ ਗੁਰਚਰਨ ਸਿੰਘ ਟੌਹੜਾ ਨੇ ਫ਼ਤਹਿ ਸਿੰਘ ਤੋਂ ਮੰਗ ਕੀਤੀ ਉਹ ਸਰਗਰਮ ਸਿਆਸਤ ਤੋਂ ਪਿੱਛੇ ਹਟ ਜਾਵੇ। ਮਜਬੂਰ ਹੋ ਕੇ 19 ਮਾਰਚ ਨੂੰ ਫ਼ਤਹਿ ਸ਼ਾਹਿਬ ਨੇ ਸਿਆਸਤ ਛੱਡਣ ਦਾ ਐਲਾਨ ਕਰ ਦਿੱਤਾ। ਉਸ ਨੇ 25 ਮਾਰਚ ਨੂੰ ਮੋਹਣ ਸਿੰਘ ਤੁੜ ਨੂੰ ਅਕਾਲੀ ਦਲ ਦਾ ਐਕਟਿੰਗ ਪ੍ਰਧਾਨ ਬਣਾ ਦਿੱਤਾ। ਮਗਰੋਂ 11 ਅਕਤੂਬਰ ਦੇ ਦਿਨ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਇਜਲਾਸ ਨੇ ਤੁੜ ਨੂੰ ਰਸਮੀ ਤੌਰ 'ਤੇ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ।

ਫ਼ਤਹਿ ਸਿੰਘ ਤੇ ਚੰਨਣ ਸਿੰਘ ਦੀ ਮੌਤ

ਫ਼ਤਹਿ ਸਿੰਘ ਨੂੰ ਆਸ ਸੀ ਕਿ ਜਨਰਲ ਇਜਲਾਸ 'ਚ ਉਸ ਨੂੰ ਸਰਪ੍ਰਸਤ, ਚੇਅਰਮੈਨ ਜਾਂ ਕੁਝ ਅਜਿਹਾ 'ਰਸਮੀ ਸਨਮਾਨ' ਜ਼ਰੂਰ ਦਿੱਤਾ ਜਾਏਗਾ, ਪਰ ਜਦੋਂ ਅਜਿਹਾ ਕੁਝ ਨਾ ਹੋਇਆ ਤਾਂ ਫ਼ਤਹਿ ਸਿੰਘ ਨੂੰ ਬੜਾ ਸਦਮਾ ਲਗਾ। ਇਸ ਬੇਇਜ਼ਤੀ ਨੇ ਉਸ ਦਾ ਦਿਲ ਤੋੜ ਦਿੱਤਾ। ਇਸ ਵੇਲੇ ਉਹ ਇਕ ਨਿੰਮੋਝੂਣਾ, ਉਦਾਸ, ਹਾਰਿਆ ਹੋਇਆ, ਬੇਬਸ, ਮੁਰਝਾਇਆ, ਬੇਦਿਲ, ਬੇਜਾਨ ਤੇ ਬਦਨਾਮ ਸ਼ਖ਼ਸ ਸੀ। ਇਸ ਹਾਲਤ ਵਿਚ ਉਹ 20 ਦਿਨ ਵੀ ਨਾ ਕੱਢ ਸਕਿਆ। 30 ਅਕਤੂਬਰ ਦੇ ਦਿਨ ਉਸ ਦੀ ਮੌਤ ਹੋ ਗਈ। ਉਸ ਦਾ ਯਾਰ, ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੰਨਣ ਸਿੰਘ ਵੀ, ਉਸ ਤੋਂ 24 ਦਿਨ ਮਗਰੋਂ, 23 ਨਵੰਬਰ ਨੂੰ ਦੁਨੀਆਂ ਛੱਡ ਗਿਆ।

WWW.SIKHBOOKCLUB.COM

ਕਰਨਾਲ ਮੋਰਚਾ

ਚੰਨਣ ਸਿੰਘ ਦੇ ਟੂਰ ਜਾਣ ਪਿੱਛੋਂ 6 ਜਨਵਰੀ 1973 ਦੇ ਦਿਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਗੁਰਚਰਨ ਸਿੰਘ ਟੌਹੜਾ ਨੇ ਸੰਭਾਲੀ। ਟੌਹੜਾ ਦੇ ਆਉਣ ਨਾਲ ਗੁਰਦੁਆਰਿਆਂ ਵਿਚ ਬਹੁਤ ਸਾਰੇ ਸਾਬਕਾ ਕਮਿਊਨਿਸਟਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ। ਇਹ ਕਾਮਰੇਡ ਹਰਕਿਸ਼ਨ ਸੁਰਜੀਤ ਤੇ ਟੌਹੜਾ ਦੀ ਦੋਸਤੀ ਕਾਰਨ ਨੌਕਰੀਆਂ ਹਾਸਿਲ ਕਰ ਸਕੇ ਸਨ। ਇਨ੍ਹਾਂ ਵਿਚੋਂ ਬਹੁਤ ਹਮੇਸ਼ਾ ਵਾਸਤੇ ਟੌਹੜਾ ਦੇ ਵਫ਼ਾਦਾਰ ਬਣੇ ਰਹੇ। ਇਨ੍ਹਾਂ ਵਿਚ ਬਲਵੰਤ ਸਿੰਘ ਰਾਮੂੰਵਾਲੀਆ ਤੇ ਗੁਰਮੀਤ ਸਿੰਘ ਚੀਮਾ ਵਰਗੇ ਵੀ ਸਨ ਜੋ ਕਾਫ਼ੀ ਸਮਾਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਰਹੇ ਸਨ। ਟੌਹੜਾ ਨੇ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ (1979) ਵਿਚ ਵੀ ਕਈ ਸਾਬਕਾ ਕਾਮਰੇਡਾਂ ਨੂੰ ਵੀ ਟਿਕਟਾਂ ਦਿਵਾਈਆਂ।

ਤੁੜ ਤੇ ਟੌਹੜਾ ਦੀ ਅਗਵਾਈ ਹੇਠ ਨਵੀਂ ਲੀਡਰਸ਼ਿਪ ਵਾਸਤੇ ਪਹਿਲਾ ਚੈਲੰਜ ਮਈ 1973 ਵਿਚ ਆਇਆ। ਨਵੀਂ ਅਕਾਲੀ ਲੀਡਰਸ਼ਿਪ ਨੇ ਕਣਕ ਤੇ ਚਾਵਲਾਂ ਦੇ ਰੇਟਾਂ ਵਿਚ ਵਾਧੇ ਦੀ ਮੰਗ ਪੇਸ਼ ਕਰਨ ਵਾਸਤੇ ਕਰਨਾਲ ਵਿਚ ਇਕ ਕਾਨਫ਼ਰੰਸ ਰੱਖੀ। ਉਸ ਵੇਲੇ ਹਰਿਆਣੇ ਦਾ ਚੀਫ਼ ਮਨਿਸਟਰ ਬੰਸੀ ਲਾਲ ਸੀ। ਉਸ ਨੇ ਇਸ ਕਾਨਫ਼ਰੰਸ 'ਤੇ ਪਾਬੰਦੀ ਲਾ ਦਿੱਤੀ। ਅਕਾਲੀ ਦਲ ਨੇ ਇਸ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। ਦੋ ਹਜ਼ਾਰ ਤੋਂ ਵੱਧ ਅਕਾਲੀਆਂ ਨੇ ਇਸ ਮੋਰਚੇ ਵਿਚ ਗ੍ਰਿਫ਼ਤਾਰੀ ਦਿੱਤੀ। ਅਖ਼ੀਰ 31 ਜੁਲਾਈ ਨੂੰ ਬੰਸੀ ਲਾਲ ਨੇ ਗੋਡੇ ਟੇਕ ਦਿੱਤੇ ਤੇ ਕਾਨਫ਼ਰੰਸ ਤੋਂ ਪਾਬੰਦੀ ਹਟਾ ਲਈ। ਇੰਝ ਨਵੀਂ ਲੀਡਰਸ਼ਿਪ ਇਹ ਮੋਰਚਾ ਜਿਤਣ ਨਾਲ ਆਪਣਾ ਦਬਦਬਾ ਕਾਇਮ ਕਰ ਗਈ।

ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਮੈਨੀਫ਼ੈਸਟੋ: ਅਨੰਦਪੁਰ ਸਾਹਿਬ ਦਾ ਮਤਾ

11 ਦਸੰਬਰ 1972 ਦੇ ਦਿਨ ਨਵੀਂ ਲੀਡਰਸ਼ਿਪ ਨੇ ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਮੈਨੀਫ਼ੈਸਟੋ (ਪਾਲਿਸੀ ਪ੍ਰੋਗਰਾਮ) ਬਣਾਉਣ ਵਾਸਤੇ ਇਕ ਕਮੇਟੀ ਬਣਾਈ ਸੀ। ਇਸ ਕਮੇਟੀ ਵਿਚ ਗੁਰਚਰਨ ਸਿੰਘ ਟੌਹੜਾ, ਗੁਰਮੀਤ ਸਿੰਘ ਮੁਕਤਸਰ, ਡਾ: ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਪਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਭਾਗ ਸਿੰਘ ਸਾਬਕ ਐਮ.ਐਲ.ਏ., ਅਮਰ ਸਿੰਘ ਅੰਬਾਲਵੀ, ਮੇਜਰ ਜਨਰਲ ਗੁਰਬਖ਼ਸ਼ ਸਿੰਘ ਬੱਧਨੀ, ਸੁਰਜੀਤ ਬਰਨਾਲਾ ਅਤੇ ਉਮਰਾਨੰਗਲ ਸ਼ਾਮਿਲ ਸਨ। ਇਸ ਕਮੇਟੀ ਨੇ ਅਕਾਲੀ ਦਲ ਦੇ ਸਿਆਸੀ, ਮਾਲੀ, ਧਾਰਮਿਕ ਤੇ ਸਮਾਜਿਕ ਪ੍ਰੋਗਰਾਮ ਬਾਰੇ ਨਵਾਂ ਮੈਨੀਫ਼ੈਸਟੋ ਤਿਆਰ ਕੀਤਾ। ਇਸ ਮੈਨੀਫ਼ੈਸਟੋ 'ਚ ਸਿਆਸੀ ਨਿਸ਼ਾਨੇ ਦੇ ਲਫ਼ਜ਼ ਸਨ:

ਪੰਥਕ ਸਿਆਸੀ ਨਿਸ਼ਾਨਾ ਨਿਸਚੇ ਤੌਰ 'ਤੇ ਦਸਮ ਪਾਤਿਸ਼ਾਹ ਦੇ ਹੁਕਮਾਂ, ਸਿੱਖ ਤਵਾਰੀਖ਼ ਦੇ ਸਫ਼ਿਆਂ ਅਤੇ ਖਾਲਸਾ ਪੰਥ ਦੇ ਮਨ ਮੰਦਰ ਵਿਚ

WWW.SIKHBOOKCLUB.COM

ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਕਸਦ ਹੈ: ਖਾਲਸਾ ਜੀ ਦੇ ਬੋਲਬਾਲੇ। ਖਾਲਸਾ ਜੀ ਦੇ ਇਸ ਜਨਮ ਸਿੱਧ ਹੱਕ ਨੂੰ ਵਜੂਦ ਵਿਚ ਲਿਆਉਣ ਵਾਸਤੇ ਲੋੜੀਂਦੇ ਦੇਸ਼, ਕਾਲ ਅਤੇ ਸਿਆਸੀ ਆਈਨ ਨੂੰ ਬਣਾਉਣਾ ਤੇ ਕਾਇਮ ਕਰਨਾ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਇਸ ਮੈਨੀਫ਼ੈਸਟੋ ਨੂੰ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ, ਜਿਹੜੀ ਕਿ 16-17 ਅਕਤੂਬਰ 1973 ਦੇ ਦਿਨ, ਅਨੰਦਪੁਰ ਸਾਹਿਬ ਵਿਚ ਹੋਈ ਸੀ, ਵਿਚ ਮਨਜ਼ੂਰੀ ਦਿੱਤੀ ਗਈ। ਇਸ ਕਰ ਕੇ ਇਸ ਨੂੰ **"ਅਨੰਦਪੁਰ ਸਾਹਿਬ ਦਾ ਮਤਾ"** ਆਖਿਆ ਜਾਣ ਲੱਗ ਪਿਆ।

ਅੰਦਰੂਨੀ ਐਮਰਜੰਸੀ ਦੇ ਖ਼ਿਲਾਫ਼ ਮੋਰਚਾ

1974 ਵਿਚ ਭਾਰਤ ਵਿਚ ਅਪੋਜ਼ੀਸ਼ਨ ਪਾਰਟੀਆਂ ਵਲੋਂ ਇੰਦਰਾ ਗਾਂਧੀ ਦੀ ਸਰਕਾਰ ਦੇ ਖ਼ਿਲਾਫ਼ ਜੱਦੋਜਹਿਦ ਸ਼ੁਰੂ ਹੋ ਗਈ। ਇਸ ਜੱਦੋਜਹਿਦ ਦਾ ਸਿਖਰ ਅਕਤੂਬਰ 1974 ਤਕ ਆ ਚੁੱਕਾ ਸੀ। 28 ਅਕਤੂਬਰ 1974 ਦੇ ਦਿਨ ਇਸ ਲਹਿਰ ਦਾ ਆਗੂ ਜੈ ਪ੍ਰਕਾਸ਼ ਨਾਰਾਇਣ ਲੁਧਿਆਣਾ ਵਿਚ ਆਇਆ। 7-8 ਲੱਖ ਨੀਲੀਆਂ ਪੱਗਾਂ ਦੇ ਜਲੂਸ ਨੇ ਸ਼੍ਰੋਮਣੀ ਅਕਾਲੀ ਦਲ ਦੀ 1929 ਦੇ ਲਾਹੌਰ ਵਾਲੇ ਤੇ 1956 ਦੇ ਅੰਮ੍ਰਿਤਸਰ ਵਾਲੇ ਜਲੂਸਾਂ ਵਾਲੀ ਸ਼ਾਨ ਦਾ ਜਲਵਾ ਇਕ ਵਾਰ ਫੇਰ ਪੇਸ਼ ਕਰ ਦਿੱਤਾ। ਉਦੋਂ ਅਕਾਲੀ ਦਲ ਦੇ ਪ੍ਰਧਾਨ ਤਰਤੀਬਵਾਰ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਸਨ ਤੇ ਇਸ ਸਾਲ ਜਗਦੇਵ ਸਿੰਘ ਤਲਵੰਡੀ ਸੀ। ਅਗਲੇ 6-7 ਮਹੀਨਿਆਂ ਵਿਚ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਾਲੀ ਜੱਦੋਜਹਿਦ ਭਾਰਤ ਭਰ ਵਿਚ ਇਕ ਜ਼ਬਰਦਸਤ ਲਹਿਰ ਬਣ ਚੁੱਕੀ ਸੀ।

ਇੱਤਫ਼ਾਕਨ ਇੰਦਰਾ ਗਾਂਧੀ ਦੇ ਖ਼ਿਲਾਫ਼ ਰਾਜ ਨਾਰਾਇਣ ਵਲੋਂ ਦਾਇਰ ਕੀਤੀ ਚੋਣ ਰਿਟ ਦਾ ਫ਼ੈਸਲਾ 12 ਜੂਨ 1975 ਦੇ ਦਿਨ ਸੁਣਾਇਆ ਗਿਆ ਤੇ ਇੰਦਰਾ ਦੀ ਚੋਣ ਰੱਦ ਕਰ ਦਿੱਤੀ ਗਈ। ਇੰਦਰਾ ਨੇ ਅਸਤੀਫ਼ਾ ਦੇਣ ਦੀ ਬਜਾਏ ਮੁਲਕ ਵਿਚ ਅੰਦਰੂਨੀ ਐਮਰਜੰਸੀ ਲਾਉਣ ਦਾ ਐਲਾਨ ਕਰ ਦਿੱਤਾ। 25 ਜੂਨ ਨੂੰ ਇੰਦਰਾ ਨੇ ਆਈਨ (ਸੰਵਿਧਾਨ) ਮੁਅੱਤਲ ਕਰ ਕੇ ਸਾਰੀ ਅਪੋਜ਼ੀਸ਼ਨ ਲੀਡਰਸ਼ਿਪ ਜੇਲ੍ਹਾਂ ਵਿਚ ਸੁੱਟ ਦਿੱਤੀ। ਗ੍ਰਿਫ਼ਤਾਰ ਕੀਤੇ ਇਨ੍ਹਾਂ ਆਗੂਆਂ ਵਿਚ ਕੋਈ ਵੀ ਅਕਾਲੀ ਨਹੀਂ ਸੀ। ਇਨ੍ਹਾਂ ਦਿਨਾਂ ਵਿਚ ਇੰਦਰਾ ਨੇ ਅਕਾਲੀਆਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਕੁਝ ਆਗੂ (ਟੌਹੜਾ ਵਗ਼ੈਰਾ) ਉਸ ਨਾਲ ਮਿਲਵਰਤਣ ਵਾਸਤੇ ਤਿਆਰ ਹੋ ਗਏ ਪਰ ਦੂਜੇ ਪਾਸੇ ਕੁਝ ਆਗੂ (ਬਾਦਲ ਵਗ਼ੈਰਾ) ਇੰਦਰਾ ਦੇ ਮੁਖ਼ਾਲਿਫ਼ ਪਾਰਟੀਆਂ ਨਾਲ ਸਾਂਝ ਪਾਉਣਾ ਚਾਹੁੰਦੇ ਸਨ। 7 ਜੁਲਾਈ 1975 ਨੂੰ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਵਿਚ ਹੋਈ। ਇਸ ਮੀਟਿੰਗ ਵਿਚ ਇੰਦਰਾ ਦੀ ਮੁਖ਼ਾਲਿਫ਼ ਲਾਬੀ ਕਾਮਯਾਬ ਹੋ ਗਈ ਤੇ ਦਲ ਨੇ ਐਮਰਜੰਸੀ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਮਤਾ ਪਾਸ ਕਰ ਦਿੱਤਾ।

WWW.SIKHBOOKCLUB.COM

9 ਜੁਲਾਈ 1975 ਦੇ ਦਿਨ ਅਕਾਲੀ ਦਲ ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਸਾਬਕ ਚੀਫ਼ ਮਨਿਸਟਰ ਪ੍ਰਕਾਸ਼ ਸਿੰਘ ਬਾਦਲ, ਸੀਨੀਅਰ ਆਗੂ ਬਸੰਤ ਸਿੰਘ ਖਾਲਸਾ ਵਗ਼ੈਰਾ ਨੇ ਪਹਿਲਾ ਜਥਾ ਲੈ ਕੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਗ੍ਰਿਫ਼ਤਾਰੀ ਦਿੱਤੀ। ਇਹ ਮੋਰਚਾ ਐਮਰਜੰਸੀ ਖ਼ਤਮ ਹੋਣ ਤਕ (ਜਨਵਰੀ 1977 ਤਕ) ਤਕਰੀਬਨ ਡੇਢ ਸਾਲ ਚਲਦਾ ਰਿਹਾ। ਇਸ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਵਾਲੇ ਜੱਥਿਆਂ ਵਿਚ 43000 ਦੇ ਕਰੀਬ ਲੋਕ ਸ਼ਾਮਿਲ ਹੋਏ। ਸ਼ੁਰੂ-ਸ਼ੁਰੂ ਵਿਚ ਤਾਂ ਇਸ ਮੋਰਚੇ ਵਿਚ ਕਾਫ਼ੀ ਅਕਾਲੀ ਵਰਕਰ ਜਾਂਦੇ ਰਹੇ ਪਰ ਅਖ਼ੀਰਲੇ 8-10 ਮਹੀਨੇ ਤਾਂ ਸਿਰਫ਼ ਰਸਮੀ ਮੋਰਚਾ ਹੀ ਰਹਿ ਗਿਆ ਸੀ ਤੇ ਸਰਕਾਰ ਵੀ ਜਥੇ ਦੇ ਲੀਡਰ ਨੂੰ ਗ੍ਰਿਫ਼ਤਾਰ ਕਰ ਕੇ ਬਾਕੀਆਂ ਨੂੰ ਰਿਹਾਅ ਕਰ ਦੇਂਦੀ ਸੀ। ਇਸ ਵੇਲੇ ਦਲ ਦੇ ਵਰਕਰਾਂ ਦਾ ਇਕ ਵੱਡਾ ਹਿੱਸਾ ਗ੍ਰਿਫ਼ਤਾਰੀਆਂ ਦੇਣ ਦੇ ਖ਼ਿਲਾਫ਼ ਹੋ ਚੁੱਕਾ ਸੀ। ਇਸ ਕਰ ਕੇ ਰਸਮੀ ਤੌਰ 'ਤੇ 5 ਤੋਂ 11 ਬੰਦਿਆਂ ਤਕ ਦਾ ਜਥਾ, ਜਿਸ ਵਿਚ ਕਈ ਵਾਰ ਤਾਂ ਲੀਡਰ ਨੂੰ ਛੱਡ ਕੇ ਬਾਕੀ ਸਾਰੇ ਗ਼ੈਰ-ਅਕਾਲੀ ਤੇ ਕਈ ਵਾਰ ਗ਼ੈਰ-ਪੰਜਾਬੀ (ਭਈਏ) ਵੀ ਹੁੰਦੇ ਸਨ, ਗ੍ਰਿਫ਼ਤਾਰੀ ਵਾਸਤੇ ਜਾਂਦਾ ਰਿਹਾ। ਉਹ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਟੁਰਦੇ ਸਨ ਤੇ ਬਾਕੀ ਸਭ ਕੁਝ ਖ਼ਾਨਾਪੂਰਤੀ ਹੀ ਸੀ। ਸ਼ਾਇਦ ਇਸ ਗੱਲ ਨੂੰ ਸਰਕਾਰ ਤੇ ਦਲ ਦੀ ਮੋਰਚਾ ਕਮੇਟੀ ਬ-ਖ਼ੂਬੀ ਸਮਝਦੀ ਸੀ।

ਜਨਵਰੀ 1977 ਵਿਚ ਐਮਰਜੰਸੀ ਖ਼ਤਮ ਕਰ ਕੇ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ। ਚੋਣਾਂ ਵਿਚ ਅਕਾਲੀ ਪਾਰਟੀ ਅਤੇ ਨਵੀਂ ਬਣੀ ਜਨਤਾ ਪਾਰਟੀ (ਜਿਸ ਵਿਚ ਕਾਂਗਰਸ ਤੇ ਕਮਿਊਨਿਸਟਾਂ ਨੂੰ ਛੱਡ ਕੇ ਬਾਕੀ ਪਾਰਟੀਆਂ: ਜਨਸੰਘ, ਸਾਰੀਆਂ ਸੋਸ਼ਲਿਸਟ ਪਾਰਟੀਆਂ, ਸੁਤੰਤਰ, ਰੀਪਬਲੀਕਨ ਤੇ ਹੋਰ ਸਾਰੀਆਂ ਜਥੇਬੰਦੀਆਂ ਸ਼ਾਮਿਲ ਸਨ) ਨੇ ਪੰਜਾਬ (ਤੇ ਸਾਰੇ ਉੱਤਰੀ, ਮੱਧ, ਪੂਰਬੀ ਤੇ ਪੱਛਮੀ ਭਾਰਤ) ਵਿਚ ਬੇਮਿਸਾਲ ਜਿੱਤ ਹਾਸਿਲ ਕੀਤੀ। ਮੋਰਾਰਜੀ ਦੇਸਾਈ ਪ੍ਰਾਈਮ ਮਨਿਸਟਰ ਬਣਿਆ। ਜੂਨ 1977 ਵਿਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਵੀ ਕਰਵਾਈਆਂ ਗਈਆਂ। ਇਨ੍ਹਾਂ ਚੋਣਾਂ ਵਿਚ 117 ਸੀਟਾਂ ਵਿਚੋਂ 58 ਅਕਾਲੀ ਦਲ, 2 ਅਕਾਲੀ ਹਿਮਾਇਤੀ, 25 ਜਨਤਾ ਪਾਰਟੀ, 8 ਸੀ.ਪੀ.ਆਈ. ਅਤੇ 7 ਸੀ.ਪੀ.ਐਮ. ਨੇ ਜਿੱਤੀਆਂ। ਕਾਂਗਰਸ ਨੂੰ ਸਿਰਫ਼ 17 ਸੀਟਾਂ ਹੀ ਮਿਲੀਆਂ। ਭਾਵੇਂ ਅਕਾਲੀ ਪਾਰਟੀ ਇਕੱਲਿਆਂ ਸਰਕਾਰ ਬਣਾ ਸਕਦੀ ਸੀ, ਪਰ ਫਿਰ ਵੀ ਦਲ ਨੇ ਤੀਜਾ ਹਿੱਸਾ ਵਜ਼ੀਰੀਆਂ ਜਨਤਾ ਪਾਰਟੀ ਦੇ ਪੱਲੇ ਪਾਈਆਂ ਤੇ ਇਨ੍ਹਾਂ ਵਿਚੋਂ ਬਹੁਤੀਆਂ ਵਜ਼ਾਰਤਾਂ ਅਹਿਮ ਤੇ ਤਕੜੀਆਂ ਸਨ।

ਚੋਣਾਂ ਜਿੱਤਣ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਬਣਿਆ। ਇਸ ਵਾਰ ਅਕਾਲੀ ਵਜ਼ੀਰਾਂ ਦਾ ਨਿਸ਼ਾਨਾ ਦੌਲਤ ਕਮਾਉਣਾ ਤੇ ਤਾਕਤ ਬਣਾਉਣਾ ਹੀ ਸੀ ਤੇ ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ) ਦਾ ਨਿਸ਼ਾਨਾ ਸਰਕਾਰ ਵਿਚ ਆਪਣੇ ਸੈੱਲ ਕਾਇਮ ਕਰਨਾ ਸੀ। ਅਕਾਲੀ ਦਲ ਹੁਣ ਸਿੱਖ ਪੰਥ ਦੇ ਮਸਲੇ ਅਤੇ ਨਿਸ਼ਾਨੇ

WWW.SIKHBOOKCLUB.COM

ਤੋਂ ਦੂਰ ਹੋਣਾ ਸ਼ੁਰੂ ਹੋ ਰਿਹਾ ਸੀ। ਇਸ ਦਾ ਨਤੀਜਾ ਯਕੀਨਨ ਬੜਾ ਖ਼ਤਰਨਾਕ ਹੋਣਾ ਸੀ ਤੇ ਹੋਇਆ ਵੀ।

ਅਕਾਲੀ ਆਗੂਆਂ ਵੱਲੋਂ ਪੰਥਕ ਅਜੰਡੇ ਨੂੰ ਪਿੱਠ ਕਰਨ ਅਤੇ ਧਰਮ ਦਾ ਰਸਤਾ ਛੱਡਣ ਦੇ ਨਤੀਜੇ ਵਜੋਂ ਸਿੱਖ ਵਿਰੋਧੀ ਤਾਕਤਾਂ ਵੱਲੋਂ ਐਂਟੀ-ਸਿੱਖ ਕਾਰਵਾਈਆਂ ਵਿਚ ਬੜੀ ਜ਼ਬਰਦਸਤ ਤੇਜ਼ੀ ਆਈ ਜਿਸ ਦਾ ਜਵਾਬੇ-ਅਮਲ (Reaction) ਬਬਰ ਖਾਲਸਾ (ਬਾਨੀ ਜਥੇਦਾਰ ਤਲਵਿੰਦਰ ਸਿੰਘ) ਅਤੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ (ਭਿੰਡਰਾ-ਮਹਿਤਾ ਜਥਾ) ਦੀ ਅਗਵਾਈ ਵਿਚ ਸਿੱਖ ਨੌਜਵਾਨਾਂ ਨੇ ਦਿੱਤਾ।

ਅਗਲੇ ਅਠ੍ਹਾਰਾਂ ਸਾਲ (1978 ਤੋਂ 1995) ਦੀ ਤਵਾਰੀਖ਼ ਇਸ ਤੂਫ਼ਾਨ (ਖਾਲਿਸਤਾਨ) ਦੀ ਤਵਾਰੀਖ਼ ਹੈ, ਸਿੱਖਾਂ ਦੇ ਤਿੰਨ ਘੱਲੂਘਾਰਿਆਂ ਦਾ ਰਿਕਾਰਡ ਹੈ, ਸਿੱਖ ਹੋਮਲੈਂਡ ਵਿਚ ਖ਼ੂਨ ਦੇ ਦਰਿਆ ਦੀ ਕਹਾਣੀ ਹੈ ਤੇ ਇੰਦਰਾ ਗਾਂਧੀ, ਰਾਜੀਵ, ਸੁਰਜੀਤ ਬਰਨਾਲਾ, ਬੇਅੰਤ ਸਿੰਹ, ਕੇ.ਪੀ.ਗਿੱਲ ਦੇ ਘਿਣਾਉਣੇ ਜ਼ੁਲਮਾਂ ਅਤੇ 1997-2202 ਤੇ 2007-... ਪ੍ਰਕਾਸ਼ ਸਿੰਘ ਬਾਦਲ ਦੇ ਪੰਥ ਘਾਤ ਦੀ ਸਾਖੀ ਹੈ।

WWW.SIKHBOOKCLUB.COM

ਜੁਝਾਰਵਾਦ ਦਾ ਜ਼ਮਾਨਾ

ਉਂਞ ਆਖਣ ਨੂੰ ਤਾਂ 1967 ਤੋਂ 1978 ਤੱਕ ਪੰਜਾਬ ਵਿਚ ਚਾਰ 'ਅਕਾਲੀ' ਸਰਕਾਰਾਂ ਬਣੀਆਂ ਸਨ। ਪਰ ਇਹ ਸਿਰਫ਼ ਕਹਿਣ ਨੂੰ ਹੀ 'ਅਕਾਲੀ' ਸਨ। ਅਸਲੀਅਤ ਇਹ ਹੈ ਕਿ ਸਿੱਖਾਂ ਦੀ ਹਾਲਤ ਦਿਨ-ਬ-ਦਿਨ ਬਦਤਰ ਹੋਈ ਜਾ ਰਹੀ ਸੀ। ਮਜ਼ਹਬੀ, ਸਿਆਸੀ, ਮਾਲੀ ਹਾਲਤਾਂ, ਯਾਨਿ ਹਰ ਪੱਖ ਤੋਂ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਸੀ। ਸਿੱਖ ਕਦਰਾਂ ਕੀਮਤਾਂ ਨੂੰ ਖ਼ਤਮ ਕਰਨ ਵਾਸਤੇ ਤਰਕੀਬਾਂ ਘੜੀਆਂ ਜਾ ਰਹੀਆਂ ਸਨ। ਸਿੱਖ ਕਲਚਰ ਦੀ ਤਬਾਹੀ ਦਾ ਸਾਮਾਨ ਪੈਦਾ ਕੀਤਾ ਜਾ ਰਿਹਾ ਸੀ। ਸਿੱਖਾਂ ਕੌਮ ਦੇ ਹਰ ਮੁਖ਼ਾਲਿਫ਼ ਅਤੇ ਹਰ ਦੁਸ਼ਮਣ ਨੂੰ ਫ਼ਿਰਕਾਪ੍ਰਸਤ, ਬੁਨਿਆਦਪ੍ਰਸਤ ਤੇ ਦਹਿਸ਼ਤਗਰਦ ਹਿੰਦੂਆਂ ਦੀ ਸਰਪਸਤੀ ਹਾਸਲ ਸੀ। ਕੀ ਕਾਂਗਰਸੀ ਤੇ ਕੀ ਗ਼ੈਰ-ਕਾਂਗਰਸੀ ਸਾਰੇ ਹਿੰਦੂ ਹਮੇਸ਼ਾ ਸਿੱਖਾਂ ਦੇ ਦੁਸ਼ਮਣਾਂ ਦਾ ਸਾਥ ਦੇਂਦੇ ਸਨ। ਸਿੱਖਾਂ ਦੇ ਖ਼ਿਲਾਫ਼ ਕੀਤੀ ਜਾਣ ਵਾਲੀ ਹਰ ਹਰਕਤ ਵਿਚ ਤਕਰੀਬਨ ਹਰ ਹਿੰਦੂ ਬਰਾਬਰ ਦਾ ਭਾਈਵਾਲ ਬਣ ਕੇ ਜ਼ੋਰ ਲਾਉਂਦਾ ਸੀ। ਸਿੱਖਾਂ ਦੇ ਮੁਫ਼ਾਦ ਵਿੱਚ ਜਾਣ ਵਾਲੀ ਹਰ ਗੱਲ ਦੀ ਸਾਰੇ ਹਿੰਦੂਆਂ ਵੱਲੋਂ ਪੂਰੀ ਤਾਕਤ ਨਾਲ ਮੁਖ਼ਾਲਫ਼ਤ ਹੁੰਦੀ ਸੀ। ਹਿੰਦੂ ਇਹ ਤਾਂ ਬਰਦਾਸ਼ਤ ਕਰ ਸਕਦੇ ਸੀ ਕਿ ਪਾਕਿਸਤਾਨ ਜਾਂ ਚੀਨ ਦਾ ਤਾਂ ਭਾਵੇਂ ਕੁਝ ਸੰਵਰ ਜਾਵੇ, ਪਰ ਸਿੱਖਾਂ ਦਾ ਬੇੜਾ ਪੂਰੀ ਤਰ੍ਹਾਂ ਗ਼ਰਕ ਹੋ ਜਾਣਾ ਚਾਹੀਦਾ ਹੈ।

ਸਿੱਖਾਂ ਦੀ ਅਕਸਰੀਅਤ ਵਾਲੇ ਸੂਬੇ ਪੰਜਾਬ ਨਾਲ ਵੀ ਦੁਸ਼ਮਣ ਮੁਲਕ ਵਾਂਗ ਸਲੂਕ ਕੀਤਾ ਜਾਂਦਾ ਸੀ। ਪੰਜਾਬੀ ਸੂਬਾ ਬਣਾਉਣ ਵੇਲੇ ਕਈ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚੋਂ ਬਾਹਰ ਰੱਖ ਲਏ ਗਏ ਸਨ; ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਖੋਹ ਲਈ ਗਈ ਸੀ; ਪੰਜਾਬ ਦੇ ਪਾਣੀ ਠੱਗ ਲਏ ਗਏ ਸਨ; ਪੰਜਾਬ ਦੇ ਬਿਜਲੀ ਬਣਾਉਣ ਵਾਲੇ ਸੋਮਿਆਂ 'ਤੇ ਕਬਜ਼ਾ ਕਰ ਲਿਆ ਗਿਆ ਸੀ; ਪੰਜਾਬ ਦੀ ਇੰਡਸਟਰੀ ਵਿਚੋਂ ਕੁਝ ਖੋਹ ਲਈ ਗਈ ਅਤੇ ਕੁਝ ਲੰਗੜੀ ਕਰ ਦਿੱਤੀ ਗਈ ਸੀ; ਪੰਜਾਬ ਨੂੰ ਇੰਡਸਟਰੀ ਦੇ ਲਾਈਸੈਂਸ ਦੇਣੇ ਬੰਦ ਜਿਹੇ ਕਰ ਦਿੱਤੇ ਗਏ ਸਨ। ਪੰਜਾਬ ਨੂੰ ਸੈਂਟਰ ਤੋਂ ਇਮਦਾਦ ਬਾਕੀ ਸੂਬਿਆਂ ਦੇ ਮੁਕਾਬਲੇ ਵਿਚ ਨਿਗੂਣੀ ਜਹੀ ਸੀ, ਪੰਜਾਬ ਵਿੱਚੋਂ ਪੈਦਾ ਹੋਣ ਵਾਲੀ ਹਰ ਚੀਜ਼ ਸਸਤੀ ਅਤੇ ਪੰਜਾਬ ਨੂੰ ਜ਼ਰੂਰਤ ਵਾਲੀ ਹਰ ਚੀਜ਼ ਮਹਿੰਗੀ ਸੀ। ਫ਼ੌਜ ਵਿਚੋਂ ਸਿੱਖਾਂ ਦੀ ਗਿਣਤੀ ਘਟਾ ਦਿੱਤੀ ਗਈ। ਪੰਜਾਬ ਵਿਚ ਬਿਹਾਰ ਅਤੇ ਯੂ.ਪੀ. ਤੋਂ ਭਈਏ ਭੇਜ ਕੇ ਏਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਘਟਾਈ ਜਾ ਰਹੀ ਸੀ। ਪੰਜਾਬ ਦੀਆਂ ਸਰਕਾਰੀ ਨੌਕਰੀਆਂ ਵਿਚ ਸਿੱਖਾਂ ਦੀ ਜਗਹ ਹਿੰਦੂ ਭਰਤੀ ਕਰਨੇ ਸ਼ੁਰੂ ਕਰ ਦਿੱਤੇ ਗਏ ਸਨ, ਪੰਜਾਬ ਦੇ ਵਿਦਿਆਰਥੀਆਂ ਦੀਆਂ ਕਿਤਾਬਾਂ ਵਿਚੋਂ ਪੰਜਾਬੀਅਤ ਅਤੇ ਸਿੱਖੀ ਨੂੰ ਜਲਾਵਤਨ ਕਰ ਦਿੱਤਾ ਗਿਆ ਸੀ, ਖੇਡ-ਟੀਮਾਂ ਵਿਚੋਂ ਪੰਜਾਬੀਆਂ ਨੂੰ ਕੱਢ ਦਿੱਤਾ ਜਾਂ ਘਟਾ ਦਿੱਤਾ ਗਿਆ ਸੀ; ਗੱਲ ਕੀਹ

WWW.SIKHBOOKCLUB.COM

ਹਰ ਮੁਹਾਜ਼ 'ਤੇ ਪੰਜਾਬ ਅਤੇ ਸਿੱਖਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਸੀ ਅਤੇ ਇਹ ਬਿਲਕੁਲ ਉਵੇਂ ਹੀ ਕੀਤਾ ਗਿਆ ਜਿਵੇ ਇਕ ਮੁਲਕ ਦੂਜੇ ਮੁਲਕ ਨੂੰ ਆਪਣੀ ਕਲੋਨੀ ਵਾਂਗ ਇਸਤੇਮਾਲ ਕਰਦਾ ਹੈ। ਪਰ ਇਸ ਸਾਰੇ ਦਾ ਪਿਛੋਕੜ ਸਿਰਫ਼ ਇਹੀ ਸੀ ਕਿ ਪੰਜਾਬ ਵਿਚ ਸਿੱਖਾਂ ਦੀ ਅਕਸਰੀਅਤ ਸੀ ਤੇ ਪੰਜਾਬ ਸਿੱਖਾਂ ਦਾ 'ਹੋਮਲੈਂਡ' ਸੀ।

ਬਾਦਲ ਸਰਕਾਰ

ਇਸ ਮਾਹੌਲ ਵਿੱਚ 1977 ਦੀ ਜਨਵਰੀ ਵਿੱਚ ਨਵੀਂ ਦਿੱਲੀ ਵਿਚ ਇੰਦਰਾ ਗਾਂਧੀ ਦੀ ਜਗਹ ਜਨਤਾ ਪਾਰਟੀ ਨੇ ਸਰਕਾਰ ਬਣਾਈ। ਮਗਰੋਂ ਜੂਨ ਵਿਚ ਅਸੈਂਬਲੀਆਂ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਅਕਾਲੀ ਪਾਰਟੀ ਨੇ ਪੰਜਾਬ ਅਸੈਂਬਲੀ ਵਿਚ ਪੂਰੀ ਅਕਸਰੀਅਤ ਹਾਸਿਲ ਕਰ ਲਈ। 20 ਜੂਨ 1977 ਨੂੰ ਬਾਦਲ ਪੰਜਾਬ ਦਾ ਚੀਫ਼ ਮਨਿਸਟਰ ਬਣਿਆ। ਭਾਵੇਂ ਪੰਜਾਬ ਅਸੈਂਬਲੀ ਵਿਚ ਅਕਾਲੀ ਪਾਰਟੀ ਦੀ ਅਕਸਰੀਅਤ ਸੀ, ਪਰ ਫਿਰ ਵੀ ਵਜ਼ਾਰਤ ਬਣਾਉਣ ਵੇਲੇ ਅਕਾਲੀ ਪਾਰਟੀ ਨੇ ਕਾਫ਼ੀ ਤਾਦਾਦ ਵਿੱਚ ਹਿੰਦੂ ਵਜ਼ੀਰ ਬਣਾ ਦਿੱਤੇ। ਫਿਰ ਇਹ ਵੀ ਅਕਾਲੀ ਪਾਰਟੀ ਦੇ ਆਗੂਆਂ ਦੀ ਵੱਡੀ ਬੇਵਕੂਫ਼ੀ ਸੀ ਕਿ ਵਜ਼ਾਰਤ ਦੇ ਸਾਰੇ ਚੰਗੇ-ਚੰਗੇ ਮਹਿਕਮੇ ਹਿੰਦੂ ਵਜ਼ੀਰਾਂ ਨੂੰ ਦੇ ਦਿੱਤੇ ਗਏ ਸਨ।

ਹਿੰਦੂਆਂ ਨੇ ਪੰਜਾਬ ਦੀ ਵਜ਼ਾਰਤ ਵਿਚ ਭਾਈਵਾਲ ਬਣਦਿਆਂ ਹੀ ਆਪਣਾ ਸੈਕੂਲਰ ਮੁਖੌਟਾ ਲਾਹ ਦਿੱਤਾ ਅਤੇ ਅਸਲ ਜਾਮੇ ਵਿਚ ਨਿੱਤਰ ਆਏ। ਉਨ੍ਹਾਂ ਨੇ ਗੱਦੀ ਸੰਭਾਲਦਿਆਂ ਹੀ ਸਾਰੇ ਚੰਗੇ-ਚੰਗੇ ਅਹੁਦੇ ਕੱਟੜ ਫ਼ਿਰਕੂ ਹਿੰਦੂਆਂ ਅਤੇ ਪਾਰਟੀ ਵਰਕਰਾਂ ਨੂੰ ਦੇ ਦਿੱਤੇ ਤਾਂ ਜੋ ਉਹ ਆਪਣੀ ਬੇਰੋਜ਼ਗਾਰੀ ਦਾ ਹੱਲ ਕੱਢ ਸਕਣ, ਔਖੇ ਵੇਲਿਆਂ ਵਾਸਤੇ ਪੈਸੇ ਇਕੱਠੇ ਕਰ ਲੈਣ, ਅਤੇ ਨਾਲ ਹੀ ਸਰਕਾਰ ਦੇ ਹਰ ਮਹਿਕਮੇ ਵਿਚ ਵਫ਼ਾਦਾਰੀ ਅਤੇ 'ਜਾਸੂਸੀ' ਵਾਸਤੇ ਸੈੱਲ ਕਾਇਮ ਕੀਤੇ ਜਾ ਸਕਣ। ਪਰ ਇਸ ਦੇ ਮੁਕਾਬਲੇ ਵਿਚ 'ਅਕਾਲੀ' ਵਜ਼ੀਰਾਂ ਨੇ ਅਣੋਖੇ ਹੀ ਚੰਨ ਚਾੜ੍ਹੇ। ਇਨ੍ਹਾਂ ਨੇ ਕਿਸੇ ਅਕਾਲੀ ਵਰਕਰ ਨੂੰ ਐਡਜਸਟ ਕਰਨ ਦੀ ਬਜਾਇ ਪੈਸੇ ਲੈ ਕੇ ਨੌਕਰੀਆਂ ਦਿੱਤੀਆਂ। ਦੂਜੇ ਪਾਸੇ ਜੇ ਕਿਸੇ ਦੀ ਸਿਫ਼ਾਰਸ਼ ਮੰਨੀ ਵੀ ਤਾਂ ਉਹ ਸੀ ਕਿਸੇ ਹਿੰਦੂ ਦੀ ਜਾਂ ਕਾਂਗਰਸੀ/ਕਮਿਊਨਿਸਟ ਦੀ। ਇਸ ਤਰ੍ਹਾਂ ਪੰਜਾਬ ਸਰਕਾਰ ਦੇ ਹਰ ਮਹਿਕਮੇ ਵਿਚ ਛੋਟੇ ਮੁਲਾਜ਼ਮਾਂ ਤੋਂ ਲੈ ਕੇ ਅਫ਼ਸਰਾਂ ਤੱਕ ਬਹੁਤੇ ਹਿੰਦੂ ਅਤੇ ਅਕਾਲੀ-ਮੁਖ਼ਾਲਫ਼ ਭਰ ਗਏ। ਮਗਰੋਂ ਇਸੇ ਕੇਡਰ ਨੇ ਅਕਾਲੀ ਪਾਰਟੀ ਅਤੇ ਸਿੱਖ ਕੌਮ ਦੀਆਂ ਜੜ੍ਹਾਂ ਵਿਚ ਤੇਲ ਦਿੱਤਾ। ਜੇ ਕਿਤੇ ਕਿਸੇ ਸੱਚੇ-ਸੁੱਚੇ ਅਕਾਲੀ ਵਜ਼ੀਰ ਜਾਂ ਚੇਅਰਮੈਨ ਨੇ ਦੋ ਢਾਈ ਪੰਥਕ ਵਰਕਰਾਂ ਨੂੰ ਕਿਤੇ ਕਿਸੇ ਛੋਟੀ ਮੋਟੀ ਜਗਹ 'ਤੇ ਐਡਜਸਟ ਕੀਤਾ ਤਾਂ ਉਹ ਪੰਥ ਦਾ ਪੂਰਾ ਅਹਿਸਾਨ ਮੰਨਦੇ ਅਖੀਰ ਤੱਕ ਕੰਮ ਆਏ। ਅਕਾਲੀ ਲੀਡਰਸ਼ਿਪ ਨੂੰ ਤਾਂ ਉਦਘਾਟਨ ਕਰਨ, ਫੋਟੋ ਛਪਵਾਉਣ, ਬਿਆਨ ਦਾਗਣ ਅਤੇ ਚਮਚਾਗਿਰੀ ਕਰਨ ਤੇ ਕਰਵਾਉਣ ਦਾ ਹੇਜ ਚੜ੍ਹਿਆ ਹੋਇਆ ਸੀ।

WWW.SIKHBOOKCLUB.COM

ਇਸ ਬੇਵਕੂਫ਼ੀ ਵਿਚ ਸਿਖਰ ਤੇ ਸਨ: ਬਾਦਲ, ਆਤਮਾ ਸਿੰਘ, ਬਲਵੰਤ ਸਿੰਘ ਅਤੇ ਅੱਧਾ ਕੁ ਸੁਖਜਿੰਦਰ ਸਿੰਘ। ਬਾਦਲ ਦੇ ਮਹਿਕਮੇ ਆਤਮਾ ਸਿੰਘ ਦਾ ਪਬਲਿਕ ਰੀਲੇਸ਼ਨ ਮਹਿਕਮਾ, ਸੁਖਜਿੰਦਰ ਦਾ ਤਾਲੀਮ ਮਹਿਕਮਾ, ਕਾਮਰੇਡਾਂ ਅਤੇ ਜਨਸੰਘੀਆਂ ਨਾਲ ਭਰੇ ਪਏ ਸਨ ਅਤੇ ਬਲਵੰਤ ਸਿੰਘ ਆਪਣੀ ਜਾਇਦਾਦ ਬਣਾਉਣ ਤੋਂ ਇਲਾਵਾ ਕੁੱਝ ਵੀ ਨਹੀਂ ਸੋਚਦਾ ਸੀ। ਆਤਮਾ ਸਿੰਘ ਦੇ ਮਹਿਕਮੇ ਦੇ ਇਸ਼ਤਿਹਾਰ ਵਧੇਰੇ ਕਰ ਕੇ ਗੈਰ-ਸਿੱਖ ਜਾਂ ਘੱਟੋ-ਘੱਟ ਅਕਾਲੀ-ਮੁਖ਼ਾਲਫ਼ ਅਖ਼ਬਾਰਾਂ ਤੇ ਰਿਸਾਲਿਆਂ ਨੂੰ ਹੀ ਮਿਲਦੇ ਸਨ। ਮਹਿਕਮੇ ਦਾ ਪਰਚਾਰ ਹੱਦ ਦਰਜੇ ਦਾ ਕਮਜ਼ੋਰ ਸੀ। ਸੁਖਜਿੰਦਰ ਸਿੰਘ ਦੇ ਦੁਆਲੇ ਪ੍ਰਿਥੀਪਾਲ ਸਿੰਘ ਕਪੂਰ ਤੇ ਭਰਪੂਰ ਬਲਵੀਰ ਵਰਗੇ ਬੰਦੇ ਸਨ। ਅਜਿਹੀ ਹਾਲਤ ਵਿਚ ਉਸ ਦਾ ਕੋਈ ਵੀ ਕਦਮ ਪੰਥ ਦੀ ਬੇਹਤਰੀ ਨਹੀਂ ਸੀ ਕਰ ਸਕਦਾ। ਜਥੇਦਾਰ ਤਲਵੰਡੀ ਦੇ ਦੁਆਲੇ ਕੁਰਪਟ ਬੰਦੇ ਘੇਰਾ ਪਾਈ ਬੈਠੇ ਸਨ। ਨਤੀਜੇ ਵਜੋਂ ਉਸ ਦਾ ਕੋਈ ਵੀ ਐਕਸ਼ਨ ਚੰਗੇ ਨਤੀਜੇ ਨਹੀਂ ਸੀ ਦੇ ਸਕਦਾ। ਗੁਰਚਰਨ ਸਿੰਘ ਟੌਹੜਾ ਨੇ ਆਪਣੇ ਆਲੇ-ਦੁਆਲੇ ਅਜਿਹਾ ਤਾਣਾ-ਬਾਣਾ ਬੁਣ ਲਿਆ ਸੀ, ਜਿਹੜਾ ਉਸ ਦੀਆਂ ਕਮਜ਼ੋਰੀਆਂ ਜਾਣਨ ਕਰ ਕੇ ਗੁਰਦੁਆਰਾ ਫ਼ੰਡ ਛਕੀ ਜਾ ਰਿਹਾ ਸੀ। ਹਰਚੰਦ ਸਿੰਘ ਲੌਂਗੋਵਾਲ ਅਜੇ ਲੁਕ ਕੇ ਬੈਠਾ ਸੀ ਪਰ ਭਰਪੂਰ ਬਲਵੀਰ ਤੇ ਕਪੂਰ ਵਰਗੇ ਉਨਾਂ ਨੂੰ ਕਾਬੂ ਕਰਨ ਲਈ ਗੋਂਦਾਂ ਗੁੰਦ ਰਹੇ ਸਨ ਜਾਂ ਫਿਰ ਉਸ ਦੇ ਦੁਆਲੇ ਕੁੱਝ ਕੁ ਜਜ਼ਬਾਤੀ ਨੌਜਵਾਨ ਬਲਵੀਰ ਸਿੰਘ ਬਰਾੜ ਵਰਗੇ ਬੈਠੇ ਹੋਏ ਸਨ।

ਇਹ ਸੀ ਇਕ ਦਰਦਨਾਕ ਤਸਵੀਰ ਜਿਸ ਵਿਚ ਅਕਾਲੀ ਚੌਧਰੀ ਤਬਕਾ ਅਹਿਮਕ ਸੀ ਤੇ ਹਿੰਦੂ ਆਗੂ, ਚਾਣਕਯ-ਵਰਗੇ ਚਾਲਬਾਜ਼, ਉਸਤਾਦ ਅਤੇ ਪੰਥ ਵਾਸਤੇ ਤਬਾਹਕੁੰਨ ਸਨ।

ਸਿੱਖ ਆਲਮਾਂ ਤੇ ਨੌਜਵਾਨਾਂ ਦਾ ਰੋਲ

ਜਿੱਥੇ ਇਕ ਪਾਸੇ ਬਹੁਤੇ ਅਕਾਲੀ ਚੌਧਰੀ 'ਮਿੱਟੀ ਦੇ ਮਾਧੋ' ਸਨ, ਉੱਥੇ ਸਿੱਖ ਆਲਮ ਅਤੇ ਸਿੱਖ ਪਾੜ੍ਹੇ (ਵਿਦਿਆਰਥੀ) ਅਤੇ ਕੁਝ ਜੁਝਾਰੂ ਤੇ ਅਣਖੀਲੇ ਸਿੱਖ ਨੌਜਵਾਨ ਪੰਥ ਦੀ ਬਿਖੜੀ ਹਾਲਤ ਬਾਰੇ ਲਗਾਤਾਰ ਸੋਚੀ ਵੀ ਜਾ ਰਹੇ ਸਨ। ਉਨ੍ਹਾਂ ਨੂੰ ਪੰਥ ਦੀ ਬੇੜੀ ਡੋਲਦੀ ਦਿਸ ਰਹੀ ਸੀ। ਜੇ ਕਰ ਅਕਾਲੀ ਚੌਧਰੀ ਗੱਦੀ ਦੀ ਚਮਕ ਵਿਚ ਚੁੰਧਿਆ ਕੇ ਹਿੰਦੂ ਸਾਜ਼ਿਸ਼ਾਂ ਤੋਂ ਅਵੇਸਲੇ ਜਾਂ ਅਣਜਾਣ ਬਣੇ ਬੈਠੇ ਸਨ ਤਾਂ ਪੰਥ ਦੇ ਆਲਮ (ਆਪੇ ਆਪਣੇ ਘੁਰਨਿਆਂ ਵਿਚ ਹੀ ਸਹੀ) ਕੁਝ ਨਾ ਕੁਝ 'ਬਿਧ' ਸੋਚ ਰਹੇ ਸਨ। ਵੱਖ-ਵੱਖ ਨੁੱਕਰਾਂ ਵਿਚ ਬੈਠੇ ਵਿਦਵਾਨ, ਲੇਖਕ, ਨੌਜਵਾਨ ਤੇ ਮਿਸ਼ਨਰੀ ਚੁੱਪ ਨਹੀਂ ਸਨ ਬੈਠੇ।

ਵਿਦਵਾਨਾਂ ਵਿੱਚੋਂ ਸਰਸੇ ਵਿਚ ਗੁਰਮੀਤ ਸਿੰਘ 'ਗਾਂਧੀ ਅਤੇ ਸਿੱਖ', ਚੰਡੀਗੜ੍ਹ ਵਿੱਚ ਕਪੂਰ ਸਿੰਘ 'ਸਾਚੀ ਸਾਖੀ', ਪਟਿਆਲੇ ਵਿੱਚ ਹਰਬੰਸ ਸਿੰਘ 'ਸਿੱਖ ਐਨਸਾਈਕਲੋਪੀਡੀਆ', ਜਲੰਧਰ ਵਿਚ ਹਰਜਿੰਦਰ ਸਿੰਘ ਦਿਲਗੀਰ

WWW.SIKHBOOKCLUB.COM

'ਸ਼ਿਰੋਮਣੀ ਅਕਾਲੀ ਦਲ ਦੀ ਤਵਾਰੀਖ਼', ਚੰਡੀਗੜ੍ਹ ਵਿਚ ਗੁਰ ਰਤਨਪਾਲ ਸਿੰਘ 'ਇਲਸਟਰੇਟਡ ਹਿਸਟਰੀ ਆਫ਼ ਦ ਸਿੱਖਜ਼' ਤਿਆਰ ਕਰ ਰਹੇ ਸਨ। ਨੌਜਵਾਨਾਂ ਵਿਚੋਂ ਹਰਸਿਮਰਨ ਸਿੰਘ ਤੇ ਗਜਿੰਦਰ ਸਿੰਘ ਇਕ ਪਾਸੇ ਅਤੇ ਭਾਈ ਅਮਰੀਕ ਸਿੰਘ, ਹਰਵਿੰਦਰ ਸਿੰਘ ਖਾਲਸਾ, ਅਮਰਜੀਤ ਸਿੰਘ ਚਾਵਲਾ, ਅਵਤਾਰ ਸਿੰਘ ਜੰਮੂ ਤੇ ਅਤਿੰਦਰਪਾਲ ਸਿੰਘ ਦੂਜੇ ਪਾਸੇ ਨੌਜਵਾਨਾਂ ਦੀ ਅਗਵਾਈ ਕਰਨ ਵਾਸਤੇ ਤਿਆਰ ਹੋ ਰਹੇ ਸਨ।

ਅਕਾਲੀ ਪਾਰਟੀ ਦੀ ਸਰਕਾਰ ਬਣਨ ਦੇ ਬਾਵਜੂਦ ਅਕਾਲੀ ਵਰਕਰ ਨਿਰਾਸ ਸਨ। ਐਂਟੀ-ਸਿੱਖ ਸੋਚ ਦਾ ਹਰ ਪਾਸੇ ਬੋਲਬਾਲਾ ਸੀ। ਅਕਾਲੀ ਵਜ਼ੀਰਾਂ ਦਾ ਆਪਣਾ ਆਲਾ-ਦੁਆਲਾ ਤਾਂ ਭਾਵੇਂ ਚੋਖਾ ਸੌਖਾ ਤੇ ਖ਼ੁਸ਼ਹਾਲ ਸੀ ਪਰ ਬਹੁਤੇ ਅਕਾਲੀ ਵਰਕਰ ਤੇ ਆਮ ਸਿੱਖ ਨਿਰਾਸ, ਉਦਾਸ ਤੇ ਨਾ-ਖੁਸ਼ ਸਨ, ਕਿਉਂਕਿ ਅਕਾਲੀ ਆਗੂ ਪੰਥ ਦੀ ਬੇਹਤਰੀ ਨੂੰ ਭੁੱਲ ਕੇ (ਮਹਾਰਾਜਾ) ਰਣਜੀਤ ਸਿੰਘ ਵਾਲੀ ਸ਼ਖ਼ਸੀ ਤੇ ਅਖੌਤੀ-ਨਿਰਪਖ ਹਕੂਮਤ ਕਾਇਮ ਕਰਨ ਦਾ ਦਿਖਾਵਾ ਕਰਨ ਵਿਚ ਮਾਣ ਮਹਿਸੂਸ ਕਰ ਰਹੇ ਸਨ।

ਇਸ ਮਾਹੌਲ ਵਿਚ ਅਕਾਲ ਤਖ਼ਤ ਸਾਹਿਬ, ਸਰਬਤ ਖਾਲਸਾ, ਪੰਥ ਤੇ ਕੌਮ ਦੀ ਗੱਲ ਉਪਰੀ ਸਮਝੀ ਜਾਂਦੀ ਸੀ, ਪਰ ਕੁਝ ਆਲਮ-ਫ਼ਾਜ਼ਲ ਸ਼ਖ਼ਸ, ਪ੍ਰੋਫ਼ੈਸਰ, ਵਕੀਲ, ਲੇਖਕ, ਪਾੜ੍ਹੇ ਤੇ ਸੰਜੀਦਾ ਨੌਜਵਾਨ ਤੇ ਹੋਰ ਪੰਥ-ਦਰਦੀ ਤੜਫ਼ ਰਹੇ ਸਨ। ਉਨ੍ਹਾਂ ਦੇ ਸੀਨੇ ਵਿਚ ਇਕ ਤੂਫ਼ਾਨ ਦਬਿਆ ਬੈਠਾ ਸੀ। ਜਾਪਦਾ ਸੀ ਕਿ ਇਕ ਤੂਫ਼ਾਨ ਆਵੇਗਾ ਤੇ ਇਕ ਭਾਂਬੜ ਮਚੇਗਾ। ਇੰਤਜ਼ਾਰ ਸੀ ਸਿਰਫ਼ ਇਕ ਚਿੰਗਾੜੀ ਦੀ। ...ਤੇ ਉਹ ਚਿੰਗਾੜੀ 13 ਅਪ੍ਰੈਲ 1978 ਦੇ ਦਿਨ ਭੜਕ ਉਠੀ, ਜਿਸ ਨੇ ਪੰਥ, ਪੰਜਾਬ, ਭਾਰਤ ਤੇ ਸਾਰੀ ਦੁਨੀਆਂ ਦੇ ਸਿੱਖਾਂ ਨੂੰ ਹਿਲਾ ਕੇ ਰੱਖ ਦਿੱਤਾ।

13 ਅਪ੍ਰੈਲ 1978 ਦੇ ਦਿਨ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਹੱਥੋਂ ਤੇਰ੍ਹਾਂ ਸਿੱਖਾਂ ਦਾ ਕਤਲ

12-13 ਅਪ੍ਰੈਲ 1978 ਦੇ ਦਿਨ, ਸਿੱਖ ਧਰਮ ਦੇ ਖ਼ਿਲਾਫ਼ ਪ੍ਰਚਾਰ ਕਰਨ ਵਾਲੇ, ਮਾਫ਼ੀਆ ਤਰੀਕੇ ਨਾਲ ਚੱਲਣ ਵਾਲੇ, ਨਿਰੰਕਾਰੀ ਅਖਵਾਉਣ ਵਾਲੇ, ਦਿੱਲੀ ਦੇ ਇਕ ਡੇਰੇ ਵਾਲਿਆਂ ਨੇ ਆਪਣਾ ਇਕ ਇਕੱਠ ਅੰਮ੍ਰਿਤਸਰ ਵਿਚ ਕੀਤਾ। ਇਸ ਇਕੱਠ ਦੇ ਵੱਡੇ ਪ੍ਰਬੰਧਕਾਂ ਵਿਚ ਪੰਜਾਬ ਦੇ ਕੁਝ ਸੀਨੀਅਰ ਅਫ਼ਸਰ (ਡੀ.ਸੀ. ਤੇ ਡੀ.ਐਸ.ਪੀ. ਵਗ਼ੈਰਾ) ਵੀ ਸਨ। ਜਿਸ ਦਿਨ ਇਹ ਇਕੱਠ ਹੋਇਆ, ਉਸ ਦਿਨ ਪੰਜਾਬ ਦਾ ਚੀਫ਼ ਮਨਿਸਟਰ ਪ੍ਰਕਾਸ਼ ਸਿੰਘ ਬਾਦਲ ਬੰਬਈ ਵਿਚ 'ਪੰਜਾਬ ਦੀ ਵਿਸਾਖੀ' ਦੇ ਜਸ਼ਨ (ਜੋ ਹਰ ਸਾਲ ਬੰਬਈ 'ਚ ਜ਼ੋਰ-ਸ਼ੋਰ ਨਾਲ ਮਨਾਇਆ ਜਾਂਦਾ ਹੈ) ਵਿਚ ਹਿੱਸਾ ਲੈਣ ਗਿਆ ਹੋਇਆ ਸੀ। ਉਸ ਦਿਨ ਦਰਬਾਰ ਸਾਹਿਬ ਵਿਚ ਇਕ ਵਜ਼ੀਰ ਜੀਵਨ ਸਿੰਘ ਉਮਰਾਨੰਗਲ ਹਾਜ਼ਿਰ ਸੀ।

WWW.SIKHBOOKCLUB.COM

ਮੰਜੀ ਸਾਹਿਬ 'ਤੇ ਹੋ ਰਹੇ ਦੀਵਾਨ ਵਿਚ ਬਾਬਾ ਜਰਨੈਲ ਸਿੰਘ (ਮੁਖੀ ਭਿੰਡਰਾਂ-ਮਹਿਤਾ ਜਥਾ) ਅਤੇ ਭਾਈ ਫੌਜਾ ਸਿੰਘ (ਸੀਨੀਅਰ ਆਗੂ ਅਖੰਡ ਕੀਰਤਨੀ ਜਥਾ) ਤੇ ਹਜ਼ਾਰਾਂ ਸੰਗਤਾਂ ਹਾਜ਼ਿਰ ਸਨ। ਵੱਖ-ਵੱਖ ਆਗੂਆਂ ਨੇ ਨਿਰੰਕਾਰੀਆਂ ਵੱਲੋਂ ਇਕ ਦਿਨ ਪਹਿਲਾਂ (12 ਅਪ੍ਰੈਲ ਨੂੰ) ਕੱਢੇ ਜਲੂਸ ਤੇ ਉਸ ਦਿਨ (13 ਅਪ੍ਰੈਲ ਨੂੰ) ਹੋ ਰਹੇ ਜਲਸੇ ਵਿਚ ਕੀਤੀਆਂ ਜਾ ਰਹੀਆਂ ਹਰਕਤਾਂ ਬਾਰੇ ਤਕਰੀਰਾਂ ਕੀਤੀਆਂ। ਇਸ ਮੌਕੇ 'ਤੇ ਸੰਗਤ ਵਿਚ ਇਹ ਵਿਚਾਰ ਬਣਿਆ ਕਿ ਇਸ ਨਿਰੰਕਾਰੀ ਟੋਲੇ ਦੀਆਂ ਕਾਰਵਾਈਆਂ ਦੇ ਖ਼ਿਲਾਫ਼ ਰੋਸ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਇਸ ਕਰ ਕੇ ਸਿੱਖਾਂ ਦਾ ਇਕ ਜਥਾ ਨਿਰੰਕਾਰੀ ਜਲਸੇ ਵਾਲੇ ਪਾਸੇ ਜਾ ਕੇ ਰੋਸ ਮੁਜ਼ਾਹਰਾ ਕਰਨ ਵਾਸਤੇ ਤਿਆਰ ਹੋ ਗਿਆ। ਬਾਬਾ ਜਰਨੈਲ ਸਿੰਘ ਨੇ ਇਸ ਜਥੇ ਨੂੰ ਟੋਰਿਆ। ਇਸ ਜਥੇ ਵਿਚ ਭਿੰਡਰਾਂ-ਮਹਿਤਾ ਜਥਾ ਅਤੇ ਅਖੰਡ ਕੀਰਤਨੀ ਜਥਾ ਦੇ ਬਹੁਤ ਸਾਰੇ ਕਾਰਕੁੰਨ ਸ਼ਾਮਿਲ ਸਨ। ਜਥੇ ਦੀ ਕਮਾਨ ਭਾਈ ਫੌਜਾ ਸਿੰਘ ਕੋਲ ਸੀ। ਇਸ ਜਥੇ ਵਿਚ ਹੋਰਨਾਂ ਤੋਂ ਇਲਾਵਾ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਵੀ ਸ਼ਾਮਿਲ ਸੀ। ਜਦੋਂ ਇਹ ਜਥਾ ਨਿਰੰਕਾਰੀ ਜਲਸੇ ਦੇ ਨੇੜੇ, ਬਲਾਕ-ਬੀ ਦੇ ਕੋਲ, ਪੁੱਜਾ ਤਾਂ ਨਿਰੰਕਾਰੀਆਂ ਦੇ ਚੀਫ਼ ਗੁਰਬਚਨ ਸਿੰਘ ਦੇ ਹੁਕਮ 'ਤੇ ਉਸ ਦੇ ਹਥਿਆਰਬੰਦ ਗੁੰਡਿਆਂ ਨੇ ਬੰਦੂਕਾਂ, ਤਲਵਾਰਾਂ, ਸੋਟੀਆਂ ਅਤੇ ਜੋ ਹਥਿਆਰ ਵੀ ਉਨ੍ਹਾਂ ਕੋਲ ਸਨ, ਨਾਲ ਇਨ੍ਹਾਂ ਸਿੱਖਾਂ 'ਤੇ ਹਮਲਾ ਕਰ ਦਿੱਤਾ (ਇਨ੍ਹਾਂ ਵਿਚ ਨਿਰੰਕਾਰੀ ਡੀ.ਸੀ. ਨਰਿੰਜਨ ਸਿੰਘ ਵੀ ਸੀ)। ਇਸ ਹਮਲੇ ਵਿਚ ਭਾਈ ਫ਼ੌਜਾ ਸਿੰਘ ਤੇ 12 ਹੋਰ ਸਿੰਘ ਸ਼ਹੀਦ ਹੋ ਗਏ ਅਤੇ ਬਾਬਾ ਮਾਨੋਚਾਹਲ ਸਣੇ ਸੌ ਦੇ ਕਰੀਬ ਜ਼ਖ਼ਮੀ ਹੋ ਗਏ। ਭਾਵੇਂ ਪੰਜਾਬ ਵਿਚ 'ਅਕਾਲੀ' ਸਰਕਾਰ ਸੀ ਤੇ ਪੁਲੀਸ ਉਸ ਥਾਂ ਤੋਂ ਬਹੁਤੀ ਦੂਰ ਨਹੀਂ ਪਰ ਕਾਤਲ ਨਿਰੰਕਾਰੀਆਂ ਨੂੰ ਕਿਸੇ ਨੇ ਵੀ ਨਾ ਵਰਜਿਆ ਅਤੇ ਨਾ ਹੀ ਕਿਸੇ ਨੂੰ ਗ੍ਰਿਫ਼ਤਾਰ ਕੀਤਾ। **ਇਸ ਕਤਲੇਆਮ ਮਗਰੋਂ ਵੀ ਨਿਰੰਕਾਰੀਆਂ ਦਾ ਜਲਸਾ ਬੇ-ਰੋਕ ਟੋਕ ਜਾਰੀ ਰਿਹਾ ਤੇ ਕੁਝ ਘੰਟੇ ਮਗਰੋਂ ਬਾਦਲ ਸਰਕਾਰ ਦਾ ਇਕ ਸੀਨੀਅਰ ਅਫ਼ਸਰ, ਗੋਲੀ ਦਾ ਹੁਕਮ ਦੇਣ ਵਾਲੇ ਗੁਰਬਚਨ ਸਿੰਘ ਨੂੰ ਆਪਣੀ ਕਾਰ ਵਿਚ ਦਿੱਲੀ ਛੱਡ ਆਇਆ।** ਸਿੱਖਾਂ ਦੇ ਕਤਲੇਆਮ ਦੇ ਖ਼ਿਲਾਫ਼ ਸਾਰੀ ਦੁਨੀਆਂ ਭਰ ਵਿਚ ਜ਼ਬਰਦਸਤ ਰੋਸ ਮੁਜ਼ਾਹਰੇ ਹੋਏ। ਇਹ ਮੁਜ਼ਾਹਰੇ ਕਈ ਦਿਨ ਤਕ ਜਾਰੀ ਰਹੇ। ਸਿੱਖਾਂ ਦੇ ਰੋਹ ਤੋਂ ਡਰ ਕੇ ਪੰਜਾਬ ਸਰਕਾਰ ਨੇ ਗੁਰਬਚਨ ਸਿੰਘ ਅਤੇ ਕਈ ਹੋਰਾਂ ਦੇ ਖ਼ਿਲਾਫ਼ ਕੇਸ ਦਰਜ ਕੀਤੇ।

ਇਹ ਕੇਸ ਦਰਜ ਕਰਨ ਦੇ ਬਾਵਜੂਦ ਸਰਕਾਰ ਕਈ ਦਿਨ ਤਕ ਗੁਰਬਚਨ ਸਿੰਘ ਨੂੰ ਗ੍ਰਿਫ਼ਤਾਰ ਨਾ ਕਰ ਸਕੀ। ਇਨ੍ਹਾਂ ਦਿਨਾਂ ਵਿਚ ਹੀ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਐਲਾਨ ਕੀਤਾ ਕਿ ਉਹ ਅੰਮ੍ਰਿਤਸਰ ਵਿਚ ਇਨ੍ਹਾਂ ਨਿਰੰਕਾਰੀਆਂ ਵੱਲੋਂ ਉਨ੍ਹਾਂ ਦੀ ਆਪਣੀ ਈਮਾਰਤ ਵਿਚ ਹੋਣ ਵਾਲੀ ਹਫ਼ਤਾਵਰੀ ਕਾਰਵਾਈ ਵੀ ਨਹੀਂ ਹੋਣ ਦੇਵੇਗਾ। ਹਾਲਾਤ ਅਜਿਹੇ ਬਣ ਗਏ ਕਿ ਇਕ ਹੋਰ ਟਕਰਾਅ

WWW.SIKHBOOKCLUB.COM

ਯਕੀਨੀ ਸੀ। ਇਸ ਹਾਲਤ ਵਿਚ ਸਰਕਾਰ ਕੋਲ ਦੋ ਹੀ ਚਾਰੇ ਸਨ: ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕਰਨਾ ਜਾਂ ਨਿਰੰਕਾਰੀ ਸਰਗਰਮੀਆਂ ਨਾ ਹੋਣ ਦੇਣਾ। ਦੋਹਾਂ ਹਾਲਤਾਂ ਵਿਚ ਸਰਕਾਰ ਦੀ ਬੇਇੱਜ਼ਤੀ ਹੁੰਦੀ ਸੀ। ਅਖ਼ੀਰ ਉਸ ਐਤਵਾਰ ਦੇ ਦਿਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਰੋਲ ਅਦਾ ਕੀਤਾ ਅਤੇ ਬਾਬਾ ਜਰਨੈਲ ਸਿੰਘ ਨੂੰ ਨਾਲ ਲਿਜਾ ਕੇ ਨਿਰੰਕਾਰੀ ਭਵਨ ਨੂੰ ਤਾਲੇ ਲੱਗੇ ਵਿਖਾ ਕੇ ਵਾਪਿਸ ਲੈ ਆਇਆ ਤੇ ਮਾਮਲਾ ਵਕਤੀ ਤੌਰ 'ਤੇ ਰਫ਼ਾ-ਦਫ਼ਾ ਹੋ ਗਿਆ। ਭਾਵੇਂ ਬਾਦਲ ਨੇ ਵਕਤ ਟਪਾ ਲਿਆ ਪਰ ਲੋਕਾਂ ਨੇ ਇਸ ਨੂੰ ਭਿੰਡਰਾਂਵਾਲੇ ਅਤੇ ਖਾੜਕੂਆਂ ਦੀ ਕਾਮਯਾਬੀ ਮੰਨਿਆ ਅਤੇ ਇਸ ਨਾਲ 'ਖਾੜਕੂ' ਸੋਚ ਨੂੰ ਚੋਖੀ ਤਾਕਤ ਮਿਲੀ।

ਇਸ ਮਾਹੌਲ ਵਿਚ ਨਿਰੰਕਾਰੀਆਂ ਦੇ ਸਿੱਖਾਂ 'ਤੇ ਹੋ ਰਹੇ ਵਾਰ ਨੂੰ ਰੋਕਣ ਵਾਸਤੇ ਵਿਚਾਰਾਂ ਵੀ ਸ਼ੁਰੂ ਹੋ ਗਈਆਂ। ਹਰ ਪਾਸੇ ਇਸ ਟੋਲੇ 'ਤੇ ਪਾਬੰਦੀ ਲਾਉਣ ਦੀ ਮੰਗ ਹੋਈ। ਇਨ੍ਹਾਂ ਦੀਆਂ ਕਿਤਾਬਾਂ, ਜਿਨ੍ਹਾਂ ਵਿਚ ਸਿੱਖ ਧਰਮ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕੀਤਾ ਹੋਇਆ ਸੀ, ਨੂੰ ਜ਼ਬਤ ਕਰਨ ਦੀ ਮੰਗ ਵੀ ਹਰ ਪਾਸਿਓਂ ਕੀਤੀ ਗਈ। ਪਰ ਬਾਦਲ ਦੀ ਸਰਕਾਰ ਨੇ ਇਨ੍ਹਾਂ ਕਿਤਾਬਾਂ 'ਤੇ ਪੰਜਾਬ ਵਿਚ ਪਾਬੰਦੀ ਤਾਂ ਕੀ ਲਾਉਣੀ ਸੀ, ਪੰਜਾਬ ਸਰਕਾਰ ਦਾ ਪਬਲਿਕ ਰਿਲੇਸ਼ਨ ਮਹਿਕਮਾ ਇਨ੍ਹਾਂ ਦੇ ਪ੍ਰਚਾਰ-ਰਿਸਾਲੇ 'ਏਕ ਨਜ਼ਰ' ਨੂੰ ਇਸ਼ਤਿਹਾਰ ਦੇ ਕੇ ਵੀ ਨਿਵਾਜਦਾ ਰਿਹਾ (ਇਸ ਵੇਲੇ ਇਸ਼ਤਹਾਰ ਦੇਣ ਵਾਲੇ ਇਸ ਮਹਿਕਮੇ ਦਾ ਵਜ਼ੀਰ ਆਤਮਾ ਸਿੰਘ ਸੀ)। ਇਸ ਸਾਰੀ ਹਾਲਤ ਨੂੰ ਮੱਦੇ-ਨਜ਼ਰ ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਦੀਆਂ ਵੱਖ-ਵੱਖ ਜਥੇਬੰਦੀਆਂ, ਵਿਦਵਾਨਾਂ ਤੇ ਹੋਰ ਸਿਰਕਰਦਾ ਸ਼ਖ਼ਸੀਅਤਾਂ ਦੀ ਇਕ ਕਨਵੈਨਸ਼ਨ ਅੰਮ੍ਰਿਤਸਰ ਵਿਚ 17 ਮਈ 1978 ਦੇ ਦਿਨ ਬੁਲਾ ਲਈ। ਇਸ ਕਨਵੈਨਸ਼ਨ ਵਿਚ ਗੁਰਮਤਾ ਪਾਸ ਕਰ ਕੇ ਅਕਾਲ ਤਖ਼ਤ ਸਾਹਿਬ ਨੂੰ ਅਰਜ਼ ਕੀਤੀ ਗਈ ਕਿ ਨਿਰੰਕਾਰੀਆਂ ਦਾ ਸਮਾਜਿਕ ਬਾਈਕਾਟ ਕਰਨ ਵਾਸਤੇ ਇਕ ਹੁਕਮਨਾਮਾ ਜਾਰੀ ਕੀਤਾ ਜਾਵੇ। ਇਸ ਹੁਕਮਨਾਮੇ ਨੂੰ ਤਿਆਰ ਕਰਨ ਵਾਸਤੇ ਇਕ 7 ਮੈਂਬਰੀ ਕਮੇਟੀ ਬਣਾਈ ਗਈ। ਇਸ ਕਮੇਟੀ ਵਿਚ ਸਿਰਦਾਰ ਕਪੂਰ ਸਿੰਘ, ਗਿਆਨੀ ਲਾਲ ਸਿੰਘ, ਗਿ. ਗੁਰਦਿਤ ਸਿੰਘ ਵੀ ਸ਼ਾਮਿਲ ਸਨ। ਇਨ੍ਹਾਂ ਵਲੋਂ ਤਿਆਰ ਕੀਤਾ ਗਿਆ ਹੁਕਮਨਾਮਾ ਸਾਧੂ ਸਿੰਘ ਭੌਰਾ, ਮੁਖ ਸੇਵਾਦਾਰ ਅਕਾਲ ਤਖ਼ਤ ਸਾਹਿਬ ਨੇ, 10 ਜੂਨ 1978 ਦੇ ਦਿਨ ਜਾਰੀ ਕੀਤਾ। ਇਸ ਹੁਕਮਨਾਮੇ ਵਿਚ ਸਿੱਖਾਂ ਨੂੰ ਨਿਰੰਕਾਰੀਆਂ ਨਾਲ 'ਰੋਟੀ-ਬੇਟੀ ਦੀ ਸਾਂਝ' (ਸਮਾਜਕ ਰਿਸ਼ਤਾ) ਤੇ ਹੋਰ ਸਬੰਧ ਰੱਖਣ ਤੋਂ ਰੋਕ ਦਿੱਤਾ ਗਿਆ।

ਇਸ ਹੁਕਮਨਾਮੇ ਅੱਗੇ ਸਾਰੇ ਪੰਥ ਨੇ ਸਿਰ ਝੁਕਾਇਆ। ਸੈਂਕੜੇ ਸਿੱਖਾਂ ਨੇ ਆਪਣੇ ਸੱਕੇ ਰਿਸ਼ਤੇਦਾਰਾਂ, ਦੋਸਤਾਂ ਤੇ ਹੋਰ ਵਾਕਿਫ਼ਾਂ, ਜੋ ਨਿਰੰਕਾਰੀ ਟੋਲੇ ਦੇ ਮੈਂਬਰ

WWW.SIKHBOOKCLUB.COM

ਸਨ, ਨਾਲੋਂ ਸਬੰਧ ਤੋੜ ਲਏ। ਹਜ਼ਾਰਾਂ ਸਿੱਖ, ਜੋ ਭੁਲੇਖੇ, ਬੇਇਲਮੀ ਤੇ ਬੇਸਮਝੀ ਕਰ ਕੇ ਨਿਰੰਕਾਰੀ ਬਣੇ ਹੋਏ ਸਨ, ਇਸ ਟੋਲੇ ਨੂੰ ਛੱਡ ਗਏ। ਹੁਣ ਪੰਜਾਬ ਵਿਚ ਕੋਈ ਵੀ ਆਦਮੀ ਆਪਣੇ ਆਪ ਨੂੰ ਨਿਰੰਕਾਰੀ ਅਖਵਾਉਣ ਵਾਸਤੇ ਤਿਆਰ ਨਹੀਂ ਸੀ। ਲੋਕ ਇਨ੍ਹਾਂ ਨੂੰ 'ਨਕਲੀ ਨਿਰੰਕਾਰੀ' ਤੇ 'ਨਰਕਧਾਰੀ' ਆਖਣ ਲੱਗ ਪਏ ਸਨ। ਜਿਵੇਂ ਅਮਰੀਕਾ ਵਿਚ ਕਮਿਊਨਿਸਟ ਅਖਵਾਉਣਾ ਗੁਨਾਹ ਮੰਨਿਆ ਜਾਂਦਾ ਹੈ, ਇੰਵ ਹੀ ਪੰਜਾਬ ਵਿਚ ਕੋਈ ਸ਼ਖ਼ਸ ਵੀ ਆਪਣੇ ਆਪ ਨੂੰ ਨਿਰੰਕਾਰੀ ਅਖਵਾਉਣ ਵਾਸਤੇ ਤਿਆਰ ਨਹੀਂ ਸੀ। ਪਰ ਦੂਜੇ ਪਾਸੇ ਜੀਵਨ ਸਿੰਘ ਉਮਰਾਨੰਗਲ ਵਰਗੇ ਕਈ 'ਅਕਾਲੀ' ਅਜੇ ਵੀ ਅੰਦਰੋਂ-ਅੰਦਰੀ ਹੀ ਨਹੀਂ ਬਲਕਿ ਜ਼ਾਹਿਰਾ ਤੌਰ 'ਤੇ ਇਸ ਟੋਲੇ ਨਾਲ ਸਬੰਧ ਰਖ ਰਹੇ ਸਨ।

ਦਿੱਲੀ ਵਿਚ ਪੁਲੀਸ ਨੇ ਸਿੱਖ ਮਾਰ ਕੇ ਗੁਰਦੁਆਰੇ ਸੀਲ ਕੀਤੇ

13 ਅਪਰੈਲ 1978 ਦੇ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਵੱਲੋਂ 13 ਸਿੱਖਾਂ ਦਾ ਕਤਲੇਆਮ ਕੀਤੇ ਜਾਣ ਦੇ ਖ਼ਿਲਾਫ਼ ਪ੍ਰੋਟੈਸਟ ਜਲੂਸ ਹੋਰ ਜਗਹ ਤੋਂ ਇਲਾਵਾ ਦਿੱਲੀ ਵਿਚ ਵੀ ਨਿਕਲੇ। 5 ਨਵੰਬਰ 1978 ਨੂੰ ਦਿੱਲੀ ਵਿਚ ਨਿਕਲੇ ਜਲੂਸ 'ਤੇ ਪੁਲੀਸ ਨੇ ਟੀਅਰ-ਗੈਸ ਅਤੇ ਗੋਲੀਆਂ ਚਲਾ ਕੇ ਅਕਾਲੀ ਪਾਰਟੀ ਦੇ ਦਿੱਲੀ ਯੂਨਿਟ ਦੇ ਪ੍ਰਧਾਨ ਅਵਤਾਰ ਸਿੰਘ ਕੋਹਲੀ ਤੇ ਦੋ ਹੋਰ ਸਿੱਖਾਂ ਮਨਿੰਦਰ ਸਿੰਘ ਅਤੇ ਗੋਬਿੰਦ ਸਿੰਘ ਨੂੰ ਮਾਰ ਕਰ ਦਿੱਤਾ। ਸੈਂਟਰ ਵਿਚ ਉਸ ਵੇਲੇ ਜਨਤਾ ਪਾਰਟੀ ਅਤੇ ਅਕਾਲੀ ਦਲ ਦੀ ਸਾਂਝੀ ਸਰਕਾਰ ਸੀ।

ਇਸੇ ਦਿਨ ਪੁਲੀਸ ਨੇ ਸ਼ਾਮ ਨੂੰ ਬੰਗਲਾ ਸਾਹਿਬ, ਰਕਾਬ ਗੰਜ ਵਗੈਰਾ ਗੁਰਦਵਾਰੇ ਸੀਲ ਕਰ ਦਿੱਤੇ। ਜਦੋਂ ਦੇ ਇਹ ਗੁਰਦਵਾਰੇ ਕਾਇਮ ਹੋਏ ਹਨ (ਮੁਗ਼ਲ ਅਤੇ ਅੰਗ੍ਰੇਜ਼ਾਂ ਦੀਆਂ ਹਕੂਮਤਾਂ ਵੇਲੇ) ਕਦੇ ਵੀ ਇਨ੍ਹਾਂ ਗੁਰਦੁਆਰਿਆਂ ਵਿਚ ਸਿੱਖਾਂ ਦਾ ਦਾਖਲਾ ਬੰਦ ਨਹੀਂ ਹੋਇਆ ਸੀ। ਇਹ ਹਰਕਤ ਪਿਛਲੇ 200 ਸਾਲ ਵਿਚ ਪਹਿਲੀ ਵਾਰੀ ਹੋਈ ਸੀ ਤੇ ਉਹ ਵੀ ਅਕਾਲੀ ਦਲ ਦੀ ਭਾਈਵਾਲੀ ਵਾਲੀ ਸਰਕਾਰ ਵੇਲੇ। (ਇਸ ਨਾਕਾਬੰਦੀ ਦਾ ਹੁਕਮ ਮੋਰਾਰਜੀ ਦੇਸਾਈ ਵਰਗੇ ਫ਼ਿਰਕੂ ਹਿੰਦੂ ਪ੍ਰਾਈਮ ਮਨਿਸਟਰ ਨੇ ਦਿੱਤਾ ਸੀ)। ਗੁਰਦੁਆਰਿਆਂ ਦੀ ਨਾਕਾਬੰਦੀ ਦੇ ਨਾਲ ਇਨ੍ਹਾਂ ਇਲਕਿਆਂ ਵਿਚ ਕਰਫ਼ਿਊ ਵੀ ਲਾ ਦਿੱਤਾ ਗਿਆ।

ਇਨ੍ਹਾਂ ਗੁਰਦੁਆਰਿਆਂ ਦੀ ਇਹ ਨਾਕਾਬੰਦੀ ਤਿੰਨ ਦਿਨ ਜਾਰੀ ਰਹੀ ਅਤੇ ਉਦੋਂ ਖ਼ਤਮ ਹੋਈ ਜਦੋਂ ਪੰਜਾਬ ਦੇ ਅਕਾਲੀ ਵਜ਼ੀਰਾਂ ਅਤੇ ਅਕਾਲੀ ਪਾਰਟੀ ਦੇ ਆਗੂਆਂ ਨੇ ਇਸ ਨਾਕਾਬੰਦੀ ਅਤੇ ਕਰਫ਼ਿਊ ਨੂੰ ਤੋੜ ਕੇ ਗ੍ਰਿਫ਼ਤਾਰੀਆਂ ਦੇਣ ਦੀ ਸਕੀਮ ਬਣਾਈ। ਪਰ ਅਕਾਲੀ ਪਾਰਟੀ ਦੇ ਸਕੱਤਰ ਗਿਆਨੀ ਅਜਮੇਰ ਸਿੰਘ ਨੇ ਇਹ ਸਕੀਮ ਸੀ.ਆਈ.ਡੀ. ਤੱਕ ਪਹੁੰਚਾ ਦਿੱਤੀ ਜਿਸ ਕਾਰਨ ਸੈਂਟਰ ਦੇ ਅਕਾਲੀ ਵਜ਼ੀਰਾਂ ਵੱਲੋਂ ਗ੍ਰਿਫ਼ਤਾਰੀ ਦੇਣ ਦੇ ਧਮਾਕੇ ਤੋਂ ਪਹਿਲਾਂ ਹੀ ਸਰਕਾਰ ਨੇ ਗੁਰਦੁਆਰਿਆਂ ਦੀ ਤਾਲਾਬੰਦੀ ਖ਼ਤਮ ਕਰ ਦਿੱਤੀ।

WWW.SIKHBOOKCLUB.COM

ਭਾਈ ਅਮਰੀਕ ਸਿੰਘ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਪ੍ਰਧਾਨ ਬਣਿਆ

1943 ਵਿਚ ਬਣੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ 1943 ਤੋਂ 1958 ਤਕ ਅਹਿਮ ਰੋਲ ਅਦਾ ਰਕਦੀ ਰਹੀ ਸੀ। ਪਰ 1959 ਵਿਚ ਸੁਰਜੀਤ ਸਿੰਘ ਮਿਨਹਾਸ ਦੇ ਵੇਲੇ ਤੋਂ ਇਹ ਸਿਰਫ਼ ਰਸਮੀ ਜਮਾਤ ਬਣ ਕੇ ਰਹਿ ਗਈ ਸੀ। ਅਕਾਲੀ ਦਲ ਵਿਚ ਫੁੱਟ ਪੈਣ ਮਗਰੋਂ ਇਸ ਦੇ ਦੋ ਧੜੇ ਬਣ ਗਏ। ਮਾਸਟਰ ਧੜੇ ਦਾ ਅਮਰੀਕ ਸਿੰਘ ਤੇ ਫਤਹਿ ਸਿੰਘ ਧੜੇ ਦਾ ਮੱਖਣ ਸਿੰਘ ਸੀ। ਪਰ ਇਹ ਦੋਵੇਂ ਕੋਈ ਰੋਲ ਅਦਾ ਨਾ ਕਰ ਸਕੇ ਤੇ ਹੌਲੀ-ਹੌਲੀ ਇਹ ਕਮਜ਼ੋਰ ਹੋਣ ਲਗ ਪਈ। ਕੁਝ ਚਿਰ ਵਾਸਤੇ ਸੁਰਜੀਤ ਸਿੰਘ ਸੰਧੂ (ਖਾਲਸਾ ਕਾਲਜ ਜਲੰਧਰ) ਨੇ ਇਸ ਵਿਚ ਜਾਨ ਪਾਈ ਪਰ ਉਹ ਜਲਦੀ ਹੀ ਚੜ੍ਹਾਈ ਕਰ ਗਿਆ। ਇਸ ਮਗਰੋਂ ਜਸਵੰਤ ਸਿੰਘ ਮਾਨ ਪ੍ਰਧਾਨ ਬਣਿਆ। ਉਸ ਦੇ ਅਹਿਦ ਵਿਚ ਦਰਸ਼ਨ ਸਿੰਘ ਫੇਰੂਮਾਨ ਦਾ ਮਰਨ ਵਰਤ ਆਇਆ। ਮਾਨ, ਸੁਰਜੀਤ ਸਿੰਘ ਨਾਰੰਗ, ਗੁਰਬਚਨ ਸਿੰਘ ਕਲਸੀ, ਹਰਜਿੰਦਰ ਸਿੰਘ ਦਿਲਗੀਰ, ਹਰਦੀਪ ਸਿੰਘ ਬਾਜਵਾ, ਹਰਜੀਤ ਸਿੰਘ ਸੰਧੂ, ਸੁਰਿੰਦਰ ਸਿੰਘ ਹੋਠੀ ਨੇ ਇਸ ਮੌਕੇ 'ਤੇ ਸੰਜੀਦਗੀ ਨਾਲ ਕੰਮ ਕੀਤਾ। ਦਿਲਗੀਰ ਤੇ ਹੋਠੀ ਨੂੰ ਤਾਂ ਜੇਲ੍ਹ ਵੀ ਜਾਣਾ ਪਿਆ। ਮਾਨ ਤੋਂ ਬਾਅਦ ਜਸਵੰਤ ਸਿੰਘ ਗਰੇਵਾਲ, ਹਰੀ ਸਿੰਘ, ਜਾਗੀਰ ਸਿੰਘ ਪ੍ਰਧਾਨ ਬਣੇ। ਪਰ ਇਹ ਸਭ ਕਾਗ਼ਜ਼ੀ ਪ੍ਰਧਾਨ ਹੀ ਸਨ।

ਇਸ ਦੌਰਾਨ ਹਰਸਿਮਰਨ ਸਿੰਘ, ਹਰਜਿੰਦਰ ਸਿੰਘ ਦਿਲਗੀਰ, ਮਨਜੀਤ ਸਿੰਘ ਨਾਭਾ, ਬਲਵੰਤ ਸਿੰਘ ਰਾਮੂਵਾਲੀਆ ਸਿੱਖ ਸਟੂਡੈਂਟਸ ਐਂਡ ਯੂਥ ਫ਼ੈਡਰੇਸ਼ਨ) ਆਪੋ-ਆਪਣੇ ਫੱਟੇ ਲਾ ਕੇ ਕਾਗ਼ਜ਼ੀ ਪ੍ਰਧਾਨ ਬਣੇ ਰਹੇ। ਪਰ 2 ਜੁਲਾਈ 1978 ਦੇ ਦਿਨ ਭਾਈ ਅਮਰੀਕ ਸਿੰਘ (ਪੁੱਤਰ ਗਿਆਨੀ ਕਰਤਾਰ ਸਿੰਘ ਭਿੰਡਰਾਂ) ਨੂੰ ਪ੍ਰਧਾਨ ਬਣਾ ਦਿੱਤਾ ਗਿਆ। ਨਿਰੰਕਾਰੀਆਂ ਵੱਲੋਂ ਸਿੱਖਾਂ ਦੇ ਕਤਲਾਂ ਮਗਰੋਂ ਸਿੱਖ ਹੋਮਲੈਂਡ ਵਿਚ ਖਾੜਕੂ ਲਹਿਰ ਸ਼ੁਰੂ ਹੋ ਗਈ ਸੀ। ਭਾਈ ਅਮਰੀਕ ਸਿੰਘ ਦੇ ਪ੍ਰਧਾਨ ਬਣਨ ਨਾਲ ਸਿੱਖ ਸੂਡੈਂਟਸ ਫ਼ੈਡਰੇਸ਼ਨ ਦਾ ਨਕਸ਼ਾ ਵੀ ਬਦਲ ਗਿਆ ਤੇ ਇਹ ਬਹੁਤ ਤਾਕਤਵਰ ਜਥੇਬੰਦੀ ਬਣ ਗਈ। 1978 ਤੋਂ 1996 ਤਕ ਇਸ ਜਥੇਬੰਦੀ ਨੇ ਬਹੁਤ ਸ਼ਹੀਦੀਆਂ ਦਿੱਤੀਆਂ ਤੇ ਪੰਜਾਬ ਦੀ ਸਿਆਸਤ ਵਿਚ ਵੀ ਇਸ ਦਾ ਬੋਲ ਬਾਲਾ ਰਿਹਾ।

ਦਲ ਖਾਲਸਾ ਦੀ ਕਾਇਮੀ

1978 ਵਿਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਬਹੁਤ ਸਾਰੀਆਂ ਨੌਜਵਾਨ ਜਥੇਬੰਦੀਆਂ ਵਿਚਰ ਰਹੀਆਂ ਸਨ। ਇਨ੍ਹਾਂ ਵਿਚੋਂ ਮੁਖ ਚੰਡੀਗੜ੍ਹ, ਗੁਰਦਾਸਪੁਰ, ਦਿੱਲੀ, ਜਲੰਧਰ ਵਗ਼ੈਰਾ ਵਿਚ ਸਨ। ਇਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਇਕ ਵੱਡੀ ਜਥੇਬੰਦੀ ਬਣਾਉਣ ਦਾ ਫ਼ੈਸਲਾ ਕੀਤਾ। 6 ਅਗਸਤ 1978 ਦੇ ਦਿਨ ਇਹ ਜਥੇਬੰਦੀਆਂ ਦਲ ਖਾਲਸਾ ਦੇ ਨਾਂ ਹੇਠ ਇਕੱਠੀਆਂ ਹੋ ਗਈਆਂ। ਇਸ ਦੇ ਮੁਖ ਪੰਚ ਸਨ: ਮਹਿੰਦਰ

WWW.SIKHBOOKCLUB.COM Page 183

ਸਿੰਘ ਦਿੱਲੀ, ਹਰਸਿਮਰਨ ਸਿੰਘ, ਹਰਜਿੰਦਰ ਸਿੰਘ ਦਿਲਗੀਰ, ਸਤਨਾਮ ਸਿੰਘ ਪਾਉਂਟਾ ਸਾਹਿਬ ਤੇ ਜਸਵੰਤ ਸਿੰਘ ਠੇਕੇਦਾਰ। ਮਗਰੋਂ ਦਸੰਬਰ ਵਿਚ ਦਿਲਗੀਰ ਦੇ ਅਸਤੀਫ਼ਾ ਦੇ ਜਾਣ 'ਤੇ ਗਜਿੰਦਰ ਸਿੰਘ ਆ ਗਿਆ।

ਦਲ ਖਾਲਸਾ ਨੇ ਆਪਣਾ ਨਿਸ਼ਾਨਾ ਖਾਲਿਸਤਾਨ ਰੱਖਿਆ। ਭਾਵੇਂ ਇਸ ਵਿਚ ਥੋੜ੍ਹੇ ਵਰਕਰ ਸਨ ਪਰ ਇਹ ਸਿਰੜੀ ਜਵਾਨਾਂ ਦੀ ਜਥੇਬੰਦੀ ਸੀ। (ਦਲ ਖਾਲਸਾ ਨੇ 1979 ਦੀਆਂ ਗੁਰਦੁਆਰਾ ਚੋਣਾਂ ਵੀ ਲੜੀਆਂ ਜਿਸ ਨੂੰ ਮਗਰੋਂ ਇਕ ਗ਼ਲਤੀ ਮੰਨ ਕੇ ਮੁੜ ਅਜਿਹਾ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ। 29 ਸਤੰਬਰ 1981 ਦੀ ਹਾਈਜੈਕਿੰਗ ਮਗਰੋਂ ਦਲ ਖਾਲਸਾ ਦੇ ਸਾਰੇ ਵਰਕਰ ਰੂਪੋਸ਼ ਹੋ ਗਏ ਤੇ ਇਹ ਜਥੇਬੰਦੀ ਲਾਹੌਰ ਜੇਲ੍ਹ ਅਤੇ ਇੰਗਲੈਂਡ ਤਕ ਹੀ ਮਹਿਦੂਦ ਹੋ ਗਈ। ਹੁਣ ਪਿਛਲੇ ਦਸ ਸਾਲਾਂ ਤੋਂ ਇਹ ਇਕ ਨੀਮ-ਸਿਆਸੀ ਜਥੇਬੰਦੀ ਵਜੋਂ ਵਿਚਰ ਰਹੀ ਹੈ ਤੇ ਇਸ ਦਾ ਨਿਸ਼ਾਨਾ ਵੀ 1978 ਵਾਲਾ ਨਹੀਂ ਹੈ)।

ਭਾਰਤ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਤੇ ਉਨ੍ਹਾਂ ਦੇ ਏਜੰਟ ਇਹ ਪਰਚਾਰ ਕਰਦੇ ਰਹੇ ਹਨ ਕਿ ਇਸ ਨੂੰ ਕਾਂਗਰਸ ਨੇ ਬਣਾਇਆ ਸੀ ਜਾਂ ਇਸ ਦਾ ਜ਼ੈਲ ਸਿੰਘ ਜਾਂ ਵਿਸ਼ਵਾ ਨਾਥ ਤਿਵਾੜੀ ਨਾਲ ਸਬੰਧ ਸੀ। ਇਹ ਕੋਰਾ ਝੂਠ ਹੈ ਜਿਸ ਪਿੱਛੇ ਇਹ ਏਜੰਸੀਆਂ, ਕਾਂਗਰਸੀ ਅਤੇ ਅਕਾਲੀ ਦਲ ਦੇ ਕੁਝ ਸਾਜ਼ਸ਼ੀ ਆਗੂ ਵੀ ਸਨ। ਦਲ ਖਾਲਸਾ ਤਾਂ ਸਿੱਖ ਨੌਜਵਾਨਾਂ ਦੀਆਂ ਖਾੜਕੂ ਜਥੇਬੰਦੀਆਂ ਨੇ ਜਜ਼ਬਾਤੀ ਹੋ ਕੇ ਕਾਇਮ ਕੀਤੀ ਸੀ ਅਤੇ ਇਹ 1981 ਤਕ ਲੰਕੇ-ਡੰਗ (ਵਰਕਰਾਂ ਦੇ ਦਸਵੰਧ ਨਾਲ) ਸੇਵਾ ਕਰਦੀ ਰਹੀ ਸੀ।

ਗੁਰਦੁਆਰੇ ਸਾੜਨਾ / ਕਬਜ਼ੇ ਕਰਨਾ

ਸੈਂਟਰ ਵਿਚ ਅਕਾਲੀ ਪਾਰਟੀ ਦੀ ਸਰਕਾਰ ਵਿਚ ਸ਼ਮੂਲੀਅਤ ਹੋਣ ਦੇ ਬਾਵਜੂਦ 12 ਮਈ 1979 ਨੂੰ ਕਲਕੱਤੇ ਦੇ ਹਿੰਦੂਆਂ ਨੇ ਇਕ ਗੁਰਦੁਆਰਾ ਬਾਘਮੜੀ ਸਾੜ ਦਿੱਤਾ। ਇੰਞ ਹੀ ਪੁਲੀਸ ਨੇ ਬਹਾਨਾ ਲਾ ਕੇ 28 ਅਕਤੂਬਰ 1979 ਨੂੰ ਮੇਰਠ ਗੁਰਦਵਾਰੇ ਉੱਤੇ ਕਬਜ਼ਾ ਕਰ ਲਿਆ। ਸਿੱਖ ਸਟੂਡੈਂਟਸ, ਦਲ ਖਾਲਸਾ ਅਤੇ ਡਾਕਟਰ ਰਾਜਿੰਦਰ ਕੌਰ ਨੇ ਇਸ ਮਸਲੇ 'ਤੇ ਮੋਰਚਾ ਲਾ ਦਿੱਤਾ ਪਰ ਅਕਾਲੀ ਦਲ ਨੇ ਕੁਝ ਨਾ ਕੀਤਾ (ਉਂਞ ਅਕਾਲੀ ਦਲ ਆਪਣੇ ਆਪ ਨੂੰ ਪੰਥਕ ਹਿਤਾਂ ਦਾ ਪਹਿਰੇਦਾਰ ਕਹਿੰਦਾ ਸੀ)।

ਨਿਰੰਕਾਰੀ ਦਾ 'ਬਰੀ' ਹੋਣਾ

13 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਚ ਹੋਏ ਸਿੱਖ ਕਤਲੇਆਮ ਦਾ ਮੁਕੱਦਮਾ ਹਾਈ ਕੋਰਟ ਦੇ ਹੁਕਮ ਨਾਲ ਪੰਜਾਬ ਤੋਂ ਬਾਹਰ ਕਰਨਾਲ ਵਿਚ ਤਬਦੀਲ ਕਰ ਦਿੱਤਾ ਗਿਆ। ਇਹ ਮੁਕੱਦਮਾ ਇਕ ਹਿੰਦੂ ਜੱਜ ਮਿਸਟਰ ਗੁਪਤਾ ਕੋਲ ਸੀ। ਇਸ ਮੁਕੱਦਮੇ ਵਿਚ ਪੰਜਾਬ ਸਰਕਾਰ ਦੇ ਵਕੀਲਾਂ ਨੇ ਕਮਜ਼ੋਰ ਕੇਸ

WWW.SIKHBOOKCLUB.COM

ਤਿਆਰ ਕੀਤਾ ਅਤੇ ਢਿੱਲੇ ਤਰੀਕੇ ਨਾਲ ਲੜਿਆ। ਇਹ ਵੀ ਚਰਚਾ ਚਲ ਪਿਆ ਸੀ ਕਿ ਨਿਰੰਕਾਰੀਆਂ ਦੇ ਮੁਖੀ ਗੁਰਬਚਨ ਸਿੰਘ ਨੇ ਆਪਣੇ ਆਪ ਨੂੰ ਅਤੇ 61 ਹੋਰ ਮੁਜਰਮਾਂ ਨੂੰ ਸਿੱਖਾਂ ਦੇ ਕਤਲ ਤੋਂ ਪੂਰੀ ਤਰਾਂ ਬਰੀ ਕਰਵਾਉਣ ਵਾਸਤੇ ਜੱਜ ਗੁਪਤਾ ਨੂੰ ਇਕ ਮੋਟੀ ਰਕਮ ਰਿਸ਼ਵਤ ਵਜੋਂ ਦਿੱਤੀ ਹੈ। 4 ਜਨਵਰੀ 1980 ਨੂੰ ਗੁਪਤੇ ਨੇ ਇਨ੍ਹਾਂ ਮੁਜਰਮਾਂ ਨੂੰ 'ਬਰੀ' ਕਰਨ ਦਾ ਫ਼ੈਸਲਾ ਦੇ ਦਿੱਤਾ। ਅਕਾਲੀ ਅਖਵਾਉਂਦੇ ਚੀਫ਼ ਮਨਿਸਟਰ ਪਰਕਾਸ਼ ਸਿੰਘ ਬਾਦਲ ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਸਰਕਾਰ ਵੱਲੋਂ ਹਾਈ ਕੋਰਟ ਵਿਚ ਅਪੀਲ ਤੱਕ ਦਾਇਰ ਨਾ ਕੀਤੀ।

ਸਿੱਖਾਂ ਦੇ ਕਾਤਲਾਂ ਨੂੰ ਬਰੀ ਕਰਨ, ਅਕਾਲੀ ਸਰਕਾਰ ਵੱਲੋਂ ਅਪੀਲ ਦਾਇਰ ਨਾ ਕਰਨ, ਫ਼ਿਰਕੂ ਹਿੰਦੂਆਂ ਵੱਲੋਂ ਨਿਰੰਕਾਰੀਆਂ ਦੀ ਰਿਹਾਈ ਸਮੇਂ ਖੁਸ਼ੀਆਂ ਮਨਾਉਣ ਅਤੇ ਲੱਡੂ ਵੰਡਣ ਦੀਆਂ ਘਟਨਾਵਾਂ ਨਾਲ ਹਰ ਸਿੱਖ ਦਾ ਦਿਲ ਤੜਪ ਉੱਠਿਆ। ਸਿੱਖ ਆਲਮ, ਸਿੱਖ ਵਿਦਿਆਰਥੀ, ਜੁਝਾਰੂ ਸਿੱਖ ਅਤੇ ਸਾਰੀ ਸਿੱਖ ਕੌਮ ਸੋਗ, ਰੰਜ, ਗੁੱਸੇ, ਰੋਹ ਤੇ ਸੋਚ ਵਿਚ ਪੈ ਗਈ।

ਸਿੱਖਾਂ ਵੱਲੋਂ ਇਨਸਾਫ਼ ਖੋਹਣ ਦਾ ਫ਼ੈਸਲਾ

ਇਸ ਮਾਹੌਲ ਵਿਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ, ਅਖੰਡ ਕੀਰਤਨੀ ਜਥਾ, ਕੈਨੇਡਾ ਦੇ ਜਥੇਦਾਰ ਤਲਵਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀ ਅਤੇ ਹੋਰ ਬਹੁਤ ਸਾਰੇ ਸਰਗਰਮ ਪੰਥਕ ਕਾਰਕੁੰਨ ਸਿੱਖਾਂ ਦੇ ਕਤਲੇਆਮ ਦੇ ਜ਼ਿੰਮੇਦਾਰਾਂ ਨੂੰ ਯਕੀਨਨ ਸਜ਼ਾ ਦੇਣਾ ਚਾਹੁੰਦੇ ਸਨ। ਭਾਰਤ ਦੀਆਂ ਬੇਇਨਸਾਫ਼ ਅਦਾਲਤਾਂ ਤੋਂ ਇਨਸਾਫ਼ ਨਾ ਮਿਲ ਸਕਣ ਮਗਰੋਂ ਇਨ੍ਹਾਂ ਸਿੱਖਾਂ ਦੇ ਇਨਸਾਫ਼ ਆਪ ਕਰਨ ਦਾ ਇਰਾਦਾ ਕੀਤਾ। ਵੱਖ-ਵੱਖ ਜਗਹ ਬੈਠੇ ਜੁਝਾਰੂ ਸੋਚ ਵਾਲੇ ਸਿੱਖਾਂ ਨੇ ਅਖੀਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਐਲਾਨਨਾਮੇ ਦੀਆਂ ਲਾਈਨਾਂ ਨੂੰ ਦੋਬਾਰਾ ਪੜ੍ਹਿਆ ਤੇ ਉਸ ਉੱਤੇ ਅਮਲ ਕਰਨ ਦਾ ਇਰਾਦਾ ਕੀਤਾ। ਇਸ ਮੁਤਾਬਿਕ ਸਿੱਖਾਂ ਨੇ ਫ਼ੈਸਲਾ ਕੀਤਾ ਕਿ ਫ਼ਿਰਕੂ ਹਿੰਦੂ ਹਾਕਮਾਂ ਤੋਂ ਇਨਸਾਫ਼ ਤਾਂ ਮਿਲਣਾ ਨਹੀਂ, ਇਨਸਾਫ਼ ਖੋਹਣਾ ਪੈਣਾ ਹੈ, ਯਾਨੀ, ਸਿੱਖਾਂ ਨੇ ਨਿਰੰਕਾਰੀ ਮੁਜਰਮਾਂ ਨੂੰ ਖ਼ੁਦ ਸਜ਼ਾ ਦੇਣ ਦਾ ਫ਼ੈਸਲਾ ਕਰ ਲਿਆ। *(ਪਹਿਲੋਂ 10 ਜੂਨ 1978 ਨੂੰ ਅਕਾਲ ਤਖ਼ਤ ਸਾਹਿਬ ਤੋਂ ਇਕ ਹੁਕਮਨਾਮਾ ਜਾਰੀ ਕਰ ਕੇ 'ਨਰਕਧਾਰੀ ਦੰਭ' ਨੂੰ ਹਰ ਹੀਲੇ ਰੋਕਣ ਵਾਸਤੇ ਸਿੱਖ ਕੌਮ ਨੂੰ ਆਖ ਦਿੱਤਾ ਗਿਆ ਸੀ)।*

ਇਸ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਦਿੱਲੀ ਤੋਂ ਭਾਈ ਰਣਜੀਤ ਸਿੰਘ ਤੇ ਕਾਬਲ ਸਿੰਘ ਤਿਆਰ ਹੋਏ ਅਤੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਉਨ੍ਹਾਂ ਨੇ ਆਪਣਾ ਮਿਸ਼ਨ ਸ਼ੁਰੂ ਕੀਤਾ। ਉਹ ਇਸ ਮਿਸ਼ਨ ਵਿਚ 20 ਅਪ੍ਰੈਲ 1980 ਦੇ ਦਿਨ ਕਾਮਯਾਬ ਹੋ ਗਏ। ਉਹ ਗੁਰਬਚਨ ਸਿੰਘ, ਜਿਸ ਦੀ ਭਾਰਤੀ ਅਦਾਲਤ ਹਥੋਂ ਬਚਣ ਦੀ ਤਰਕੀਬ ਤਾਂ ਕਾਮਯਾਬ ਹੋ ਗਈ ਸੀ, ਨੂੰ ਅਕਾਲ ਤਖ਼ਤ ਸਾਹਿਬ ਦੀ ਅਦਾਲਤ ਨੇ ਤਿੰਨ ਮਹੀਨੇ 20 ਦਿਨ ਮਗਰੋਂ ਸਜ਼ਾ ਦੇ ਦਿੱਤੀ।

WWW.SIKHBOOKCLUB.COM

ਇਸ ਮਗਰੋਂ ਵੀ ਸਿੱਖ ਜੁਝਾਰੂਆਂ ਨੇ ਕਈ ਮਾਮਲਿਆਂ ਵਿਚ ਇਨਸਾਫ਼ ਨਾ ਮਿਲਣ 'ਤੇ ਇਨਸਾਫ਼ ਖੋਹਿਆ, ਯਾਨਿ ਆਪ ਇਨਸਾਫ਼ ਕੀਤਾ।

ਬਬਰ-ਖਾਲਸਾ ਦੀ ਕਾਇਮੀ

'ਪੰਥ ਦੇ ਦੁਸ਼ਮਣਾਂ' ਨੂੰ ਸਜ਼ਾ ਦੇਣ ਦਾ ਫ਼ੈਸਲਾ ਕਿਸੇ ਇੱਕ ਮੀਟਿੰਗ ਵਿਚ ਨਹੀਂ ਸੀ ਕੀਤਾ ਗਿਆ। ਭਿੰਡਰਾਂ-ਮਹਿਤਾ ਜਥਾ, ਦਲ ਖਾਲਸਾ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਅਤੇ ਕੁਝ ਇਕੱਲੇ-ਦੁਕੱਲੇ ਸਿੱਖ ਇਸ ਬਾਰੇ ਆਪੋ-ਆਪਣੇ ਸਰਕਲ ਵਿਚ ਸੋਚਦੇ ਰਹਿੰਦੇ ਸਨ। ਇਨ੍ਹਾਂ ਵੱਖ-ਵੱਖ ਗਰੁੱਪਾਂ ਦੀਆਂ ਕਦੇ-ਕਦੇ ਕੁਝ ਸਾਂਝੀਆਂ ਬੈਠਕਾਂ ਵੀ ਹੁੰਦੀਆਂ ਰਹਿੰਦੀਆਂ ਸਨ।

ਠੀਕ ਅਜੇਹੇ ਸਮਿਆਂ ਵਿਚ ਹੀ ਵੈਨਕੂਵਰ (ਕਨੇਡਾ) ਅਤੇ ਪੰਜਾਬ ਵਿਚ ਵੱਖ-ਵੱਖ ਹਿੱਸਿਆਂ ਦੇ ਜੁਝਾਰੂ ਸਿੱਖ ਇਕੱਠੇ ਹੋਏ ਅਤੇ ਉਨ੍ਹਾਂ ਨੇ 'ਸ਼ਹੀਦੀ ਜੱਥੇ' ਜਾਂ 'ਬਬਰ ਜੱਥੇ' ਕਾਇਮ ਕੀਤੇ। ਮਗਰੋਂ ਇਨ੍ਹਾਂ ਜਥਿਆਂ ਨੂੰ 'ਬਬਰ ਖਾਲਸਾ' ਵਜੋਂ ਯਾਦ ਕੀਤਾ ਜਾਣ ਲੱਗਾ। ਵੈਨਕੂਵਰ ਤੋਂ ਕੁਝ ਸਿੱਖਾਂ ਨੇ ਆ ਕੇ ਪੰਜਾਬ ਵਿਚ ਕੁਝ ਐਕਸ਼ਨ ਕਰਵਾਏ। ਦੂਜੇ ਪਾਸੇ ਪੰਜਾਬ ਦੇ ਬਬਰਾਂ ਨੇ ਕੁਝ ਐਕਸ਼ਨ ਇਕੱਲਿਆਂ ਵੀ ਕੀਤੇ। ਇਸ ਤੋਂ ਇਲਾਵਾ ਕੁਝ ਐਕਸ਼ਨ ਦੋਹਾਂ ਗੁਰੱਪਾਂ ਨੇ ਸਾਂਝੇ ਵੀ ਕੀਤੇ। (ਦਲ ਖਾਲਸਾ ਵਰਕਰਾਂ ਵੱਲੋਂ 29 ਸਤੰਬਰ 1981 ਨੂੰ ਜਹਾਜ਼ ਅਗਵਾ ਕਰਨ ਵਾਸਤੇ ਵੀ ਬਬਰਾਂ ਦੇ ਮੁਖੀ ਜਥੇਦਾਰ ਤਲਵਿੰਦਰ ਸਿੰਘ ਨੇ ਹਿੱਸਾ ਪਾਇਆ ਸੀ)।

ਬੱਬਰ ਖਾਲਸਾ ਦੇ ਵੈਨਕੂਵਰ ਅਤੇ ਪੰਜਾਬ ਗਰੁੱਪ ਤੇ ਹੋਰ ਖਾੜਕੂਆਂ ਵਿਚ ਹੇਠ ਲਿਖੇ ਵਰਕਰ ਸ਼ਾਮਿਲ ਸਨ:

ਜਥੇਦਾਰ ਤਲਵਿੰਦਰ ਸਿੰਘ, ਸੁਖਦੇਵ ਸਿੰਘ ਦਾਸੂਵਾਲ, ਕੁਲਵੰਤ ਸਿੰਘ ਨਾਗੋਕੇ, ਅਮਰਜੀਤ ਸਿੰਘ ਦਹੇੜੂ, ਤਰਸੇਮ ਸਿੰਘ ਕਾਲਾ ਸੰਘਾ, ਮਨਮੋਹਨ ਸਿੰਘ ਫੌਜੀ, ਵਧਾਵਾ ਸਿੰਘ, ਅਨੋਖ ਸਿੰਘ, ਗੁਰਮੀਤ ਸਿੰਘ ਧੂਲਕੋਟ, ਸੁਰਿੰਦਰ ਸਿੰਘ ਜਗਾਧਰੀ, ਸੁਰਜੀਤ ਸਿੰਘ, ਸੁਰਿੰਦਰ ਸਿੰਘ ਸੋਢੀ, ਅਮਰਜੀਤ ਸਿੰਘ, ਸੇਵਾ ਸਿੰਘ, ਗੁਰਨਾਮ ਸਿੰਘ (ਤਿੰਨੇ ਪੁਲੀਸ ਅਫਸਰ ਫਰੀਦਕੋਟ), ਰਣਜੀਤ ਸਿੰਘ, ਕਾਬਲ ਸਿੰਘ, ਦਾਰਾ ਸਿੰਘ, ਗਿਆਨ ਸਿੰਘ, ਭੋਲਾ ਸਿੰਘ, ਵਗ਼ੈਰਾ।

ਬਬਰ ਖਾਲਸਾ ਅਤੇ ਆਜ਼ਾਦ ਬਬਰਾਂ ਨੇ ਕੁੱਝ ਕਾਰਵਾਈਆਂ ਇਕੱਲਿਆਂ ਕੀਤੀਆਂ ਅਤੇ ਕੁਝ ਕਾਰਵਾਈਆਂ ਭਿੰਡਰਾਂ ਮਹਿਤਾ ਜਥਾ, ਦਲ ਖਾਲਸਾ, ਅਖੰਡ ਕੀਰਤਨੀ ਜਥਾ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਗ਼ੈਰਾ ਨਾਲ ਮਿਲ ਕੇ ਵੀ ਕੀਤੀਆਂ। ਇਨ੍ਹਾਂ ਸਾਰੀਆਂ ਕਾਰਵਾਈਆਂ ਦਾ ਮਕਸਦ ਸੀ :-

(1) 13 ਅਪ੍ਰੈਲ 1978 ਦੇ ਸਿੱਖ ਸ਼ਹੀਦਾਂ ਦੇ ਕਾਤਲਾਂ ਨੂੰ ਸਜ਼ਾ ਦੇਣਾ।

(2) ਗੁਰਦੁਆਰਿਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਹੁਮਰਤੀ ਕਰਨ ਵਾਲਿਆਂ ਨੂੰ ਸਜ਼ਾਵਾਂ ਦੇਣਾ।

WWW.SIKHBOOKCLUB.COM

(3) ਸਿੱਖ ਗੁਰੂਆਂ, ਸਿੱਖ ਗ੍ਰੰਥਾਂ, ਸਿੱਖ ਫ਼ਿਲਾਸਫ਼ੀ, ਸਿੱਖ ਮਜ਼ਹਬ ਦੇ ਖਿਲਾਫ਼ ਗ਼ਲਤ ਲਿਖਣ/ਬੋਲਣ ਵਾਲਿਆਂ ਨੂੰ ਸਜ਼ਾਵਾਂ ਦੇਣਾ।

(4) ਸਰਕਾਰ ਦੇ ਟੋਡੀਆਂ ਨੂੰ ਸਜ਼ਾਵਾਂ ਦੇਣਾ।

ਸਿੱਖਾਂ ਨੇ ਇਹ ਰਾਹ ਕਿਉਂ ਅਪਣਾਇਆ?

ਉਂਜ ਆਖਣ ਨੂੰ ਤਾਂ ਹਿੰਦੂਸਤਾਨ ਵਿੱਚ 'ਕਾਨੂੰਨ ਦਾ ਰਾਜ' ਹੈ ਤੇ ਹਿੰਦੂਸਤਾਨ ਇਕ ਸੈਕੂਲਰ ਮੁਲਕ ਹੈ, ਪਰ ਅਸਲ ਵਿਚ ਗੱਲ ਬਿਲਕੁਲ ਉਲਟ ਹੈ। ਕਾਗ਼ਜ਼ਾਂ ਵਿਚ ਹਿੰਦੂਸਤਾਨ ਵਿਚ ਰਹਿਣ ਵਾਲਾ ਹਰ ਸ਼ਹਿਰੀ ਬਰਾਬਰ ਹੈ ਪਰ ਅਸਲੀਅਤ ਇਹ ਹੈ ਕਿ ਹਿੰਦੂਆਂ ਵਾਸਤੇ ਅਲਗ ਕਾਨੂੰਨ ਹੈ ਪਰ ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਵਾਸਤੇ ਅਲਗ ਕਾਨੂੰਨ ਹੈ।

ਜਦੋਂ ਕੋਈ ਵਿਚ ਸਿੱਖ, ਮੁਸਲਮਾਨ ਜਾਂ ਈਸਾਈ ਹਿੰਦੂ ਮਜ਼ਹਬ ਵਿੱਚ ਆ ਜਾਵੇ ਜਾਂ ਲੈ ਆਂਦਾ ਜਾਵੇ ਤਾਂ ਇਹ ਜਾਇਜ਼ ਹੁੰਦਾ ਹੈ। ਪਰ ਜਦੋਂ ਕੋਈ ਹਿੰਦੂ ਮਜ਼ਹਬ ਛੱਡ ਕੇ ਈਸਾਈ, ਮੁਸਲਮਾਨ ਜਾਂ ਸਿੱਖ ਬਣ ਜਾਵੇ ਤਾਂ ਇਕ ਦਮ ਸਾਰੇ ਹਿੰਦੂ ਘਰਾਂ ਵਿਚ ਮਾਤਮ ਛਾ ਜਾਂਦਾ ਹੈ ਤੇ ਤੂਫਾਨ ਉੱਠ ਖੜਾ ਹੁੰਦਾ ਹੈ। ਦਿਨਾਂ ਵਿਚ ਹੀ ਕੇਰਲ, ਮਦਰਾਸ, ਆਂਧਰਾ, ਨਾਗਾਲੈਂਡ ਵਿਚ 'ਮਜ਼ਹਬ ਦੀ ਤਬਦੀਲੀ ਬਾਰੇ ਕਾਨੂੰਨ' ਲਾਗੂ ਹੋ ਜਾਂਦੇ ਹਨ। ਜੇ ਕਰ ਸਿੱਖ ਇਹ ਚਾਹੁਣ ਕਿ ਫ਼ੌਜੀ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਅਜ਼ਾਦੀ ਹੋਵੇ ਤਾਂ ਹਿੰਦੂ ਸਰਕਾਰ ਨੂੰ ਇਹ ਗੱਲ ਮਨਜ਼ੂਰ ਨਹੀਂ। ਪਰ ਦੂਜੇ ਪਾਸੇ ਗੋਰਖਿਆਂ ਨੂੰ ਕਿਰਚ (ਤਲਵਾਰ ਵਰਗੀ) ਰੱਖਣ ਦੀ ਇਜਾਜ਼ਤ ਹੈ। ਹਾਲਾਂਕਿ ਤਲਵਾਰ ਜਾਂ ਕਿਰਚ ਦਾ ਗੋਰਖਿਆਂ ਦੇ ਮਜ਼ਹਬ ਨਾਲ ਕੋਈ ਤਾਅੱਲਕ ਨਹੀਂ।

ਜੇ ਕਰ ਕੋਈ ਸਿੱਖ ਸ਼ਕਲ ਵਾਲਾ ਕਿਸੇ ਹਿੰਦੂ ਬੁੱਤ ਖਾਨੇ (ਮੰਦਰ) ਦੇ ਬਾਹਰ ਮਰੀ ਗਾਂ ਦਾ ਸਿਰ ਰੱਖ ਦੇਵੇ ਤਾਂ 1 ਲੱਖ 25 ਹਜ਼ਾਰ ਰੁਪੈ ਦੀ ਕੀਮਤ ਚਾਰ ਸਿੱਖਾਂ ਦੇ ਸਿਰਾਂ ਤੇ ਰੱਖੀ ਜਾ ਸਕਦੀ ਹੈ। ਪਰ 13 ਸਿੱਖਾਂ ਦੇ 4 ਨਿਰੰਕਾਰੀ ਕਾਤਲਾਂ ਦੀ ਗ੍ਰਿਫ਼ਤਾਰੀ ਵਾਸਤੇ 4000 ਰੁਪੈ ਤੋਂ ਵੱਧ ਈਨਾਮ ਨਹੀਂ ਰੱਖੇ ਜਾ ਸਕਦੇ। ਫਿਰ ਪਤਾ ਹੋਣ ਦੇ ਬਾਵਜੂਦ ਉਨ੍ਹਾਂ ਦੇ ਅੱਡੇ 'ਤੇ ਗ੍ਰਿਫ਼ਤਾਰੀ ਵਾਸਤੇ ਛਾਪਾ ਨਹੀਂ ਮਾਰਿਆ ਜਾਂਦਾ।

ਜੇ ਹਿੰਦੂ ਬੁੱਤ-ਖਾਨੇ ਦੀ ਬੇਹੁਰਮਤੀ ਕਰਨ ਦੇ ਝੂਠੇ ਸ਼ੱਕ ਵਿਚ ਸੁਖਜਿੰਦਰ ਸਿੰਘ ਕਾਹਨੂੰਵਾਨ ਵਰਗਾ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤੇ ਉਸ ਨੂੰ ਦੋ ਸਾਲ ਵਾਸਤੇ ਜੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਹੈ। ਪਰ ਜੇ ਕਰ ਇਕ ਦਰਜਨ ਹਿੰਦੂ ਗੁਰਦੁਆਰਿਆਂ ਦੀ ਬੇਹੁਰਮਤੀ ਕਰਦੇ ਮੌਕੇ 'ਤੇ ਹੀ ਫੜੇ ਜਾਣ ਤਾਂ ਉਹ ਦਫ਼ਾ 295 ਵਿਚ ਵੀ ਕੈਦ ਨਹੀਂ ਕੀਤੇ ਜਾਂਦੇ ਅਤੇ 'ਨੇਕ ਚੱਲਣੀ ਦੀ ਜ਼ਮਾਨਤ ਤੇ ਰਿਹਾ' ਕਰ ਦਿੱਤੇ ਜਾਂਦੇ ਹਨ।

ਹਰਦੁਆਰ, ਕੁਰੁਕਸ਼ੇਤਰ, ਬਦਰੀ ਨਾਥ ਵਗ਼ੈਰਾ ਦਰਜਨ ਦੇ ਕਰੀਬ ਸ਼ਹਿਰਾਂ ਨੂੰ ਹਿੰਦੂ ਧਰਮ ਨਾਲ ਸਬੰਧਤ ਹੋਣ ਕਾਰਨ 'ਪਾਕ ਸ਼ਹਿਰ' (Holy City) ਐਲਾਨਿਆ ਜਾਂਦਾ ਹੈ। ਪਰ ਸਿੱਖਾਂ ਵਾਸਤੇ ਅੰਮ੍ਰਿਤਸਰ ਅਤੇ ਮੁਸਲਮਾਨਾਂ ਵਾਸਤੇ ਅਜਮੇਰ ਸ਼ਰੀਫ਼

WWW.SIKHBOOKCLUB.COM

ਨੂੰ ਅਜਿਹਾ ਦਰਜਾ ਦਵਾਉਣ ਤੋਂ ਕੋਰੀ ਨਾਂਹ ਕੀਤੀ ਜਾਦੀ ਹੈ। ਇਸ ਸਬੰਧੀ ਮੰਗ ਕਰਨ ਵਾਸਤੇ ਇੱਕ ਲੱਖ 80 ਹਜ਼ਾਰ ਸਿੱਖਾਂ ਨੂੰ ਗ੍ਰਿਫਤਾਰੀ ਦੇਣੀ ਪੈਂਦੀ ਹੈ।

ਜੇ ਕਿਸੇ ਮੁਸਲਮ ਅਕਸਰੀਅਤ ਵਾਲੇ ਸੂਬੇ (ਕਸ਼ਮੀਰ) ਜਾਂ ਸਿੱਖ ਅਕਸਰੀਅਤ ਵਾਲੇ ਸੂਬੇ (ਪੰਜਾਬ) ਵਿਚ ਗੜਬੜ ਹੁੰਦੀ ਹੈ ਤਾਂ ਇਕਦਮ ਹਿੰਦੂ ਫੌਜ (ਸੀ.ਆਰ.ਪੀ. ਐਫ਼. ਕਮਾਂਡੋ ਫ਼ੋਰਸ ਵਗ਼ੈਰਾ) ਉੱਥੇ ਭੇਜ ਦਿੱਤੀ ਜਾਦੀ ਹੈ ਪਰ ਜਦੋਂ ਯੂ.ਪੀ., ਗੁਜਰਾਤ, ਮੱਧ ਪ੍ਰਦੇਸ਼, ਬਿਹਾਰ, ਅਸਾਮ ਵਰਗੇ ਹਿੰਦੂ ਅਕਸਰੀਅਤ ਵਾਲੇ ਇਲਾਕੇ ਵਿਚ ਹਿੰਦੂ ਦਹਿਸ਼ਤਗਰਦਾਂ ਵੱਲੋਂ ਗੜਬੜ ਹੁੰਦੀ ਹੈ ਤਾਂ ਉੱਥੇ ਸਿੱਖ ਜਾਂ ਮੁਸਲਿਮ ਫ਼ੌਜ ਨਹੀਂ ਭੇਜੀ ਜਾਂਦੀ।

ਇਹ ਕਾਰਨ ਤਾਂ ਸੈਂਕੜਿਆਂ ਕਾਰਨਾਂ ਵਿਚੋਂ ਐਵੇਂ ਇਕ-ਦੋ ਇਸ਼ਾਰਾ-ਮਾਤਰ ਹੀ ਹਨ। ਸਿੱਖਾਂ ਅਤੇ ਮੁਸਲਮਾਨਾਂ ਨਾਲ ਹਿੰਦੂ ਅਕਸਰੀਅਤ ਵਾਲੇ ਮੁਲਕ ਹਿੰਦੂਸਤਾਨ ਵਿੱਚ ਜੋ ਜੋ ਜ਼ਿਆਦਤੀਆਂ ਅਤੇ ਜ਼ੁਲਮ ਹੁੰਦੇ ਹਨ ਜੇ ਉਨ੍ਹਾਂ ਬਾਰੇ ਤਫ਼ਸੀਲ ਲਿਖੀ ਜਾਵੇ ਤਾਂ ਹਜ਼ਾਰਾਂ ਸਫ਼ਿਆਂ ਦੀ ਜ਼ਰੂਰਤ ਹੈ।

ਉੱਪਰ ਲਿਖਿਆਂ ਵਰਗੇ ਕਈ ਕਾਰਨ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਮਜਬੂਰ ਕੀਤਾ ਕਿ ਉਹ ਆਪਣੀਆਂ ਜਾਨਾਂ ਤਲੀ 'ਤੇ ਰੱਖ ਕੇ ਇਨਸਾਫ਼ ਲੈਣ, ਆਪਣੇ ਹੱਕ ਖੋਹਣ ਤੇ ਜਾਂ ਸ਼ਹੀਦ ਹੋ ਜਾਣ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ

ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ, ਜਿਹੜੀਆਂ 1965 ਤੋਂ ਬਾਅਦ ਨਹੀਂ ਕਰਵਾਈਆਂ ਗਈਆਂ ਸਨ, 14 ਸਾਲ ਬਾਅਦ 1979 ਵਿਚ ਹੋਈਆਂ। ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਤੇ ਭਿੰਡਰਾਂ-ਮਹਿਤਾ ਜਥਾ, ਦਲ ਖਾਲਸਾ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਵੀ ਆਪਣੇ ਉਮੀਦਵਾਰ ਖੜੇ ਕੀਤੇ। ਅਕਾਲੀ ਪਾਰਟੀ ਦੀ ਆਪਣੀ ਸਰਕਾਰ ਹੋਣ ਕਾਰਨ ਅਕਾਲੀ ਦਲ 140 ਵਿਚੋਂ 132 ਸੀਟਾਂ ਜਿਤ ਗਿਆ। ਬਿਆਸ ਦੀ ਸੀਟ ਤੋਂ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੂੰ ਹਰਾਉਣ ਵਾਸਤੇ ਪੰਜਾਬ ਵਿਚ ਅਕਾਲੀ-ਜਨਤਾ ਸਰਕਾਰ ਨੇ ਅਣਗਿਣਤ ਬੇਈਮਾਨੀਆਂ ਕੀਤੀਆਂ ਅਤੇ ਜੀਵਨ ਸਿੰਘ ਉਮਰਾਨੰਗਲ ਨੂੰ 'ਕਾਮਯਾਬ' ਕੀਤੇ ਜਾਣ ਦਾ ਢੌਂਗ ਰਚਿਆ।

ਬਾਦਲ ਅਤੇ ਅਕਾਲੀ ਪਾਰਟੀ ਦੇ ਚੌਧਰੀ ਗੁਰਦੁਆਰਾ ਚੋਣਾਂ 'ਤੇ ਬਹੁਤ ਖੁਸ਼ ਸਨ। ਉਹ ਸੋਚਦੇ ਸਨ ਕਿ ਇਸ ਨਵੇਂ ਮੁਹਾਜ਼ ਕਾਰਨ ਸਿੱਖਾਂ ਨੂੰ ਨਰਕਧਾਰੀ ਮਸਲਾ ਭੁੱਲ ਜਾਵੇਗਾ। ਨਹੀਂ ਤਾਂ ਘਟੋ ਘਟ ਇਸ ਮਸਲੇ ਦੀ ਤੇਜ਼ੀ ਤਾਂ ਖਤਮ ਹੋ ਹੀ ਜਾਵੇਗੀ। ਪਰ ਬਾਦਲ-ਟੌਹੜਾ ਗਰੁੱਪ ਦੀ ਇਹ ਸੋਚਣੀ ਇਕ ਵਹਿਮ ਹੀ ਰਹੀ ਕਿਉਂਕਿ ਇਕ ਤਾਂ ਨਿਰੰਕਾਰੀ ਮਸਲਾ ਸਿਰਫ਼ ਵਕਤੀ ਉਬਾਲ ਨਹੀਂ ਸੀ ਅਤੇ ਦੂਜਾ ਹਿੰਦੂ ਫ਼ਿਰਕਾਪ੍ਰਸਤ ਇਹ ਧਾਰ ਕੇ ਬੈਠਾ ਹੋਇਆ ਸੀ ਕਿ ਸਿੱਖਾਂ, ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਨੂੰ ਆਰਾਮ ਨਾਲ ਬੈਠਣ ਨਹੀਂ ਦੇਣਾ। ਸਿੱਖਾਂ ਅਤੇ ਮੁਸਲਮਾਨਾਂ ਉੱਤੇ ਲਗਾਤਾਰ ਵਾਰ ਜਾਰੀ ਰਹਿਣੇ ਸਨ...ਤੇ ਰਹੇ ਵੀ।

WWW.SIKHBOOKCLUB.COM

ਨਿਰੰਕਾਰੀ ਦਾ ਕਤਲ

ਭਾਵੇਂ ਜੱਜ ਗੁਪਤਾ ਨੇ ਗੁਰਬਚਨ ਸਿੰਘ ਨਿਰੰਕਾਰੀ ਨੂੰ ਬਰੀ ਕਰ ਦਿੱਤਾ ਸੀ ਪਰ ਕੁਝ ਸਿੱਖਾਂ ਨੇ ਉਸ ਨੂੰ ਸਜ਼ਾ ਦੇਣ ਦੀ ਤਿਆਰੀ ਕਰ ਲਈ। ਇਸ ਪਾਸੇ ਵੱਲ ਪਹਿਲੀ ਕੋਸ਼ਿਸ਼ 19 ਮਾਰਚ 1980 ਨੂੰ ਹੋਈ ਜਦੋਂ ਦੁਰਗ (ਮੱਧ ਪ੍ਰਦੇਸ਼) ਕੋਲ ਉਸ ਉੱਤੇ ਹਮਲਾ ਕੀਤਾ ਗਿਆ। ਪਰ ਇਸ ਹਮਲੇ ਵਿਚ ਉਹ ਬਚ ਗਿਆ ਤੇ ਉਸ ਦੀ ਇਕ ਰਿਸ਼ਤੇਦਾਰ ਔਰਤ ਮਰ ਗਈ। ਇਸ ਕੇਸ ਵਿਚ ਸੁਚਾ ਸਿੰਘ ਤੇ ਸੰਤੋਖ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ *(ਪਰ, ਮਗਰੋਂ, 28 ਦਸੰਬਰ 1982 ਨੂੰ ਹੋਏ ਅਦਾਲਤੀ ਫ਼ੈਸਲੇ ਵਿਚ ਸੁੱਚਾ ਸਿੰਘ ਅਤੇ 14 ਹੋਰ ਬਰੀ ਹੋ ਗਏ)।*

ਨਿਰੰਕਾਰੀ ਨੂੰ ਸਜ਼ਾ ਦੇਣ ਵਾਸਤੇ ਕਈ ਖਾੜਕੂ ਪਲਾਨ ਬਣਾ ਰਹੇ ਸਨ ਅਖ਼ੀਰ 24 ਅਪ੍ਰੈਲ 1980 ਦੇ ਦਿਨ ਰਣਜੀਤ ਸਿੰਘ ਤੇ ਕਾਬਲ ਸਿੰਘ ਨੇ ਉਸ ਨੂੰ ਉਸ ਦੇ ਘਰ ਵਿਚ ਹੀ ਕਤਲ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਸ ਨੂੰ ਉਸ ਦੇ ਗੁਨਾਹਾਂ ਬਦਲੇ ਸਿੱਖ ਅਦਾਲਤ ਵੱਲੋਂ ਸਜ਼ਾ ਦੇ ਦਿੱਤੀ ਹੈ। ਪੁਲੀਸ ਕਿਸੇ ਸਿੱਖ ਨੂੰ ਵੀ ਗ੍ਰਿਫ਼ਤਾਰ ਨਾ ਕਰ ਸਕੀ।

ਇਸ ਕਤਲ ਦਾ ਇਕ ਹੀਰੋ ਰਣਜੀਤ ਸਿੰਘ ਦਰਬਾਰ ਸਾਹਿਬ ਵਿਚ ਪੁੱਜ ਗਿਆ। ਉਸ ਨੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਰਾਬਤਾ ਬਣਾਇਆ, ਜਿਸ ਨੇ ਨਿਰੰਕਾਰੀ ਦੇ ਕਾਤਲ ਨੂੰ ਸੋਨੇ ਨਾਲ ਤੋਲਣ ਦਾ ਐਲਾਨ ਕੀਤਾ ਹੋਇਆ ਸੀ। ਰਣਜੀਤ ਸਿੰਘ ਕਾਫ਼ੀ ਦੇਰ ਦਰਬਾਰ ਸਾਹਿਬ ਵਿਚ ਰੂਪੋਸ਼ ਹੋ ਕੇ ਰਿਹਾ ਤੇ ਕਿਸੇ ਨੂੰ ਧੂੰਅ ਤੱਕ ਨਾ ਨਿਕਲਿਆ। ਪਰ 1983 ਦੇ ਦੂਜੇ ਅੱਧ ਵਿਚ ਰਣਜੀਤ ਸਿੰਘ ਅਤੇ ਭਿੰਡਰਾਂਵਾਲਿਆਂ ਵਿਚ ਫ਼ਰਕ ਆ ਗਏ ਤੇ ਦੋਹਾਂ ਨੇ ਇਕ ਦੂਜੇ ਨਾਲ ਬੋਲਣਾ ਵੀ ਬੰਦ ਕਰ ਦਿੱਤਾ। ਹੁਣ ਰਣਜੀਤ ਸਿੰਘ ਦੀ ਸ਼ਨਾਖ਼ਤ ਵੀ ਹੋ ਚੁਕੀ ਸੀ। ਇਸ ਕਰ ਕੇ ਉਸ ਨੇ ਆਪਣੇ ਆਪ ਨੂੰ ਜ਼ਾਹਰ ਕਰਨਾ ਵੀ ਸ਼ੁਰੂ ਕਰ ਦਿੱਤਾ। ਖਾੜਕੂਆਂ ਦੇ ਇਕ ਹੋਰ ਧੜੇ ਨੇ ਉਸ ਨੂੰ ਨਾਲ ਰਲਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ। ਪਰ ਕੁਝ ਵਿਚੋਲਿਆਂ ਨੇ ਉਸ ਦਾ ਰਾਬਤਾ ਸੁਰਜੀਤ ਬਰਨਾਲਾ ਨਾਲ ਕਰਵਾ ਦਿੱਤਾ। ਬਰਨਾਲਾ ਨੇ ਸੈਂਟਰ ਸਰਕਾਰ ਅਤੇ ਨਿਰੰਕਾਰੀਆਂ ਨਾਲ ਰਾਬਤਾ ਬਣਾ ਕੇ ਵਿਚੋਲਗੀ ਕਰ ਕੇ ਉਸ ਨੂੰ ਪੁਲੀਸ ਕੋਲ ਪੇਸ਼ ਹੋਣਾ ਮੰਨਵਾ ਲਿਆ ਤੇ ਵਾਅਦਾ ਕੀਤਾ ਕਿ ਕਮਜ਼ੋਰ ਕੇਸ ਬਣਾ ਕੇ ਉਸ ਨੂੰ ਬਰੀ ਕਰਵਾ ਦਿੱਤਾ ਜਾਵੇਗਾ ਜਾਂ ਘਟ ਸਜ਼ਾ ਦਿਵਾ ਦਿੱਤੀ ਜਾਵੇਗੀ। ਅਖ਼ੀਰ ਦਸੰਬਰ 1983 ਵਿਚ ਰਣਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿਤਾ ਗਿਆ। (ਮਗਰੋਂ ਉਸ ਨੂੰ 'ਨਰਮ ਸਜ਼ਾ' ਦੀ ਜਗਹ ਤੀਹਰੀ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਬਾਅਦ ਵਿਚ ਗੁਰਚਰਨ ਸਿੰਘ ਟੌਹੜਾ ਅਤੇ ਬਾਦਲ ਨੇ ਮਿਲ ਕੇ ਉਸ ਨੂੰ ਜਸਬੀਰ ਸਿੰਘ ਰੋਡੇ ਦੇ ਮੁਕਾਬਲੇ ਵਿਚ ਖਾੜਕੂ ਵਜੋਂ ਬਦਲ ਪੇਸ਼ ਕਰ ਕੇ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਲਾ ਦਿੱਤਾ ਤੇ ਫਿਰ ਪੈਰੋਲ 'ਤੇ ਰਿਹਾਈ ਕਰਵਾ ਲਈ ਤੇ ਮਗਰੋਂ ਇਨ੍ਹਾਂ ਨੇ ਵਾਜਪਾਈ ਤੇ ਅਡਵਾਨੀ ਨੂੰ ਮਿੰਨਤਾਂ ਕਰ ਕੇ ਅਤੇ ਨਾਲ ਹੀ ਨਿਰੰਕਾਰੀਆਂ ਤਕ ਪਹੁੰਚ ਕਰ ਕੇ ਰਣਜੀਤ ਸਿੰਘ ਦੀ ਬਾਕੀ ਸਜ਼ਾ ਮੁਆਫ਼ ਕਰਵਾ ਲਈ)।

(ਇਸ ਕੇਸ ਲਾਲ ਸਬੰਧਤ ਇੱਕ ਸਿੱਖ ਸ. ਭੋਲਾ ਸਿੰਘ ਨੂੰ ਤਿੰਨ ਸਾਲ ਮਗਰੋਂ ਗ੍ਰਿਫ਼ਤਾਰ ਕਰ ਕੇ ਨਕਲੀ ਪੁਲੀਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ ਗਿਆ। ਗਿਆਨ ਸਿੰਘ ਦਾ ਮੁਡ ਪਤਾ ਨਾ ਲੱਗਿਆ। ਸ਼ਾਇਦ ਉਹ ਵੀ ਕਿਸੇ ਖਾੜਕੂ ਐਕਸ਼ਨ ਜਾਂ ਨਕਲੀ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ ਸੀ)।

WWW.SIKHBOOKCLUB.COM

ਨਿਰੰਕਾਰੀ ਮੁਖੀ ਦਾ ਕਤਲ ਖਾੜਕੂ ਸਿੱਖਾਂ ਦਾ ਪਹਿਲਾ ਐਕਸ਼ਨ ਸੀ। ਇਸ ਨੇ ਸਿੱਖ ਕੌਮ ਨੂੰ ਫਿਰ ਆਪਣੀ ਪੁਰਾਣੀ ਤਵਾਰੀਖ ਨਾਲ ਜੋੜ ਦਿਤਾ। ਸਿੱਖ ਹੁਣ ਆਪਣਾ ਇਨਸਾਫ਼ ਆਪ ਕਰਨ ਲੱਗ ਪਏ।

ਪੰਜਾਬ ਐਂਡ ਸਿੰਧ ਬੈਂਕ

ਜਿਨ੍ਹਾਂ ਦਿਨਾਂ ਵਿਚ ਨਿਰੰਕਾਰੀ ਮੁਖੀ ਨੂੰ ਕਤਲ ਕੀਤਾ ਗਿਆ ਸੀ ਉਨ੍ਹਾਂ ਦਿਨਾਂ ਵਿਚ ਸਿੱਖਾਂ ਦਾ ਇੱਕੋ ਇੱਕ ਬੈਂਕ-ਅਦਾਰਾ 'ਪੰਜਾਬ ਐਂਡ ਸਿੰਧ ਬੈਂਕ' ਨੈਸ਼ਨਾਲਾਈਜ਼ ਕੀਤਾ ਚੁੱਕਾ ਸੀ। 15 ਅਪ੍ਰੈਲ 1980 ਨੂੰ ਇਸ ਬਾਰੇ ਇਕ ਆਰਡੀਨੈਂਸ ਜਾਰੀ ਕੀਤਾ ਗਿਆ ਸੀ। ਭਾਰਤ ਸਰਕਾਰ ਦੀ ਫ਼ਿਰਕੂ ਹਿੰਦੂਆਂ ਦੀ ਲਾੱਬੀ ਨੂੰ ਇਹ ਬੈਂਕ ਇਸ ਕਰ ਕੇ ਚੁੱਭਦਾ ਸੀ ਕਿ ਇਸ ਅਦਾਰੇ ਨੇ ਹਜ਼ਾਰਾਂ ਦੀ ਤਾਦਾਦ ਵਿਚ ਪੜ੍ਹੇ ਲਿਖੇ ਸਿੱਖਾਂ ਨੂੰ ਚੰਗੇ ਰੋਜ਼ਗਾਰ ਦਿੱਤੇ ਸਨ। ਇਸ ਨਾਲ ਹਜ਼ਾਰਾਂ ਸਿੱਖਾਂ ਦੇ ਘਰਾਂ ਵਿਚ ਸੋਖਿਆਈ ਤੇ ਖੁਸ਼ਹਾਲੀ ਜਿਹੀ ਦਾ ਅਹਿਸਾਸ ਹੋਣ ਲੱਗ ਪਿਆ ਸੀ। ਵਰਨਾ ਪਹਿਲਾਂ ਤਾਂ ਬੈਂਕਾਂ ਦੀ ਮੁਲਾਜ਼ਮਤ ਵਿਚ ਸਿੱਖਾਂ ਦੀ ਤਾਦਾਦ ਸਾਰੇ ਹਿੰਦੂਸਤਾਨ ਵਿਚ ਇਕ-ਹਜ਼ਾਰਵਾਂ ਹਿੱਸਾ ਤੋਂ ਵੀ ਘੱਟ ਸੀ।

ਅਕਾਲੀ ਆਗੂਆਂ ਵਿਚ ਤਾਕਤ ਦੀ ਜੰਗ

ਜੂਨ 1977 ਵਿਚ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਬਣੀ ਸੀ। ਪ੍ਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ, ਗੁਰਚਰਨ ਸਿੰਘ ਟੋਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਜਗਦੇਵ ਸਿੰਘ ਤਲਵੰਡੀ ਪ੍ਰਧਾਨ ਅਕਾਲੀ ਦਲ ਸਨ। ਬਾਦਲ ਸਰਕਾਰ ਹੋਣ ਕਰ ਕੇ ਸਾਰੀ ਸਿਆਸੀ ਤਾਕਤ ਉਸ ਦੇ ਹੱਥ ਵਿਚ ਸੀ। ਟੋਹੜਾ ਤੇ ਤਲਵੰਡੀ ਚਾਹੁੰਦੇ ਸਨ ਕਿ ਉਹ ਵੀ ਸਰਕਾਰੀ ਤਾਕਤ ਦਾ ਨਿੱਘ, ਆਨੰਦ ਤੇ ਨਸ਼ਾ ਮਾਨਣ। ਇੰਵ ਆਪਸ ਵਿਚ ਖਿੱਚੋਤਾਣ ਚੱਲ ਰਹੀ ਸੀ। ਦੂਜੇ ਪਾਸੇ, ਪ੍ਰਕਾਸ਼ ਸਿੰਘ ਬਾਦਲ ਸਾਰੀ ਤਾਕਤ ਆਪਣੇ ਹੱਥ ਵਿਚ ਰਖਣੀ ਚਾਹੁੰਦਾ ਸੀ। ਉਸ ਦੀ ਖ਼ਾਹਿਸ਼ ਸੀ ਕਿ ਉਹ ਕਿਸੇ ਅਜਿਹੇ ਬੰਦੇ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਵੇ, ਜੋ ਉਸ ਦਾ ਜੀ-ਹਜ਼ੂਰ ਹੋਵੇ ਤੇ ਇਸ ਮਗਰੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵੀ ਆਪਣੇ ਕਿਸੇ ਵਫ਼ਾਦਾਰ ਨੂੰ ਦਿੱਤੀ ਜਾਵੇ। ਇੰਵ ਇਹ ਤਿੰਨ-ਧਿਰੀ ਸਾਜ਼ਸ਼ੀ ਮਾਹੌਲ ਕਾਫ਼ੀ ਦੇਰ ਪਨਪਦਾ ਰਿਹਾ।

ਸਤੰਬਰ 1979 ਦੇ ਆਖਰੀ ਦਿਨਾਂ ਵਿਚ ਬਾਦਲ ਧੜੇ ਦੇ 50 ਸਰਗਰਮ ਵਰਕਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਚੋਣ ਵਾਸਤੇ 10 ਅਕਤੂਬਰ ਨੂੰ ਮੀਟਿੰਗ ਬੁਲਾਉਣ ਦਾ ਨੋਟਿਸ ਦਿੱਤਾ। ਇਸ ਚਿੱਠੀ ਉੱਤੇ ਉਮਰਾਨੰਗਲ, ਵੈਦ ਕਰਤਾਰ ਸਿੰਘ, ਹਰੀ ਸਿੰਘ ਜ਼ੀਰਾ ਵਗੈਰਾ ਦੇ ਦਸਤਖਤ ਸਨ। ਤਲਵੰਡੀ ਨੇ ਮੀਟਿੰਗ ਬੁਲਾਉਣ ਦੀ ਥਾਂ ਇਨ੍ਹਾਂ 50 ਵਿਚੋਂ ਪੰਜ ਮੁਖ ਵਰਕਰਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ। ਇਸ ਦੇ ਨਾਲ ਹੀ ਤਲਵੰਡੀ ਨੇ ਇਕ ਬਿਆਨ ਵਿਚ ਆਖਿਆ ਕਿ ਮੀਟਿੰਗ ਬੁਲਾਉਣ ਦੀ ਚਿੱਠੀ 'ਤੇ ਦਸਤਖ਼ਤ ਕਰਨ ਵਾਲਿਆਂ ਵਿਚੋਂ ਬਹੁਤੇ ਤਾਂ

WWW.SIKHBOOKCLUB.COM

ਪਾਰਟੀ ਵਿਚੋਂ ਕਾਫ਼ੀ ਦੇਰ ਪਹਿਲੋਂ ਹੀ ਕੱਢੇ ਜਾ ਚੁੱਕੇ ਸਨ। ਇਨ੍ਹਾਂ ਨੂੰ ਇਕ ਸਬ-ਕਮੇਟੀ, ਜਿਸ ਵਿਚ ਬਾਦਲ ਖੁਦ ਇਕ ਮੈਂਬਰ ਸੀ, ਨੇ ਪਾਰਟੀ ਵਿਚੋਂ ਇਸ ਕਰ ਕੇ ਖਾਰਿਜ ਕਰ ਦਿੱਤਾ ਸੀ, ਕਿਉਂਕਿ ਇਨ੍ਹਾਂ ਨੇ ਮਾਰਚ 1979 ਦੀਆਂ ਗੁਰਦੁਆਰਾ ਚੋਣਾਂ ਵਿਚ ਪਾਰਟੀ ਉਮੀਦਵਾਰਾਂ ਦੇ ਖ਼ਿਲਾਫ਼ ਚੋਣਾਂ ਲੜੀਆਂ ਸਨ ਜਾਂ ਮੁਖ਼ਾਲਿਫ਼ ਉਮੀਦਵਾਰਾਂ ਦੀ ਹਿਮਾਇਤ ਕੀਤੀ ਸੀ।

ਉਨ੍ਹੀਂ ਦਿਨੀਂ ਗੁਰਚਰਨ ਸਿੰਘ ਟੌਹੜਾ ਤੇ ਤਲਵੰਡੀ ਇਕ ਦੂਜੇ ਦੇ ਬਹੁਤ ਨੇੜੇ ਸਨ; ਸ਼ਾਇਦ ਇਸ ਕਰ ਕੇ ਦੋਵੇਂ ਬਾਦਲ ਦੇ ਹੱਥ ਆਈ ਸਰਕਾਰੀ ਤਾਕਤ ਤੋਂ ਮਰਿਹੂਮ ਸਨ। ਇਸ ਹਾਲਤ ਵਿਚ ਤਲਵੰਡੀ ਨੇ ਪਾਰਟੀ ਦਾ ਜਨਰਲ ਇਜਲਾਸ ਬੁਲਾਉਣ ਦੀ ਬਜਾਇ ਟੌਹੜਾ ਦਾ ਸਾਥ ਹਾਸਿਲ ਕਰ ਕੇ ਅਕਾਲ ਤਖ਼ਤ ਸਾਹਿਬ ਨੂੰ ਵਰਤਣ ਦੀ ਸਾਜ਼ਿਸ਼ ਘੜੀ। ਉਨ੍ਹਾਂ ਦੋਹਾਂ ਆਗੂਆਂ ਨੇ 26 ਸਤੰਬਰ 1979 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਕੋਲ ਇਕ 'ਪਟੀਸ਼ਨ' ਪੇਸ਼ ਕੀਤੀ, ਜਿਸ ਵਿਚ ਬਾਦਲ ਉੱਤੇ ਪੰਥ ਨੂੰ ਨੁਕਸਾਨ ਪਹੁੰਚਾਉਣ ਦਾ ਇਲਜ਼ਾਮ ਲਾਇਆ ਅਤੇ ਨਾਲ ਹੀ ਆਪਣੇ-ਆਪਣੇ ਅਹੁਦਿਆਂ ਤੋਂ ਅਸਤੀਫ਼ੇ ਵੀ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੂੰ ਪੇਸ਼ ਕਰ ਦਿੱਤੇ।

ਜਥੇ: ਤਲਵੰਡੀ ਤੇ ਜਥੇ: ਟੌਹੜਾ ਵਲੋਂ ਲਾਏ ਇਲਜ਼ਾਮ

ਟੌਹੜਾ ਤੇ ਤਲਵੰਡੀ ਵਲੋਂ ਲਾਏ ਇਲਜ਼ਾਮ ਸਨ: ***(ਤਲਵੰਡੀ ਤੇ ਟੌਹੜਾ ਵਲੋਂ ਛਾਪੇ ਪੈਂਫਲਟ 'ਸਾਡੇ ਅਸਤੀਫ਼ੇ ਕਿਉਂ' ਮੁਤਾਬਿਕ)***:

"ਬਾਦਲ ਅੰਦਰੋਂ-ਅੰਦਰੀਂ ਆਪਣੀ ਇਜਾਰੇਦਾਰੀ ਤੇ 'ਧੜਾ' ਕਾਇਮ ਕਰ ਰਿਹਾ ਹੈ। ਇਸ ਮਕਸਦ ਵਾਸਤੇ ਉਸ ਦਾ ਧੜਾ ਕਈ ਸਾਜ਼ਿਸ਼ਾਂ ਕਰ ਰਿਹਾ ਹੈ। ਇਸ ਲੜੀ ਵਿਚ ਸਭ ਤੋਂ ਪਹਿਲੀ ਸਾਜ਼ਿਸ਼ ਮਾਰਚ 1978 ਵਿਚ ਰਾਜ ਸਭਾ ਚੋਣਾਂ ਸੀ। ਇਨ੍ਹਾਂ ਚੋਣਾਂ ਵਿਚ ਬਾਦਲ ਧੜੇ ਦੇ 7 ਐਮ.ਐਲ.ਏਜ਼ ਨੇ ਆਪਣੀਆਂ ਵੋਟਾਂ ਅਕਾਲੀ ਉਮੀਦਵਾਰ ਡਾਕਟਰ ਰਾਜਿੰਦਰ ਕੌਰ ਦੀ ਥਾਂ ਕਾਂਗਰਸੀ ਉਮੀਦਵਾਰ ਨੂੰ ਪਾਈਆਂ, ਪਰ ਅਕਾਲੀ ਆਗੂਆਂ ਨੇ ਫੁਟ ਦੇ ਡਰ ਤੋਂ ਕੋਈ ਐਕਸ਼ਨ ਨਾ ਲਿਆ। ਫਿਰ ਅਕਤੂਬਰ 1978 ਵਿਚ ਬਾਦਲ ਨੇ ਹਿੰਦੂ ਫਿਰਕਾਪ੍ਰਸਤਾਂ ਦੇ ਖ਼ਿਲਾਫ਼ ਬੋਲਣ 'ਤੇ ਸੁਖਵਿੰਦਰ ਸਿੰਘ ਤੋਂ ਵਜ਼ੀਰੀ ਖੋਹ ਲਈ। ਅਕਾਲੀ ਦਲ ਨੇ ਇਸ ਮਸਲੇ 'ਤੇ ਵਿਚਾਰ ਕਰਨ ਵਾਸਤੇ 14 ਅਕਤੂਬਰ 1978 ਨੂੰ ਇਕ ਮੀਟਿੰਗ ਬੁਲਾ ਲਈ। ਬਾਦਲ ਨੇ ਹਜ਼ਾਰਾਂ ਬੰਦੇ ਅੰਮ੍ਰਿਤਸਰ ਢੋਅ ਕੇ ਤਾਕਤ ਦੇ ਸ਼ੋਅ ਨਾਲ ਇਸ ਮੀਟਿੰਗ ਨੂੰ ਤਾਰਪੀਡੋ ਕੀਤਾ। ਫਿਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ (ਮਾਰਚ 1979) ਦੇ ਉਮੀਦਵਾਰਾਂ ਦੀ ਚੋਣ ਵੇਲੇ ਵੀ ਬਾਦਲ ਨੇ ਪਾਰਟੀ ਉਮੀਦਵਾਰਾਂ ਦੇ ਖ਼ਿਲਾਫ਼ ਕਈ ਸਾਥੀ ਖੜ੍ਹੇ ਕਰ ਦਿੱਤੇ। ਉਧਰ ਉਮਰਾਨੰਗਲ ਸ਼ਰੇਆਮ ਨਿਰੰਕਾਰੀਆਂ ਦਾ ਪੱਖ ਲੈਂਦਾ ਰਿਹਾ। ਪਰ ਬਾਦਲ ਨੇ ਉਸ 'ਤੇ ਐਕਸ਼ਨ ਲੈਣੋਂ ਰੋਕਿਆ।

ਬਾਦਲ ਜਨਸੰਘੀਆਂ (ਹੁਣ ਭਾਜਪਾ) ਦੇ ਅਸਰ ਹੇਠ ਏਨਾ ਆ ਚੁਕਾ ਹੈ ਕਿ ਉਸ ਨੇ ਤਾਂ ਗੁਰਦੁਆਰਿਆਂ ਦੀਆਂ ਜ਼ਮੀਨਾਂ ਨੂੰ ਵੀ 'ਰੈਂਟ ਕੰਟਰੋਲ ਐਕਟ' ਤੋਂ ਆਜ਼ਾਦ ਕਰਾਉਣ ਤੋਂ ਨਾਂਹ ਕਰ ਦਿੱਤੀ ਤੇ ਇਸ ਮਸਲੇ ਬਾਰੇ ਮਨਮੋਹਣ ਕਾਲੀਆ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾ ਦਿੱਤੀ।

WWW.SIKHBOOKCLUB.COM

ਬਾਦਲ ਨੇ ਹਰ ਐਕਸ਼ਨ ਆਰ.ਐਸ.ਐਸ. ਦੀ ਸਲਾਹ ਨਾਲ ਕਰਨਾ ਸ਼ੁਰੂ ਕਰ ਦਿੱਤਾ। ਹਰ ਪਾਸੇ ਜਨਸੰਘੀਆਂ ਤੇ ਸਾਬਕ ਕਾਂਗਰਸੀਆਂ ਨੂੰ ਅਹੁਦੇ ਦੇ ਦਿੱਤੇ ਗਏ ਜਦ ਕਿ ਸੰਜੀਦਾ ਅਕਾਲੀ ਵਰਕਰਾਂ ਨੂੰ ਖੁੱਡੇ-ਲਾਈਨ ਲਾ ਦਿੱਤਾ ਗਿਆ। ਪੰਜਾਬ ਵਿਚ ਨਾਂ ਨੂੰ 'ਅਕਾਲੀ' ਸਰਕਾਰ ਹੈ ਪਰ ਅਸਲ ਵਿਚ ਇਸ ਦੀ ਵਾਗਡੋਰ ਜਨਸੰਘ ਤੇ ਆਰ.ਐਸ.ਐਸ. ਦੇ ਹੱਥ ਵਿਚ ਹੈ। ਬਾਦਲ ਨੇ ਅਕਾਲੀ ਦਲ ਦੀ ਪ੍ਰਧਾਨਗੀ ਨੂੰ ਵੀ ਆਪਣੀ ਮੁਠ ਵਿਚ ਰੱਖਣ ਦੀ ਸਾਜ਼ਿਸ਼ ਰਚ ਲਈ ਹੈ। ਉਸ ਨੇ ਤਾਂ ਤਰਨਤਾਰਨ ਵਿਚ ਲੌਂਗੋਵਾਲ ਨੂੰ ਦਲ ਦਾ ਪ੍ਰਧਾਨ ਵੀ ਐਲਾਨ ਕਰ ਦਿੱਤਾ ਸੀ। ਉਸ ਨੇ ਇਸ ਨੂੰ ਇਕ ਰਸਮੀ 'ਇਜਲਾਸ' ਵਿਚ ਅਮਲ ਵਿਚ ਲਿਆਉਣ ਦੀ ਸਕੀਮ ਵੀ ਤਿਆਰ ਕਰ ਲਈ ਹੈ। 10 ਅਕਤੂਬਰ ਦੇ ਦਿਨ ਇਜਲਾਸ ਵੀ ਸਦ ਲਿਆ ਹੈ। ਉਸ ਨੇ ਇਸ ਮਕਸਦ ਲਈ ਡੈਲੀਗੇਟਾਂ ਨੂੰ ਵੀ ਧਮਕਾਉਣਾ ਸ਼ੁਰੂ ਕਰ ਦਿੱਤਾ ਹੈ।"

ਟੌਹੜਾ ਤੇ ਤਲਵੰਡੀ ਦੀ ਦਰਖ਼ਾਸਤ ਮਗਰੋਂ ਸਾਧੂ ਸਿੰਘ (ਮੁਖ ਸੇਵਾਦਾਰ ਅਕਾਲ ਤਖ਼ਤ) ਨੇ ਲੌਂਗੋਵਾਲ ਨੂੰ ਅਕਾਲ ਤਖ਼ਤ 'ਤੇ ਤਲਬ ਕਰ ਲਿਆ। ਲੌਂਗੋਵਾਲ 30 ਸਤੰਬਰ ਨੂੰ ਸਾਧੂ ਸਿੰਘ ਭੌਰਾ ਨੂੰ ਮਿਲਿਆ। ਇਸੇ ਦਿਨ ਬਾਦਲ ਨੇ ਬਿਆਨ ਦਿੱਤਾ ਕਿ ਮੈਂ ਚੀਫ਼ ਮਨਿਸਟਰ ਵਜੋਂ ਨਹੀਂ ਬਲਕਿ ਇਕ ਨਿਮਾਣੇ ਸਿੱਖ ਵਜੋਂ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਵਾਂਗਾ। (ਬਾਦਲ ਦਾ ਇਹ ਬਿਆਨ ਸਹੀ ਨਹੀਂ ਸੀ, ਕਿਉਂਕਿ ਚੀਫ਼ ਮਨਿਸਟਰੀ ਸਿੱਖੀ ਤੋਂ ਵੱਡੀ ਚੀਜ਼ ਨਹੀਂ)। ਬਾਦਲ ਪਹਿਲੀ ਅਕਤੂਬਰ ਨੂੰ ਸਾਧੂ ਸਿੰਘ ਭੌਰਾ ਨੂੰ ਮਿਲਿਆ।

ਇਨ੍ਹਾਂ ਦੋਹਾਂ ਨਾਲ ਗਲਬਾਤ ਮਗਰੋਂ ਸਾਧੂ ਸਿੰਘ ਭੌਰਾ ਨੇ ਲੌਂਗੋਵਾਲ, ਬਾਦਲ, ਟੌਹੜਾ ਤੇ ਤਲਵੰਡੀ ਨੂੰ 4 ਅਕਤੂਬਰ ਦੇ ਦਿਨ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ। ਇਨ੍ਹੀਂ ਦਿਨੀਂ ਹੀ ਬਾਬਾ ਨਿਹਾਲ ਸਿੰਘ (ਹਰੀਆਂ ਵੇਲਾਂ), ਗੁਰਬਚਨ ਸਿੰਘ (ਕਾਲੀ ਕੰਬਲੀ ਵਾਲੇ) ਅਤੇ ਕਈ ਹੋਰ ਸਿਰਕਰਦਾ ਸਿੱਖ ਸਾਧੂ ਸਿੰਘ ਭੌਰਾ ਨੂੰ ਮਿਲੇ। ਇਨ੍ਹਾਂ ਨੇ ਜਥੇ: ਭੌਰਾ ਨੂੰ ਅਪੀਲ ਕੀਤੀ ਕਿ ਉਹ ਪੰਥਕ ਰਿਵਾਇਤਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ। ਉਨ੍ਹਾਂ ਇਹ ਵੀ ਮਸ਼ਵਰਾ ਦਿੱਤਾ ਕਿ ਪੰਥਕ ਮਸਲਿਆਂ ਬਾਰੇ ਫ਼ੈਸਲਾ ਪੰਜ ਤਖ਼ਤਾਂ ਦੇ ਮੁਖ ਸੇਵਾਦਾਰ ਹੀ ਕਰ ਸਕਦੇ ਹਨ। ਮੁਕਾਮੀ ਰਵਾਇਤ ਮੁਤਾਬਿਕ ਹਜ਼ੂਰ ਸਾਹਿਬ ਦੇ ਮੁਖ ਸੇਵਾਦਾਰ ਨੰਦੇੜ ਤੋਂ ਬਾਹਰ ਨਹੀਂ ਸਨ ਜਾਇਆ ਕਰਦੇ ਤੇ ਪਟਨਾ ਸਾਹਿਬ ਦੇ ਮੁਖ ਸੇਵਾਦਾਰ ਦੇ ਵੀ ਅੰਮ੍ਰਿਤਸਰ ਆਉਣ ਦੀ ਆਸ ਨਹੀਂ ਸੀ। ਇੰਞ, ਪੰਜਾਂ ਤਖ਼ਤਾਂ ਦਾ ਨੁਕਤਾ ਉਠਾਉਣ ਵਾਲਿਆਂ ਦਾ ਮਾਅਨਾ ਇਹੀ ਜਾਪਦਾ ਸੀ ਕਿ ਨਾ ਉਹ ਪੰਜੇ ਇਕੱਠੇ ਹੋਣਗੇ ਤੇ ਨਾ ਹੀ ਜਥੇ: ਭੌਰਾ ਉਸ ਪਟੀਸ਼ਨ 'ਤੇ ਕੋਈ ਐਕਸ਼ਨ ਕਰ ਸਕੇਗਾ।

ਜਥੇ: ਭੌਰਾ ਵਲੋਂ ਕੀਤੀ ਤਲਬੀ ਮੁਤਾਬਿਕ ਬਾਦਲ ਤੇ ਲੌਂਗੋਵਾਲ 4 ਅਕਤੂਬਰ ਦੇ ਦਿਨ ਅੰਮ੍ਰਿਤਸਰ ਪਹੁੰਚ ਗਏ, ਪਰ ਟੌਹੜਾ ਤੇ ਤਲਵੰਡੀ ਨਾ ਹਾਜ਼ਿਰ ਹੋਏ। ਅਗਲੇ ਦਿਨ 5 ਅਕਤੂਬਰ ਨੂੰ ਇਹ ਚਾਰੇ ਆਗੂ ਅਕਾਲ ਤਖਤ ਸਾਹਿਬ 'ਤੇ ਹਾਜ਼ਿਰ ਹੋਏ। ਇਨ੍ਹਾਂ ਚੌਹਾਂ ਨਾਲ ਜਥੇ: ਭੌਰਾ, ਜਥੇ: ਗੁਰਦਿਆਲ

WWW.SIKHBOOKCLUB.COM

ਸਿੰਘ ਅਜਨੋਹਾ (ਕੇਸਗੜ ਸਾਹਿਬ), ਗਿ. ਕਿਰਪਾਲ ਸਿੰਘ (ਹੈਡ ਗ੍ਰੰਥੀ ਦਰਬਾਰ ਸਾਹਿਬ), ਗ੍ਰੰਥੀ ਸੋਹਨ ਸਿੰਘ ਤੇ ਪ੍ਰੀਤਮ ਸਿੰਘ ਨੇ 'ਗੱਲਬਾਤ' ਕੀਤੀ। ਗੱਲਬਾਤ ਮਗਰੋਂ ਇਨ੍ਹਾਂ ਪੰਜਾਂ ਨੇ ਇਕ ਸਾਂਝਾ ਬਿਆਨ ਤਿਆਰ ਕੀਤਾ, ਜਿਸ ਨੂੰ ਜਥੇ: ਟੌਹੜਾ ਤੇ ਜਥੇ: ਤਲਵੰਡੀ ਦੀ ਪਟੀਸ਼ਨ ਦਾ 'ਫ਼ੈਸਲਾ' ਆਖਿਆ ਗਿਆ (ਇਸ ਨੂੰ 'ਹੁਕਮਨਾਮਾ' ਨਹੀਂ ਸੀ ਆਖਿਆ ਗਿਆ)। ਇਹ ਫ਼ੈਸਲਾ, ਜੋ 6 ਅਕਤੂਬਰ ਨੂੰ ਸੁਣਾਇਆ ਗਿਆ, ਇੰਞ ਸੀ:

''27-9-1979 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਅਕਾਲ ਤਖ਼ਤ ਸਾਹਿਬ ਜੀ ਦੇ ਮੁਖ ਸੇਵਾਦਾਰ ਸਾਹਿਬ ਨੂੰ ਆਪਣੇ ਅਹੁਦਿਆਂ ਤੋਂ ਦਿੱਤੇ ਅਸਤੀਫ਼ਿਆਂ ਕਰ ਕੇ ਪੰਥ ਵਿਚ ਪੈਦਾ ਹੋਈ ਹਾਲਤ ਨੂੰ ਹੱਲ ਕਰਨ ਵਾਸਤੇ ਅਸੀਂ ਹੇਠ ਲਿਖਿਆ ਫ਼ੈਸਲਾ ਕੀਤਾ ਹੈ:

1. *10 ਅਕਤੂਬਰ 1979 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਵਾਸਤੇ ਦੋਹਾਂ ਧਿਰਾਂ ਵਲੋਂ ਸੱਦੀਆਂ ਗਈਆਂ ਮੀਟਿੰਗਾਂ ਕੈਂਸਲ ਕੀਤੀਆਂ ਜਾਂਦੀਆਂ ਹਨ।*
2. *ਇਕ ਸਤੰਬਰ 1979 ਤੋਂ ਅੱਜ ਤਕ ਅਕਾਲੀ ਪਾਰਟੀ ਵਿਚੋਂ ਕੱਢੇ ਗਏ ਡੈਲੀਗੇਟ, ਮੁੱਅਤਲ ਕੀਤੇ ਅਹੁਦੇਦਾਰ, ਤੋੜੇ ਗਏ ਅਕਾਲੀ ਜਥਿਆਂ ਨੂੰ ਬਹਾਲ ਕੀਤਾ ਜਾਂਦਾ ਹੈ।*
3. *ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ, ਦੋਹਾਂ ਦੇ ਪ੍ਰਧਾਨਾਂ ਨੂੰ ਹੁਕਮ ਕਰਦੇ ਹਾਂ ਕਿ ਉਹ ਆਪਣੇ ਅਸਤੀਫ਼ੇ ਵਾਪਸ ਲੈ ਲੈਣ।*
4. *ਆ ਰਹੀਆਂ ਚੋਣਾਂ ਵਿਚ ਪੰਥਕ ਏਕਤਾ ਨੂੰ ਮੱਦੇ-ਨਜ਼ਰ ਰਖਦਿਆਂ ਪੰਥ ਦੀ ਚੜ੍ਹਦੀ ਕਲਾ ਵਾਸਤੇ ਪਾਰਲੀਮੈਂਟਰੀ ਚੋਣਾਂ ਤੋਂ ਇਕ ਦਮ ਬਾਅਦ ਡੈਲੀਗੇਟਾਂ ਦੀ ਲਿਸਟ ਦੀ ਛਾਣ-ਬੀਣ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਅਸੀਂ ਆਜ਼ਾਦਾਨਾ ਕਰਵਾਵਾਂਗੇ।*
5. *ਸਾਰੇ ਸਿੱਖਾਂ ਨੂੰ ਆਖਿਆ ਜਾਂਦਾ ਹ ਕਿ ਪੰਥ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦੀ ਨੂੰ ਸਭ ਤੋਂ ਵੱਧ ਸੁਪਰੀਮ ਮੰਨਿਆ ਜਾਵੇ।*
6. *ਪੰਥਕ ਟਿਕਟ ਉੱਤੇ ਕਾਮਯਾਬ ਹੋਏ ਸਾਰੇ ਅਕਾਲੀ ਲੈਜਿਸਲੇਚਰਾਂ ਨੂੰ ਹਦਾਇਤ ਕਰਦੇ ਹਾਂ ਕਿ ਪੰਥ ਦੀ ਆਣ ਨੂੰ ਉੱਚਿਆਂ ਰੱਖਣ ਅਤੇ ਚੜ੍ਹਦੀ ਕਲਾ ਵਾਸਤੇ ਪੰਜਾਬ ਦੇ ਚੀਫ਼ ਮਨਿਸਟਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਇਕ ਮੁੱਠ ਹੋ ਕੇ ਪੰਜਾਬ ਸਰਕਾਰ ਨੂੰ ਮਜ਼ਬੂਤੀ ਨਾਲ ਚਲਾਉਣ ਅਤੇ ਸੂਬੇ ਦੀ ਸੇਵਾ ਕਰਨ।*
7. *ਸ਼੍ਰੋਮਣੀ ਕਮੇਟੀ ਦੇ ਸਾਰੇ ਪੰਥਕ ਮੈਂਬਰਾਂ ਨੂੰ ਤਾਕੀਦ ਕਰਦੇ ਹਾਂ ਕਿ ਗੁਰਦੁਆਰਿਆਂ ਦੇ ਇੰਤਜ਼ਾਮ ਨੂੰ ਬੇਹਤਰ ਬਣਾਉਣ ਵਾਸਤੇ ਅਤੇ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਤੇਜ਼ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਹੇਠ ਮਿਲ ਕੇ ਕੰਮ ਕਰਨ।*
8. *ਪਾਰਲੀਮੈਂਟ ਦੀਆਂ ਚੋਣਾਂ ਵੇਲੇ ਟਿਕਟਾਂ ਦੀ ਵੰਡ ਅਤੇ ਦੂਜੀਆਂ ਪਾਰਟੀਆਂ ਨਾਲ ਐਡਜਸਟਮੈਂਟ ਕਰਨ ਵਾਸਤੇ ਹੇਠ ਲਿਖੇ 7 ਮੈਂਬਰਾਂ ਦੀ ਕਮੇਟੀ ਬਣਾਈ ਜਾਂਦੀ ਹੈ:*

WWW.SIKHBOOKCLUB.COM Page 193

ਹਰਚੰਦ ਸਿੰਘ ਲੌਂਗੋਵਾਲ, ਜਗਦੇਵ ਸਿੰਘ ਤਲਵੰਡੀ, ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਬਲਵੰਤ ਸਿੰਘ, ਸ਼ਸ਼ਪਾਲ ਸਿੰਘ, ਨਿਰੰਜਨ ਸਿੰਘ ਪੱਟੀ

9. *ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦੇ ਉਲਟ ਅਰਦਾਸ ਕਰਨ ਵਾਲਿਆਂ ਨੂੰ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਉਹ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਆਪਣੀ ਗ਼ਲਤੀ ਬਖ਼ਸ਼ਾਉਣ।*

10. *ਪੰਥਕ ਏਕੇ ਵਾਸਤੇ ਕੀਤੇ ਗਏ ਇਸ ਫ਼ੈਸਲੇ ਦੀ ਮੁਖ਼ਾਲਫ਼ਤ ਕਰਨ ਵਾਲੇ ਸ਼ਖ਼ਸ ਦੇ ਖ਼ਿਲਾਫ਼ ਕਰੜੀ ਕਾਰਵਾਈ ਕੀਤੀ ਜਾਏਗੀ।''*

ਸਾਧੂ ਸਿੰਘ ਭੌਰਾ *ਗੁਰਦਿਆਲ ਸਿੰਘ ਅਜਨੋਹਾ*

ਕਿਰਪਾਲ ਸਿੰਘ *ਸੋਹਨ ਸਿੰਘ* *ਪ੍ਰੀਤਮ ਸਿੰਘ*

ਪਰ ਫ਼ੈਸਲਾ ਸੁਣਨ ਦੇ ਬਾਵਜੂਦ ਇਨ੍ਹਾਂ ਆਗੂਆਂ ਵਿਚ ਫ਼ਰਕ ਖ਼ਤਮ ਨਾ ਹੋਏ। ਸਾਰੇ ਆਪੋ-ਆਪਣੀ ਚੜ੍ਹਦੀ ਕਲਾ ਦੇ ਚਾਹਵਾਨ ਸਨ ਨਾ ਕਿ ਪੰਥ ਦੇ ਬੋਲਬਾਲੇ ਚਾਹੁੰਦੇ ਸਨ। ਇਸ ਕਰ ਕੇ ਅੰਦਰੋ-ਅੰਦਰੀਂ ਸਾਜ਼ਿਸ਼ਾਂ ਚਲਦੀਆਂ ਰਹੀਆਂ। ਕੁਝ ਹੀ ਦਿਨਾਂ ਮਗਰੋਂ ਤਲਵੰਡੀ 7 ਮੈਂਬਰੀ ਪਾਰਲੀਮੈਂਟਰੀ ਬੋਰਡ ਤੋਂ ਮੁਨਕਰ ਹੋ ਗਿਆ। ਦੂਜੇ ਪਾਸੇ ਉਮਰਾਨੰਗਲ ਨੇ ਜਨਤਾ ਪਾਰਟੀ ਦੇ ਇਕ ਉਮੀਦਵਾਰ ਦੀ ਹਿਮਾਇਤ ਵਿਚ ਮੁਹਿੰਮ ਸ਼ੁਰੂ ਕਰ ਦਿੱਤੀ। ਇਨ੍ਹਾਂ ਦੋਹਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਕੇ 29 ਨਵੰਬਰ 1979 ਦੇ ਦਿਨ ਤਨਖ਼ਾਹ ਲਾਈ ਗਈ। ਤਲਵੰਡੀ ਨੂੰ ਸੱਤ ਦਿਨ ਲੰਗਰ ਦੇ ਭਾਂਡੇ ਮਾਂਜਣ ਅਤੇ ਸੱਤ ਮੈਂਬਰੀ ਕਮੇਟੀ ਦੀ ਮੀਟਿੰਗ 'ਚ ਹਾਜ਼ਿਰ ਹੋਣ, ਅਤੇ ਉਮਰਾਨੰਗਲ ਨੂੰ ਇਕ ਹਫ਼ਤੇ ਵਾਸਤੇ ਜਪੁਜੀ ਸਾਹਿਬ ਦਾ ਇਕ ਪਾਠ ਰੋਜ਼ਾਨਾ ਵੱਧ ਕਰਨ ਤੇ ਕੜਾਹ ਪ੍ਰਸ਼ਾਦਿ ਕਰਵਾਉਣ ਵਾਸਤੇ ਹੁਕਮ ਦਿੱਤਾ ਗਿਆ।

ਇਨ੍ਹਾਂ ਦਿਨਾਂ ਵਿਚ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਬਾਰੇ ਵੀ ਬਹਿਸ ਸ਼ੁਰੂ ਹੋ ਗਈ। ਕੁਝ ਵਰਕਰਾਂ ਨੇ ਜਥੇ: ਭੌਰਾ ਤੋਂ ਅਸਤੀਫ਼ੇ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਹਾਲਤ ਵਿਚ ਇਕ ਪਾਸੇ ਤਾਂ ਸਾਧੂ ਸਿੰਘ ਭੌਰਾ ਦੀ ਸ਼ਖ਼ਸੀਅਤ ਸ਼ੱਕੀ ਹੋ ਗਈ ਤੇ ਦੂਜੇ ਪਾਸੇ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦੇ ਰੋਲ, ਤਾਕਤ, ਹੱਕ, ਫ਼ਰਜ਼ ਅਤੇ ਰੁਤਬੇ ਬਾਰੇ ਵੀ 'ਚਰਚਾ' ਸ਼ੁਰੂ ਹੋ ਗਈ।

ਇਸ ਮਾਹੌਲ ਵਿਚ ਤਲਵੰਡੀ ਇਕ ਵਾਰ ਫੇਰ 7-ਮੈਂਬਰੀ ਪਾਰਲੀਮੈਂਟਰੀ ਬੋਰਡ ਤੋਂ ਮੁਕਰ ਗਿਆ। 7 ਦਸੰਬਰ ਨੂੰ ਭੌਰਾ ਨੇ ਗੁਰਦਿਆਲ ਸਿੰਘ ਅਜਨੋਹਾ (ਕੇਸਗੜ੍ਹ ਸਾਹਿਬ) ਨੂੰ ਅੰਮ੍ਰਿਤਸਰ ਆਉਣ ਵਾਸਤੇ ਆਖਿਆ। ਇਸ 'ਤੇ ਉਸ (ਅਜਨੋਹਾ) ਨੇ ਕਿਹਾ ਕਿ 'ਮੈਂ ਇਸ ਤਮਾਸ਼ੇ ਵਿਚ ਸ਼ਾਮਿਲ ਨਹੀਂ ਹੋਣਾ ਚਾਹੁੰਦਾ।'

10 ਦਸੰਬਰ ਨੂੰ ਤਲਵੰਡੀ ਅਤੇ ਸੇਠ ਰਾਮ ਨਾਥ ਨੇ ਭੌਰਾ ਨਾਲ ਮੁਲਾਕਾਤ ਕੀਤੀ। ਮਗਰੋਂ ਸੇਠ ਰਾਮ ਨਾਥ ਇਕੱਲਿਆਂ ਵੀ ਭੌਰਾ ਨੂੰ ਮਿਲਿਆ। ਸੇਠ ਰਾਮ ਨਾਥ, ਭਾਵੇਂ ਉਹ ਪੰਜਾਬ ਜਾਂ ਸਿੱਖਾਂ ਦਾ ਕਿੰਨਾ ਵੀ ਖ਼ੈਰ-ਖ਼ਾਹ ਸੀ, ਦਾ ਅਕਾਲ ਤਖ਼ਤ ਸਾਹਿਬ ਦੀ ਕਾਰਗੁਜ਼ਾਰੀ ਵਿਚ ਰੋਲ ਅਦਾ ਕਰਨਾ ਸਹੀ ਨਹੀਂ ਸੀ। ਉਹ

WWW.SIKHBOOKCLUB.COM

ਬਾਦਲ, ਟੌਹੜਾ, ਤਲਵੰਡੀ, ਲੌਂਗੋਵਾਲ ਕਿਸੇ ਨੂੰ ਵੀ ਮਿਲ ਕੇ ਜੋ ਵੀ ਰੋਲ ਅਦਾ ਕਰਦਾ, ਕਿਸੇ ਨੂੰ ਕੋਈ ਇਤਰਾਜ਼ ਨਾ ਹੁੰਦਾ, ਪਰ ਉਸ ਦਾ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਵਿਚ ਦਖ਼ਲ ਅੰਦਾਜ਼ੀ ਕਰਨਾ ਸਿੱਖ ਵਿਦਾਵਨਾਂ ਨੂੰ ਗ਼ਲਤ ਲਗਿਆ।

ਅਕਾਲੀਆਂ ਦੀ ਇਹ ਲੜਾਈ 8 ਦਸੰਬਰ 1979 ਤਕ ਚਲਦੀ ਰਹੀ, ਪਰ ਅਖ਼ੀਰ ਤਲਵੰਡੀ ਨੇ ਹਥਿਆਰ ਸੁੱਟ ਦਿੱਤੇ। 1980 ਵਿਚ ਲੋਕ ਸਭਾ ਦੀਆਂ ਚੋਣਾਂ ਹੋਈਆਂ। ਚੋਣਾਂ ਵਿਚ ਅਕਾਲੀ ਪਾਰਟੀ ਨੂੰ ਜ਼ਬਰਦਸਤ ਸ਼ਿਕਸਤ ਹੋਈ। ਇਸ ਮਗਰੋਂ ਦੋਹਾਂ ਧੜਿਆਂ ਨੇ ਇਕ ਦੂਜੇ 'ਤੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ (ਦੋਵੇਂ ਹੀ ਸੱਚੇ ਸਨ)।

ਅਕਾਲੀਆਂ ਵਿਚ ਧੜੇਬੰਦੀ ਹੌਲੀ-ਹੌਲੀ ਫੇਰ ਜ਼ਾਹਿਰ ਹੋਣ ਲੱਗ ਪਈ। ਟੌਹੜਾ ਤੇ ਤਲਵੰਡੀ ਦੇ ਦੋ ਸਾਥੀਆਂ ਜਸਵਿੰਦਰ ਸਿੰਘ ਬਰਾੜ ਅਤੇ ਰਣਧੀਰ ਸਿੰਘ ਚੀਮਾ ਨੇ ਬਾਦਲ ਵਜ਼ਾਰਤ ਤੋਂ ਅਸਤੀਫ਼ਾ ਦੇ ਦਿੱਤਾ। ਅਖੀਰ ਦੋਹਾਂ ਧੜਿਆਂ ਨੇ ਦੋ-ਟੁੱਕ ਫ਼ੈਸਲਾ ਕਰਨ ਵਾਸਤੇ ਦਲ ਦੀ ਪ੍ਰਧਾਨਗੀ ਚੋਣ ਕਰਵਾਉਣ ਦਾ ਫ਼ੈਸਲਾ ਕਰ ਲਿਆ। ਇਸ ਚੋਣ ਵਾਸਤੇ 5 ਮਾਰਚ 1980 ਦੀ ਤਾਰੀਖ਼ ਮਨਜ਼ੂਰ ਕੀਤੀ ਗਈ। ਚੋਣ ਵਾਸਤੇ ਡੈਲੀਗੇਟਾਂ ਦੀ ਸੂਚੀ ਫ਼ਰਵਰੀ ਵਿਚ ਜਾਰੀ ਕਰ ਦਿੱਤੀ ਗਈ। ਇਸ ਸੂਚੀ ਵਿਚ ਉਹ ਸ਼ਖ਼ਸ ਸ਼ਾਮਿਲ ਨਹੀਂ ਸਨ, ਜਿਨ੍ਹਾਂ ਨੂੰ ਪਾਰਟੀ ਦੀ ਸਬ-ਕਮੇਟੀ (ਜਿਸ ਵਿਚ ਬਾਦਲ ਵੀ ਸ਼ਾਮਿਲ ਸੀ) ਨੇ ਮਾਰਚ 1979 ਦੀਆਂ ਗੁਰਦੁਆਰਾ ਚੋਣਾਂ ਵਿਚ ਪਾਰਟੀ ਦੇ ਉਮੀਦਵਾਰਾਂ ਦੀ ਮੁਖ਼ਾਲਫ਼ਤ ਕਰਨ ਕਰ ਕੇ ਪਾਰਟੀ ਵਿਚੋਂ 6-6 ਸਾਲ ਵਾਸਤੇ ਕੱਢਿਆ ਹੋਇਆ ਸੀ।

ਜਦੋਂ ਸਾਧੂ ਸਿੰਘ ਭੌਰਾ ਦੇ ਦਸਤਖ਼ਤਾਂ ਹੇਠ ਇਹ ਸੂਚੀ ਜਾਰੀ ਹੋਈ ਤਾਂ ਬਾਦਲ ਨੇ ਉਸ ਨਾਲ ਰਾਬਤਾ ਕਾਇਮ ਕੀਤਾ। ਇਕ ਸੋਮੇ ਮੁਤਾਬਿਕ ਬਾਦਲ ਨੇ ਭੌਰਾ ਦੇ ਮੁੰਡੇ ਨੂੰ (ਜੋ ਪੰਜਾਬ ਸਰਕਾਰ ਦਾ ਮੁਲਾਜ਼ਮ ਸੀ) ਤਰੱਕੀ ਦੇ ਕੇ ਭੌਰਾ ਨੂੰ ਆਪਣੇ ਨਾਲ ਰਲਾ ਲਿਆ ਸੀ। ਬਾਦਲ ਨੇ ਭੌਰਾ ਨੂੰ ਕਿਹਾ ਕਿ ਉਹ ਉਸ ਸੂਚੀ ਨੂੰ ਰੱਦ ਕਰ ਦੇਵੇ। ਇਸ 'ਤੇ ਭੌਰਾ ਨੇ ਪਹਿਲਾਂ ਜਾਰੀ ਕੀਤੀ ਡੈਲੀਗੇਟ ਸੂਚੀ ਨੂੰ ਰੱਦ ਕਰਦਿਆਂ ਆਖਿਆ ਕਿ ਇਸ ਵਿਚ 134 ਸਹੀ ਡੈਲੀਗੇਟਾਂ ਦੇ ਨਾਂ ਸ਼ਾਮਿਲ ਨਹੀਂ ਹਨ ਤੇ 94 ਨਾਂ ਉਨ੍ਹਾਂ ਦੇ ਹਨ, ਜੋ ਕਦੇ ਡੈਲੀਗੇਟ ਨਹੀਂ ਚੁਣੇ ਗਏ ਸਨ। ਇਸ ਦੇ ਨਾਲ ਹੀ ਭੌਰਾ ਨੇ ਨਵੀਂ ਡੈਲੀਗੇਟ ਸੂਚੀ ਜਾਰੀ ਕਰ ਦਿੱਤੀ। (ਦੂਜੇ ਪਾਸੇ ਬਲਬੀਰ ਸਿੰਘ ਬਰਾੜ ਦਾ ਕਹਿਣਾ ਹੈ ਕਿ ਭੌਰੇ ਨੇ ਕਿਸੇ ਤੋਂ ਡਰ ਕੇ ਕੋਈ ਕਾਰਵਾਈ ਨਹੀਂ ਸੀ ਕੀਤੀ)।

ਦੋ ਡੈਲੀਗੇਟ ਸੂਚੀਆਂ ਜਾਰੀ ਹੋਣ ਮਗਰੋਂ ਹਾਲਾਤ ਅਜਿਹੇ ਬਣ ਗਏ ਸਨ ਕਿ ਬਾਦਲ ਅਤੇ ਤਲਵੰਡੀ ਧੜਾ, ਦੋਵੇਂ, ਆਪੋ-ਆਪਣੀ ਸੂਚੀ ਮੁਤਾਬਿਕ ਚੋਣ ਕਰਵਾਉਣ 'ਤੇ ਡਟ ਗਏ ਸਨ। ਜਾਪਦਾ ਸੀ ਕਿ ਹੁਣ ਅਕਾਲੀ ਦਲ ਦੇ ਦੋ

WWW.SIKHBOOKCLUB.COM

ਜਨਰਲ ਇਜਲਾਸ ਹੋਣਗੇ ਤੇ ਇਸ ਸੂਰਤ ਵਿਚ ਦਰਬਾਰ ਸਾਹਿਬ ਕੰਪਲੈਕਸ ਵਿਚ ਖ਼ੂਨ-ਖ਼ਰਾਬਾ ਹੋਣ ਦਾ ਖ਼ਦਸ਼ਾ ਸੀ।

ਪਰ ਪਹਿਲੀ ਮਾਰਚ ਨੂੰ ਦੋਵੇਂ ਧੜੇ ਆਪੋ-ਆਪਣੀ ਮੀਟਿੰਗ ਰੱਦ ਕਰਨ ਵਾਸਤੇ ਰਾਜ਼ੀ ਹੋ ਗਏ। ਨਵੇਂ ਸਮਝੌਤੇ ਮੁਤਾਬਿਕ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋੜ ਦਿੱਤੀ ਗਈ ਅਤੇ ਪਾਰਟੀ ਨੂੰ ਚਲਾਉਣ ਵਾਸਤੇ ਇਕ ਸੱਤ-ਮੈਂਬਰੀ ਕਮੇਟੀ ਬਣਾ ਦਿੱਤੀ ਗਈ। ਇਸ ਕਮੇਟੀ ਦੇ ਮੈਂਬਰ ਸਨ: ਜਗਦੇਵ ਸਿੰਘ ਤਲਵੰਡੀ, ਹਰਚੰਦ ਸਿੰਘ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ, ਅਜੀਤ ਸਿੰਘ ਸਰਹੱਦੀ, ਆਤਮਾ ਸਿੰਘ, ਜਸਵਿੰਦਰ ਸਿੰਘ ਬਰਾੜ, ਪ੍ਰੇਮ ਸਿੰਘ ਲਾਲਪੁਰਾ। ਪਰ ਅਕਾਲੀ ਦਲ ਦੇ ਦੋਹਾਂ ਧੜਿਆਂ ਦਾ ਇਹ ਸਮਝੌਤਾ ਬਹੁਤੀ ਦੇਰ ਨਾ ਰਹਿ ਸਕਿਆ ਤੇ ਦੋਵੇਂ ਧੜੇ ਫਿਰ ਵੱਖ-ਵੱਖ ਹੋ ਗਏ। ਇਕ ਅਕਾਲੀ ਦਲ ਦਾ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਬਣ ਗਿਆ ਅਤੇ ਦੂਜੇ ਦਾ ਹਰਚੰਦ ਸਿੰਘ ਲੌਂਗੋਵਾਲ। ਲੌਂਗੋਵਾਲ ਧੜੇ ਨਾਲ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦੋਵੇਂ ਸਨ, ਇਸ ਕਰ ਕੇ ਦਲ ਦੇ ਵਰਕਰਾਂ ਦਾ ਵੱਡਾ ਹਿੱਸਾ ਇਨ੍ਹਾਂ ਦੇ ਨਾਲ ਜੁੜ ਗਿਆ ਤੇ ਹੌਲੀ-ਹੌਲੀ ਤਲਵੰਡੀ ਦੇ ਬਹੁਤ ਸਾਰੇ ਸਾਥੀ ਕਿਰ ਕੇ ਵੱਡੇ ਧੜੇ ਦੇ ਨਾਲ ਜੁੜ ਗਏ।

ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ

ਜੂਨ 1980 ਵਿਚ ਡਾਕਟਰ ਜਗਜੀਤ ਸਿੰਘ ਚੌਹਾਨ ਨੇ 'ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ' ਬਣਾ ਕੇ ਖਾਲਿਸਤਾਨ ਵਾਸਤੇ ਜਦੋਜਹਿਦ ਕਰਨ ਦਾ ਐਲਾਨ ਕਰ ਦਿੱਤਾ। ਚੌਹਾਨ ਆਪ ਇੰਗਲੈਂਡ ਚਲਾ ਗਿਆ। ਜਲੰਧਰ ਦੀ ਦਿਲਕੁਸ਼ਾ ਮਾਰਕੀਟ ਵਿਚ ਉਸ ਦਾ ਸਾਥੀ ਬਲਬੀਰ ਸਿੰਘ ਸੰਧੂ ਕੌਂਸਲ ਦੇ ਜਨਰਲ ਸਕੱਤਰ ਵਜੋਂ ਬਿਆਨਬਾਜ਼ੀ ਕਰਦਾ ਰਿਹਾ। ਡਾ: ਚੌਹਾਨ ਨੇ ਭਾਵੇਂ ਕੋਈ ਐਕਸ਼ਨ ਤਾਂ ਨਾ ਕੀਤਾ ਪਰ ਉਸ ਦੀਆਂ ਕਾਰਵਾਈਆਂ ਨੇ ਖਾਲਿਸਤਾਨ ਦਾ ਖ਼ਿਆਲ ਸਿੱਖਾਂ ਵਿਚ ਜ਼ਿੰਦਾ ਜ਼ਰੂਰ ਰਖਿਆ। ਇੰਗਲੈਂਡ ਵਿਚ ਕੁਝ ਸਿੱਖ ਵਰਕਰ ਉਸ ਦੇ ਨਾਲ ਜੁੜ ਗਏ ਤੇ ਕਾਫ਼ੀ ਚਿਰ ਉਹ ਉਸ ਨਾਲ ਰਲ ਕੇ ਪ੍ਰਚਾਰ ਕਰਦੇ ਰਹੇ।

ਸਿੱਖ ਇਕ ਕੌਮ ਹਨ

ਉਂਝ ਤਾਂ ਕੌਮ ਕਿਸੇ ਦੇ ਬਣਾਇਆਂ ਜਾਂ ਆਖਿਆਂ ਨਹੀਂ ਬਣਦੀ ਅਤੇ ਕੋਈ ਇੰਝ ਹੀ ਜੇ ਕੋਈ ਕਿਸੇ ਨੂੰ ਕੌਮ ਮੰਨਣ ਤੋਂ ਇਨਕਾਰੀ ਹੋ ਜਾਵੇ ਤਾਂ ਉਸ ਕੌਮ ਦੀ ਕੌਮੀਅਤ ਖ਼ਤਮ ਨਹੀਂ ਹੋ ਜਾਂਦੀ। ਮੁਸਲਮਾਨ, ਸਿੱਖ, ਯਹੂਦੀ ਜਾਂ ਪਠਾਣ ਕੌਮਾਂ ਦੀ ਹੋਂਦ ਤੋਂ ਮੁਨਕਰ ਹੋਣ ਵਾਲਾ ਪਹਿਲੇ ਦਰਜੇ ਦਾ ਬੇਵਕੂਫ਼ ਹੀ ਹੋ ਸਕਦਾ ਹੈ। ਸਿੱਖ ਇਕ ਕੌਮ ਸਨ ਤੇ ਜਦ 1947 ਵਿਚ ਉਨ੍ਹਾਂ ਨੂੰ ਧੱਕੇ ਨਾਲ ਭਾਰਤ ਵਿਚ ਧੱਕ ਦਿੱਤਾ ਗਿਆ ਤਾਂ ਇਹ ਉਨ੍ਹਾਂ ਦੀ ਮਰਜ਼ੀ ਨਹੀਂ ਸੀ ਬਲਕਿ ਇਹ ਉਨ੍ਹਾਂ 'ਤੇ ਜਬਰ ਸੀ। ਪਰ

WWW.SIKHBOOKCLUB.COM

ਸਿੱਖਾਂ ਨੇ ਇਹ ਕਦੇ ਨਹੀਂ ਮੰਨਿਆ ਕਿ ਇਸ ਨਾਲ ਉਨ੍ਹਾਂ ਦੀ ਕੌਮੀਅਤ ਖ਼ਤਮ ਹੋ ਗਈ ਹੈ।

1979 ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਸ਼੍ਰੋਮਣੀ ਕਮੇਟੀ ਦਾ ਇਕ ਪੰਜ-ਨੁਕਾਤੀ ਪ੍ਰੋਗਰਾਮ ਐਲਾਨ ਕੀਤਾ। ਇਸ ਵਿਚ ਇਕ ਨੁਕਤਾ ਇਹ ਸੀ: **'ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਕੌਮੀਅਤ ਨੂੰ ਬਰਕਰਾਰ ਰੱਖਣ ਵਾਸਤੇ ਜੱਦੋ-ਜਹਿਦ ਵਿਚ ਅਗਵਾਈ ਦੇਵੇਗੀ।'** ਇਸ ਐਲਾਨ ਨਾਲ ਹਰ ਫ਼ਿਰਕੂ ਹਿੰਦੂ ਤਿਲਮਿਲਾ ਉਠਿਆ। ਇਹ ਹਿੰਦੂ ਭਾਵੇਂ ਕਾਂਗਰਸੀ ਸੀ ਤੇ ਭਾਵੇਂ ਜਨਸੰਘੀ, ਭਾਵੇਂ ਆਰੀਆ ਸਮਾਜੀ ਸੀ ਤੇ ਭਾਵੇਂ ਸਨਾਤਨੀ, ਭਾਵੇਂ ਰਾਸ਼ਟਰ ਸੋਇਮ ਸੇਵਕ ਸੰਘ ਦਾ ਸੀ ਤੇ ਭਾਵੇਂ ਸੋਸ਼ਲਿਸਟ ਜਾਂ ਕਮਿਊਨਿਸਟ। ਹਰ ਹਿੰਦੂ ਦਾ ਸ਼ੁਰੂ ਤੋਂ ਇਹ ਤਹੱਈਆ ਰਿਹਾ ਹੈ ਕਿ ਜੈਨੀਆਂ ਵਾਂਗ ਸਿੱਖਾਂ ਨੂੰ ਵੀ 'ਹਿੰਦੂ' ਵਿਚ ਜਜ਼ਬ ਕਰ ਲੈਣਾ ਹੈ। *ਉਂਞ ਇਕ ਇਹ ਗਲ ਮਹਿਜ਼ ਵਹਿਮ ਹੈ ਕਿ ਇੰਞ 'ਹਿੰਦੂ' ਬਣੇ ਸਿੱਖਾਂ ਨੂੰ 'ਹਿੰਦੂ' ਵਾਲੇ ਹੱਕ ਮਿਲਣਗੇ। 'ਹਿੰਦੂ' ਬਣਾਉਣ ਮਗਰੋਂ 'ਅਸਲੀ' ਹਿੰਦੂ ਇਹ ਡਿਗਰੀਆਂ ਮਿਥਦਾ ਹੈ ਪੰਜਾਬੀ ਹਿੰਦੂ, ਹਰਿਆਣਵੀ ਹਿੰਦੂ, ਮਰਾਠਾ ਹਿੰਦੂ, ਰਾਜਪੂਤ ਹਿੰਦੂ; ਤੇ ਇਸ ਤੋਂ ਮਗਰੋਂ ਉਸ ਦੀ ਜ਼ਾਤ, ਅਤੇ ਇਸ ਤੋਂ ਮਗਰੋਂ 'ਕਦੋਂ ਤੋਂ ਹਿੰਦੂ ਹੋ' ਯਾਨਿ ਕਿ ਹਿੰਦੂ ਦੀਆਂ ਵੀ ਡਿਗਰੀਆਂ ਹਨ)।* ਪਾਕਿਸਤਾਨ ਦੇ ਆਗੂ ਕਾਇਦੇ-ਆਜ਼ਮ ਜਿਨਾਹ ਨੇ ਇਕ ਵਾਰ ਆਖਿਆ ਸੀ 'ਸਿੱਖੋ ਤੁਸੀਂ ਹਿੰਦੂ ਨੂੰ ਗ਼ੁਲਾਮ ਵੇਖਿਆ ਹੈ ਹਾਕਮ ਨਹੀਂ। ਹਾਕਮ ਬਣ ਕੇ ਹਿੰਦੂ ਬਹੁਤ ਜ਼ਾਲਮ ਹੋਵੇਗਾ।' ਕਾਇਦੇ-ਆਜ਼ਮ ਨੇ ਸੱਚ ਸਮਝ ਲਿਆ ਸੀ। ਤੰਗ-ਦਿਲ ਤੇ ਬੁਜ਼ਦਿਲ ਲੋਕ ਤਾਕਤ ਆਉਣ ਤੇ ਹੋਰ ਤੰਗ-ਦਿਲ ਤੇ ਜ਼ਾਲਮ ਹੋ ਜਾਂਦੇ ਹਨ। ਇਸ ਕਰ ਕੇ ਘਟ-ਗਿਣਤੀ ਕੌਮਾਂ ਦੇ ਸਵਾਲ 'ਤੇ ਸਾਰੇ ਹਿੰਦੂ ਇਕ ਹੋ ਜਾਂਦੇ ਹਨ। 'ਸਿੱਖ ਇਕ ਕੌਮ ਹਨ' ਦੇ ਸਵਾਲ ਤੇ ਵੀ ਹਰ ਹਿੰਦੂ ਨੇ ਅਜਿਹਾ ਹੀ ਕੀਤਾ।

ਸਿੱਖਾਂ ਨੂੰ ਯੂ.ਐਨ.ਓ. ਦੀ ਮੈਂਬਰਸ਼ਿਪ ਦੇਣ ਸਬੰਧੀ ਮਤਾ

ਇਨ੍ਹਾਂ ਦਿਨਾਂ ਵਿਚ ਕਮਿਊਨਿਸਟਾਂ ਤੇ ਫ਼ਿਰਕਾਪ੍ਰਸਤ ਹਿੰਦੂਆਂ ਨੇ ਸਿੱਖ ਧਰਮ ਅਤੇ ਸਿੱਖ ਕੌਮ ਦੀ ਵੱਖਰੀ ਪਛਾਣ ਅਤੇ ਵਜੂਦ ਦੇ ਖ਼ਿਲਾਫ਼ ਫੇਰ ਵੱਡੀ ਮੁਹਿੰਮ ਵਿੱਢੀ ਹੋਈ ਸੀ। ਇੰਞ ਹੀ ਈਸਾਈ ਮਿਸ਼ਨਰੀਆਂ ਦੇ ਇਕ ਸਿੱਖ-ਮੁਖਾਲਿਫ਼ ਟੋਲੇ ਨੇ ਵੀ ਸਿੱਖ ਧਰਮ ਦੀ ਅੱਡਰੀ ਹਸਤੀ ਦੇ ਖ਼ਿਲਾਫ਼ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਹੋਈ ਸੀ। ਇਸ ਸਿੱਖ-ਮੁਖਾਲਿਫ਼ ਟੋਲੇ ਦਾ ਮੁਖੀ ਪ੍ਰੋ: ਹਿਊ ਮਕਲਾਊਡ ਸੀ ਅਤੇ ਜੇ.ਐਸ. ਗਰੇਵਾਲ ਵਰਗੇ ਇਨ੍ਹਾਂ ਦਾ ਤਹਿ-ਦਿਲੋਂ ਸਾਥ ਦੇ ਰਹੇ ਸਨ। ਪੱਛਮੀ ਮੁਲਕਾਂ ਦੀਆਂ ਯੂਨੀਵਰਸਿਟੀਆਂ ਅਤੇ 'ਪੈਂਗੁਇਨ' ਸਣੇ ਕਈ ਪਬਲਿਸ਼ਰ ਇਨ੍ਹਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਦੇ ਰਹੇ ਸਨ।

ਦਲ ਖ਼ਾਲਸਾ, ਸਿੱਖ ਸਟੂਡੈਂਟਸ, ਸ਼੍ਰੋਮਣੀ ਅਕਾਲੀ ਦਲ (ਦੋਵੇਂ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਫੀ ਚਿਰਾਂ ਤੋਂ ਇਹ ਮੰਗ ਕਰ ਰਹੇ ਸਨ ਕਿ ਦੁਨੀਆਂ

WWW.SIKHBOOKCLUB.COM

ਦੇ ਕਿਸੇ ਪਲੇਟਫ਼ਾਰਮ 'ਤੇ ਉਨ੍ਹਾਂ ਦੀ ਆਜ਼ਾਦ ਹਸਤੀ ਵੀ ਜਾਣੀ ਜਾਵੇ (ਤੇ ਉਹ ਆਪਣੇ ਮਸਲਿਆਂ ਬਾਰੇ ਚਰਚਾ ਕਰ ਸਕਿਆ ਕਰਨ)। ਇਸ ਦੇ ਇਕ ਪੜਾਅ ਵਜੋਂ ਉਹ ਮੰਗ ਕਰ ਰਹੇ ਸਨ ਕਿ ਸਿੱਖ ਕੌਮ ਨੂੰ ਯੂ.ਐਨ.ਓ. ਵਿਚ ਐਸੋਸੀਏਟ ਮੈਂਬਰਸ਼ਿਪ ਦਿੱਤੀ ਜਾਵੇ। ਪਰ ਇਹ ਸਾਰੀ ਕਾਰਵਾਈ ਸਿਰਫ਼ ਮਤੇ ਪਾਸ ਕਰਨ ਅਤੇ ਅਖ਼ਬਾਰਾਂ ਵਿਚ ਬਿਆਨਬਾਜ਼ੀ ਤੱਕ ਹੀ ਮਹਿਦੂਦ ਸੀ।

ਇਨ੍ਹਾਂ ਦਿਨਾਂ ਵਿਚ ਹੀ ਚੀਫ਼ ਖਾਲਸਾ ਦੀਵਾਨ ਨੇ ਸਾਲਾਨਾ 'ਸਿੱਖ ਐਜੂਕੇਸ਼ਨਲ ਕਾਨਫ਼ਰੰਸ' ਚੰਡੀਗੜ੍ਹ ਵਿਚ ਕਰਵਾਈ। ਇਸ ਦੇ 15 ਮਾਰਚ 1981 ਦੇ ਸੈਸ਼ਨ ਵਿਚ ਬਹੁਤ ਸਾਰੇ ਸਿੱਖ ਨੌਜਵਾਨ ਅਤੇ ਵਿਦਵਾਨ ਹਾਜ਼ਿਰ ਸਨ। ਇਸ ਕਾਨਫ਼ਰੰਸ ਵਿਚ ਅਚਾਨਕ ਹੀ ਅਜਿਹਾ ਮਾਹੌਲ ਬਣ ਗਿਆ ਕਿ ਇਸ ਮੌਕੇ 'ਤੇ ਹਾਜ਼ਿਰ ਵਿਦਵਾਨਾਂ ਅਤੇ ਨੌਜਵਾਨਾਂ ਨੇ 'ਸਿੱਖ ਇਕ ਵੱਖਰੀ ਕੌਮ ਹਨ' ਅਤੇ 'ਸਿੱਖਾਂ ਨੂੰ ਯੂ.ਐਨ.ਓ. ਵਿਚ ਐਸੋਸਿਏਟ ਮੈਂਬਰਸ਼ਿਪ ਦਿੱਤੀ ਜਾਵੇ' ਦਾ ਮਤਾ ਜ਼ੋਰ ਪਾ ਕੇ ਪਾਸ ਕਰਵਾ ਲਿਆ।

ਇਸ ਮਤੇ ਨੂੰ ਪੇਸ਼ ਕਰਨ ਜਾਂ ਪਾਸ ਕਰਵਾਉਣ ਦਾ ਸਿਹਰਾ ਅਮਰੀਕੀ ਸਿੱਖ ਗੰਗਾ ਸਿੰਘ ਢਿੱਲੋਂ ਨੂੰ ਦਿੱਤਾ ਜਾਂਦਾ ਹੈ। ਪਰ ਅਸਲ ਵਿਚ ਇਹ ਸਿਹਰਾ ਉਨ੍ਹਾਂ ਨੌਜਵਾਨਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਉਸ ਵੇਲੇ ਰੌਲਾ ਪਾ ਕੇ ਐਲਾਨ ਕਰ ਦਿੱਤਾ ਕਿ ਜਦੋਂ ਤੱਕ 'ਸਿੱਖਾਂ ਦੀ ਕੌਮੀਅਤ ਅਤੇ ਐਸੋਸੀਏਟ ਮੈਂਬਰਸ਼ਿਪ' ਵਾਲਾ ਮਤਾ ਪਾਸ ਨਹੀਂ ਹੋ ਜਾਂਦਾ ਉਦੋਂ ਤੱਕ ਕਾਨਫ਼ਰੰਸ ਦੀ ਕਾਰਵਾਈ ਨਹੀਂ ਚੱਲਣ ਦਿੱਤੀ ਜਾਵੇਗੀ। ਸ਼ੋਰ ਪਾਉਣ ਵਾਲੇ ਨੌਜਵਾਨ ਸਨ: ਦਲ ਖਾਲਸਾ ਦੇ ਵਰਕਰ ਹਰਸਿਮਰਨ ਸਿੰਘ, ਗਜਿੰਦਰ ਸਿੰਘ, ਕਰਨ ਸਿੰਘ ਜੰਮੂ, ਸਤਨਾਮ ਸਿੰਘ ਪਾਉਂਟਾ ਸਾਹਿਬ, ਉੱਤਮ ਸਿੰਘ, ਗੁਰਪ੍ਰੀਤ ਸਿੰਘ, ਰੁਪਿੰਦਰ ਸਿੰਘ ਨਗਾਰੀ ਵਗ਼ੈਰਾ।

ਆਰੀਆ ਸਮਾਜ ਅਤੇ ਹੋਰ ਫ਼ਿਰਕੂ ਹਿੰਦੂ ਜਮਾਤਾਂ ਤਾਂ ਪਹਿਲਾਂ ਹੀ ਸਿੱਖਾਂ ਦੀ ਅੱਡਰੀ ਪਛਾਣ ਅਤੇ ਆਜ਼ਾਦ ਹਸਤੀ ਦੇ ਖ਼ਿਲਾਫ਼ ਪ੍ਰਚਾਰ ਕਰਦੀਆਂ ਰਹਿੰਦੀਆਂ ਸਨ; ਹੁਣ ਇਸ ਮਤੇ ਦੇ ਪਾਸ ਹੋਣ 'ਤੇ ਉਨ੍ਹਾਂ ਨੇ ਹੋਰ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਪ੍ਰਚਾਰ ਦਾ ਨਤੀਜਾ ਇਹ ਹੋਇਆ ਕਿ ਸਿਰਫ਼ ਸਿੱਖ ਵਿਦਵਾਨ ਤੇ ਨੌਜਵਾਨ ਹੀ ਨਹੀਂ ਬਲਕਿ ਸਾਰੇ ਸਿਰਕਰਦਾ ਸਿੱਖ ਇਸ ਮੁਹਾਜ਼ ਵਿਚ ਇਕ ਪਲੇਟਫ਼ਾਰਮ 'ਤੇ ਇਕੱਠੇ ਹੋ ਗਏ। ਤਕਰੀਬਨ ਹਰ ਸਰਗਰਮ ਵਰਕਰ ਅਤੇ ਆਗੂ, ਹਰ ਪੰਥਕ ਜਥੇਬੰਦੀ ਤੇ ਹਰ ਇਕ ਸਿੱਖ ਵਿਦਵਾਨ ਨੇ 'ਸਿੱਖ ਇਕ ਕੌਮ ਹਨ' ਅਤੇ 'ਯੂ.ਐਨ.ਓ. ਵਿਚ ਸਿੱਖਾਂ ਦੀ ਨੁਮਾਇੰਦਗੀ' ਦੇ ਹੱਕ ਵਿਚ ਡਟ ਕੇ ਸਟੈਂਡ ਲਿਆ।

ਦੂਜੇ ਪਾਸੇ **ਚੀਫ਼ ਖਾਲਸਾ ਦੀਵਾਨ ਨੇ, ਆਪਣੇ ਇਕ ਰਜਵਾੜਾ ਕਿਸਮ ਦੇ ਮੈਂਬਰ ਅਤੇ ਸਰਕਾਰ ਦੇ ਟੋਡੀ, ਉੱਜਲ ਸਿੰਘ ਵੱਲੋਂ ਇਸ ਨੁਕਤੇ 'ਤੇ ਪ੍ਰੋਟੈਸਟ ਕਰਨ ਅਤੇ ਅਸਤੀਫ਼ਾ ਦੇਣ ਤੋਂ ਡਰ ਕੇ,** 15

WWW.SIKHBOOKCLUB.COM

ਮਾਰਚ 1981 ਨੂੰ ਪਾਸ ਕੀਤਾ ਮਤਾ ਵਾਪਿਸ ਲੈ ਲਿਆ। (ਇਸ ਉੱਜਲ ਸਿੰਘ ਦੀ ਤਾਰੀਖ਼ ਪਹਿਲੋਂ ਵੀ ਸਿੱਖ ਮਸਲੇ ਬਾਰੇ 'ਦੁਸ਼ਮਣਾਂ-ਵਰਗੀ' ਸੀ। ਹੋਰ ਤਾਂ ਹੋਰ ਜਦੋਂ 4 ਜੁਲਾਈ 1955 ਦੇ ਦਿਨ ਪੁਲੀਸ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖ਼ਿਲ ਹੋਈ ਸੀ ਤੇ ਚੀਫ਼ ਖਾਲਸਾ ਦੀਵਾਨ ਨੇ ਇਸ 'ਤੇ ਰੋਸ ਜ਼ਾਹਿਰ ਕੀਤਾ ਸੀ ਤਾਂ ਉਦੋਂ ਵੀ ਇਸ ਰੋਸ ਦੇ ਖ਼ਿਲਾਫ਼ ਉੱਜਲ ਸਿੰਘ ਨੇ ਅਸਤੀਫ਼ਾ ਦੇ ਦਿੱਤਾ ਸੀ (ਯਾਨਿ ਉਹ ਦਰਬਾਰ ਸਾਹਿਬ 'ਤੇ ਹੋਏ ਹਮਲੇ ਨੂੰ ਜਾਇਜ਼ ਮੰਨਦਾ ਸੀ)। ਉਹ ਹਰ ਸਿੱਖ-ਮੁਫ਼ਾਦ ਦੇ ਨੁਕਤੇ 'ਤੇ ਪੰਥ ਦੇ ਮੁਖਾਲਿਫ਼ਾਂ ਦਾ ਸਾਥ ਦੇ ਕੇ ਪੰਥ-ਦੁਸ਼ਮਣਾਂ ਤੋਂ ਜ਼ਾਤੀ ਫ਼ਾਇਦਾ ਲੈਂਦਾ ਰਹਿੰਦਾ ਸੀ)।

'ਸਿੱਖ ਇਕ ਕੌਮ ਹਨ' ਦਾ ਮਤਾ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਨੇ ਪਾਸ ਕੀਤਾ ਸੀ ਤੇ ਚੀਫ਼ ਖ਼ਾਲਸਾ ਦੀਵਾਨ ਵਲੋਂ ਇਸ ਨੂੰ ਵਾਪਿਸ ਨਹੀਂ ਸੀ ਲਿਆ ਜਾ ਸਕਦਾ। ਇਸ ਕਰ ਕੇ ਮਤੇ ਤੋਂ ਅਲਹਿਦਗੀ ਚੀਫ਼ ਖਾਲਸਾ ਦੀਵਾਨ ਦੀ ਹੋ ਸਕਦੀ ਹੈ ਨਾ ਕਿ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦੀ। ਸਿੱਖ ਐਜੂਕੈਸ਼ਨਲ ਕਾਨਫ਼ਰੰਸ ਇਸ ਨੂੰ ਵਾਪਿਸ ਲੈ ਸਕਦੀ ਸੀ ਪਰ ਉਸ ਨੂੰ ਇਸ ਵਾਸਤੇ ਸਪੈਸ਼ਲ ਇਲਾਸ ਬੁਲਾਉਣਾ ਪੈਣਾ ਸੀ ਜਾਂ ਅਗਲੇ ਸਾਲ ਦੀ ਕਾਨਫ਼ਰੰਸ ਤਕ ਉਡੀਕਣਾ ਪੈਣਾ ਸੀ।

ਉਂਵ ਵੀ ਇਸ ਜਥੇਬੰਦੀ ਵਲੋਂ ਇਹ ਮਤਾ 'ਵਾਪਿਸ' ਲੈਣ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ, ਕਿਉਂਕਿ ਇਸ ਜਥੇਬੰਦੀ ਦੀ ਲੋਕਾਂ ਵਿਚ ਕੋਈ ਹਸਤੀ ਨਹੀਂ ਸੀ। ਉਲਟਾ, ਇਸ ਕਾਰਵਾਈ ਮਗਰੋਂ ਹਰ ਪਾਸੇ ਸਿੱਖ ਦੀਵਾਨਾਂ, ਜਲਸਿਆਂ, ਮੀਟਿੰਗਾਂ, ਸੈਮੀਨਾਰਾਂ ਤੇ ਹੋਰ ਇਕੱਠਾਂ ਵਿਚ 'ਸਿੱਖ ਇਕ ਕੌਮ ਹਨ' ਅਤੇ 'ਯੂ.ਐਨ.ਓ. ਵਿਚ ਸਿੱਖ ਨੁਮਾਇੰਦਗੀ' ਦੀ ਹਿਮਾਇਤ ਵਿਚ ਸੈਂਕੜੇ ਮਤੇ ਪਾਸ ਕਰ ਕੇ ਸਿੱਖਾਂ ਨੇ ਆਪਣੇ ਇੱਤਹਾਦ ਦਾ ਇਜ਼ਹਾਰ ਕੀਤਾ।

ਸ਼੍ਰੋਮਣੀ ਕਮੇਟੀ, ਅਕਾਲੀ ਦਲ ਤੇ ਅਕਾਲ ਤਖ਼ਤ ਤੋਂ 'ਸਿੱਖ ਇਕ ਕੌਮ' ਦਾ ਐਲਾਨ

ਜਦ ਚੀਫ਼ ਖਾਲਸਾ ਦੀਵਾਨ ਨੇ ਕਮਜ਼ੋਰੀ ਦਿਖਾਈ ਤਾਂ 25 ਮਾਰਚ 1981 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਤੇ 11 ਮਈ 1981 ਨੂੰ ਸ਼ਰੋਮਣੀ ਅਕਾਲੀ ਦਲ ਨੇ, 'ਸਿੱਖ ਇਕ ਕੌਮ ਹਨ' ਦਾ ਮਤਾ ਪਾਸ ਕਰ ਕੇ ਚੀਫ਼ ਖਾਲਸਾ ਦੀਵਾਨ ਦੀ ਡਰੂ ਪਾਲਿਸੀ ਅਤੇ ਬੁਜ਼ਦਿਲੀ ਦਾ ਧੋਣਾ ਧੋ ਦਿੱਤਾ।

ਇਸ ਵੇਲੇ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਗੁਰਦਿਆਲ ਸਿੰਘ

WWW.SIKHBOOKCLUB.COM

ਅਜਨੋਹਾ ਕੋਲ ਸੀ। ਕੁਝ ਸਿੱਖ ਵਿਦਵਾਨ ਉਨ੍ਹਾਂ ਨੂੰ ਮਿਲੇ ਅਤੇ ਅਰਜ਼ ਕੀਤੀ ਕਿ ਜੇ ਉਹ ਇਸ ਬਾਰੇ ਕੁਝ ਬਿਆਨ ਜਾ ਹੁਕਮਨਾਮਾ ਜਾਰੀ ਕਰ ਦੇਣ ਤਾਂ ਇਹ ਨੁਕਤਾ ਸਦਾ ਵਾਸਤੇ ਹੱਲ ਹੋ ਜਾਵੇਗਾ। ਇਸ 'ਤੇ ਅਜਨੋਹਾ ਨੇ 21 ਅਪ੍ਰੈਲ 1981 ਦੇ ਦਿਨ ਇਕ ਬਿਆਨ ਜਾਰੀ ਕਰ ਕੇ 'ਸਿੱਖ ਇਕ ਕੌਮ ਹਨ' 'ਤੇ ਅਕਾਲ ਤਖ਼ਤ ਸਾਹਿਬ ਦੀ ਮੋਹਰ ਲਾ ਦਿੱਤੀ ਅਤੇ ਨਾਲ ਹੀ ਇਹ ਹੁਕਮ ਵੀ ਜਾਰੀ ਕੀਤਾ ਕਿ ''ਇਹ ਮਸਲਾ ਸਦਾ ਵਾਸਤੇ ਹੱਲ ਕਰ ਦਿੱਤਾ ਗਿਆ ਹੈ ਅਤੇ ਕੋਈ ਵੀ ਸ਼ਖ਼ਸ ਇਸ ਬਾਰੇ ਕੋਈ ਬਿਆਨ ਨਾ ਦੇਵੇ।''

(ਮਗਰੋਂ, 28 ਮਾਰਚ 1983 ਦੇ ਦਿਨ, ਬ੍ਰਿਟਿਸ਼ 'ਹਾਊਸ ਆਫ਼ ਲਾਰਡ' ਨੇ ਇਕ ਕੇਸ ਦੇ ਸਬੰਧ ਵਿਚ ਫ਼ੈਸਲਾ ਦੇਂਦਿਆਂ ਤਾਂ ਇਹ ਵੀ ਆਖਿਆ ਕਿ 'ਸਿੱਖ ਇਕ ਕੌਮ ਹਨ, ਏਥੋਂ ਤਕ ਕਿ ਉਹ ਇਕ ਨਸਲ ਹਨ')।

ਅੰਮ੍ਰਿਤਸਰ: 'ਪਾਕ ਸ਼ਹਿਰ'

ਅੰਮ੍ਰਿਤਸਰ ਸ਼ਹਿਰ (ਪਹਿਲੋਂ 'ਗੁਰੂ ਦਾ ਚੱਕ') ਚੌਥੇ ਗੁਰੂ, ਗੁਰੂ ਰਾਮਦਾਸ ਸਾਹਿਬ, ਨੇ ਵਸਾਇਆ ਸੀ, ਪੰਜਵੇਂ ਗੁਰੂ ਸਾਹਿਬ ਨੇ ਏਥੇ ਦਰਬਾਰ ਸਾਹਿਬ ਅਤੇ ਸਰੋਵਰ ਬਣਾਇਆ, ਛੇਵੇਂ ਗੁਰੂ ਸਾਹਿਬ ਨੇ ਏਥੇ ਅਕਾਲ ਤਖ਼ਤ ਸਾਹਿਬ (ਉਦੋਂ ਸਿਰਫ਼ ਇਕ ਥੜ੍ਹਾ) ਬਣਾਇਆ; ਏਸ ਸ਼ਹਿਰ ਵਿਚ ਤਕਰੀਬਨ ਇਕ ਲੱਖ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ ਸਨ; ਇਨ੍ਹਾਂ ਸਾਰਿਆਂ ਕਾਰਨਾਂ ਕਰ ਕੇ ਅੰਮ੍ਰਿਤਸਰ ਇਕ ਪਾਕ (ਪਵਿੱਤਰ) ਸ਼ਹਿਰ ਹੈ।

ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਸਤੰਬਰ 1915 ਵਿਚ ਇੱਕ ਹੁਕਮ ਜਾਰੀ ਕਰ ਕੇ ਇਸ ਸ਼ਹਿਰ ਵਿਚ ਸ਼ਰਾਬ ਦੀ ਵੇਚ 'ਤੇ ਪਾਬੰਦੀ ਲਾ ਕੇ, ਇਸ ਸ਼ਹਿਰ ਦੇ 'ਗੁਰੂ ਦੀ ਨਗਰੀ' ਅਤੇ 'ਪਾਕ' ਹੋਣ ਨੂੰ ਦੁਹਰਾਇਆ ਵੀ ਸੀ। ਪਰ 1947 ਵਿਚ ਜਦ ਫ਼ਿਰਕੂ ਹਿੰਦੂ ਹਾਕਮਾਂ ਨੇ ਅੰਗਰੇਜ਼ਾਂ ਤੋਂ ਹਕੂਮਤ ਸੰਭਾਲੀ ਤਾਂ ਹਿੰਦੂਆਂ ਨਾਲ ਸਬੰਧਤ ਸ਼ਹਿਰਾਂ ਨੂੰ ਛੱਡ ਕੇ ਬਾਕੀ ਸਾਰੇ ਧਰਮਾਂ ਨਾਲ ਸਬੰਧਤ ਸ਼ਹਿਰ ਨਾ-ਪਾਕ (ਅਪਵਿੱਤਰ), ਆਮ ਤੇ ਛੋਟੀ ਹੈਸੀਅਤ ਦੇ ਹੋ ਗਏ। ਕੁਰੂਕਸ਼ੇਤਰ, ਹਰਦੁਆਰ, ਰਿਸ਼ੀਕੇਸ਼, ਕਿਦਾਰਨਾਥ, ਬਦਰੀਨਾਥ 'ਪਾਕ' ਰਹਿ ਗਏ ਪਰ ਅੰਮ੍ਰਿਤਸਰ, ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਤਲਵੰਡੀ ਸਾਬੋ (ਦਮਦਮਾ ਸਾਹਿਬ), ਫ਼ਤਹਿਗੜ੍ਹ ਸਾਹਿਬ, ਚਮਕੌਰ ਸਾਹਿਬ ਜਾਂ ਫਿਰ ਅਜਮੇਰ ਸ਼ਰੀਫ਼ ਵਗੈਰਾ 'ਪਾਕ' ਨਹੀਂ ਰਹੇ ਕਿਉਂਕਿ ਇਹ ਸ਼ਹਿਰ ਸਿੱਖਾਂ ਜਾਂ ਮੁਸਲਮਾਨਾਂ ਨਾਲ ਸਬੰਧਤ ਹਨ।

ਸਿੱਖ ਨੌਜਵਾਨ ਕਈ ਚਿਰ ਤੋਂ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਅੰਮ੍ਰਿਤਸਰ ਨੂੰ 'ਪਵਿੱਤਰ ਸ਼ਹਿਰ' ਐਲਾਨਿਆ ਜਾਵੇ। ਸਿੱਖ ਕਾਫ਼ੀ ਦੇਰ ਤਕ ਸਰਕਾਰ ਦਾ ਐਲਾਨ ਉਡੀਕਦੇ ਰਹੇ। 24 ਸਤੰਬਰ 1980 ਨੂੰ ਗੁਰਚਰਨ ਸਿੰਘ ਟੌਹੜਾ ਨੇ ਪ੍ਰਾਈਮ

WWW.SIKHBOOKCLUB.COM

ਮਨਿਸਟਰ ਇੰਦਰਾ ਨਾਲ ਇਕ ਮੁਲਾਕਾਤ ਵਿਚ ਅੰਮ੍ਰਿਤਸਰ ਬਾਰੇ ਐਲਾਨ ਕਰਨ ਵਾਸਤੇ ਮੰਗ ਕੀਤੀ ਵੀ ਸੀ ਪਰ (ਇਕ ਪਾਰਸੀ, ਯਾਨਿ ਗ਼ੈਰ-ਹਿੰਦੂ, ਨਾਲ ਪਿਆਰ-ਵਿਆਹ/ਲਵਮੈਰਿਜ ਕਰਵਾਉਣ ਦੇ ਬਾਵਜੂਦ) ਫ਼ਿਰਕੂ ਪੱਤਾ ਖੇਡਣ ਵਾਲੀ ਇੰਦਰਾ ਅਜਿਹੀ ਗੱਲ ਸੁਣਨ ਵਾਸਤੇ ਵੀ ਤਿਆਰ ਨਹੀਂ ਸੀ। ਅਖੀਰ ਸਿੱਖਾਂ ਨੇ, ਖਾਸ ਕਰ ਕੇ ਦਲ ਖਾਲਸਾ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ, ਇਸ ਵਾਸਤੇ ਜੱਦੋ-ਜਹਿਦ ਕਰਨ ਦਾ ਤਹੱਈਆ ਕਰ ਲਿਆ। ਇਨ੍ਹਾਂ ਦੋਹਾਂ ਜੱਥੇਬੰਦੀਆਂ ਨੇ ਐਲਾਨ ਕੀਤਾ ਕਿ 31 ਮਈ 1981 ਨੂੰ ਆਪਣੀ ਮੰਗ ਦੇ ਹੱਕ ਵਿਚ ਇਕ ਜਲੂਸ ਅੰਮ੍ਰਿਤਸਰ ਸ਼ਹਿਰ ਵਿਚ ਕੱਢਿਆ ਜਾਵੇ।

ਪਰ ਦਹਿਸ਼ਤਗਰਦ, ਬੁਨਿਆਦਪ੍ਰਸਤ ਅਤੇ ਫ਼ਿਰਕਾਪ੍ਰਸਤੀ ਦੀ ਜ਼ਹਿਰ ਨਾਲ ਭਰੇ ਹੋਏ ਹਿੰਦੂਆਂ ਕੋਲੋਂ ਏਨਾ ਵੀ ਨਾ ਜਰ ਹੋਇਆ ਕਿ ਸਿੱਖ 'ਮੁੰਡੇ' ਕੋਈ ਨਿੱਕਾ ਜਿਹਾ ਜਲੂਸ ਹੀ ਕੱਢ ਲੈਣ। ਉਨ੍ਹਾਂ ਨੇ ਸਿੱਖਾਂ ਦੇ ਜਲੂਸ ਤੋਂ ਦੋ ਦਿਨ ਪਹਿਲਾਂ ਹੀ, ਯਾਨੀ ਕਿ 29 ਮਈ ਨੂੰ, ਇਕ ਐਂਟੀ-ਸਿੱਖ ਜਲੂਸ ਕੱਢਣ ਦਾ ਐਲਾਨ ਕਰ ਦਿੱਤਾ। ਇਸ ਜਲੂਸ ਵਿਚ ਪੰਜਾਬ ਦੇ ਸਾਰੇ ਕਾਂਗਰਸੀ, ਜਨਸੰਘੀ (ਭਾਜਪਾ), ਆਰੀਆ ਸਮਾਜੀ, ਰਾਸ਼ਟਰ ਸੰਘੀ ਤੇ ਹੋਰ ਫ਼ਿਰਕੂ ਤੇ ਬੁਨਿਆਦਪ੍ਰਸਤ ਹਿੰਦੂ ਆਗੂ ਸ਼ਾਮਿਲ ਹੋਏ। ਉਨ੍ਹਾਂ ਵਿਚੋਂ ਬਹੁਤਿਆਂ ਨੇ ਸਿੱਖਾਂ ਨੂੰ ਚਿੜਾਉਣ ਵਾਸਤੇ ਇਸ ਜਲੂਸ ਵਿਚ ਤ੍ਰਿਸ਼ੂਲ, ਤਲਵਾਰਾਂ, ਬਰਛਿਆਂ ਅਤੇ ਡਾਂਗਾਂ ਉੱਤੇ ਸਿਗਰਟਾਂ ਦੀਆਂ ਡੱਬੀਆਂ ਟੰਗੀਆਂ ਹੋਈਆਂ ਸਨ। ਇਹ ਹਿੰਦੂ ਨਾਅਰੇ ਲਾ ਰਹੇ ਸਨ:

**ਸਿਗਰਟ ਬੀੜੀ ਪੀਏਂਗੇ ਔਰ ਸ਼ਾਨ ਸੇ ਜੀਏਂਗੇ।*
**ਕੱਛ ਕੜਾ ਕਿਰਪਾਨ। ਸਿੱਖਾਂ ਨੂੰ ਭੇਜੇ ਪਾਕਿਸਤਾਨ।*
**ਹਿੰਦੂ-ਹਿੰਦੂ ਭਾਈ ਭਾਈ।*
**ਸਿੱਖਾ-ਸ਼ਾਹੀ ਨਹੀਂ ਚਲੇਗੀ।*
**ਉੜੀ ਐੜੀ ਨਹੀਂ ਪੜ੍ਹਗੇਂ। ਜੁੜਾ ਜੁੜੀ ਕਾਟ ਧਰੇਂਗੇ।*

ਇਸ ਜਲੂਸ ਵਿਚ ਚਲ ਰਹੇ ਹਿੰਦੂਆਂ ਨੇ ਰਾਹ ਜਾਂਦੇ ਸਿੱਖਾਂ ਅਤੇ ਸਿੱਖ ਅਦਾਰਿਆਂ ਉੱਤੇ ਹਮਲੇ ਕਰ ਕੇ ਨੁਕਸਾਨ ਵੀ ਪਹੁੰਚਾਇਆ। 10,000 ਹਿੰਦੂਆਂ ਦੇ ਇਸ ਜਲੂਸ ਦੇ ਇਸ ਘਟੀਆ ਰੋਲ, ਗੁੰਡਾਗਰਦੀ, ਧੱਕੇ-ਸ਼ਾਹੀ ਅਤੇ ਬੇਵਕੂਫ਼ੀ ਬਾਰੇ ਇਕ ਹਿੰਦੂ ਅਖ਼ਬਾਰ ਨਵੀਸ, ਪ੍ਰੇਮ ਭਾਟੀਆ, ਨੇ 30 ਮਈ ਨੂੰ ਟ੍ਰਿਬਿਊਨ ਅਖ਼ਬਾਰ ਦੇ ਐਡੀਟੋਰੀਅਲ ਵਿਚ ਲਿਖਿਆ ਕਿ, 'ਕਲ੍ਹ 29 ਮਈ ਤੱਕ ਅਜੇਹਾ ਜਾਪਦਾ ਸੀ ਕਿ 500 ਤੋਂ 1000 ਤੱਕ ਸਿੱਖ ਇਸ ਜਲੂਸ ਵਿਚ ਸ਼ਾਮਿਲ ਹੋਣਗੇ ਪਰ ਏਡੇ ਵੱਡੇ ਹਿੰਦੂ ਜਲੂਸ ਦੇ ਨਤੀਜੇ ਵਜੋਂ ਦਲ ਖਾਲਸਾ ਤੇ ਸਿੱਖ ਸਟੂਡੈਂਟਸ ਦੇ ਜਲੂਸ ਦੀ ਤਾਦਾਦ ਬਹੁਤ ਵੱਡੀ ਹੋਵੇਗੀ।' ਹੋਇਆ ਵੀ ਇੰਞ ਹੀ। 31 ਮਈ ਨੂੰ ਸਿੱਖਾਂ ਦੇ ਜਲੂਸ ਦੀ ਗਿਣਤੀ 25000 ਦੇ ਕਰੀਬ ਸੀ ਅਤੇ ਹਜ਼ਾਰਾਂ ਸਿੱਖਾਂ ਨੇ ਨੰਗੀਆਂ ਕਿਰਪਾਨਾਂ ਨਾਲ ਜਲੂਸ ਕੱਢ ਕੇ ਦਹਿਸ਼ਤਗਰਦ ਹਿੰਦੂਆਂ ਦੀ ਜ਼ਹਿਰੀਲੀ ਅਤੇ ਫ਼ਿਰਕੂ ਜ਼ਿਹਨੀਅਤ ਦਾ ਮੂੰਹ ਤੋੜਵਾਂ ਜਵਾਬ ਦਿੱਤਾ।

WWW.SIKHBOOKCLUB.COM

13 ਅਪ੍ਰੈਲ 1978 ਦੇ ਸ਼ਹੀਦ



ਸ਼ਹੀਦ ਜਥੇਦਾਰ
ਭਾਈ ਰਣਬੀਰ ਸਿੰਘ ਜੀ



ਸ਼ਹੀਦ ਭਾਈ
ਅਮਰੀਕ ਸਿੰਘ ਜੀ ਖੁਜਾਲਾ



ਸ਼ਹੀਦ ਭਾਈ
ਕੇਵਲ ਸਿੰਘ ਜੀ ਹੁਸ਼ਿਆਰਪੁਰ



ਸ਼ਹੀਦ ਜਥੇਦਾਰ
ਭਾਈ ਫ਼ੌਜਾ ਸਿੰਘ ਜੀ



ਸ਼ਹੀਦ ਭਾਈ
ਅਵਤਾਰ ਸਿੰਘ ਜੀ ਕੁਰਾਲਾ



ਸ਼ਹੀਦ ਭਾਈ
ਗੁਰਚਰਨ ਸਿੰਘ ਜੀ ਲੁਧਿਆਣਾ



ਸ਼ਹੀਦ ਭਾਈ
ਹਰਭਜਨ ਸਿੰਘ ਜੀ ਭੱਟੀਆ



ਸ਼ਹੀਦ ਭਾਈ
ਦਰਸ਼ਨ ਸਿੰਘ ਜੀ ਮਹਿਤਾ



ਸ਼ਹੀਦ ਭਾਈ
ਗੁਰਦਿਆਲ ਸਿੰਘ ਜੀ ਮੋਦੇ



ਸ਼ਹੀਦ ਭਾਈ
ਰਘਬੀਰ ਸਿੰਘ ਜੀ ਭੱਗੂਪੁਰ



ਸ਼ਹੀਦ ਭਾਈ
ਹਰੀ ਸਿੰਘ ਜੀ ਅੰਮ੍ਰਿਤਸਰ



ਸ਼ਹੀਦ ਭਾਈ
ਪਿਆਰਾ ਸਿੰਘ ਜੀ ਭੁੰਗਰਨੀ



ਸ਼ਹੀਦ ਭਾਈ
ਧਰਮਬੀਰ ਸਿੰਘ ਜੀ

ਕਾਨਪੁਰ ਦੇ ਸ਼ਹੀਦ




ਹਰਚਰਨ ਸਿੰਘ ਚਾਵਲਾ



ਮਨਮੋਹਨ ਸਿੰਘ ਚਾਵਲਾ




ਗੁਰਜੀਤ ਸਿੰਘ



ਜਗਜੀਤ ਸਿੰਘ



ਕਸ਼ਮੀਰਾ ਸਿੰਘ



ਕਿਸ਼ਨ ਸਿੰਘ ਚਾਨਣਾ



ਦਰਸ਼ਨ ਕੌਰ




ਬਲਵੰਤ ਸਿੰਘ

ਦਿੱਲੀ ਦੇ ਸ਼ਹੀਦ



ਅਵਤਾਰ ਸਿੰਘ ਕੋਹਲੀ




ਮਨਿੰਦਰ ਸਿੰਘ



ਗੋਬਿੰਦ ਸਿੰਘ

1978 ਤੋਂ ਮਗਰੋਂ ਦੇ ਸ਼ਹੀਦ



ਜੰਗ ਸਿੰਘ



ਭੋਲਾ ਸਿੰਘ




ਕਸ਼ਮੀਰ ਸਿੰਘ



ਅਜੀਤ ਸਿੰਘ



ਬਲਵੰਤ ਸਿੰਘ



ਮਨਜੀਤ ਸਿੰਘ ਉਰਫ਼
ਮੁਸੀਬਤ ਸਿੰਘ



ਅਮਰਜੀਤ ਸਿੰਘ ਦਹੇਜ਼ੂ



ਕੁਲਵੰਤ ਸਿੰਘ ਨਾਗੋਕੇ



ਗੁਰਮੀਤ ਸਿੰਘ (ਰਾਹੋਂ)



ਹਰਦੇਵ ਸਿੰਘ ਰੋਡੇ



ਦਲਜੀਤ ਸਿੰਘ ਬੱਬੂ



ਸਵਰਨ ਸਿੰਘ ਭਤੀਜਾ
ਬਾਬਾ ਜਰਨੈਲ ਸਿੰਘ




ਅੰਮ੍ਰਿਤਸਰ ਪਵਿੱਤਰ ਸ਼ਹਿਰ ਦੇ ਖ਼ਿਲਾਫ਼ ਨਿਕਲਿਆ ਹਿੰਦੂ ਜਲੂਸ



ਅੰਮ੍ਰਿਤਸਰ ਪਵਿੱਤਰ ਸ਼ਹਿਰ ਦੇ ਹੱਕ ਵਿਚ ਨਿਕਲਿਆ ਸਿੱਖ ਜਲੂਸ

WWW.SIKHBOOKCLUB.COM


ਬਬਰ ਖਾਲਸਾ ਦੇ ਮੋਢੀ ਆਗੂ



ਖੱਬਿਓਂ ਸੱਜੇ : ਅਮਰਜੀਤ ਸਿੰਘ (ਇੰਸਪੈਕਟਰ), ਸੁਰਜੀਤ ਸਿੰਘ ਰਾਮਪੁਰ ਬਿਸ਼ਨੋਈਆਂ, ਜਥੇਦਾਰ ਤਲਵਿੰਦਰ ਸਿੰਘ ਪਰਮਾਰ (ਕਨੇਡਾ), ਸੇਵਾ ਸਿੰਘ (ਇੰਸਪੈਕਟਰ), ਗੁਰਨਾਮ ਸਿੰਘ (ਇੰਸਪੈਕਟਰ), ਅਜਾਇਬ ਸਿੰਘ ਬਾਗੜੀ




1982 ਵਿਚ ਦਰਬਾਰ ਸਾਹਿਬ 'ਤੇ ਹਿੰਦੂ ਭੀੜ ਦਾ ਹਮਲਾ



1982 ਵਿਚ ਦਰਬਾਰ ਸਾਹਿਬ 'ਤੇ ਹਿੰਦੂ ਭੀੜ ਦਾ ਹਮਲਾ ਜਦੋਂ
ਇਨਫ਼ਰਮੇਸ਼ਨ ਸੈਂਟਰ ਦੇ ਸ਼ੀਸ਼ੇ ਤੋੜੇ ਗਏ।



20 ਸਤੰਬਰ 1981 ਚੌਕ ਮਹਿਤਾ ਵਿਚ ਗ੍ਰਿਫ਼ਤਾਰੀ ਤੋਂ ਪਹਿਲਾਂ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ



20 ਸਤੰਬਰ 1981 ਚੌਕ ਮਹਿਤਾ ਵਿਚ ਪੁਲਿਸ ਵੱਲੋਂ ਜ਼ੁਲਮ



ਦਲ ਖਾਲਸਾ ਵੱਲੋਂ ਖਾਲਿਸਤਾਨ ਦੇ ਹੱਕ ਵਿਚ ਜਲੂਸ। ਨਜ਼ਰ ਆ ਰਹੇ ਹਨ
ਹਰਸਿਮਰਨ ਸਿੰਘ, ਗਜਿੰਦਰ ਸਿੰਘ (ਨਿਸ਼ਾਨ ਸਾਹਿਬ ਵਾਲੇ), ਗੁਰਚਰਨ ਸਿੰਘ ਗਰੀਬ ਅਤੇ ਹੋਰ



ਦਲ ਖਾਲਸਾ ਦਾ ਸਾਊਥ ਹਾਲ ਇੰਗਲੈਂਡ ਵਿਚ ਪਹਿਲਾ ਗੁਰਮਤਿ ਕੈਂਪ (1983)
ਨਜ਼ਰ ਆ ਰਹੇ ਹਨ ਹਰਜਿੰਦਰ ਸਿੰਘ ਦਿਲਗੀਰ, ਜਸਵੰਤ ਸਿੰਘ ਠੇਕੇਦਾਰ, ਅਕਾਲੀ ਸੋਹਨ ਸਿੰਘ,
ਚਰਨ ਸਿੰਘ ਪੰਛੀ ਤੇ ਦਵਿੰਦਰ ਸਿੰਘ ਪਰਮਾਰ

ਇਸ ਮਸਲੇ 'ਤੇ ਲਾਲ ਜਗਤ ਨਰੈਣ, ਯਸ਼, ਵੀਰੇਂਦਰ, ਰਮੇਸ਼, ਲਲਿਤ ਮੋਹਨ, ਕਾਮਰੇਡ ਜਗਜੀਤ ਸਿੰਘ ਅਨੰਦ, ਵਗੈਰਾ ਨੇ ਅਖ਼ਬਾਰਾਂ ਰਾਹੀਂ ਸਿੱਖਾਂ ਦੇ ਖ਼ਿਲਾਫ਼ ਰੱਜ ਕੇ ਜ਼ਹਿਰ ਘੋਲਿਆ।

ਪੰਜਾਬ ਵਿੱਚ ਸਿੱਖਾਂ ਦੀ ਗਿਣਤੀ ਘਟਾਉਣ ਦੀ ਸਾਜ਼ਿਸ਼

ਸਰਕਾਰ ਵਿਚ ਬੈਠੇ ਫ਼ਿਰਕੂ ਹਿੰਦੂ ਇਸ ਸਮੇਂ ਕਈ ਤਰ੍ਹਾਂ ਦੀਆਂ ਸਾਜ਼ਿਸ਼ਾਂ ਕਰ ਰਹੇ ਸਨ। ਪੰਜਾਬ, ਕਸ਼ਮੀਰ, ਬੰਗਾਲ, ਆਸਾਮ, ਨਾਗਾਲੈਂਡ, ਮੀਜ਼ੋਰਮ, ਹਿੰਦੂਆਂ ਦੀਆਂ ਸਾਜ਼ਿਸ਼ਾਂ ਦੇ ਵੱਡੇ ਮਰਕਜ਼ ਸਨ। ਸਿੱਖਾਂ ਦੇ ਖ਼ਿਲਾਫ਼ ਇਕ ਵੱਡੀ ਸਾਜ਼ਿਸ਼ ਇਹ ਘੜੀ ਜਾ ਰਹੀ ਸੀ ਕਿ ਪੰਜਾਬ ਵਿੱਚੋਂ ਸਿੱਖਾਂ ਦੀ ਅਕਸਰੀਅਤ (ਬਹੁ-ਗਿਣਤੀ) ਹੀ ਖ਼ਤਮ ਕਰ ਦਿੱਤੀ ਜਾਵੇ। ਇਸ ਸਾਜ਼ਿਸ਼ ਹੇਠ ਹਰ ਰੋਜ਼ ਬਿਹਾਰ ਅਤੇ ਯੂ.ਪੀ. ਦੇ ਹਜ਼ਾਰਾਂ 'ਭੱਈਏ' ਪੰਜਾਬ ਵਿਚ ਭੇਜੇ ਜਾ ਰਹੇ ਸਨ। 27 ਜੁਲਾਈ 1981 ਦੀ ਟ੍ਰਿਬਿਊਨ ਅਖ਼ਬਾਰ ਮੁਤਾਬਿਕ:

1961 ਵਿਚ ਪੰਜਾਬ ਵਿਚ 62.01 ਫ਼ੀ ਸਦੀ ਸਿੱਖ ਸਨ
1971 ਵਿਚ ਪੰਜਾਬ ਵਿਚ 58.09 ਫ਼ੀ ਸਦੀ ਸਿੱਖ ਰਹਿ ਗਏ
1981 ਵਿਚ ਪੰਜਾਬ ਵਿਚ 53.91 ਫ਼ੀ ਸਦੀ ਸਿੱਖ ਰਹਿ ਗਏ
ਅਤੇ
1991 ਵਿਚ ਇਹ ਤਾਦਾਦ 50 ਫ਼ੀ ਸਦੀ ਤੋਂ ਘੱਟ ਹੋ ਜਾਵੇਗੀ।

ਇਹ ਅਬਾਦੀ ਇਸ ਕਰ ਕੇ ਨਹੀਂ ਸੀ ਘਟ ਰਹੀ ਕਿ 30-40 ਲੱਖ ਸਿੱਖ ਇਨ੍ਹਾਂ ਸਾਲਾਂ ਵਿਚ ਪੰਜਾਬੋਂ ਬਾਹਰ ਦੂਜੇ ਸੂਬਿਆਂ ਜਾਂ ਦੂਜੇ ਮੁਲਕਾਂ ਵਿਚ ਚਲੇ ਗਏ ਸਨ। ਸਗੋਂ ਇਸ ਕਰ ਕੇ ਕਿ ਲੱਖਾਂ ਦੀ ਗਿਣਤੀ ਵਿਚ ਹਿੰਦੂ-ਭਈਏ ਯੂ.ਪੀ., ਐਮ.ਪੀ., ਬਿਹਾਰ, ਰਾਜਿਸਥਾਨ ਅਤੇ ਹੋਰ ਸੂਬਿਆਂ ਵਿਚੋਂ ਪੰਜਾਬ ਵਿਚ ਭੇਜੇ ਜਾ ਰਹੇ ਸਨ (ਇਹ ਸਾਜ਼ਿਸ਼ ਅੱਜ 2008 ਵਿਚ ਵੀ ਜਾਰੀ ਹੈ)। ਇਨ੍ਹਾਂ 'ਭਈਆਂ' ਨੂੰ ਪੰਜਾਬ ਦੇ ਸ਼ਹਿਰਾਂ ਵਿਚ ਕਾਲੋਨੀਆਂ ਬਣਾ ਕੇ ਦਿੱਤੀਆਂ ਜਾ ਰਹੀਆਂ ਸਨ। ਦੂਜੇ ਪਾਸੇ ਕਸ਼ਮੀਰ, ਉਤਰਾਖੰਡ, ਰਾਜਸਥਾਨ, ਹਿਮਾਂਚਲ ਵਗ਼ੈਰਾ ਵਿਚੋਂ ਸਿੱਖ ਉਜਾੜੇ ਜਾ ਰਹੇ ਸਨ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ ਖੋਹੀਆਂ ਜਾ ਰਹੀਆਂ ਸਨ।

ਪਹਿਲੋਂ ਚੰਡੀਗੜ੍ਹ ਵਿਚ ਸਿੱਖਾਂ ਦੀਆਂ ਜ਼ਮੀਨਾਂ ਖੋਹ ਕੇ ਗ਼ੈਰ-ਪੰਜਾਬੀ ਹਿੰਦੂ ਵਸਾਏ ਗਏ ਅਤੇ ਹੁਣ ਸਿੱਖਾਂ ਦੇ ਹੋਮਲੈਂਡ ਵਿਚੋਂ ਹੀ ਸਿੱਖਾਂ ਦੀ ਅਕਸਰੀਅਤ ਖ਼ਤਮ ਕਰਨ ਦੀ ਪਲਾਨਿੰਗ ਬਣਾਈ ਗਈ। ਅਜਿਹੀਆਂ ਸਾਜ਼ਿਸ਼ਾਂ ਕਸ਼ਮੀਰ ਤੇ ਹੋਰ ਗ਼ੈਰ-ਹਿੰਦੂ ਸੂਬਿਆਂ ਵਿਚ ਵੀ ਕੀਤੀਆਂ ਗਈਆਂ।

ਸਿੱਖਾਂ ਉੱਤੇ ਜ਼ੁਲਮਾਂ ਦਾ ਨਵਾਂ ਦੌਰ

'ਅੰਮ੍ਰਿਤਸਰ ਪਵਿੱਤਰ ਸ਼ਹਿਰ' ਬਾਰੇ ਹਿੰਦੂਆਂ ਦਾ ਸਟੈਂਡ ਜਿਉਂ-ਜਿਉਂ ਸਖ਼ਤ

WWW.SIKHBOOKCLUB.COM

ਹੁੰਦਾ ਗਿਆ ਤਿਉਂ-ਤਿਉਂ ਸਿੱਖ ਵਿਦਵਾਨ, ਸਿੱਖ ਨੌਜਵਾਨ ਅਤੇ ਸਿੱਖ ਵਿਦਿਆਰਥੀ ਇਸ ਲਹਿਰ ਨਾਲ ਜੁੜਨ ਲੱਗ ਪਏ। ਵਿਦਵਾਨਾਂ ਨੂੰ ਹਮੇਸ਼ਾ ਸਿੱਖ ਲੀਡਰਸ਼ਿਪ ਤੋਂ ਇਹੀ ਸ਼ਿਕਾਇਤ ਰਹੀ ਸੀ ਕਿ ਸਿੱਖ ਆਗੂ ਜਾਂ ਤਾਂ ਆਪਣਾ ਨਿਸ਼ਾਨਾ ਬਹੁਤ ਛੋਟਾ ਰੱਖਦੇ ਹਨ ਜਾਂ ਛੇਤੀ ਹੀ ਭੱਜ ਜਾਂਦੇ ਹਨ। ਪਰ ਅੰਮ੍ਰਿਤਸਰ ਨੂੰ 'ਪਵਿੱਤਰ ਸ਼ਹਿਰ' ਐਲਾਨਣ ਕਰਨ ਦੀ ਮੰਗ ਵਿਦਵਾਨਾਂ ਅਤੇ ਨੌਜਵਾਨਾਂ ਦੇ ਹੱਥ ਹੋਣ ਕਰ ਕੇ ਇਹ ਸਟੈਂਡ ਛੱਡਣਾ ਹੁਣ ਮੌਕਾਪ੍ਰਸਤ ਲੀਡਰਾਂ ਦੇ ਵੱਸ ਵਿਚ ਨਹੀਂ ਸੀ।

ਜਿੱਥੇ ਇਕ ਪਾਸੇ ਸਿੱਖਾਂ ਦਾ ਸਿਰੜ ਸੀ ਦੂਜੇ ਪਾਸੇ ਹਿੰਦੂ ਪੱਤਾ ਖੇਡਣ ਵਾਲੀ ਇੰਦਰਾ ਨੇ ਵੀ ਜਿਵੇਂ ਸਿੱਖਾਂ ਨੂੰ 'ਕੁਚਲਣ' ਦੀ ਸਹੁੰ ਖਾ ਲਈ ਹੋਈ ਸੀ। ਪੰਜਾਬ ਦਾ ਵੱਡਾ ਵਜ਼ੀਰ ਦਰਬਾਰਾ ਸਿੰਘ ਫ਼ਿਰਕੂ ਹਿੰਦੂ ਆਗੂਆਂ ਦਾ ਪਿਛਲਗ ਬਣ ਗਿਆ ਸੀ। ਇੰਦਰਾ ਦੇ ਹੁਕਮ ਹੇਠ ਦਰਬਾਰੇ ਨੇ ਸਿੱਖਾਂ ਉੱਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਇਹ ਜ਼ੁਲਮ ਤਕਰੀਬਨ ਉਹੀ ਸਨ ਜਿਹੜੇ ਜ਼ਕਰੀਆ ਖ਼ਾਨ ਨੇ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਉੱਤੇ ਕੀਤੇ ਸਨ ਤੇ ਇਸੇ ਕਰ ਕੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਦਰਬਾਰੇ ਦਾ ਨਾਂ 'ਜ਼ਕਰੀਆ' ਰੱਖਿਆ ਹੋਇਆ ਸੀ। ਦਰਬਾਰੇ ਦੀਆਂ ਜ਼ਾਲਮਾਨਾ ਕਾਰਵਾਈਆਂ ਵਿਚੋਂ ਕੁਝ ਹੇਠ ਲਿਖੀਆਂ ਘਟਨਾਵਾਂ ਕਾਬਲੇ-ਜ਼ਿਕਰ ਹਨ:

(ੳ) ਜੁਲਾਈ 1981 ਵਿਚ ਮੋਗੇ ਦੇ ਨੇੜੇ ਪਿੰਡ ਘੱਲ-ਖੁਰਦ ਦੇ ਥਾਨੇਦਾਰ ਨੇ ਕਿਸੇ ਕੇਸ ਵਿਚ ਇਕ ਸਿੱਖ ਸੁਦਾਗਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਥਾਨੇਦਾਰ ਨੇ ਥਾਨੇ ਵਿਚ ਉਸ ਨੂੰ ਤੇ ਉਸ ਦੀ ਧੀ ਸਵਰਨ ਕੌਰ ਦੇ ਕਪੜੇ ਉਤਾਰੇ ਅਤੇ ਕੁੜੀ ਦੇ ਭਰਾ ਮੇਜਰ ਸਿੰਘ ਦੀ ਮੌਜੂਦਗੀ ਵਿਚ ਪਿਓ ਤੇ ਧੀ ਦਾ ਭੋਗ ਕਰਵਾਉਣ ਦੀ ਕੋਸ਼ਿਸ਼ ਕੀਤੀ।

(ਅ) ਇਕ ਹਿੰਦੂ ਪੁਲਸੀਏ ਨੇ 'ਚੁਪ-ਕੀਤੀ' ਪਿੰਡ ਦੇ ਗਰੰਥੀ ਜਸਬੀਰ ਸਿੰਘ ਦੇ ਮੂੰਹ ਵਿਚ ਤੰਬਾਕੂ ਥੁੱਕਿਆ।

(ੲ) ਪਿੰਡ 'ਇੱਟਾਂਵਾਲੀ' ਦੇ ਜਗੀਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਉਸ ਦਾ ਪੱਟ ਚੀਰ ਕੇ, ਉਸ ਵਿਚ ਨਮਕ ਭਰ ਕੇ, ਪੱਟੀ ਬੰਨ੍ਹ ਦਿੱਤੀ।

ਚਾਰ ਸਿੱਖ ਭੁੰਨ ਦਿੱਤੇ

ਜਿਨ੍ਹਾਂ ਦਿਨਾਂ ਵਿਚ ਦਰਬਾਰੇ ਨੇ ਪੰਜਾਬ ਵਿਚ ਸਿੱਖਾਂ ਉੱਤੇ ਜ਼ੁਲਮ ਕੀਤੇ, ਉਸ ਵੇਲੇ ਅਕਾਲੀ ਪਾਰਟੀ ਸਿੱਖਾਂ ਵਾਸਤੇ 'ਖਾਸ ਹੱਕਾਂ' ਵਾਸਤੇ ਮੋਰਚਾ ਲਾਉਣ ਦੀਆਂ ਤਿਆਰੀਆਂ ਕਰ ਰਹੀ ਸੀ। ਇਸ ਸਿਲਸਿਲੇ ਵਿਚ ਅਕਾਲੀ ਪਾਰਟੀ ਨੇ 7 ਸਤੰਬਰ 1981 ਨੂੰ ਦਿੱਲੀ ਵਿਚ ਇਕ ਰੋਸ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ। ਜਦੋਂ ਪੰਜਾਬ ਵਿਚੋਂ ਕੁਝ ਸਿੱਖ ਇਸ ਮੁਜ਼ਾਹਰੇ ਵਿਚ ਸ਼ਾਮਿਲ ਹੋਣ ਵਾਸਤੇ ਜਾ ਰਹੇ ਸਨ ਤਾਂ ਹਰਿਆਣੇ ਦੇ ਚੀਫ਼ ਮਨਿਸਟਰ ਭਜਨ ਲਾਲ ਨੇ ਇੰਦਰਾ ਗਾਂਧੀ ਨੂੰ ਖ਼ੁਸ਼ ਕਰਨ ਵਾਸਤੇ ਅਤੇ ਸਿੱਖਾਂ ਵਿਚ ਦਹਿਸ਼ਤ ਫੈਲਾਉਣ ਦੀ ਸੋਚ ਹੇਠ ਪੁਲੀਸ ਨੂੰ ਹੁਕਮ ਦੇ ਕੇ ਕਰਨਾਲ

WWW.SIKHBOOKCLUB.COM

ਦੇ ਨੇੜੇ ਮਧੂਬਨ ਵਿਚ ਪੁਲੀਸ ਤੋਂ ਗੋਲੀਆਂ ਚਲਵਾ ਕੇ ਚਾਰ ਸਿੱਖ (ਲਾਭ ਸਿੰਘ, ਕਸ਼ਮੀਰ ਸਿੰਘ ਵਗ਼ੈਰਾ) ਗੋਲੀਆਂ ਨਾਲ ਮਰਵਾ ਦਿੱਤੇ। ਇਸ ਤੋਂ ਇਲਾਵਾ ਇਕ ਦਰਜਨ ਤੋਂ ਵਧ ਸਿੱਖ ਜ਼ਖ਼ਮੀ ਵੀ ਕਰ ਦਿੱਤੇ। ਜ਼ਖ਼ਮੀਆਂ ਵਿਚ ਗੁਰਦੇਵ ਸਿੰਘ, ਸਰਦੂਲ ਸਿੰਘ, ਗੁਰਮੇਲ ਸਿੰਘ, ਅਜਾਇਬ ਸਿੰਘ, ਮੇਲੀ ਸਿੰਘ, ਬਸਤਾ ਸਿੰਘ ਵਗ਼ੈਰਾ ਸਨ।

ਅਗਲੇ ਦਿਨ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਇਸ ਜ਼ੁਲਮ ਦੇ ਖ਼ਿਲਾਫ਼ ਪ੍ਰੋਟੈਸਟ ਕੀਤਾ। ਦਰਬਾਰੇ ਦੀ ਪੁਲੀਸ ਨੇ ਲਾਠੀਚਾਰਜ ਕਰ ਕੇ ਦਰਜਨਾਂ ਵਿਦਿਆਰਥੀ ਜ਼ਖ਼ਮੀ ਕਰ ਦਿੱਤੇ।

ਖਾੜਕੂਆਂ ਹੱਥੋਂ ਜ਼ਾਲਮ ਥਾਨੇਦਾਰ, ਮਾਸਟਰ ਦਰਸ਼ਨ ਤੇ ਅੰਗਾਰਾ ਕਤਲ

ਨਿਹੱਥੇ, ਪੁਰਅਮਨ, ਬੇਗੁਨਾਹ ਸਿੱਖਾਂ ਉੱਤੇ ਜ਼ੁਲਮ ਵੇਖ ਕੇ ਜੁਝਾਰੂ ਬਬਰ ਸਿੱਖ ਚੁਪ ਨਾ ਰਹਿ ਸਕੇ। ਇਸ ਤੋਂ ਇਲਾਵਾ ਇਨ੍ਹੀਂ ਦਿਨੀਂ ਹੀ ਬਠਿੰਡੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੀ ਘਟਨਾ ਵੀ ਹੋ ਚੁਕੀ ਸੀ ਤੇ ਇਸ ਦਾ ਜ਼ਿੰਮੇਦਾਰ ਇਕ ਸਕੂਲ ਮਾਸਟਰ 'ਦਰਸ਼ਨ ਕਾਮਰੇਡ' ਸੀ। ਇਨ੍ਹਾਂ ਖਾੜਕੂ ਸਿੱਖਾਂ ਨੇ ਇਸ ਸਭ ਜੁਰਮਾਂ ਦੇ ਜ਼ਿੰਮੇਦਾਰ ਸ਼ਖ਼ਸਾਂ ਨੂੰ ਸਜ਼ਾ ਦੇਣ ਦਾ ਫੈਸਲਾ ਕਰ ਲਿਆ।

ਨਵੀਂ ਮੁਹਿੰਮ ਵਿਚ ਸਭ ਤੋਂ ਪਹਿਲਾਂ ਪਿਓ ਅਤੇ ਧੀ ਨੂੰ ਨੰਗਿਆਂ ਕਰਨ ਵਾਲਾ ਘੱਲ-ਖੁਰਦ ਦਾ ਥਾਣੇਦਾਰ ਮਾਰ ਦਿੱਤਾ ਗਿਆ। ਇਸ ਤੋਂ ਬਾਅਦ ਕੋਟ ਸ਼ਮੀਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਮਾਸਟਰ ਦਰਸ਼ਨ ਅਤੇ ਅਨੰਦਪੁਰ ਸਾਹਿਬ ਦਾ ਨਿਰੰਕਾਰੀ ਲੀਡਰ ਸ਼ਾਦੀ ਲਾਲ ਅੰਗਾਰਾ 5 ਅਗਸਤ ਨੂੰ ਕਤਲ ਕੀਤਾ ਗਿਆ। ਇਹ ਕਤਲ ਏਨੀ ਸਫ਼ਾਈ ਨਾਲ ਕੀਤੇ ਗਏ ਕਿ ਦਰਬਾਰੇ ਦੀ ਪੁਲੀਸ ਨੂੰ ਕਾਤਲਾਂ ਦਾ ਪਤਾ ਤੱਕ ਨਾ ਲੱਗ ਸਕਿਆ।

ਸ਼ਾਦੀ ਲਾਲ ਅੰਗਾਰੇ ਦੇ ਕਤਲ ਕੇਸ ਵਿਚ ਅਨੰਦਪੁਰ ਸਾਹਿਬ ਦੇ ਅਕਾਲੀਆਂ ਹੀਰਾ ਸਿੰਘ, ਜੁਗਿੰਦਰ ਸਿੰਘ, ਅਵਤਾਰ ਸਿੰਘ, ਅਮਰ ਸਿੰਘ, ਬਿਸ਼ਨ ਸਿੰਘ, ਮੋਹਨ ਸਿੰਘ, ਸੱਜਨ ਸਿੰਘ, ਅਜੀਤਪਾਲ ਸਿੰਘ, ਹਰਿੰਦਰ ਸਿੰਘ ਟੋਨੀ, ਅਮਰਜੀਤ ਸਿੰਘ ਵਾਲੀਆ ਅਤੇ ਤਿੰਨ ਬੀਬੀਆਂ ਮਨਜੀਤ ਕੌਰ, ਗੁਰਜਿੰਦਰ ਕੌਰ ਅਤੇ ਕਮਲ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਨੂੰ ਬੇਅੰਤ ਤਸੀਹੇ ਦਿੱਤੇ ਗਏ (ਮਗਰੋਂ ਇਹ ਬੇਗੁਨਾਹ ਸਾਬਿਤ ਹੋਏ ਅਤੇ ਇਨ੍ਹਾਂ ਤੋਂ ਕੇਸ ਖਾਰਿਜ ਹੋਏ)।

ਖਾਲਿਸਤਾਨੀ ਝੰਡੇ ਲਹਿਰਾਉਣਾ

15 ਅਗਸਤ ਨੂੰ ਦਲ ਖਾਲਸਾ ਨੇ ਚੰਡੀਗੜ੍ਹ, ਬਠਿੰਡਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਵਿਚ ਖਾਲਿਸਤਾਨੀ ਝੰਡੇ ਲਹਿਰਾਏ ਅਤੇ ਬੰਦੂਕਾਂ ਦੀ ਸਲਾਮੀ ਦਿੱਤੀ। 19

WWW.SIKHBOOKCLUB.COM

ਅਗਸਤ ਨੂੰ ਅਕਾਲੀ ਪਾਰਟੀ ਨੇ ਸੁਖਜਿੰਦਰ ਸਿੰਘ ਨੂੰ ਖਾਲਿਸਤਾਨ ਦੇ ਹੱਕ ਵਿਚ ਤਕਰੀਰਾਂ ਕਰਨ ਦੇ 'ਜੁਰਮ' ਬਦਲੇ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ।

ਅਕਾਲ ਤਖਤ ਸਾਹਿਬ ਤੋਂ ਜਥੇਦਾਰ ਸੰਤੋਖ ਸਿੰਘ ਨੂੰ ਸਜ਼ਾ

ਇਨ੍ਹੀਂ ਦਿਨੀਂ ਹੀ ਦਿੱਲੀ ਦੇ (ਜਥੇਦਾਰ) ਸੰਤੋਖ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਸਾਹਿਬ ਬਾਰੇ ਮਾੜੇ ਲਫ਼ਜ਼ ਵਰਤ ਕੇ ਬਿਆਨ ਦੇ ਦਿੱਤਾ ਜੋ ਲਾਲਾ ਜਗਤ ਨਾਰਾਇਣ ਦੀ ਅਖ਼ਬਾਰ ਵਿਚ ਛਪਿਆ। ਇਸ ਕਰ ਕੇ ਉਸ ਨੂੰ ਅਕਾਲ ਤਖਤ ਸਾਹਿਬ 'ਤੇ ਤਲਬ ਕਰ ਲਿਆ ਗਿਆ। ਉਸ ਨੇ ਆਪਣੀ 'ਜਾਨ ਨੂੰ ਖਤਰਾ' ਆਖ ਕੇ ਪੇਸ਼ ਹੋਣ ਤੋਂ ਨਾਂਹ ਕਰ ਦਿੱਤੀ ਪਰ ਨਾਲ ਹੀ ਅਕਾਲ ਤਖਤ ਦੇ ਮੁਖ ਸੇਵਾਦਾਰ ਦੇ ਸਬੰਧ ਵਿਚ ਕੋਈ ਵੀ ਬਿਆਨ ਦਿੱਤੇ ਹੋਣ ਤੋਂ ਵੀ ਮੁਕਰ ਗਿਆ। 23 ਅਗਸਤ ਨੂੰ ਤਖ਼ਤ ਸਾਹਿਬ ਨੇ ਉਸ ਦੇ ਮੁਕਰ ਜਾਣ ਨੂੰ ਹੀ ਸਫ਼ਾਈ ਮੰਨ ਕੇ ਉਸ ਨੂੰ ਮੁਆਫ਼ ਕਰ ਦਿੱਤਾ ਗਿਆ ਪਰ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਣ ਤੋਂ ਨਾਂਹ ਕਰਨ ਵਾਸਤੇ 'ਤਨਖਾਹੀਆ' ਕਰਾਰ ਦੇ ਦਿੱਤਾ। ਅਖੀਰ ਸੰਤੋਖ ਸਿੰਘ ਨੂੰ 9 ਸਤੰਬਰ 1981 ਨੂੰ ਤਖ਼ਤ ਸਾਹਿਬ 'ਤੇ ਪੰਜ ਗ੍ਰੰਥੀਆਂ ਕੋਲ ਪੇਸ਼ ਹੋਣਾ ਹੀ ਪਿਆ ਤੇ ਅਕਾਲ ਤਖਤ ਸਾਹਿਬ ਤੋਂ ਉਸ ਨੂੰ ਤਨਖਾਹ ਲਾਈ ਗਈ।

ਲਾਲਾ ਜਗਤ ਨਰਾਇਣ ਦਾ ਕਤਲ ਤੇ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ

20 ਅਪ੍ਰੈਲ 1980 ਦੇ ਦਿਨ ਨਿਰੰਕਾਰੀ ਟੋਲੇ ਦੇ ਮੁਖੀ ਦਾ ਕਤਲ ਕੀਤਾ ਗਿਆ ਸੀ। ਉਦੋਂ ਵੀ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੇ (ਬਾਬਾ) ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਇਸ ਵਿਚ ਲਪੇਟਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕੇ ਕਿਉਂਕਿ ਸਰਕਾਰ ਕੋਲ ਜ਼ਰਾ-ਮਾਸਾ ਵੀ ਸਬੂਤ ਨਹੀਂ ਸੀ। ਨਿਰੰਕਾਰੀ ਮੁਖੀ ਦੇ ਕਤਲ ਮਗਰੋਂ ਐਂਟੀ-ਸਿੱਖ ਪਰਾਪੇਗੰਡਾ ਦੀ ਲਹਿਰ ਕੁਝ ਘਟ ਗਈ ਪਰ ਹੌਲੀ-ਹੌਲੀ ਸਿੱਖਾਂ ਦੇ ਖ਼ਿਲਾਫ਼ ਜ਼ਹਿਰ ਉਗਲਣ ਵਾਲਾ ਲਾਲਾ ਜਗਤ ਨਰਾਇਣ ਤੇ ਹੋਰ ਸਿੱਖ ਮੁਖ਼ਾਲਿਫ਼ ਫੇਰ ਆਪਣੇ ਰੰਗ ਵਿਚ ਆਉਣ ਲਗ ਪਏ। ਇਨ੍ਹਾਂ ਦਿਨਾਂ ਵਿਚ ਕਨੇਡਾ ਦੇ ਜਥੇਦਾਰ ਤਲਵਿੰਦਰ ਸਿੰਘ ਨੇ 'ਬਬਰ ਖਾਲਸਾ' ਨਾਂ ਦੀ ਇਕ ਖਾੜਕੂ ਜਥੇਬੰਦੀ ਕਾਇਮ ਕਰ ਲਈ ਹੋਈ ਸੀ ਅਤੇ ਇੰਜ ਹੀ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ ਵੀ ਖਾੜਕੂ ਨੌਜਵਾਨਾਂ ਦੀ ਸਰਪਰਸਤੀ ਕਰਨ ਲਗ ਪਿਆ ਸੀ। ਇਸ ਮਾਹੌਲ ਵਿਚ ਭਿਡਰਾਂਵਾਲਿਆਂ ਨਾਲ ਸਬੰਧਤ ਕੁਝ ਖਾੜਕੂ ਨੌਜਵਾਨਾਂ ਨੇ 9 ਸਤੰਬਰ 1981 ਦੇ ਦਿਨ ਜਗਤ ਨਰਾਇਣ ਨੂੰ ਲੁਧਿਆਣਾ ਦੇ ਨੇੜੇ ਕਤਲ ਕਰ ਦਿੱਤਾ। *(ਮਗਰੋਂ ਇਸ ਕੇਸ ਵਿਚ ਭਿੰਡਰਾਂਵਾਲਿਆਂ ਦੇ ਭਤੀਜੇ ਨਛੱਤਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਮਿਲੀ ਸੀ)*।

WWW.SIKHBOOKCLUB.COM

ਲਾਲਾ ਦੇ ਕਤਲ ਦੇ ਸਬੰਧ ਵਿਚ ਪੁਲੀਸ ਨੇ ਭਿੰਡਰਾਂਵਾਲਿਆਂ 'ਤੇ ਵੀ ਕੇਸ ਦਰਜ ਕਰ ਲਿਆ ਤੇ ਉਸ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਪੁਲੀਸ ਭੇਜ ਦਿੱਤੀ। ਭਿੰਡਰਾਂਵਾਲਾ ਉਸ ਵੇਲੇ ਹਰਿਆਣਾ ਦੇ ਪਿੰਡ ਚੰਦੋ ਕਲਾਂ ਵਿਚ ਸੀ। ਜਦੋਂ ਉਸ ਨੂੰ ਪਤਾ ਲਾ ਕਿ ਪੁਲੀਸ ਉਸ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਆ ਰਹੀ ਹੈ ਤਾਂ ਉਹ ਉੱਥੋਂ ਨਿਕਲ ਗਿਆ ਅਤੇ ਆਪਣੇ ਡੇਰੇ ਚੌਂਕ ਮਹਿਤਾ ਪੁੱਜ ਗਿਆ। ਪੰਜਾਬ ਪੁਲੀਸ ਨੇ ਜਦੋਂ ਚੰਦੋਂ ਕਲਾਂ ਪੁੱਜ ਕੇ ਵੇਖਿਆ ਕਿ ਭਿੰਡਰਾਂਵਾਲਾ ਉੱਥੋਂ ਜਾ ਚੁਕਾ ਹੈ ਤਾਂ ਸਿਪਾਹੀਆਂ ਨੇ ਗੁੱਸੇ ਵਿਚ ਆ ਕੇ ਭਿੰਡਰਾਂ-ਮਹਿਤਾ ਜਥੇ ਦੀ ਬੱਸ ਅਤੇ ਹੋਰ ਕੁਝ ਸਾਮਾਨ ਨੂੰ ਅੱਗ ਲਾ ਦਿੱਤੀ। ਇਸ ਵਿਚ ਗੁਰਬਾਣੀ ਦੇ ਗੁਟਕੇ ਤੇ ਕੁਝ ਹੋਰ ਧਾਰਮਿਕ ਲਿਟਰੇਚਰ ਵੀ ਸੀ। ਉਧਰ ਭਿੰਡਰਾਂਵਾਲਿਆਂ ਨੇ ਚੌਂਕ ਮਹਿਤਾ ਵਿਚ ਪੁੱਜ ਕੇ ਐਲਾਨ ਕੀਤਾ ਕਿ ਮੈਂ 20 ਸਤੰਬਰ ਦੇ ਦਿਨ ਗ੍ਰਿਫ਼ਤਾਰੀ ਦੇਵਾਂਗਾ।

ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ 'ਤੇ ਲਾਠੀਚਾਰਜ

16 ਸਤੰਬਰ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਭਿੰਡਰਾਂਵਾਲਾ ਉੱਤੇ ਕਤਲ ਕੇਸ ਪਾਉਣ ਦੇ ਖ਼ਿਲਾਫ਼ ਪ੍ਰੋਟੈਸਟ ਕੀਤਾ। ਪ੍ਰੋਟੈਸਟ ਕਰਦੇ ਵਿਦਿਆਰਥੀਆਂ ਉੱਤੇ ਪੁਲੀਸ ਵੱਲੋਂ ਲਾਠੀਚਾਰਜ ਕੀਤਾ ਗਿਆ। ਜਦੋਂ ਵਿਦਿਆਰਥੀ ਦੌੜ ਕੇ ਕਾਲਜ ਵਿਚ ਜਾ ਵੜੇ ਤਾਂ ਪੁਲੀਸ ਕਾਲਜ ਵਿਚ ਵੀ ਦਾਖ਼ਿਲ ਹੋ ਗਈ। ਪੁਲੀਸ ਨੇ ਕਾਲਜ ਅਤੇ ਹੋਸਟਲ ਦੀ ਇਮਾਰਤ ਵਿਚ ਦਾਖ਼ਿਲ ਹੋ ਕੇ ਅੰਨ੍ਹੇ-ਵਾਹ ਲਾਠੀਚਾਰਜ ਕੀਤਾ। ਇਸ ਨਾਲ 40-50 ਵਿਦਿਆਰਥੀ ਅਤੇ ਕੁਝ ਪ੍ਰੋਫੈਸਰ ਜ਼ਖ਼ਮੀ ਹੋ ਗਏ। ਇਸ ਤੋਂ ਇਲਾਵਾ 40 ਵਿਦਿਆਰਥੀ ਅਤੇ ਕੁਝ ਪ੍ਰੋਫੈਸਰ ਗ੍ਰਿਫ਼ਤਾਰ ਵੀ ਕੀਤੇ ਗਏ।

ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ 18 ਸਤੰਬਰ ਨੂੰ ਦਲ ਖਾਲਸਾ ਦੇ ਗੁਰਬਚਨ ਸਿੰਘ ਖਾਲਸਾ ਨੇ ਜਲੰਧਰ ਵਿਚ ਭਾਰਤ ਦਾ ਤਿਰੰਗਾ ਝੰਡਾ ਸਾੜਿਆ।

ਚੌਕ ਮਹਿਤਾ ਵਿਚ ਸਿੱਖਾਂ 'ਤੇ ਗੋਲੀ

ਉਧਰ ਭਿੰਡਰਾਂਵਾਲਿਆਂ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਚੌਕ ਮਹਿਤਾ ਪਿੰਡ ਵਿਚ ਇਕ ਕਾਨਫ਼ਰੰਸ ਰੱਖ ਦਿੱਤੀ ਸੀ। ਭਿੰਡਰਾਂਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਪੁਲੀਸ ਵੀ ਭਾਰੀ ਗਿਣਤੀ ਵਿਚ ਪਹੁੰਚੀ ਹੋਈ ਸੀ। 'ਟ੍ਰਿਬਿਊਨ' ਮੁਤਾਬਿਕ ਚੌਕ ਮਹਿਤੇ ਵਿਚ 19 ਸਤੰਬਰ ਨੂੰ ਬੀ.ਐਸ. ਐਫ. ਦੇ 1200 ਕਮਾਂਡੋ, ਪੀ.ਏ.ਪੀ. ਦੇ 4500 ਅਤੇ ਪੰਜਾਬ ਪੁਲੀਸ ਦੇ 10,000 ਸਿਪਾਹੀ ਤਾਇਨਾਤ ਸਨ।

20 ਸਤੰਬਰ ਨੂੰ ਚੌਕ ਮਹਿਤਾ ਵਿਚ ਹੋਏ ਦੀਵਾਨ ਵਿਚ ਤਿੰਨ ਲੱਖ ਤੋਂ ਵੱਧ ਸਿੱਖ ਪੁੱਜੇ। ਇਨ੍ਹਾਂ ਵਿਚ ਅਕਾਲੀ ਦਲ ਦੇ ਮੁੱਖ ਆਗੂਆਂ ਤੋਂ ਇਲਾਵਾ ਅਕਾਲ

WWW.SIKHBOOKCLUB.COM

ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਵੀ ਸ਼ਾਮਿਲ ਸਨ। ਇਸ ਦੀਵਾਨ ਵਿਚ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਅਕਾਲੀ ਦਲ ਦੇ ਪੰਜਾਬ ਅਤੇ ਦਿੱਲੀ ਦੇ ਸੀਨੀਅਰ ਆਗੂਆਂ ਨੇ ਸਰਕਾਰ ਨੂੰ ਵਾਰਨਿੰਗ ਦਿੱਤੀ ਕਿ ਜੇ ਬਾਬਾ ਜਰਨੈਲ ਸਿੰਘ ਦਾ ਵਾਲ ਵੀ ਵਿੰਗਾ ਹੋਇਆ ਤਾਂ ਪੰਜਾਬ ਅਤੇ ਭਾਰਤ ਸਿਵਲ ਵਾਰ ਦੀ ਲਪੇਟ ਵਿਚ ਆ ਜਾਣਗੇ।

ਭਿੰਡਰਾਂਵਾਲਿਆਂ ਨੇ ਸ਼ਾਮ ਵੇਲੇ ਗ੍ਰਿਫ਼ਤਾਰੀ ਦੇ ਦਿੱਤੀ। ਉਨ੍ਹਾਂ ਦੀ ਗ੍ਰਿਫ਼ਤਾਰੀ ਮਗਰੋਂ ਪੁਲੀਸ ਨੇ ਟੀਅਰ ਗੈਸ, ਲਾਠੀਚਾਰਜ ਅਤੇ ਫ਼ਾਇਰਿੰਗ ਕੀਤੀ। ਪੁਲੀਸ ਦੇ ਟੈਂਟ ਅਤੇ ਗੱਡੀਆਂ ਸਾੜ ਕੇ ਸੁਆਹ ਕਰ ਦਿੱਤੇ ਗਏ। ਪੁਲੀਸ ਫ਼ਾਇਰਿੰਗ ਵਿਚ ਕਈ ਸਿੱਖ ਮਾਰੇ ਗਏ। ਇਨ੍ਹਾਂ ਦੀ ਗਿਣਤੀ 22 ਦੱਸੀ ਜਾਂਦੀ ਹੈ (ਪਰ ਹੁਣ ਤੱਕ ਸਿਰਫ਼ 11 ਸਿੱਖਾਂ ਦੇ ਨਾਂ ਰਿਲੀਜ਼ ਕੀਤੇ ਗਏ ਹਨ।)

ਜਲੰਧਰ ਤੇ ਤਰਨਤਾਰਨ ਗੋਲੀ ਕਾਂਡ

10 ਸਤੰਬਰ 1981 ਨੂੰ ਲਾਲਾ ਜਗਤ ਨਾਰਾਇਣ ਦੀ ਦੇਹ ਨੂੰ ਜਲੰਧਰ ਦੇ ਸ਼ਮਸ਼ਾਨ ਘਾਟ ਵਿਚ ਸਸਕਾਰਿਆ ਗਿਆ। ਉਸ ਦੀ ਲਾਸ਼ ਨੂੰ ਸ਼ਮਸ਼ਾਨ ਵੱਲ ਲਿਜਾਂਦੀ ਦਹਿਸ਼ਤਗਰਦ ਹਿੰਦੂ ਭੀੜ ਨੇ ਸਿੱਖਾਂ ਦੇ ਖ਼ਿਲਾਫ਼ ਭੜਕਾਊ ਨਾਅਰੇ ਲਾਏ ਅਤੇ ਸਿੱਖਾਂ ਅਤੇ ਸਿੱਖ ਅਦਾਰਿਆਂ ਉੱਤੇ ਹਮਲੇ ਕੀਤੇ ਜਿਸ ਨਾਲ ਕਈ ਸਿੱਖ ਜ਼ਖ਼ਮੀ ਹੋਏ। ਰੋਜ਼ਾਨਾ ਅਕਾਲੀ ਪੱਤਰਕਾ ਦੇ ਦਫ਼ਤਰ ਨੂੰ ਵੀ ਅੱਗ ਲਾਈ ਗਈ ਸੀ। ਪੰਜਾਬ ਪੁਲੀਸ, ਜੋ ਉਸ ਵੇਲੇ ਇਸ ਹਜੂਮ ਦੇ ਅੱਗੇ ਅਤੇ ਪਿੱਛੇ ਚਲ ਰਹੀ ਸੀ, ਨੇ ਸਿੱਖਾਂ 'ਤੇ ਹਮਲਿਆਂ ਨੂੰ ਰੋਕਣ ਦੀ ਜ਼ਰਾ-ਮਾਸਾ ਕੋਸ਼ਿਸ਼ ਵੀ ਨਾ ਕੀਤੀ।

ਖਾੜਕੂ ਸਿੰਘਾਂ ਦੇ ਦਿਲਾਂ ਵਿਚ ਜਲੰਧਰ ਵਿਚ ਸਿੱਖਾਂ 'ਤੇ ਕੀਤੇ ਗਏ ਇਨ੍ਹਾਂ ਹਮਲਿਆਂ ਦੇ ਖ਼ਿਲਾਫ਼ ਗੁੱਸਾ ਭਰਿਆ ਪਿਆ ਸੀ। 20 ਸਤੰਬਰ ਨੂੰ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਮਗਰੋਂ ਇਕ ਮੋਟਰ ਸਾਈਕਲ ਉੱਤੇ ਤਿੰਨ ਸਿੱਖਾਂ ਨੇ ਜਲੰਧਰ ਵਿਚ ਅਤੇ ਖਾੜਕੂਆਂ ਦੇ ਇਕ ਹੋਰ ਗਰੁੱਪ ਨੇ ਤਰਨਤਾਰਨ ਵਿਚ ਗੋਲੀਆਂ ਚਲਾ ਕੇ ਕੁਝ ਹਿੰਦੂ ਮਾਰ ਦਿੱਤੇ। ਜਲੰਧਰ ਵਿਚ 3 ਹਿੰਦੂ ਮਰੇ ਅਤੇ 12 ਜ਼ਖ਼ਮੀ ਹੋਏ, ਤਰਨਤਾਰਨ ਵਿਚ 1 ਹਿੰਦੂ ਮਰਿਆ ਅਤੇ 17 ਜ਼ਖ਼ਮੀ ਹੋਏ। ਗੋਲੀਆਂ ਚਲਾਉਣ ਵਾਲਿਆਂ ਨੇ ਕਿਹਾ ਕਿ ਹਿੰਦੂਆਂ ਉੱਤੇ ਇਹ ਵਾਰ ਉਨ੍ਹਾਂ ਵਲੋਂ ਸਿੱਖਾਂ ਉੱਤੇ ਕੀਤੇ ਗਏ ਹਮਲਿਆਂ ਦਾ ਜੁਆਬ ਹਨ।

ਬਾਬਾ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਤੋਂ ਮਗਰੋਂ ਪੰਜਾਬ ਵਿਚ ਰੋਸ ਮੁਜ਼ਾਹਰੇ ਤੇ ਜਲਸੇ ਹੋਣ ਦੀ ਬਜਾਇ ਖ਼ੂਨੀ ਹੋਲੀ ਦਾ ਮਾਹੌਲ ਬਣ ਗਿਆ। ਇਸ 'ਤੇ ਘਬਰਾ ਕੇ 22 ਸਤੰਬਰ ਨੂੰ ਇੰਦਰਾ ਗਾਂਧੀ ਸਭ ਕੁਝ ਛੱਡ-ਛਡਾ ਕੇ ਚੰਡੀਗੜ੍ਹ ਪੁੱਜੀ। ਉਸ ਨੇ ਅਕਾਲੀਆਂ ਤਕ ਪਹੁੰਚ ਕੀਤੀ ਪਰ ਅਕਾਲੀ ਆਗੂਆਂ ਨੇ ਉਸ ਨਾਲ ਗਲਬਾਤ ਕਰਨ ਤੋਂ ਨਾਂਹ ਕਰ ਦਿੱਤੀ ਤੇ ਪਹਿਲਾਂ ਭਿੰਡਰਾਂਵਾਲਿਆਂ ਨੂੰ

WWW.SIKHBOOKCLUB.COM

ਰਿਹਾ ਕਰਨ ਵਾਸਤੇ ਆਖਿਆ। ਉਧਰ ਅਕਾਲੀਆਂ ਨੇ 45 ਸਿੱਖ-ਮੰਗਾਂ ਦਾ ਇਕ ਚਾਰਟਰ ਤਿਆਰ ਕੀਤਾ।

ਦਲ ਖਾਲਸਾ ਵੱਲੋਂ ਜਹਾਜ਼ ਅਗਵਾ ਕਰਨਾ

ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਸਤੇ ਸਾਰੇ ਪੰਜਾਬ ਵਿਚ ਮੁਜ਼ਾਹਰੇ ਕੀਤੇ ਗਏ ਪਰ ਦਲ ਖਾਲਸਾ ਦੇ ਕੁਝ ਵਰਕਰਾਂ ਨੇ ਇਸ ਮੁਹਾਜ਼ 'ਤੇ ਇੰਟਰਨੈਸ਼ਨਲ ਲੈਵਲ 'ਤੇ ਐਕਸ਼ਨ ਕਰਨ ਦਾ ਫ਼ੈਸਲਾ ਕੀਤਾ।

29 ਸਤੰਬਰ 1981 ਦੇ ਦਿਨ ਖਾਲਸਾ ਦੇ ਪੰਜ ਵਰਕਰਾਂ (ਗਜਿੰਦਰ ਸਿੰਘ, ਸਤਨਾਮ ਸਿੰਘ, ਕਰਨ ਸਿੰਘ, ਤੇਜਿੰਦਰਪਾਲ ਸਿੰਘ, ਜਸਬੀਰ ਸਿੰਘ) ਨੇ ਏਅਰ ਇੰਡੀਆ ਦਾ ਜਹਾਜ਼ ਅਗਵਾ ਕਰ ਲਿਆ ਅਤੇ ਉਸ ਨੂੰ ਲਾਹੌਰ ਲੈ ਗਏ। ਅਗਵਾਕਾਰਾਂ ਨੇ ਐਲਾਨ ਕੀਤਾ ਕਿ ਉਹ ਜਹਾਜ਼ ਦੇ ਮੁਸਾਫ਼ਿਰਾਂ ਨੂੰ ਆਪਣੀਆਂ ਸ਼ਰਤਾਂ ਮੰਨਵਾਉਣ ਮਗਰੋਂ ਹੀ ਛੱਡਣਗੇ। ਇਹ ਸ਼ਰਤਾਂ ਸਨ:

(1) ਭਿੰਡਰਾਂਵਾਲਿਆਂ ਦੀ ਰਿਹਾਈ ਕੀਤੀ ਜਾਵੇ।

(2) ਖਾਲਿਸਤਾਨ ਦੇ ਹਿਮਾਇਤੀਆਂ ਦੀ ਜੇਲਾਂ ਵਿਚੋਂ ਰਿਹਾਈ ਕੀਤੀ ਜਾਵੇ।

(3) ਅਗਵਾਕਾਰਾਂ ਨੂੰ ਪੰਜ ਲੱਖ ਡਾਲਰ ਦਿੱਤੇ ਜਾਣ।

(4) ਚੌਕ ਮਹਿਤਾ ਵਿਚ ਪੁਲੀਸ ਫਾਇਰਿੰਗ ਨਾਲ 20 ਸਤੰਬਰ ਨੂੰ ਮਰਨ ਵਾਲੇ ਸਿੱਖਾਂ ਦੇ ਵਾਰਸਾਂ ਨੂੰ ਇਕ-ਇਕ ਲੱਖ ਰੁਪਏ ਦੀ ਅਦਾਇਗੀ ਕੀਤੀ ਜਾਵੇ।

ਅਗਲੇ ਦਿਨ ਪਾਕਿਸਤਾਨੀ ਕਮਾਂਡੋਜ਼ ਦੇ ਐਕਸ਼ਨ ਮਗਰੋਂ ਇਨ੍ਹਾਂ ਅਗਵਾਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਹਾਜ਼ ਅਗਵਾ ਕਰਨ ਦੀ ਕਾਰਵਾਈ ਦੀ ਅਕਾਲੀ ਆਗੂ ਪਰਕਾਸ਼ ਸਿੰਘ ਮਜੀਠਾ ਤੋਂ ਇਲਾਵਾ ਕਿਸੇ ਨੇ ਵੀ ਨਿੰਦਾ ਨਾ ਕੀਤੀ।

ਇਸ ਹਾਈਜੈਕਿੰਗ ਮਗਰੋਂ 30 ਸਤੰਬਰ ਤੋਂ 10 ਅਕਤੂਬਰ 1981 ਤਕ ਦਲ ਖਾਲਸਾ ਦੇ 50 ਤੋਂ ਜ਼ਿਆਦਾ ਵਰਕਰ ਗ੍ਰਿਫ਼ਤਾਰ ਕਰ ਲਏ ਗਏ। ਇਸ ਦੇ ਬਾਵਜੂਦ ਜੱਥੇਬੰਦੀ ਦੇ ਵੱਡੇ-ਵੱਡੇ ਥੰਮ ਪੁਲੀਸ ਦੇ ਹੱਥ ਨਾ ਆ ਸਕੇ। ਹਰਸਿਮਰਨ ਸਿੰਘ, ਹਰਜਿੰਦਰ ਸਿੰਘ ਦਿਲਗੀਰ, ਗੁਰਬਚਨ ਸਿੰਘ ਖਾਲਸਾ, ਸੁਖਜਿੰਦਰ ਸਿੰਘ ਕਾਹਨੂੰਵਾਨ, ਗੁਰਚਰਨ ਸਿੰਘ ਗਰੀਬ ਅਤੇ ਕਈ ਹੋਰ ਕਾਰਕੁਨ ਰੂਪੋਸ਼ ਹੋ ਗਏ।

ਪੰਜਾਬ ਵਿਚ ਪਟਾਕਾ-ਬੰਬ

ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਵਾਸਤੇ ਕੁਝ ਖਾੜਕੂ ਗਰੁੱਪਾਂ ਨੇ ਪੰਜਾਬ ਦੇ ਵਖ-ਵਖ ਹਿੱਸਿਆਂ ਵਿਚ ਕਾਂਗਰਸੀ ਅਤੇ ਸਰਕਾਰੀ ਅਦਾਰਿਆਂ ਦੀਆਂ ਈਮਾਰਤਾਂ ਉੱਤੇ 'ਬੰਬ' ਸੁੱਟੇ। ਇਹ ਬੰਬ ਇੱਕ ਆਮ ਪਟਾਕੇ ਨਾਲੋਂ ਜ਼ਰਾ ਕੁ ਜ਼ਿਆਦਾ ਤਾਕਤ ਵਾਲੇ ਸਨ। ਇਨ੍ਹਾਂ ਨੂੰ ਚਲਾਉਣ ਪਿੱਛੇ ਇਹ ਇਸ਼ਾਰਾ

WWW.SIKHBOOKCLUB.COM

ਸੀ ਕਿ ਇਸ ਮਗਰੋਂ ਹੋਰ ਸਖ਼ਤ ਕਾਰਵਾਈਆਂ ਵੀ ਹੋਣਗੀਆਂ। ਭਾਵੇਂ ਕਿਸੇ ਜੱਥੇਬੰਦੀ ਨੇ ਇਨ੍ਹਾਂ 'ਪਟਾਕਿਆਂ' ਨੂੰ ਚਲਾਉਣ ਬਾਰੇ ਜ਼ਿੰਮੇਦਾਰੀ ਤਾਂ ਨਹੀਂ ਸੀ ਲਈ ਪਰ ਜਾਪਦਾ ਹੈ ਕਿ ਇਹ ਕਾਰਵਾਈਆਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਅਤੇ ਦਲ ਖਾਲਸਾ ਨੇ ਮਿਲ ਕੇ ਕੀਤੀਆਂ ਸਨ। ਕੁਝ ਚਿਰਾਂ ਮਗਰੋਂ 'ਦਸ਼ਮੇਸ਼ ਰਜਮੈਂਟ' ਨੇ ਇਨ੍ਹਾਂ 'ਬੰਬਾਂ' ਦੀ ਜ਼ਿੰਮੇਦਾਰੀ ਆਪਣੇ ਸਿਰ ਲੈ ਲਈ। ਇਸ ਸਿਲਸਿਲੇ ਵਿਚ ਮਾਨ ਸਿੰਘ, ਉਦੈ ਸਿੰਘ, ਨਿਸ਼ਾਨ ਸਿੰਘ, ਪੂਰਨ ਸਿੰਘ ਅਤੇ ਹੋਰ ਕਈ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਭਿੰਡਰਾਂਵਾਲਿਆਂ ਦੀ ਰਿਹਾਈ

ਸਿੱਖ ਨੌਜਵਾਨਾਂ ਵੱਲੋਂ ਭਿੰਡਰਾਂਵਾਲਿਆਂ ਨਾਲ ਏਨਾ ਜ਼ਿਆਦਾ ਮਿਲਵਰਤਣ ਦਿੱਤੇ ਜਾਣ ਨਾਲ ਅਕਾਲੀ ਦਲ ਦੇ ਕੁਝ ਆਗੂਆਂ ਨੂੰ ਇਹ ਸ਼ੱਕ ਪੈਣਾ ਸ਼ੁਰੂ ਹੋ ਗਿਆ ਕਿ ਜੇ ਇਸੇ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਸਿੱਖ ਕੌਮ ਦੀ ਅਗਵਾਈ ਅਕਾਲੀ ਪਾਰਟੀ ਦੇ ਹੱਥੋਂ ਨਿਕਲ ਕੇ ਭਿੰਡਰਾਂਵਾਲੇ ਦੇ ਹੱਥ ਵਿਚ ਆ ਜਾਵੇਗੀ। ਦਲ ਖਾਲਸਾ ਨੇ ਭਿੰਡਰਾਂਵਾਲੇ ਵਾਸਤੇ ਜਹਾਜ਼ ਅਗਵਾ ਕਰ ਕੇ ਆਪਣੀ ਪਾਲਿਸੀ ਦਾ ਐਲਾਨ ਕਰ ਦਿੱਤਾ ਸੀ। ਇਸੇ ਤਰ੍ਹਾਂ ਸਟੂਡੈਂਟਸ ਫ਼ੈਡਰੇਸ਼ਨ ਵੀ, ਪ੍ਰਧਾਨ ਭਾਈ ਅਮਰੀਕ ਸਿੰਘ ਦੇ ਭਿੰਡਰਾਂ-ਮਹਿਤਾ ਜਥੇ ਨਾਲ ਸਬੰਧਤ ਹੋਣ ਕਰ ਕੇ ਭਿੰਡਰਾਂਵਾਲੇ ਦੇ ਨਾਲ ਸੀ। ਬਬਰ ਖਾਲਸਾ ਦੇ ਅਤੇ ਹੋਰ ਖਾੜਕੂ ਸਿੱਖ ਵੀ ਭਿੰਡਰਾਂਵਾਲੇ ਦੀ ਪੂਰੀ ਹਿਮਾਇਤ ਕਰਦੇ ਸਨ। ਡਾ: ਰਜਿੰਦਰ ਕੌਰ ਦਾ ਔਰਤਾਂ ਦਾ ਅਕਾਲੀ ਦਲ ਪਹਿਲੋਂ ਹੀ 'ਗਰਮ ਪਾਲਿਸੀ' ਵਾਲੀ ਜਥੇਬੰਦੀ ਸੀ।...ਇਹ ਸਾਰੀਆਂ ਗੱਲਾਂ ਸਾਹਵੇਂ ਰੱਖ ਕੇ ਅਕਾਲੀ ਦਲ ਨੇ 27 ਸਤੰਬਰ ਨੂੰ ਲੁਧਿਆਣੇ ਦੇ ਗੁਰਦੁਆਰਾ ਆਲਮਗੀਰ ਵਿਚ ਇਕ ਹੰਗਾਮੀ ਮੀਟਿੰਗ ਬੁਲਾ ਲਈ। ਇਸ ਮੀਟਿੰਗ ਦੀ ਕਾਰਵਾਈ ਪੂਰੀ ਤਰ੍ਹਾਂ ਖ਼ੁਫ਼ੀਆ ਰੱਖੀ ਗਈ ਸੀ। ਮੀਟਿੰਗ ਦੀ ਕਾਰਵਾਈ ਖਤਮ ਹੋਣ ਮਗਰੋਂ **ਅਕਾਲੀ ਦਲ ਨੇ ਐਲਾਨ ਕੀਤਾ ਕਿ ਜੇ ਭਿੰਡਰਾਂਵਾਲੇ ਨੂੰ 17 ਅਕਤੂਬਰ ਤੱਕ ਰਿਹਾ ਨਾ ਕੀਤਾ ਗਿਆ ਤਾਂ ਅਕਾਲੀ ਦਲ 18 ਅਕਤੂਬਰ 1981 ਤੋਂ ਸਿਵਲ-ਨਾਫ਼ਰਮਾਨੀ ਦੀ ਲਹਿਰ ਸ਼ੁਰੂ ਕਰ ਦੇਵੇਗਾ।**

13-14 ਅਕਤੂਬਰ ਨੂੰ ਇੰਦਰਾ ਗਾਂਧੀ, ਦਰਬਾਰਾ ਸਿੰਘ, ਸੈਂਟਰਲ ਹੋਮ ਮਨਿਸਟਰ ਅਤੇ ਕੁੱਝ ਹੋਰ ਵੱਡੇ ਸਰਕਾਰੀ ਥੰਮ ਨਵੀਂ ਦਿੱਲੀ ਵਿਚ ਇਕੱਠੇ ਹੋਏ। ਉਨ੍ਹਾਂ ਸਾਰਿਆਂ ਨੇ ਇੰਦਰਾ ਨੂੰ ਵਾਰਨਿੰਗ ਦਿੱਤੀ ਪੰਜਾਬ ਨੂੰ ਅੱਗ ਲਗਣ ਤੋਂ ਬਚਾਉਣ ਵਾਸਤੇ ਭਿੰਡਰਾਂਵਾਲਿਆਂ ਨੂੰ ਰਿਹਾ ਕਰਨਾ ਹੀ ਪਵੇਗਾ। ਅਖ਼ੀਰ ਇਸ ਮੀਟਿੰਗ ਵਿਚ ਇਹ ਫ਼ੈਸਲਾ ਹੋਇਆ ਕਿ ਭਿੰਡਰਾਂਵਾਲੇ ਅੱਗੇ ਗੋਡੇ ਟੇਕ ਦਿੱਤੇ ਜਾਣ। ਇਸ ਤੋਂ ਇਕ ਦਿਨ ਮਗਰੋਂ ਹੀ, 15 ਅਕਤੂਬਰ 1981 ਦੇ ਦਿਨ ਫ਼ੀਰੋਜ਼ਪੁਰ ਜੇਲ੍ਹ ਵਿੱਚੋਂ ਭਿੰਡਰਾਂਵਾਲੇ ਨੂੰ ਰਿਹਾ ਕਰ ਦਿੱਤਾ ਗਿਆ। ਉਨ੍ਹਾਂ ਨੇ ਜੇਲ ਦੇ ਗੇਟ 'ਤੇ ਹੀ ਐਲਾਨ ਕੀਤਾ ਜੇ ਕਰ ਬਾਕੀ ਸਿੱਖਾਂ ਨੂੰ ਵੀ 3 ਦਿਨ (ਅਜੀਤ ਅਖ਼ਬਾਰ ਮੁਤਾਬਿਕ 15 ਦਿਨ) ਵਿਚ ਰਿਹਾ ਨਾ ਕੀਤਾ ਗਿਆ ਤਾਂ ਖ਼ਤਰਨਾਕ ਨਤੀਜੇ ਨਿਕਲਣਗੇ।

WWW.SIKHBOOKCLUB.COM

ਜਨਸੰਘੀਆਂ ਦੇ ਮੁਖੀ ਲਾਲ ਕ੍ਰਿਸ਼ਨ ਅਡਵਾਨੀ ਨੇ ਭਿੰਡਰਾਂਵਾਲੇ ਦੀ ਰਿਹਾਈ ਦੀ ਪੁਰਜ਼ੋਰ ਨਿੰਦਾ ਕੀਤੀ।

ਭਿੰਡਰਾਂਵਾਲਿਆਂ ਦੀ ਧਮਕੀ ਦੇ ਅਸਰ ਹੇਠ ਬਾਕੀ ਸਿੱਖਾਂ ਦੀਆਂ ਰਿਹਾਈਆਂ ਤਾਂ ਕੀ ਹੋਣੀਆਂ ਸਨ, ਉਲਟਾ ਕਈ ਹੋਰ ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਇਨ੍ਹਾਂ ਵਿਚ ਪਰਮਜੀਤ ਸਿੰਘ ਤਰਨਤਾਰਨ, ਮੇਲਾ ਸਿੰਘ ਭੁਲੱਥ, ਪਰਮਜੀਤ ਸਿੰਘ ਸਿੱਧੂ ਵਕੀਲ ਜਲੰਧਰ, ਜਸਵੀਰ ਸਿੰਘ ਬਾਜਵਾ, ਰੂਪ ਸਿੰਘ ਫ਼ਾਜ਼ਿਲਕਾ, ਨਾਜ਼ਰ ਸਿੰਘ ਮਖੂ, ਜੁਗਿੰਦਰ ਸਿੰਘ ਗੁਰਦਾਸਪੁਰ ਅਤੇ ਕਈ ਹੋਰ ਸਨ। ਇਕ ਹਫ਼ਤੇ ਮਗਰੋਂ ਬਠਿੰਡੇ ਤੋਂ ਗੁਰਕਿਰਪਾਲ ਸਿੰਘ, ਰਵੇਲ ਸਿੰਘ, ਅਵਤਾਰ ਸਿੰਘ, ਅਤਰ ਸਿੰਘ, ਮਲਕੀਅਤ ਸਿੰਘ, ਆਗਿਆਪਾਲ ਸਿੰਘ, ਪਰਮਜੀਤ ਸਿੰਘ, ਸੁਖਵੰਤ ਸਿੰਘ, ਰਘਵੀਰ ਸਿੰਘ, ਗੁਰਦਰਸ਼ਨ ਸਿੰਘ ਵੀ ਗ੍ਰਿਫ਼ਤਾਰ ਕਰ ਲਏ।

ਦਹਿਸ਼ਤਗਰਦ ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ

17 ਅਕਤੂਬਰ ਨੂੰ ਪਟਿਆਲੇ ਵਿਚ ਹਿੰਦੂਆਂ ਨੇ ਸਿੱਖਾਂ ਦੇ ਖ਼ਿਲਾਫ਼ ਪਰੋਟੈਸਟ ਦਿਨ ਮਨਾਇਆ ਅਤੇ ਸਿੱਖਾਂ ਦੀਆਂ ਜਾਇਦਾਦਾਂ ਉੱਤੇ ਹਮਲੇ ਕੀਤੇ। ਇੱਕ ਸਿੱਖ ਦਾ ਸਕੂਟਰ ਪੀ.ਬੀ.ਪੀ. 2705 ਸਾੜ ਦਿੱਤਾ ਗਿਆ। ਸਿੱਖਾਂ ਦੀਆਂ ਚਾਰ ਦੁਕਾਨਾਂ ਲੁੱਟ ਲਈਆਂ ਗਈਆਂ ਅਤੇ 8 ਸਿੱਖ ਜ਼ਖ਼ਮੀ ਹੋਏ। ਇਸ ਦੇ ਬਾਵਜੂਦ ਕਿਸੇ ਵੀ ਹਿੰਦੂ ਦੇ ਖ਼ਿਲਾਫ਼ ਕੋਈ ਵੀ ਕਾਰਵਾਈ ਨਾ ਕੀਤੀ ਗਈ।

ਨਿਰੰਕਾਰੀ ਨਿਰੰਜਨ ਸਿੰਘ 'ਤੇ ਹਮਲਾ

ਭਿੰਡਰਾਂਵਾਲੇ ਦੀ ਰਿਹਾਈ ਦੇ 24 ਘੰਟਿਆਂ ਦੇ ਅੰਦਰ-ਅੰਦਰ ਬਬਰ ਖਾਲਸਾ ਦੇ ਖਾੜਕੂਆਂ ਨੇ ਆਪਣਾ ਐਕਸ਼ਨ ਫੇਰ ਜ਼ਾਹਿਰ ਕਰ ਦਿੱਤਾ। 16 ਅਕਤੂਬਰ ਨੂੰ ਚੰਡੀਗੜ੍ਹ ਦੇ ਸੈਕਟਰੀਏਟ ਵਿਚ ਗੁਰਦਾਸਪੁਰ ਦੇ ਸਾਬਕ ਡਿਪਟੀ ਕਮਿਸ਼ਨਰ (13 ਅਪ੍ਰੈਲ 1978 ਦੇ ਕਤਲੇਆਮ ਦਾ ਇਕ ਮੋਹਰੀ) ਨਰਿੰਜਨ ਸਿੰਘ 'ਤੇ ਹਮਲਾ ਕੀਤਾ ਗਿਆ। ਬੰਦੂਕਾਂ ਦੀਆਂ ਗੋਲੀਆਂ ਦੀ ਵਾਛੜ ਵਿਚੋਂ ਨਿਰੰਜਨ ਤਾਂ ਬਚ ਗਿਆ, ਪਰ ਉਸ ਦਾ ਛੋਟਾ ਭਰਾ ਸੁਰਿੰਦਰ ਮਾਰਿਆ ਗਿਆ।

ਇਨ੍ਹਾਂ ਦਿਨਾਂ ਵਿਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂਆਂ ਦੀਆਂ ਧੜਾਧੜ ਗ੍ਰਿਫ਼ਤਾਰੀਆਂ ਹੋ ਰਹੀਆਂ ਸਨ। ਹਰਮਿੰਦਰ ਸਿੰਘ ਸੰਧੂ ਆਪਣੇ ਘਰੋਂ ਫੜਿਆ ਗਿਆ। (ਕੁੱਝ ਲੋਕਾਂ ਦਾ ਖ਼ਿਆਲ ਹੈ ਕਿ ਸੰਧੂ ਨੇ ਆਪਣੀ ਗ੍ਰਿਫ਼ਤਾਰੀ ਖੁਦ ਕਰਵਾਈ ਸੀ-ਵਰਨਾ ਵਾਰੰਟਡ ਹੋਣ ਦੇ ਬਾਵਜੂਦ ਘਰ ਸੌਣ ਦਾ ਕੀ ਮਤਲਬ ਸੀ?)।

23 ਅਕਤੂਬਰ ਨੂੰ ਜਥੇਦਾਰ ਤਲਵਿੰਦਰ ਸਿੰਘ ਦੇ ਪਿੰਡ ਪਾਂਛਟਾ (ਕਪੂਰਥਲਾ ਜ਼ਿਲ੍ਹਾ) ਦੇ ਨਿਰੰਕਾਰੀ ਮਹਿੰਦਰ ਪਾਲ ਨੂੰ ਤਿੰਨ ਮੋਟਰ ਸਾਈਕਲ ਸਵਾਰਾਂ ਨੇ ਕਤਲ ਕਰ ਦਿੱਤਾ। ਇਨ੍ਹਾਂ ਖਬਰਾਂ ਨਾਲ ਨਿਰੰਕਾਰੀਆਂ 'ਚ ਦਹਿਸ਼ਤ ਫੈਲ ਗਈ ਅਤੇ ਪੰਜਾਬ ਵਿਚ ਲੋਕਾਂ ਨੇ ਆਪਣੇ ਆਪ ਨੂੰ ਇਸ ਜਮਾਤ ਤੋਂ ਅਲਹਿਦਾ ਕਰਨਾ ਸ਼ੁਰੂ ਕਰ ਦਿਤਾ।

WWW.SIKHBOOKCLUB.COM

ਤਿੰਨ ਮੋਟਰ ਸਾਈਕਲ ਵਾਲਿਆਂ ਦੀ ਦਹਿਸ਼ਤ

9 ਸਤੰਬਰ 1981 ਨੂੰ ਲਾਲਾ ਜਗਤ ਨਰੈਣ ਦੇ ਕਤਲ, 20 ਸਤੰਬਰ ਨੂੰ ਜਲੰਧਰ ਅਤੇ ਤਰਨਤਾਰਨ ਦੇ ਹਿੰਦੂਆਂ 'ਤੇ ਗੋਲੀਆਂ, 16 ਅਕਤੂਬਰ ਨੂੰ ਨਰਿੰਜਨ ਸਿੰਘ ਅਤੇ ਸੁਰਿੰਦਰ (ਚੰਡੀਗੜ੍ਹ) 'ਤੇ ਹਮਲਾ ਅਤੇ 23 ਅਕਤੂਬਰ ਨੂੰ ਮਹਿੰਦਰ ਪਾਲ ਪਾਂਛਟਾ ਨੂੰ ਤਿੰਨ ਮੋਟਰ ਸਾਈਕਲ ਵਾਲਿਆਂ ਨੇ ਹੀ ਮਾਰਿਆ ਸੀ। ਇਨ੍ਹਾਂ ਘਟਨਾਵਾਂ ਕਰ ਕੇ ਪੰਜਾਬ ਭਰ ਦੇ ਹਿੰਦੂਆਂ ਦੇ ਦਿਲਾਂ ਵਿਚ ਤਿੰਨ ਮੋਟਰ ਸਾਈਕਲ ਸਵਾਰਾਂ ਦੀ ਜ਼ਬਰਦਸਤ ਦਹਿਸ਼ਤ ਫੈਲ ਗਈ। ਜਦੋਂ ਪੁਲੀਸ ਇਸ ਬਬਰ-ਜਥੇ ਦੀ ਹਕੀਕਤ ਦਾ ਪਤਾ ਨਾ ਲੱਗਾ ਸਕੀ ਤਾਂ ਹਿੰਦੂਆਂ ਅਤੇ ਕਾਂਗਰਸੀ ਸਰਕਾਰ ਨੇ ਇਨ੍ਹਾਂ ਕਾਰਵਾਈਆਂ ਦੀ ਜ਼ਿੰਮੇਦਾਰੀ 'ਦਲ ਖਾਲਸਾ' ਉੱਤੇ ਪਾਈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸਰਕਾਰ ਨੂੰ ਅਸਲ ਹੀਰੋਆਂ ਦਾ ਪਤਾ ਹੀ ਨਾ ਲੱਗ ਸਕਿਆ ਅਤੇ ਅਕਤੂਬਰ 1981 ਤਕ ਸਰਕਾਰ ਤੇ ਪੁਲੀਸ ਹਨ੍ਹੇਰੇ ਵਿਚ ਹੀ ਭਟਕਦੀ ਰਹੀ।

ਬਬਰ ਖਾਲਸਾ ਦਾ ਰਾਜ਼ ਜ਼ਾਹਿਰ ਹੋਣਾ

ਨਵੰਬਰ ਵਿਚ ਪੁਲੀਸ ਨੇ ਬਬਰਾਂ ਦੇ ਇਕ ਮੈਂਬਰ ਸੁਰਜੀਤ ਸਿੰਘ ਨੂੰ ਅਸਲੇ ਦੇ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। ਸੁਰਜੀਤ ਸਿੰਘ ਪਿੰਡ ਰਾਮਪੁਰ ਬਿਸ਼ਨੋਈਆਂ (ਜ਼ਿਲ੍ਹਾ ਫ਼ਰੀਦਕੋਟ) ਦਾ ਰਹਿਣ ਵਾਲਾ ਸੀ। ਉਸ ਨੂੰ 6 ਨਵੰਬਰ 1981 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲੀਸ ਦੇ ਕੁਟਾਪੇ ਤੇ ਭਾਰੀ ਤਸ਼ੱਦਦ ਮਗਰੋਂ ਸੁਰਜੀਤ ਸਿੰਘ ਨੇ ਪੁਲੀਸ ਨੂੰ ਬਹੁਤ ਸਾਰੇ ਰਾਜ਼ ਦੱਸ ਦਿੱਤੇ। ਹੁਣ ਪੁਲੀਸ ਨੂੰ ਮੋਟਰ ਸਾਈਕਲ ਵਾਲੇ ਖਾੜਕੂ ਗਰੁੱਪ ਅਤੇ ਬਬਰ ਖਾਲਸਾ ਬਾਰੇ ਬਹੁਤ ਕੁਝ ਪਤਾ ਲੱਗ ਚੁੱਕਾ ਸੀ।

ਗਊਆਂ ਦੇ ਸਿਰ ਵੱਢਣ ਦੇ ਐਲਾਨ ਬਾਰੇ ਇੰਕਸ਼ਾਫ਼

ਹਿੰਦੂ ਅਖਬਾਰ '*ਵੀਰ ਪਰਤਾਪ*' ਨੇ (29 ਅਕਤੂਬਰ 1981 ਦੇ ਪਰਚੇ ਵਿਚ) ਰਿਪੋਰਟ ਛਾਪੀ ਕਿ 'ਦਲ ਖਾਲਸਾ' ਦਾ ਅਗਲਾ ਐਕਸ਼ਨ ਗਊਆਂ ਦੇ ਸਿਰ ਵੱਢਣਾ ਹੋਵੇਗਾ। (ਗਊਆਂ ਦੇ ਸਿਰ ਵੱਢਣ ਦੀ ਕਾਰਵਾਈ ਤਕਰੀਬਨ 6 ਮਹੀਨੇ ਮਗਰੋਂ ਅਪ੍ਰੈਲ 1982 ਵਿਚ ਹੋਈ ਸੀ)।

ਕਪੂਰਥਲਾ ਦੇ ਨਿਰੰਕਾਰੀ 'ਤੇ ਹਮਲਾ

16 ਨਵੰਬਰ 1981 ਦੇ ਦਿਨ ਬਬਰ ਖਾਲਸਾ ਦੇ ਖਾੜਕੂਆਂ ਵੱਲੋਂ ਕਪੂਰਥਲਾ ਦੇ ਨਿਰੰਕਾਰੀ ਮੁਖੀ ਪ੍ਰਹਿਲਾਦ ਚੰਦ, ਉਸ ਦੇ ਭਰਾ ਤੇ ਉਸ ਦੇ ਬਾਪ ਉੱਤੇ ਹਮਲਾ ਕੀਤਾ ਗਿਆ। ਹਮਲੇ ਵਿਚ ਪ੍ਰਹਿਲਾਦ ਤਾਂ ਉੱਸੇ ਵੇਲੇ ਮਰ ਗਿਆ ਪਰ ਉਸ ਦਾ ਭਰਾ ਤੇ ਬਾਪ ਬਾਅਦ ਵਿਚ ਮਰ ਗਏ। ਕਤਲ ਕਰਨ ਵਾਲਿਆਂ ਦਾ ਮੋਟਰ ਸਾਈਕਲ (ਐਚ.ਐਨ.ਈ. 8275) ਵੇਲੇ ਸਿਰ ਚਲ ਨਾ ਸਕਿਆ, ਜਿਸ ਕਰ ਕੇ ਉਹ ਉਸ ਨੂੰ ਉੱਥੇ ਹੀ ਛੱਡ ਕੇ

WWW.SIKHBOOKCLUB.COM

ਸ਼ੇਰਗੜ੍ਹ ਮੁਹੱਲੇ ਵਿਚੋਂ ਦੌੜ ਕੇ ਗ਼ਾਇਬ ਹੋ ਗਏ। ਪੁਲਿਸ ਨੇ ਮੋਟਰ ਸਾਈਕਲ ਦੀ ਮਲਕੀਅਤ ਦਾ ਪਤਾ ਲਾ ਕੇ ਇਸ ਦੇ ਮਾਲਿਕ, ਚੋਗਾਵਾਂ ਪਿੰਡ ਦੇ ਬਖ਼ਸ਼ੀਸ਼ ਸਿੰਘ, ਨੂੰ ਗ੍ਰਿਫ਼ਤਾਰ ਕਰ ਲਿਆ। ਬਖ਼ਸ਼ੀਸ਼ ਸਿੰਘ ਨੇ ਪੁਲੀਸ ਨੂੰ ਦੱਸ ਦਿੱਤਾ ਕਿ ਉਸ ਤੋਂ ਕਾਲਾ ਸੰਘਿਆਂ ਦਾ ਤਰਸੇਮ ਸਿੰਘ ਮੋਟਰ ਸਾਈਕਲ ਉਧਾਰ ਮੰਗ ਕੇ ਲੈ ਗਿਆ ਸੀ। ਇਸ ਦੇ ਨਾਲ ਹੀ ਪੁਲੀਸ ਨੂੰ ਇਹ ਵੀ ਪਤਾ ਲੱਗ ਗਿਆ ਕਿ ਕਪੂਰਥਲੇ ਵਿਚ ਚਲਾਈਆਂ ਗਈਆਂ ਗੋਲੀਆਂ 38 ਬੋਰ ਦੇ ਅਮਰੀਕਨ ਪਿਸਤੌਲ ਦੀਆਂ ਸਨ ਅਤੇ ਪੰਜਾਬ ਵਿਚ ਹੋਏ ਬਹੁਤੇ ਐਕਸ਼ਨਾਂ ਵਿਚ ਇਹ ਪਸਤੌਲ ਹੀ ਵਰਤੇ ਗਏ ਸਨ।

ਤਰਸੇਮ ਸਿੰਘ ਦਾ ਰਾਜ਼ ਮਿਲ ਜਾਣ, ਸੁਰਜੀਤ ਸਿੰਘ ਵੱਲੋਂ ਰਾਜ਼ ਦੱਸ ਦੇਣ ਅਤੇ ਤਰਸੇਮ ਸਿੰਘ ਦੇ ਇਕ ਸਾਥੀ ਨਿਹੰਗ ਸਿੰਘ ਦੇ ਕਾਬੂ ਹੋ ਜਾਣ ਮਗਰੋਂ ਹੁਣ ਪੁਲੀਸ ਇਸ ਜਥੇ ਦੇ ਬਹੁਤ ਨੇੜੇ ਪਹੁੰਚ ਚੁਕੀ ਸੀ। ਜਥੇ ਦੇ ਕੁਝ ਮੈਂਬਰਾਂ ਨੂੰ ਵੀ ਪੁਲੀਸ ਕੋਲ ਰਾਜ਼ ਪਹੁੰਚ ਜਾਣ ਬਾਰੇ ਵਾਕਫ਼ੀਅਤ ਮਿਲ ਗਈ ਸੀ। ਇਸ ਕਰ ਕੇ ਬਬਰ ਖਾਲਸਾ ਦਾ ਮੁਖੀ ਜਥੇਦਾਰ ਤਲਵਿੰਦਰ ਸਿੰਘ ਬਚ ਕੇ ਨਿਕਲ ਗਿਆ ਅਤੇ 15 ਨਵੰਬਰ ਨੂੰ ਨੈਪਾਲ ਪਹੁੰਚ ਗਿਆ ਅਤੇ ਇਕ ਹਫ਼ਤੇ ਮਗਰੋਂ ਥਾਈਲੈਂਡ, ਡੈਨਮਾਰਕ ਹੁੰਦਾ ਹੋਇਆ ਕੈਨੇਡਾ ਚਲਿਆ ਗਿਆ। ਇਸੇ ਤਰ੍ਹਾਂ ਵਧਾਵਾ ਸਿੰਘ (ਪਿੰਡ ਸੰਧੂ ਚੱਠਾ), ਗੁਰਨਾਮ ਸਿੰਘ (ਪੁਲੀਸ), ਅਮਰਜੀਤ ਸਿੰਘ (ਪੁਲੀਸ) ਵੀ ਅੱਗੇ ਪਿੱਛੇ ਹੋ ਗਏ। ਬੀਬੀ ਅਮਰਜੀਤ ਕੌਰ ਦਰਬਾਰ ਸਾਹਿਬ ਵਿੱਚ ਆ ਗਈ। ਪਰ ਤਰਸੇਮ ਸਿੰਘ, ਸੇਵਾ ਸਿੰਘ (ਪੁਲੀਸ) ਅਤੇ ਅਮਰਜੀਤ ਸਿੰਘ ਅਜੇ ਤਕ ਪੂਰੀ ਤਰ੍ਹਾਂ ਰੂਪੋਸ਼ ਨਹੀਂ ਸਨ ਹੋਏ। ਤਰਸੇਮ ਸਿੰਘ ਅਤੇ ਸੇਵਾ ਸਿੰਘ ਦਹੇੜੂ ਪਿੰਡ ਦੇ ਅਮਰਜੀਤ ਸਿੰਘ ਦੇ ਘਰ ਲੁਕੇ ਹੋਏ ਸਨ।

ਦਹੇੜੂ ਗੋਲੀ ਕਾਂਡ ਤੇ ਬਬਰ ਖਾਲਸਾ ਦੀ ਮੁਹਿੰਮ ਦਾ ਪਹਿਲਾ ਡਰਾਪ-ਸੀਨ

ਬਬਰਾਂ ਦੇ ਜਥੇ ਬਾਰੇ ਪਤਾ ਲੱਗਣ ਮਗਰੋਂ ਪੁਲੀਸ ਇੰਸਪੈਕਟਰ ਪ੍ਰੀਤਮ ਸਿੰਘ ਬਾਜਵੇ ਦੇ ਦਿਲ ਵਿਚ ਖਿਆਲ ਆਇਆ ਕਿ ਜੇ ਉਹ ਇਕੱਲਾ ਹੀ, ਇੱਕ ਦੋ ਸਿਪਾਹੀ ਲੈ ਕੇ, ਤਰਸੇਮ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਕਾਬੂ ਕਰ ਲਵੇ ਤਾਂ ਉਹ ਛੇਤੀ ਹੀ ਡੀ.ਐਸ.ਪੀ. ਬਣ ਜਾਵੇਗਾ। ਇਹ ਸੋਚ ਕੇ ਉਸ ਨੇ ਆਪਣੇ ਨਾਲ ਕੁਝ ਸਿਪਾਹੀ ਲਏ ਅਤੇ ਨਾਲ ਹੀ ਜੱਥੇ ਦਾ ਪਹਿਲੋਂ ਹੀ ਗ੍ਰਿਫ਼ਤਾਰ ਹੋਇਆ ਸੁਰਜੀਤ ਸਿੰਘ ਵੀ ਲੈ ਲਿਆ। *(ਇਕ ਹੋਰ ਸਮੇਂ ਮੁਤਾਬਿਕ ਪੁਲੀਸ ਨੇ ਨਿਹੰਗ ਸਿੰਘ ਵੀ ਆਪਣੇ ਨਾਲ ਲਿਆ ਸੀ। ਇਹ ਨਿਹੰਗ ਤਰਸੇਮ ਸਿੰਘ ਦਾ ਵਾਕਫ਼ ਸੀ। ਇੰਸਪੈਕਟਰ ਬਾਜਵੇ ਨੇ ਨਿਹੰਗ ਸਿੰਘ ਨੂੰ ਇਹ ਲਾਰਾ ਲਾਇਆ ਸੀ ਕਿ ਉਹ ਤਰਸੇਮ ਸਿੰਘ ਦੀ ਮਦਦ ਕਰਨੀ ਚਾਹੁੰਦਾ ਹੈ। ਪਰ ਜਦੋਂ ਨਿਹੰਗ ਸਿੰਘ ਨੂੰ ਬਾਜਵੇ ਦੀ ਸਾਜ਼ਿਸ਼ ਦਾ ਪਤਾ ਲੱਗਾ ਤਾਂ ਪਿੰਡ ਦਹੇੜੂ ਪਹੁੰਚਣ ਮਗਰੋਂ ਉਹ ਵਿੱਟਰ ਗਿਆ)।*

WWW.SIKHBOOKCLUB.COM

ਜਦੋਂ ਪੁਲੀਸ ਪਾਰਟੀ ਦਹੇਡੂ ਪਹੁੰਚੀ ਤਾਂ ਬਾਜਵਾ ਤੇ ਸਿਪਾਹੀ ਸੂਰਤ ਸਿੰਘ ਭਾਈ ਅਮਰਜੀਤ ਸਿੰਘ ਦੇ ਘਰ ਵੜ ਕੇ ਸਿੱਧਾ ਪੌੜੀਆਂ ਚੜ੍ਹਨ ਲੱਗ ਪਏ। ਚੁਬਾਰੇ ਵਿਚ ਬੈਠੇ ਤਰਸੇਮ ਸਿੰਘ ਨੂੰ ਇਸ ਦਾ ਪਤਾ ਲੱਗ ਗਿਆ। ਉਸ ਨੇ ਬਾਜਵੇ ਨੂੰ ਪਿੱਛੇ ਮੁੜਣ ਤੇ ਆਪਣੀ ਜਾਣ ਬਚਾਉਣ ਵਾਸਤੇ ਆਖਿਆ। ਜਦੋਂ ਬਾਜਵਾ ਤੇ ਸੂਰਤ ਸਿੰਘ ਨਾ ਰੁਕੇ ਤਾਂ ਚੌਬਾਰੇ ਵਿਚੋਂ ਆਉਣ ਵਾਲੀਆਂ ਗੋਲੀਆਂ ਨੇ ਇਹ ਦੋਵੇਂ ਪੁਲਸੀਏ, ਥਾਂਏਂ ਹੀ ਮਾਰ ਦਿੱਤੇ। ਇਸ ਤੋਂ ਬਾਅਦ ਚੋਬਾਰੇ ਵਾਲੇ ਖਾੜਕੂ ਚੁੱਪਚਾਪ ਪਿੰਡੋਂ ਨਿਕਲ ਕੇ ਗ਼ਾਇਬ ਹੋ ਗਏ।

(ਇਸ ਕਾਂਡ ਮਗਰੋਂ ਪੁਲੀਸ ਨੇ ਐਫ਼.ਆਈ.ਆਰ. ਦਰਜ ਕਰ ਕੇ ਮਾਲਕ ਮਕਾਨ ਅਮਰਜੀਤ ਸਿੰਘ ਦਹੇਡੂ ਦੀ ਘਰਵਾਲੀ ਬੀਬੀ ਨੱਛਤਰ ਕੌਰ ਅਤੇ ਸੁਰਜੀਤ ਸਿੰਘ ਨੂੰ ਵੀ ਇਸ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਇਨ੍ਹਾਂ ਦੋਹਾਂ ਨੂੰ ਬਾਕੀ ਕਤਲਾਂ ਵਿਚ ਵੀ ਸ਼ਾਮਿਲ ਕਰ ਲਿਆ। ਦੂਜੇ ਸ਼ਾਮਿਲ ਕੀਤੇ ਸਿੰਘ ਸਨ: ਜਥੇਦਾਰ ਤਲਵਿੰਦਰ ਸਿੰਘ (ਬਾਨੀ ਬਬਰ ਖਾਲਸਾ), ਤਰਸੇਮ ਸਿੰਘ, ਵਧਾਵਾ ਸਿੰਘ, ਅਮਰਜੀਤ ਸਿੰਘ ਦਹੇਡੂ ਅਤੇ ਫ਼ਰੀਦਕੋਟ ਦੇ ਤਿੰਨ ਪੁਲੀਸ ਮੁਲਾਜ਼ਮ: ਅਮਰਜੀਤ ਸਿੰਘ, ਗੁਰਨਾਮ ਸਿੰਘ, ਸੇਵਾ ਸਿੰਘ ਵਗ਼ੈਰਾ)।

ਦਹੇਡੂ ਗੋਲੀ ਕਾਂਡ ਮਗਰੋਂ ਇਸ ਬਬਰ ਜਥੇ ਦੇ ਮੈਂਬਰਾਂ ਨੂੰ ਇਹ ਪਤਾ ਲੱਗ ਗਿਆ ਸੀ ਕਿ ਉਨ੍ਹਾਂ ਦੇ ਸਾਰੇ ਰਾਜ਼ ਪੁਲੀਸ ਨੂੰ ਮਿਲ ਚੁਕੇ ਸਨ। ਇਸ ਤੋਂ ਇਲਾਵਾ ਪੁਲੀਸ ਨੇ ਜਥੇ ਦੇ ਬਹੁਤੇ ਮੈਂਬਰਾਂ ਦੇ ਨਾਂ, ਪਤੇ ਅਤੇ ਕੁਝ ਦੀਆਂ ਤਸਵੀਰਾਂ ਸਮੇਤ ਇਕ ਇਸ਼ਤਿਹਾਰ ਛਾਪ ਕੇ ਸਾਰੇ ਪਾਸੇ ਦੀਵਾਰਾਂ ਅਤੇ ਹੋਰ ਅਹਿਮ ਥਾਂਵਾਂ 'ਤੇ ਚਿਪਕਾ ਦਿੱਤਾ। ਇਸ ਇਸ਼ਤਿਹਾਰ ਵਿਚ ਇਨ੍ਹਾਂ 13 ਸਿੱਖਾਂ ਦੇ ਸਿਰਾਂ ਦੇ ਈਨਾਮ ਰੱਖ ਦਿੱਤੇ ਗਏ ਸਨ। ਤਕਰੀਬਨ ਸਾਰਿਆਂ ਵਾਸਤੇ 10 ਹਜ਼ਾਰ ਤੋਂ 50 ਹਜ਼ਾਰ ਰੁਪਏ ਤਕ ਦੇ ਈਨਾਮ ਰੱਖੇ ਗਏ ਸਨ। (ਮਗਰੋਂ ਕਈਆਂ ਦਾ ਈਨਾਮ ਇਕ ਲੱਖ ਰੁਪਏ ਤਕ ਵਧਾ ਦਿੱਤਾ ਗਿਆ)। ਹੁਣ ਇਸ ਜਥੇ ਦੇ ਸਾਰੇ ਮੈਂਬਰ ਰੂਪੋਸ਼ ਹੋ ਗਏ। ਜਥੇਦਾਰ ਤਲਵਿੰਦਰ ਸਿੰਘ ਕੈਨੇਡਾ ਪਹੁੰਚ ਗਿਆ। ਤਰਸੇਮ ਸਿੰਘ ਅਤੇ ਵਧਾਵਾ ਸਿੰਘ ਵੀ ਨੇਪਾਲ, ਡੈਨਮਾਰਕ ਹੁੰਦੇ ਹੋਏ ਹਾਲੈਂਡ ਪਹੁੰਚ ਗਏ। (ਮਗਰੋਂ 1984 ਵਿਚ ਵਧਾਵਾ ਸਿੰਘ ਪਾਕਿਸਤਾਨ ਚਲਾ ਗਿਆ)। ਭਾਈ ਅਮਰਜੀਤ ਸਿੰਘ ਦਹੇਡੂ ਦਰਬਾਰ ਸਾਹਿਬ ਪਹੁੰਚ ਗਿਆ। (ਉਸ ਨੂੰ 1982 ਵਿਚ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਕਪੂਰਥਲੇ ਦੇ ਨੇੜੇ ਮਾਰ ਦਿੱਤਾ ਗਿਆ)। ਫ਼ਰੀਦਕੋਟ ਦੇ ਤਿੰਨਾਂ ਪੁਲੀਸ ਮੁਲਾਜ਼ਮਾਂ ਦਾ ਵੀ ਕੋਈ ਪਤਾ ਨਾ ਲੱਗ ਸਕਿਆ। ਇਸੇ ਤਰ੍ਹਾਂ ਨਿਹੰਗ ਸਿੰਘ ਵੀ ਰੂਪੋਸ਼ ਹੋ ਗਿਆ।

(ਬਾਅਦ ਵਿਚ ਜਥੇਦਾਰ ਤਲਵਿੰਦਰ ਸਿੰਘ ਅਤੇ ਤਰਸੇਮ ਸਿਘ ਕਾਲਜ਼ ਸੰਧਾ ਤੇ ਵਧਾਵਾ ਸਿੰਘ ਸੰਧੂ ਚੱਠਾ ਵਿਚ ਤਫ਼ੱਰਕਾਤ ਆ ਗਏ। ਇਸ ਨਾਲ ਜਥੇਬੰਦੀ ਦੇ ਬਹੁਤ ਸਾਰੇ ਰਾਜ਼ ਬਾਹਰ ਆਏ, ਨਾਲ ਹੀ ਬਦਨਾਮੀ ਵੀ ਹੱਦ ਦਰਜੇ ਦੀ ਹੋਈ। ਇਨ੍ਹਾਂ ਤਫ਼ੱਰਕਾਤ ਦਾ ਮੂਲ ਜਿੱਥੇ ਕੁਝ ਮੈਂਬਰਾਂ, ਖ਼ਾਸ ਕਰ ਕੇ ਸਤਨਾਮ ਸਿੰਘ ਤੇ ਤਰਸੇਮ

WWW.SIKHBOOKCLUB.COM

ਸਿੰਘ, ਦੀ ਇਖ਼ਲਾਕੀ ਕਮਜ਼ੋਰੀ ਸੀ, ਉੱਥੇ ਇਨ੍ਹਾਂ ਅਤੇ ਯੂਰਪ ਦੇ ਕੁਝ ਬੰਦਿਆਂ ਦਾ ਸਾਜ਼ਸ਼ੀ/ਸ਼ਰਾਰਤੀ/ਈਰਖਾਲੂ ਰੋਲ ਵੀ ਜ਼ਿੰਮੇਦਾਰ ਸੀ। ਇਨ੍ਹਾਂ ਵਿਚ ਜਸਵੰਤ ਸਿੰਘ ਠੇਕੇਦਾਰ, ਜਗਜੀਤ ਸਿੰਘ ਚੌਹਾਨ, ਗੁਰਮੇਜ ਸਿੰਘ ਗਿੱਲ ਵਗ਼ੈਰਾ ਮੁਖ ਸਨ। ਇਸੇ ਈਰਖਾ ਕਾਰਨ 1983 ਵਿਚ ਜਥੇਦਾਰ ਤਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਵਾਇਆ ਗਿਆ ਸੀ। ਜਥੇਦਾਰ ਤਲਵਿੰਦਰ ਸਿੰਘ ਮੁਤਾਬਿਕ ਉਸ ਦੀ ਗ੍ਰਿਫ਼ਤਾਰੀ ਤਰਸੇਮ ਸਿੰਘ ਤੇ ਸਤਨਾਮ ਸਿੰਘ ਨੇ ਕਰਵਾਈ ਸੀ ਕਿਉਂ ਕਿ ਉਸ ਵੱਲੋਂ ਜਰਮਨ ਜਾਣ ਦਾ ਸਿਰਫ਼ ਇਨ੍ਹਾਂ ਦੋਹਾਂ ਅਤੇ ਵਧਾਵਾ ਸਿੰਘ ਤੋਂ ਸਿਵਾ ਕਿਸੇ ਨੂੰ ਵੀ ਪਤਾ ਨਹੀਂ ਸੀ)।

ਖੈਰ, ਦਹੇੜੂ ਕਾਂਡ ਅਤੇ ਮਗਰੋਂ ਬਬਰਾਂ ਦੇ ਰੂਪੋਸ਼ ਹੋ ਜਾਣ ਨਾਲ ਬਬਰ-ਖਾਲਸਾ ਦੇ ਐਕਸ਼ਨਾਂ ਦਾ ਪਹਿਲਾ ਡਰਾਪ-ਸੀਨ ਆ ਗਿਆ, ਪਰ ਇਹ ਇਕ ਇੰਟਰਵਲ ਸੀ, ਅਖੀਰ ਨਹੀਂ ਸੀ।

ਖਾੜਕੂਆਂ ਦੇ ਟੱਬਰਾਂ ਉੱਤੇ ਜ਼ੁਲਮ

ਪੰਜਾਬ, ਚੰਡੀਗੜ੍ਹ ਅਤੇ ਦਿੱਲੀ ਵਿਚ ਨਿਰੰਕਾਰੀਆਂ ਨੂੰ ਮਾਰਨ ਵਾਲੇ ਖਾੜਕੂਆਂ ਵਿਚੋਂ ਜਦੋਂ ਕੋਈ ਵੀ ਪੁਲੀਸ ਦੇ ਹੱਥ ਨਾ ਆ ਸਕਿਆ ਤਾਂ ਸਰਕਾਰ ਨੇ ਛਿੱਥੇ ਪੈ ਕੇ ਇਨ੍ਹਾਂ ਦੇ ਟੱਬਰਾਂ ਉੱਤੇ ਜ਼ੁਲਮ ਕਰਨਾ ਸ਼ੁਰੂ ਕਰ ਦਿੱਤਾ। ਜ਼ਿਆਦਾ ਜ਼ੁਲਮ ਵਧਾਵਾ ਸਿੰਘ (ਸੰਧੂ ਚੱਠਾ), ਤਰਸੇਮ ਸਿੰਘ (ਕਾਲਾ ਸੰਘਾ) ਅਤੇ ਤਲਵਿੰਦਰ ਸਿੰਘ (ਪਾਂਛਟਾ) ਦੇ ਟੱਬਰਾਂ ਉੱਤੇ ਹੋਇਆ। ਇਨ੍ਹਾਂ ਤਿੰਨਾਂ ਸਿੰਘਾਂ ਦੇ ਘਰ ਢਾਹ ਅਤੇ ਸਾੜ ਦਿੱਤੇ ਗਏ, ਘਰਾਂ ਦਾ ਸਮਾਨ ਪੁਲੀਸ ਚੁੱਕ ਕੇ ਲੈ ਗਈ, ਔਰਤਾਂ ਅਤੇ ਬੱਚਿਆਂ ਨੂੰ ਮਹੀਨਿਆਂ-ਬੱਧੀ ਨਾਜਾਇਜ਼ ਹਿਰਾਸਤ ਵਿਚ ਰੱਖਿਆ ਅਤੇ ਗ਼ੈਰ-ਇਨਸਾਨੀ ਤਸੀਹੇ ਦਿੱਤੇ ਗਏ। ਤਲਵਿੰਦਰ ਸਿੰਘ ਦੇ 80 ਸਾਲਾ ਬਾਪ ਜਮੀਅਤ ਸਿੰਘ ਦੀ ਦਾੜ੍ਹੀ ਪੁੱਟੀ ਗਈ ਅਤੇ ਕੁੱਟ ਮਾਰ ਕੀਤੀ ਗਈ। ਵਧਾਵਾ ਸਿੰਘ ਦੇ ਬਾਪ ਨਾਜ਼ਰ ਸਿੰਘ, ਚਚੇਰੇ ਭਰਾਵਾਂ ਪਰਤਾਪ ਸਿੰਘ (13 ਸਾਲ) ਤੇ ਅੱਛਰ ਸਿੰਘ (10 ਸਾਲ), ਚਾਚਾ ਦਲੀਪ ਸਿੰਘ, ਬੀਵੀ ਨਿਰਮਲ ਕੌਰ, ਬੱਚੀ (3 ਸਾਲ), ਬੱਚਾ (ਡੇਢ ਸਾਲ), ਸੱਜਣ ਸਿੰਘ, ਸ਼ਿੰਗਾਰਾ ਸਿੰਘ ਵਗ਼ੈਰਾ ਨੂੰ ਹਫ਼ਤਿਆਂ ਬੱਧੀ ਨਾਜਾਇਜ਼ ਹਿਰਾਸਤ ਵਿਚ ਰੱਖਿਆ ਗਿਆ। ਵਧਾਵਾ ਸਿੰਘ ਦੇ ਗੁਆਂਢੀ ਰੇਸ਼ਮ ਸਿੰਘ ਦੇ ਘਰ ਵੀ ਪੁਲੀਸ ਨੇ ਛਾਪਾ ਮਾਰਿਆ ਅਤੇ ਉਸ ਦੇ ਘਰ ਦਾ ਸਮਾਨ ਲੁੱਟਣ ਮਗਰੋਂ ਪੁਲੀਸ ਨੇ ਉਹ ਘਰ ਵੀ ਢਾਹ ਦਿੱਤਾ। ਇਸੇ ਤਰ੍ਹਾਂ ਤਰਸੇਮ ਸਿੰਘ ਦੇ ਸਹੁਰੇ ਗੱਜਣ ਸਿੰਘ ਤੇ ਸਾਲੇ ਜਸਵੀਰ ਸਿੰਘ ਨੂੰ ਵੀ ਪੁਲੀਸ ਨੇ ਨਾਜਾਇਜ਼ ਹਿਰਾਸਤ ਵਿਚ ਰੱਖਿਆ। ਤਰਸੇਮ ਸਿੰਘ ਦੇ ਬਾਪ ਮਹਿੰਗਾ ਸਿੰਘ, ਮਾਂ ਸੁਰਜੀਤ ਕੌਰ, ਚਾਚੀ ਚੰਨਣ ਕੌਰ, ਬੀਵੀ ਤੇ ਤਿੰਨ ਬੱਚਿਆਂ ਨੂੰ ਵੀ ਕਈ ਹਫ਼ਤੇ ਨਾਜਾਇਜ਼ ਹਿਰਾਸਤ ਵਿਚ ਰੱਖਿਆ ਗਿਆ। ਤਰਸੇਮ ਸਿੰਘ ਦੀ ਜ਼ਮੀਨ ਵਾਹੁਣ ਦੇ 'ਜੁਰਮ' ਵਿਚ ਪਿੰਡ ਦੇ ਦੋ ਸਿੱਖ ਬਿੱਕਰ ਸਿੰਘ ਤੇ ਦੀਦਾਰ ਸਿੰਘ ਪੁਲੀਸ ਨੇ ਗ੍ਰਿਫ਼ਤਾਰ ਕਰ ਲਏ। ਸਿੱਖਾਂ ਉੱਪਰ ਜ਼ੁਲਮ ਕਰਨ ਦੀ ਜ਼ਿੰਮੇਵਾਰੀ ਐਸ.ਪੀ. ਪੁਲੀਸ ਆਰ. ਕੇ. ਗੁਪਤਾ ਦੀ ਸੀ।

WWW.SIKHBOOKCLUB.COM

(ਇਹ ਟੱਬਰ ਪੁਲੀਸ ਨੇ 55 ਦਿਨਾਂ ਦੀ ਨਾਜਾਇਜ਼ ਹਿਰਾਸਤ ਮਗਰੋਂ 9 ਜਨਵਰੀ ਨੂੰ 'ਰਿਹਾ' ਕੀਤੇ।) ਮਗਰੋਂ ਜਸਟਿਸ ਤਾਰਕੁੰਡੇ ਕਮਿਸ਼ਨ ਨੇ ਇਸ ਜ਼ੁਲਮ ਦੀ ਤਸਦੀਕ ਵੀ ਕੀਤੀ।

ਅਕਾਲੀ ਦਲ ਵੱਲੋਂ ਮਜ਼ਲੂਮਾਂ ਦੀ ਮਦਦ

ਜਦੋਂ ਪੁਲੀਸ ਨੇ ਸਿੱਖਾਂ ਦੇ ਘਰਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਉੱਤੇ ਜ਼ੁਲਮ ਸ਼ੁਰੂ ਕੀਤਾ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਵੀ ਅਕਲਮੰਦੀ ਤੋਂ ਕੰਮ ਲਿਆ। ਜਿਹੜੇ ਘਰ ਪੁਲੀਸ ਨੇ ਸਾੜੇ ਅਤੇ ਢਾਹੇ ਸਨ, ਦਲ ਨੇ ਉਹ ਸਾਰੇ ਨਵੇਂ ਬਣਵਾ ਦਿੱਤੇ। ਇਸ ਤੋਂ ਇਲਾਵਾ ਇਨ੍ਹਾਂ ਖਾੜਕੂਆਂ ਨਾਲ ਸਬੰਧਤ ਪਿੰਡਾਂ ਕੋਹਾੜਕਾ, ਪਾਂਛਟਾ, ਸੰਧੂ ਚੱਠਾ, ਕਾਲਾ ਸੰਘਾ, ਵਲਟੋਹਾ, ਖੇਮਕਰਨ, ਮਨਿਹਾਲਾ, ਦਹੇੜੂ ਵਿਚ ਕਾਨਫ਼ਰੰਸਾਂ ਕਰ ਕੇ ਸਰਕਾਰੀ ਜ਼ੁਲਮ ਦੀ ਨਿੰਦਾ ਵੀ ਕੀਤੀ।

ਚੌਕ ਮਹਿਤਾ ਵਿਚ ਬੰਬ

ਉਧਰ ਪਹਿਲੀ ਨਵੰਬਰ 1981 ਨੂੰ ਭਿੰਡਰਾਂਵਾਲੇ ਨੇ ਐਲਾਨ ਕੀਤਾ ਕਿ 'ਜਦੋਂ ਤੱਕ ਡੀ.ਆਰ. ਭੱਟੀ ਅਤੇ ਡੀ.ਆਈ.ਜੀ. ਮਾਂਗਟ ਨੂੰ ਸਾਡੇ ਹਵਾਲੇ ਨਹੀਂ ਕੀਤਾ ਜਾਂਦਾ ਉਦੋਂ ਤੱਕ ਸਮਝੌਤੇ ਜਾਂ ਅਮਨ ਦਾ ਸਵਾਲ ਹੀ ਨਹੀਂ ਉਠਦਾ।'

29 ਨਵੰਬਰ 1981 ਨੂੰ ਭਿੰਡਰਾਂਵਾਲਿਆਂ ਦੇ ਚੌਕ ਮਹਿਤਾ ਵਾਲੇ ਡੇਰੇ ਵਿਚ ਇਕ ਬੰਬ ਫਟ ਗਿਆ ਜਿਸ ਨਾਲ ਤਿੰਨ ਸਿੱਖਾਂ ਜਸਵੰਤ ਸਿੰਘ, ਸੁਖਮਿੰਦਰ ਸਿੰਘ ਅਤੇ ਗੱਜਣ ਸਿੰਘ ਦੀ ਮੌਤ ਹੋ ਗਈ। ਡੇਰੇ ਦੇ ਮੈਨੇਜਰ ਨੇ ਇਲਜ਼ਾਮ ਲਾਇਆ ਕਿ ਇਹ ਬੰਬ ਨਿਰੰਕਾਰੀਆਂ ਨੇ ਪਲਾਂਟ ਕੀਤਾ ਸੀ ਪਰ ਅਸਲੀਅਤ ਇਹ ਹੈ ਕਿ ਇਹ ਬੰਬ ਡੇਰੇ ਦਾ ਆਪਣਾ ਸੀ (ਜਾਂ ਤਾਂ ਇਹ ਉੱਥੇ ਤਿਆਰ ਕੀਤਾ ਗਿਆ ਸੀ ਜਾਂ ਕਿਸੇ ਐਕਸ਼ਨ ਵਾਸਤੇ ਉੱਥੇ ਲਿਆਂਦਾ ਗਿਆ ਸੀ)।

ਹਰਸਿਮਰਨ ਸਿੰਘ ਗ੍ਰਿਫ਼ਤਾਰ

ਦਲ ਖਾਲਸਾ ਦੇ ਰੂਪੋਸ਼ ਆਗੂ ਵੀ ਹੁਣ ਆਪਣੀਆਂ ਕਾਰਵਾਈਆਂ ਲੁਕ ਛਿਪ ਕੇ ਕਰ ਰਹੇ ਸਨ। ਦਲ ਦੇ ਇਕ ਮੁਖ ਪੰਚ ਹਰਸਿਮਰਨ ਸਿੰਘ ਨੇ ਇਨ੍ਹੀਂ ਦਿਨੀਂ ਇਕ ਇਸ਼ਤਿਹਾਰ ਕੱਢਿਆ ਜਿਸ ਵਿਚ ਇਹ ਆਖਿਆ ਗਿਆ ਸੀ ਕਿ 'ਪੁਲੀਸ ਅਤੇ ਫ਼ੌਜ ਵਿਚ ਬੈਠੇ ਸਿੱਖ ਸਰਕਾਰ ਦੇ ਉਹ ਹੁਕਮ ਨਾ ਮੰਨਿਆ ਕਰਨ ਜਿਨ੍ਹਾਂ ਨਾਲ ਸਿੱਖਾਂ ਦਾ ਨੁਕਸਾਨ ਹੁੰਦਾ ਹੋਵੇ।' ਇਹ ਬਗ਼ਾਵਤ ਦਾ ਐਲਾਨ-ਨਾਮਾ ਜਿਹਾ ਸੀ। ਇਸ ਕਰ ਕੇ ਪੁਲੀਸ ਹਰਸਿਮਰਨ ਸਿੰਘ ਦੇ ਪਿੱਛੇ ਬੁਰੀ ਤਰ੍ਹਾਂ ਪਈ ਹੋਈ ਸੀ ਪਰ ਉਹ ਹੱਥ ਨਹੀਂ ਸੀ ਆ ਰਿਹਾ। ਅਖ਼ੀਰ ਇਕ ਰਾਜ਼ਦਾਰ ਦੀ ਗ਼ਦਾਰੀ ਕਾਰਨ ਉਹ 12 ਜਨਵਰੀ 1982 ਨੂੰ ਮੋਹਾਲੀ ਵਿਚੋਂ ਹਰਿੰਦਰਪਾਲ ਸਿੰਘ ਦੇ ਘਰੋਂ ਗ੍ਰਿਫ਼ਤਾਰ ਕਰ

WWW.SIKHBOOKCLUB.COM

ਲਿਆ ਗਿਆ। ਪਾਰਟੀ ਦਾ ਇਕ ਵਰਕਰ (ਜਸਵੰਤ ਸਿੰਘ ਠੇਕੇਦਾਰ) ਉੱਥੋਂ ਸਿਰਫ਼ ਅੱਧਾ ਘੰਟਾ ਪਹਿਲੋਂ ਹੀ ਉੱਠ ਕੇ ਗਿਆ ਸੀ।

ਦਰਬਾਰੇ 'ਤੇ ਹਮਲਾ

ਸਿੱਖਾਂ ਉੱਤੇ ਜ਼ੁਲਮ ਦੇ ਖ਼ਿਲਾਫ਼ ਆਮ ਲੋਕਾਂ ਵਿਚ ਵੀ ਰੋਹ ਫੈਲ ਰਿਹਾ ਸੀ ਤੇ ਇਕ ਨਿੰਮ੍ਹਾ ਜਿਹਾ ਪਰੋਟੈਸਟ ਕਰਨ ਹਿੱਤ ਨੰਗਲ ਜਾਡਲਾ ਦੇ ਇਕਬਾਲ ਸਿੰਘ ਨੇ ਪੰਜਾਬ ਦੇ ਚੀਫ਼ ਮਨਿਸਟਸਰ ਦਰਬਾਰਾ ਸਿੰਘ ਦੀ ਪਾਂਛਟਾ ਫੇਰੀ ਦੌਰਾਨ ਉਸ ਦੀ ਧੌਣ 'ਤੇ ਇਕ ਜ਼ਬਰਦਸਤ ਧੌਲ ਮਾਰੀ। ਇਸ ਨਾਲ ਦਰਬਾਰੇ ਦੀ ਪੱਗ ਡਿੱਗ ਪਈ ਅਤੇ ਨੱਕ ਵਿਚੋਂ ਖ਼ੂਨ ਵਗਣ ਲੱਗ ਪਿਆ। ਦਰਬਾਰੇ ਉੱਤੇ ਇਹ ਪਹਿਲਾ ਹਮਲਾ ਸੀ। ਪੁਲੀਸ ਨੇ ਹਮਲਾਵਰ ਨੂੰ ਬੁਰੀ ਤਰ੍ਹਾਂ ਕੁੱਟਿਆਂ ਅਤੇ ਉਸ 'ਤੇ ਕਈ ਕੇਸ ਪਾ ਦਿੱਤੇ।

ਨਿਰੰਕਾਰੀਆਂ ਨਾਲ ਸਮਝੌਤਾ ਕਰਵਾਉਣ ਦੀਆਂ ਕੋਸ਼ਿਸ਼ਾਂ

ਜਦੋਂ ਖਾੜਕੂਆਂ ਵੱਲੋਂ ਨਿਰੰਕਾਰੀਆਂ 'ਤੇ ਹਮਲਿਆਂ ਨੇ ਉਨਾਂ ਦੇ ਘਰਾਂ ਵਿਚ ਮਾਤਮ ਵਿਛਾ ਦਿੱਤਾ ਤਾਂ ਇਨ੍ਹਾਂ ਦੇ ਮੁਖੀ ਹਰਦੇਵ 'ਭੋਲਾ' ਨੇ ਕਈ 'ਯਾਰਾਂ' ਦੇ ਪੈਰ ਫੜੇ। ਇਨ੍ਹਾਂ ਵਿਚ ਹਰਚੰਦ ਸਿੰਘ ਕਾਂਗਰਸੀ ਐਮ.ਐਲ.ਏ. (ਨਰਿੰਜਨ ਸਿੰਘ ਨਿਰੰਕਾਰੀ ਦਾ ਸਹੁਰਾ) ਖਾਸ ਸੀ। ਇਸ ਤੋਂ ਬਾਦਲ ਅਤੇ ਸੁਰਜੀਤ ਬਰਨਾਲੇ ਦੇ ਨਜ਼ਦੀਕੀ ਇਲਾਵਾ ਕੁਝ ਸਿੱਖ ਵੀ ਹਰਦੇਵ ਭੋਲੇ ਨੂੰ ਮਿਲੇ ਅਤੇ ਨਿਰੰਕਾਰੀ ਕਿਤਾਬਾਂ ਵਿਚੋਂ ਕਾਬਲੇ-ਇਤਰਾਜ਼ ਲਾਈਨਾਂ ਅਤੇ ਪੈਰੇ ਕੱਢਣ ਦਾ ਵਾਅਦਾ ਕਰਵਾਇਆ। ਇਨ੍ਹਾਂ ਵਿਚ ਕਰਨਲ ਪਰਤਾਪ ਸਿੰਘ ਗਿੱਲ ਅਤੇ ਮਨਜੀਤ ਸਿੰਘ ਖੈਰਾ ਵਕੀਲ (ਚੰਡੀਗੜ੍ਹ) ਵੀ ਸ਼ਾਮਿਲ ਹਨ। *(ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਮੁਤਾਬਿਕ ਨਰਕਧਾਰੀਆਂ ਨਾਲ ਤਆਲੁਕ ਰੱਖਣ ਵਾਲੇ ਸਿੱਖ ਨਹੀਂ ਹੋ ਸਕਦੇ। ਉਂਞ ਇਨ੍ਹਾਂ ਨੇ ਅਕਾਲ ਤਖਤ 'ਤੇ ਪੇਸ਼ ਹੋ ਕੇ ਨਿਰੰਕਾਰੀ ਨੂੰ ਮਿਲਣ ਦੇ ਗੁਨਾਹ ਦੀ ਕਦੇ ਵੀ ਤਨਖ਼ਾਹ ਵੀ ਨਹੀਂ ਲੁਆਈ।)*

ਇਨ੍ਹਾਂ ਨੇ ਹਰਦੇਵ ਭੋਲਾ ਕੋਲੋਂ ਇਕ ਚਿੱਠੀ ਵੀ ਲਿਖਵਾਈ। 13 ਦਸੰਬਰ 1981 ਦੇ ਦਿਨ ਲਿਖੀ ਚਿੱਠੀ ਦੀ ਇਬਾਰਤ ਇਹ ਸੀ:

1. ਅਸੀਂ ਸਿੱਖ ਗੁਰੂ ਸਾਹਿਬਾਨ ਨੂੰ ਰੱਬੀ ਅਵਤਾਰ ਮੰਨਦੇ ਹਾਂ ਅਤੇ ਉਨ੍ਹਾਂ ਪ੍ਰਤੀ ਸਾਡੀਆਂ ਭਾਵਨਾਵਾਂ ਸ਼ਰਧਾ ਨਾਲ ਭਰਪੂਰ ਹਨ।

2. ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਧੁਰ ਕੀ ਬਾਣੀ ਮੰਨਦੇ ਹਾਂ ਤੇ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਵਿਚ ਕੋਈ ਵੀ ਬੁਰੀ ਭਾਵਨਾ ਮਨ ਵਿਚ ਨਹੀਂ ਰੱਖਦੇ ਤੇ ਨਾ ਹੀ ਇਸ ਕਿਸਮ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਾਂ। ਅਸੀਂ ਸਿੱਖ ਪ੍ਰੰਪਰਾ ਤੇ ਮਰਿਆਦਾ ਦਾ ਪੂਰਾ ਆਦਰ ਕਰਦੇ ਹਾਂ, ਉਨ੍ਹਾਂ ਬਾਰੇ ਮੰਦੇ ਸ਼ਬਦਾਂ ਦੀ ਵਰਤੋਂ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

WWW.SIKHBOOKCLUB.COM

3. ਨਿਰੰਕਾਰੀ ਮਿਸ਼ਨ ਦੀਆਂ ਪੁਸਤਕਾਂ, ਅਵਤਾਰ ਬਾਣੀ ਤੇ ਯੁਗ ਪੁਰਸ਼ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਸਤੇ ਨਹੀਂ ਲਿਖੀਆਂ ਗਈਆਂ ਪਰ ਫੇਰ ਵੀ ਜੇ ਕੁਝ ਗੱਲਾਂ ਸਿੱਖ ਸੰਗਤਾਂ ਨੂੰ ਇਤਰਾਜ਼ਯੋਗ ਲਗਦੀਆਂ ਹਨ ਤਾਂ ਉਨ੍ਹਾਂ ਦੀ ਸ਼ੁੱਧੀ ਵਿਚ ਫ਼ੈਸਲਾ ਦੋਹਾਂ ਧਿਰਾਂ ਦੀ ਸਾਂਝੀ ਕਮੇਟੀ ਕਰ ਦੇਵੇਗੀ।

ਦਾਸ ਨੂੰ ਆਸ ਹੈ ਕਿ ਉਪਰੋਕਤ ***ਸਪਸ਼ਟੀਕਰਨ*** *ਤੋਂ ਬਾਅਦ ਆਪ ਸਿੱਖ ਸੰਗਤਾਂ ਅਤੇ ਨਿਰੰਕਾਰੀਆਂ ਵਿਚਕਾਰ ਪੈਦਾ ਹੋਏ ਮਤਭੇਦਾਂ ਨੂੰ ਸਮਾਪਤ ਕਰਨ ਵਿਚ ਸਫ਼ਲ ਹੋਵੋਗੇ।* *-ਹਰਦੇਵ ਸਿੰਘ*

ਜਦ ਇਸ ਚਿੱਠੀ ਦਾ ਚਰਚਾ ਪ੍ਰੈਸ ਵਿਚ ਚਲਿਆ ਤਾਂ ਬਹੁਤ ਸਾਰੇ ਵਿਦਵਾਨਾਂ ਨੇ ਜਥੇਦਾਰ ਅਜਨੋਹਾ ਨੂੰ ਮਿਲ ਕੇ ਕਿਹਾ ਕਿ ਜੇ ਉਸ ਨੇ ਇਸ ਚਿੱਠੀ ਦੇ ਅਧਾਰ 'ਤੇ ਨਿਰੰਕਾਰੀਆਂ ਨਾਲ ਕੋਈ ਸਮਝੌਤਾ ਕੀਤਾ ਜਾਂ ਉਨ੍ਹਾਂ ਨੂੰ ਕੋਈ ਰਿਆਇਤ ਦਿੱਤੀ ਤਾਂ ਇਸ ਦਾ ਮਤਲਬ ਉਨ੍ਹਾਂ ਨੂੰ ਅਕਾਲ ਤਖ਼ਤ ਦਾ ਬਰਾਬਰ ਦੀ ਇਕ ਧਿਰ ਮੰਨਣਾ ਹੋਵੇਗਾ। (ਅਜੀਤ ਸਿੰਘ ਬਾਘਾ, ਹਰਜਿੰਦਰ ਸਿੰਘ ਦਿਲਗੀਰ, ਹਰਪਾਲ ਸਿੰਘ ਪੰਨੂ ਤਾਂ ਜਥੇਦਾਰ ਅਜਨੋਹਾ ਨੂੰ ਕਈ ਵਾਰ ਮਿਲੇ)। ਇਨ੍ਹਾਂ ਨੇ ਜਥੇਦਾਰ ਅਜਨੋਹਾ ਨੂੰ ਇਹ ਵੀ ਕਿਹਾ ਕਿ ਕਿਉਂਕਿ ਪੰਜਾਬ ਵਿਚ ਹੁਣ ਨਿਰੰਕਾਰੀਆਂ ਦੀ ਗਿਣਤੀ ਬਹੁਤ ਘਟਣ ਲਗ ਪਈ ਹੈ ਇਸ ਕਰ ਕੇ ਉਸ ਇਸ ਕਾਰਵਾਈ ਨਾਲ ਇਸ ਘਾਟੇ ਨੂੰ ਠੱਲ੍ਹ ਪਾਉਣਾ ਚਾਹੁੰਦੇ ਹਨ ਤੇ ਉਨ੍ਹਾਂ ਨੂੰ ਸਜ਼ਾ ਲਾ ਕੇ ਮੁਆਫ਼ ਕਰਨ ਦਾ ਵੀ ਮਤਲਬ ਸਿੱਖਾਂ ਨੂੰ ਉਨ੍ਹਾਂ (ਨਿਰੰਕਾਰੀਆਂ) ਵਿਚ ਸ਼ਾਮਿਲ ਹੋਣ ਦੀ ਖੁਲ੍ਹ ਦੇਣਾ ਹੋਵੇਗਾ। ਇਸ ਕਰ ਕੇ ਇਸ ਚਿੱਠੀ ਨੂੰ ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ।

ਇਨ੍ਹੀਂ ਦਿਨੀਂ ਇਕ ਵਾਰ ਕੈਪਟਨ ਅਮਰਿੰਦਰ ਸਿੰਘ ਵੀ ਜਥੇਦਾਰ ਅਜਨੋਹਾ ਨੂੰ ਪਟਿਆਲੇ ਵਿਚ ਮਿਲਿਆ ਅਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਪਰ ਜਥੇਦਾਰ ਨੇ ਉਸ ਨੂੰ ਜਵਾਬ ਦਿੱਤਾ ਕਿ ਜੇ ਪੰਥਕ ਮਸਲੇ ਬਾਰੇ ਗੱਲ ਕਰਨੀ ਹੈ ਤਾਂ ਅਕਾਲ ਤਖਤ ਸਹਿਬ 'ਤੇ ਆ ਕੇ ਕਰੋ। ਇਸ 'ਤੇ ਅਮਰਿੰਦਰ ਸਿੰਘ ਦਸੰਬਰ ਦੇ ਅਖ਼ੀਰ ਵਿਚ ਦਿੱਲੀ ਵਿਚ ਇੰਦਰਾ ਗਾਂਧੀ ਅਤੇ ਜ਼ੈਲ ਸਿੰਘ ਨੂੰ ਮਿਲਣ ਮਗਰੋਂ ਅੰਮ੍ਰਿਤਸਰ ਪੁੱਜਾ। ਉਸ ਦੇ ਨਾਲ ਰਵੀਇੰਦਰ ਸਿੰਘ ਵੀ ਸੀ। **ਅਮਰਿੰਦਰ ਸਿੰਘ ਨੇ ਜਥੇਦਾਰ ਅਜਨੋਹਾ ਨੂੰ ਕਿਹਾ ਕਿ 'ਮੈਂ ਮੈਡਮ (ਇੰਦਰਾ ਗਾਂਧੀ) ਦਾ ਸੁਨੇਹਾ ਲੈ ਕੇ ਆਇਆ ਹਾਂ।' ਇਸ 'ਤੇ ਜਥੇਦਾਰ ਅਜਨੋਹਾ ਨੇ ਕਿਹਾ 'ਕੌਮ ਨੇ ਤੁਹਾਨੂੰ ਮਹਾਰਾਜੇ ਬਣਾਇਆ ਸੀ ਤੁਸੀਂ ਸੁਨੇਹੇ ਲਿਆਉਣ ਵਾਲੇ ਕਦੋਂ ਬਣ ਗਏ।' ਕੁਝ ਪਲ ਦੀ ਚੁੱਪ ਮਗਰੋਂ ਅਮਰਿੰਦਰ ਸਿੰਘ ਨੇ ਨਿਰੰਕਾਰੀ ਦੀ ਚਿੱਠੀ ਦੀ ਗੱਲ ਛੇੜੀ ਤਾਂ ਜਥੇਦਾਰ ਅਜਨੋਹਾ ਨੇ ਟੋਕ ਕੇ ਕਿਹਾ 'ਤੁਸੀਂ ਕਾਂਗਰਸੀ ਹੋ। ਜੋ ਜ਼ੁਲਮ ਦਰਬਾਰਾ ਕਰ ਰਿਹਾ ਹੈ ਉਹ ਜ਼ਕਰੀਆ ਤੇ ਮੀਰ ਮੰਨੂ ਨੇ ਵੀ ਨਹੀਂ ਕੀਤਾ ਸੀ। ਜਾਓ ਪਹਿਲਾਂ ਦਰਬਾਰੇ ਵੱਲੋਂ ਗ੍ਰਿਫ਼ਤਾਰ ਕੀਤੇ ਜਝਾਰੂਆਂ ਦੇ ਪਰਵਾਰਾਂ ਨੂੰ ਰਿਹਾ ਕਰਵਾਓ ਫੇਰ ਮੇਰੇ ਨਾਲ ਗੱਲ ਕਰਨਾ।'** ਇਹ ਜਵਾਬ ਲੈ ਕੇ ਅਮਰਿੰਦਰ ਸਿੰਘ

WWW.SIKHBOOKCLUB.COM

ਦਿੱਲੀ ਚਲਾ ਗਿਆ। ਪਰ ਉਹ ਜਝਾਰੂਆਂ ਦੇ ਪਰਵਾਰਾਂ ਨੂੰ ਰਿਹਾ ਨਾ ਕਰਵਾ ਸਕਿਆ (ਮਗਰੋਂ ਤਾਰਕੁੰਡੇ ਕਮਿਸ਼ਨ ਨੇ ਇਹ ਪਰਿਵਾਰ 9 ਜਨਵਰੀ 1982 ਨੂੰ 55 ਦਿਨ ਦੀ ਨਾਜਾਇਜ਼ ਕੈਦ ਮਗਰੋਂ ਰਿਹਾ ਕਰਵਾਏ)।

ਅਮਰਿੰਦਰ ਸਿੰਘ ਤੋਂ ਇਲਾਵਾ ਹੋਰ ਕਈ ਪਾਸਿਓਂ ਵੀ ਜਥੇਦਾਰ ਅਜਨੋਹਾ 'ਤੇ ਦਬਾਅ ਪੈਂਦੇ ਰਹੇ ਪਰ ਇਸ ਦੌਰਾਨ ਸਿੱਖ ਵਿਦਵਾਨਾਂ ਨੇ ਵੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਿਆ ਤੇ ਅਖ਼ੀਰ ਵਿਦਵਾਨਾਂ ਦੇ ਜ਼ੋਰ ਅਤੇ ਜਥੇਦਾਰ ਅਜਨੋਹਾ ਦੇ ਅੰਦਰ ਦੇ ਸਿੱਖ ਨੇ ਕਾਮਯਾਬੀ ਹਾਸਿਲ ਕੀਤੀ ਅਤੇ **12 ਮਾਰਚ 1982 ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਗੁਰਦਿਆਲ ਸਿਘ ਅਜਨੋਹਾ ਨੇ ਨਿਰੰਕਾਰੀਆਂ ਦੀਆਂ ਸਾਰੀਆਂ ਪੇਸ਼ਕਸ਼ਾਂ ਠੁਕਰਾ ਦਿੱਤੀਆਂ। ਉਸ ਨੇ ਐਲਾਨ ਕੀਤਾ ਕਿ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ 'ਹੁਕਮਨਾਮਾ' ਵਾਪਿਸ ਨਹੀਂ ਹੋ ਸਕਦਾ। ਨਿਰੰਕਾਰੀ ਕੋਈ ਧਿਰ ਨਹੀਂ ਹਨ। ਜਿਸ ਸ਼ਖ਼ਸ ਨੂੰ ਲੋੜ ਹੋਵੇ ਉਹ ਤਖ਼ਤ ਸਾਹਿਬ ਤੇ ਦਰਖ਼ਾਸਤ ਦੇਵੇ, ਤਨਖ਼ਾਹ ਲੁਆਵੇ ਤੇ ਤਨਖ਼ਾਹ ਭੁਗਤੇ ਅਤੇ ਇਸ ਮਗਰੋਂ ਖੰਡੇ ਦੀ ਪਾਹੁਲ ਲੈ ਕੇ ਸਿੱਖੀ ਵਿਚ ਸ਼ਾਮਿਲ ਹੋ ਜਾਵੇ।** (ਅਕਾਲ ਤਖਤ ਸਾਹਿਬ ਤੋਂ ਇਹ ਐਲਾਨ ਜਾਰੀ ਕਰਨ ਤੋਂ 6 ਦਿਨ ਮਗਰੋਂ ਜਥੇਦਾਰ ਅਜਨੋਹਾ 18 ਮਾਰਚ 1982 ਨੂੰ ਚੜ੍ਹਾਈ ਕਰ ਗਏ)।

ਦਾਓਂਕੇ ਵਿਚ ਜ਼ੁਲਮ, ਲੋਕ ਪਾਕਿਸਤਾਨ ਭੱਜ ਗਏ

28 ਫਰਵਰੀ 1982 ਨੂੰ ਪਾਕਿਸਤਾਨੀ ਸਰਹੱਦ ਦੇ ਨਾਲ ਲਗਦੇ ਪਿੰਡ ਦਾਓਂਕੇ ਦੇ ਇਕ ਆਦਮੀ ਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਡੀ.ਆਈ.ਜੀ. ਪੁਲੀਸ ਅਵਤਾਰ ਸਿੰਘ ਅਟਵਾਲ ਦੇ ਹੁਕਮ 'ਤੇ 300 ਪੁਲਸੀਏ ਪਿੰਡ ਪੁੱਜੇ ਅਤੇ ਜੀਤ ਸਿੰਘ ਦੀ ਸੂਹ ਕੱਢਣ ਵਾਸਤੇ ਲੋਕਾਂ ਉੱਤੇ ਬੇਪਨਾਹ ਜ਼ੁਲਮ ਕੀਤਾ। ਇਹ ਸਾਕਾ ਪਹਿਲੀ ਤੇ ਦੋ ਮਾਰਚ ਨੂੰ ਵੀ ਦੋਹਰਾਇਆ ਗਿਆ। ਡਰੇ ਅਤੇ ਸਹਿਮੇ ਲੋਕ ਸਰਹੱਦ ਪਾ ਕਰ ਕੇ ਪਾਕਿਸਤਾਨ ਦੌੜ ਗਏ ਅਤੇ ਕਈ ਦਿਨਾਂ ਮਗਰੋਂ ਵਾਪਿਸ ਮੁੜੇ।

ਇੰਦਰਾ ਦੀ ਅਕਾਲੀਆਂ ਨਾਲ ਗੱਲਬਾਤ

ਭਿੰਡਰਾਂਵਾਲਿਆਂ ਨੂੰ ਰਿਹਾ ਕਰਨ ਦੇ ਨਾਲ-ਨਾਲ ਇੰਦਰਾ ਨੇ ਅਕਾਲੀਆਂ ਨਾਲ ਵੀ ਰਾਬਤਾ ਬਣਾਇਆ। 16 ਅਕਤੂਬਰ ਨੂੰ ਅਕਾਲੀ ਆਗੂਆਂ ਅਤੇ ਇੰਦਰਾ ਵਿਚਕਾਰ ਗਲਬਾਤ ਹੋਈ। ਇਸ ਮਗਰੋਂ 26 ਨਵੰਬਰ 1981 ਨੂੰ ਫੇਰ ਗਲਬਾਤ ਹੋਈ ਪਰ ਦਸੰਬਰ 1981 ਵਿਚ ਇੰਦਰਾ ਨੇ ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਦੇ ਝਗੜੇ ਬਾਰੇ ਆਪਣਾ ਐਂਟੀ-ਪੰਜਾਬ 'ਸਾਲਸੀ ਫ਼ੈਸਲਾ' ਦੇ ਦਿੱਤਾ। ਪੰਜਾਬ ਦੇ ਚੀਫ਼ ਮਨਿਸਟਰ ਦਰਬਾਰਾ ਸਿੰਘ ਨੇ ਇੰਦਰਾ ਦੇ ਦਬਕੇ ਤੋਂ ਡਰ ਕੇ ਚੁੱਪਚਾਪ ਇਸ 'ਤੇ ਦਸਤਖ਼ਤ ਕਰ ਦਿਤੇ। ਇੰਦਰਾ ਦਾ ਐਵਾਰਡ ਪੰਜਾਬ ਨਾਲ ਸਗੋਂ ਹੋਰ ਵੀ ਧੱਕਾ ਸੀ। ਇੰਦਰਾ ਹਰਿਆਣੇ ਦੀਆਂ ਚੋਣਾਂ ਨੂੰ ਮੱਦੇ-ਨਜ਼ਰ

WWW.SIKHBOOKCLUB.COM

ਰਖਦਿਆਂ ਪੰਜਾਬ ਅਤੇ ਸਿੱਖਾਂ ਨਾਲ ਸ਼ਰੇ-ਆਮ ਧੱਕਾ ਕਰ ਰਹੀ ਸੀ। ਇਸ ਦੇ ਬਾਵਜੂਦ ਅਕਾਲੀਆਂ ਦੀ ਇੰਦਰਾ ਨਾਲ 5 ਅਪ੍ਰੈਲ 1982 ਨੂੰ ਫੇਰ ਗੱਲਬਾਤ ਹੋਈ ਪਰ ਪਾਣੀਆਂ ਬਾਰੇ ਉਸ ਦੇ ਐਵਾਰਡ ਤੋਂ ਬਾਅਦ ਇੰਦਰਾ ਦੀ ਨੀਅਤ ਜਗ-ਜ਼ਾਹਿਰ ਹੋ ਚੁੱਕੀ ਸੀ ਇਸ ਕਰ ਕੇ ਇਹ ਗਲਬਾਤ ਫੇਲ੍ਹ ਹੋ ਗਈ। ਹੁਣ ਇੰਦਰਾ ਨੇ ਆਪਣੇ ਧੱਕੇਸ਼ਾਹੀ ਹੁਕਮ ਨੂੰ ਲਾਗੂ ਕਰਨ ਵਾਸਤੇ 8 ਅਪ੍ਰੈਲ 1982 ਦੇ ਦਿਨ ਹਰਿਆਣਾ ਦੇ ਇਕ ਸਰਹੱਦੀ ਪਿੰਡ ਕਪੂਰੀ ਵਿਚ ਸਤਲੁਜ-ਜਮਨਾ ਲਿੰਕ ਨਹਿਰ ਦਾ ਟੱਕ ਵੀ ਲਾਉਣ ਦਾ ਐਲਾਨ ਕਰ ਦਿੱਤਾ। ਇਸ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਦੇ ਖ਼ਿਲਾਫ਼ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ।

ਮਿੱਥੇ ਦਿਨ 8 ਅਪਰੈਲ ਨੂੰ ਇੰਦਰਾ ਨੇ ਕਪੂਰੀ ਪਿੰਡ ਵਿਚ ਇਸ ਨਹਿਰ ਦਾ ਨੀਂਹ-ਪੱਥਰ ਰੱਖਿਆ। ਅਕਾਲੀਆਂ ਨੇ ਇਸੇ ਦਿਨ ਨੇੜੇ ਦੇ ਇੱਕ ਪਿੰਡ ਘਨੌਰ ਵਿਚ ਮੁਜ਼ਾਹਰਾ ਕੀਤਾ ਅਤੇ ਦਮਗਜਾ ਮਾਰਿਆ ਕਿ **'ਅਸੀਂ ਸਰਕਾਰ ਨਾਲ ਗੱਲਬਾਤ ਨਹੀਂ ਕਰਾਂਗੇ ਬਲਕਿ ਹੁਣ ਲੜਾਈ ਖੇਤਾਂ ਵਿਚ ਅਤੇ ਗਲੀਆਂ ਵਿੱਚ ਕੀਤੀ ਜਾਵੇਗੀ।'** ਭਾਵੇਂ ਪੁਲੀਸ ਨੇ ਅਕਾਲੀ ਆਗੂਆਂ ਨੂੰ ਕਪੂਰੀ ਨਾ ਪੁੱਜਣ ਦਿੱਤਾ ਪਰ ਡਾਕਟਰ ਰਾਜਿੰਦਰ ਕੌਰ ਐਮ.ਪੀ. ਨੇ ਕਪੂਰੀ ਪਿੰਡ ਪੁੱਜ ਕੇ ਜ਼ਬਰਦਸਤ ਮੁਜ਼ਾਹਰਾ ਕੀਤਾ।

ਐਲਾਣ ਮੁਤਾਬਿਕ ਅਕਾਲੀਆਂ ਨੇ ਸਤਲੁਜ-ਜਮਨਾ ਲਿੰਕ ਨਹਿਰ ਵਿਰੁੱਧ ਮੋਰਚਾ ਸ਼ੁਰੂ ਕਰ ਦਿੱਤਾ ਅਤੇ 24 ਅਪ੍ਰੈਲ ਨੂੰ ਮਾਰਕਸੀ ਕਮਿਊਨਿਸਟਾਂ ਨਾਲ ਰਲ ਕੇ ਇਕ ਜੱਥਾ ਗ੍ਰਿਫ਼ਤਾਰੀ ਵਾਸਤੇ ਭੇਜਿਆ; ਪਰ ਅੰਦਰੋਂ ਅੰਦਰੀਂ ਅਕਾਲੀ ਸਰਕਾਰ ਨਾਲ ਗੱਲਬਾਤ ਵੀ ਕਰ ਰਹੇ ਸਨ। ਇਸ ਮਸਲੇ ਵਿਚ ਅਮਰਿੰਦਰ ਸਿੰਘ (ਰਾਜਾ) ਤੇ ਹਰਕਿਸ਼ਨ ਸੁਰਜੀਤ (ਕਮਿਊਨਿਸਟ) ਵਿਚੋਲੇ ਦਾ ਰੋਲ ਅਦਾ ਕਰ ਰਹੇ ਸਨ। ਕਿਉਂਕਿ ਚੋਣਾਂ ਨੇੜੇ ਸਨ ਇਸ ਕਰ ਕੇ ਕਾਂਗਰਸ ਨੇ ਅਕਾਲੀਆਂ 'ਤੇ ਇਲਜ਼ਾਮ ਲਾਇਆ ਕਿ ਅਕਾਲੀਆਂ ਦਾ ਇਹ ਮੋਰਚਾ ਚੋਣ-ਸਟੰਟ ਹੈ। ਇਸ 'ਤੇ ਅਕਾਲੀ ਦਲ ਨੇ ਇਹ ਮੋਰਚਾ ਵਕਤੀ ਤੌਰ 'ਤੇ ਮੁਲਤਵੀ ਕਰ ਦਿੱਤਾ।

ਪਾਣੀਆਂ ਦੇ ਮਸਲੇ ਬਾਰੇ ਬਾਦਲ ਦਾ ਰੋਲ

ਪਾਣੀਆਂ ਦੇ ਮਸਲੇ ਸਬੰਧੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪਿਛਲੀ ਹਕੂਮਤ ਵੇਲੇ ਹਰਿਆਣੇ ਨੂੰ ਪਾਣੀ ਦੇਣ ਲਈ ਨਹਿਰ ਕੱਢਣ ਵਾਸਤੇ ਸਮਝੌਤਾ ਕੀਤਾ ਹੋਇਆ ਸੀ। ਉਸ ਨੇ ਨਹਿਰ ਪੁੱਟਣ ਵਾਸਤੇ ਹਰਿਆਣਾ ਸਰਕਾਰ ਤੋਂ ਦੋ ਕਰੋੜ ਰੁਪੈ ਲਏ ਵੀ ਹੋਏ ਸਨ। (ਸਿਆਣੇ ਸਿੱਖਾਂ ਨੇ ਤਾਂ ਪਹਿਲਾਂ ਹੀ ਅਕਾਲੀਆਂ ਨੂੰ ਇਸ ਬੇਵਕੂਫ਼ੀ ਤੋਂ ਰੋਕਿਆ ਸੀ, ਪਰ ਅਕਾਲੀਆਂ ਨੂੰ ਆਪਣੀ ਹਕੂਮਤ ਦੇ ਦਿਨਾਂ ਵਿਚ ਸਿੱਖ ਆਲਮਾਂ ਨਾਲੋਂ ਆਪਣੀ ਅਕਲ ਜ਼ਿਆਦਾ ਨਜ਼ਰ ਆਉਣ ਲੱਗ ਪੈਂਦੀ ਹੈ)। ਪਰ ਜਦੋਂ ਅਕਾਲੀ ਹਾਕਮ ਨਾ ਰਹੇ ਤਾਂ ਉਨ੍ਹਾਂ ਨੇ ਇਸ ਨਹਿਰ ਨੂੰ ਪੰਜਾਬ ਨਾਲ ਜ਼ਿਆਦਤੀ ਆਖ ਕੇ ਇਸ ਦੀ ਮੁਖ਼ਾਲਫ਼ਤ ਸ਼ੁਰੂ ਕਰ ਦਿਤੀ।

WWW.SIKHBOOKCLUB.COM

ਮੰਦਰਾਂ ਦੇ ਬਾਹਰ ਗਊਆਂ ਦੇ ਸਿਰ ਰੱਖਣਾ

ਹਿੰਦੂਆਂ ਵਲੋਂ ਸ਼ਹਿਰਾਂ ਵਿਚ ਸਿੱਖਾਂ ਉੱਤੇ ਹਮਲਿਆਂ ਦਾ ਜਵਾਬ ਦੇਣ ਵਾਸਤੇ 24-25 ਅਪ੍ਰੈਲ 1982 ਦੀ ਰਾਤ ਨੂੰ ਅੰਮ੍ਰਿਤਸਰ ਵਿਚ ਚੌਕ ਆਹਲੂਵਾਲੀਆ ਅਤੇ ਬਜ਼ਾਰ ਕਾਠੀਆਂ ਦੇ ਮੰਦਰਾਂ ਦੇ ਬਾਹਰ ਦੋ ਮਰੀਆਂ ਹੋਈਆਂ ਗਊਆਂ ਦੇ ਕੱਟੇ ਹੋਏ ਸਿਰ ਰੱਖ ਦਿੱਤੇ ਗਏ। ਇਨ੍ਹਾਂ ਸਿਰਾਂ ਦੇ ਨਾਲ 'ਖਾਲਿਸਤਾਨ ਜ਼ਿੰਦਾਬਾਦ' ਦੇ ਪੋਸਟਰ ਵੀ ਸੁੱਟੇ ਹੋਏ ਸਨ। ਬੀਬੀ ਅਮਰਜੀਤ ਕੌਰ ਦੀ ਸਰਪਰਸਤੀ ਹੇਠ ਹੋਈ ਇਸ ਕਾਰਵਾਈ ਵਿਚ ਜਸਵੰਤ ਸਿੰਘ ਠੇਕੇਦਾਰ, ਅੰਮ੍ਰਿਤਪਾਲ ਸਿੰਘ, ਹਰਮਹਿੰਦਰ ਸਿੰਘ ਸ਼ਾਮਿਲ ਸਨ। ਦਹੇੜੂ ਦੇ ਅਮਰਜੀਤ ਸਿੰਘ ਦਾ ਵੀ ਇਸ ਐਕਸ਼ਨ ਵਿਚ ਵੱਡਾ ਰੋਲ ਸੀ। ਘਟਨਾ ਵਾਲੀ ਸਵੇਰ ਵੇਲੇ ਹੀ ਹਜ਼ਾਰਾਂ ਹਿੰਦੂ ਇਥੇ ਇਕੱਠੇ ਹੋ ਗਏ ਅਤੇ ਦਰਬਾਰ ਸਾਹਿਬ ਵੱਲ ਚੱਲ ਪਏ। ਇਨ੍ਹਾਂ ਦੇ ਨਾਲ ਪੁਲੀਸ (ਸਿਰਫ਼ ਹਿੰਦੂ ਪੁਲੀਸ ਸੀ) ਵੀ ਸੀ। ਹਿੰਦੂਆਂ ਨੇ ਦਰਬਾਰ ਸਾਹਿਬ ਉੱਤੇ ਹਮਲਾ ਕਰ ਦਿੱਤਾ। ਇਸੇ ਤਰ੍ਹਾਂ ਸ਼ਹਿਰ ਦੇ ਦੋ ਗੁਰਦੁਆਰੇ ਵੀ ਹਿੰਦੂਆਂ ਨੇ ਸਾੜ ਦਿੱਤੇ। ਦਰਬਾਰ ਸਾਹਿਬ 'ਤੇ ਹਮਲੇ ਵੇਲੇ ਪੁਲੀਸ ਖ਼ਾਮੋਸ਼ ਖੜ੍ਹੀ ਰਹੀ। ਜਦ ਸਿੱਖਾਂ ਨੇ ਇਸ ਹਮਲੇ ਦਾ ਜਵਾਬ ਦਿੱਤਾ ਤਾਂ ਹਿੰਦੂ ਭੱਜ ਗਏ।

ਇਸ ਦੇ ਨਾਲ ਹੀ ਪੁਲੀਸ ਨੇ ਚਾਰ ਸਿੱਖਾਂ ਦੇ ਵਾਰੰਟ ਗ੍ਰਿਫ਼ਤਾਰੀ ਵੀ ਜਾਰੀ ਕਰ ਦਿੱਤੇ ਅਤੇ ਨਾਲ ਹੀ ਉਨ੍ਹਾਂ ਚੌਹਾਂ ਦੀ ਗ੍ਰਿਫ਼ਤਾਰੀ ਵਾਸਤੇ ਕੁਲ ਸਵਾ ਲੱਖ ਰੁਪਏ ਦੇ ਈਨਾਮਾਂ ਦਾ ਐਲਾਨ ਵੀ ਕਰ ਦਿੱਤਾ। ਇਨ੍ਹਾਂ ਵਿਚ ਜਸਵੰਤ ਸਿੰਘ ਠੇਕੇਦਾਰ, ਮਨਮੋਹਣ ਸਿੰਘ, ਸੁਖਜਿੰਦਰ ਸਿੰਘ ਕਾਹਨੂੰਵਾਨ ਤੇ ਰਜਿੰਦਰ ਸਿੰਘ ਮਹਿਤਾ ਦਾ ਨਾਂ ਵੀ ਸੀ। (ਮਗਰੋਂ ਭਾਈ ਅਮਰੀਕ ਸਿੰਘ ਨੇ ਮਿਲ-ਮਿਲਾ ਕੇ ਮਹਿਤੇ ਦਾ ਨਾਂ ਕਢਵਾ ਲਿਆ ਤੇ ਉਸ ਦੀ ਜਗਹ ਅੰਮ੍ਰਿਤਪਾਲ ਸਿੰਘ ਨੂੰ ਅੜੁੰਗ ਲਿਆ ਗਿਆ)। ਚੌਹਾਂ ਵਿੱਚੋਂ ਇਕ ਸੁਖਜਿੰਦਰ ਸਿੰਘ ਕਾਹਨੂੰਵਾਨ 15 ਮਈ ਨੂੰ ਦਿੱਲੀ ਦੀ ਪਰਤਾਪ ਨਗਰ ਕਲੋਨੀ ਦੇ ਗੁਰਦੁਆਰੇ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਸੁਖਜਿੰਦਰ ਸਿੰਘ ਦੀ ਮੰਗੇਤਰ ਸਵਿੰਦਰ ਕੌਰ ਤੇ ਇਸ ਬੀਬੀ ਦੇ ਬਾਪ ਜਰਨੈਲ ਸਿੰਘ 'ਤੇ ਪੁਲਸ ਨੇ ਬੇਹੱਦ ਤਸ਼ੱਦਦ ਕੀਤਾ।

ਅੰਮ੍ਰਿਤਸਰ ਵਿਚ ਹਿੰਦੂਆਂ ਨੇ ਹਿੰਦੂ ਵਜ਼ੀਰ ਕੇਵਲ ਕ੍ਰਿਸ਼ਨ (ਦਸੂਹਾ) ਦੀਆਂ ਹਦਾਇਤਾਂ ਹੇਠ ਦੋ ਗੁਰਦੁਆਰੇ ਸਾੜੇ ਅਤੇ ਸਿੱਖਾਂ ਉੱਤੇ ਹਮਲੇ ਕੀਤੇ। ਦਰਬਾਰ ਸਾਹਿਬ ਦੇ ਆਲੇ ਦੁਆਲੇ ਕਰਫ਼ਿਊ ਲਾ ਦਿੱਤਾ ਗਿਆ ਸੀ। ਸਿੱਖਾਂ 'ਤੇ ਹੋਏ ਹਮਲਿਆਂ ਅਤੇ ਹਿੰਦੂ ਅਖਬਾਰਾਂ ਵਲੋਂ ਸਿੱਖਾਂ ਦੇ ਖ਼ਿਲਾਫ਼ ਜ਼ਹਿਰੀਲਾ ਪ੍ਰਚਾਰ ਕਰਨ ਦੇ ਜਵਾਬ ਵਜੋਂ ਕੁਝ ਖਾੜਕੂਆਂ ਵਲੋਂ 28 ਅਪ੍ਰੈਲ ਨੂੰ ਫ਼ਿਰਕੂ ਹਿੰਦੂ ਅਖ਼ਬਾਰਾਂ 'ਹਿੰਦ ਸਮਾਚਾਰ' ਅਤੇ 'ਵੀਰ ਪਰਤਾਪ' ਦੇ ਫ਼ਿਰਕੂ ਐਡੀਟਰਾਂ ਨੂੰ ਗਊਆਂ ਦੇ ਕੰਨ ਪਾਰਸਲ ਕਰ ਕੇ ਭੇਜੇ ਗਏ।

ਇਸ ਮਗਰੋਂ ਹਿੰਦੂਆਂ ਨੇ ਦਰਬਾਰ ਸਾਹਿਬ ਅਤੇ ਹੋਰ ਕਈ ਗੁਰਦੁਆਰਿਆਂ ਵਿਚ ਸਿਗਰਟਾਂ ਸੁੱਟੀਆਂ ਅਤੇ ਗੁਰਬਾਣੀ ਦੇ ਵਰਕੇ ਪਾੜ ਕੇ ਸੁੱਟੇ। ਇਨ੍ਹਾਂ ਬੇਹੁਰਮਤੀ

WWW.SIKHBOOKCLUB.COM

ਦੀਆਂ ਵਾਰਦਾਤਾਂ ਦੇ ਸਿਲਸਿਲੇ ਵਿਚ ਇਕ ਦਰਜਨ ਹਿੰਦੂਆਂ ਨੂੰ ਮੌਕੇ 'ਤੇ ਹੀ ਫੜ ਕੇ ਪੁਲੀਸ ਦੇ ਹਵਾਲੇ ਕੀਤਾ ਗਿਆ ਪਰ ਪੁਲੀਸ ਨੇ ਕੋਈ ਐਕਸ਼ਨ ਨਾ ਲਿਆ। **ਕਿਸੇ ਨੂੰ ਵੀ ਦਫ਼ਾ 295 ਹੇਠ ਵੀ ਚਾਰਜ ਨਾ ਕੀਤਾ ਗਿਆ। ਇਸ ਦੇ ਮੁਕਾਬਲੇ ਵਿਚ ਮਰੀਆਂ ਗਊਆਂ ਦੇ ਸਿਰ ਸੁੱਟਣ 'ਤੇ ਲਏ ਗਏ ਐਕਸ਼ਨ ਤੋਂ ਹਿੰਦੂਆਂ ਤੇ ਸਿੱਖਾਂ ਦੇ ਮਾਮਲੇ ਵਿਚ ਸਰਕਾਰ ਦੇ ਵਿਹਾਰ ਵਿਚ ਫ਼ਰਕ ਸਾਫ਼ ਨਜ਼ਰ ਆਉਂਦਾ ਸੀ।**

ਸਿੱਖ ਸਿਪਾਹੀ ਦਾ ਕਤਲ

ਗਊਆਂ ਦੇ ਵਾਕਿਆਤ ਦੇ ਸਿਲਸਿਲੇ ਵਿੱਚ ਪਟਿਆਲੇ ਦੇ ਹਿੰਦੂਆਂ ਨੇ ਵੀ ਇਕ ਜਲੂਸ ਕੱਢਿਆ। ਇਸ ਜਲੂਸ ਦੇ ਅੱਗੇ ਅਤੇ ਪਿੱਛੇ ਪੁਲੀਸ ਦੇ ਕੁਝ ਸਿਪਾਹੀ ਤਾਇਨਾਤ ਕੀਤੇ ਗਏ। ਜਦੋਂ ਜਲੂਸ ਹਿੰਦੂਆਂ ਦੇ ਇਕ ਮੁਹੱਲੇ ਵਿਚ ਪੁੱਜਾ ਤਾਂ ਹਿੰਦੂਆਂ ਨੇ ਪੁਲੀਸ ਦੇ ਸਿਪਾਹੀਆਂ ਉੱਤੇ ਪੱਥਰਾਂ ਅਤੇ ਡੰਡਿਆਂ ਦੀ ਬਾਰਿਸ਼ ਸ਼ੁਰੂ ਕਰ ਦਿੱਤੀ। ਇਸ 'ਤੇ ਪੁਲੀਸ ਵਾਲੇ ਭੱਜਣ ਲੱਗ ਪਏ। ਹਿੰਦੂਆਂ ਨੇ ਦੋ ਸਿੱਖ ਸਿਪਾਹੀਆਂ ਨੂੰ ਫੜ ਲਿਆ ਅਤੇ ਬੇਤਹਾਸ਼ਾ ਕੁੱਟ-ਕੁੱਟ ਕੇ ਬੇਹੋਸ਼ ਕਰ ਕੇ ਸੁੱਟ ਦਿੱਤਾ। ਦੋਹਾਂ ਵਿੱਚੋਂ ਇਕ ਸਿਪਾਹੀ ਹਰਭਜਨ ਸਿੰਘ ਤਾਂ ਮੌਕੇ 'ਤੇ ਹੀ ਦਮ ਤੋੜ ਗਿਆ। ਪਰ ਦਰਬਾਰਾ ਸਰਕਾਰ ਨੇ ਉਸ ਨੂੰ 6 ਤਾਰੀਖ਼ ਨੂੰ ਹਸਪਤਾਲ ਵਿਚ ਮਰਿਆ ਐਲਾਨ ਕੀਤਾ। (**ਇਸ ਕੇਸ ਵਿਚ ਕਦੇ ਕਿਸੇ ਹਿੰਦੂ ਨੂੰ ਕੁਝ ਨਾ ਕਿਹਾ ਗਿਆ**)।

ਦਲ ਖਾਲਸਾ ਗ਼ੈਰ-ਕਾਨੂੰਨੀ ਕਰਾਰ

ਗਊਆਂ ਦੇ ਸਿਰਾਂ ਦੀ ਘਟਨਾ ਮਗਰੋਂ, ਸਰਕਾਰ ਨੇ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ, ਪਹਿਲੀ ਮਈ 1982 ਨੂੰ ਗ਼ੈਰ ਕਾਨੂੰਨੀ ਕਾਰਵਾਈਆਂ ਦੇ ਕਾਨੂੰਨ ਦੀ ਦਫ਼ਾ ਦੇ ਹੇਠ, ਹੁਕਮ ਨੰਬਰ 4/19/81 ਜਾਰੀ ਕਰ ਕੇ, ਸਿੱਖ ਨੌਜਵਾਨਾਂ ਦੀ ਜਮਾਤ 'ਦਲ ਖਾਲਸਾ' (ਅਤੇ ਜਗਜੀਤ ਸਿੰਘ ਚੌਹਾਨ ਤੇ ਬਲਬੀਰ ਸਿੰਘ ਸੰਧੂ ਦੀ) 'ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ' ਨੂੰ ਗ਼ੈਰ-ਕਾਨੂੰਨੀ ਜਮਾਤ ਕਰਾਰ ਦੇ ਦਿੱਤਾ। ਇਸ ਤੋਂ ਬਾਅਦ ਜਮਾਤ ਦੇ ਬਹੁਤ ਸਾਰੇ ਵਰਕਰਾਂ ਦੇ ਖ਼ਿ ਫ਼ ਬਹੁਤ ਸਾਰੇ ਹੋਰ ਕੇਸ ਦਰਜ ਕਰ ਲਏ ਗਏ ਸਨ।

ਤਿੰਨ ਮਈ ਨੂੰ ਦਰਬਾਰਾ ਸਿੰਘ ਚੀਫ਼ ਮਨਿਸਟਰ ਨੇ ਇਕ 'ਕਾਗ਼ਜ਼ੀ' ਐਲਾਨ ਕੀਤਾ ਕਿ ਅੰਮ੍ਰਿਤਸਰ ਸਾਹਿਬ ਵਿਚੋਂ ਤੰਬਾਕੂ ਦੀਆਂ ਦੁਕਾਨਾਂ ਚੁੱਕ ਲਈਆਂ ਜਾਣਗੀਆਂ। (ਅਸਲ ਵਿਚ ਦਰਬਾਰ ਸਾਹਿਬ ਦੇ ਸਿਰਫ਼ 250 ਗਜ਼ ਦਾਇਰੇ ਬਾਰੇ ਅਜਿਹਾ ਹੁਕਮ ਜਾਰੀ ਕੀਤਾ ਗਿਆ ਸੀ; ਪਰ ਅਮਲ ਇਸ ਉੱਤੇ ਵੀ ਕਦੇ ਅਮਲ ਨਹੀਂ ਸੀ ਕੀਤਾ ਗਿਆ ਸੀ)। ਅਕਾਲੀ ਪਾਰਟੀ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਅਤੇ ਆਖਿਆ ਕਿ ਪੂਰੇ ਅੰਮ੍ਰਿਤਸਰ ਨੂੰ ਪਾਕਿ-ਸ਼ਹਿਰ (Holi City) ਐਲਾਨਿਆ ਜਾਵੇ।

WWW.SIKHBOOKCLUB.COM

ਦੁਖ-ਨਿਵਾਰਨ ਸਾਹਿਬ ਪਟਿਆਲਾ ਵਿਚ ਪੁਲੀਸ ਨੂੰ ਕੁੱਟ-ਮਾਰ

ਗਊਆਂ ਦੇ ਕੇਸ ਵਿਚ ਪੁਲੀਸ ਨੇ ਅੰਬਾਲੇ ਦੇ ਇੱਕ ਨੌਜਵਾਨ ਲਖਵੀਰ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਹੋਇਆ ਸੀ। 15 ਮਈ 1982 ਨੂੰ ਉਹ ਪੁਲੀਸ ਦੀ ਹਿਰਾਸਤ ਵਿੱਚੋਂ ਦੌੜ ਗਿਆ ਅਤੇ ਗੁਰਦੁਆਰਾ ਦੁਖ ਨਿਵਾਰਨ ਵਿਚ ਜਾ ਲੁਕਿਆ। ਉਸ ਦੇ ਪਿੱਛੇ ਪੁਲੀਸ ਦੇ ਚਾਰ ਬਾਵਰਦੀ ਸਿਪਾਹੀ ਵੀ ਗੁਰਦੁਆਰੇ ਵਿਚ ਆ ਵੜੇ। ਗੁਰਦੁਆਰੇ ਦੇ ਮੁਲਾਜ਼ਮਾਂ ਅਤੇ ਆਮ ਸੰਗਤਾਂ ਨੇ ਉਨ੍ਹਾਂ ਚੌਹਾਂ ਪੁਲਸੀਆਂ ਨੂੰ ਫੜ ਕੇ ਡੱਕ ਲਿਆ ਤੇ ਕੁੱਟ-ਮਾਰ ਵੀ ਕੀਤੀ। ਅਖ਼ੀਰ ਉਨ੍ਹਾਂ ਤੋਂ ਮਿੰਨਤਾਂ ਕਰਵਾ ਕੇ ਪੰਜ ਘੰਟੇ ਮਗਰੋਂ ਛੱਡ ਦਿੱਤਾ ਗਿਆ।

ਕੁਲਵੰਤ ਸਿੰਘ ਨਾਗੋਕੇ ਦਾ ਨਕਲੀ ਮੁਕਾਬਲੇ ਵਿਚ ਕਤਲ

22 ਮਈ 1982 ਨੂੰ ਰਾਤ ਦੇ 8 ਵਜੇ ਪੱਟੀ ਵਿਚ 8 ਖਾੜਕੂਆਂ ਨੇ 8 ਗੋਲੀਆਂ ਚਲਾ ਕੇ ਤਿੰਨ ਬੰਦੇ (ਹਿੰਦੂ ਤੇ ਹਿੰਦੂ ਹਿਮਾਇਤੀ) ਮਾਰ ਦਿੱਤੇ ਅਤੇ 5 ਹੋਰ ਜ਼ਖ਼ਮੀ ਕਰ ਦਿੱਤੇ। ਇਸ ਕੇਸ ਵਿਚ ਪੁਲੀਸ ਨੇ ਦਸ ਦਿਨ ਮਗਰੋਂ (2 ਜੂਨ ਨੂੰ) ਸੁਖਦੇਵ ਸਿੰਘ ਬਬਰ (ਦਾਸੂਵਾਲ), ਅਣੋਖ ਸਿੰਘ (ਵਣਿੰਗ), ਕੁਲਵੰਤ ਸਿੰਘ (ਜਗਾਧਰੀ), ਧੰਨਾ ਸਿੰਘ (ਬਹਾਦਰਗੜ੍ਹ), ਸ਼ੇਰ ਸਿੰਘ (ਮੀਆਂ ਵਿੰਡ), ਸੂਬਾ ਸਿੰਘ, ਬਲਵਿੰਦਰ ਸਿੰਘ, ਸੁਲੱਖਣ ਸਿੰਘ, ਜਗਤ ਸਿੰਘ, ਸੁਰਿੰਦਰ ਸਿੰਘ (ਜਗਾਧਰੀ), ਲੱਖਾ ਸਿੰਘ ਅਤੇ ਕੁਲਵੰਤ ਸਿੰਘ (ਨਾਗੋਕੇ), ਬਲਵਿੰਦਰ ਸਿੰਘ, ਅਮਰ ਸਿੰਘ ਵਗ਼ੈਰਾ ਦੇ ਵਾਰੰਟ ਕੱਢ ਦਿੱਤੇ ਤੇ ਇਨ੍ਹਾਂ ਨੂੰ ਇਸ਼ਤਿਹਾਰੀ ਮੁਜਰਿਮ ਕਰਾਰ ਦੇ ਦਿੱਤਾ। ਮਗਰੋਂ ਇਨ੍ਹਾਂ ਵਿੱਚੋਂ ਬਲਵਿੰਦਰ ਸਿੰਘ, ਸ਼ੇਰ ਸਿੰਘ, ਕੁਲਵੰਤ ਸਿੰਘ ਨਾਗੋਕੇ ਅਤੇ ਅਮਰ ਸਿੰਘ ਗ੍ਰਿਫ਼ਤਾਰ ਕਰ ਲਏ ਗਏ।

ਪੁਲੀਸ ਨੇ ਕੁਲਵੰਤ ਸਿੰਘ ਨਾਗੋਕੇ ਨੂੰ ਗ੍ਰਿਫ਼ਤਾਰ ਕਰ ਕੇ ਉਸ ਉੱਤੇ ਬੇਹੱਦ ਤਸ਼ੱਦਦ ਕੀਤਾ। ਉਸ 'ਤੇ ਏਨਾ ਤਸ਼ੱਦਦ ਕੀਤਾ ਗਿਆ ਕਿ ਉਸ ਨੂੰ ਅਦਾਲਤ ਵਿਚ ਪੇਸ਼ ਨਹੀਂ ਸੀ ਕੀਤਾ ਜਾ ਸਕਦਾ। ਇਸ ਕਰ ਕੇ ਪੁਲੀਸ ਨੇ ਝੂਠੀ ਕਹਾਣੀ ਘੜ ਕੇ 10 ਜੂਨ ਨੂੰ ਉਸ ਦੇ ਮਫ਼ਰੂਰ ਹੋ ਜਾਣ ਦੀ ਖ਼ਬਰ ਜਾਰੀ ਕਰ ਦਿੱਤੀ ਅਤੇ 11 ਜੂਨ 1982 ਨੂੰ ਸਵੇਰੇ ਢਾਈ ਵਜੇ ਉਸ ਨੂੰ ਵੱਲਾ ਪਿੰਡ ਕੋਲ ਗੋਲੀਆਂ ਮਾਰ ਕੇ ਮਾਰ ਦਿੱਤਾ। ਉਸ ਦੀ ਦੇਹ ਦਾ ਡਾਕਟਰੀ ਮੁਆਇਨਾ ਕਰਨ 'ਤੇ ਪਤਾ ਲੱਗਾ ਕਿ ਉਸ ਦੀ ਇਕ ਲੱਤ ਤਿੰਨ ਜਗਹ ਤੋਂ ਟੁੱਟੀ ਹੋਈ ਸੀ, ਕੁਲ੍ਹਾ ਵੀ ਟੁੱਟਿਆ ਹੋਇਆ ਸੀ ਅਤੇ ਇਸ ਤੋਂ ਇਲਾਵਾ ਇਕ ਦਰਜਨ ਹੋਰ ਹੱਡੀਆਂ ਵੀ ਟੁੱਟੀਆਂ ਹੋਈਆਂ ਸਨ। ਇਸ ਕਤਲ ਪਿੱਛੇ ਹਰਜੀਤ ਸਿੰਘ, ਹਰਪਾਲ ਭਈਆ, ਸੇਵਕ ਸਿੰਘ ਤੇ ਮੋਹਨ ਲਾਲ ਪੁਲਸੀਏ ਜ਼ਿੰਮੇਵਾਰ ਸਨ। ਕੁਲਵੰਤ ਸਿੰਘ ਨੂੰ ਦਰਖਤ ਨਾਲ ਬੰਨ੍ਹ ਕੇ 24 ਗੋਲੀਆਂ ਮਾਰੀਆਂ ਗਈਆਂ ਸਨ। ਪੁਲੀਸ ਵੱਲੋਂ ਕਿਸੇ ਵੀ ਸਿੱਖ ਦਾ ਇਹ ਪਹਿਲਾ ਨਕਲੀ 'ਪੁਲੀਸ

WWW.SIKHBOOKCLUB.COM

ਮੁਕਾਬਲਾ' ਸੀ ਤੇ ਇਸ ਤੋਂ ਮਗਰੋਂ ਬੇਅੰਤ ਸਿੱਖਾਂ ਨੂੰ ਇਸ ਤਰੀਕੇ ਨਾਲ ਕਤਲ ਕੀਤਾ ਗਿਆ।

ਸਿੱਖਾਂ ਉੱਤੇ ਜ਼ੁਲਮ ਦਾ ਦੌਰ

ਸਿਰਫ਼ ਕੁਲਵੰਤ ਸਿੰਘ ਦਾ ਕਤਲ ਹੀ ਨਹੀਂ ਬਲਕਿ ਹੋਰ ਵੀ ਬਹੁਤ ਸਾਰੇ ਸਿੱਖਾਂ ਨੂੰ ਪੁਲੀਸ ਦੇ ਜਬਰ ਦਾ ਸ਼ਿਕਾਰ ਹੋਣਾ ਪਿਆ। ਜਦ ਪੁਲੀਸ ਕਿਸੇ ਅਸਲ ਖਾੜਕੂ ਨੂੰ ਫੜ ਨਹੀਂ ਸੀ ਸਕਦੀ ਤਾਂ ਉਸ ਦੇ ਟੱਬਰ ਤੇ ਹੋਰ ਰਿਸ਼ਤੇਦਾਰਾਂ ਨੂੰ ਫੜ ਕੇ ਉਨ੍ਹਾਂ 'ਤੇ ਤਸ਼ੱਦਦ ਕਰਦੀ ਸੀ ਤੇ ਜਾਂ ਫਿਰ ਕਾਰਵਾਈ ਪਾਉਣ ਵਾਸਤੇ ਕਿਸੇ ਬੇਗੁਨਾਹ ਨੂੰ ਫੜ ਕੇ ਉਸ ਨਾਲ ਧੱਕਾ ਕਰਦੀ ਸੀ। ਇਸੇ ਸਿਲਸਿਲੇ ਵਿਚ ਇਕ ਵਾਰ ਮੋਗੇ ਦੇ ਨੇੜੇ ਪਿੰਡ ਈਸਾ ਖ਼ਾਨ ਦੇ ਜਸਦੇਵ ਸਿੰਘ ਅਤੇ ਸੁਖਦੇਵ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਪੁਲੀਸ ਥਾਣੇ ਲਿਜਾਇਆ ਗਿਆ। ਥਾਣੇ ਵਿਚ ਉਨ੍ਹਾਂ ਨੂੰ ਨੰਗਿਆਂ ਕਰ ਕੇ ਉਨ੍ਹਾਂ ਦੇ ਪੇਟ ਚਾਕ ਕਰ ਕੇ ਜੰਬੂਰਾਂ ਨਾਲ ਆਂਦਰਾਂ ਬਾਹਰ ਕੱਢੀਆਂ ਗਈਆਂ। ਮਗਰੋਂ ਉਨ੍ਹਾਂ ਦੀਆਂ ਅੱਖਾਂ ਵਿਚ ਸੂਈਆਂ ਖੋਭੀਆਂ ਗਈਆਂ। ਬਾਅਦ ਵਿਚ ਉਨ੍ਹਾਂ ਨੂੰ ਪੁਲੀਸ ਮੁਕਾਬਲੇ ਵਿਚ ਮਾਰੇ ਗਏ ਆਖ ਕੇ ਚੁਪ-ਚਾਪ ਲਾਸ਼ਾਂ ਸਾੜ ਦਿੱਤੀਆਂ ਤਾਂ ਜੋ ਤਸ਼ਦੱਦ ਅਤੇ ਤਸੀਹਿਆਂ ਦੇ ਨਿਸ਼ਾਨ ਨਾ ਮਿਲ ਸਕਣ।

ਇੱਕ ਨੌਜਵਾਨ ਸਿੱਖ ਬਲਵੰਤ ਸਿੰਘ ਇਕ ਰਿਕਸ਼ਾ ਵਿਚ ਸਵਾਰ ਹੋ ਕੇ ਦਰਬਾਰ ਸਾਹਿਬ ਜਾ ਰਿਹਾ ਸੀ। ਪੁਲੀਸ ਦੇ ਡਿਪਟੀ ਸੁਪਰਡੈਂਟ ਲਾਜਵੰਤ ਸਿੰਘ ਨੇ ਬੇਵਜਹ ਉਸ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ।

ਦਰਬਾਰ ਸਾਹਿਬ ਦਾ ਇਕ ਗਰੰਥੀ ਦਰਸ਼ਨ ਸਿੰਘ ਆਪਣੀ ਡਿਊਟੀ ਮਗਰੋਂ ਘਰ ਮੁੜ ਰਿਹਾ ਸੀ ਤਾਂ ਸੈਂਟਰਲ ਰੀਜ਼ਰਵ ਫ਼ੋਰਸ ਦੇ ਇਕ ਜ਼ਾਲਮ ਫ਼ਿਰਕੂ ਹਿੰਦੂ ਫ਼ੌਜੀ ਨੇ ਉਸ ਨੂੰ ਗੋਲੀ ਮਾਰ ਦਿੱਤੀ।

ਜ਼ੁਲਮ ਦੇ ਇਸ ਦੌਰ ਵਿਚ ਹੋਰ ਵੀ ਕਈ ਸਿੱਖਾਂ ਨੂੰ ਤਸੀਹੇ ਦੇ ਦੇ ਕੇ, ਮਾਰ ਕੇ, ਨਕਲੀ ਪੁਲੀਸ ਮੁਕਾਬਲੇ ਦਿਖਾਏ ਗਏ।

ਮੋਖੇ ਦੀ ਵਾਰਦਾਤ

9 ਜੂਨ 1982 ਨੂੰ ਮੋਖੇ ਦੇ ਇਕ ਸਾਧ ਨੇ ਗੁਰੂ ਗ੍ਰੰਥ ਸਾਹਿਬ ਦੇ 15 ਸਰੂਪ ਜਲਾ ਦਿੱਤੇ। ਸਿੱਖਾਂ ਦੇ ਪ੍ਰੋਟੈਸਟ ਦੇ ਬਾਵਜੂਦ ਇਸ ਮਹੰਤ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ। (ਉਂਵ ਗਊਆਂ ਦੇ ਸਿਰਾਂ ਦੇ ਕੇਸ ਵਿਚ ਚਾਰ ਸਿੱਖਾਂ ਦਾ ਈਨਾਮ ਸਵਾ ਲੱਖ ਰੁਪਏ ਰੱਖਿਆ ਗਿਆ ਸੀ)।

22 ਸਿੱਖ ਦੁਕਾਨਾਂ ਸਾੜੀਆਂ

22 ਜੂਨ ਦੀ ਰਾਤ ਨੂੰ ਪਟਿਆਲੇ ਦੇ ਦਹਿਸ਼ਤਗਰਦ ਹਿੰਦੂਆਂ ਨੇ ਸਿੱਖਾਂ ਦੀਆਂ 15

WWW.SIKHBOOKCLUB.COM

ਦੁਕਾਨਾਂ ਸਾੜ ਦਿੱਤੀਆਂ। ਇਸ ਦਾ ਜਵਾਬੇ-ਅਮਲ ਰੋਕਣ ਵਾਸਤੇ ਪੁਲੀਸ ਨੇ 57 ਸਿੱਖ (ਤੇ 45 ਹਿੰਦੂ ਵੀ) ਗ੍ਰਿਫ਼ਤਾਰ ਕਰ ਲਏ। ਸਿੱਖਾਂ ਉੱਤੇ ਦਫਾ 307, 332, 353, 436, 148, 149, 114, 188, ਲਾਈਆਂ ਗਈਆਂ। ਦੁਕਾਨਾਂ ਵੀ ਸਿੱਖਾਂ ਦੀਆਂ ਸੜੀਆਂ ਤੇ ਗ੍ਰਿਫ਼ਤਾਰੀਆਂ ਵੀ ਉਨ੍ਹਾਂ ਦੀਆਂ ਹੀ ਹੋਈਆਂ। ਇਹ ਸੀ ਸਿੱਖਾਂ ਨਾਲ ਇਨਸਾਫ਼; ਇਕ ਹੀ ਮੁਲਕ ਵਿਚ ਦੋ ਕਾਨੂੰਨ, ਇਕ ਸਿੱਖਾਂ ਵਾਸਤੇ ਇਕ ਹਿੰਦੂਆਂ ਵਾਸਤੇ।

ਇਕ ਹੋਰ ਨਿਰੰਕਾਰੀ 'ਤੇ ਹਮਲਾ

28 ਜੂਨ 1982 ਨੂੰ ਖਾੜਕੂਆਂ ਨੇ ਇੱਕ ਹੋਰ ਨਿਰੰਕਾਰੀ ਜੋਗਿੰਦਰ ਸਿੰਘ ਸ਼ਾਂਤ 'ਤੇ ਵੀ ਹਮਲਾ ਕੀਤਾ। ਉਸ ਦੇ ਜ਼ਖ਼ਮੀ ਹੋਣ ਤੇ ਇਕ ਦਮ ਹੀ ਸਰਕਾਰ ਨੇ ਉਸ ਵਾਸਤੇ 10 ਹਜ਼ਾਰ ਰੁਪਏ ਦੀ ਗ੍ਰਾਂਟ ਦਾ ਐਲਾਨ ਕਰ ਦਿੱਤਾ।

ਹਰਮਿੰਦਰ ਸਿੰਘ ਸੰਧੂ ਦੀ ਰਿਹਾਈ

3 ਜੁਲਾਈ 1982 ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਨੂੰ ਰਿਹਾ ਕਰ ਦਿੱਤਾ ਗਿਆ। ਇਨ੍ਹਾਂ ਦਿਨਾਂ ਵਿੱਚ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਕਤਲ ਕੀਤੇ ਜਾ ਰਹੇ ਸਨ। ਹਰਮਿੰਦਰ ਨੇ ਪੰਜ ਜੁਲਾਈ ਨੂੰ ਬਿਆਨ ਦਿਤਾ ਕਿ, 'ਸਾਡਾ ਦਲ ਖਾਲਸਾ ਨਾਲ ਕੋਈ ਤਾਅਲੁੱਕ ਨਹੀਂ। ਅਸੀਂ ਪੰਜਾਬ ਵਿਚ ਅਮਨ ਚਾਹੁੰਦੇ ਹਾਂ।' 17 ਜੁਲਾਈ ਦੇ ਇਕ ਹੋਰ ਬਿਆਨ ਵਿਚ ਉਸ ਨੇ ਕਿਹਾ, 'ਮੈਂ ਭਿੰਡਰਾਂਵਾਲੇ ਤੇ ਬਾਦਲ ਵਿਚ ਸੁਲਾਹ ਕਰਵਾਵਾਂਗਾ।'

ਅਕਾਲੀਆਂ ਵੱਲੋਂ ਜ਼ੈਲ ਸਿੰਘ ਦੀ ਹਿਮਾਇਤ

ਇਨ੍ਹਾਂ ਦਿਨਾਂ ਵਿਚ ਹੀ ਭਾਰਤ ਦੇ ਪ੍ਰੈਜੀਡੈਂਟ (ਰਾਸ਼ਟਰਪਤੀ) ਦੀ ਚੋਣ ਆ ਗਈ। ਅਕਾਲੀ ਦਲ ਨੇ 10 ਜੁਲਾਈ 1982 ਦੇ ਦਿਨ ਕਾਂਗਰਸੀ ਉਮੀਦਵਾਰ ਜ਼ੈਲ ਸਿੰਘ ਦੀ ਹਿਮਾਇਤ ਕਰਨ ਦਾ ਐਲਾਨ ਕਰ ਦਿੱਤਾ। ਇਹ ਫ਼ੈਸਲਾ ਹਾਸੋਹੀਣਾ ਸੀ। ਅਕਾਲੀਆਂ ਲਈ ਬਿਹਤਰ ਸੀ ਕਿ ਉਹ ਚੁਪ ਰਹਿੰਦੇ ਅਤੇ ਆਪਣੇ ਲੈਜਿਸਲੇਚਰਜ਼ ਨੂੰ ਵੋਟ ਪਾਉਣ ਦੀ ਆਜ਼ਾਦੀ ਦੇ ਦੇਂਦੇ। ਤਵਾਰੀਖ਼ ਨੇ ਸਾਬਿਤ ਕੀਤਾ ਕਿ ਜ਼ੈਲ ਸਿੰਘ ਦੇ ਅੰਦਰ ਕੋਈ 'ਸਿੱਖ' ਨਹੀਂ ਬਲਕਿ ਨਹਿਰੂ ਪਰਿਵਾਰ ਦਾ ਇਕ ਝਾੜੂ ਬਰਦਾਰ ਵਸਿਆ ਹੋਇਆ ਸੀ।

ਪਟਿਆਲੇ ਦੇ ਮੰਦਰ ਨੇੜੇ ਗਾਂ ਦੀ ਪੂਛ

ਪਟਿਆਲੇ ਵਿਚ ਹਿੰਦੂਆਂ ਨੇ 22 ਜੂਨ ਨੂੰ ਸਿੱਖਾਂ 'ਤੇ ਹਮਲੇ ਕੀਤੇ ਸਨ ਇਸ ਦਾ ਗੁੱਸਾ ਖਾੜਕੂ ਸਿੱਖਾਂ ਨੂੰ ਸੀ। ਇਸ ਨੂੰ ਸਾਹਵੇਂ ਰੱਖ ਕੇ ਉਨ੍ਹਾਂ ਨੇ 18 ਜੁਲਾਈ ਨੂੰ ਪਟਿਆਲੇ ਵਿਚ ਇਕ ਮੰਦਰ ਦੇ ਬਾਹਰ ਗਾਂ ਦੀ ਪੂੱਛ ਦੇ ਸੁੱਟ ਦਿੱਤੀ ਜਿਸ ਨਾਲ ਸ਼ਹਿਰ ਵਿਚ ਫ਼ਸਾਦ ਹੋਇਆ। ਹਿੰਦੂਆਂ ਨੇ ਇਕ 'ਪ੍ਰੋਟੈਸਟ' ਜਲਸਾ ਕੀਤਾ। ਇਸ ਜਲਸੇ

WWW.SIKHBOOKCLUB.COM

ਵਿਚ ਕਾਂਗਰਸੀ ਚੌਧਰੀ ਰੂਪ ਲਾਲ ਬਤਰਾ, ਰਿਖੀ ਰਾਮ ਬਜਾਜ, ਰਾਮੇਸ਼ਵਰ ਦਾਸ ਤੇ ਕਾਲੀ ਚਰਨ, ਐਸ.ਪੀ. ਜੈਨ, ਜਗਨ ਨਾਥ ਵਗ਼ੈਰਾ ਨੇ ਲੈਕਚਰ ਕੀਤੇ ਤੇ ਸਿੱਖਾਂ ਨੂੰ ਧਮਕੀਆਂ ਦਿਤੀਆਂ। ਇਹ ਸਾਰੇ ਕਾਂਗਰਸੀ ਸਨ, ਜਨਸੰਘੀ ਨਹੀਂ।

ਭਿੰਡਰਾਂਵਾਲਿਆਂ ਨਾਲ ਵੱਡੀ ਟੱਕਰ ਦੀ ਸ਼ੁਰੂਆਤ

ਇਸ ਤੋਂ ਬਾਅਦ ਪੰਜਾਬ ਤੇ ਭਾਰਤ ਸਰਕਾਰ ਨੇ ਭਿੰਡਰਾਂਵਾਲਿਆਂ ਨਾਲ ਵੱਡੀ ਅਤੇ ਲੰਬੀ ਲੜਾਈ ਛੇੜ ਦਿੱਤੀ ਜਿਸ ਦਾ ਪਹਿਲਾ ਪੜਾਅ ਜੂਨ 1984 ਤਕ ਜਾਰੀ ਰਿਹਾ (ਅਤੇ ਦੂਜਾ ਪੜਾਅ ਦਰਬਾਰ ਸਾਹਿਬ 'ਤੇ ਹਮਲੇ ਤੋਂ ਮਗਰੋਂ ਸ਼ੁਰੂ ਹੋਇਆ)। ਇਸ ਟੱਕਰ ਦੀ ਸ਼ੁਰੂਆਤ ਪੁਲੀਸ ਵੱਲੋਂ 18 ਜੁਲਾਈ 1982 ਨੂੰ ਕੀਤੀ ਗਈ। ਪੁਲੀਸ ਨੇ ਭਿੰਡਰਾਂ-ਮਹਿਤਾ ਜਥਾ ਦੀ ਜੀਪ ਜਿਸ ਵਿਚ ਤਿੰਨ ਜਣੇ ਸਵਾਰ ਸਨ, ਖੋਹ ਲਈ ਤੇ ਇਸ ਵਿਚ ਸਵਾਰ ਤਿੰਨੇ ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਤੋਂ 16000 ਰੁਪਏ ਕਰੰਸੀ, 455 ਨੰਬਰ ਦਾ ਰਿਵਾਲਵਰ ਅਤੇ 23 ਕਾਰਤੂਸ ਵੀ ਖੋਹ ਲਏ।

ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦੀ ਗ੍ਰਿਫ਼ਤਾਰੀ

ਭਿੰਡਰਾਂ-ਮਹਿਤਾ ਜਥਾ ਦੇ ਜਿਹੜੇ ਤਿੰਨ ਕਾਰਕੁਨ 18 ਜੁਲਾਈ ਨੂੰ ਗ੍ਰਿਫ਼ਤਾਰ ਕੀਤੇ ਗਏ ਸਨ, ਉਨ੍ਹਾਂ ਦੀ ਜ਼ਮਾਨਤ 'ਤੇ ਰਿਹਾਈ ਕਰਵਾਉਣ ਵਾਸਤੇ ਬਾਬਾ ਠਾਰਾ ਸਿੰਘ, ਭਾਈ ਅਮਰੀਕ ਸਿੰਘ ਅਤੇ ਹੋਰ ਸਾਥੀ ਜਦੋਂ 19 ਜੁਲਾਈ ਨੂੰ ਕਚਹਿਰੀ ਗਏ ਤਾਂ ਪੁਲੀਸ ਨੇ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਭਾਈ ਅਮਰੀਕ ਸਿੰਘ ਨੂੰ ਜੋਗਿੰਦਰ ਸ਼ਾਂਤ ਦੇ ਕਤਲ ਦੀ ਸਾਜ਼ਿਸ਼ ਵਿਚ (28 ਜੂਨ 1982 ਦੀ ਵਾਰਦਾਤ) ਤੇ ਠਾਰਾ ਸਿੰਘ ਨੂੰ ਚੌਕ ਮਹਿਤਾ ਬੰਬ ਕਾਂਡ (29 ਨਵੰਬਰ 1981 ਦੀ ਵਾਰਦਾਤ) ਬਾਰੇ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਦੋਹਾਂ ਉੱਤੇ ਜ਼ਬਰਦਸਤ ਤਸ਼ੱਦਦ ਕੀਤਾ ਗਿਆ। ਦੋਹਾਂ ਉੱਤੇ ਕਾਫੀ ਹੋਰ ਕੇਸ ਵੀ ਪਾ ਦਿੱਤੇ ਗਏ।

19 ਜੁਲਾਈ 1982 ਦੇ ਦਿਨ ਜਦੋਂ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅਤੇ ਭਿੰਡਰਾਂ-ਮਹਿਤਾ ਜਥਾ ਦੇ ਹੈੱਡਕੁਆਟਰ ਚੌਕ ਮਹਿਤਾ ਦੇ ਮੁੱਖ ਸੇਵਾਦਾਰ ਬਾਬਾ ਠਾਰਾ ਸਿੰਘ ਨੂੰ ਝੂਠੇ ਕੇਸਾਂ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਇਸ ਦਾ ਮਕਸਦ ਬਾਬਾ ਜਰਨੈਲ ਸਿੰਘ ਨੂੰ ਪਰੇਸ਼ਾਨ ਕਰਨਾ ਸੀ। ਹਾਲਾਂਕਿ 20 ਅਪ੍ਰੈਲ 1980 ਦੇ ਗੁਰਬਚਨ ਸਿੰਘ ਨਿਰੰਕਾਰੀ ਦੇ ਕਤਲ ਮਗਰੋਂ ਅਤੇ ਮਗਰੋਂ 9 ਸਤੰਬਰ 1981 ਨੂੰ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਕੇਸ ਵਿਚ ਸਰਕਾਰ ਨੇ ਬਾਬਾ ਜਰਨੈਲ ਸਿੰਘ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਉਦੋਂ ਪੰਥ ਦੇ ਰੋਹ ਤੋਂ ਡਰ ਕੇ ਸਰਕਾਰ ਨੂੰ ਹਥਿਆਰ ਸੁਟਣੇ ਪੈ ਗਏ ਸਨ। ਹੁਣ ਭਾਈ ਅਮਰੀਕ ਸਿੰਘ ਅਤੇ ਬਾਬਾ ਠਾਰਾ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਜਾਪਦਾ ਸੀ ਕਿ ਇਸ ਵਾਰ ਸਰਕਾਰ ਬਾਬਾ ਜਰਨੈਲ ਸਿੰਘ ਨੂੰ ਵੀ ਜ਼ਰੂਰ ਗ੍ਰਿਫ਼ਤਾਰ ਕਰ ਲਏਗੀ, ਇਸ ਕਰ ਕੇ ਜਿਸ ਦਿਨ ਭਾਈ ਅਮਰੀਕ ਸਿੰਘ ਤੇ

WWW.SIKHBOOKCLUB.COM

ਬਾਬਾ ਠਾਰਾ ਸਿੰਘ ਗ੍ਰਿਫਤਾਰ ਕੀਤੇ ਗਏ, ਉਸੇ ਦਿਨ ਸ਼ਾਮ ਤਕ ਬਾਬਾ ਜਰਨੈਲ ਸਿੰਘ ਦਰਬਾਰ ਸਾਹਿਬ ਪੁੱਜ ਗਏ। ਉਨ੍ਹਾਂ ਨੇ ਉਸੇ ਦਿਨ ਇਨ੍ਹਾਂ ਦੋਹਾਂ ਦੀ ਰਿਹਾਈ ਵਾਸਤੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਮੋਰਚਾ ਲਾਉਣ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਕਿ **'ਹੇ ਵਾਹਿਗੁਰੂ! ਜੇ ਮੈਂ ਆਪਣੀ ਨਿਜੀ ਸ਼ੁਹਰਤ ਨੂੰ ਮੁਖ ਰੱਖ ਕੇ ਮੋਰਚਾ ਲਾ ਰਿਹਾ ਹਾਂ ਤਾਂ ਮੈਨੂੰ ਕਾਮਯਾਬੀ ਨਾ ਬਖ਼ਸ਼ਿਓ, ਪਰ ਜੇ ਕਰ ਮੈਂ ਪੰਥਕ ਹਿਤਾਂ ਨੂੰ ਮੁਖ ਰੱਖ ਕੇ ਮੋਰਚਾ ਲਾ ਰਿਹਾ ਹਾਂ ਤਾਂ ਮੈਂ ਆਪਣਾ ਸਿਰ ਆਪ ਜੀ ਦੇ ਚਰਨਾਂ ਵਿਚ ਅਰਪਣ ਕਰਦਾ ਹਾਂ।'** ਪਹਿਲੇ ਦਿਨ 51 ਸਿੰਘਾਂ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ। ਜਥੇ ਰੋਜ਼ਾਨਾ ਭੇਜੇ ਜਾਣ ਦੇ ਨਾਲ ਬਾਬਾ ਜਰਨੈਲ ਸਿੰਘ ਨੇ ਐਲਾਨ ਕੀਤਾ ਕਿ ਮੈਂ 25 ਜੁਲਾਈ ਨੂੰ ਕੌਮ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ।

ਅਕਾਲੀ ਪਾਰਟੀ ਵੱਲੋਂ ਭਿੰਡਰਾਂਵਾਲੇ ਦਾ ਮੋਰਚਾ ਅਪਨਾਉਣਾ

ਭਿੰਡਰਾਂਵਾਲਿਆਂ ਨੇ 25 ਜੁਲਾਈ 1982 ਦੇ ਦਿਨ ਮੋਰਚੇ ਨੂੰ ਨਵੀਂ ਸ਼ਕਲ ਦੇਣ ਦਾ ਐਲਾਨ ਕੀਤਾ ਹੋਇਆ ਸੀ। 25 ਤਰੀਖ ਨੂੰ ਸਵੇਰੇ 11 ਵਜੇ ਭਿੰਡਰਾਂਵਾਲਿਆਂ ਦੇ ਕਮਰੇ ਵਿਚ ਰਣਧੀਰ ਸਿੰਘ ਚੀਮਾ, ਡਾ. ਗੁਰਨਾਮ ਸਿੰਘ ਤੀਰ, ਡਾ. ਹਰਜਿੰਦਰ ਸਿੰਘ ਦਿਲਗੀਰ ਇਸ ਨੂੰ ਆਖਰੀ ਸ਼ਕਲ ਦੇਣ ਦੀ ਤਿਆਰੀ ਕਰ ਰਹੇ ਸਨ। ਅਖ਼ੀਰ ਡਾ. ਤੀਰ, ਡਾ. ਦਿਲਗੀਰ, ਪ੍ਰੋ. ਮਹਿੰਦਰ ਸਿੰਘ, ਜਤਿੰਦਰ ਸਿੰਘ ਘੁੰਮਣ ਵਗ਼ੈਰਾ ਨੇ ਹਰਮਿੰਦਰ ਸਿੰਘ ਸੰਧੂ ਨੂੰ ਭਿੰਡਰਾਂਵਾਲਿਆਂ ਵੱਲੋਂ ਕੀਤੇ ਜਾਣ ਵਾਲੇ ਐਲਾਣ ਦੀ ਇਬਾਰਤ ਲਿਖਾ ਦਿੱਤੀ ਗਈ। ਹਰਮਿੰਦਰ ਉਸ ਬਿਆਨ ਨੂੰ ਭਿੰਡਰਾਂਵਾਲਿਆਂ ਕੋਲੋਂ ਮਨਜ਼ੂਰੀ ਵਾਸਤੇ ਦਿਖਾਉਣ ਲੈ ਗਿਆ। ਤਕਰੀਬਨ ਉਸੇ ਵੇਲੇ ਹੀ ਗੁਰਚਰਨ ਸਿੰਘ ਟੌਹੜਾ ਅਤੇ ਭਾਨ ਸਿੰਘ ਭਿੰਡਰਾਂਵਾਲਿਆਂ ਦੇ ਕਮਰੇ ਵਿਚ ਪੁੱਜੇ। ਟੌਹੜਾ ਨੇ ਭਿੰਡਰਾਂਵਾਲਿਆਂ ਨੂੰ ਯਕੀਨ ਦੁਆਇਆ ਕਿ ਅਗਲੇ ਦਿਨ ਅਕਾਲੀ ਪਾਰਟੀ ਦੀ ਫਤਹਿਗੜ੍ਹ ਸਾਹਿਬ ਵਿਚ ਹੋਣ ਵਾਲੀ ਮੀਟਿੰਗ ਵਿਚ ਤੁਹਾਡਾ ਮੋਰਚਾ ਅਪਣਾ ਲਿਆ ਜਾਵੇਗਾ। ਇਸ 'ਤੇ ਬਾਬਾ ਜਰਨੈਲ ਸਿੰਘ ਨੇ ਤਿਆਰ ਕੀਤਾ ਹੋਇਆ ਐਲਾਨ ਰੋਕ ਲਿਆ ਅਤੇ 'ਮੋਰਚਾ ਕਾਮਯਾਬੀ ਤਕ ਜਾਰੀ ਰਹੇਗਾ' ਦਾ ਐਲਾਨ ਕਰ ਦਿੱਤਾ।

ਉਧਰ ਵਾਅਦੇ ਮੁਤਾਬਿਕ ਸ਼੍ਰੋਮਣੀ ਅਕਾਲੀ ਦਲ ਨੇ 26 ਤਾਰੀਖ਼ ਨੂੰ ਫ਼ਤਹਿਗੜ੍ਹ ਸਾਹਿਬ 'ਚ ਆਪਣੀ ਵਰਕਿੰਗ ਕਮੇਟੀ ਦੀ ਮੀਟਿੰਗ ਕੀਤੀ ਅਤੇ 4 ਅਗਸਤ ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਸ ਐਲਾਨ ਵਿਚ ਇਹ ਮੱਦ ਵੀ ਸ਼ਾਮਿਲ ਸੀ ਕਿ 'ਗ੍ਰਿਫ਼ਤਾਰ ਕੀਤੇ ਬੇਗੁਨਾਹ ਸਿੱਖ ਰਿਹਾਅ ਕੀਤੇ ਜਾਣ।' ਅਕਾਲੀ ਦਲ ਨੇ ਬਹਾਨੇ ਨਾਲ ਬਾਬਾ ਜਰਨੈਲ ਸਿੰਘ ਦਾ ਮੋਰਚਾ ਅਪਣਾ ਲਿਆ ਸੀ। ਦਰਅਸਲ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਵੀ ਇਹ ਅਹਿਸਾਸ ਸੀ ਕਿ ਜੇ ਬਾਬਾ ਜਰਨੈਲ ਸਿੰਘ ਦਾ ਮੋਰਚਾ ਜ਼ਿਆਦਾ ਦੇਰ ਚਲਦਾ ਰਿਹਾ ਤਾਂ ਸਿੱਖ ਅਵਾਮ ਉਸ ਦੇ ਨਾਲ ਜੁੜ

ਜਾਏਗਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਧਾਰ ਨੂੰ ਬਹੁਤ ਧੱਕਾ ਲਗੇਗਾ। ਸੋ ਭਿੰਡਰਾਂਵਾਲਿਆਂ ਦਾ ਮੋਰਚਾ ਅਪਨਾਉਣ ਦਾ ਐਲਾਨ ਛੱਡ ਕੇ, ਬਾਕੀ ਸਾਰਾ ਕੁਝ ਭਿੰਡਰਾਂਵਾਲਿਆਂ ਵਾਲਾ ਹੀ ਸੀ। ਇਹ 'ਕੰਨ ਨੂੰ ਦੂਜੇ ਪਾਸਿਓਂ ਹੱਥ ਲਾਉਣ' ਵਾਲੀ ਗੱਲ ਸੀ। ਜਦੋਂ 4 ਅਗਸਤ ਨੂੰ ਅਕਾਲੀ ਪਾਰਟੀ ਨੇ ਮੋਰਚਾ ਅਪਣਾਇਆ ਤਾਂ ਭਿੰਡਰਾਂਵਾਲਿਆਂ ਨੇ ਆਪਣਾ ਮੋਰਚਾ ਅਕਾਲੀ ਪਾਰਟੀ ਵਿਚ ਸ਼ਾਮਿਲ ਕਰਨ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਭਿੰਡਰਾਂਵਾਲਿਆਂ ਦਾ ਮੋਰਚਾ ਹੁਣ ਅਕਾਲੀ ਦਲ ਦਾ ਮੋਰਚਾ ਬਣ ਗਿਆ।

ਦੋ ਭਾਰਤੀ ਹਵਾਈ ਜਹਾਜ਼ਾਂ ਦਾ ਅਗਵਾ

4 ਅਗਸਤ ਨੂੰ ਮੋਰਚੇ ਵਾਲੇ ਦਿਨ ਗੁਰਬਖ਼ਸ਼ ਸਿੰਘ ਨਾਂ ਦੇ ਇਕ ਸ਼ਖ਼ਸ ਨੇ ਇਕ ਭਾਰਤੀ ਹਵਾਈ ਜਹਾਜ਼ ਅਗਵਾ ਕਰ ਕੇ ਲਾਹੌਰ ਲਿਜਾਣ ਦੀ ਕੋਸ਼ਿਸ਼ ਕੀਤੀ ਪਰ ਲਾਹੌਰ ਵਾਲਿਆਂ ਵੱਲੋਂ ਇਜਾਜ਼ਤ ਨਾ ਮਿਲਣ 'ਤੇ ਉਸ ਨੂੰ ਅੰਮ੍ਰਿਤਸਰ ਲਿਆਉਣਾ ਪਿਆ। (ਮਗਰੋਂ ਪੁਲਿਸ ਨੇ ਉਸ ਦੀ ਲੱਤ ਵਿਚ ਪਿਚਕਾਰੀ ਨਾਲ ਜ਼ਹਿਰ ਭਰ ਦਿੱਤਾ, ਜਿਸ ਨਾਲ ਉਸ ਦੀ ਲੱਤ ਬੁਰੀ ਤਰ੍ਹਾਂ ਗਲ ਗਈ)।

20 ਅਗਸਤ 1982 ਨੂੰ ਮਨਜ਼ੀਤ ਸਿੰਘ (ਉਰਫ਼ ਮੁਸੀਬਤ ਸਿੰਘ) ਨੇ ਪਿਸਤੌਲ ਨਾਲ ਇਕ ਜਹਾਜ਼ ਅਗਵਾ ਕੀਤਾ ਤੇ ਇਸ ਦਾ ਹਸ਼ਰ ਵੀ 4 ਅਗਸਤ ਦੀ ਹਾਈਜੈਕਿੰਗ ਵਾਲਾ ਹੋਇਆ। ਜਦੋਂ ਜਹਾਜ਼ ਲਾਹੌਰ ਉਤਰਨ ਦੀ ਜਗਹ ਅੰਮ੍ਰਿਤਸਰ ਵਾਪਿਸ ਪੁੱਜਾ ਤਾਂ ਜਹਾਜ਼ ਦਾ ਗੇਟ ਖੁਲ੍ਹਦਿਆਂ ਹੀ ਗੋਲੀਆਂ ਮਾਰ ਕੇ ਪੁਲੀਸ ਨੇ ਮਨਜੀਤ ਸਿੰਘ ਨੂੰ ਮਾਰ ਦਿੱਤਾ। (ਇਕ ਹੋਰ ਸੋਮੇ ਮੁਤਾਬਿਕ ਮਨਜੀਤ ਸਿੰਘ ਨੂੰ, ਜਹਾਜ਼ ਰੁਕਦਿਆਂ ਹੀ, ਪਾਇਲਟ ਨੇ ਸਿਰ ਵਿਚ ਸਰੀਆ ਮਾਰ ਕੇ ਮਾਰ ਦਿੱਤਾ ਸੀ, ਪਰ ਮਗਰੋਂ ਪਾਇਲਟ ਨੂੰ ਬਚਾਉਣ ਵਾਸਤੇ ਪੁਲੀਸ ਕਾਰਵਾਈ ਪਾਈ ਗਈ ਸੀ)।

ਕਾਂਗਰਸੀ ਸੰਤੋਖ ਸਿੰਘ ਰੰਧਾਵੇ ਦੇ ਸਿਰ ਵਿਚ ਸੁਆਹ

ਸਿੱਖਾਂ 'ਤੇ ਹੋ ਰਹੇ ਜ਼ੁਲਮ ਕਾਰਨ ਆਮ ਸਿੱਖ ਵੀ ਰੋਹ ਵਿਚ ਸਨ। 15 ਅਗਸਤ ਨੂੰ ਬਟਾਲੇ ਵਿਚ ਕਾਂਗਰਸੀ ਵਜ਼ੀਰ ਸੰਤੋਖ ਸਿੰਘ ਰੰਧਾਵਾ ਝੰਡਾ ਲਹਿਰਾਉਣ ਵਾਸਤੇ ਪੁੱਜਾ ਹੋਇਆ ਸੀ। ਇਸ ਮੌਕੇ 'ਤੇ ਇਹ ਜੋਸ਼ੀਲੀ ਸਿੱਖ ਬੀਬੀ ਨੇ ਵਜ਼ੀਰ ਰੰਧਾਵੇ ਦੇ ਸਿਰ ਵਿਚ ਸੁਆਹ ਪਾ ਕੇ ਉਸ ਦੇ ਜ਼ੁਲਮ ਦੇ ਖ਼ਿਲਾਫ਼ ਆਪਣਾ ਪ੍ਰੋਟੈਸਟ ਕੀਤਾ। ਪੁਲੀਸ ਅਤੇ ਕਾਂਗਰਸੀਆਂ ਨੇ ਇਸ ਬੀਬੀ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਉਸ 'ਤੇ ਕਈ ਕੇਸ ਪਾ ਕੇ ਜੇਲ੍ਹ ਵਿਚ ਸੁੱਟ ਦਿੱਤਾ। 18 ਅਗਸਤ ਨੂੰ ਸਿੱਖਾਂ ਨੇ ਪਟਿਆਲਾ ਜੇਲ੍ਹ ਵਿਚ ਪਵਨ ਕੁਮਾਰ ਤੇ ਦੀਪ ਚੰਦ (ਗੁੰਡੇ ਹਿੰਦੂ ਚੌਧਰੀਆਂ) ਨੂੰ ਕੁਟਾਪਾ ਚਾੜ੍ਹਿਆ।

WWW.SIKHBOOKCLUB.COM

ਦਰਬਾਰੇ ਉੱਤੇ ਬੰਬ ਅਤੇ ਗੁਰਮੀਤ ਸਿੰਘ ਧੂਲਕੋਟ ਦਾ ਕਤਲ

20 ਅਗਸਤ ਨੂੰ ਚੀਫ਼ ਮਨਿਸਟਰ ਦਰਬਾਰਾ ਸਿੰਘ ਰਾਹੋਂ ਵਿਚ ਆਇਆ। ਖਾੜਕੂਆਂ ਨੇ ਉਸ ਉੱਤੇ ਬੰਬ ਸੁੱਟ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਬਚ ਨਿਕਲਿਆ। ਪੁਲੀਸ ਨੇ ਬੰਬ ਸੁੱਟਣ ਦੇ ਸ਼ੱਕ ਵਿਚ ਧੂਲਕੋਟ ਦਾ ਗੁਰਮੀਤ ਸਿੰਘ ਫੜ ਲਿਆ। ਉਸ ਦੇ ਦੋਵੇਂ ਹੱਥਾਂ ਨੂੰ ਅੱਗ ਤੇ ਰੱਖ ਕੇ ਸਾੜ ਦਿੱਤਾ ਗਿਆ। ਜੰਬੂਰਾਂ ਨਾਲ ਉਸ ਦੇ ਨਹੁੰ ਖਿੱਚੇ ਗਏ ਅਤੇ ਅਖ਼ੀਰ ਵਿਚ ਜਦ ਉਸ ਤੋਂ ਕੁੱਝ ਵੀ ਨਾ ਮਿਲ ਸਕਿਆ ਤਾਂ ਡੀ.ਆਈ.ਜੀ. ਅਟਵਾਲ ਦੇ ਹੁਕਮ 'ਤੇ ਉਸ ਨੂੰ ਨਕਲੀ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਇਸ ਕੇਸ ਵਿਚ ਬਹਾਦਰ ਸਿੰਘ ਰਾਹੋਂ ਨੂੰ ਇਸ਼ਤਿਹਾਰੀ ਮੁਜਰਿਮ ਕਰਾਰ ਦਿੱਤਾ ਗਿਆ। ਦਰਬਾਰੇ ਨੇ ਭਿੰਡਰਾਂਵਾਲੇ ਨੂੰ ਇਸ ਸਾਜ਼ਿਸ਼ ਦੀ 'ਹੀਰੋ' ਆਖਿਆ। ਇਹ ਵੀ ਚਰਚਾ ਚਲ ਪਿਆ ਕਿ ਪੁਲੀਸ ਦੇ ਕਮਾਂਡੋ ਐਕਸ਼ਨ ਕਰ ਕੇ ਭਿੰਡਰਾਂਵਾਲਿਆਂ ਨੂੰ ਦਰਬਾਰ ਸਾਹਿਬ ਵਿਚੋਂ ਚੁੱਕ ਕੇ ਲੈ ਜਾਵੇਗੀ। ਪੁਲੀਸ ਕਮਾਂਡੋ ਵੱਲੋਂ ਦਰਬਾਰ ਸਾਹਿਬ ਦਾਖਿਲ ਹੋਣ ਦੇ ਖ਼ਤਰੇ ਕਾਰਨ ਭਿੰਡਰਾਂਵਾਲੇ 25 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਚਲੇ ਗਏ, ਪਰ 27 ਨੂੰ ਹੀ ਵਾਪਸ ਆ ਗਏ।

ਭਾਈ ਅਮਰਜੀਤ ਸਿੰਘ ਦਹੇੜੂ ਨੂੰ ਮਾਰਨਾ

ਇਨ੍ਹਾਂ ਦਿਨਾਂ ਵਿਚ ਦਹੇੜੂ ਦਾ ਭਾਈ ਅਮਰਜੀਤ ਸਿੰਘ (ਬਬਰ ਖਾਲਸਾ) ਆਪਣੇ ਇਕ ਨਿਜੀ ਦੋਸਤ ਬਲਜੀਤ ਸਿੰਘ ਨਾਲ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਸੀ ਪਰ ਉਸ ਦੀ ਗ੍ਰਿਫਤਾਰੀ ਕਾਗਜ਼ਾਂ ਵਿਚ ਨਹੀਂ ਸੀ ਦਿਖਾਈ ਗਈ। 19 ਜੁਲਾਈ ਨੂੰ ਉਸ ਨੂੰ ਕਪੂਰਥਲੇ ਦੇ ਨੇੜੇ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਕਤਲ ਕਰ ਦਿੱਤਾ ਗਿਆ। (ਬਲਜੀਤ ਸਿੰਘ ਨੂੰ 23 ਤਰੀਖ ਨੂੰ ਪਿੰਡ ਸ਼ੰਕਰ, ਜ਼ਿਲ੍ਹਾ ਜਲੰਧਰ, ਕੋਲ ਕਤਲ ਕਰ ਦਿੱਤਾ ਗਿਆ ਅਤੇ ਮਗਰੋਂ ਉਸਦਾ ਸਿਰ-ਮੂੰਹ ਮੁੰਨ ਦਿੱਤਾ ਗਿਆ। ਬਲਜੀਤ ਸਿੰਘ ਦਾ ਸਿੱਖ ਜੱਦੋ-ਜਹਿਦ ਨਾਲ ਦੂਰ ਦਾ ਵੀ ਸਬੰਧ ਨਹੀਂ ਸੀ ਪਰ ਉਹ ਅਮਰਜੀਤ ਸਿੰਘ ਦੀ ਗ੍ਰਿਫ਼ਤਾਰੀ ਅਤੇ ਨਕਲੀ ਮੁਕਾਬਲੇ ਦਾ ਚਸ਼ਮ-ਦੀਦ ਗਵਾਹ ਸੀ)। 20 ਜੁਲਾਈ ਨੂੰ ਭਾਈ ਅਮਰਜੀਤ ਸਿੰਘ ਨੂੰ ਲਾਵਾਰਸ ਆਖ ਕੇ ਉਸ ਦੀ ਲਾਸ਼ ਦਾ ਸਸਕਾਰ ਵੀ ਕਰ ਦਿੱਤਾ ਗਿਆ। ਇਸ ਦੀ ਵਜਹ ਇਹ ਸੀ ਕਿ ਜੇ ਕਰ ਅਮਰਜੀਤ ਸਿੰਘ ਦਾ ਡਾਕਟਰੀ ਮੁਆਇਨਾ ਕਰਵਾਇਆ ਜਾਂਦਾ ਤਾਂ ਭਾਈ ਕੁਲਵੰਤ ਸਿੰਘ ਨਾਗੋਕੇ ਵਾਂਗ ਇਸ ਨਕਲੀ ਪੁਲੀਸ ਮੁਕਾਬਲੇ ਦਾ ਰਾਜ਼ ਵੀ ਜ਼ਾਹਿਰ ਹੋ ਜਾਣਾ ਸੀ।

ਅਕਾਲੀ ਦਲਾਂ ਵਿਚ ਕਾਗਜ਼ੀ ਨੇੜਤਾ

ਚਾਰ ਅਗਸਤ ਨੂੰ ਸ਼ੁਰੂ ਹੋਏ ਮੋਰਚੇ ਵੇਲੇ ਲੌਂਗੋਵਾਲ, ਤਲਵੰਡੀ, ਸੁਖਜਿੰਦਰ ਸਿੰਘ ਦੇ ਵੱਖਰੇ-ਵੱਖਰੇ ਅਕਾਲੀ ਦਲ ਸਨ। 28 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦਲਾਂ ਨੂੰ ਇਕ ਹੋ ਜਾਣ ਵਾਸਤੇ ਅਪੀਲ ਜਾਰੀ ਕੀਤੀ ਗਈ।

31 ਅਗਸਤ ਨੂੰ ਨਿਰਲੇਪ ਕੌਰ ਲੋਂਗੋਵਾਲ ਧੜੇ ਵਿਚ ਸ਼ਾਮਿਲ ਹੋ ਗਈ। ਰਣਧੀਰ ਸਿੰਘ ਚੀਮਾ ਨੇ ਆਖਿਆ, 'ਨਿਰਲੇਪ ਕੌਰ ਲੋਂਗੋਵਾਲ ਨਾਲ ਸਿਰਫ਼ ਭਿੰਡਰਾਂਵਾਲਿਆਂ ਦੀ ਮੁਖ਼ਾਲਫ਼ਤ ਦੇ ਸਵਾਲ 'ਤੇ ਹੀ ਸ਼ਾਮਿਲ ਹੋਈ ਹੈ। 3 ਸਤੰਬਰ ਨੂੰ ਸੁਖਜਿੰਦਰ ਸਿੰਘ ਵੀ ਲੋਂਗੋਵਾਲ ਧੜੇ ਵਿਚ ਸ਼ਾਮਲ ਹੋ ਗਿਆ। 8 ਸਤੰਬਰ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਲਿਖਤੀ ਸ਼ਕਲ ਵਿਚ ਤਲਵੰਡੀ ਨੂੰ ਹਦਾਇਤ ਕਰਵਾਈ ਗਈ ਕਿ ਉਹ ਵੀ ਮੋਰਚੇ ਵਿਚ ਸ਼ਾਮਲ ਹੋ ਜਾਏ। ਤਲਵੰਡੀ ਨੇ ਵੀ ਲੋਂਗੋਵਾਲ ਵਾਲੀ ਚਲਾਕੀ (ਭਿੰਡਰਾਂਵਾਲਿਆਂ ਦਾ ਮੋਰਚਾ ਅਪਨਾਉਣ ਦਾ ਟੇਢਾ ਰਾਹ) ਕੀਤੀ ਅਤੇ 9 ਸਤੰਬਰ ਨੂੰ ਐਲਾਨ ਕੀਤਾ ਕਿ ਉਸ ਨੇ ਆਪਣਾ ਮੋਰਚਾ ਦਿੱਲੀ ਤੋਂ ਅੰਮ੍ਰਿਤਸਰ ਸਾਹਿਬ ਵਿਚ ਬਦਲ ਦਿੱਤਾ ਹੈ (ਉਹ ਦਿੱਲੀ ਤੋਂ ਆਪਣਾ 'ਮੋਰਚਾ' ਚਲਾ ਰਿਹਾ ਸੀ)।

ਸਵਰਨ ਸਿੰਘ ਸਾਬਕਾ ਵਜ਼ੀਰ ਦੀ ਨਵੀਂ ਵਿਚੋਲਗੀ

ਇਨ੍ਹੀਂ ਦਿਨੀਂ ਸਾਬਕ ਵਜ਼ੀਰ ਸਵਰਨ ਸਿੰਘ ਸ਼੍ਰੋਮਣੀ ਅਕਾਲੀ ਦਲ ਅਤੇ ਇੰਦਰਾ ਗਾਂਧੀ ਵਿਚਕਾਰ ਦੋਬਾਰਾ ਵਿਚੋਲਾ ਬਣ ਕੇ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕਰਦਾ ਰਿਹਾ। ਉਹ ਕਈ ਵਾਰ ਅਕਾਲੀ ਆਗੂਆਂ ਅਤੇ ਇੰਦਰਾ ਗਾਂਧੀ ਨੂੰ ਮਿਲਿਆ ਅਤੇ ਕਈ ਨੁਕਤਿਆਂ 'ਤੇ ਬਹਿਸ ਕੀਤੀ। ਉਸ ਨੇ ਬਹੁਤ ਸਾਰੇ ਨੁਕਤਿਆਂ 'ਤੇ ਸਮਝੌਤਾ ਮੰਨਵਾ ਵੀ ਲਿਆ।

ਪਰ ਇੰਦਰਾ ਗਾਂਧੀ ਮੰਨ ਮੇ ਵੀ ਮੁਕਰ ਜਾਂਦੀ ਰਹੀ ਸੀ। ਅਖ਼ੀਰ ਸਵਰਨ ਸਿੰਘ ਨੇ ਹਥਿਆਰ ਸੁੱਟ ਦਿਤੇ। ਉਸ ਨੇ ਇੰਦਰਾ ਗਾਂਧੀ ਨੂੰ ਬਦਦਿਆਨਤ, ਝੂਠੀ, ਮੱਕਾਰ, ਫਰੇਬੀ ਅਤੇ ਪਲ-ਪਲ 'ਤੇ ਵਾਅਦਾ ਕਰ ਕੇ ਮੁਕਰ ਜਾਣ ਵਾਲੀ ਔਰਤ ਆਖਿਆ। ਉਸ ਨੇ ਕਿਹਾ ਕਿ ਇੰਦਰਾ ਈਮਾਨਦਾਰ ਨਹੀਂ ਅਤੇ ਪੰਜਾਬ ਜਾਂ ਸਿੱਖਾਂ ਦਾ ਮਸਲਾ ਹੱਲ ਨਹੀਂ ਕਰਨਾ ਚਾਹੁੰਦੀ। ਉਸ ਦਾ ਨਿਸ਼ਾਨਾ ਸਿਰਫ਼ ਅਗਲੀਆਂ ਚੋਣਾਂ ਹਨ।

ਬੱਸ ਤੇ ਗੱਡੀ ਦੀ ਟੱਕਰ ਵਿਚ 34 ਸਿੱਖਾਂ ਦੀ ਮੌਤ

ਅਕਾਲੀ ਦਲ ਦੇ ਧਰਮਯੁੱਧ ਮੋਰਚੇ ਵਿਚ ਗ੍ਰਿਫ਼ਤਾਰ ਅਕਾਲੀਆਂ ਦਾ ਇਕ ਵੱਡਾ ਜੱਥਾ 10 ਸਤੰਬਰ ਨੂੰ ਬੱਸਾਂ ਰਾਹੀਂ ਅੰਮ੍ਰਿਤਸਰ ਸਾਹਿਬ ਤੋਂ ਲਿਜਾਇਆ ਜਾ ਰਿਹਾ ਸੀ। ਤਰਨਤਾਰਨ ਕੋਲ ਪੁਲਸੀਆਂ ਨੇ ਰੇਲਵੇ ਲਾਈਨ ਤੋਂ (ਜਿੱਥੇ ਫਾਟਕ ਨਹੀਂ ਸੀ) ਬੱਸਾਂ ਲੰਘਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਵਿਚੋਂ ਇਕ ਬੱਸ ਦੀ ਟੱਕਰ ਗੱਡੀ ਨਾਲ ਹੋ ਗਈ ਤੇ 34 ਸਿੱਖ ਮਾਰੇ ਗਏ। ਅਕਾਲੀ ਪਾਰਟੀ ਨੇ ਇਨ੍ਹਾਂ ਮੌਤਾਂ ਨੂੰ ਇੱਕ ਸਾਜ਼ਿਸ਼ ਆਖਿਆ ਤੇ ਇਨ੍ਹਾਂ ਨੂੰ ਦਰਬਾਰਾ ਸਿੰਘ ਅਤੇ ਉਸ ਦੇ ਹੁਕਮ ਨਾਲ ਕੀਤੇ ਗਏ ਕਤਲ ਗਰਦਾਨਿਆ। ਮਾਰੇ ਗਏ ਸਿੱਖ ਇਹ ਸਨ: ਜਗਤਾਰ ਸਿੰਘ, ਨਸੀਬ ਸਿੰਘ,

WWW.SIKHBOOKCLUB.COM

ਮਨਸਾ ਸਿੰਘ, ਮੇਹਰ ਸਿੰਘ, ਦੀਵਾਨ ਸਿੰਘ, ਕਿਸ਼ਨ ਸਿੰਘ, ਪ੍ਰੀਤਮ ਸਿੰਘ, ਮੰਗਲ ਸਿੰਘ, ਦਰਸ਼ਨ ਸਿੰਘ, ਦਰਸ਼ਨ ਸਿੰਘ (ਦੂਜਾ), ਜੋਗਾ ਸਿੰਘ, ਬੰਤਾ ਸਿੰਘ, ਨਾਹਰ ਸਿੰਘ, ਹਰਬੰਸ ਸਿੰਘ, ਚੇਤ ਸਿੰਘ, ਨੱਥਾ ਸਿੰਘ, ਬੰਤਾ ਸਿੰਘ, ਨਰਿੰਜਨ ਸਿੰਘ, ਭਜਨ ਸਿੰਘ, ਰਾਜਾ ਸਿੰਘ, ਛੱਜੂ ਸਿੰਘ, ਬੁੱਧ ਸਿੰਘ, ਮੁਨਸ਼ਾ ਸਿੰਘ, ਬਚਨ ਸਿੰਘ, ਚੇਤਾ ਰਾਮ, ਨਸੀਬ ਸਿੰਘ, ਸੋਹਨ ਸਿੰਘ, ਰੰਗਾ ਸਿੰਘ, ਕੇਵਲ ਸਿੰਘ, ਮੋਹਨ ਸਿੰਘ, ਸੀਤਲ ਸਿੰਘ...।

ਦਿੱਲੀ ਵਿਚ ਚਾਰ ਸਿੱਖ ਮਾਰੇ

ਰੇਲ ਹਾਦਸੇ ਵਿਚ ਮਾਰੇ ਗਏ 34 ਸਿੱਖਾਂ ਦੇ ਅੰਗੀਠੇ ਦਾ ਜਲੂਸ 11 ਅਕਤੂਬਰ ਨੂੰ ਦਿੱਲੀ ਪੁੱਜਾ। ਪਾਰਲੀਮੈਂਟ ਕੋਲ ਸਿੰਘਾਂ ਤੇ ਪੁਲੀਸ ਵਿਚ ਝੜਪ ਹੋ ਗਈ। ਇਸ ਮੌਕੇ 'ਤੇ ਪੁਲੀਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਜੰਗ ਸਿੰਘ ਤੇ ਤਿੰਨ ਹੋਰ ਸਿੱਖਾਂ ਨੂੰ ਮਾਰ ਕਰ ਦਿੱਤਾ। ਮਗਰੋਂ ਭੜਕੇ ਸਿੱਖਾਂ ਵੀ ਤਸ਼ੱਦਦ ਦਾ ਜਵਾਬ ਦਿੱਤਾ।

ਇਕ ਹੋਰ ਨਿਰੰਕਾਰੀ 'ਤੇ ਹਮਲਾ

12 ਅਕਤੂਬਰ ਨੂੰ ਸਿੱਖਾਂ ਨੇ ਇਕ ਸਰਕਾਰੀ ਟਾਊਟ ਸੁਰਜਨ ਸਿੰਘ ਨਾਗੋਕੇ ਦਾ ਸਰਪੰਚ, ਜਿਸ ਨੇ ਭਾਈ ਕੁਲਵੰਤ ਸਿੰਘ ਨਾਗੋਕੇ ਨੂੰ ਗ੍ਰਿਫ਼ਤਾਰ ਕਰਵਾਇਆ ਸੀ, ਉੱਤੇ ਹਮਲਾ ਕੀਤਾ ਪਰ ਉਹ ਬਚ ਗਿਆ। ਇਸੇ ਦਿਨ ਫ਼ੀਰੋਜ਼ਪੁਰ ਜੇਲ੍ਹ ਵਿਚ ਸਿੱਖ ਕੈਦੀਆਂ ਨੇ ਜੇਲ੍ਹ ਦੀ ਮਾੜੀ ਹਾਲਤ 'ਤੇ ਪ੍ਰੋਟੈਸਟ ਕੀਤਾ ਤੇ ਜਦ ਜੇਲ੍ਹ ਹਾਕਮਾਂ ਨੇ ਪਰਵਾਹ ਨਾ ਕੀਤੀ ਤਾਂ ਕੈਦੀਆਂ ਨੇ ਸਾੜ ਫੂਕ ਕਰ ਕੇ ਆਪਣਾ ਰੋਹ ਦਿਖਾਇਆ। ਤੰਬੂਆਂ ਦੀ ਸਾੜ ਫੂਕ ਅਗਲੇ ਦਿਨ ਅੰਮ੍ਰਿਤਸਰ ਸਾਹਿਬ ਅਤੇ ਲੁਧਿਆਣਾ ਦੀਆਂ ਜੇਲਾਂ ਵਿਚ ਵੀ ਹੋਈ। 15 ਅਕਤੂਬਰ ਨੂੰ ਇਹੀ ਕਾਰਵਾਈ ਅੰਮ੍ਰਿਤਸਰ ਜੇਲ੍ਹ ਵਿਚ ਵੀ ਦੁਹਰਾਈ ਗਈ। ਇਸ ਬਾਰੇ ਭਾਈ ਅਮਰੀਕ ਸਿਘ, ਠਾਰਾ ਸਿੰਘ, ਅਮਰਜੀਤ ਸਿੰਘ ਚਾਵਲਾ ਅਤੇ ਕਈ ਹੋਰਾਂ ਉੱਤੇ ਬਹੁਤ ਸਾਰੇ ਝੂਠੇ ਕੇਸ ਜੇਲ੍ਹਾਂ ਵਿਚ ਹੀ ਦਰਜ ਕਰ ਲਏ ਗਏ।

ਅਕਾਲੀਆਂ ਦੀਆਂ ਰਿਹਾਈਆਂ

ਇਸ ਵੇਲੇ ਤੱਕ ਜੇਲਾਂ ਵਿਚ 25000 ਤੋਂ ਜ਼ਿਆਦਾ ਸਿੱਖ ਕੈਦ ਸਨ ਤੇ ਸਰਕਾਰ ਦੀ ਹਾਲਤ ਬਹੁਤ ਮਾੜੀ ਸੀ। ਅਖੀਰ ਇੰਦਰਾ ਗਾਂਧੀ ਨੇ ਸਾਰੇ ਸਿੱਖਾਂ ਦੀ ਰਿਹਾਈ ਦਾ ਐਲਾਨ ਕਰ ਦਿੱਤਾ ਪਰ ਕੁਝ ਜੇਲਾਂ ਵਿੱਚੋਂ ਅਕਾਲੀਆਂ ਨੇ ਬਾਹਰ ਆਉਣ ਤੋਂ ਨਾਂਹ ਕਰ ਦਿੱਤੀ। ਅਕਾਲੀ ਦਲ ਨੂੰ ਹੁਕਮ ਕਰ ਕੇ ਉਨ੍ਹਾਂ ਨੂੰ ਬਾਹਰ ਸੱਦਣਾ ਪਿਆ।

WWW.SIKHBOOKCLUB.COM

ਅੰਮ੍ਰਿਤਸਰ ਬੀ.ਐਸ.ਐਫ਼. ਦੇ ਹਵਾਲੇ

18 ਅਕਤੂਬਰ ਨੂੰ ਇਕ ਛੋਟੀ ਜਿਹੀ ਸਿੱਖ-ਪੁਲੀਸ ਝੜਪ ਮਗਰੋਂ ਅੰਮ੍ਰਿਤਸਰ ਸ਼ਹਿਰ ਨੂੰ ਬੀ.ਐਸ.ਐਫ਼. (ਬਾਰਡਰ ਸਕਿਉਰਿਟੀ ਫ਼ੋਰਸ) ਦੇ ਹਵਾਲੇ ਕਰ ਦਿੱਤਾ ਗਿਆ। 26 ਅਕਤੂਬਰ ਨੂੰ ਅੰਮ੍ਰਿਤਸਰ ਵਿਚ ਹਿੰਦੂਆਂ ਦੇ ਰਾਮ ਨੌਮੀ ਜਲੂਸ ਦੌਰਾਨ ਇਕ ਬੰਬ ਫਟਿਆ। ਜਿਸ ਨਾਲ ਇਕ ਦੀ ਮੌਤ ਹੋ ਗਈ ਅਤੇ 51 ਜ਼ਖ਼ਮੀ ਹੋ ਗਏ। ਇਸ ਦੇ ਖ਼ਿਲਾਫ਼ **ਹਿੰਦੂਆਂ ਨੇ ਜਲੂਸ ਕਢ ਕੇ ਗੁੰਡਾਗਰਦੀ ਕੀਤੀ ਤੇ ਇਸ ਦੌਰਾਨ ਉਨ੍ਹਾਂ ਨੇ ਪੁਲੀਸ ਨੂੰ ਪੱਥਰ ਮਾਰੇ ਜਿਸ 'ਤੇ ਪੁਲੀਸ ਨੇ ਲਾਠੀਚਾਰਜ ਕੀਤਾ। ਸੀ.ਆਰ.ਪੀ.ਐਫ਼. ਦੇ ਫ਼ਿਰਕਾਪ੍ਰਸਤ ਹਿੰਦੂ ਫ਼ੌਜੀਆਂ ਨੇ ਪੁਲੀਸ ਦੀ ਕਾਰਵਾਈ ਤੇ 'ਰੋਸ' ਕੀਤਾ।**

ਅਗਲੇ ਦਿਨ ਹਿੰਦੂਆਂ ਨੇ ਸਿੱਖਾਂ ਦੀਆਂ ਦੁਕਾਨਾਂ ਜਬਰੀ ਬੰਦ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਦੇ ਡੰਡੇ ਵਰਦਿਆਂ ਹੀ ਨੱਸ ਗਏ।

ਰੇਸ਼ਮ ਸਿੰਘ ਨਿਰੰਕਾਰੀ ਕਤਲ

ਇਨ੍ਹੀਂ ਦਿਨੀਂ ਹੀ ਟਾਂਡੇ ਦੇ ਨਿਰੰਕਾਰੀ ਰੇਸ਼ਮ, ਜਿਸ ਨੇ 13 ਅਪ੍ਰੈਲ 1978 ਨੂੰ ਅੰਮ੍ਰਿਤਸਰ ਸਾਹਿਬ ਵਿਚ ਸਿੱਖਾਂ ਉੱਤੇ ਗੋਲੀਆਂ ਚਲਾਈਆਂ ਸਨ, ਨੂੰ ਕੁਝ ਖਾੜਕੂਆਂ ਨੇ ਕਤਲ ਕਰ ਦਿੱਤਾ। ਪੁਲੀਸ ਨੇ ਰਜਿੰਦਰ ਸਿੰਘ (ਨੰਗਲ ਖੁੰਗਾ), ਨਿਰਮਲ ਸਿੰਘ (ਟਾਂਡਾ), ਸੋਹਨ ਸਿੰਘ (ਦਾਰਾਪੁਰ) ਨੂੰ ਇਸ ਕੇਸ ਵਿਚ ਗ੍ਰਿਫ਼ਤਾਰ ਕੀਤਾ।

ਜਲੰਧਰ ਵਿਚ ਸਿੱਖ ਜਲੂਸ ਉੱਤੇ ਬੰਬ

29 ਅਕਤੂਬਰ ਨੂੰ ਜਲੰਧਰ 'ਚ ਗੁਰੂ ਨਾਨਕ ਸਾਹਿਬ ਦੇ ਜਲੂਸ ਦੇ ਮੌਕੇ 'ਤੇ ਹਿੰਦੂਆਂ ਨੇ ਬੰਬ ਸੁਟ ਕੇ 10 ਸਿੱਖਾਂ ਨੂੰ ਜ਼ਖ਼ਮੀ ਕਰ ਦਿੱਤਾ। ਇਨ੍ਹਾਂ ਵਿਚ ਸਤਨਾਮ ਸਿੰਘ, ਦਵਿੰਦਰ ਸਿੰਘ, ਬਿਕਰਮਜੀਤ ਸਿੰਘ, ਸੁਦੇਸ਼ ਕੌਰ ਤੇ ਬਲਵੰਤ ਸਿੰਘ ਵੀ ਸ਼ਾਮਿਲ ਸਨ।

ਸਿੱਖਾਂ 'ਤੇ ਜ਼ੁਲਮ ਦਾ ਨਵਾਂ ਦੌਰ-ਏਸ਼ੀਅਨ ਖੇਡਾਂ ਤੇ ਸਿੱਖਾਂ ਨਾਲ ਧੱਕਾ

ਸਤੰਬਰ ਤੇ ਅਕਤੂਬਰ ਵਿਚ 30 ਹਜ਼ਾਰ ਤੋਂ ਵੱਧ ਸਿੱਖ ਗ੍ਰਿਫ਼ਤਾਰੀਆਂ ਦੇ ਚੁੱਕੇ ਸਨ। ਹੁਣ ਸਰਕਾਰ ਕੋਲ ਜੇਲ੍ਹਾਂ ਵਿਚ ਥਾਂ ਨਹੀਂ ਸੀ ਬਚੀ। ਇਸ ਦੌਰਾਨ ਸਾਬਕ ਵਜ਼ੀਰ ਸਵਰਨ ਸਿੰਘ ਨੇ ਇੰਦਰਾ ਅਤੇ ਅਕਾਲੀਆਂ ਵਿਚਕਾਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਨੇ ਵੀ ਇੰਦਰਾ ਉੱਤੇ 'ਬਦ-

WWW.SIKHBOOKCLUB.COM

ਦਿਆਨਤੀ' ਦਾ ਇਲਜ਼ਾਮ ਲਾ ਕੇ 3 ਨਵੰਬਰ ਨੂੰ ਹਥਿਆਰ ਸੁੱਟ ਦਿੱਤੇ ਸਨ। ਇਸ 'ਤੇ 4 ਨਵੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ 19 ਨਵੰਬਰ ਤੋਂ 4 ਦਸੰਬਰ 1982 ਤਕ ਦਿੱਲੀ ਵਿਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਦੌਰਾਨ ਪ੍ਰੈਟੈਸਟ ਕਰੇਗਾ। ਇਨ੍ਹਾਂ ਦਿਨਾਂ ਵਿਚ ਦਿੱਲੀ ਵਿਚ ਗ੍ਰਿਫ਼ਤਾਰੀਆਂ ਦੇਣ ਵਾਸਤੇ ਜਥੇ ਭੇਜਣ ਦਾ ਐਲਾਨ ਵੀ ਕੀਤਾ ਗਿਆ।

ਇਸ ਵੇਲੇ ਹਰਿਆਣੇ ਦਾ ਚੀਫ਼ ਮਨਿਸਟਰ ਭਜਨ ਲਾਲ ਸੀ। ਉਸ ਨੇ ਹਰਿਆਣਾ ਪੁਲੀਸ ਅਤੇ ਬੀ.ਐਸ.ਐਫ਼. ਦੀਆਂ ਬਹੁਤ ਸਾਰੀਆਂ ਬਟਾਲੀਅਨਾਂ ਸੂਬੇ ਵਿਚ ਤਾਇਨਾਤ ਕਰ ਦਿੱਤੀਆਂ। ਉਸ ਨੇ **ਹਰ ਇਕ ਸੜਕ, ਜੋ ਪੰਜਾਬ ਚੋਂ ਆਉਂਦੀ ਸੀ, 'ਤੇ ਕਈ-ਕਈ ਨਾਕੇ ਲਾਉਣ ਅਤੇ ਪੰਜਾਬ 'ਚੋਂ ਹਰਿਆਣਾ ਵਿਚ ਦਾਖ਼ਿਲ ਹੋਣ ਵਾਲੇ ਹਰ ਸਿੱਖ ਨੂੰ ਰੋਕਣ ਦੇ ਹੁਕਮ ਜਾਰੀ ਕਰ ਦਿੱਤੇ।**

ਇੰਞ ਹੀ ਹਰਿਆਣੇ ਵਿਚੋਂ ਜੋ ਸੜਕ ਵੀ ਦਿੱਲੀ ਵਿਚ ਹੁੰਦੀ ਸੀ 'ਤੇ ਵੀ ਨਾਕੇ ਲਾ ਦਿਤੇ ਗਏ ਤਾਂ ਜੋ ਪੰਜਾਬ ਹੀ ਨਹੀਂ ਹਰਿਆਣਾ ਵਿਚੋਂ ਵੀ ਕੋਈ ਵੀ ਸਿੱਖ ਦਿੱਲੀ ਵਿਚ ਦਾਖ਼ਿਲ ਨਾ ਹੋ ਸਕੇ। **ਸਾਰੀਆਂ ਸਰਹੱਦਾਂ 'ਤੇ, ਵਿਦੇਸ਼ੀ ਮੁਲਕ ਦੀ ਇਮੀਗਰੇਸ਼ਨ ਵਾਂਗ, ਬਾਰਡਰ ਸੀਲ ਕਰ ਕੇ, ਹਰ ਕਾਰ, ਟਰੱਕ, ਬੱਸ ਤੇ ਗੱਡੀ ਨੂੰ ਰੋਕ ਕੇ ਉਸ ਵਿਚੋਂ ਹਰ ਪੱਗ ਵਾਲੇ ਸ਼ਖ਼ਸ ਨੂੰ ਉਤਾਰਿਆ ਗਿਆ, ਉਸ ਦੀ ਤਲਾਸ਼ੀ ਲਈ ਗਈ ਤੇ ਬੇਇਜ਼ਤ ਕਰ ਕੇ ਵਾਪਿਸ ਭੇਜ ਦਿਤਾ ਗਿਆ। ਇਨ੍ਹਾਂ ਬੇਇਜ਼ਤ ਹੋਣ ਵਾਲਿਆਂ ਵਿਚ ਹਾਈਕੋਰਟ ਦੇ ਜੱਜ, ਸੀਨੀਅਰ ਬਾ-ਵਰਦੀ ਫ਼ੌਜੀ ਅਫ਼ਸਰ, ਸੀਨੀਅਰ ਸਰਕਾਰੀ ਅਫ਼ਸਰ, ਵੱਡੇ-ਵੱਡੇ ਵਪਾਰੀ ਤੇ ਕਈ ਮੋਹਤਬਰ ਸ਼ਖ਼ਸੀਅਤਾਂ ਵੀ ਸਨ।** ਭਜਨ ਲਾਲ ਦੇ ਇਸ ਹੁਕਮ ਨੇ ਸਾਰੇ ਸਿੱਖਾਂ ਨੂੰ ਇੰਦਰਾ ਤੇ ਭਜਨ ਲਾਲ ਦੇ ਦੁਸ਼ਮਣ ਬਣਾ ਦਿਤਾ। ਪਰ ਇਸ ਬੇਇਜ਼ਤੀ ਨੇ ਸਿੱਖਾਂ ਵਿਚ ਗ਼ੁਲਾਮ ਹੋਣ ਅਤੇ ਖਾਲਿਸਤਾਨ ਦੀ ਜੱਦੋ-ਜਹਿਦ ਦਾ ਹਿਮਾਇਤੀ ਬਣਨ ਦਾ ਅਹਿਸਾਸ ਵੀ ਬੜੀ ਸ਼ਿੱਦਤ ਨਾਲ ਭਰ ਦਿੱਤਾ। ਉਨ੍ਹਾਂ ਨੂੰ ਹੁਣ ਅਹਿਸਾਸ ਹੋਣ ਲਗ ਪਿਆ ਕਿ ਭਾਰਤ ਸਿੱਖਾਂ ਵਾਸਤੇ ਵਿਦੇਸ਼ ਹੈ ਤੇ ਉਹ ਸਿੱਖਾਂ ਨੂੰ ਦੁਸ਼ਮਣ ਸਮਝਦਾ ਹੈ। ਸਿੱਖਾਂ ਨੂੰ ਇਹ ਸਮਝਾਉਣ ਵਾਸਤੇ ਜੋ ਰੋਲ ਅਕਾਲੀ ਦਲ ਦਾ ਪ੍ਰਚਾਰ ਨਾ ਕਰਵਾ ਸਕਿਆ ਉਹ ਸਿੱਖਾਂ ਨਾਲ ਨਫ਼ਰਤ ਕਰਨ ਵਾਲੇ ਹਰਿਆਣੇ ਦੇ ਚੀਫ਼ ਮਨਿਸਟਰ ਭਜਨ ਲਾਲ ਨੇ ਕੁਝ ਹੀ ਦਿਨਾਂ ਵਿਚ ਕਰ ਦਿਖਾਇਆ।

ਅਕਾਲੀ ਲੈਜਿਸਲੇਟਰਾਂ ਦੇ ਅਸਤੀਫ਼ਿਆਂ ਦਾ ਐਲਾਨ

18 ਨਵੰਬਰ ਨੂੰ ਅਕਾਲੀ ਪਾਰਟੀ ਦੇ ਮੁਖੀ ਨੇ ਐਲਾਨ ਕੀਤਾ ਕਿ ਅਕਾਲੀ

WWW.SIKHBOOKCLUB.COM

ਐਮ.ਪੀ. ਅਤੇ ਐਮ.ਐਲ.ਏ. ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਦੇਣਗੇ। ਇਸ ਦਿਨ ਏਸ਼ੀਅਨ ਖੇਡਾਂ ਦੌਰਾਨ ਪ੍ਰੋਟੈਸਟ ਕਰਨ ਵਾਸਤੇ ਅਕਾਲੀ ਪਾਰਟੀ ਦਾ ਰਸਮੀ ਜਥਾ ਦਿੱਲੀ ਨੂੰ ਤੁਰਨਾ ਸੀ। ਅੰਮ੍ਰਿਤਸਰ ਸ਼ਹਿਰ ਨੂੰ ਪੁਲੀਸ, ਬੀ.ਐਸ.ਐਫ. ਅਤੇ ਸੀ.ਆਰ.ਪੀ.ਐਫ਼. ਨੇ ਪੂਰੀ ਤਰ੍ਹਾਂ ਘੇਰ ਲਿਆ। ਦਰਬਾਰ ਸਾਹਿਬ ਵਿਚੋਂ ਨਿਕਲਣ ਵਾਲੇ ਹਰ ਇਕ ਸਿੱਖ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਦਿੱਲੀ ਵਿਚ ਖਾਲਿਸਤਾਨ ਦੇ ਨਾਅਰੇ

ਹਰਿਆਣਾ ਤੇ ਪੰਜਾਬ ਸਰਕਾਰਾਂ ਵੱਲੋਂ ਸਿੱਖਾਂ 'ਤੇ ਜ਼ੁਲਮ ਕਰਨ ਦੇ ਬਾਵਜੂਦ ਏਸ਼ੀਅਨ ਖੇਡਾਂ ਦੇ ਦੌਰਾਨ ਦਿੱਲੀ 'ਚ ਰੋਸ ਦਾ ਇਜ਼ਹਾਰ ਕਰਨ ਵਾਸਤੇ ਹਜ਼ਾਰਾਂ ਸਿੱਖ ਫਿਰ ਵੀ ਪਹੁੰਚ ਗਏ; ਕੁਝ ਹਿਮਾਂਚਲ ਵਲੋਂ, ਕੁਝ ਰਾਜਿਸਥਾਨ ਵੱਲੋਂ ਹੋ ਕੇ ਅਤੇ ਹਜ਼ਾਰਾਂ ਹੀ ਦਿੱਲੀ, ਯੂ.ਪੀ., ਐਮ.ਪੀ. ਅਤੇ ਕਈ ਹੋਰ ਸੂਬਿਆਂ ਵਿਚੋਂ ਵੀ।

ਤਕਰੀਬਨ ਹਰ ਮੈਚ ਵਿਚ ਸਿੱਖਾਂ ਦੇ ਜੱਥਿਆਂ ਨੇ ਸਟੇਡੀਅਮ ਦੇ ਅੰਦਰ ਨਾਅਰੇ ਲਾ ਕੇ ਪ੍ਰੋਟੈਸਟ ਕੀਤਾ ਅਤੇ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਕਈ ਮੈਚ ਵਿਚੋਂ ਰੋਕੇ। ਮੁਜ਼ਾਹਰੀਨ 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਸਨ। ਅਕਾਲੀ ਪਾਰਟੀ ਦੇ ਦੋ ਕੁ ਹਜ਼ਾਰ ਮੈਂਬਰਾਂ ਸ਼ਹਿਰ ਵਿਚ ਜਥੇ ਬਣਾ ਕੇ ਗ੍ਰਿਫ਼ਤਾਰੀ ਵੀ ਦਿੱਤੀ। ਇਹ ਸਾਰੇ ਹੀ 4 ਦਸੰਬਰ ਨੂੰ ਖੇਡਾਂ ਦੇ ਆਖ਼ਰੀ ਦਿਨ ਮਗਰੋਂ ਰਿਹਾ ਕਰ ਦਿੱਤੇ ਗਏ। ਕੁਲ 2447 ਸਿੱਖ ਰਿਹਾ ਕੀਤੇ ਗਏ।

ਸਿੱਖੋ! ਹਰਿਆਣਾ ਛੱਡ ਜਾਓ

ਸਿੱਖਾਂ ਨਾਲ ਹਰਿਆਣਾ ਅਤੇ ਹੋਰ ਹਿੰਦੂ ਸੂਬਿਆਂ ਵਿਚ ਗੁੰਡਾਗਰਦੀ ਕੀਤੀ ਗਈ ਸੀ, ਉਹ ਤਾਂ ਇਕ ਸਾਫ਼ ਚੈਲੰਜ ਸੀ। ਪਰ ਤਿੰਨ ਦਸੰਬਰ ਨੂੰ ਹਰਿਆਣਾ ਦੇ ਇਕ ਹਿੰਦੂ ਲੀਡਰ ਸਵਾਮੀ ਅਦਿਤਿਆਵੇਸ਼ ਨੇ ਇਕ ਬਿਆਨ ਦਿੱਤਾ, 'ਹਰਿਆਣੇ ਅਤੇ ਪੰਜਾਬ ਦੀਆਂ ਸਰਹੱਦਾਂ ਦੇ ਹਰਿਆਣਵੀ ਪਿੰਡਾਂ ਵਿਚ ਬੈਠੇ ਸਿੱਖ ਹਰਿਆਣਾ ਛੱਡ ਕੇ ਪੰਜਾਬ ਚਲੇ ਜਾਣ।' ਇਹੋ ਜਿਹੇ ਮੁਜਰਮਾਨਾ ਬਿਆਨ ਦੇਣ ਦੇ ਬਦਲੇ ਉਸ 'ਤੇ ਨਾ ਤਾਂ ਕੋਈ ਕੇਸ ਦਰਜ ਕੀਤਾ ਗਿਆ ਤੇ ਨਾ ਹੀ ਕਿਸੇ ਕਾਂਗਰਸੀ ਸਿੱਖ ਦੀ ਜ਼ਮੀਰ ਜਾਗੀ; ਉਹ ਏਡੇ ਬੇਗ਼ੈਰਤ ਹੋ ਚੁਕੇ ਸਨ। ਉਂਵ ਇਹੋ ਜਿਹੇ ਬਿਆਨ ਸਿੱਖਾਂ ਵਾਸਤੇ ਵਾਰਨਿੰਗ ਸਨ ਤੇ ਇਸ ਦਾ ਸਾਫ਼ ਨਜ਼ਾਰਾ ਖੇਡਾਂ ਦੌਰਾਨ ਦਿਖਾ ਦਿੱਤਾ ਗਿਆ ਸੀ। ਉਸ ਵੇਲੇ ਹੀ ਸਿੱਖਾਂ ਨੂੰ ਸਮਝ ਆ ਜਾਣੀ ਚਾਹੀਦੀ ਸੀ ਕਿ ਆਉਂਦੇ ਸਮਿਆਂ ਵਿਚ ਉਨ੍ਹਾਂ ਨਾਲ ਕੀ ਸਲੂਕ ਹੋਵੇਗਾ ਪਰ ਉਨ੍ਹਾਂ ਨੂੰ ਆਪਣੀ ਬੇਵਕੂਫ਼ੀ ਦਾ ਪਤਾ ਉਦੋਂ ਹੀ ਲੱਗਿਆ ਜਦੋਂ ਭਾਣਾ ਵਰਤ ਗਿਆ।

WWW.SIKHBOOKCLUB.COM

ਅਕਾਲੀਆਂ ਵੱਲੋਂ ਅਨੰਦਪੁਰ ਸਾਹਿਬ ਦੇ ਮਤੇ ਦਾ 'ਰੇਪ'

12 ਨਵੰਬਰ ਨੂੰ ਜਦੋਂ ਸਿੱਖਾਂ ਨੂੰ ਹਿੰਦੁਸਤਾਨ ਵਿਚ ਬੁਰੀ ਤਰ੍ਹਾਂ ਬੇਇਜ਼ਤ ਕੀਤਾ ਜਾ ਰਿਹਾ ਸੀ ਤਾਂ ਇਸ ਦਿਨ ਅਕਾਲੀ ਪਾਰਟੀ ਨੇ ਸਿੱਖ ਤਵਾਰੀਖ਼ ਵਿਚ ਇਕ ਹੋਰ ਬੁਜ਼ਦਿਲੀ, ਬੇਈਮਾਨੀ ਤੇ ਬੇਵਕੂਫ਼ੀ ਦਾ ਕਾਰਨਾਮਾ ਕਰ ਦਿੱਤਾ। ਇਹ ਸੀ ਅਨੰਦਪੁਰ ਸਾਹਿਬ ਦੇ ਮਤੇ ਦੀ ਅੰਗਰੇਜ਼ੀ ਟਰਾਂਸਲੇਸ਼ਨ ਵਿਚ ਹਿੰਦੂਆਂ (ਅਤੇ ਉਨ੍ਹਾਂ ਦੀ ਦਿੱਲੀ ਸਰਕਾਰ) ਨੂੰ ਖੁਸ਼ ਕਰਨ ਵਾਸਤੇ 'ਖਾਲਸਾ ਜੀ ਦੇ ਬੋਲ ਬਾਲੇ' ਅਤੇ 'ਦੇਸ਼ ਕਾਲ ਘੜਨਾ' ਨੂੰ All Decision Making Powers to the Khalsa ਦੀ ਥਾਂ Pre-eminence of Khalsa ਅਤੇ Sovereign State ਦੀ ਥਾਂ congenial atmosphere ਵਿਚ ਬਦਲ ਦਿੱਤਾ। ਜੇ ਅੰਗਰੇਜ਼ੀ ਲਫ਼ਜ਼ਾਂ ਦਾ ਮਾਅਨਾ ਕੀਤਾ ਜਾਵੇ ਤਾਂ ਇਸ ਦਾ ਮਤਲਬ 'ਵਡੱਪਣ' ਅਤੇ 'ਸੁਖਾਵਾਂ ਮਾਹੌਲ' ਕਾਇਮ ਕਰਨਾ ਬਣਦਾ ਹੈ ਨਾ ਕਿ 'ਖਾਲਸਾ ਜੀ ਦੇ ਬੋਲਬਾਲੇ' ਕਾਇਮ ਕਰਨਾ ਅਤੇ 'ਦੇਸ਼ ਕਾਲ ਘੜਨਾ'। (ਇਸ ਦਾ ਇਕੋ-ਇਕ ਮਕਸਦ ਖਾਲਿਸਤਾਨ ਦਾ ਨਿਸ਼ਾਨਾ ਛੱਡਣਾ ਸੀ)। ਇਹ ਟਰਾਂਸਲੇਸ਼ਨ ਅਨੰਦਪੁਰ ਸਾਹਿਬ ਦੇ ਮਤੇ ਦੀ ਰੂਹ ਦਾ ਕਤਲ ਸੀ। ਦੂਜੇ ਲਫਜ਼ਾਂ ਵਿਚ ਇਹ ਅਨੰਦਪੁਰ ਸਾਹਿਬ ਦੇ ਮਤੇ ਦਾ 'ਰੇਪ' ਸੀ। ਇਸ 'ਰੇਪ' ਵਿਚ ਅਕਾਲੀ ਪਾਰਟੀ ਦੇ ਚੌਧਰੀਆਂ ਤੋਂ ਇਲਾਵਾ ਪ੍ਰਿਥੀਪਾਲ ਸਿੰਘ ਕਪੂਰ, ਦਾਰਾ ਸਿੰਘ ਵਕੀਲ (ਬਾਪ ਕੈਪਟਨ ਕੰਵਲਜੀਤ ਸਿੰਘ), ਮਨਜੀਤ ਸਿੰਘ ਖੈਰਾ ਵਗੈਰਾ ਸ਼ਾਮਿਲ ਸਨ।

ਪਰ ਅਨੰਦਪੁਰ ਦੇ ਮਤੇ ਦਾ ਇੰਵ ਰੇਪ ਕਰ ਕੇ ਵੀ ਅਕਾਲੀ ਫ਼ਿਰਕੂ ਤੇ ਦਹਿਸ਼ਤਗਰਦ ਹਿੰਦੂਆਂ ਦੀ ਸਿੱਖਾਂ ਅਤੇ ਪੰਜਾਬ ਨਾਲ ਨਫ਼ਰਤ ਨੂੰ ਘਟ ਨਾ ਕਰ ਸਕੇ।

ਪੰਜਾਬ ਵਿਚ ਪਟਾਕਾ ਕਿਸਮ ਦੇ ਬੰਬ

13 ਨਵੰਬਰ ਨੂੰ ਪੰਜਾਬ ਦੇ ਕੁਝ ਇਲਾਕਿਆਂ ਲੁਧਿਆਣਾ, ਮੋਗਾ, ਰਾਹੋਂ, ਘੁਮਾਣ, ਵਿਚ ਕੁਝ ਬੰਬ ਚਲਾਏ ਗਏ ਜਿਹੜੇ ਕਿ ਪਟਾਕਿਆਂ ਤੋਂ ਜ਼ਰਾ ਕੁ ਵਧ ਸਨ ਇਨ੍ਹਾਂ ਦਾ ਮਕਸਦ ਸਰਕਾਰ ਨੂੰ ਡਰਾਉਣਾ ਸੀ। ਪੁਲੀਸ ਨੇ ਇਨ੍ਹਾਂ ਬੰਬਾਂ ਦੇ ਨਾਂ ਹੇਠ ਦਰਜਨ ਦੇ ਕਰੀਬ ਸਿੱਖ ਗ੍ਰਿਫ਼ਤਾਰ ਕਰ ਲਏ।

16 ਨਵੰਬਰ 1982 ਨੂੰ ਪੁਲੀਸ ਨੇ ਭੋਲਾ ਸਿੰਘ ਰੋਡੇ ਅਤੇ ਕਸ਼ਮੀਰ ਸਿੰਘ ਲਾਧੂਵਾਲ (ਨੇੜੇ ਜਲਾਲਾਬਾਦ ਫੈਸਟ) ਨੂੰ ਗ੍ਰਿਫ਼ਤਾਰ ਕਰ ਕੇ, ਲਾਠੀਆਂ ਮਾਰ-ਮਾਰ ਕੇ ਉਨ੍ਹਾਂ ਦੀਆਂ ਦਰਜਨਾਂ ਹੱਡੀਆਂ ਤੋੜ ਦਿੱਤੀਆਂ। ਮਗਰੋਂ ਉਨ੍ਹਾਂ ਨੂੰ ਪੁਲੀਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ।

79 ਸਿੱਖ ਕਤਲ

6 ਦਸੰਬਰ 1982 ਨੂੰ ਲੋਂਗੋਵਾਲ ਨੇ ਇਕ ਬਿਆਨ ਵਿਚ ਆਖਿਆ ਕਿ 'ਹੁਣ

WWW.SIKHBOOKCLUB.COM

ਤਕ ਪੰਜਾਬ ਵਿਚ ਪੁਲੀਸ ਨੇ 79 ਸਿੱਖ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਕਤਲ ਕੀਤੇ ਹਨ।'

ਅੰਮ੍ਰਿਤਸਰ ਵਿਚ ਸਾਬਕਾ ਸਿੱਖ ਫ਼ੌਜੀ ਕਨਵੈਨਸ਼ਨ

ਏਸ਼ੀਆਈ ਖੇਡਾਂ ਦੌਰਾਨ ਜਿਨ੍ਹਾਂ ਸਿੱਖਾਂ ਨਾਲ ਜ਼ਿਆਦਤੀ ਅਤੇ ਗੁੰਡਾਗਰਦੀ ਹੋਈ ਸੀ, ਉਨ੍ਹਾਂ ਵਿਚ ਬਹੁਤ ਸਾਰੇ ਫ਼ੌਜੀ ਅਫ਼ਸਰ ਵੀ ਸਨ। ਇਨ੍ਹਾਂ ਵਿਚੋਂ ਬਹੁਤ ਪਹਿਲਾਂ ਸਰਕਾਰ ਨਿਵਾਜ਼ ਜਾਂ ਕਾਂਗਰਸੀ ਸਨ। ਜਦੋਂ ਉਨ੍ਹਾਂ ਨੂੰ ਖ਼ੁਦ ਨੂੰ ਸੇਕ ਲੱਗਿਆ ਤਾਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਇਸ ਦੇਸ਼ ਵਿਚ ਗ਼ੁਲਾਮ ਹਨ। ਇਹ ਸੋਚ ਕੇ ਉਨ੍ਹਾਂ ਨੇ ਪੰਥ ਵੱਲ ਮੁੜਨ ਦਾ ਫ਼ੈਸਲਾ ਕੀਤਾ। ਇਨ੍ਹਾਂ ਵਿਚੋਂ ਕੁਝ 17 ਨਵੰਬਰ 1982 ਨੂੰ ਮੇਜਰ ਜਨਰਲ ਮਹਿੰਦਰ ਸਿੰਘ ਤੇ ਗੁਰਬਖਸ਼ ਸਿੰਘ ਦੀ ਕਮਾਂਡ ਹੇਠ ਹਰਚੰਦ ਸਿੰਘ ਲੌਂਗੋਵਾਲ ਕੋਲ ਆਏ ਤੇ ਦਲ ਨੂੰ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਇਸ 'ਤੇ ਹਰਚੰਦ ਸਿੰਘ ਲੌਂਗੋਵਾਲ ਨੇ ਸਾਬਕ ਫ਼ੌਜੀਆਂ ਦੀ ਇਕ ਕਨਵੈਨਸ਼ਨ 26 ਦਸੰਬਰ 1982 ਦੇ ਦਿਨ ਅੰਮ੍ਰਿਤਸਰ ਵਿਚ ਬੁਲਾ ਲਈ। ਇਸ ਵਿਚ ਅਕਾਲੀ ਪਾਰਟੀ ਮੁਤਾਬਿਕ 13619 (ਅਤੇ ਸਰਕਾਰ ਮੁਤਾਬਿਕ 5000) ਸਾਬਕ ਫ਼ੌਜੀ ਸ਼ਾਮਿਲ ਹੋਏ। ਇਸ ਕਨਵੈਨਸ਼ਨ ਵਿਚ ਸਾਬਕ ਫ਼ੌਜੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁਕੰਮਲ ਹਿਮਾਇਤ ਕਰਨ ਦਾ ਮਤਾ ਪਾਸ ਕੀਤਾ।

ਇਸ ਮੌਕੇ 'ਤੇ ਇਕ ਫ਼ੌਜੀ ਜੁਗਿੰਦਰ ਸਿੰਘ ਮਾਨ ਨੇ ਇਹ ਵੀ ਮੰਗ ਕੀਤੀ ਕਿ ਭਿੰਡਰਾਂਵਾਲਿਆਂ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ (ਜਥੇਦਾਰ) ਬਣਾਇਆ ਜਾਵੇ। ਕੁਝ ਸਾਬਕ ਫ਼ੌਜੀਆਂ ਅਤੇ ਹੋਰ ਸਰਗਰਮ ਵਰਕਰਾਂ ਦਾ ਖ਼ਿਆਲ ਸੀ ਕਿ ਇਸ ਨਾਲ ਪੰਥ ਦੇ ਮਸਲਿਆਂ ਦਾ ਹੱਲ ਹੋ ਜਾਵੇਗਾ। ਇਸ ਮੰਗ ਨੇ ਅਕਾਲੀ ਪਾਰਟੀ ਤੇ ਭਿੰਡਰਾਂਵਾਲਿਆਂ ਵਿਚਕਾਰ ਇਕ ਪਾਸੇ ਅਤੇ ਭਿੰਡਰਾਂਵਾਲਿਆਂ ਅਤੇ ਅਖੰਡ ਕੀਰਤਨੀਏ ਜੱਥੇ ਤੇ ਬਬਰ ਖਾਲਸਾ ਵਿਚਕਾਰ ਦੂਜੇ ਪਾਸੇ, ਇਕ ਜ਼ਬਰਦਸਤ ਦਰਾੜ ਪੈਦਾ ਕਰ ਦਿੱਤੀ। ਕੁਝ ਲੋਕ ਜੋ ਇਸ ਦੇ ਸਖ਼ਤ ਖ਼ਿਲਾਫ਼ ਸਨ। ਉਨ੍ਹਾਂ ਦਾ ਇਤਰਾਜ਼ ਸੀ ਕਿ ਭਿੰਡਰਾਂਵਾਲੇ ਅਕਾਲ ਤਖ਼ਤ ਸਾਹਿਬ ਨਾਲੋਂ ਵੱਖਰੀ ਰਹਿਤ ਮਰਿਆਦਾ ਵਿਚ ਯਕੀਨ ਰਖਦੇ ਸਨ ਤੇ ਉਨ੍ਹਾਂ ਦੇ ਆਉਣ ਨਾਲ ਤਖ਼ਤ ਦੀ ਮਰਿਆਦਾ ਬਦਲ ਜਾਵੇਗੀ।

ਸਾਬਕ ਫ਼ੌਜੀਆਂ ਦੀ ਕਨਵੈਨਸ਼ਨ ਵਿਚ ਹੋਰਨਾਂ ਤੋਂ ਇਲਾਵਾ ਪੰਜ ਮੇਜਰ ਜਨਰਲ (ਸੁਬੇਗ ਸਿੰਘ, ਗੁਰਬਖਸ਼ ਸਿੰਘ, ਮਹਿੰਦਰ ਸਿੰਘ, ਦਿਲਬਾਗ ਸਿੰਘ ਅਤੇ ਨਰਿੰਦਰ ਸਿੰਘ), ਪੰਜ ਲੈਫ਼ਟੀਨੈਂਟ ਜਨਰਲ, ਵੀਹ ਬਰਗੇਡੀਅਰ, ਸੱਤਰ ਕਰਨਲ ਤੇ ਚਾਰ ਸੌ ਹੋਰ ਸੀਨੀਅਰ ਰੈਂਕਾਂ ਦੇ ਅਫ਼ਸਰ ਵੀ ਸ਼ਾਮਿਲ ਹੋਏ।

26 ਦਸੰਬਰ ਨੂੰ ਗੁਰਚਰਨ ਸਿੰਘ ਟੌਹੜਾ ਨੇ ਆਖਿਆ ਕਿ ਪੰਜਾਬੀ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਹਿੰਦੂ-ਭੱਈਆਂ ਨੂੰ ਨੌਕਰੀਆਂ ਨਾ ਦਿਆ ਕਰਨ।

WWW.SIKHBOOKCLUB.COM

ਬੁੱਧੀਜੀਵੀਆਂ (ਉੱਲਮਾ) ਦੀ ਕਨਵੈਨਸ਼ਨ

ਸਾਬਕ ਫ਼ੌਜੀਆਂ ਤੋਂ ਆਪਣੇ ਹੱਕ ਵਿਚ ਫ਼ਤਵਾ ਲੈਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ 9 ਜਨਵਰੀ 1983 ਦੇ ਦਿਨ ਬੁੱਧੀਜੀਵੀਆਂ ਦੀ ਕਨਵੈਨਸ਼ਨ ਬੁਲਾ ਲਈ। ਇਸ ਕਾਨਫ਼ਰੰਸ ਵਿਚ ਤਕਰੀਬਨ 15000 ਦੀ ਹਾਜ਼ਰੀ ਸੀ। ਇਸ ਕਨਵੈਨਸ਼ਨ ਨੇ ਅਨੰਦਪੁਰ ਸਾਹਿਬ ਦੇ ਮਤੇ ਦੀ ਹਿਮਾਇਤ ਤੋਂ ਇਲਾਵਾ ਸਿੱਖ ਕਦਰਾਂ ਕੀਮਤਾਂ 'ਤੇ ਹਮਲੇ, ਸਿੱਖਾਂ ਤੇ ਤਸ਼ੱਦਦ, ਸਿੱਖ ਫ਼ੌਜੀਆਂ ਨੂੰ ਨਾਜਾਇਜ਼ ਤੰਗ ਕਰਨ ਅਤੇ ਸਿੱਖਾਂ ਨੂੰ ਨਕਲੀ ਪੁਲੀਸ ਮੁਕਾਬਲਿਆਂ ਵਿਚ ਕਤਲ ਕਰਨ ਦੇ ਖ਼ਿਲਾਫ਼ ਮਤੇ ਵੀ ਪਾਸ ਕੀਤੇ। ਇਸ ਕਨਵੈਨਸ਼ਨ ਵਿਚ ਬੁਧੀਜੀਵੀਆਂ ਨੇ ਵੀ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁਕੰਮਲ ਹਿਮਾਇਤ ਕਰਨ ਦਾ ਮਤਾ ਵੀ ਪਾਸ ਕੀਤਾ।

ਇਕ ਹੋਰ ਨਿਰੰਕਾਰੀ ਦਾ ਕਤਲ

10 ਜਨਵਰੀ 1983 ਦੇ ਦਿਨ ਕਾਦੀਆਂ ਦਾ ਨਿਰੰਕਾਰੀ ਸਵਰਨ ਸਿੰਘ ਕਤਲ ਕਰ ਦਿੱਤਾ ਗਿਆ। ਇਸ ਕੇਸ ਵਿਚ ਨਰਿੰਜਨ ਸਿੰਘ, ਪਿੰਡ ਭੱਟੀਆਂ ਤੇ 4 ਹੋਰ ਸਿੱਖ ਗ੍ਰਿਫ਼ਤਾਰ ਕੀਤੇ ਗਏ।

ਅਕਾਲੀ ਫਿਰ 'ਸਰਕਾਰ ਦੇ ਘਰ ਵਿਚ'

ਵਾਰ-ਵਾਰ ਬੇਇਜ਼ਤੀ ਕਰਵਾਉਣ ਦੇ ਬਾਵਜੂਦ ਇਕ ਵਾਰ ਫੇਰ ਅਕਾਲੀਆਂ ਨੇ ਸਰਕਾਰ ਨਾਲ ਗੱਲਬਾਤ ਕਰਨਾ ਮੰਨ ਲਿਆ। 11 ਜਨਵਰੀ ਨੂੰ ਇਹ 'ਗੱਲਬਾਤ' ਸ਼ੁਰੂ ਹੋਈ। ਪਹਿਲਾਂ ਤਾਂ ਅਕਾਲੀਆਂ ਨੇ ਗੱਲਬਾਤ ਤੋਂ ਨਾਂਹ ਕੀਤੀ ਪਰ ਜਦੋਂ ਮੁਲਾਕਾਤਾਂ ਸ਼ੁਰੂ ਕਰ ਲਈਆਂ ਤਾਂ ਕਿਹਾ ਕਿ ਅਸੀਂ ਸਿਰਫ਼ ਆਪਣੀਆਂ 'ਮੰਗਾਂ ਬਾਰੇ ਸਫ਼ਾਈ' ਹੀ ਪੇਸ਼ ਕਰਾਂਗੇ, ਹੋਰ ਕੁਝ ਨਹੀਂ। ਇਸ ਵਾਰ ਇਹ ਤਿੰਨ ਧਿਰੀ ਗੱਲਬਾਤ ਸੀ। ਇਸ ਵਿਚ ਅਕਾਲੀ ਦਲ ਅਤੇ ਸਰਕਾਰੀ ਨੁਮਾਇੰਦਿਆਂ ਤੋਂ ਇਲਾਵਾ ਅਪੋਜ਼ੀਸ਼ਨ ਪਾਰਟੀਆਂ ਦੇ ਨੁਮਾਇੰਦੇ ਵੀ ਸ਼ਾਮਿਲ ਸਨ। ਗੱਲਬਾਤ ਕਰਨ ਵਾਲੇ ਅਕਾਲੀ ਪੈਨਲ ਵਿਚ ਬਾਦਲ, ਟੌਹੜਾ, ਤਲਵੰਡੀ, ਸੁਖਜਿੰਦਰ ਸਿੰਘ, ਬਲਵੰਤ ਸਿੰਘ, ਸੁਰਜੀਤ ਬਰਨਾਲਾ ਸ਼ਾਮਿਲ ਸਨ। ਪਹਿਲੀ ਮੀਟਿੰਗ ਵੇਲੇ ਸਾਬਕ ਸਪੀਕਰ ਰਵੀਇੰਦਰ ਸਿੰਘ ਜ਼ਬਰਦਸਤੀ ਅੰਦਰ ਆ ਵੜਿਆ ਅਤੇ ਬਾਹਰ ਜਾਣ ਤੋਂ ਨਾਂਹ ਕਰ ਦਿੱਤੀ। ਅਖੀਰ ਲੋਂਗੋਵਾਲ ਨੇ ਰਵੀਇੰਦਰ ਨੂੰ ਵੀ ਪੈਨਲ ਵਿਚ ਸ਼ਾਮਿਲ ਕਰ ਲਿਆ।

ਅਕਾਲੀ ਲੈਜਿਸਲੇਚਰਾਂ ਨੇ ਅਸਤੀਫ਼ੇ 'ਦਿੱਤੇ'

ਅਕਾਲੀ ਪਾਰਟੀ ਦੇ ਜਥੇਦਾਰ ਵੱਲੋਂ 18 ਨਵੰਬਰ ਨੂੰ ਕੀਤੇ ਐਲਾਨ ਮੁਜਬ 27 ਜਨਵਰੀ ਨੂੰ ਅਕਾਲੀ ਲੈਜਿਸਲੇਚਰਾਂ ਨੇ ਅਸਤੀਫ਼ੇ ਦੇਣੇ ਸਨ। ਪਰ ਦੂਜੇ ਪਾਸੇ ਸਰਕਾਰ ਨਾਲ 'ਗੱਲਬਾਤ' ਵੀ ਚੱਲ ਰਹੀ ਸੀ। ਅਕਾਲੀ ਪਾਰਟੀ ਦੇ 'ਸਰਕਾਰੀਏ'

WWW.SIKHBOOKCLUB.COM

ਇਨ੍ਹਾਂ ਅਸਤੀਫ਼ਿਆਂ ਤੋਂ ਪਿੱਛੇ ਹਟਣਾ ਚਾਹੁੰਦੇ ਸਨ। ਇਕ ਦੋ ਅਕਾਲੀ ਆਗੂਆਂ ਤੋਂ ਸਿਵਾ ਕੋਈ ਵੀ ਦਿਲੋਂ ਅਸਤੀਫ਼ਿਆਂ ਦੇ ਹੱਕ ਵਿਚ ਨਹੀਂ ਸੀ। 27 ਜਨਵਰੀ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਲੈਜਿਸਲੇਚਰਾਂ ਦੀ ਮੀਟਿੰਗ ਵਿਚ ਇਸ ਮਸਲੇ ਬਾਰੇ ਬਹਿਸ ਹੋ ਰਹੀ ਸੀ। ਜੇ ਡਾ: ਰਾਜਿੰਦਰ ਕੌਰ ਤੇ ਜ: ਤਲਵੰਡੀ ਇਸ ਮੀਟਿੰਗ ਵਿਚ ਹਾਜ਼ਰ ਨਾ ਹੁੰਦੇ ਤਾਂ ਬੇਸ਼ੱਕ ਇਹ ਅਸਤੀਫ਼ੇ ਸ਼ਰੇਆਮ ਮੁਲਤਵੀ ਹੋ ਜਾਣੇ ਸਨ। ਜਦ ਸਾਰੇ ਢਿੱਲ ਦਿਖਾ ਰਹੇ ਸਨ ਤਾਂ ਰਾਜਿੰਦਰ ਕੌਰ ਉਠ ਕੇ ਖੜੀ ਹੋ ਗਈ ਤੇ 'ਤੁਸੀਂ ਬੁਜ਼ਦਿਲ ਬਣੋ, ਮੈਂ ਤਾਂ ਅਸਤੀਫ਼ਾ ਦੇਣ ਜਾ ਰਹੀ ਹਾਂ' ਕਹਿ ਕੇ ਹਾਲ ਵਿਚੋਂ ਨਿਕਲਣ ਲੱਗੀ ਤਾਂ ਉਸ ਨੂੰ ਤਲਵੰਡੀ ਨੇ ਰੋਕ ਲਿਆਂ ਤੇ ਕਿਹਾ 'ਠਹਿਰ ਜਾ ਬੀਬੀ, ਮੈਂ ਵੀ ਤੇਰੇ ਨਾਲ ਚਲਦਾ ਹਾਂ।' ਇਸ ਮਗਰੋਂ ਟੌਹੜਾ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਪੰਥ ਵਿਚ ਬਦਨਾਮੀ ਦੇ ਡਰੋਂ ਸਾਰਿਆਂ ਵੱਲੋਂ ਅਸਤੀਫ਼ੇ ਦੇਣਾ ਮੰਨ ਲਿਆ।

ਉਂਞ ਅਸਤੀਫ਼ੇ ਤਾਂ ਫਿਰ ਵੀ ਇਕ ਤਰੀਕੇ ਨਾਲ ਮੁਲਤਵੀ ਹੋਏ। ਉਸ ਦਿਨ ਅਸਤੀਫ਼ੇ ਤਾਂ ਲਿਖ ਦਿੱਤੇ ਗਏ ਪਰ ਉਨ੍ਹਾਂ ਉੱਤੇ ਤਾਰੀਖ਼ 21 ਫਰਵਰੀ 1983 ਦੀ ਪਾ ਦਿੱਤੀ ਗਈ। ਇਹ ਉਮੀਦ ਕੀਤੀ ਜਾਂਦੀ ਸੀ ਕਿ 21 ਫਰਵਰੀ ਤੱਕ ਸਰਕਾਰ ਨਾਲ ਕੋਈ ਨਾ ਕੋਈ 'ਸਮਝੌਤਾ' ਹੋ ਹੀ ਜਾਵੇਗਾ।

ਅਸਤੀਫ਼ੇ ਦੇਣ ਮਗਰੋਂ ਕਈ ਅਕਾਲੀ ਲੈਜਿਸਲੇਚਰ ਸਰਕਾਰ ਕੋਲ ਲਿਲੱਕੜੀਆਂ ਕੱਢਦੇ ਰਹੇ। ਇਹ ਸ਼ਖ਼ਸ ਅਸਤੀਫ਼ਿਆਂ ਤੋਂ ਬਚਣਾ ਚਾਹੁੰਦੇ ਸਨ। ਜੀਵਨ ਸਿੰਘ ਉਮਰਾਨੰਗਲ ਅਤੇ ਮੁਕਤਸਰ ਦੇ ਹਰਚਰਨ ਸਿੰਘ ਫੱਤਣਵਾਲਾ ਨੇ ਤਾਂ ਸਪੀਕਰ ਤੱਕ ਆਪਣੀ ਗੱਲ ਪਹੁੰਚਾ ਵੀ ਦਿੱਤੀ ਸੀ। ਅਖ਼ੀਰ ਅਕਾਲੀਆਂ ਨਾਲ ਅੰਦਰ ਖਾਤੇ ਹੋਏ ਸਮਝੌਤੇ ਮੁਤਾਬਿਕ ਇਹ ਅਸਤੀਫ਼ੇ ਨਾ-ਮਨਜ਼ੂਰ ਕਰ ਦਿੱਤੇ ਗਏ।

ਇਸ ਪਾਸੇ ਅਕਾਲੀ ਸਰਕਾਰ ਦੇ ਘਰੀਂ ਜਾ ਰਹੇ ਸਨ ਦੂਜੇ ਪਾਸੇ ਹਿੰਦੂ ਆਗੂ ਆਪਣੀ ਨੀਅਤ ਦਾ ਐਲਾਨ ਕਰੀ ਜਾ ਰਹੇ ਸਨ। 17 ਜਨਵਰੀ ਨੂੰ **ਪੰਜਾਬ ਦੀ** ਹਿੰਦੂ ਸੁਰੱਖਿਆ ਸੰਮਤੀ (ਜਿਸ ਨੂੰ ਸਿੱਖ **ਪੰਜਾਬ ਦੁਸ਼ਮਣ ਸੰਮਤੀ** ਕਹਿੰਦੇ ਸਨ) ਨੇ ਆਖਿਆ ਕਿ ਚੰਡੀਗੜ੍ਹ 'ਪੰਜਾਬ' ਨੂੰ ਨਹੀਂ ਦਿੱਤਾ ਜਾਣਾ ਚਾਹੀਦਾ। **(ਇਹ ਸੀ ਪੰਜਾਬ ਦਾ ਅੰਨ ਖਾਣ ਵਾਲਿਆਂ ਦੀ ਅਹਿਸਾਨ-ਫ਼ਰਾਮੋਸ਼ੀ। ਪੰਜਾਬ ਦਾ ਫ਼ਿਰਕਾਪ੍ਰਸਤ ਹਿੰਦੂ ਹਮੇਸ਼ਾ ਹੀ ਪੰਜਾਬ ਦਾ ਦੁਸ਼ਮਣ ਰਿਹਾ ਹੈ)।** ਇਕ ਦਿਨ ਪਹਿਲਾਂ ਅਟਲ ਬਿਹਾਰੀ ਬਾਜਪਈ, ਜਨਸੰਘੀਂ ਮੁਖੀ, ਨੇ ਵੀ ਇਹ ਕਿਹਾ ਸੀ ਕਿ ਅਕਾਲੀ-ਸਰਕਾਰ ਗੱਲਬਾਤ ਵਿਚ ਹਰਿਆਣੇ ਅਤੇ ਹਿਮਾਂਚਲ ਦੀ ਵੀ ਸੁਣੀ ਜਾਣੀ ਚਾਹੀਦੀ ਹੈ।

ਦਰਬਾਰ ਸਾਹਿਬ ਨੂੰ ਨੀਮ ਫ਼ੌਜੀ ਦਸਤਿਆਂ ਦਾ ਘੇਰਾ

20 ਫਰਵਰੀ ਨੂੰ ਸਰਕਾਰ-ਅਪੋਜ਼ੀਸ਼ਨ-ਤੇ-ਅਕਾਲੀ ਤਿੰਨ-ਧਿਰੀ ਗੱਲਬਾਤ ਫ਼ੇਲ੍ਹ ਹੋਣ ਦਾ ਐਲਾਨ ਕਰ ਦਿੱਤਾ ਗਿਆ। ਇਸ ਮਗਰੋਂ ਸਿੱਖਾਂ ਨੂੰ ਡਰਾਉਣ ਵਾਸਤੇ

WWW.SIKHBOOKCLUB.COM

ਪੰਜਾਬ ਵਿਚ ਹੋਰ ਬੀ.ਐਸ.ਐਫ਼. ਅਤੇ ਸੀ.ਆਰ.ਪੀ. ਭੇਜ ਦਿੱਤੀ ਗਈ। ਦਰਬਾਰ ਸਾਹਿਬ ਨੂੰ ਇਨ੍ਹਾਂ ਫ਼ੋਰਸਿਜ਼ ਨੇ ਘੇਰ ਲਿਆ। ਅਕਾਲੀ ਪਾਰਟੀ ਨੇ 10 ਮਾਰਚ ਤੋਂ ਨਵੇਂ ਪੈਂਤੜੇ ਦਾ 'ਐਲਾਨ' ਕਰਨ ਦਾ ਫ਼ੈਸਲਾ ਕੀਤਾ।

ਜ਼ਾਲਮ ਪੁਲਸੀਏ ਬੂਆ ਦਾਸ ਦਾ ਕਤਲ

ਸੀ.ਆਈ.ਏ. ਸਟਾਫ਼ (ਪੁਲੀਸ) ਵਿਚ ਸਭ ਤੋਂ ਵਧੇਰੇ ਜ਼ਾਲਮ ਅਤੇ ਸਿੱਖਾਂ ਉੱਤੇ ਬੇਪਨਾਹ ਤਸ਼ੱਦਦ ਕਰਨ ਵਾਲਿਆਂ ਵਿਚ ਬੂਆ ਦਾਸ ਵੀ ਸੀ। 17 ਫਰਵਰੀ ਨੂੰ ਖਾੜਕੂਆਂ ਨੇ ਇਸ ਜ਼ਾਲਮ ਨੂੰ ਵੀ ਕਤਲ ਕਰ ਦਿੱਤਾ।

ਦੋ ਹੋਰ ਸਿੱਖ ਕਤਲ

ਇਨ੍ਹਾਂ ਦਿਨਾਂ ਵਿਚ ਪੁਲੀਸ ਨੇ ਇਕ ਸਿੱਖ ਜਗਮੋਹਣ ਸਿੰਘ ਦੇ ਦੋ ਬੱਚੇ ਭਜਨ ਸਿੰਘ ਤੇ ਹਰਪ੍ਰੀਤ ਸਿੰਘ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਮਾਰ ਦਿੱਤੇ।

ਹਰਦੇਵ ਸਿੰਘ ਰੋਡੇ ਦਾ ਮਾਰਿਆ ਜਾਣਾ

10 ਮਾਰਚ ਨੂੰ ਅੰਮ੍ਰਿਤਸਰ ਨੇੜੇ ਮਾਨਾਂਵਾਲਾ ਪਿੰਡ ਦੇ ਬਾਹਰ ਸੜਕ 'ਤੇ ਪੁਲੀਸ ਨੇ ਭਿੰਡਰਾਂ-ਮਹਿਤਾ ਜੱਥਾ ਦੀ ਇਕ ਜੀਪ ਉੱਤੇ ਬੰਬ ਅਤੇ ਗੋਲੇ ਮਾਰ ਕੇ ਇਕ ਸਿੱਖ ਹਰਦੇਵ ਸਿੰਘ ਰੋਡੇ ਮਾਰ ਦਿੱਤਾ। ਇਸ ਤੋਂ ਇਲਾਵਾ ਗੁਰਮੁਖ ਸਿੰਘ ਤੇ ਅਣੋਖ ਸਿੰਘ ਬਬਰ ਜ਼ਖ਼ਮੀ ਹੋਏ। ਡੀ.ਆਈ.ਜੀ. ਅਟਵਾਲ ਅਤੇ ਏ.ਪੀ. ਪਾਂਡੇ ਇਨ੍ਹਾਂ ਕਤਲਾਂ ਦੇ ਜ਼ਿੰਮੇਦਾਰ ਸਨ। (ਇਕ ਰਿਪੋਰਟ ਮੁਤਾਬਿਕ ਇਹ ਖਾੜਕੂ ਲੁਧਿਆਣੇ ਦੇ ਜ਼ਾਲਮ ਪੁਲਸੀਏ ਡੀ.ਆਰ. ਭੱਟੀ ਨੂੰ ਮਾਰਨ ਜਾ ਰਹੇ ਸਨ)। 21 ਮਾਰਚ ਨੂੰ ਕਾਦੀਆਂ ਦੇ ਹਿੰਦੂਆਂ ਨੇ ਇਕੱਠੇ ਹੋ ਕੇ ਇਕ ਇਕੱਲੇ ਨਿਹੰਗ ਸਿੰਘ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਅਤੇ ਉਸ ਦੀ ਲਾਸ਼ ਨੂੰ ਚਿੱਕੜ ਵਾਲੇ ਟੋਏ ਵਿਚ ਸੁੱਟ ਦਿੱਤਾ।

ਨਿਰੰਕਾਰੀ ਮਹਿਮਾ ਸਿੰਘ ਮਾਰਿਆ ਗਿਆ

23 ਮਾਰਚ 1983 ਨੂੰ ਦਲ-ਖਾਲਸਾ ਅਤੇ ਬਬਰ-ਖਾਲਸਾ ਨਾਲ ਸਬੰਧਤ ਖਾੜਕੂਆਂ ਨੇ ਚੰਡੀਗੜ੍ਹ ਦੇ ਨੇੜੇ ਇਕ ਪਿੰਡ ਦਾ ਨਿਰੰਕਾਰੀ ਮਹਿਮਾ ਸਿੰਘ ਮਾਰ ਦਿੱਤਾ। ਇਸ ਨਿਰੰਕਾਰੀ ਨੇ 13 ਅਪ੍ਰੈਲ 1978 ਨੂੰ ਗੋਲੀਆਂ ਚਲਾ ਕੇ ਕਈ ਸਿੱਖ ਮਾਰੇ ਸਨ। ਇਸ ਕੇਸ ਵਿਚ ਪੁਲੀਸ ਨੇ ਰੁਪਿੰਦਰ ਸਿੰਘ ਨਗਾਰੀ, ਉੱਤਮ ਸਿੰਘ ਤੇ ਤਿੰਨ ਹੋਰ ਸਿੱਖ ਨਾਮਜ਼ਦ ਕੀਤੇ ਸਨ ਜਿਹੜੇ ਮਗਰੋਂ ਗ੍ਰਿਫ਼ਤਾਰ ਕਰ ਲਏ ਗਏ।

ਬ੍ਰਿਟਿਸ਼ ਹਾਊਸ ਆਫ਼ ਲਾਰਡਜ਼: ਸਿੱਖ ਇੱਕ ਕੌਮ ਹਨ

28 ਮਾਰਚ 1983 ਨੂੰ ਬ੍ਰਿਟਸ਼ 'ਹਾਊਸ ਆਫ ਲਾਰਡਜ਼' ਨੇ ਇਕ ਤਵਾਰੀਖੀ

WWW.SIKHBOOKCLUB.COM

ਫ਼ੈਸਲਾ ਦਿੱਤਾ ਕਿ **'ਸਿੱਖ ਇੱਕ ਕੌਮ ਹੀ ਨਹੀਂ ਬਲਕਿ ਇਕ ਨਸਲੀ ਫ਼ਿਰਕਾ ਹਨ।'** ਉਂਞ ਇਹ ਸ਼ਰਮ ਵਾਲੀ ਗੱਲ ਸੀ ਕਿ ਸਿੱਖਾਂ ਨੂੰ ਬ੍ਰਿਟਿਸ਼ ਸਰਕਾਰ ਤੋਂ ਆਪਣੇ 'ਕੌਮ' ਹੋਣ ਬਾਰੇ ਤਸਦੀਕ ਕਰਵਾਉਣੀ ਪੈ ਰਹੀ ਸੀ। ਪਰ ਭਾਰਤ ਵਿਚ ਸਿੱਖਾਂ ਉੱਤੇ ਹੋ ਰਹੇ ਜ਼ੁਲਮ ਅਤੇ ਜ਼ਿਆਦਤੀਆਂ ਦੇ ਦੌਰਾਨ ਇਹ ਇਕ 'ਫ਼ਾਇਦੇ ਵਾਲਾ ਫ਼ੈਸਲਾ' ਸਾਬਿਤ ਹੋਇਆ ਅਤੇ ਸਿੱਖਾਂ ਨੂੰ ਇਹ ਕਹਿਣ ਦਾ ਮੌਕਾ ਮਿਲ ਗਿਆ, 'ਫ਼ਿਰਕੂ ਹਿੰਦੂਓ! ਹੁਣ ਤਾਂ ਦੂਜੇ ਮੁਲਕ ਵੀ ਸਾਨੂੰ ਕੌਮ ਮੰਨਦੇ ਹਨ।' ਖਾਸ ਕਰ ਕੇ ਸਿੱਖਾਂ ਦੀ ਉਸ ਵੇਲੇ ਦੀ ਹਾਲਤ ਵਿਚ ਇਹ ਫ਼ੈਸਲਾ ਉਨ੍ਹਾਂ ਵਾਸਤੇ 'ਰੱਬ ਦੀ ਮਿਹਰ' ਸਾਬਿਤ ਹੋਇਆ।

ਰਸਤਾ ਰੋਕੋ ਦੌਰਾਨ 24 ਸਿੱਖਾਂ ਦਾ ਕਤਲੇਆਮ

ਅਕਾਲੀ ਪਾਰਟੀ ਨੇ ਆਪਣੀਆਂ ਮੰਗਾਂ ਦੇ ਹੱਕ ਵਿਚ ਰੋਸ ਜ਼ਾਹਿਰ ਕਰਨ ਵਾਸਤੇ 4 ਅਪ੍ਰੈਲ ਨੂੰ 'ਰਸਤਾ ਰੋਕੋ' ਦਾ ਐਲਾਨ ਕੀਤਾ ਹੋਇਆ ਸੀ। ਇਸ ਦਿਨ ਉਨ੍ਹਾਂ ਨੇ ਪੁਰਅਮਨ ਤਰੀਕੇ ਨਾਲ ਸੜਕਾਂ ਦੀ ਆਵਾਜਾਈ ਰੋਕੀ ਸੀ। ਇਸ ਮੌਕੇ 'ਤੇ ਸਿੱਖਾਂ ਨੂੰ **ਸਬਕ ਸਿਖਾਉਣ ਵਾਸਤੇ ਪੁਲਿਸ ਤੇ ਸੈਂਟਰਲ ਰੀਜ਼ਰਵ ਪੁਲੀਸ ਫ਼ੋਰਸਿਜ਼ ਨੇ 24 ਸਿੱਖਾਂ ਨੂੰ ਪਾਠ ਤੇ ਕੀਰਤਨ ਕਰਦਿਆਂ ਨੂੰ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।** ਇਨ੍ਹਾਂ ਵਿਚੋਂ 6 ਕੂਮ ਕਲਾਂ, ਪੰਜ ਮਲੇਰਕੋਟਲਾ, 2-2 ਬੰਕਰਪੁਰ, ਮੁਬਾਰਕਪੁਰ ਤੇ ਭੁੱਚੋ ਮੰਡੀ, ਅਤੇ ਇਕ-ਇਕ ਰਾਜਪੁਰਾ, ਫਗਵਾੜਾ, ਪਟਿਆਲਾ, ਤੇ ਫ਼ਿਰੋਜ਼ਪੁਰ ਵਿਚ ਮਾਰੇ ਗਏ ਸਨ। ਚੀਫ਼ ਮਨਿਸਟਰ ਦਰਬਾਰੇ ਨੇ ਇਨ੍ਹਾਂ ਬੇਗੁਨਾਹਾਂ ਦੇ ਕਤਲਾਂ ਨੂੰ ਜਾਇਜ਼ ਆਖਿਆ ਤੇ ਕਾਤਲਾਂ ਨੂੰ ਸ਼ਾਬਾਸ਼ ਦਿੱਤੀ।

9 ਅਪ੍ਰੈਲ ਨੂੰ ਕੁਝ ਹਿੰਦੂ ਆਗੂਆਂ ਨੇ ਇਨ੍ਹਾਂ ਸਰਕਾਰੀ ਕਤਲਾਂ ਦੀ ਜੁਡੀਸ਼ੀਅਲ ਪੜਤਾਲ ਦੀ ਮੰਗ ਕੀਤੀ। ਪਰ ਅਟਲ ਬਿਹਾਰੀ ਬਾਜਪਈ ਨੇ ਕਿਹਾ ਕਿ 'ਜੇ ਅਕਾਲੀ ਸਾਡੀ ਹਿਮਾਇਤ ਲੈਣਾ ਚਾਹੁੰਦੇ ਹਨ ਤਾਂ ਪਹਿਲਾਂ ਉਹ ਹਿੰਦੂਆਂ ਨੂੰ ਯਕੀਨ ਦਿਵਾਉਣ।' ਇਸੇ ਦਿਨ ਦਹਿਸ਼ਤਗਰਦ ਹਿੰਦੂਆਂ ਦੀ ਪਾਰਟੀ 'ਪੰਜਾਬ ਹਿੰਦੂ ਸੁਰੱਖਿਆ ਸੰਮਤੀ' ਨੇ 24 ਸਿੱਖਾਂ ਦੇ ਕਤਲ ਬਾਰੇ ਪੁਲੀਸ ਦੀ ਹਿਮਾਇਤ ਕੀਤੀ।

ਬੇਗੁਨਾਹ ਸਿੱਖ ਫ਼ੌਜੀਆਂ 'ਤੇ ਜ਼ੁਲਮ

7 ਅਪ੍ਰੈਲ ਨੂੰ ਫ਼ੀਰੋਜ਼ਪੁਰ ਦੇ ਫ਼ੌਜੀ ਅਸਲਾਖਾਨੇ ਵਿਚੋਂ 14 ਸਟੇਨਗੰਨਾਂ, 28 ਰਾਈਫ਼ਲਾਂ ਤੇ 360 ਕਾਰਤੂਸ ਚੋਰੀ ਹੋ ਗਏ। ਇਸੇ ਤਰ੍ਹਾਂ ਗੰਗਾਨਗਰ ਵਿਚੋਂ ਵੀ ਅਸਲਾ ਚੋਰੀ ਹੋਇਆ। ਆਮ ਵਾਂਗ ਇਕ ਅੱਧ ਹੋਰ ਬਟਾਲੀਅਨ ਵਿਚੋਂ ਵੀ ਰਾਈਫ਼ਲਾਂ ਦੀ ਚੋਰੀ ਹੁੰਦੀ ਰਹੀ। ਅਜਿਹੀ ਹੀ ਇਕ ਸਟੇਨਗੰਨ ਦੀ ਚੋਰੀ 'ਸੈਕੰਡ ਬਟਾਲੀਅਨ, ਸਿੱਖ ਲਾਈਟ ਇਨਫ਼ੈਂਟਰੀ' ਵਿਚ ਵੀ ਹੋਈ। ਏਥੇ ਕਮਾਂਡਿੰਗ ਅਫ਼ਸਰ

ਐਸ. ਪੀ. ਚੱਡਾ ਸੀ ਜੋ ਸਿੱਖਾਂ ਨੂੰ ਬੜੀ ਨਫ਼ਰਤ ਕਰਦਾ ਸੀ। ਉਸ ਨੇ ਇਸ ਚੋਰੀ ਦੇ ਸਿਲਸਿਲੇ ਵਿਚ ਦੋ ਸਿੱਖ ਫ਼ੌਜੀਆਂ ਸੀਤਲ ਸਿੰਘ ਅਤੇ ਬੀਰ ਸਿੰਘ ਨੂੰ ਬੇਪਨਾਹ ਜ਼ੁਲਮ ਦਾ ਸ਼ਿਕਾਰ ਬਣਾਇਆ। ਸੀਤਲ ਸਿੰਘ ਦੀ ਗੁਦਾ ਵਿਚ ਅੱਧਾ ਕਿੱਲੋ ਲਾਲ ਮਿਰਚ ਪਾਈ ਗਈ। ਉਸ ਦੀਆਂ ਅੱਖਾਂ ਵਿਚ ਵੀ ਲਾਲ ਮਿਰਚਾਂ ਪਾਈਆਂ ਗਈਆਂ। ਅਖ਼ੀਰ ਉਹ ਜ਼ੁਲਮ ਬਰਦਾਸ਼ਤ ਨਾ ਕਰ ਸਕਿਆ ਤੇ ਮਰ ਗਿਆ। ਦੂਜਾ ਫ਼ੌਜੀ ਵੀਰ ਸਿੰਘ ਬਹੁਤ ਚਿਰ ਹਸਪਤਾਲ ਵਿਚ ਦਾਖ਼ਲ ਰਿਹਾ (ਮਗਰੋਂ ਅਸਲ ਚੋਰ ਦਾ ਪਤਾ ਲਗ ਗਿਆ ਜੋ ਇਕ ਹਿੰਦੂ ਸੀ, ਸਿੱਖ ਨਹੀਂ ਸੀ)।

ਇਸੇ ਤਰ੍ਹਾਂ ਮੇਰਠ ਵਿਚ ਇਕ ਸਿਪਾਹੀ ਪਿਆਰਾ ਸਿੰਘ ਨੂੰ ਵੀ ਅਸਲੇ ਦੀ ਚੋਰੀ ਦੇ ਨਾਂ ਹੇਠ ਹਿੰਦੂ ਅਫ਼ਸਰ ਨੇ ਤਸੀਹੇ ਦੇ-ਦੇ ਕੇ ਮਾਰ ਦਿੱਤਾ। ਮਗਰੋਂ ਚੋਰੀ ਹੋਇਆ ਅਸਲਾ ਇਕ ਹਿੰਦੂ ਪੁਲਸੀਏ ਦੇ ਘਰੋਂ ਬਰਾਮਦ ਹੋ ਗਿਆ। ਸੀਤਲ ਸਿੰਘ, ਬੀਰ ਸਿੰਘ ਤੇ ਪਿਆਰਾ ਸਿੰਘ ਕੋਈ ਇਕੱਲੇ-ਦੁਕੱਲੇ ਕੇਸ ਨਹੀਂ ਸਨ। ਸਿੱਖਾਂ ਨੂੰ ਤਾਂ ਅਜਿਹੇ ਜ਼ੁਲਮਾਂ ਦਾ ਵਾਰ-ਵਾਰ ਸ਼ਿਕਾਰ ਹੋਣਾ ਪਿਆ ਸੀ। ਹਿੰਦੂ ਹਾਕਮਾਂ ਅਤੇ ਅਫ਼ਸਰਾਂ ਨੂੰ ਜਿੱਥੇ ਵੀ ਮੌਕਾ ਮਿਲਿਆ ਉਨ੍ਹਾਂ ਨੇ ਸਿੱਖਾਂ ਉੱਤੇ ਜ਼ੁਲਮ ਕੀਤਾ ਜਾਂ ਕਰਵਾਇਆ।

ਮਰਜੀਵੜਿਆਂ ਦੀ ਭਰਤੀ

ਅਕਾਲੀ ਪਾਰਟੀ ਨੇ ਇਨ੍ਹੀਂ ਦਿਨੀਂ ਐਲਾਨ ਕੀਤਾ ਸੀ ਕਿ ਹੁਣ ਸਰਕਾਰ ਨਾਲ ਗੱਲਬਾਤ ਨਹੀਂ ਕੀਤੀ ਜਾਵੇਗੀ ਅਤੇ 'ਮਰਜੀਵੜਿਆਂ' ਦੇ ਦਲ ਬਣਾ ਕੇ 'ਸ਼ਹੀਦੀਆਂ' ਦਿੱਤੀਆਂ ਜਾਣਗੀਆਂ। ਇਸ 'ਸ਼ਹੀਦੀ ਦਲ' ਦੇ ਨਾਂ ਹੇਠ 12 ਅਪ੍ਰੈਲ ਤੋਂ ਇਕ ਲੱਖ ਸਿੱਖਾਂ ਨੂੰ ਭਰਤੀ ਕਰਨ ਦਾ ਟੀਚਾ ਮਿੱਥਿਆ ਗਿਆ। 12 ਅਪ੍ਰੈਲ 1983 ਦੇ ਦਿਨ ਬਾਬਾ ਜਰਨੈਲ ਸਿੰਘ ਨੇ ਇਸ ਇਕ ਲੱਖ ਸਿੰਘਾਂ ਦੀ 'ਮਰਜੀਵੜਾ ਸ਼ਹੀਦੀ ਫ਼ੌਜ' ਦੇ ਪਹਿਲੇ ਸਿਪਾਹੀ ਵਜੋਂ ਅਕਾਲ ਤਖ਼ਤ ਸਾਹਿਬ 'ਤੇ ਆਪਣਾ ਨਾਂ ਪੇਸ਼ ਕੀਤਾ। ਇਸ ਮਗਰੋਂ ਕੁਝ ਹੀ ਦਿਨਾਂ ਵਿਚ ਦੋ ਲੱਖ ਤੋਂ ਵੱਧ ਮਰਜੀਵੜੇ ਸ਼ਹੀਦਾਂ ਦੀ ਭਰਤੀ ਹੋਈ। ਅਕਾਲੀ ਪਾਰਟੀ ਨੇ ਇਹ 'ਭਰਤੀ' ਜਾਂ 'ਸ਼ਹੀਦੀ ਦਲ' ਇਕ ਧਮਕੀ ਵਜੋਂ ਐਲਾਨਿਆ ਸੀ। ਪਰ ਪਾਰਟੀ ਅੰਦਰ ਬੈਠੇ ਜਸੂਸ ਨਾਲ ਨਾਲ ਸਰਕਾਰ ਨੂੰ ਇਹ ਵੀ ਆਖੀ ਜਾ ਰਹੇ ਸਨ ਕਿ ਇਹ 'ਦਿਖਾਵਾ' ਹੀ ਹੈ, ਇਨ੍ਹਾਂ ਵਿਚੋਂ ਕੋਈ ਵੀ ਲੀਡਰ 'ਸ਼ਹੀਦੀ' ਦੇਣ ਵਾਲਾ ਨਹੀਂ ਹੈ। ਇੰਞ ਇਹ ਸਭ ਇਕ ਰਸਮੀ ਕਾਰਵਾਈ ਤੋਂ ਵੱਧ ਕੁਝ ਵੀ ਨਹੀਂ ਸੀ ਕਿਉਂਕਿ ਇਸ 'ਸ਼ਹੀਦੀ ਫ਼ੌਜ' ਨੇ ਕਦੇ ਵੀ ਕੋਈ ਰੋਲ ਵੀ ਅਦਾ ਨਾ ਕੀਤਾ। ਇਸ ਤਰ੍ਹਾਂ ਪਾਰਟੀ ਦਾ ਇਹ ਐਲਾਨ ਵੀ ਸਰਕਾਰ ਨੂੰ ਹਿਲਾ ਨਾ ਸਕਿਆ। ਉਂਞ ਅਖ਼ਬਾਰਾਂ ਦੀਆਂ ਸੁਰਖ਼ੀਆਂ ਦਾ ਹਿੱਸਾ ਜ਼ਰੂਰ ਬਣਦਾ ਰਿਹਾ।

ਅਵਤਾਰ ਸਿੰਘ ਅਟਵਾਲ ਦਾ ਕਤਲ

ਸਰਕਾਰ ਦੇ ਹੱਥ ਠੋਕੇ ਬਣ ਕੇ ਸਿੱਖਾਂ ਉੱਤੇ ਬੇਹੱਦ ਜ਼ੁਲਮ ਢਾਹੁਣ ਵਾਲਿਆਂ

WWW.SIKHBOOKCLUB.COM

ਵਿਚੋਂ ਇਕ ਪੁਲਸੀਆ ਅਵਤਾਰ ਸਿੰਘ ਅਟਵਾਲ ਵੀ ਸੀ। ਖਾੜਕੂ ਉਸ ਤੋਂ ਛੁਟਕਾਰਾ ਪਾਉਣ ਵਾਸਤੇ ਬਹੁਤ ਸਾਰੀਆਂ ਨਾਕਾਮ ਕੋਸ਼ਿਸ਼ਾਂ ਕਰ ਚੁਕੇ ਸਨ, ਪਰ ਉਹ ਕਾਬੂ ਨਹੀਂ ਆ ਰਿਹਾ ਸੀ। ਅਖ਼ੀਰ 25 ਅਪ੍ਰੈਲ 1983 ਦੇ ਦਿਨ ਜਦੋਂ ਉਹ ਦਰਬਾਰ ਸਾਹਿਬ ਵਿਚੋਂ ਸੂਹਾਂ ਲੈ ਕੇ ਬਾਹਰ ਆ ਰਿਹਾ ਸੀ ਤਾਂ ਇਕ ਸਿੱਖ (ਸ਼ਾਇਦ ਦਾਰਾ ਸਿੰਘ) ਨੇ ਉਸ ਨੂੰ ਆਪਣੀ ਸਟੇਨ-ਗੰਨ ਨਾਲ ਕਤਲ ਕਰ ਦਿੱਤਾ। ਅਟਵਾਲ 20 ਸਤੰਬਰ 1981 ਨੂੰ ਮਹਿਤੇ ਵਿਚ ਗੋਲੀ ਚਲਾਉਣ, ਕੁਲਵੰਤ ਸਿੰਘ ਨਾਗੋਕੇ ਨੂੰ ਸ਼ਹੀਦ ਕਰਨ, ਗੁਰਮੀਤ ਸਿੰਘ ਧੂਲਕੋਟ ਦੇ ਕਤਲ, ਹਰਦੇਵ ਸਿੰਘ ਰੋਡੇ ਦੇ ਕਤਲ ਤੇ ਦਾਓਂਕੇ ਵਿਚ ਜ਼ੁਲਮ ਕਰਨ ਤੇ ਕਰਵਾਉਣ ਦਾ ਜ਼ਿੰਮੇਦਾਰ ਗਰਦਾਨਿਆ ਗਿਆ ਸੀ।

ਅਟਵਾਲ ਦੇ ਮਰਨ 'ਤੇ ਸਰਕਾਰ ਨੇ ਕਈ ਲੱਖ ਰੁਪਏ ਉਸ ਦੀ ਵਿਧਵਾ ਨੂੰ ਦਿੱਤੇ। ਅਟਵਾਲ ਦੀ ਮੌਤ ਮਗਰੋਂ ਹੋਈ ਆਖ਼ਰੀ ਰਸਮ ਵੇਲੇ ਬਹੁਤ ਸਾਰੇ ਵਜ਼ੀਰਾਂ, ਤੇ ਕਾਂਗਰਸੀ ਵਰਕਰਾਂ ਤੋਂ ਇਲਾਵਾ 'ਖਾਲਿਸਤਾਨੀ' ਅਖਵਾਉਣ ਵਾਲਾ ਸਾਬਕਾ ਅਕਾਲੀ ਵਜ਼ੀਰ ਸੁਖਜਿੰਦਰ ਸਿੰਘ ਵੀ ਪੁੱਜਾ ਹੋਇਆ ਸੀ।

ਜਲੰਧਰ ਵਿਚ ਤਿੰਨ ਸਿੱਖ ਮਰੇ

27 ਜੂਨ 1983 ਨੂੰ ਜਲੰਧਰ ਸ਼ਕਤੀ ਨਗਰ ਦੇ 183 ਨੰਬਰ ਮਕਾਨ ਵਿਚ ਇਕ ਬੰਬ ਧਮਾਕੇ ਦੌਰਾਨ ਦਲ ਖਾਲਸਾ ਦੀ ਐਗਜ਼ੈਕਟਿਵ ਦਾ ਇਕ ਮੈਂਬਰ ਗੁਰਬਚਨ ਸਿੰਘ ਖਾਲਸਾ ਅਤੇ ਦੋ ਹੋਰ ਸਿੱਖਾਂ ਨਰਿੰਦਰ ਸਿੰਘ ਤੇ ਸੰਤਾ ਸਿੰਘ ਦੀ ਮੌਤ ਹੋ ਗਈ। ਇਹ ਸਿੱਖ ਬੰਬਾਂ ਦੀ ਤਿਆਰੀ ਵਿਚ ਰੁੱਝੇ ਹੋਏ ਸਨ।

ਜਥੇਦਾਰ ਤਲਵਿੰਦਰ ਸਿੰਘ ਗ੍ਰਿਫ਼ਤਾਰ ਤੇ ਮੁਖ਼ਬਰੀ ਤੇ ਗ਼ਦਾਰੀ ਦੀ ਸ਼ੁਰੂਆਤ

ਨਿਰੰਕਾਰੀ ਗੁਰਬਚਨ ਸਿੰਘ ਅਤੇ ਹੋਰਨਾਂ ਕਈ ਸਿੱਖ ਦੁਸ਼ਮਣਾਂ ਦੇ ਕਤਲ ਕਰਨ ਦੇ ਐਕਸ਼ਨ ਬਬਰ ਖਾਲਸਾ ਨਾਂ ਦੀ ਜਥੇਬੰਦੀ ਨੇ ਕੀਤੇ ਸਨ। ਦਲ ਖ਼ਾਲਸਾ ਵਲੋਂ 29 ਸਤੰਬਰ 1981 ਦੀ ਹਾਈਜੈਕਿੰਗ ਵੇਲੇ ਵੀ ਮਾਲੀ ਮਦਦ 'ਬਬਰ ਖਾਲਸਾ' ਦੇ ਬਾਨੀ ਜਥੇਦਾਰ ਤਲਵਿੰਦਰ ਸਿੰਘ ਦਾ ਹੀ ਕੀਤੀ ਸੀ। ਜਥੇਦਾਰ ਤਲਵਿੰਦਰ ਸਿੰਘ ਕਨੇਡਾ ਦਾ ਰਹਿਣ ਵਾਲਾ ਸੀ। ਉਸ ਨੇ 1981 ਵਿਚ ਪੰਜਾਬ ਵਿਚ ਬਬਰ ਖਾਲਸਾ ਦੀ ਨੀਂਹ ਰੱਖੀ ਸੀ ਅਤੇ ਪੰਜਾਬ ਵਿਚ ਕਈ ਖਾੜਕੂ ਐਕਸ਼ਨ ਕਰਵਾਏ ਸਨ। ਹੁਣ ਉਹ ਯੂਰਪ ਵਿਚ ਵਰਕਰਾਂ ਨੂੰ ਜਥੇਬੰਦ ਕਰ ਰਿਹਾ ਸੀ। ਜੂਨ 1983 ਵਿਚ ਹਾਲੈਂਡ ਤੋਂ ਜਰਮਨ ਵਿਚ ਦਾਖਲ ਹੁੰਦਿਆਂ ਜਥੇਦਾਰ ਤਲਵਿੰਦਰ ਸਿੰਘ ਨੂੰ ਜਰਮਨ ਦੀ ਇੰਟਰਪੋਲ ਨੇ ਗ੍ਰਿਫ਼ਤਾਰ ਕਰ ਲਿਆ।

ਉਸ ਦੀ ਇਸ ਗ੍ਰਿਫ਼ਤਾਰੀ ਪਿੱਛੇ ਉਸ ਦੇ ਦੋ ਸਾਬਕਾ ਸਾਥੀਆਂ ਦੀ ਸਾਜ਼ਿਸ਼

WWW.SIKHBOOKCLUB.COM

ਸੀ ਜਿਨ੍ਹਾਂ ਨੂੰ ਉਸ ਨੇ ਕੁਰਹਿਤਾਂ (ਗ਼ੈਰ-ਇਖ਼ਲਾਕੀ ਹਰਕਤਾਂ) ਕਰਨ ਕਰ ਕੇ ਤਨਖ਼ਾਹ (ਸਜ਼ਾ) ਵੀ ਲਾਈ ਸੀ। (ਜਥੇਦਾਰ ਤਲਵਿੰਦਰ ਸਿੰਘ ਮੁਤਾਬਿਕ ਇਹ ਦੋ ਸਤਨਾਮ ਸਿੰਘ ਤੇ ਤਰਸੇਮ ਸਿੰਘ ਸਨ)। ਸਰਕਾਰ ਨਾਲ ਮਿਲ ਕੇ ਵਿਰੋਧੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਦੀਆਂ ਸਾਜ਼ਿਸ਼ਾਂ ਦੀ ਸ਼ੁਰੂਆਤ ਇੱਥੋਂ ਹੀ ਹੋਈ ਸੀ *(ਭਾਰਤ ਸਰਕਾਰ ਨੇ ਜਥੇਦਾਰ ਤਲਵਿੰਦਰ ਸਿੰਘ ਦੀ ਭਾਰਤ ਨੂੰ ਹਵਾਲਗੀ ਵਾਸਤੇ ਮੁਕੱਦਮਾ ਚਲਾਇਆ ਪਰ ਭਾਰਤ ਸਰਕਾਰ ਆਪਣਾ ਕੇਸ ਸਾਬਿਤ ਨਾ ਕਰ ਸਕੀ ਤੇ ਇਕ ਸਾਲ ਦੀ ਕੈਦ ਮਗਰੋਂ 17 ਜੁਲਾਈ 1984 ਨੂੰ ਉਸ ਨੂੰ ਰਿਹਾ ਕਰ ਦਿੱਤਾ ਗਿਆ)।*

ਨਿਹੰਗਾਂ ਦਾ ਕਤਲੇਆਮ

ਜਦੋਂ ਭਿੰਡਰਾਂ-ਮਹਿਤਾ ਜਥਾ, ਅਖੰਡ ਕੀਰਤਨੀ ਜੱਥਾ, ਦਲ ਖਾਲਸਾ ਤੇ ਬਬਰ ਖਾਲਸਾ ਨੂੰ ਸਰਕਾਰ ਨੇ ਹੱਥ ਪਾ ਲਿਆ ਤਾਂ ਪਿੱਛੇ ਸਿਰਫ਼ ਨਿਹੰਗਾਂ ਦੇ ਜੱਥੇ ਰਹਿ ਜਾਂਦੇ ਸਨ। ਹਾਲਾਂ ਕਿ ਪੰਥਕ ਜਦੋਜਹਿਦ ਵਿਚ ਇਨ੍ਹਾਂ ਦਾ ਰੋਲ ਜ਼ੀਰੋ ਸੀ ਪਰ ਸਰਕਾਰ ਇਨ੍ਹਾਂ ਨੂੰ ਵੀ ਜ਼ਲੀਲ ਕਰਨਾ ਚਾਹੁੰਦੀ ਸੀ। ਇਸੇ ਸਾਜ਼ਿਸ਼ ਹੇਠ 2 ਜੁਲਾਈ ਨੂੰ ਬਾਬਾ ਬਕਾਲਾ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਸੈਂਟਰਲ ਰੀਜ਼ਰਵ ਪੁਲੀਸ ਫ਼ੋਰਸ ਨੇ ਬੁੱਢਾ ਦਲ ਦੇ ਡੇਰੇ 'ਤੇ ਹਮਲਾ ਕਰ ਕੇ ਦੋ ਨਿਹੰਗ ਸਿੰਘ ਮਾਰ ਦਿੱਤੇ ਤੇ 8 ਜ਼ਖ਼ਮੀ ਕਰ ਦਿੱਤੇ ਅਤੇ ਡੇਰੇ ਦਾ ਕਾਫ਼ੀ ਸਾਮਾਨ ਵੀ ਲੁੱਟ ਲਿਆ।

ਸਰਕਾਰ ਵੱਲੋਂ ਕਾਤਲਾਂ ਨੂੰ ਈਨਾਮ

ਜੁਲਾਈ 1983 ਵਿਚ ਸਰਕਾਰ ਨੇ ਬੇਗੁਨਾਹ ਸਿੱਖਾਂ ਦਾ ਕਤਲੇਆਮ ਕਰਨ ਅਤੇ ਤਸੀਹੇ ਦੇਣ ਵਾਲੇ 50 ਪੁਲੀਸ ਅਫ਼ਸਰਾਂ ਤੇ ਟਾਊਟਾਂ ਨੂੰ ਈਨਾਮ ਦਿੱਤੇ ਤਾਂ ਜੋ ਉਨ੍ਹਾਂ ਦੇ ਹੌਸਲੇ ਬੁਲੰਦ ਹੋ ਜਾਣ ਤੇ ਸਿੱਖਾਂ ਵਿਚ ਦਹਿਸ਼ਤ ਫੈਲੇ।

ਸਿੱਖਾਂ ਵਿਚ ਫੁੱਟ

ਅਕਾਲੀ ਪਾਰਟੀ ਅਜੋਕੇ ਮੋਰਚੇ ਵਿਚ ਬੁਰੀ ਤਰ੍ਹਾਂ ਫਸ ਚੁੱਕੀ ਸੀ, ਇਕ ਪਾਸੇ ਸਿੱਖਾਂ ਉੱਤੇ ਬੇਪਨਾਹ ਜ਼ੁਲਮ ਢਾਹੇ ਜਾ ਰਹੇ ਸਨ ਅਤੇ ਉਨ੍ਹਾਂ ਨਾਲ ਵਿਤਕਰਾ, ਜ਼ਿਆਦਤੀ, ਜ਼ੁਲਮ, ਨਿੱਕੀਆਂ-ਨਿੱਕੀਆਂ ਗੱਲਾਂ ਬਣ ਗਏ ਸਨ। ਦੂਜੇ ਪਾਸੇ ਇਨ੍ਹਾਂ ਦਿਨਾਂ ਵਿਚ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਹਰਚੰਦ ਸਿੰਘ ਲੋਂਗੋਵਾਲਿਆਂ ਵਿਚ ਬਹੁਤ ਸਾਰੇ ਫ਼ਰਕ ਪੈਦਾ ਹੋ ਗਏ ਸਨ। ਦੂਜੇ ਪਾਸੇ ਬਬਰ ਖਾਲਸਾ ਅਤੇ ਭਿੰਡਰਾਂ-ਮਹਿਤਾ ਜਥਾ ਵੀ ਇਕ ਦੂਜੇ ਦੇ 'ਸ਼ਰੀਕ' ਬਣੇ ਬੈਠੇ ਸਨ। ਇਸੇ ਤਰ੍ਹਾਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਦਲ ਖਾਲਸਾ ਅਤੇ ਅਕਾਲ ਫ਼ੈਡਰੇਸ਼ਨ ਵੀ ਆਪਣੇ-ਆਪਣੇ ਗਰੁੱਪ ਬਣਾ ਕੇ ਇਨ੍ਹਾਂ ਦੋਹਾਂ ਮੋਰਚਿਆਂ ਵਿਚ ਖੜੇ ਸਨ। ਉਂਞ ਇਹ ਪੰਜੇ

WWW.SIKHBOOKCLUB.COM

ਜੱਥੇਬੰਦੀਆਂ ਆਪਣੇ ਆਪ ਨੂੰ ਪੰਥ ਦੀ ਬੇਹਤਰੀ ਦੀਆਂ ਅਲੰਬਰਦਾਰ ਵੀ ਦਸਦੀਆਂ ਸਨ।

ਖਾੜਕੂ ਨੇ ਪੁਲਸੀਏ ਮਾਰੇ

ਸਰਕਾਰ ਦੀ ਕੋਸ਼ਿਸ਼ ਸੀ ਕਿ ਇਨ੍ਹਾਂ ਜੱਥੇਬੰਦੀਆਂ ਨੂੰ ਆਪਸ ਵਿਚ ਲੜਾ ਦਿੱਤਾ ਜਾਵੇ। ਭਾਵੇਂ ਇਨ੍ਹਾਂ ਸਾਜ਼ਿਸ਼ਾਂ ਵਿਚ ਸਰਕਾਰ ਨੂੰ ਕੁਝ ਕਾਮਯਾਬੀ ਤਾਂ ਮਿਲੀ ਪਰ ਇਸ ਦੇ ਬਾਵਜੂਦ ਖਾੜਕੂਆਂ ਦੇ 'ਐਕਸ਼ਨ' ਅਜੇ ਜਾਰੀ ਸਨ। 18 ਜੂਨ 1983 ਨੂੰ ਫਗਵਾੜੇ ਵਿਚ ਰਤਨ ਚੰਦ ਸ਼ਾਰਦਾ ਪੁਲਸ ਇੰਸਪੈਕਟਰ ਮਾਰ ਦਿੱਤਾ ਗਿਆ। ਅੰਮ੍ਰਿਤਸਰ ਵਿਚ ਤਿੰਨ ਪੁਲਸੀਏ ਮਾਰ ਦਿੱਤੇ ਗਏ। ਫਰੀਦਕੋਟ ਦਾ ਨਿਰੰਕਾਰੀ ਮੁਖੀ ਕੁਲਵੰਤ ਸਿੰਘ 10 ਸਤੰਬਰ 1983 ਨੂੰ ਮਾਰ ਦਿੱਤਾ ਗਿਆ। 21 ਸਤੰਬਰ ਨੂੰ ਲੁਧਿਆਣੇ ਦੇ ਪੁਲਿਸ ਸੁਪਰਡੈਂਟ ਦੇਵ ਰਾਜ ਭੱਟੀ ਦੇ ਕਤਲ ਦੀ ਨਾਕਾਮ ਕੋਸ਼ਿਸ਼ ਹੋਈ।

ਅਕਾਲੀਆਂ ਵੱਲੋਂ ਮੁਤਵਾਜ਼ੀ ਸਰਕਾਰ ਦੀ ਧਮਕੀ

ਅਗਸਤ 1983 ਵਿਚ ਭਿੰਡਰਾਂ-ਮਹਿਤਾ ਜਥਾ ਦੇ ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ, ਅਮਰਜੀਤ ਸਿੰਘ ਚਾਵਲਾ, ਹਰਵਿੰਦਰ ਸਿੰਘ ਗਿੱਲ, ਸਵਰਨ ਸਿੰਘ (ਲਾਲਾ ਕੇਸ) ਵੱਖ ਵੱਖ ਕੇਸਾਂ ਵਿੱਚੋਂ ਬਰੀ ਹੋ ਗਏ ਅਤੇ ਮਹਿਫ਼ੂਜ਼ ਦਰਬਾਰ ਸਾਹਿਬ ਪਹੁੰਚ ਗਏ। ਉਨ੍ਹਾਂ ਨੇ 20 ਸਤੰਬਰ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੰਜੀ ਸਾਹਿਬ ਦੀਵਾਨ ਹਾਲ ਵਿਚ, ਚੌਕ ਮਹਿਤਾ ਵਿਚ 1981 ਵਿਚ ਪੁਲੀਸ ਵੱਲੋਂ ਮਾਰੇ ਗਏ ਸਿੱਖਾਂ ਦੀ ਯਾਦ ਮਨਾਉਣ ਵਾਸਤੇ, ਇਕ ਇਕੱਠ ਬੁਲਾ ਲਿਆ। ਇਸ ਸਮਾਗਮ ਵਿਚ ਬਹੁਤ ਸਾਰੇ **ਅਕਾਲੀ ਆਗੂਆਂ ਨੇ ਇੰਦਰਾ ਨੂੰ ਵਾਰਨਿੰਗ ਦਿੱਤੀ ਕਿ ਜੇ ਸਿੱਖਾਂ ਅਤੇ ਪੰਜਾਬ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਇਕ ਸਿਵਲ ਵਾਰ ਛਿੜ ਪਵੇਗੀ। ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਤਾਂ ਪੰਜਾਬ ਵਿਚ ਮੁਤਵਾਜ਼ੀ ਸਰਕਾਰ ਕਾਇਮ ਕਰਨ ਦੀ ਵੀ ਧਮਕੀ ਦਿੱਤੀ।** ਇਸ 'ਤੇ ਉਸ ਨੂੰ ਅਤੇ ਸੁਖਜਿੰਦਰ ਸਿੰਘ ਨੂੰ ਨੈਸ਼ਨਲ ਸਕਿਉਰਿਟੀ ਐਕਟ ਹੇਠ ਨਜ਼ਰਬੰਦ ਕਰ ਦਿੱਤਾ ਗਿਆ।

ਛੇ ਹਿੰਦੂਆਂ ਦਾ ਕਤਲ ਤੇ ਪੰਜਾਬ 'ਚ ਗਵਰਨਰੀ ਹਕੂਮਤ

5 ਅਕਤੂਬਰ ਨੂੰ ਢਿਲਵਾਂ ਨੇੜੇ ਇਕ ਬੱਸ ਨੂੰ ਰੋਕ ਕੇ 6 ਹਿੰਦੂ ਮੁਸਾਫਿਰਾਂ ਨੂੰ ਉਤਾਰ ਕੇ ਕਤਲ ਕਰ ਦਿੱਤਾ ਗਿਆ। **ਇਹ ਕਤਲ ਖਾੜਕੂਆਂ ਨੇ ਨਹੀਂ ਕੀਤੇ ਸਨ ਅਤੇ ਇਕ ਕਾਂਗਰਸ ਨੇ ਭਾੜੇ ਦੇ ਬੰਦਿਆਂ ਤੋਂ ਕਰਵਾਏ ਸਨ ਤਾਂ ਜੋ ਪੰਜਾਬ 'ਚ ਗਵਰਨਰੀ ਰਾਜ ਕਾਇਮ ਕੀਤਾ ਜਾ ਸਕੇ**; ਤੇ 6 ਅਕਤੂਬਰ ਨੂੰ ਅਜਿਹਾ ਹੀ ਹੋਇਆ। ਇਸ ਮਗਰੋਂ ਪੰਜਾਬ 'ਚ ਹੋਰ ਵੀ ਕਈ ਬੇਗੁਨਾਹਾਂ ਦੇ ਕਤਲ ਹੋਏ। ਇਨ੍ਹਾਂ ਵਿਚੋਂ ਕਈ ਕਤਲ ਸਰਕਾਰੀ ਏਜੰਸੀਆਂ ਨੇ ਕਰਵਾਏ ਸਨ ਤੇ ਜਾਂ ਉਨ੍ਹਾਂ ਦੀ ਸਾਜ਼ਿਸ਼ ਤੇ ਭੜਕਾਹਟ ਹੇਠ ਹੋਏ ਸਨ।

ਖਾੜਕੂਆਂ ਦੇ ਕੁਝ ਹੋਰ ਅਹਿਮ ਐਕਸ਼ਨ

15 ਅਕਤੂਬਰ ਨੂੰ ਖਾੜਕੂਆਂ ਨੇ ਚੰਡੀਗੜ੍ਹ ਵਿਚ ਇਕ ਰਾਮ ਲੀਲ੍ਹਾ ਉੱਤੇ ਬੰਬ ਸੁੱਟਿਆ ਜਿਸ ਨਾਲ 3 ਹਿੰਦੂ ਮਰ ਗਏ ਅਤੇ 22 ਜ਼ਖ਼ਮੀ ਹੋ ਗਏ। ਅਗਲੇ ਦਿਨ ਪਟਿਆਲੇ ਵਿਚ ਕੁਝ ਹਿੰਦੂ ਮਾਰ ਦਿੱਤੇ ਗਏ। ਇਸ ਤੋਂ ਇਲਾਵਾ 20 ਅਕਤੂਬਰ ਨੂੰ ਗੋਬਿੰਦਗੜ੍ਹ ਮੰਡੀ ਨੇੜੇ ਸਿਆਲਦਾ ਗੱਡੀ ਉਲਟਾ ਦਿੱਤੀ ਗਈ, ਜਿਸ ਨਾਲ 17 ਬੰਦਿਆਂ ਦੀ ਮੌਤ ਹੋ ਗਈ ਤੇ 155 ਜ਼ਖ਼ਮੀ ਹੋ ਗਏ। ਇਨ੍ਹੀਂ ਦਿਨੀਂ ਹੀ ਅੰਮ੍ਰਿਤਸਰ ਵਿਚ ਇਕ ਥਾਣੇਦਾਰ ਦਾ ਕਤਲ ਕਰ ਦਿੱਤਾ ਗਿਆ। (ਇਸ 'ਤੇ ਗੁੱਸੇ ਵਿਚ ਆ ਕੇ ਫ਼ਿਰਕੂ ਹਿੰਦੂ ਸੀ.ਆਰ.ਪੀ.ਐਫ. ਨੇ ਕਈ ਮਾਸੂਮ ਸਿੱਖ ਕਤਲ ਕਰ ਦਿੱਤੇ)। 29 ਅਕਤੂਬਰ ਨੂੰ ਡੀ.ਐਸ.ਪੀ. ਬਚਨ ਸਿੰਘ ਦੀ ਦੁਕਾਨ 'ਤੇ ਨਾਕਾਮ ਹਮਲਾ ਕੀਤਾ ਗਿਆ। 11 ਨਵੰਬਰ ਨੂੰ ਨਾਗੋਕੇ ਦਾ ਸੁਰਜਨ ਸਿੰਘ ਸਰਪੰਚ (ਦੂਜੇ ਹਮਲੇ ਵਿਚ) ਮਾਰ ਦਿੱਤਾ ਗਿਆ। 18 ਦਸੰਬਰ ਨੂੰ ਗੁਰੂ ਹਰ ਸਹਾਇ ਕੋਲ ਜ਼ਾਲਮ ਥਾਣੇਦਾਰ ਬਿੱਛੂ ਰਾਮ ਮਾਰ ਦਿੱਤਾ ਗਿਆ।

ਬਬਰਾਂ ਅਤੇ ਭਿੰਡਰਾਂਵਾਲਿਆਂ ਵਿਚ ਟਕਰਾਅ

ਇਸ ਵੇਲੇ ਦਰਬਾਰ ਸਾਹਿਬ ਦੀਆਂ ਸਰਾਵਾਂ ਵਿਚ ਭਿੰਡਰਾਂਵਾਲਿਆਂ ਦਾ ਜਥਾ ਅਤੇ ਬਬਰ ਖਾਲਸਾ (ਸੁਖਦੇਵ ਸਿੰਘ ਗਰੁਪ) ਦੇ ਕਈ ਕਾਰਕੁੰਨ ਰਹਿ ਰਹੇ ਸਨ। ਮੌਜੂਦਾ ਖਾੜਕੂ ਲਹਿਰ ਦੇ ਪਹਿਲੇ ਐਕਸ਼ਨ ਜਥੇਦਾਰ ਤਲਵਿੰਦਰ ਸਿੰਘ ਦੀ ਅਗਵਾਈ ਵਿਚ ਬਬਰ ਖਾਲਸਾ ਨੇ ਕੀਤੇ ਸਨ ਪਰ ਵਧੇਰੇ ਚਰਚਾ ਭਿੰਡਰਾਂਵਾਲਿਆਂ ਦਾ ਹੋਇਆ ਸੀ ਤੇ ਬਬਰ ਖਾਲਸਾ ਨੂੰ ਕੋਈ ਨਹੀਂ ਸੀ ਜਾਣਦਾ। ਇਸ ਕਰ ਕੇ ਸਿੱਖਾਂ ਵੱਲੋਂ ਖਾੜਕੂਆਂ ਵਾਸਤੇ ਆਉਣ ਵਾਲੇ ਫ਼ੰਡ ਵੀ ਭਿੰਡਰਾਂਵਾਲਿਆਂ ਨੂੰ ਹੀ ਪੁੱਜਦੇ ਸਨ। ਬਬਰ ਖਾਲਸਾ ਦਾ ਸੁਖਦੇਵ ਸਿੰਘ ਗਰੁਪ ਇਸ ਤੋਂ ਔਖਾ ਸੀ। ਹੁਣ ਉਨ੍ਹਾਂ ਨੇ ਆਪਣੇ ਆਪ ਨੂੰ ਜ਼ਾਹਰ ਕਰਨ ਦੀ ਪਲਾਨ ਬਣਾਈ। ਉਨ੍ਹਾਂ ਨੇ ਭਿੰਡਰਾਂਵਾਲਿਆਂ ਦੇ ਖ਼ਿਲਾਫ਼ ਵੀ ਬੋਲਣਾ ਸ਼ੁਰੂ ਕਰ ਦਿੱਤਾ। ਭਾਵੇਂ ਦੋਹਾਂ ਵਿਚ ਝਗੜਾ 1982 'ਚ ਹੀ ਸ਼ੁਰੂ ਹੋ ਗਿਆ ਸੀ ਪਰ 1983 ਦੀਆਂ ਗਰਮੀਆਂ ਵਿਚ ਦੋਵੇਂ ਧੜੇ ਇਕ ਦੂਜੇ ਨੂੰ ਬਹੁਤ ਨਫ਼ਰਤ ਕਰਨ ਲੱਗ ਪਏ ਸਨ। ਇਧਰ ਦਰਬਾਰ ਸਾਹਿਬ ਕੰਪਲੈਕਸ ਵਿਚ ਦੋਹਾਂ ਵਿਚਕਾਰ 'ਆਪਣਾ ਦਬਕਾ ਕਾਇਮ ਕਰਨ' ਦੀ ਕਸ਼ਮਕਸ਼ ਵੀ ਚਲ ਰਹੀ ਸੀ।

ਭਿੰਡਰਾਂਵਾਲਾ ਅਕਾਲ ਤਖ਼ਤ ਸਾਹਿਬ 'ਤੇ

ਇਸ ਮਾਹੌਲ ਵਿਚ ਕੁਝ ਸਿਆਣਿਆਂ ਨੇ ਭਿੰਡਰਾਂਵਾਲਿਆਂ ਨੂੰ ਸਲਾਹ ਦਿੱਤੀ ਕਿ ਉਹ ਟਕਰਾਅ ਵਿਚ ਨਾ ਆਉਣ। ਇਸ ਕਰ ਕੇ ਉਹ 15 ਦਸੰਬਰ 1983 ਨੂੰ ਅਕਾਲ ਤਖ਼ਤ ਸਾਹਿਬ ਦੇ ਨਾਲ ਲਗਵੀਂ ਈਮਾਰਤ ਵਿਚ ਚਲੇ ਗਏ। ਹੁਣ ਗੁਰੂ ਨਾਨਕ ਨਿਵਾਸ 'ਤੇ ਸਿਰਫ਼ ਸੁਖਦੇਵ ਸਿੰਘ ਧੜੇ ਦਾ ਕਬਜ਼ਾ ਹੀ ਰਹਿ ਗਿਆ ਸੀ।

WWW.SIKHBOOKCLUB.COM

ਬਬਰ ਖਾਲਸਾ (ਸੁਖਦੇਵ ਸਿੰਘ) ਨੇ 35 ਕਤਲ ਮੰਨੇ

ਪਰ ਹੁਣ ਸਿੱਖ ਨੌਜਵਾਨ ਗੁਰੂ ਨਾਨਕ ਨਿਵਾਸ ਦੀ ਥਾਂ ਭਿੰਡਰਾਂਵਾਲਿਆਂ ਕੋਲ ਅਕਾਲ ਤਖ਼ਤ ਸਹਿਬ ਅਤੇ ਉਨ੍ਹਾਂ ਦੇ ਦੀਵਾਨ ਲਾਉਣ ਵਾਲੀ ਜਗਹ ਗੁਰੂ ਰਾਮਦਾਸ ਸਾਹਿਬ ਦੀ ਛੱਤ 'ਤੇ ਜਾਣੇ ਸ਼ੁਰੂ ਹੋ ਗਏ। ਇਸ ਨੂੰ ਵੇਖ ਕੇ ਸੁਖਦੇਵ ਸਿੰਘ ਬਬਰ ਨੇ ਆਪਣੀ ਹੋਂਦ ਦਾ ਇਜ਼ਹਾਰ ਕਰਨ ਦਾ ਫ਼ੈਸਲਾ ਕਰ ਲਿਆ। ਸੁਖਦੇਵ ਸਿੰਘ ਨੇ 20 ਦਸੰਬਰ 1983 ਨੂੰ ਇਕ ਪ੍ਰੈਸ ਕਾਨਫ਼ਰੰਸ ਕਰ ਕੇ 35 ਨਿਰੰਕਾਰੀਆਂ ਅਤੇ ਜ਼ਾਲਮ ਪੁਲਸੀਆਂ ਦੇ ਕਤਲਾਂ ਦਾ ਜ਼ਿੰਮਾ ਆਪਣੀ ਜੱਥੇਬੰਦੀ ਸਿਰ ਲੈ ਲਿਆ।

ਇਸ ਵੇਲੇ ਬਬਰ ਖ਼ਾਲਸਾ ਦੇ ਫ਼ਾਊਂਡਰ ਤੇ ਮੁਖੀ ਜਥੇਦਾਰ ਤਲਵਿੰਦਰ ਸਿੰਘ ਜਰਮਨ ਦੀ ਇਕ ਜੇਲ੍ਹ ਵਿਚ ਸਨ। ਸੁਖਦੇਵ ਸਿੰਘ ਨੇ ਇਹ ਬਿਆਨ ਉਨ੍ਹਾਂ ਦੀ ਰਜ਼ਾਮੰਦੀ ਤੋਂ ਬਿਨਾਂ ਦਿੱਤਾ ਸੀ। ਕੁਝ ਚਿਰ ਮਗਰੋਂ ਬਬਰ ਖ਼ਾਲਸਾ ਦੇ ਵੀ ਦੋ ਹਿੱਸੇ ਹੋ ਗਏ। ਇਸ ਮਗਰੋਂ ਬਬਰ ਖ਼ਾਲਸਾ ਐਕਸ਼ਨਾਂ ਦੇ ਅਸਲ ਹੀਰੋ ਅਮਰਜੀਤ ਸਿੰਘ ਖੇਮਕਰਨ, ਗੁਰਨਾਮ ਸਿੰਘ ਕਾਂਸਟੇਬਲ ਤੇ ਸੁਰਜੀਤ ਸਿੰਘ ਰਾਮਪੁਰ ਬਿਸ਼ਨੋਈਆਂ ਵਗ਼ੈਰਾ ਸੁਖਦੇਵ ਸਿੰਘ ਨੂੰ ਛੱਡ ਕੇ ਬਾਬਾ ਜਰਨੈਲ ਸਿੰਘ ਦੇ ਕੈਂਪ ਵਿਚ ਸ਼ਾਮਿਲ ਹੋ ਗਏ। ਇਸ ਦੇ ਨਾਲ ਹੀ ਦੋਹਾਂ ਧੜਿਆਂ ਵਿਚ ਆਪਣੀ ਹਸਤੀ ਮੰਨਵਾਉਣ ਦੀ ਜੰਗ ਸ਼ੁਰੂ ਹੋ ਗਈ।

ਇੰਦਰਾ ਵੱਲੋਂ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਵਾਸਤੇ ਹਰੀ ਝੰਡੀ

16 ਦਸੰਬਰ 1983 ਦੇ ਦਿਨ ਇੰਦਰਾ ਨੇ ਬਾਬਾ ਜਰਨੈਲ ਸਿੰਘ ਨੂੰ ਹਰ-ਹੀਲੇ ਗ੍ਰਿਫ਼ਤਾਰ ਕਰਨ ਵਾਸਤੇ ਪੁਲੀਸ ਨੂੰ 'ਹਰੀ ਝੰਡੀ' ਦੇ ਦਿੱਤੀ ਤੇ ਇਸ ਦੇ ਨਾਲ ਹੀ ਉਸ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਆਖ਼ਰੀ ਤਿਆਰੀ ਕਰਨੀ ਸ਼ੁਰੂ ਕਰ ਦਿਤੀ।

11 ਹੋਰ ਸਿੱਖ ਕਤਲ

ਅਕਾਲੀ ਪਾਰਟੀ ਨੇ ਆਪਣੀਆਂ ਮੰਗਾਂ ਦੀ ਹਿਮਾਇਤ ਵਿਚ 8 ਫਰਵਰੀ 1984 ਨੂੰ ਪੰਜਾਬ ਵਿਚ ਮੁਕੰਮਲ ਹੜਤਾਲ ਕਰਵਾਈ। ਇਸ ਹੜਤਾਲ ਵਿਚ ਆਪੋਜ਼ੀਸ਼ਨ ਪਾਰਟੀਆਂ (ਅਤੇ ਕੁਝ ਕੁ ਹਲਕਿਆਂ ਮੁਤਾਬਿਕ ਕੁਝ ਕਾਂਗਰਸੀਆਂ ਨੇ ਵੀ) ਪੂਰਾ ਮਿਲਵਰਤਣ ਦਿੱਤਾ। ਇਸ ਕਾਮਯਾਬੀ ਅਤੇ ਸ਼ੁਹਰਤ ਨੂੰ ਘਟਾਉਣ ਵਾਸਤੇ 'ਹਿੰਦੂ ਸੁਰੱਖਿਆ ਸੰਮਤੀ' ਦੇ ਨਾਂ ਹੇਠ ਹਿੰਦੂਆਂ ਨੇ ਵੀ 14 ਫਰਵਰੀ ਨੂੰ 'ਪੰਜਾਬ ਬੰਦ' ਦਾ ਐਲਾਨ ਕੀਤਾ। ਕਹਿਣ ਨੂੰ ਤਾਂ ਇਹ ਇਕ ਨਿੱਕੀ ਜਹੀ ਪਾਰਟੀ ਦਾ 'ਬੰਦ' ਸੀ ਪਰ ਇਸ ਸਿਲਸਿਲੇ ਵਿਚ ਹਰ ਹਿੰਦੂ 'ਇਕ' ਹੋ ਕੇ ਰੋਲ ਅਦਾ ਕਰ ਰਿਹਾ ਸੀ ਤੇ ਹੋਰ ਤਾਂ ਹੋਰ ਸੈਂਟਰਲ ਰਿਜ਼ਰਵ ਪੁਲੀਸ ਫ਼ੋਰਸ ਵੀ ਪੂਰੀ ਤਰ੍ਹਾਂ ਹਿੰਦੂਆਂ ਦੇ ਨਾਲ

WWW.SIKHBOOKCLUB.COM

ਹੀ ਸੀ। ਇਸ 'ਬੰਦ' ਦੌਰਾਨ ਅੰਮ੍ਰਿਤਸਰ ਵਿਚ ਹਿੰਦੂਆਂ ਵੱਲੋਂ ਹੁਲੜਬਾਜ਼ੀ ਕੀਤੀ ਗਈ। ਇਸ ਹੁਲੜਬਾਜ਼ੀ ਦੇ ਨਾਂ ਹੇਠ ਹੀ ਸੈਂਟਰਲ ਰਿਜ਼ਰਵ ਪੁਲੀਸ ਫੋਰਸ ਨੇ ਗੋਲੀਆਂ ਚਲਾ ਕੇ ਦੁਕਾਨਾਂ 'ਤੇ ਬੈਠੇ ਅਤੇ ਸੜਕ ਤੋਂ ਲੰਘੇ ਜਾਂਦੇ 11 ਸਿੱਖ ਗੋਲੀਆਂ ਨਾਲ ਭੁੰਨ ਦਿੱਤੇ। ਜਲੂਸ ਕੱਢਣ ਅਤੇ ਹੁਲੜਬਾਜ਼ੀ ਕਰਨ ਵਾਲਾ ਇਕ ਹਿੰਦੂ ਵੀ ਜ਼ਖ਼ਮੀ ਤਕ ਨਾ ਹੋਇਆ।

ਹਰਿਆਣੇ ਵਿਚ 20 ਸਿੱਖ ਕਤਲ

ਅੰਮ੍ਰਿਤਸਰ ਜਾਂ ਜਲੰਧਰ ਵਿਚ ਹੀ ਸਿੱਖਾਂ ਦੇ ਕਤਲਾਂ ਨਾਲ ਗੱਲ ਨਹੀਂ ਰੁਕੀ। ਹਰਿਆਣੇ ਵਿਚ ਹਿੰਦੂਆਂ ਨੇ, ਚੀਫ਼ ਮਨਿਸਟਰ ਭਜਨ ਲਾਲ ਅਤੇ ਹੋਰ ਵਜ਼ੀਰਾਂ ਦੀਆਂ ਹਦਾਇਤਾਂ ਹੇਠ, ਚਿੱਟ-ਕੱਪੜੀਏ ਹਿੰਦੂ ਪੁਲਸੀਆਂ ਦੀ ਅਗਵਾਈ ਹੇਠ, 15 ਤੋਂ 20 ਫਰਵਰੀ ਵਿਚਕਾਰ, ਖਾਸ ਕਰ ਕੇ 19-20 ਫਰਵਰੀ ਨੂੰ, ਹਰਿਆਣਾ ਵਿਚ ਸਿੱਖਾਂ ਦਾ ਸ਼ਰੇ-ਆਮ ਕਤਲੇਆਮ ਕੀਤਾ। ਸਿੱਖਾਂ ਦੇ ਗੁਰਦੁਆਰੇ, ਦੁਕਾਨਾਂ ਤੇ ਘਰਾਂ ਨੂੰ ਅੱਗਾਂ ਲਾਈਆਂ ਗਈਆਂ। ਪਾਨੀਪਤ, ਕਰਨਾਲ, ਜੀਂਦ, ਕੈਥਲ, ਰੋਹਤਕ, ਅੰਬਾਲਾ, ਵਗੈਰਾ ਵਿਚ 20 ਤੋਂ ਵਧ ਸਿੱਖ ਕਤਲ ਕੀਤੇ ਗਏ। ਸਿੱਖਾਂ ਦੇ ਤਕਰੀਬਨ 200 ਘਰ ਤੇ ਦੁਕਾਨਾਂ ਸਾੜੀਆਂ ਅਤੇ ਲੁੱਟੀਆਂ ਗਈਆਂ ਤੇ 6 ਗੁਰਦੁਆਰਿਆਂ ਨੂੰ ਅੱਗਾਂ ਲਾ ਦਿੱਤੀਆਂ ਗਈਆਂ। ਇਨ੍ਹਾਂ ਜ਼ੁਲਮਾਂ ਦਾ ਬਦਲਾ ਲੈਣ ਵਾਸਤੇ ਖਾੜਕੂਆਂ ਨੇ 20-21-22 ਫਰਵਰੀ ਨੂੰ ਪੰਜਾਬ ਵਿਚ ਵੀ ਕੁਝ ਹਿੰਦੂਆਂ ਨੂੰ ਕਤਲ ਕਰ ਦਿੱਤਾ।

ਦਰਬਾਰ ਸਾਹਿਬ ਉੱਤੇ ਫ਼ਾਇਰਿੰਗ

ਸੀ.ਆਰ.ਪੀ.ਐਫ਼. ਨੇ ਬਿਨਾਂ ਕਿਸੇ ਕਾਰਨ ਤੋਂ 17 ਫਰਵਰੀ 1984 ਨੂੰ ਦਰਬਾਰ ਸਾਹਿਬ ਉੱਤੇ ਸ਼ਰੇਆਮ ਫ਼ਾਇਰਿੰਗ ਕੀਤੀ ਜਿਸ ਨਾਲ 3 ਸਿੱਖ ਮਾਰੇ ਗਏ। ਸੀ.ਆਰ.ਪੀ. ਦਾ ਇਹ ਐਕਸ਼ਨ ਸਿਰਫ਼ ਸਿੱਖਾਂ ਵਿਚ ਡਰ ਅਤੇ ਦਹਿਸ਼ਤ ਫ਼ੈਲਾਉਣ ਵਾਸਤੇ ਸੀ।

ਅਕਾਲੀਆਂ ਵੱਲੋਂ ਆਈਨ (ਵਿਧਾਨ) ਦੀ ਧਾਰਾ 25 ਫ਼ਾੜਨਾ

ਇਨ੍ਹਾਂ ਦਿਨਾਂ ਵਿਚ ਹੀ ਸਿੱਖਾਂ ਦੀਆਂ ਮੰਗਾਂ ਵਿਚੋਂ ਇਕ ਮੰਗ 'ਸਿੱਖ ਹਿੰਦੂ ਨਹੀਂ ਸਨ' ਅਤੇ 'ਸਿੱਖਾਂ ਦਾ ਵੱਖਰਾ ਫ਼ੈਮਲੀ ਲਾਅ ਬਣਾਇਆ ਜਾਵੇ' ਨੂੰ ਪੂਰੀ ਕਰਵਾਉਣ ਵਾਸਤੇ ਜ਼ੋਰ ਪਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ 27 ਫ਼ਰਵਰੀ 1984 ਦੇ ਦਿਨ ਹਰ ਪਾਸੇ ਭਾਰਤੀ ਵਿਧਾਨ ਦੀ ਧਾਰਾ 25(2) ਦੀ ਫ਼ੋਟੋਕਾਪੀ ਨੂੰ ਫ਼ਾੜ ਕੇ ਆਪਣਾ ਰੋਸ ਜ਼ਾਹਿਰ ਕਰਨ ਦਾ ਐਲਾਨ ਕੀਤਾ। ਇਸ ਦਿਨ ਅਕਾਲੀ ਆਗੂਆਂ ਨੇ ਵੱਖ-ਵੱਖ ਸ਼ਹਿਰਾਂ ਵਿਚ ਇਸ ਧਾਰਾ ਦੀਆਂ ਫ਼ੋਟੋ ਕਾਪੀਆਂ ਪਾੜ ਕੇ ਆਪਣੀ ਮੰਗ ਦੇ ਹੱਕ ਵਿਚ ਮੁਜ਼ਾਹਰਾ ਕੀਤਾ। ਚੰਡੀਗੜ੍ਹ ਵਿਚ ਪ੍ਰਕਾਸ਼ ਸਿੰਘ ਬਾਦਲ, ਬਲਵੰਤ ਸਿੰਘ ਰਾਮੂੰਵਾਲੀਆ ਅਤੇ ਹੋਰ ਕਈਆਂ

WWW.SIKHBOOKCLUB.COM

ਨੇ ਧਾਰਾ 25 (2) (ਬੀ) ਦੀਆਂ 'ਫੋਟੋਕਾਪੀਆਂ' ਫ਼ਾੜੀਆਂ। ਅਜਿਹੇ ਪ੍ਰੋਟੈਸਟ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਵੀ ਕੀਤੇ ਗਏ। ਇਸ 'ਤੇ 30 ਮਾਰਚ 1984 ਦੇ ਦਿਨ, ਭਾਰਤ ਦੇ ਉਦੋਂ ਦੇ ਹੋਮ ਮਨਿਸਟਰ, ਪੀ.ਸੀ. ਸੇਠੀ ਨੇ ਐਲਾਨ ਕੀਤਾ ਕਿ ਸਰਕਾਰ ਨੂੰ ਇਸ ਧਾਰਾ ਵਿਚ ਤਬਦੀਲੀ ਕਰਨ 'ਤੇ ਕੋਈ ਇਤਰਾਜ਼ ਨਹੀਂ। (ਪਰ ਅੱਜ, 2008, ਤਕ ਇਹ ਤਬਦੀਲੀ/ਸੋਧ ਨਹੀਂ ਕੀਤੀ ਗਈ।)

ਦਰਬਾਰਾ ਸਿੰਘ ਫਿਰ ਬਚ ਗਿਆ

13 ਮਾਰਚ ਨੂੰ ਨੰਗਲ ਨੇੜੇ ਸਾਬਕਾ ਚੀਫ਼ ਮਨਿਸਟਰ ਦਰਬਾਰਾ ਸਿੰਘ 'ਤੇ ਇਕ ਵਾਰ ਫਿਰ ਹਮਲਾ ਹੋਇਆ ਪਰ ਇਸ ਵਾਰ ਵੀ ਉਹ ਬਚ ਗਿਆ। ਇਸ ਹਮਲੇ ਦੇ ਸਬੰਧ ਵਿਚ ਇਕ ਸਿੱਖ ਮਹਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਗ਼ੈਰਕਾਨੂੰਨੀ ਕਰਾਰ ਲੌਂਗੋਵਾਲ ਦੇ ਖ਼ਿਲਾਫ਼ ਬਗ਼ਾਵਤ ਦਾ ਮੁਕੱਦਮਾ ਦਰਜ

ਸਿੱਖ ਨੌਜਵਾਨਾਂ ਦੀਆਂ ਕਾਰਵਾਈਆਂ ਤੋਂ ਘਬਰਾ ਕੇ ਸਰਕਾਰ ਨੇ 19 ਮਾਰਚ 1984 ਨੂੰ ਸਿੱਖ ਸਟੂਡੈਂਟ ਫ਼ੈਡਰੇਸ਼ਨ ਨੂੰ ਗ਼ੈਰ-ਕਾਨੂੰਨੀ ਜਥੇਬੰਦੀ ਕਰਾਰ ਦੇ ਦਿੱਤਾ ਅਤੇ ਨਾਲ ਹੀ ਅਗਲੇ ਦਿਨ ਹਰਚੰਦ ਸਿੰਘ ਲੌਂਗੋਵਾਲ ਦੇ ਖ਼ਿਲਾਫ਼ ਵੀ ਬਗ਼ਾਵਤ ਦਾ ਮੁਕੱਦਮਾ ਦਰਜ ਕਰ ਲਿਆ। ਉਧਰ ਹਰਿਆਣੇ ਵਿਚ ਪਿਛਲੇ ਮਹੀਨੇ 21 ਮਾਰਚ ਦੇ ਦਿਨ 10 ਸਿੱਖਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਉੱਤੇ ਕੁਝ ਹਿੰਦੂ ਆਗੂਆਂ ਦੇ ਕਤਲ ਦੀ ਸਾਜ਼ਿਸ਼ ਦਾ ਕੇਸ ਪਾ ਦਿੱਤਾ। ਖਾੜਕੂਆਂ ਨੇ 28 ਮਾਰਚ ਨੂੰ ਹਰਬੰਸ ਸਿੰਘ ਮਨਚੰਦਾ (ਸਾਬਕਾ ਪ੍ਰਧਾਨ ਦਿੱਲੀ ਗੁਰਦੁਆਰਾ ਕਮੇਟੀ) ਨੂੰ ਕਤਲ ਕਰ ਦਿੱਤਾ।

ਪੰਜਾਬ ਗੜਬੜ ਵਾਲਾ ਇਲਾਕਾ ਕਰਾਰ

ਇਕ ਪਾਸੇ ਹਿੰਦੂ ਸਿੱਖਾਂ ਉੱਤੇ ਹਮਲੇ ਕਰ ਰਹੇ ਸਨ; ਬੇਗੁਨਾਹ ਸਿੱਖਾਂ ਦਾ ਕਤਲੇਆਮ ਹੋ ਰਿਹਾ ਸੀ ਤੇ ਦੂਜੇ ਪਾਸੇ ਕੁਝ ਗ਼ਦਾਰ ਸਿੱਖ ਅਤੇ ਹਿੰਦੂ ਉਲਟਾ ਸਿੱਖਾਂ ਦੇ ਖ਼ਿਲਾਫ਼ ਹੀ ਪ੍ਰਾਪੇਗੰਡਾ ਕਰ ਰਹੇ ਸਨ। ਇਸੇ ਤਰ੍ਹਾਂ ਕੁਝ ਲੋਕ ਹੋਰ ਡੂੰਘੀਆਂ ਐਂਟੀ-ਸਿੱਖ ਸਾਜ਼ਿਸ਼ਾਂ ਵਿਚ ਰੁੱਝੇ ਹੋਏ ਸਨ। ਖਾੜਕੂਆਂ ਨੇ ਇਸ ਸਬੰਧੀ ਐਕਸ਼ਨ ਕਰਨ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ 2 ਅਪ੍ਰੈਲ ਨੂੰ ਚੰਡੀਗੜ੍ਹ ਵਿਚ ਪੰਡਿਤ ਵਿਸ਼ਵਾ ਨਾਥ ਤਿਵਾੜੀ ਨੂੰ ਕਤਲ ਕਰ ਦਿੱਤਾ। ਇਸ ਦਿਨ ਸ਼ਾਮ ਨੂੰ **ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇ ਦਿੱਤਾ ਗਿਆ**। ਇਸ ਦੇ ਜਵਾਬ ਵਿਚ ਖਾੜਕੂਆਂ ਨੇ 15 ਅਪ੍ਰੈਲ ਨੂੰ ਪੰਜਾਬ ਦੇ 38 ਰੇਲਵੇ ਸਟੇਸ਼ਨ ਸਾੜ ਦਿੱਤੇ।

ਇਨ੍ਹਾਂ ਦਿਨਾਂ ਵਿਚ ਵੀ ਸਿੱਖਾਂ ਦਾ ਕਤਲੇਆਮ ਜਾਰੀ ਰਿਹਾ। ਇਨ੍ਹੀਂ ਦਿਨੀਂ ਤਕਰੀਬਨ 100 ਦੇ ਕਰੀਬ ਸਿੱਖਾਂ ਨੂੰ ਮਾਰਿਆ ਗਿਆ।

WWW.SIKHBOOKCLUB.COM

ਸੁਰਿੰਦਰ ਸਿੰਘ (ਸੋਢੀ) ਦਾ ਕਤਲ

ਪਿਛਲੇ ਦੋ ਢਾਈ ਸਾਲਾਂ ਵਿਚ ਖਾੜਕੂਆਂ ਵਿਚੋਂ ਜਿਨ੍ਹਾਂ ਨੇ ਮਾਅਰਕੇ ਦੇ ਕਾਰਨਾਮੇ ਕਰ ਦਿਖਾਏ ਸਨ, ਉਨ੍ਹਾਂ ਵਿਚੋਂ ਇਕ ਅਹਿਮ ਸ਼ਖ਼ਸ ਸੁਰਿੰਦਰ ਸਿੰਘ (ਸੋਢੀ) ਸੀ। ਸੁਰਿੰਦਰ ਸਿੰਘ ਭਿੰਡਰਾਂਵਾਲਿਆਂ ਦੇ ਬਹੁਤ ਜ਼ਿਆਦਾ ਨਜ਼ਦੀਕ ਸੀ ਅਤੇ ਉਨ੍ਹਾਂ ਵਾਸਤੇ ਖ਼ਾਸ ਅਜੀਜ਼ ਸੀ। ਉਹ ਸਰਕਾਰ ਅਤੇ ਭਿੰਡਰਾਂਵਾਲਿਆਂ ਦੇ ਮੁਖ਼ਾਲਫ਼ਾਂ ਨੂੰ ਬਹੁਤ ਜ਼ਿਆਦਾ ਰੜਕਦਾ ਸੀ। ਸਰਕਾਰ ਦੀ ਸਰਪਰਸਤੀ ਹੇਠ ਇਕ ਸਾਜ਼ਿਸ਼ ਸਦਕਾ, ਅਕਾਲੀ ਪਾਰਟੀ ਦੇ ਸੈਕਟਰੀ ਗੁਰਚਰਨ ਸਿੰਘ ਅਤੇ ਤਲਵੰਡੀ ਅਕਾਲੀ ਦਲ ਦੇ ਸਰਗਰਮ ਵਰਕਰ ਮਾਲਕ ਸਿੰਘ ਭਾਟੀਆ ਦੀ ਪਲਾਨਿੰਗ ਨਾਲ ਇਸ ਵੱਡੇ ਖਾੜਕੂ ਨੂੰ 14 ਅਪ੍ਰੈਲ 1984 ਦੇ ਦਿਨ ਦਰਬਾਰ ਸਾਹਿਬ ਦੇ ਨੇੜੇ ਕਤਲ ਕਰ ਦਿੱਤਾ ਗਿਆ। ਕਾਤਲ ਸੁਰਿੰਦਰ ਸਿੰਘ 'ਛਿੰਦਾ' ਤੇ ਬਲਜੀਤ ਕੌਰ ਨੇ ਇਸ ਕਤਲ ਨੂੰ ਸ਼ਰੇਆਮ ਕਬੂਲ ਕੀਤਾ। ਇਨ੍ਹਾਂ ਦੋਨਾਂ ਕਾਤਿਲਾਂ ਅਤੇ ਸਾਜ਼ਿਸ਼ ਵਿਚ ਭਾਈਵਾਲ ਸਮਝੇ ਗਏ ਦੋਹਾਂ ਦੁਕਾਨਦਾਰਾਂ ਬਰਜਿੰਦਰ ਸਿੰਘ ਤੇ ਮਾਲਕ ਸਿੰਘ ਭਾਟੀਆ, ਯਾਨੀ ਚਾਰਾਂ ਨੂੰ ਹੀ, ਤਿੰਨ ਦਿਨ ਦੇ ਅੰਦਰ-ਅੰਦਰ ਕਤਲ ਕਰ ਦਿੱਤਾ ਗਿਆ। ਗੁਰਚਰਨ ਸਿੰਘ ਨੂੰ ਅਕਾਲੀਆਂ ਨੇ (ਹਰਚੰਦ ਸਿੰਘ ਲੌਂਗੋਵਾਲ ਦੇ ਕਮਰੇ ਵਿਚ) ਹਿਫ਼ਾਜ਼ਤ ਦੇ ਕੇ ਸੰਭਾਲੀ ਰੱਖਿਆ। ਪਰ ਉਹ ਵੀ ਦੋ ਮਹੀਨੇ ਤੋਂ ਪਹਿਲਾਂ-ਪਹਿਲਾਂ (ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਦੌਰਾਨ) ਮਾਰਿਆ ਗਿਆ।

ਇਸ ਕਤਲ ਨਾਲ ਅਕਾਲੀ ਪਾਰਟੀ ਅਤੇ ਭਿੰਡਰਾਂਵਾਲਿਆਂ ਵਿਚ ਬਹੁਤ ਵੱਡਾ ਪਾੜਾ ਪੈ ਗਿਆ। ਭਿੰਡਰਾਂਵਾਲਿਆਂ ਨੇ ਮੰਜੀ ਸਾਹਿਬ ਤੋਂ ਸ਼ਰੇਆਮ ਗੁਰਚਰਨ ਸਿੰਘ, ਬਾਦਲ ਅਤੇ ਲੌਂਗੋਵਾਲ ਉੱਤੇ ਇਲਜ਼ਾਮ ਲਾਏ। ਅਖ਼ੀਰ ਅਕਾਲੀ ਪਾਰਟੀ ਨੇ ਸੈਕਟਰੀ ਗੁਰਚਰਨ ਸਿੰਘ ਤੋਂ (25 ਅਪ੍ਰੈਲ ਨੂੰ) ਅਸਤੀਫ਼ਾ ਲੈ ਲਿਆ। ਪਰ ਇਸ ਦੇ ਬਾਵਜੂਦ ਮਸਲਾ ਉੱਥੇ ਦਾ ਉੱਥੇ ਹੀ ਰਿਹਾ ਕਿਉਂਕਿ ਗੁਰਚਰਨ ਅਜੇ ਜੀਂਦਾ ਸੀ ਅਤੇ ਉਸ ਨੂੰ ਲੌਂਗੋਵਾਲ ਦੀ ਹਿਫ਼ਾਜ਼ਤ ਹਾਸਿਲ ਸੀ। ਇਸ ਕਰ ਕੇ ਅਕਾਲੀ ਪਾਰਟੀ ਅਤੇ ਭਿੰਡਰਾਂਵਾਲਿਆਂ ਵਿਚ ਟੱਕਰ ਬਦਸਤੂਰ ਜਾਰੀ ਰਹੀ। ਭਾਵੇਂ ਉੱਪਰੋਂ-ਉਪਰੋਂ 'ਅਸੀਂ ਇੱਕਠੇ ਹਾਂ' ਦਾ ਬਿਆਨ ਕਦੇ-ਕਦੇ ਦੇ ਦਿੱਤਾ ਜਾਂਦਾ ਰਿਹਾ ਪਰ ਇਹ ਸਿਰਫ਼ ਦਿਖਾਵਾ ਹੀ ਸੀ। ਭਿੰਡਰਾਂਵਾਲਿਆਂ ਦਾ ਗਰੁਪ ਗੁਰਚਰਨ ਸਿੰਘ ਨੂੰ ਛੇਤੀ ਤੋਂ ਛੇਤੀ ਸਜ਼ਾ ਦੇਣਾ ਚਾਹੁੰਦਾ ਸੀ। ਸੋਢੀ ਦੇ ਕਤਲ ਅਤੇ ਗੁਰਚਰਨ ਨੂੰ ਅਕਾਲੀ ਪਾਰਟੀ ਦੀ ਹਮਾਇਤ ਨੇ ਅਕਾਲੀ ਪਾਰਟੀ ਦੇ ਵਕਾਰ ਨੂੰ ਬਹੁਤ ਨੁਕਸਾਨ ਪਹੁੰਚਾਇਆ।

ਚੰਡੀਗੜ੍ਹ ਦੀਆਂ ਵਾਰਦਾਤਾਂ

ਖਾੜਕੂਆਂ ਨੇ 17 ਅਪ੍ਰੈਲ ਨੂੰ ਚੰਡੀਗੜ੍ਹ ਵਿਚ ਇਕ ਫ਼ਿਰਕੂ ਹਿੰਦੂ ਇੰਦਰ ਪਾਲ ਗੁਪਤਾ ਨੂੰ ਕਤਲ ਕਰ ਦਿੱਤਾ। ਅਗਲੇ ਦਿਨ ਪੰਜਾਬ ਤੇ ਹਰਿਆਣੇ ਵਿਚੋਂ ਹਿੰਦੂ

WWW.SIKHBOOKCLUB.COM

ਟਰੱਕਾਂ ਉੱਤੇ ਸਵਾਰ ਹੋ ਕੇ ਚੰਡੀਗੜ੍ਹ ਆ ਗਏ ਤੇ ਉਨ੍ਹਾਂ ਨੇ ਸਿੱਖਾਂ ਉੱਤੇ ਹਮਲੇ ਕੀਤੇ ਅਤੇ ਸਿੱਖਾਂ ਦੀਆਂ ਜਾਇਦਾਦਾਂ ਲੁੱਟੀਆਂ ਤੇ ਸਾੜੀਆਂ।

ਕਿਰਪਾਲ ਸਿੰਘ ਦਾ ਦਰਬਾਰ ਸਾਹਿਬ ਵਿਚ ਹਥਿਆਰਾਂ ਬਾਰੇ 'ਹੁਕਮਨਾਮਾ'

ਇਨ੍ਹਾਂ ਦਿਨਾਂ ਵਿਚ ਹੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਗਿਆਨੀ ਕਿਰਪਾਲ ਸਿੰਘ ਨੇ ਇਕ 'ਅਪੀਲ' ਜਾਰੀ ਕੀਤੀ, ਜਿਸ ਵਿਚ ਕਿਹਾ ਗਿਆ ਸੀ ਕਿ ਕੋਈ ਵੀ ਸਿੱਖ ਦਰਬਾਰ ਸਾਹਿਬ ਵਿਚ ਹਥਿਆਰਾਂ ਨਾਲ ਐਕਸ਼ਨ ਨਾ ਕਰੇ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਕਿਰਪਾਲ ਸਿੰਘ ਨੇ ਇਸ ਨੂੰ 'ਅਪੀਲ' ਆਖਿਆ ਸੀ ਨਾ ਕਿ 'ਹੁਕਮਨਾਮਾ'।

ਕਿਰਪਾਲ ਸਿੰਘ ਦਾ ਨਿਸ਼ਾਨਾ, ਦਰਅਸਲ, ਬਾਬਾ ਜਰਨੈਲ ਸਿੰਘ ਸੀ, ਜੋ ਹਰ ਰੋਜ਼ ਦਰਬਾਰ ਸਾਹਿਬ ਮੱਥਾ ਟੇਕਣ ਜਾਇਆ ਕਰਦਾ ਸੀ ਤੇ ਉਨ੍ਹਾਂ ਨਾਲ ਇਕ-ਦੋ ਦਰਜਨ ਸਿੱਖ ਜ਼ਰੂਰ ਹੁੰਦੇ ਸਨ। ਉਨ੍ਹਾਂ ਵਿਚੋਂ ਬਹੁਤ ਸਾਰਿਆਂ ਕੋਲ ਬੰਦੂਕਾਂ ਤੇ ਹੋਰ ਕਈ ਹਥਿਆਰ ਹੋਇਆ ਕਰਦੇ ਸਨ। ਇਹ ਜੱਥਾ ਇਕ ਖਾੜਕੂ ਜਲੌ ਬਣ ਜਾਇਆ ਕਰਦਾ ਸੀ ਜਿਸ ਨਾਲ ਸਿੱਖ ਨੌਜਵਾਨਾਂ ਵਿਚ ਜੋਸ਼ ਪਰ ਅਕਾਲੀ ਲੀਡਰਾਂ ਵਿਚ ਹੀਣਤਾ ਦਾ ਅਹਿਸਾਸ ਪੈਦਾ ਹੁੰਦਾ ਸੀ। ਕਿਰਪਾਲ ਸਿੰਘ ਦਾ ਹੁਕਮਨਾਮਾ/ਅਪੀਲ ਇੰਞ ਸੀ:

''ਅਸੀਂ ਪਿਛਲੇ ਕੁਝ ਦਿਨਾਂ ਤੋਂ ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਵਿਚਰ ਰਹੀਆਂ ਜਥੇਬੰਦੀਆਂ ਵਿਚ ਪਰਸਪਰ ਸਦਭਾਵਨਾ ਬਣਾਉਣ, ਮਾਹੌਲ ਸੁਖਾਵਾਂ ਕਰਨ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਏਕਤਾ ਕਰਨ ਲਈ ਵਿਚਾਰਾਂ ਕੀਤੀਆਂ ਹਨ। ਵਿਸ਼ੇਸ਼ ਕਰ ਕੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਅਕਾਲੀ ਦਲ ਤਲਵੰਡੀ ਗਰੁੱਪ, ਅਖੰਡ ਕੀਰਤਨੀ ਜਥਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਬਬਰ ਖਾਲਸਾ, ਯੂਥ ਵਿੰਗ ਅਤੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਨੂੰ ਬੁਲਾ ਕੇ ਸੁਣਿਆ ਹੈ ਅਤੇ ਪਰਸਪਰ ਵਿਚਾਰਾਂ ਉਪਰੰਤ ਸਭ ਨੇ ਹੇਠ ਲਿਖੇ ਵਿਚਾਰਾਂ ਨਾਲ ਸੰਮਤੀ ਪ੍ਰਗਟ ਕੀਤੀ ਹੈ:

1 *ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਕੰਪਲੈਕਸ ਦੇ ਅੰਦਰ ਕੋਈ ਵਿਅਕਤੀ ਆਪਣੇ ਵੱਲੋਂ ਕਿਸੇ ਸਮੇਂ ਵੀ ਫ਼ਾਇਰਿੰਗ ਨਾ ਕਰੇ।*

2 *ਕਿਸੇ ਵਿਅਕਤੀ ਨੂੰ ਮਾਰਨ, ਕੁੱਟਣ, ਤਸੀਹੇ ਦੇਣ ਤੇ ਤਸ਼ੱਦਦ ਕਰਨ ਤੋਂ ਹਰ ਵਿਅਕਤੀ ਨੂੰ ਸਖ਼ਤੀ ਨਾਲ ਰੋਕਿਆ ਜਾਵੇ।*

3 *ਇਸ ਕੰਪਲੈਕਸ ਦੇ ਸਾਰੇ ਏਰੀਏ ਅੰਦਰ ਕਿਸੇ ਢੰਗ ਨਾਲ ਵੀ ਕਿਸੇ ਵਿਅਕਤੀ ਦੀ ਹੱਤਿਆ ਨਾ ਕੀਤੀ ਜਾਵੇ।*

4 *ਇਕ ਦੂਜੇ ਵਿਰੁੱਧ ਬਿਆਨਬਾਜ਼ੀ ਬੰਦ ਕੀਤੀ ਜਾਵੇ। ਜਿਸ ਤੋਂ ਧੜੇਬੰਦੀ ਦਾ ਪ੍ਰਗਟਾਵਾ ਹੁੰਦਾ ਹੋਵੇ ਜਾਂ ਜਿਸ ਨਾਲ ਮਤਭੇਦ ਵਧਣ ਦਾ ਡਰ ਹੋਵੇ ਤੇ ਜੋ ਫੁੱਟ ਦਾ ਕਾਰਨ ਬਣੇ।*

WWW.SIKHBOOKCLUB.COM

5 *ਐਸੇ ਉਪਾਉ (ਉਪਾਅ) ਕੀਤੇ ਜਾਣ ਜਿਸ ਨਾਲ ਪੰਥਕ ਜਥੇਬੰਦੀ ਨੂੰ ਸ਼ਕਤੀ ਮਿਲੇ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਹੋਵੇ।*

6 *ਹਰਿਮੰਦਰ ਸਾਹਿਬ ਦੀ ਪਵਿੱਤਰਤਾ ਹਰ ਹਾਲਤ ਵਿਚ ਕਾਇਮ ਰੱਖੀ ਜਾਵੇ, ਹਮੇਸ਼ਾ ਲਈ ਕਦੀ ਕੋਈ ਮਾੜੀ ਘਟਨਾ ਨਾ ਵਾਪਰੇ, ਜਿਸ ਦੇ ਨਾਲ ਸੰਗਤਾਂ ਦੇ ਆਉਣ ਜਾਣ ਵਿਚ ਵਿਘਨ ਪੈਂਦਾ ਹੋਵੇ।*

7 *ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਏ ਜਾ ਰਹੇ ਧਰਮ ਯੁੱਧ ਮੋਰਚੇ ਵਿਚ ਸਾਰੀਆਂ ਸਿੱਖ ਜਥੇਬੰਦੀਆਂ ਨੂੰ ਆਪਣੇ ਮਤਭੇਦ ਭੁਲਾ ਕੇ ਵੱਧ ਚੜ੍ਹ ਕੇ ਡਟਵੀਂ ਮਦਦ ਕਰਨੀ ਚਾਹੀਦੀ ਹੈ ਜਿਸ ਨਾਲ ਮੋਰਚੇ ਦੀ ਸਫਲਤਾ ਹੋਵੇ।*

ਅਸੀਂ ਮਹਿਸੂਸ ਕਰਦੇ ਹਾਂ ਕਿ ਖਾਲਸਾ ਪੰਥ ਬੜੇ ਹੀ ਗੰਭੀਰ ਸੰਕਟ ਵਿਚੋਂ ਲੰਘ ਰਿਹਾ ਹੈ, ਜਦ ਕਿ ਪੰਥ ਆਪਣੀ ਅੱਡਰੀ ਹਸਤੀ ਦੀ ਕਾਇਮੀ ਅਤੇ ਗੁਰਧਾਮਾਂ ਦੀ ਪਵਿੱਤਰਤਾ ਅਤੇ ਆਪਣੇ ਹੱਕਾਂ ਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਲੰਬੇ ਸਮੇਂ ਤੋਂ ਧਰਮ ਯੁੱਧ ਮੋਰਚਾ ਲੜ ਰਿਹਾ ਹੈ। ਜਿਸ ਵਿਚ ਲੱਖਾਂ ਸਿੰਘਾਂ ਨੇ ਜੇਲ੍ਹਾਂ ਕੱਟੀਆਂ ਹਨ, ਹਜ਼ਾਰਾਂ ਜੇਲ੍ਹਾਂ ਵਿਚ ਬੈਠੇ ਹਨ ਅਤੇ ਸੈਂਕੜੇ ਹੀ ਸਿੰਘ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਹਨ ਅਤੇ ਅਜੇ ਭੀ ਜਬਰ ਤੇ ਜ਼ੁਲਮ ਦੇ ਬੱਦਲ ਸਾਡੀ ਮਾਣ-ਮਰਿਆਦਾ ਅਤੇ ਹੋਂਦ ਖ਼ਤਮ ਕਰਨ ਲਈ ਮੰਡਰਾ ਰਹੇ ਹਨ। ਅਜਿਹੀ ਹਾਲਤ ਵਿਚ ਸਮੇਂ ਦੀ ਵੱਡੀ ਲੋੜ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਅਤੇ ਧਰਮ ਯੁੱਧ ਮੋਰਚੇ ਦੀ ਸਫਲਤਾ ਲਈ ਉੱਦਮ ਕਰਨ ਦੀ ਹੈ। ਇਸ ਲਈ ਅਸੀਂ ਦਰਬਾਰ ਸਾਹਿਬ ਕੰਪਲੈਕਸ ਵਿਚ ਪਿਛਲੇ ਸਮੇਂ ਵਿਚ ਹੋਈਆਂ ਮੰਤਭਾਗੀਆਂ ਘਟਨਾਵਾਂ ਪੁਰ ਚਿੰਤਾ ਪ੍ਰਗਟ ਕਰਦੇ ਹੋਏ ਸਮੂਹ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ, ਸਭਾਵਾਂ, ਪੰਥ ਦਰਦੀਆਂ ਅਥਵਾ ਸਮੂੰਹ ਖਾਲਸਾ ਪੰਥ ਨੂੰ ਅਪੀਲ ਕਰਦੇ ਹਾਂ ਕਿ ਉਹ ਆਪੋ ਆਪਣੇ ਮਤਭੇਦ, ਵਖਰੇਵੇਂ ਅਤੇ ਗ਼ੁੱਸੇ ਗਿਲੇ ਲਾਂਭੇ ਰੱਖ ਕੇ ਪੰਥ ਦੀ ਚੜ੍ਹਦੀ ਕਲਾ, ਗੁਰਧਾਮਾਂ ਦੀ ਪਵਿੱਤਰਤਾ ਅਤੇ ਪੰਥਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਏ ਜਾ ਰਹੇ ਧਰਮ ਯੁੱਧ ਮੋਰਚੇ ਦੀ ਸਫਲਤਾ ਹਿਤ ਕੋਈ ਅਜਿਹੀ ਕਾਰਵਾਈ ਜਾਂ ਗੱਲ ਨਾ ਕਰਨ, ਜਿਸ ਨਾਲ ਪੰਥਕ ਮਾਣ-ਮਰਿਆਦਾ ਭੰਗ ਹੁੰਦੀ ਹੋਵੇ ਜਾ ਗੁਰਧਾਮਾਂ ਦੀ ਬੇਅਦਬੀ ਹੁੰਦੀ ਹੋਵੇ ਜਾਂ ਗੁਰੂ ਸਾਹਿਬਾਨ ਦੇ ਸੱਚੇ, ਸੁੱਚੇ ਅਤੇ ਉਚੇ ਆਸ਼ੇ, ਉਪਦੇਸ਼ਾਂ ਅਤੇ ਮਰਿਆਦਾ ਨੂੰ ਸੱਟ ਵੱਜਦੀ ਹੋਵੇ ਜਾਂ ਸਚਖੰਡ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਮਹਿਮਾ ਅਤੇ ਪਵਿੱਤਰਤਾ ਨੂੰ ਘਟਾਉਂਦੀ ਹੋਵੇ। ਦੇਗ ਚਲਾਉ, ਗੁਰੂ ਗੁਨ ਗਾਉ, ਬੰਦ ਰੱਖੋ ਜਿਹਬਾ; ਸਤਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਸਭ ਨੂੰ ਸਮੁੱਤ ਬਖਸ਼ਣ, ਧਰਮ ਯੁੱਧ ਮੋਰਚੇ ਨੂੰ ਸਫਲ ਕਰ ਕੇ ਪੰਥ ਨੂੰ ਚੜ੍ਹਦੀਆਂ ਕਲਾਂ ਅਤੇ ਖ਼ੁਸ਼ੀਆਂ ਬਖਸ਼ਣ।

ਸਾਡੀ ਇਸ ਅਪੀਲ ਉਪਰੰਤ ਜੇਕਰ ਕੋਈ ਵਿਅਕਤੀ ਜਾਂ ਜਥੇਬੰਦੀ, ਕੀਤੀ ਜਾ ਰਹੀ ਪੰਥਕ ਏਕਤਾ ਵਿਚ ਵਿਘਨ ਪਾਉਣ ਦਾ ਯਤਨ ਕਰੇਗਾ ਤਾਂ ਉਸ ਵਿਰੁੱਧ ਸਾਨੂੰ ਸਖਤ ਐਕਸ਼ਨ ਲੈਣ ਲਈ ਮਜਬੂਰ ਹੋਣਾ ਪਵੇਗਾ।"

ਇਸ ਹੇਠਾਂ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੇ ਗ੍ਰੰਥੀਆਂ ਤੇ ਸਰਬਰਾਹਾਂ ਕਿਰਪਾਲ ਸਿੰਘ, ਸਾਹਿਬ ਸਿੰਘ, ਹਰਚਰਨ ਸਿੰਘ ਮਹਾਲੋਂ, ਲੱਖਾ ਸਿੰਘ ਤੇ ਪ੍ਰੀਤਮ ਸਿੰਘ ਦੇ ਦਸਤਖ਼ਤ ਸਨ।

WWW.SIKHBOOKCLUB.COM

ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਕਿਰਪਾਲ ਸਿੰਘ ਨੇ ਇਸ ਨੂੰ ਚਾਲਾਕੀ ਕਰਦਿਆਂ 'ਅਪੀਲ' ਆਖਿਆ ਨਾ ਕਿ 'ਹੁਕਮਨਾਮਾ'। ਇਕ ਪਾਸੇ ਇਸ ਨੂੰ 'ਅਪੀਲ' ਕਿਹਾ ਗਿਆ ਸੀ, ਪਰ ਅਖ਼ੀਰਲੇ ਫ਼ਿਕਰੇ ਵਿਚ ਇਹ 'ਧਮਕੀ' ਵੀ ਦਿੱਤੀ ਗਈ ਸੀ ਕਿ ਜੇ ਕੋਈ ਇਸ ਨੂੰ ਮੰਨਣ 'ਚ ਵਿਘਨ ਪਾਵੇਗਾ ਤਾਂ ਉਸ 'ਤੇ ਸਖ਼ਤ ਐਕਸ਼ਨ ਲਿਆ ਜਾਵੇਗਾ। ਇਸ 'ਅਪੀਲ' ਦੇ ਜਾਰੀ ਹੋਣ ਮਗਰੋਂ ਬਾਬਾ ਜਰਨੈਲ ਸਿੰਘ ਨੇ ਦਰਸ਼ਨੀ ਡਿਉਢੀ 'ਤੇ ਹੀ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਜਦ ਇਸ 'ਹੁਕਮਨਾਮੇ' ਦਾ ਸਿੱਖ ਸੰਗਤਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਵਿਚ ਬੜਾ ਰੋਸ ਫੈਲਿਆ ਜਿਸ 'ਤੇ ਕਿਰਪਾਲ ਸਿੰਘ ਨੇ ਇਸ ਨੂੰ 'ਵਾਪਿਸ' ਲੈ ਲਆ।

ਫ਼ੀਰੋਜ਼ਪੁਰ ਅਤੇ ਮੋਗੇ ਵਿਚ ਸਿੱਖ ਕਤਲ

23 ਅਪ੍ਰੈਲ ਨੂੰ ਫ਼ੀਰੋਜ਼ਪੁਰ ਵਿਚ ਫ਼ਿਰਕੂ ਹਿੰਦੂ ਜ਼ਿਹਨੀਅਤ ਵਾਲੀ ਸੀ.ਆਰ.ਪੀ.ਐਫ਼. ਨੇ ਬੇਵਜਹ ਗੋਲੀਆਂ ਮਾਰ ਕੇ 6 ਬੇਗੁਨਾਹ ਸਿੱਖ ਮਾਰ ਦਿੱਤੇ ਤੇ 10 ਜ਼ਖ਼ਮੀ ਕਰ ਦਿੱਤੇ।

26 ਅਪ੍ਰੈਲ ਨੂੰ ਸੀ.ਆਰ.ਪੀ.ਐਫ਼. ਨੇ ਮੋਗੇ ਵਿਚ ਤਿੰਨ ਗੁਰਦੁਆਰਿਆਂ ਨੂੰ ਘੇਰਾ ਪਾ ਲਿਆ ਅਤੇ ਤਕਰੀਬਨ ਡੇਢ ਦਰਜਨ ਸਿੱਖ ਕਤਲ ਕਰ ਦਿੱਤੇ। ਸੀ.ਆਰ.ਪੀ.ਐਫ਼. ਇਨ੍ਹਾਂ ਨੇ ਤਿੰਨਾਂ ਗੁਰਦੁਆਰਿਆਂ ਦਾ ਪਾਣੀ ਤੇ ਬਿਜਲੀ ਵੀ ਬੰਦ ਦਿੱਤੇ ਤੇ ਸੈਂਕੜੇ ਸਿੱਖ ਅੰਦਰ ਕੈਦ ਕਰ ਦਿੱਤੇ। ਅਖ਼ੀਰ ਅਕਾਲ ਤਖ਼ਤ ਸਾਹਿਬ ਤੋਂ 'ਧਮਕੀ' ਮਿਲਣ ਮਗਰੋਂ ਇਨ੍ਹਾਂ ਗੁਰਦੁਆਰਿਆਂ ਦਾ ਘੇਰਾ ਚੁੱਕਿਆ ਗਿਆ।

ਬਚਨ ਸਿੰਘ ਤੇ ਪਰਤਾਪ ਸਿੰਘ ਮਾਰੇ ਗਏ

ਸਿੱਖਾਂ 'ਤੇ ਜ਼ੁਲਮ ਕਰਨ ਵਾਲਾ ਬਦਨਾਮ ਡੀ.ਐਸ.ਪੀ. ਬਚਨ ਸਿੰਘ, ਖਾੜਕੂਆਂ ਵੱਲੋਂ 30 ਅਪ੍ਰੈਲ ਦੇ ਦਿਨ, ਆਪਣੀ ਧੀ ਤੇ ਬੀਵੀ ਸਮੇਤ ਕਤਲ ਕਰ ਦਿੱਤਾ ਗਿਆ।

10 ਮਈ ਨੂੰ ਅਕਾਲ ਤਖਤ ਸਾਹਿਬ ਦਾ ਸਾਬਕ ਮੁਖ ਸੇਵਾਦਾਰ ਪ੍ਰਤਾਪ ਸਿੰਘ ਵੀ ਕਤਲ ਕਰ ਦਿੱਤਾ ਗਿਆ। ਪ੍ਰਤਾਪ ਸਿੰਘ, 1960 ਵਿਚ ਕਾਂਗਰਸ ਸਰਕਾਰ ਵੱਲੋਂ ਬਣਾਏ ਗਏ ਅਕਾਲੀ-ਦੁਸ਼ਮਣ 'ਸਾਧ ਸੰਗਤ ਬੋਰਡ' ਦਾ ਪ੍ਰਧਾਨ ਸੀ ਤੇ ਇਨ੍ਹਾਂ ਦਿਨਾਂ ਵਿਚ ਸਿੱਖ ਵਿਰੋਧੀ ਅਖ਼ਬਾਰਾਂ ਵਿਚ ਹਰ ਰੋਜ਼ ਸਿੱਖਾਂ ਦੇ ਖ਼ਿਲਾਫ਼ ਲੇਖ ਲਿਖਦਾ ਰਹਿੰਦਾ ਸੀ।। ਪ੍ਰਤਾਪ ਸਿੰਘ ਪੰਥ ਦੀ ਹਰ ਗੱਲ ਦੇ ਖ਼ਿਲਾਫ਼, ਗੋਪਾਲ ਸਿੰਘ ਦਰਦੀ, ਉੱਜਲ ਸਿੰਘ ਤੇ ਸੰਤਾ ਸਿੰਘ ਨਿਹੰਗ ਵਾਂਗ ਫਿਰਕੂ ਹਿੰਦੂਆਂ ਦਾ ਸਾਥ ਦਿਆ ਕਰਦਾ ਸੀ। ਪਰ 1984 ਵਿਚ ਤਾਂ ਇਸ ਪਰਤਾਪ ਸਿੰਘ ਦੇ ਸਿੱਖ-ਦੁਸ਼ਮਣੀ ਵਾਲੇ ਲੇਖਾਂ ਦੀ ਹੱਦ ਹੀ ਹੋ ਗਈ ਸੀ। ਕਾਫੀ ਚਿਰਾਂ ਤੋਂ ਇਹ ਖਾੜਕੂਆਂ ਦੇ ਹੱਥੋਂ ਬਚਿਆ ਆ ਰਿਹਾ ਸੀ।

WWW.SIKHBOOKCLUB.COM

ਲਾਲਾ ਜਗਤ ਨਾਰਾਇਣ ਦੇ ਪੁੱਤਰ ਰਮੇਸ਼ ਦਾ ਕਤਲ

ਲਾਲਾ ਜਗਤ ਨਰੈਣ ਤੋਂ ਮਗਰੋਂ ਉਸ ਦਾ ਪੁੱਤਰ ਰਮੇਸ਼ ਪੰਥ ਦੇ ਖ਼ਿਲਾਫ਼ ਅਕਸਰ ਲਿਖਦਾ ਰਹਿੰਦਾ ਸੀ। 12 ਮਈ 1984 ਨੂੰ ਖਾੜਕੂਆਂ ਨੇ ਉਸ ਨੂੰ ਕਤਲ ਕਰ ਦਿੱਤਾ। ਅਗਲੇ ਦਿਨ ਸੀ.ਆਰ.ਪੀ.ਐਫ਼. ਦੀ ਕਮਾਨ ਤੇ ਹਿਫ਼ਾਜ਼ਤ ਹੇਠ ਹਿੰਦੂਆਂ ਨੇ ਜਲੰਧਰ ਵਿਚ ਦੋ ਦਰਜਨ ਦੇ ਕਰੀਬ ਸਿੱਖਾਂ ਦੀਆਂ ਦੁਕਾਨਾਂ ਲੁੱਟ ਕੇ ਸਾੜੀਆਂ। ਕਈ ਸਿੱਖਾਂ ਨੂੰ ਪੱਥਰ ਤੇ ਲਾਠੀਆਂ ਮਾਰ-ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ।

ਅਕਾਲੀ ਦਲ ਵੱਲੋਂ ਨਾ-ਮਿਲਵਰਤਣ ਦਾ ਐਲਾਨ

ਭਾਵੇਂ ਅਕਾਲੀ ਪਾਰਟੀ ਦੇ ਕਈ ਕਾਰਕੁੰਨ ਅੰਦਰੋਂ-ਅੰਦਰੀ ਸਰਕਾਰ ਨਾਲ ਗੁਪਤ ਮੁਲਾਕਾਤਾਂ ਕਰ ਰਹੇ ਸਨ (ਇਹ ਮੁਲਾਕਾਤਾਂ 16 ਤੇ 17 ਨਵੰਬਰ 1982, 17 ਜਨਵਰੀ 1983, 24 ਜਨਵਰੀ 1984, 27 ਮਾਰਚ 1984, 28 ਤੇ 29 ਮਾਰਚ 1984, 21 ਅਪ੍ਰੈਲ 84, 26 ਮਈ 1984 ਨੂੰ ਹੋਈਆਂ ਸਨ)। ਸ਼ਾਇਦ ਹੋਰ ਮੁਲਾਕਾਤਾਂ ਵੀ ਹੋਈਆਂ ਹੋਣਗੀਆਂ। ਪਰ ਬਾਵਜੂਦ ਇਸ ਦੇ ਸਰਕਾਰ ਅਕਾਲੀਆਂ ਨੂੰ 'ਕੁੱਝ ਵੀ' ਦੇਣ ਵਾਸਤੇ ਤਿਆਰ ਨਹੀਂ ਸੀ। ਅਸਲ ਵਿਚ ਸਰਕਾਰ ਅਕਾਲੀ ਪਾਰਟੀ ਨੂੰ ਗੱਲਬਾਤ ਦੇ ਫਰੇਬ ਵਿਚ ਪਾ ਕੇ ਸਿੱਖਾਂ ਨੂੰ ਸਬਕ ਸਿਖਾਉਣ ਵਾਸਤੇ ਤੁਲੀ ਹੋਈ ਸੀ। ਚਕਰਾਤਾ (ਨੇੜੇ ਡੇਹਰਾਦੂਨ, ਉਤਰਾਂਚਲ) ਵਿਚ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਹਮਲੇ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ।

ਪਰ ਅਕਾਲੀ ਪਾਰਟੀ ਦੇ 'ਗਧੇ ਜਰਨੈਲ' ਅਜੇ ਵੀ ਅਕਲ ਤੋਂ ਕੰਮ ਨਹੀਂ ਲੈ ਰਹੇ ਸਨ। ਫ਼ੀਰੋਜ਼ਪੁਰ, ਮੋਗਾ, ਰਸਤਾ ਰੋਕੋ ਤੇ ਹੋਰ ਜਗਹ ਤੇ ਬੇਗੁਨਾਹ ਸਿੱਖਾਂ ਦਾ ਕਤਲੇਆਮ ਹੋਣ ਦੇ ਬਾਵਜੂਦ ਅਕਾਲੀ ਲੀਡਰਸ਼ਿਪ ਨੂੰ ਸਮਝ ਨਹੀਂ ਆ ਰਹੀ ਸੀ ਕਿ ਹਿੰਦੂਆਂ ਦੀ ਸਰਕਾਰ ਦੀ ਨੀਅਤ ਕੀ ਹੈ? ਬਾਦਲ, ਬਲਵੰਤ, ਰਵੀਇੰਦਰ, ਟੌਹੜਾ, ਰਾਮੂਵਾਲੀਆ, ਸੁਰਜੀਤ ਬਰਨਾਲਾ ਸਰਕਾਰ ਨਾਲ ਖ਼ੁਫ਼ੀਆ ਮੁਲਾਕਾਤਾਂ ਕਰ ਰਹੇ ਸਨ। ਅਖ਼ੀਰ ਅਕਾਲੀ ਪਾਰਟੀ ਨੂੰ ਸਰਕਾਰ ਨੇ ਟੁੱਟੀ ਜੁੱਤੀ ਤਕ ਵੀ ਦੇਣ ਤੋਂ ਨਾਂਹ ਕਰ ਦਿੱਤੀ। (ਆਖ਼ਰੀ ਖ਼ੁਫ਼ੀਆ ਮੀਟਿੰਗ 27 ਮਈ ਨੂੰ ਹੋਈ ਅਤੇ ਦਰਬਾਰ ਸਾਹਿਬ ਤੇ ਹਮਲਾ ਇਸ ਤੋਂ ਇਕ ਹਫ਼ਤਾ ਮਗਰੋਂ ਹੋਇਆ। ਇਸ ਤੋਂ ਪਤਾ ਲਗਦਾ ਹੈ ਕਿ ਫ਼ੌਜ ਦੀ ਤਿਆਰੀ ਕਦੋਂ ਤੋਂ ਚੱਲ ਰਹੀ ਸੀ ਤੇ 'ਅਕਾਲੀ' ਕੀ ਕਰ ਰਹੇ ਸਨ)।

ਇੰਦਰਾ ਗਾਂਧੀ ਨੇ ਦੇਹਰਾਦੂਨ ਦੀਆਂ ਪਹਾੜੀਆਂ ਵਿਚ, ਚਕਰਾਤਾ ਦੀ ਫ਼ੌਜੀ ਛਾਉਣੀ ਵਿਚ, ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦਾ ਮਾਡਲ ਬਣਾ ਕੇ ਹਮਲਾ ਕਰਨ ਦੀਆਂ ਕਈ ਚਿਰ ਤੋਂ ਮਸ਼ਕਾਂ ਕਰਨੀਆਂ ਸ਼ੁਰੂ ਕੀਤੀਆਂ

WWW.SIKHBOOKCLUB.COM

ਹੋਈਆਂ ਸਨ। ਇੰਦਰਾ ਗਾਂਧੀ ਚਾਹੁੰਦੀ ਸੀ ਕਿ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰ ਕੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰ ਕੇ ਇਕ ਪਾਸੇ ਤਾਂ ਸਿੱਖਾਂ ਵਿਚ ਦਹਿਸ਼ਤ ਫ਼ੈਲਾਈ ਜਾਵੇ ਅਤੇ ਦੂਜਾ ਸਿੱਖਾਂ ਦੇ ਖ਼ਿਲਾਫ਼ ਦਹਿਸ਼ਤਗਰਦੀ ਅਤੇ ਮੁਲਕ ਨਾਲ ਗ਼ਦਾਰੀ ਦਾ ਪ੍ਰਾਪੇਗੰਡਾ ਕਰ ਕੇ ਹਿੰਦੂ ਵੋਟ ਹਾਸਿਲ ਕੀਤੀ ਜਾ ਸਕੇ। ਲੋਕ ਸਭਾ ਦੀਆਂ ਚੋਣਾਂ ਅਗਲੇ ਸਾਲ ਹੋਣ ਵਾਲੀਆਂ ਸਨ। ਇਸ ਸੂਰਤ ਵਿਚ ਐਂਟੀ-ਸਿੱਖ ਕਾਰਡ ਵਧੀਆ ਕੈਸ਼ ਹੋ ਸਕਦਾ ਸੀ। ਉਦੋਂ ਗ਼ੈਰ-ਕਾਂਗਰਸੀ ਪਾਰਟੀਆਂ ਨੂੰ ਇੰਦਰਾ ਗਾਂਧੀ ਦੀ ਇਸ ਤਰਕੀਬ ਦਾ ਪਤਾ ਨਾ ਲਗਿਆ ਅਤੇ ਉਹ ਬੇਧਿਆਨੇ ਹੀ ਇੰਦਰਾ ਦੇ ਜਾਲ ਵਿਚ ਫਸਦੇ ਤੇ ਉਸ ਦੀ ਹਿਮਾਇਤ ਕਰਦੇ ਰਹੇ।

ਮਈ ਦੇ ਆਖ਼ਰੀ ਹਫ਼ਤੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਦੀਆਂ ਪੂਰੀਆਂ ਤਿਆਰੀਆਂ ਹੋ ਚੁੱਕੀਆਂ ਸਨ। ਇਸ ਹਾਲਤ ਵਿਚ ਇੰਦਰਾ ਗਾਂਧੀ ਨੇ ਅਕਾਲੀਆਂ ਨਾਲ ਗੱਲਬਾਤ ਫੇਲ੍ਹ ਹੋਣ ਦਾ ਐਲਾਨ ਕਰ ਦਿੱਤਾ, ਹਾਲਾਂਕਿ 27 ਮਈ 1984 ਦੇ ਦਿਨ ਅਕਾਲੀਆਂ ਅਤੇ ਸਰਕਾਰੀ ਨੁੰਮਾਇੰਦਿਆਂ ਵਿਚਕਾਰ ਤਕਰੀਬਨ ਹਰ ਨੁਕਤੇ 'ਤੇ ਸਮਝੌਤਾ ਹੋ ਚੁੱਕਿਆ ਸੀ ਤੇ ਸਿਰਫ਼ 'ਮੈਡਮ' (ਇੰਦਰਾ ਗਾਂਧੀ) ਦੀ ਮਨਜ਼ੂਰੀ ਲੈਣੀ ਹੀ ਬਾਕੀ ਸੀ। ਪਰ ਮੈਡਮ ਮਸਲੇ ਦੇ ਹਲ ਵਿਚ ਕੋਈ ਦਿਲਚਸਪੀ ਨਹੀਂ ਰਖਦੀ ਸੀ। ਉਸ ਦਾ ਨਿਸ਼ਾਨਾ ਤਾਂ ਆ ਰਹੀਆਂ ਚੋਣਾਂ ਨੂੰ ਕਿਸੇ 'ਐਕਸ਼ਨ' ਨਾਲ ਜਿਤਣਾ ਸੀ।

28 ਮਈ ਨੂੰ ਅਕਾਲੀ ਦਲ ਨੇ ਪੰਜਾਬ ਵਿਚ 3 ਜੂਨ 1984 ਤੋਂ ਨਾ-ਮਿਲਵਰਤਣ ਲਹਿਰ ਚਲਾਉਣ ਦਾ ਐਲਾਨ ਕਰ ਦਿੱਤਾ। ਉਂਵ ਤਾਂ ਸਰਕਾਰ ਨੂੰ ਪਤਾ ਸੀ ਕਿ ਅਕਾਲੀ ਪਾਰਟੀ ਨੇ ਕੋਈ ਕਾਰਵਾਈ ਨਹੀਂ ਕਰਨੀ; ਪਰ ਉਹ ਤਾਂ ਸਿੱਖਾਂ ਨੂੰ 'ਸਬਕ ਸਿਖਾਉਣ' ਦੀਆਂ ਸਾਜ਼ਿਸ਼ਾਂ ਕਈ ਸਾਲਾਂ ਤੋਂ ਤਿਆਰ ਕਰੀ ਬੈਠੀ ਸੀ ਤੇ ਹੁਣ ਤਾਂ ਬੱਸ ਐਕਸ਼ਨ ਹੀ ਹੋਣਾ ਸੀ। ਅਖ਼ੀਰ ਇੰਦਰਾ ਨੇ ਸਿੱਖਾਂ ਨੂੰ ਸਬਕ ਸਿਖਾਉਣ ਅਤੇ ਹਿੰਦੂ ਵੋਟਾਂ ਨੂੰ ਹੂੰਝਾ ਫੇਰਨ ਦੀ ਸੋਚ ਨਾਲ ਦਰਬਾਰ ਸਾਹਿਬ 'ਤੇ ਫ਼ੌਜੀ ਐਕਸ਼ਨ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਜੂਨ 1984 ਦੇ ਇੰਦਰਾ ਦੇ ਇਸ ਐਕਸ਼ਨ ਨੇ ਪੰਜਾਬ ਤੇ ਭਾਰਤ ਦੀ ਤਵਾਰੀਖ ਨੂੰ ਹੈਰਾਨਕੁੰਨ ਪਰ ਖ਼ਤਰਨਾਕ ਮੋੜ ਦੇਣਾ ਸੀ, ਜਿਸ ਨਾਲ ਸਿੱਖ ਤੇ ਪੰਜਾਬ ਸਿਆਸਤ ਹੀ ਨਹੀਂ, ਬਲਕਿ ਸਿੱਖ ਭਾਰਤ ਸਬੰਧਾਂ ਅਤੇ ਸਿੱਖ-ਹਿੰਦੂ ਸਬੰਧਾਂ ਵਿਚ ਵੀ ਕਦੇ ਨਾ ਪੂਰੀਆਂ ਹੋਣ ਵਾਲੀਆਂ ਤਰੇੜਾ ਪੈ ਜਾਣੀਆਂ ਸਨ। ਪਰ, ਇੰਦਰਾ ਗਾਂਧੀ ਨੂੰ ਸਿਰਫ਼ ਅਗਲੀਆਂ ਚੋਣਾਂ ਹੀ ਨਜ਼ਰ ਆ ਰਹੀਆਂ ਸਨ।

WWW.SIKHBOOKCLUB.COM



















ਪੰਜਾਬ ਦੇ ਇਤਿਹਾਸ ਬਾਰੇ ਇਸ ਕਿਸਮ ਦੀ ਜਾਣਕਾਰੀ ਭਰਪੂਰ ਦਿਲਚਸਪ ਰਚਨਾ ਪਹਿਲੀ ਵਾਰੀ ਨਿਰੰਤਰ ਹਨੇਰੇ ਵਿਚੋਂ ਨਿਕਲ ਕੇ ਪ੍ਰਕਾਸ਼ ਰਾਹੀਂ ਸਾਹਮਣੇ ਆਈ ਹੈ। ਡਾ. ਦਿਲਗੀਰ ਨੇ ਇਸ ਮਨੰਤ ਨੂੰ ਇਤਿਹਾਸਕ ਮੋੜ ਦਿੱਤਾ ਹੈ ਕਿ ਸਿੱਖਾਂ ਨੂੰ ਇਤਿਹਾਸ ਬਣਾਉਣਾ ਆਉਂਦਾ ਹੈ ਲਿਖਣਾ ਨਹੀਂ ਆਉਂਦਾ; ਸਿੱਖ ਘਟਨਾ ਜਿਊਂਦੇ ਨੇ ਪਰ ਬਿਆਨ ਨਹੀਂ ਕਰ ਸਕਦੇ। ਸਿੱਖ ਇਤਿਹਾਸ ਬਾਰੇ ਇਸ ਵੱਡੀ ਸਰਬਪੱਖੀ ਰਚਨਾ ਉੱਤੇ ਪੂਰੀ ਤਰ੍ਹਾਂ ਭਰੋਸਾ ਕੀਤਾ ਜਾ ਸਕਦਾ ਹੈ।

—ਡਾ. ਦਰਸ਼ਨ ਸਿੰਘ (ਪ੍ਰੋਫ਼ੈਸਰ ਇਮੈਰਿਟਸ, ਪੰਜਾਬ ਯੂਨੀ., ਚੰਡੀਗੜ੍ਹ)

ਇਤਿਹਾਸ ਤੇ ਫ਼ਲਸਫ਼ੇ ਦਾ ਸੁਮੇਲ ਹੈ ਡਾ. ਦਿਲਗੀਰ

—ਸ. ਸੁਰਜੀਤ ਸਿੰਘ ਛਦੌੜੀ

ਕੌਮੀ ਤਵਾਰੀਖ ਦਾ ਨਿਵੇਕਲੀ ਵਿਧੀ ਨਾਲ ਅਧਿਐਨ ਕਰਨਾ ਅਤੇ ਇਤਿਹਾਸਕ ਤੱਥਾਂ ਨੂੰ ਪੂਰੀ ਤਰ੍ਹਾਂ ਪਰਖ ਕੇ ਸਿੱਕੇਬੰਦ [illegible] ਅਜੋਕੇ ਯੁੱਗ ਵਿਚ ਡਾ. ਦਿ[illegible]।

JSKS Online
www.jsks.biz
e-mail: contact@jsks.biz

[illegible]ਦੱਕੇ
ਸਿੱਖ ਇਤਿਹਾਸ ਦਾ [illegible]ਆ ਹੈ : ਡਾ. ਦਿਲਗੀਰ

—ਡਾ. ਅਮਰਜੀਤ ਕਰ ਇੱਬਣ

ਡਾ. ਦਿਲਗੀਰ ਇਕ ਵਿਅਕਤੀ ਨਹੀਂ ਇੰਸਟੀਚਿਊਸ਼ਨ ਹੈ

—ਡਾ. ਗੁਰਦੇਵ ਸਿੰਘ ਸਿੱਧੂ